# ਗੁਰੂ ਨਾਨਕ ਬਾਣੀ ਵਿਚ ਪਰਮ-ਮਨੁੱਖ ਦਾ ਸੰਕਲਪ

# (The Concept of Param—Manukh in The Poetry of Guru Nanak)

**A THESIS**

RE-SUBMITTED TO THE PANJAB UNIVERSITY
FOR THE DEGREE OF

**Doctor of Philosophy**

IN THE FACULTY OF LANGUAGES

**1984**

By

**Hari Singh**

## ਤ ਤ ਕ ਰਾ


ਪੰਨਾ

ਭੂਮਿਕਾ

ਅਧਿਆਇ ਪਹਿਲਾ — ਮਨੁੱਖ ਦੀ ਰੂਪ ਰੇਖਾ — 1-49

(ੳ) (1) ਵਿਗਿਆਨਕ ਦ੍ਰਿਸ਼ਟੀ ਤੋਂ ਮਨੁੱਖ
(2) ਮਨੋਵਿਗਿਆਨਕ ਦ੍ਰਿਸ਼ਟੀ ਤੋਂ ਮਨੁੱਖ

(ਅ) ਸਮਾਜਵਾਦੀ ਦ੍ਰਿਸ਼ਟੀ ਤੋਂ ਮਨੁੱਖ

(ੲ) ਮਨੁੱਖ ਅਤੇ ਮਨੁੱਖਤਾ

(ਸ) ਮਨੁੱਖ ਅਤੇ ਪਰਮ-ਮਨੁੱਖ

ਅਧਿਆਇ ਦੂਜਾ — ਮਨੁੱਖ ਅਤੇ ਪਰਮ-ਮਨੁੱਖ ਦਾ ਭਾਰਤੀ ਸਰੂਪ — 50-77

(ੳ) ਭਾਰਤੀ ਦਰਸ਼ਨ ਅਨੁਸਾਰ ਮਨੁੱਖ

(ਅ) ਭਾਰਤੀ ਦਰਸ਼ਨ ਅਨੁਸਾਰ ਪਰਮ-ਮਨੁੱਖ

(ੲ) ਵੇਦਾਂ ਵਿਚ ਪਰਮ-ਮਨੁੱਖ ਦਾ ਸੰਕਲਪ

(ਸ) ਮੁਖ ਉਪਨਿਸ਼ਦਾਂ ਵਿਚ ਪਰਮ-ਮਨੁੱਖ ਦਾ ਸੰਕਲਪ

(ਹ) ਗੀਤਾ ਵਿਚ ਪਰਮ-ਮਨੁੱਖ ਦਾ ਸੰਕਲਪ

(ਕ) ਦਰਸ਼ਨ ਸ਼ਾਸਤਰਾਂ ਅਨੁਸਾਰ ਪਰਮ-ਮਨੁੱਖ ਦਾ ਸੰਕਲਪ

ਅਧਿਆਇ ਤੀਜਾ — ਗੁਰੂ ਨਾਨਕ ਬਾਣੀ ਵਿਚ ਪਰਮ-ਮਨੁੱਖ ਦਾ ਭੌਤਿਕ ਸੰਕਲਪ — 78-107

(ੳ) ਸੂਖਮ ਸਰੀਰ

(ਅ) ਸਥੂਲ ਸਰੀਰ

(ੲ) ਜੀਵ

ਅਧਿਆਇ ਚੌਥਾ — ਗੁਰੂ ਨਾਨਕ ਬਾਣੀ ਵਿਚ ਪਰਮ-ਮਨੁੱਖ ਦਾ ਅਧਿਆਤਮਿਕ ਸੰਕਲਪ — 108-156

(ੳ) ਮਨੁੱਖੀ ਜੀਵਨ ਦਾ ਲਕਸ਼

(ਅ) ਅਧਿਆਤਮਿਕ ਜੀਵਨ ਦੇ ਪੜਾਅ

(ੲ) ਲਕਸ਼ ਪਰਾਪਤੀ ਦੇ ਮਾਰਗ

(1) ਗਿਆਨ -ਮਾਰਗ

(2) ਕਰਮ -ਮਾਰਗ

(3) ਭਗਤੀ ਮਾਰਗ

(4) ਯੋਗ - ਮਾਰਗ

(5) ਸਾਧ-ਸੰਗਤ

ਅਧਿਆਇ ਪੰਜਵਾਂ — ਗੁਰੂ ਨਾਨਕ ਬਾਣੀ ਵਿਚ ਪਰਮ-ਮਨੁੱਖ ਦਾ ਸਦਾਚਾਰਕ ਸੰਕਲਪ — 157-212

(ੳ) ਸਦਾਚਾਰ ਅਤੇ ਇਸਦੀ ਲੋੜ

(ਅ) ਪਰਮੁਖ ਸਦਾਚਾਰਕ ਗੁਣ

(ੲ) ਪਰਮੁੱਖ ਸਦਾਚਾਰਕ ਅਵਗੁਣ

ਅਧਿਆਇ ਛੇਵਾਂ — ਗੁਰੂ ਨਾਨਕ ਬਾਣੀ ਵਿਚ ਪਰਮ-ਮਨੁੱਖ ਦੇ ਹੋਰ ਰੂਪ — 213-241

(ੳ) ~~ਸਾਧ~~ ਜਾਂ ਸੰਤ ਦੇ ਰੂਪ ਵਿਚ

(ਅ) ਗੁਰਮੁਖ ਦੇ ਰੂਪ ਵਿਚ

(ੲ) ਬ੍ਰਹਮ-ਗਿਆਨੀ ਦੇ ਰੂਪ ਵਿਚ

(ਸ) ਜੀਵਨ-ਮੁਕਤ ਦੇ ਰੂਪ ਵਿਚ

(ਹ) ਗੁਰੂ ਦੇ ਰੂਪ ਵਿਚ

ਸਾਰੰਸ਼ — 242-265

ਪੁਸਤਕ ਸੂਚੀ — 266-273

# ਭੂਮਿਕਾ

ਹਰੇਕ ਯੁਗ ਵਿਚ ਕੋਈ ਅਜਿਹਾ ਯੁਗ ਪੁਰਸ਼ ਅਵਤਾਰ ਧਾਰਦਾ ਹੈ ਅਤੇ ਉਸ ਯੁਗ ਦੀਆਂ ਪ੍ਰਸਥਿਤੀਆਂ ਅਤੇ ਲੋੜਾਂ ਨੂੰ ਮੁਖ ਰਖਦੇ ਹੋਏ ਉਹ ਉਸ ਸਮੇਂ ਦੇ ਲੋਕਾਂ ਦੀ ਉਚਿਤ ਅਗਵਾਈ ਕਰਦਾ ਹੈ। ਉਹ ਆਪਣੇ ਕ੍ਰਿਆਤਮਿਕ ਜੀਵਨ ਅਤੇ ਸਿੱਧਾਂਤਕ ਵਿਚਾਰਾਂ ਰਾਹੀਂ ਉਸ ਯੁਗ ਦੀਆਂ ਅਧੋਗਤੀਆਂ ਨੂੰ ਦੂਰ ਕਰਦਾ ਹੈ ਅਤੇ ਮਾਨਵਤਾ ਨੂੰ ਠੀਕ ਸੇਧ ਪ੍ਰਦਾਨ ਕਰਦਾ ਹੈ। ਇਹ ਸੇਧ ਉਸ ਯੁਗ ਦੀ ਮਾਨਵਤਾ ਲਈ ਹੀ ਨਹੀਂ, ਸਗੋਂ ਭਵਿੱਖ ਵਿਚ ਵੀ ਮਾਨਵਤਾ ਲਈ ਕਲਿਆਣਕਾਰੀ ਹੁੰਦੀ ਹੈ। ਗੁਰੂ ਨਾਨਕ ਦੇਵ ਜੀ ਵੀ ਆਪਣੇ ਸਮੇਂ ਦੇ ਯੁਗ ਪੁਰਸ਼ ਸਨ। ਉਨ੍ਹਾਂ ਨੇ ਆਪਣੇ ਸਮੇਂ ਦੀ ਪ੍ਰਸਥਿਤੀਆਂ ਅਤੇ ਲੋੜਾਂ ਨੂੰ ਮੁਖ ਰਖ ਕੇ ਮਾਨਵ ਅਗਵਾਈ ਰਾਹੀਂ ਉਸ ਯੁਗ ਦੀ 'ਧਰਤਿ ਲੋਕਾਈ' ਨੂੰ ਸੋਧ ਕੇ ਵਿਖਾਇਆ ਅਤੇ ਇਸ ਤਰ੍ਹਾਂ ਕਰਦੇ ਹੋਏ ਉਨ੍ਹਾਂ ਨੇ ਆਉਣ ਵਾਲੇ ਸਭ ਯੁਗਾਂ ਦੀਆਂ ਧਰਤਿ ਲੁਕਾਈਆਂ ਨੂੰ ਸੋਧਣ ਦਾ ਪਰਉਪਕਾਰ ਕਰਕੇ ਪਰਮ-ਮਨੁੱਖ ਬਣਾਉਣ ਦਾ ਉਪਰਾਲਾ ਕੀਤਾ। ਗੁਰੂ ਨਾਨਕ ਦੇਵ ਦੀ ਗਿਣਤੀ ਮਧਕਾਲੀਨ ਭਾਰਤ ਦੇ ਪ੍ਰਮੁੱਖ ਧਰਮ ਸੰਸਥਾਪਕਾਂ ਵਿਚ ਕੀਤੀ ਜਾਂਦੀ ਹੈ। ਜਿਨ੍ਹਾਂ ਨੇ ਮਾਨਵ ਹਿਤਕਾਰੀ ਹੁੰਦਿਆਂ ਹੋਇਆ ਮਨੁੱਖ ਦੀ ਰੂਪ ਰੇਖਾ ਨੂੰ ਅਸਲੀ ਰੂਪ ਵਿਚ ਉਜਾਗਰ ਕੀਤਾ ਅਤੇ ਉਸ ਸਮੇਂ ਮਨੁੱਖਤਾ ਦੀ ਨਿਘਰਦੀ ਦਸ਼ਾ ਵਿਚ ਮਨੁੱਖ ਨੂੰ ਗੁਰਬਾਣੀ ਦੇ ਮਾਪਦੰਡ ਉਤੇ ਤੋਲਦਿਆਂ ਗੰਦੇ ਗਲੇ ਅਤੇ ਸੜੇ ਸਮਾਜ ਵਿਚੋਂ ਫੁੱਲ ਦੀ ਤਰ੍ਹਾਂ ਉਭਾਰ ਕੇ ਇਕ ਅਜਿਹੀ ਸਟੇਜ ਉੱਤੇ ਲਿਆ ਖੜਾ ਕੀਤਾ ਹੈ, ਜਿੱਥੇ ਉਹ ਗੁਰੂ ਨਾਨਕ ਬਾਣੀ ਦਾ ਸਹੀ ਉਦੇਸ਼ ਪੇਸ਼ ਕਰਦਿਆਂ ਪਰਮ-ਮਨੁੱਖ ਬਣਾਇਆ ਜਾਵੇ। ਜਿਹੜਾ ਕਿ ਅਧਿਆਤਮਿਕ ਅਤੇ ਸਦਾਚਾਰਕ ਪੱਖ ਤੋਂ ਆਮ ਲੋਕਾਂ ਤੋਂ ਬਹੁਤ ਉੱਚੀ ਪਧਰਦਾ ਹੋਵੇ। ਅਸਲ ਵਿਚ ਮਨੁੱਖ ਦੀ ਦਸ਼ਾ ਬਹੁਤ ਹੀ ਭੈੜੀ ਸੀ। ਉਸ ਸਮੇਂ ਮਨੁੱਖੀ ਰੁਚੀ ਮਾਨਵਤਾ ਤੋਂ ਦਾਨਵਤਾ ਵਲ ਜਾ ਰਹੀ ਸੀ। ਇਸੇ ਕਰਕੇ ਗੁਰੂ ਜੀ ਫੁਰਮਾਉਂਦੇ ਹਨ। ਜਿਵੇਂ:-

ਮੂਲੁ ਨ ਬੁਝਹਿ ਆਪਣਾ ਸੇ ਪਸੂਆਂ ਸੇ ਢੋਰ ਜੀਉ ॥

(ਆਦਿ ਗ੍ਰੰਥ, ਪੰਨਾ 751)

ਉਨ੍ਹਾਂ ਦਾ ਉਦੇਸ਼ ਮਨੁੱਖ ਦੀ ਬਿਰਤੀ ਦਾ ਗਿਆਨ ਪ੍ਰਾਪਤ ਕਰਕੇ ਉਸ ਨੂੰ ਉੱਚਾ ਉਠਣ ਲਈ ਪ੍ਰੇਰਨਾ ਦੇਣਾ ਸੀ।

ਉਹ ਕਿਸ ਤਰ੍ਹਾਂ ਦਾ ਪਰਮ-ਮਨੁੱਖ ਚਾਹੁੰਦੇ ਸਨ ਜਦ ਕਿ ਉਸ ਵੇਲੇ ਦੇ

ਸਮਾਜ ਵਿਚ ਇਕ ਵੀ ਅਜਿਹਾ ਵਿਅਕਤੀ ਮੌਜੂਦ ਨਹੀਂ ਸੀ ਅਤੇ ਨਾ ਹੀ ਸਮਾਜਿਕ ਧਾਰਮਿਕ ਜੀਵਨ ਵਿਚ ਅਜਿਹਾ ਵਿਅਕਤੀ ਮਿਲਣ ਦੀ ਸੰਭਾਵਨਾ ਸੀ। ਉਨ੍ਹਾਂ ਦੇ ਸਮੇਂ ਆਦਰਸ਼ਕ ਬ੍ਰਾਹਮਣ, ਵੇਦਾਂ ਦਾ ਗਿਆਤਾ, ਆਦਰਸ਼ਕ ਖੱਤਰੀ ਲਈ ਸੂਰਮਾ, ਆਦਰਸ਼ਕ ਜੋਗੀ ਲਈ (ਆਦਰਸ਼ਕ ਜੋਗੀ ਲਈ) ਜੋਗ ਅਤੇ ਸਹਿਜ ਅਵਸਥਾ ਵਿਚ ਪਹੁੰਚਿਆ ਵਿਅਕਤੀ ਹੋਣਾ, ਆਦਰਸ਼ਕ ਮੁਸਲਮਾਨ ਲਈ ਹੱਜ ਆਚਾਰ ਵਾਲਾ ਵਿਅਕਤੀ ਹੋਣਾ, ਜ਼ਰੂਰੀ ਸਮਝਿਆ ਜਾਂਦਾ ਸੀ। ਪਰਮ-ਮਨੁੱਖ ਅੰਦਰ ਸਾਰੇ ਗੁਣ ਧਾਰਨ ਕਰਨੇ ਲਾਜ਼ਮੀ ਸਨ। ਉਹ ਨਾ ਖੱਤਰੀ ਨਾ ਬ੍ਰਾਹਮਣ, ਨਾ ਜੋਗੀ ਅਤੇ ਨਾ ਕਾਜ਼ੀ ਹੁੰਦਾ ਹੋਇਆ ਵੀ, ਸਾਰਿਆਂ ਗੁਣਾਂ ਦਾ ਧਾਰਨੀ ਹੁੰਦਾ ਵੀ, ਇਹਨਾਂ ਵਰਗਾ ਹੀ ਜਾਪਦੀ। ਉਹ ਵਖਰੀ ਹਸਤੀ ਦਾ ਮਾਲਕ ਹੁੰਦਾ ਵੀ ਕਿਰਤ ਕਰਦਾ, ਨਾਮ ਜਪਦਾ ਅਤੇ ਵੰਡ ਛਕਦਾ ਹੋਇਆ, ਪਰਮ-ਮਨੁੱਖ ਦੀ ਉੱਚ ਪਦਵੀ ਦੀ ਪ੍ਰਾਪਤੀ ਕਰਦਾ ਹੋਇਆ, ਵਿਸ਼ਵ ਉੱਨਤੀ ਲਈ ਪੱਥ-ਪਰਦਰਸ਼ਕ ਬਣ ਸਕਦਾ ਹੈ। ਉਹ ਨਾਮ ਦੇ ਰਸਤੇ ਉੱਪਰ ਚਲ ਕੇ ਗੁਰੂ ਦੀ ਸਿੱਖਿਆ ਨੂੰ ਅਪਣਾਉਂਦਾ ਹੈ। ਉਸਦਾ ਅਭਿਆਸ ਕਰਦਾ ਹੈ ਅਤੇ ਨਾਮ-ਮਾਰਗ ਦੀ ਸੱਚੀ ਟਕਸਾਲ ਵਿਚ ਆਪਣੇ ਸਮੁੱਚੇ ਜੀਵਨ ਨੂੰ ਆਦਰਸ਼ ਅਨੁਸਾਰ ਢਾਲ ਲੈਂਦਾ ਹੈ। ਸੱਚੇ ਦਿਲੋਂ ਇਸ ਮਾਰਗ ਉੱਤੇ ਚਲਣ ਦਾ ਇੱਛਾਵਾਨ ਹੋ ਕੇ ਉਸ ਪ੍ਰਭੂ ਦਾ ਰੂਪ ਬਣ ਜਾਂਦਾ ਹੈ। ਜਿਵੇਂ:-

ਸਚੁ ਜਿ ਮੰਗਹਿ ਦਾਨੁ ਸਿ ਤੁਧੈ ਜੇਹਿਆ ॥

( ਆਦਿ ਗ੍ਰੰਥ, ਪੰਨਾ 404)

ਗੁਰੂ ਨਾਨਕ ਬਾਣੀ ਵਿਚ ਇਸ ਆਦਰਸ਼ਕ ਮਾਨਵ ਨੂੰ ਪਰਮ-ਮਨੁੱਖ ਕਹਿ ਸਕਦੇ ਹਾਂ, ਜਿਹਨਾਂ ਕਿ ਸਾਧ, ਸੰਤ, ਬ੍ਰਹਮ-ਗਿਆਨੀ, ਜੀਵਨ-ਮੁਕਤ ਅਤੇ ਗੁਰੂ ਆਦਿ ਦੇ ਨਾਵਾਂ ਨਾਲ ਯਾਦ ਕੀਤਾ ਜਾਂਦਾ ਹੈ। ਇਸੇ ਪਰਮ-ਮਨੁੱਖ ਦਾ ਅਧਿਐਨ ਮੇਰਾ ਵਿਸ਼ਾ ਹੈ। ਗੁਰੂ ਨਾਨਕ ਬਾਣੀ ਵਿਚ ਇਸ ਸੰਕਲਪ ਦਾ ਨਿਸ਼ਚਿਤ ਕਰਨਾ ਹੀ ਮੇਰਾ ਉਦੇਸ਼ ਹੈ। ਇਸ ਵਿਸ਼ੇ ਨੂੰ ਧਰਮ, ਦਰਸ਼ਨ ਅਤੇ ਵਿਗਿਆਨ, ਅਤੇ ਗੁਰਬਾਣੀ ਦੀ ਦ੍ਰਿਸ਼ਟੀ ਤੋਂ ਵਿਚਾਰ ਦਾ ਤੁੱਛ ਜਿਹਾ ਉਪਰਾਲਾ ਕੀਤਾ ਹੈ। ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਪਰਚਾਰਿਆ ਹੋਇਆ ਪਰਮ-ਮਨੁੱਖ ਦਾ ਸੰਕਲਪ ਬੜਾ ਮਹੱਤਵ ਪੂਰਣ ਹੈ, ਪਰੰਤੂ ਅਜੇ ਤਕ ਇਸ ਵਿਸ਼ੇ ਉੱਤੇ ਕਿਸੇ ਵਿਦਵਾਨ ਵਲੋਂ ਪੰਜਾਬੀ, ਹਿੰਦੀ ਜਾਂ ਅੰਗਰੇਜ਼ੀ ਵਿਚ ਕੋਈ ਪੁਸਤਕ ਲਿਖਣ ਦਾ ਉਪਰਾਲਾ ਨਹੀਂ ਕੀਤਾ ਗਿਆ, ਹਾਂ, ਇਸ ਸੰਬੰਧੀ ਕਈ ਵਿਦਵਾਨਾਂ ਵਲੋਂ ਲੇਖ ਜ਼ਰੂਰ ਪ੍ਰਕਾਸ਼ਿਤ ਹੋਏ ਹਨ, ਜਿਨ੍ਹਾਂ ਵਿਚਲੇ ਵਿਚਾਰਾਂ ਤੋਂ ਮੈਨੂੰ ਬੜੀ ਸਹਾਇਤਾ ਮਿਲੀ ਹੈ।

ਗੁਰੂ ਨਾਨਕ ਬਾਣੀ ਵਿਚ ਪਰਮ-ਮਨੁੱਖ ਦਾ ਸੰਕਲਪ ਵਿਸ਼ੇ ਸੰਬੰਧੀ ਕਿਸੇ ਗੰਭੀਰ ਅਧਿਐਨ ਦਾ ਲਗਭਗ ਅਭਾਵ ਹੀ ਹੈ। ਪ੍ਰਸਤੁਤ ਸ਼ੋਧ ਪ੍ਰਬੰਧ ਸਭ ਤੋਂ ਪਹਿਲਾਂ ਸੁਤੰਤਰ ਅਤੇ ਮੌਲਿਕ ਅਧਿਐਨ ਹੈ। ਖੋਜੀ ਉਪਜੈ ਬਾਦੀ ਬਿਨਸੈ ਮਹਾਂ ਵਾਕ ਅਨੁਸਾਰ ਇਸ ਸ਼ੋਧ -ਪ੍ਰਬੰਧ ਵਿਚ ਮੈਂ ਗੁਰੂ ਨਾਨਕ ਬਾਣੀ ਵਿਚ ਪਰਮ-ਮਨੁੱਖ ਦਾ ਸੰਕਲਪ ਵਿਸ਼ੇ ਨੂੰ ਡੂੰਘੀ ਖੋਜ ਉੱਤੇ ਆਧਾਰਿਤ ਕਰਕੇ ਪ੍ਰਮਾਣਿਤ ਨਤੀਜੇ ਕਢੇ ਹਨ। ਭਾਵੇਂ ਇਸ ਸ਼ੋਧ ਪ੍ਰਬੰਧ ਦਾ ਵਿਸ਼ਾ ਇਕ ਸੂਖਮ ਵਿਸ਼ਾ ਹੈ, ਫੇਰ ਵੀ ਮੈਂ ਆਪਣੇ ਵਲੋਂ ਜੋ ਕੁਝ ਕਿਹਾ ਹੈ ਜਾਂ ਕਹਿਣ ਦਾ ਯਤਨ ਕੀਤਾ ਹੈ, ਉਸਦੀ ਪ੍ਰੌੜ੍ਹਤਾ ਤਾਂ ਵਧੇਰੇ ਕਰਕੇ ਅਨੁਭਵੀ ਵਿਦਵਾਨਾਂ ਦੀਆਂ ਟੂਕਾਂ ਦੇ ਕੇ ਕੀਤੀ ਹੈ। ਜਿਹੜੇ ਮੌਲਿਕ ਵਿਚਾਰ ਦਿਤੇ ਹਨ, ਉਨ੍ਹਾਂ ਉੱਪਰ ਵੀ ਦਾਅਵਾ ਨਹੀਂ। ਦਾਅਵਾ ਕਰਨਾ ਜਾਂ ਕੋਈ ਅੰਤਿਮ ਨਿਰਣਾ ਕਰਨਾ ਗੈਰ ਕੁਦਰਤੀ ਸਮਝਿਆ ਜਾਂਦਾ ਹੈ।

ਪ੍ਰਸਤੁਤ ਸ਼ੋਧ -ਪ੍ਰਬੰਧ ਦਾ ਮਨੋਰਥ ਗੁਰੂ ਨਾਨਕ ਦੇਵ ਦੀ ਬਾਣੀ ਵਿਚ ਪ੍ਰਗਟ ਹੁੰਦੇ ਹੋਏ, ਪਰਮ-ਮਨੁੱਖ ਦੇ ਸੰਕਲਪ ਦਾ ਅਧਿਐਨ ਕਰਨਾ ਹੈ। ਗੁਰੂ ਨਾਨਕ ਦੇਵ ਜੀ ਦਾ ਪ੍ਰਮਾਣਿਕ ਬਾਣੀ ਆਦਿ ਗ੍ਰੰਥ ਵਿਚ ਸੰਕਲਿਤ ਹੈ ਅਤੇ ਮੇਰੇ ਅਧਿਐਨ ਦਾ ਆਧਾਰ ਆਦਿ ਗ੍ਰੰਥ ਵਿਚ ਸੰਕਲਿਤ ਪ੍ਰਮਾਣਿਕ ਗੁਰੂ ਨਾਨਕ ਬਾਣੀ ਹੈ।

ਸਾਰੇ ਸ਼ੋਧ-ਪ੍ਰਬੰਧ ਨੂੰ ਭੂਮਿਕਾ ਤੋਂ ਬਿਨਾਂ ਮੁਖ ਛੇ ਅਧਿਆਵਾਂ ਵਿਚ ਵੰਡਿਆ ਗਿਆ ਹੈ। ਹਰ ਇਕ ਅਧਿਆਇ ਵੱਖ ਵੱਖ ਵਿਚਾਰਾਂ ਦੀ ਮਹਾਨਤਾ ਕਰਕੇ ਵੱਖ ਵੱਖ ਭਾਗਾਂ ਵਿਚ ਵੰਡਿਆ ਹੈ। ਇਨ੍ਹਾਂ ਅਧਿਆਵਾਂ ਦੀ ਵੰਡ ਤਰਤੀਬ ਅਤੇ ਵਿਸ਼ੇ ਦੀ ਮਹਾਨਤਾ ਅਨੁਸਾਰ ਕੀਤੀ ਗਈ ਹੈ।

ਪਹਿਲੇ ਅਧਿਆਇ ਵਿਚ ਮਨੁੱਖ ਦੀ ਰੂਪ ਰੇਖਾ ਦੇ ਅੰਤਰਗਤ ਵਿਗਿਆਨਕ ਅਤੇ ਮਨੋਵਿਗਿਆਨਕ ਦ੍ਰਿਸ਼ਟੀ ਤੋਂ ਮਨੁੱਖ ਦਾ ਅਧਿਐਨ ਕੀਤਾ ਹੈ। ਵਿਗਿਆਨਕ ਪੱਖ ਤੋਂ ਮਨੁੱਖ ਦਾ ਮੁੱਢਲਾ ਜਨਮ ਅਤੇ ਵਿਕਾਸ ਅਤੇ ਮਨੋਵਿਗਿਆਨਕ ਪੱਖ ਤੋਂ ਉਸਦੀ ਸ਼ਖਸੀਅਤ, ਵੰਸ਼ ਪਰੰਪਰਾ ਅਤੇ ਸੰਵੇਗ ਆਦਿ ਦਾ ਉਸ ਉੱਤੇ ਪ੍ਰਭਾਵ ਨੂੰ ਉਲੀਕਿਆ ਗਿਆ ਹੈ। ਮਨੁੱਖ ਅਤੇ ਮਨੁੱਖਤਾ ਭਾਗ ਵਿਚ ਮਨੁੱਖ ਨੂੰ ਮਨੁੱਖਤਾ ਦੀ ਮਹਾਨਤਾ ਅਤੇ ਪ੍ਰਭਾਵ ਨੂੰ ਦ੍ਰਿਸ਼ਟੀ ਗੋਚਰ ਕੀਤਾ ਹੈ। ਫੇਰ ਮਨੁੱਖ ਅਤੇ ਪਰਮ-ਮਨੁੱਖ ਵਿਚ ਮਨੁੱਖ ਤੋਂ ਪਰਮ-ਮਨੁੱਖ ਬਣਨ ਲਈ ਵਖੋ ਵਖ ਧਰਮਾਂ ਅਨੁਸਾਰ ਉਨ੍ਹਾਂ ਦੀਆਂ ਕਦਰਾਂ ਕੀਮਤਾਂ ਨੂੰ ਲੈ ਕੇ ਇਕ ਲੜੀਬੱਧ ਵਿਸ਼ਲੇਸ਼ਣ ਕਰਕੇ ਪਰਮ -ਮਨੁੱਖ ਦੀ ਸਹੀ ਅਤੇ ਸੁਚੱਜੀ ਤਸਵੀਰ ਪੇਸ਼ ਕੀਤੀ ਹੈ।

ਦੂਜੇ ਅਧਿਆਇ ਵਿਚ ਮਨੁੱਖ ਅਤੇ ਪਰਮ-ਮਨੁੱਖ ਦੇ ਭਾਰਤੀ ਸਰੂਪ ਦੀ ਵਿਆਖਿਆ ਕੀਤੀ ਗਈ ਹੈ। ਵੇਦਾਂ ਵਿਚ ਪਰਮ-ਮਨੁੱਖ ਦਾ ਸੰਕਲਪ ਭਾਗ ਵਿਚ ਇਹ ਦਸਣ ਦਾ ਯਤਨ ਕੀਤਾ ਹੈ ਕਿ ਵੈਦਿਕ ਸਮੇਂ ਪਰਮ-ਮਨੁੱਖ ਲਈ ਕਿਹੜੀਆਂ ਯੋਗਤਾਵਾਂ ਜ਼ਰੂਰੀ ਸਨ। ਮੁੱਖ ਉਪਨਿਸ਼ਦਾਂ ਵਿਚ ਪਰਮ-ਮਨੁੱਖ ਦਾ ਸੰਕਲਪ ਵਿਚ ਉਪਨਿਸ਼ਦ ਕਾਲ

ਵਿਚ ਮੁੱਖ ਉਪਨਿਸ਼ਦਾਂ ਦੇ ਪਰਮ-ਮਨੁੱਖ ਲਈ ਜੋ ਮਾਪ ਦੰਡ ਅਪਣਾਏ ਉਨ੍ਹਾਂ ਦਾ ਵਰਨਣ ਹੈ। ਗੀਤਾ ਵਿਚ ਪਰਮ-ਮਨੁੱਖ ਦਾ ਸੰਕਲਪ ਵਿਚ ਇਹਦਾ ਯਤਨ ਕੀਤਾ ਹੈ ਕਿ ਕ੍ਰਿਸ਼ਨ ਜੀ ਅਨੁਸਾਰ ਗੀਤਾ ਉੱਤੇ ਅਧਾਰਿਤ ਸਥਿਰ ਬੁੱਧੀ ਵਾਲਾ ਵਿਅਕਤੀ ਪਰਮ-ਮਨੁੱਖ ਲਈ ਕਿਵੇਂ ਸਵੀਕ੍ਰਿਤ ਕੀਤਾ ਹੈ। ਕਿਹੜੀਆਂ ਵਿਸ਼ੇਸ਼ਤਾਵਾਂ ਹਨ, ਜਿਨ੍ਹਾਂ ਦਾ ਧਾਰਨੀ ਹੋ ਕੇ ਉਹ ਪਰਮ-ਮਨੁੱਖ ਬਣਨ ਦਾ ਹੱਕਦਾਰ ਸੀ। ਦਰਸ਼ਨ ਸ਼ਾਸਤਰ ਵਿਚ ਪਰਮ-ਮਨੁੱਖ ਦਾ ਸੰਕਲਪ ਵਿਚ ਦਰਸ਼ਨ ਸ਼ਾਸਤਰਾਂ ਅਨੁਸਾਰ ਪਰਮ-ਮਨੁੱਖ ਦੀ ਰੂਪ ਰੇਖਾ ਉਲੀਕਣ ਦਾ ਯਤਨ ਕੀਤਾ ਗਿਆ ਹੈ।

ਤੀਜੇ ਅਧਿਆਇ 'ਪਰਮ-ਮਨੁੱਖ ਦਾ ਭੌਤਿਕ ਸੰਕਲਪ' ਅਨੁਸਾਰ ਉਸਦੇ ਸਥੂਲ ਅਤੇ ਸੂਖਮ ਸਰੀਰ ਦਾ ਜਿੱਥੇ ਵਰਣਨ ਕੀਤਾ ਹੈ, ਉੱਥੇ ਜੀਵ ਦੀ ਪਰਿਭਾਸ਼ਾ ਦੇ ਕੇ ਭਿੰਨ ਭਿੰਨ ਅੰਗਾਂ ਨੂੰ ਗੁਰੂ ਨਾਨਕ ਬਾਣੀ ਦੀ ਰੋਸ਼ਨੀ ਵਿਚ ਮਨੁੱਖ ਨੂੰ ਸਭ ਜੀਵਾਂ ਦਾ ਸ਼੍ਰੋਮਣੀ ਮੰਨਿਆ ਗਿਆ ਹੈ ਜੀਵ ਦੇ ਪੰਜ ਭੂਤਕ ਸਰੀਰ ਵਿਚ ਇਕ ਵਿਸ਼ੇਸ਼ ਸੰਸਾਰ ਹੈ। ਜਿਸ ਨੂੰ ਅੰਤਹਕਰਣ ਕਿਹਾ ਜਾਂਦਾ ਹੈ ਜਿਸਦੇ ਅੰਗ ਹਨ - ਮਨ ਤੇ ਬੁੱਧੀ ਚਿੱਤ ਅਤੇ ਅਹੰਕਾਰ । ਇਹ ਸਾਰੇ ਜੀਵ ਦੇ ਚੇਤੰਨ ਤੱਤ ਆਤਮਾ ਨਾਲ ਸੰਬੰਧਿਤ ਹਨ। ਇਹ ਵੀ ਦਸਿਆ ਗਿਆ ਹੈ ਕਿ ਸਥੂਲ ਸਰੀਰ ਨਾਸ਼ਵਾਨ ਹੈ ਅਤੇ ਜੀਵ ਨੂੰ ਸਭ ਕਰਮਾਂ ਦਾ ਸਹਾਰਾ ਲੈ ਕੇ ਹੀ ਆਪਣੇ ਜੀਵਨ ਨੂੰ ਸਫ਼ਲ ਬਣਾ ਕੇ ਪਰਮ-ਮਨੁੱਖ ਬਣਨ ਦਾ ਯਤਨ ਕਰਨਾ ਚਾਹੀਦਾ ਹੈ।

ਚੌਥੇ ਅਧਿਆਇ ਪਰਮ-ਮਨੁੱਖ ਦਾ ਅਧਿਆਤਮਿਕ ਸੰਕਲਪ ਦੇ ਅੰਤਰਗਤ ਜੀਵਨ ਦਾ ਲਕਸ਼ ਕੀ ਹੈ? ਇਸ ਦੇ ਕਿਹੜੇ ਕਿਹੜੇ ਪੜਾਅ ਹਨ? ਇਸ ਲਕਸ਼ ਨੂੰ ਪ੍ਰਾਪਤ ਕਰਨ ਭਾਵ ਪਰਮਪਦ ਦੀ ਪ੍ਰਾਪਤੀ ਕਰਕੇ ਪਰਮ-ਮਨੁੱਖ ਲਈ ਕਿਹੜੀਆਂ ਵਿਸ਼ੇਸ਼ਤਾਵਾਂ ਦੀ ਲੋੜ ਹੈ। ਇਸ ਪਦ ਨੂੰ ਪ੍ਰਾਪਤ ਕਰਨ ਲਈ ਕਰਮ-ਮਾਰਗ , ਯੋਗ-ਮਾਰਗ, ਭਗਤੀ-ਮਾਰਗ, ਗਿਆਨ-ਮਾਰਗ ਅਤੇ ਸਾਧ ਸੰਗਤ ਦੀ ਮਹਾਨਤਾ ਉੱਪਰ ਵਿਸਥਾਰ ਪੂਰਵਕ ਚਾਨਣਾ ਪਾਇਆ ਗਿਆ ਹੈ। ਪੰਜਵੇਂ ਅਧਿਆਇ ਪਰਮ-ਮਨੁੱਖ ਦਾ ਸਦਾਚਾਰਕ ਸੰਕਲਪ ਵਿਚ ਪਰਮ-ਮਨੁੱਖ ਬਣਨ ਲਈ ਸਦਾਚਾਰ ਅਤੇ ਇਸ ਦੀ ਲੋੜ ਉੱਪਰ ਚਰਚਾ ਕੀਤੀ ਗਈ ਹੈ। ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿ ਅਵਗੁਣਾਂ ਉੱਤੇ ਕਾਬੂ ਪਾ ਕੇ ਸਦਾਚਾਰਕ ਜੀਵਨ ਦੀ ਨੀਂਹ ਰੱਖੀ ਜਾ ਸਕਦੀ ਹੈ, ਜਿਹੜੀ ਕਿ ਪਰਮ-ਮਨੁੱਖ ਲਈ ਅਤਿ ਜ਼ਰੂਰੀ ਹੈ, ਮਨ ਬਚਨ ਅਤੇ ਕਰਮ ਰਾਹੀਂ ਪਰਮ-ਪਦ ਦੀ ਪ੍ਰਾਪਤੀ ਕਿਵੇਂ ਹੋਵੇ ਅਤੇ ਸੱਚ ਨਿਰਵੈਰਤਾ

ਨਿਰਭੈਤਾ, ਪ੍ਰੇਮ, ਪਵਿੱਤਰਤਾ, ਨਿਆਇ, ਸਿੱਠਤ ਉਦਾਰਤਾ ਅਤੇ ਕ੍ਰਿਪਾਲਤਾ ਆਦਿ ਰੱਬੀ ਗੁਣਾਂ ਦਾ ਧਾਰਨੀ ਹੋਣਾ ਹੀ ਪਰਮ ਮਨੁੱਖ ਬਣਨ ਲਈ ਵਿਸ਼ੇਸ਼ ਮਹਾਨਤਾ ਰਖੱਦਾ ਹੈ।

ਅੰਤਲੇ ਛੇਵੇਂ ਅਧਿਆਇ ਵਿਚ ਪਰਮ ਮਨੁੱਖ ਦੇ ਦੂਜੇ ਰੂਪਾਂ ਜਿਵੇਂ ਸਾਧ, ਗੁਰਮੁਖ ਬ੍ਰਹਮ ਗਿਆਨੀ, ਜੀਵਨ ਮੁਕਤ ਅਤੇ ਗੁਰੂ ਆਦਿ ਦਾ ਵਰਣਨ ਹੈ। ਇਹ ਦੱਸਣ ਦਾ ਯਤਨ ਕੀਤਾ ਹੈ ਕਿ ਅਸਲ ਵਿਚ ਇਹ ਸਾਰੇ ਹੀ ਪਰਮ ਮਨੁੱਖ ਦਾ ਰੂਪ ਹਨ। ਇਨ੍ਹਾਂ ਵਿਚ ਉਹ ਵਿਸ਼ੇਸ਼ਤਾਈਆਂ ਹਨ, ਜਿਨ੍ਹਾਂ ਦਾ ਧਾਰਨੀ ਹੋਣਾ ਪਰਮ ਮਨੁੱਖ ਬਣਨ ਲਈ ਜ਼ਰੂਰੀ ਹੈ।

ਖੋਜ ਵਿਧੀ ਅਤੇ ਫੁਟ ਨੋਟਾਂ ਸੰਬੰਧੀ ਦੋ ਸ਼ਬਦ ਕਹਿਣੇ ਜ਼ਰੂਰੀ ਹਨ। ਮੈਨੂੰ ਬਹੁਤ ਸਾਰੀ ਸਮੱਗਰੀ ਲਈ ਹਿੰਦੀ ਅਤੇ ਅੰਗਰੇਜ਼ੀ ਪੁਸਤਕਾਂ ਦੀ ਸਹਾਇਤਾ ਲੈਣੀ ਪਈ। ਵਿਸ਼ੇ ਦੀ ਦ੍ਰਿਸ਼ਟੀ ਤੋਂ ਇਸ ਤਰ੍ਹਾਂ ਕਰਨਾ ਬਹੁਤ ਜ਼ਰੂਰੀ ਸੀ। ਕਿਉਂਕਿ ਮਨੋਵਿਗਿਆਨ ਅਤੇ ਵਿਗਿਆਨ ਆਦਿ ਵਿਸ਼ੇ ਪੰਜਾਬੀ ਵਿਚ ਲਗਭਗ ਅਛੋਹ ਹੀ ਪਏ ਹਨ, ਜਿਸ ਕਰਕੇ ਸੁਭਾਵਕ ਹੀ ਬਹੁਤ ਸਾਰੇ ਫੁਟ ਨੋਟ ਵੀ ਅੰਗਰੇਜ਼ੀ ਵਿਚ ਆ ਗਏ ਹਨ।( ਪਹਿਲੇ ਅਧਿਆਇ ਵਿਚ ਮਨੁੱਖ ਦਾ ਮਨੋਵਿਗਿਆਨਕ ਵਿਗਿਆਨਕ ਅਤੇ ਸਮਾਜ ਪੱਖ ਦਾ ਅਧਿਐਨ ਲਈ ਅੰਗਰੇਜ਼ੀ ਅਤੇ ਹਿੰਦੀ ਪੁਸਤਕਾਂ ਤੋਂ ਬਿਨਾਂ ਗੁਜ਼ਾਰਾ ਨਹੀਂ ਸੀ ਹੋਣਾ ਇਸੇ ਤਰ੍ਹਾਂ ਦੂਜੇ ਅਧਿਆਇ ਵਿਚ ਭਾਰਤੀ ਦ੍ਰਿਸ਼ਟੀ ਤੋਂ ਮਨੁੱਖ ਅਤੇ ਪਰਮ-ਮਨੁੱਖ ਦਾ ਸੰਕਲਪ, ਵੇਦਾਂ, ਗੀਤਾ, ਦਰਸ਼ਨ ਸ਼ਾਸਤਰਾਂ ਅਤੇ ਉਪਨਿਸ਼ਦਾਂ ਵਿਚ ਪਰਮ-ਮਨੁੱਖ ਦਾ ਸੰਕਲਪ ਵਿਸ਼ੇ ਦੇ ਅਧਿਐਨ ਲਈ ਹਿੰਦੀ ਸਾਹਿਤ ਵਿਚ ਹੀ ਦੁਰਲਭ ਗਿਆਨ ਦੀ ਪ੍ਰਾਪਤੀ ਹੋਈ ਹੈ)। ਹਿੰਦੀ ਵਿਚ ਖੋਜ ਦਾ ਕਾਰਜ ਕਰਨ ਵਾਲੇ ਲੇਖਕ ਫੁਟ ਨੋਟਾਂ ਵਿਚ ਅੰਗਰੇਜ਼ੀ ਪੁਸਤਕਾਂ ਦੇ ਨਾਂ ਦੇਵਨਾਗਰੀ ਵਿਚ ਲਿਖ ਦਿੰਦੇ ਹਨ, ਪਰੰਤੂ ਪੰਜਾਬੀ ਵਿਚ ਹਾਲੇ ਇਹ ਵਿਧੀ ਪ੍ਰਚੱਲਤ ਨਹੀਂ ਹੋਈ। ਇਸ ਲਈ ਖੋਜ ਪ੍ਰਬੰਧ ਦਾ ਮੂਲ ਪਾਠ ਪੰਜਾਬੀ ਵਿਚ ਹੈ, ਪਰੰਤੂ ਅੰਗਰੇਜ਼ੀ ਪੁਸਤਕਾਂ ਦੇ ਨਾਂ ਰੋਮਨ ਲਿਪੀ ਵਿਚ ਲਿਖ ਦਿੰਦੇ ਹਨ। ਜਿੱਥੇ ਹਵਾਲੇ ਚਲਦੇ ਹਨ ਉੱਥੇ ਅੰਗਰੇਜ਼ੀ ਵਿਧੀ ਅਨੁਸਾਰ( ibid ) ਸੰਕੇਤ ਦਾ ਪ੍ਰਯੋਗ ਕੀਤਾ ਹੈ। ਪੰਜਾਬੀ ਵਿਚ 'ਉਹੀ' ਸ਼ਬਦ ਦਾ। ਇਹ ਵਧੇਰੇ ਕਰਕੇ ਟਾਈਪ ਦੀ ਸਹੂਲਤ ਦੀ ਦ੍ਰਿਸ਼ਟੀ ਤੋਂ ਕੀਤਾ ਗਿਆ ਹੈ। ਫੁਟਨੋਟਾਂ ਵਿਚ ਕੇਵਲ ਲੇਖਕ, ਰਚਨਾ ਅਤੇ ਪੰਨਾ ਬਾਰੇ ਵੇਰਵਾ ਦਿੱਤਾ ਹੈ ਅਤੇ ਬਾਕੀ ਵਿਸਥਾਰ ਪੂਰਵਕ ਵੇਰਵਾ ਜਿਵੇਂ ਪ੍ਰਕਾਸ਼ਕ, ਪ੍ਰਕਾਸ਼ਨ ਸਥਾਨ, ਅਤੇ ਪ੍ਰਕਾਸ਼ਨ ਵਰ੍ਹਾ, ਐਡੀਸ਼ਨ ਆਦਿ ਪੁਸਤਕ ਸੂਚੀ ਵਿਚ ਦਿੱਤਾ ਗਿਆ ਹੈ।

ਅੰਤ ਵਿਚ ਮੈਂ ਆਪਣੇ ਪਰਮ ਮਾਨਨੀਯ ਸੁਪਰਵਾਈਜ਼ਰ ਡਾਕਟਰ ਜੋਗਿੰਦਰ ਸਿੰਘ ਐਮ ਏ, ਪੀ ਐਚ ਡੀ ਦਾ ਦਿਲੋਂ ਧੰਨਵਾਦੀ ਹਾਂ, ਜਿਨ੍ਹਾਂ ਨੇ ਆਪਣੇ ਮਹੱਤਵ ਪੂਰਨ ਰੁਝੇਵਿਆਂ ਵਿਚੋਂ ਸਮਾਂ ਕਢ ਕੇ ਮੇਰੀ

ਪ੍ਰੇਰਣਾਤਮਿਕ ਅਗਵਾਈ ਕੀਤੀ। ਵਾਸਤਵ ਵਿਚ ਇਸ ਅਗਵਾਈ ਸਦਕੇ ਹੀ ਮੈਂ ਆਪਣੇ ਯਤਨ ਮਾਰਗ ਉੱਤੇ ਚਲਣ ਦੇ ਯੋਗ ਹੋ ਸਕਿਆ ਹਾਂ। ਇਹ ਯਤਨ ਗੁਰੂ ਨਾਨਕ ਦੇਵ ਜੀ ਦੇ ਸਤਿਕਾਰ ਨੂੰ ਸਮਰਪਿਤ ਹੈ :–

ਜੋ ਕਿਛੁ ਹੋਆ ਸਭੁ ਕਿਛੁ ਤੁਝ ਤੇ ਤੇਰੀ ਸਭ ਅਸਨਾਈ ॥
ਤੇਰਾ ਅੰਤ ਨਾ ਜਾਇ ਜਾਣਾ ਮੇਰੇ ਸਾਹਿਬਾ ਮੈਂ ਅੰਧਲੇ ਕਿਆ ਚਤੁਰਾਈ ।

( ਆਦਿ ਗ੍ਰੰਥ, ਪੰਨਾ 604)

ਮੈਂ ਉਨ੍ਹਾਂ ਵਿਦਵਾਨਾਂ ਦਾ ਵੀ ਆਭਾਰੀ ਹਾਂ, ਜਿਨ੍ਹਾਂ ਦੀਆਂ ਲਿਖਤਾਂ ਨੂੰ ਖੰਡਨ ਜਾਂ ਮੰਡਨ ਲਈ ਇਸ ਸ਼ੋਧ ਪ੍ਰਬੰਧ ਵਿਚ ਵਰਤਿਆ ਹੈ।

ਹਰੀ ਸਿੰਘ

( ਹਰੀ ਸਿੰਘ )

## ਅਧਿਆਇ ਪਹਿਲਾ

# ਮਨੁੱਖ ਦੀ ਰੂਪ ਰੇਖਾ

(ੳ) 1. ਵਿਗਿਆਨਕ ਦ੍ਰਿਸ਼ਟੀ ਤੋਂ ਮਨੁੱਖ

2. ਮਟੋਵਿਗਿਆਨਕ ਦ੍ਰਿਸ਼ਟੀ ਤੋਂ ਮਨੁੱਖ

(ਅ) ਸਮਾਜਵਾਦੀ ਦ੍ਰਿਸ਼ਟੀ ਤੋਂ ਮਨੁੱਖ

(ੲ) ਮਨੁੱਖ ਅਤੇ ਮਨੁੱਖਤਾ

(ਸ) ਮਨੁੱਖ ਅਤੇ ਪਰਮ-ਮਨੁੱਖ

## (ੳ)(i) ਵਿਗਿਆਨਕ ਦ੍ਰਿਸ਼ਟੀ ਤੋਂ ਮਨੁੱਖ

(ਕ) ਪ੍ਰਾਣੀ ਵਿਗਿਆਨ:

ਪ੍ਰਾਣੀ ਵਿਗਿਆਨ ਦੇ ਅਨੁਸਾਰ ਮਨੁੱਖ ਸੂਰਜ ਤੋਂ ਜੀਵਨ ਸ਼ਕਤੀ ਪ੍ਰਾਪਤ ਕਰਦਾ ਹੈ। ਉਹ ਕਾਰਬਨ, ਹਾਈਡਰੋਜਨ, ਆਕਸੀਜਨ, ਨਾਈਟਰੋਜਨ, ਗੰਧਕ ਫਾਸਫੋਰਸ ਕਲੋਰੀਨ, ਸੋਡੀਅਮ, ਪੋਟਾਸ਼ੀਆ, ਕੈਲਸ਼ੀਅਮ, ਮੈਗਨੀਸ਼ੀਅਮ ਅਰਥਾਤ ਲੋਹੇ ਆਦਿ ਤੋਂ ਬਣਿਆ ਹੈ। ਉਹ ਕੈਸ ਕ੍ਰਿਧੀ ਕਰਦਾ ਹੈ, ਕ੍ਰੋਧ, ਭਰਮ, ਪ੍ਰੇਮ ਆਦਿ ਦਾ ਅਨੁਭਵ ਕਰਦਾ ਹੈ। ਉਸ ਸਾਂਸ ਲੈਂਦਾ ਅਤੇ ਭੋਜਨ ਕਰਦਾ ਹੈ।[1] ਉਸ ਦਾ ਬੌਧਿਕ ਗਿਆਨ ਇਤਨਾ ਅਧਿੱਕ ਹੈ ਕਿ ਉਹ ਆਪਣੀ ਸ਼ਕਤੀ ਦੁਆਰਾ ਸਾਰੇ ਪ੍ਰਾਣੀ ਜਗਤ ਵਿਚ ਉੱਤਮ ਹੈ।

(ਖ) ਬਨਸਪਤੀ:- ਵਿਗਿਆਨ ਅਨੁਸਾਰ ਮਨੁੱਖ ਚੇਤਨਸ਼ੀਲ ਪ੍ਰਾਣੀ ਹੈ। ਉਹ ਆਕਸੀਜਨ ਗ੍ਰਹਿਣ ਕਰਦਾ ਅਤੇ ਕਾਰਬਨ ਡਾਇਆਕਸਾਈਡ ਸਾਹ ਦੁਆਰਾ ਖਾਰਜ ਕਰਦਾ ਹੈ। ਉਹ ਗਰਮੀ ਅਤੇ ਸਰਦੀ ਦਾ ਅਨੁਭਵ ਕਰਦਾ ਹੈ। ਉਸਦੇ ਸਰੀਰ ਦੀ ਕ੍ਰਿਧੀ ਸਵੀਕਰਣ ( Assimilation ) ਦੇ ਫਲ ਸਰੂਪ ਹੁੰਦੀ ਹੈ ਅਤੇ ਰੰਗ ਰੂਪ ਵੀ ਨਿਸ਼ਚਿਤ ਹੁੰਦਾ ਹੈ।[2] ਮਨੁੱਖ ਬੁੱਧੀ ਵਿਕਾਰਾਂ ਭਾਵ ਪ੍ਰਸਾਰ ਅਰਥਾਤ ਗਤੀਸ਼ੀਲਤਾ ਆਦਿ ਖੇਤਰਾਂ ਵਿਚ ਬਹੁਤ ਅੱਗੇ ਜਾ ਚੁਕਿਆ ਹੈ।

(ਗ) ਰਸਾਇਨ ਵਿਗਿਆਨ: ਦੇ ਅਨੁਸਾਰ ਮਨੁੱਖ ਦੇ ਨਿਰਮਾਣ ਕਾਬਰਨ ਹਾਈਡਰੋਜਨ ਆਕਸੀਜਨ, ਨਾਈਟਰੋਜਨ, ਗੰਧਕ, ਫਾਸਫੋਰਸ, ਕਲੋਰੀਨ, ਸੋਡੀਅਮ, ਪੋਟਾਸ਼ੀਅਮ ਕੈਲਸ਼ੀਅਮ, ਮੈਗਨੀਸ਼ੀਅਮ ਤਥਾ ਲੋਹਾ ਆਦਿ ਤੱਤ ਪਾਏ ਜਾਂਦੇ ਹਨ।[3] ਮਨੁੱਖੀ ਸਰੀਰ ਵਿਚ ਵਿਆਪਕ ਤੱਤਵ ਰੂਪ ਵਿਚ ਪ੍ਰਾਪਤ ਨਾ ਹੋ ਕੇ ਭਿੰਨ ਭਿੰਨ ਜਟਿਲ ਕਾਬਰਨ ਯੌਗਿਕਾਂ ਦੇ ਰੂਪ ਵਿਚ ਪ੍ਰਾਪਤ ਹੁੰਦੇ ਹਨ। ਮਨੁੱਖ ਸਜੀਵ, ਚੇਤਨ ਸ਼ਕਤੀ ਵਾਲਾ ਤ੍ਰਿਸ਼ਣਾ, ਸੁਆਦੀ ਦਾ ਅਨੁਭਵ ਕਰਨ ਵਾਲਾ, ਸਵੈਗਤੀ, ਭੋਜਨ ਕਰਨ ਵਾਲੇ ਅਤੇ ਅਣਪਚੇ ਭੋਜਨ ਮਲਮੂਤਰ ਰਾਹੀਂ ਬਾਹਰ ਕਢਣ ਵਾਲੇ ਸਰੀਰ ਦਾ ਵਿਕਾਸ ਕਰਨ ਵਾਲਾ ਅਰਥਾਤ ਭਵ ਜਗਤ ਦੇ ਉੱਤਮ ਪੌੜੀਆਂ ਉੱਤੇ ਪੁਜਿਆ ਹੋਇਆ ਪ੍ਰਾਣੀ ਹੈ। ਮਨੁੱਖ ਦਾ ਇਕ ਨਿਸ਼ਚਿਤ ਰਸਾਇਣਕ ਨਿਬੰਧ ਹੁੰਦਾ ਹੈ, ਅਤੇ ਮਾਨਵ ਦੇ ਆਕਾਰ ਪ੍ਰਕਾਰ ਤਥਾ ਤੋਲ ਪਰਿਣਾਮ ਦੀ ਸੀਮਾ ਨਿਸ਼ਚਿਤ ਹੈ। ਉਹ ਇਕ ਨਿਸ਼ਚਿਤ ਸਥਾਨ ਨੂੰ ਘੇਰਦਾ ਹੈ।

---

1. ਪ੍ਰਾਣੀ ਵਿਗਿਆਨ (ਹਿੰਦੀ) ਭਾਗ 2, ਪੰਨਾ 12
2. Hylander Botany Paul Karrer (Dr.) Organic Chemistry Introduction, P.2
3. ਆਰ.ਡੀ. ਵਿਦਿਆਰਥੀ(ਡਾ.) ਪ੍ਰਾਣੀ ਸ਼ਾਸਤਰ( ਹਿੰਦੀ) ਪੰਨਾ 12

(ਘ) ਮਾਨਵ ਵਿਗਿਆਨ ਅਨੁਸਾਰ ਮਨੁੱਖ ਪ੍ਰਕ੍ਰਿਤੀ ਦਾ ਇਕ ਉਹ ਅੰਗ ਹੈ, ਜਿਹੜਾ ਆਕਾਰ-ਪ੍ਰਕਾਰ, ਤੋਲ-ਪ੍ਰੀਣਾਮ ਅਤੇ ਰੂਪ-ਰੰਗ ਆਦਿ ਸਭ ਕੁਝ ਧਾਰਨ ਕਰਦਾ ਹੈ। ਉਹ ਕਿਸੇ ਖਾਸ ਸਥਾਨ ਨੂੰ ਆਪਣੇ ਘੇਰੇ ਵਿਚ ਰੱਖਦਾ ਹੈ ਅਤੇ ਹਰ ਇਕ ਕ੍ਰਿਆ ਉਨ੍ਹਾਂ ਸੀਮਿਤ ਪਰਸਥਿਤੀਆਂ ਅਤੇ ਨਿਯਮਾਂ ਦੇ ਅੰਤਰਗਤ ਰਖਦਾ ਹੈ, ਜਿਹੜੇ ਕਿਸੇ ਭੌਤਿਕ ਪਦਾਰਥ ਲਈ ਲਾਗੂ ਹੁੰਦੇ ਹਨ। ਮਨੁੱਖੀ ਸਰੀਰ ਭਿੰਨ ਭਿੰਨ ਪਦਾਰਥਾਂ ਨੂੰ ਆਤਮ ਸ੍ਵਾਤ ਕਰਕੇ ਫੁਲਦਾ ਫਲਦਾ ਅਰਥਾਤ ਰਿਸ਼ਟ ਪੁਸ਼ਟ ਹੁੰਦਾ ਹੈ। ਇਹੀ ਉਸਦੀ ਰਸਾਇਣਕ ਕ੍ਰਿਆ ਹੈ।

ਸਰੀਰਕ ਰਚਨਾ ਦੀ ਦ੍ਰਿਸ਼ਟੀ ਤੋਂ ਮਨੁੱਖ ਅਰਥਾਤ ਬੰਦਰ, ਗੋਰੀਲਾ ਅਤੇ ਸ਼ਿੰਪਾਂਜੀ ਆਦਿ ਪ੍ਰਕਿਰਤੀ ਦੇ ਪ੍ਰਾਣੀਆਂ ਵਿਚ ਬਹੁਤ ਕੁਝ ਸਮਾਨ ਹੈ। ਦੋਨੋਂ ਹੀ ਖੋਪੜੀ ਅਰਥਾਤ ਅਸਥਿਕ ਕਾਲ ਕਠੋਰ ਰਚਨਾ ਇਕੋ ਜਿਹੀ ਹੁੰਦੀ ਹੈ। ਮਨੁੱਖ ਸ਼ਿਸ਼ੂ ਗਰਭ ਅਸਥਾਨ ਵਿਚ ਪਹਿਲਾਂ ਬਿਨਾਂ ਰੀੜ ਦੀ ਹੱਡੀ ਦੇ ਹੁੰਦਾ ਹੈ। ਫੇਰ ਉਸ ਵਿਚ ਰੀੜ ਦੀ ਹੱਡੀ ਬਣ ਜਾਂਦੀ ਹੈ। ਅਤੇ ਤਦ ਉਸ ਦੇ ਪੂੰਛ ਨਿਕਲ ਆਉਂਦੀ ਹੈ ਜੋ ਉਸ ਦੇ ਸਰੀਰ ਵਿਚ ਖੱਪ ਜਾਂਦੀ ਹੈ।[1]

ਕੁਝ ਮਾਨਵ ਵਿਗਿਆਨੀਆਂ ਦੇ ਵਿਚਾਰ ਦੇ ਅਨੁਸਾਰ ਮਨੁੱਖ ਪਿੱਠ ਦੀ ਹੱਡੀ ਵਾਲੇ ਪਸ਼ੂਆਂ ਦੇ ਸਮਾਨ ਹੈ। ਉਨ੍ਹਾਂ ਦੇ ਸਰੀਰਕ ਅੰਗਾਂ ਦੀ ਸੰਗਤਿ ਦੋ ਛੋਰ ਵਾਲੀ ਹੈ। ਉਨ੍ਹਾਂ ਅਨੁਸਾਰ ਮਨੁੱਖ ਵਿਚ ਵਾਤਵਿਕ ਸੰਸਥਾਨ ਹੁੰਦਾ ਹੈ। ਇਸ ਤੋਂ ਵਰੈਰ ਜਿਸ ਤਰ੍ਹਾਂ ਪ੍ਰਾਣੀਆਂ ਵਿਚ ਵਾਤਵਿਕ ਸੰਸਥਾ ਸਰੀਰ ਦੇ ਮੱਧ ਵਿਚ ਹੁੰਦਾ ਹੈ। ਠੀਕ ਉਸੇ। ਤਰ੍ਹਾਂ ਮਨੁੱਖੀ ਸਰੀਰ ਦੀ ਰਚਨਾ ਹੁੰਦੀ ਹੈ। ਪਸ਼ੂ ਜਗਤ ਦੀ ਇਕ ਹੋਰ ਅਵਸਥਾ, ਜੋ ਮਨੁੱਖੀ ਜਗਤ ਦੇ ਬਹੁਤ ਨੇੜੇ ਹੈ, ਉਹ ਪ੍ਰਾਣੀ ਵੀ ਸਤਨਧਾਰ ( Mammals ) ਕਹਲਾਉਂਦੇ ਹਨ। ਭੌਤਿਕ ਦ੍ਰਿਸ਼ਟੀਕੋਣ ਤੋਂ ਸਮਾਨਤਾ ਦੀ ਇਕ ਹੋਰ ਅਵਸਥਾ ਬਾਨਰ ਸਮੁਦਾਇ ਵਿਚ ਪਾਈ ਜਾਂਦੀ ਹੈ। ਮਨੁੱਖ ਦੇ ਸਮਾਨ ਹੀ ਉਨ੍ਹਾਂ ਵਿਚ ਦੋ ਪੈਰ ਅਤੇ ਦੋ ਹੱਥ ਹੁੰਦੇ ਹਨ। ਹਾਵ ਭਾਵ ਪ੍ਰਗਟ ਕਰਨੇ, ਚੇਸ਼ਟਾਵਾਂ ਨੂੰ ਪ੍ਰਦਰਸ਼ਿਤ ਕਰਨਾ ਅਰਥਾਤ ਹੱਥ ਅਤੇ ਪੈਰ ਰਚਨਾ ਵਿਚ ਬਹੁਤ ਕੁਝ ਮਨੁੱਖ ਦੇ ਸਮਾਨ ਹੀ ਹੈ। ਗਿਬਨ, ਗੁਰੀਲਾ ਅਰਥਾਤ [illegible] ਸ਼ਿੰਪਾਂਜੀ ਤਾਂ ਬਿਲਕੁਲ ਹੀ ਮਾਨਵ ਸਮ ਪ੍ਰਤੀਤ ਹੁੰਦੇ ਹਨ। ਇਹੀ ਕਾਰਨ ਹੈ ਕਿ

---

1. ਸਤਿਆ ਬਰਤ, ਸਿੱਧਾਂਤ ਅਲੰਕਾਰ, ਮਾਨਵ ਸ਼ਾਸਤਰ( ਹਿੰਦੀ) ਪੰਨਾ 215

ਪਸ਼ੂ ਜਗਤ ਦੇ ਦੂਜੇ ਪ੍ਰਾਣੀਆਂ ਅਤੇ ਇਨ੍ਹਾਂ ਪ੍ਰਾਣੀਆਂ ਵਿਚ ਅਧਿਕ ਭੇਦ ਹੋਣ ਪੁਰ ਵੀ ਮਾਨਵ ਅਤੇ ਉਨ੍ਹਾਂ ਵਿਚ ਭੇਦ ਮਾਲੂਮ ਨਹੀਂ ਹੁੰਦਾ।[2]

ਪਰੰਤੂ ਇਸ ਦਾ ਭਾਵ ਇਹ ਨਹੀਂ ਕਿ ਉੱਚ ਸ੍ਰੇਣੀ ਦੇ ਸਤਨਧਾਰੀ ਪ੍ਰਾਣੀ ਮਾਨਵ ਜਾਤੀ ਦੇ ਪੂਰਵਜਨ ਹਨ। ਗਿਬਨ ਅਰਥਾਤ ਸ਼ਿੰਪਾਂਜੀ ਆਦਿ ਪ੍ਰਾਣੀ ਵਿਕਾਸ ਦੇ ਖੇਤਰ ਵਿਚ ਆਪਣੀ ਆਪਣੀ ਵਿਸ਼ੇਸ਼ਤਾ ਰਖਦੇ ਹਨ। ਇਸ ਪ੍ਰਕਾਰ ਦਾ ਵਿਕਾਸ ਦਾ ਮਾਰਗ ਵੀ ਵਿਸ਼ੇਸ਼ ਪ੍ਰਕਾਰ ਦਾ ਮਾਰਗ ਹੈ। ਉਨ੍ਹਾਂ ਵਿਚ ਕੁਝ ਅਜੇਹੀਆਂ ਵਿਸ਼ੇਸ਼ਤਾਵਾਂ ਹਨ, ਜਿਨ੍ਹਾਂ ਦੇ ਆਧਾਰ ਪੁਰ ਉਹ ਪਸ਼ੂ ਜਗਤ ਤੋਂ ਵੱਖ ਹੋ ਜਾਂਦਾ ਹੈ। ਉਹ ਆਪਣੇ ਦੀਰਘ ਮਸਤਿਕ, ਹੱਥ,ਪੈਰ ਤਥਾ ਹੱਡੀ ਰਚਨਾ ਭੇਦ ਸਮ, ਭਾਸ਼ਣ, ਯੋਗਤਾ, ਬੁੱਧੀ ਅਰਥਾਤ ਗਿਆਨ ਦੀ ਵਿਸ਼ੇਸਤਾ, ਸਮਾਜਿਕ ਮਹੱਤਵ ਅਰਥਾਤ ਪ੍ਰਾਕ੍ਰਿਤੀ ਵਿਕਾਸ ਆਦਿ ਦੇ ਕਾਰਣ ਪਸ਼ੂ ਜਗਤ ਤੋਂ ਬਹੁਤ ਭਿੰਨ ਹੈ।[2]

ਜਿੱਥੋਂ ਤਕ ਮਾਨਵ ਵਿਕਾਸ ਦਾ ਸੰਬੰਧ ਹੈ, ਵਿਗਿਆਨਕਾਂ ਵਿਚ ਉਸ ਬਿਸ਼ੇ ਬਾਰੇ ਮਤ ਭੇਦ ਹੈ। ਵਿਕਾਸਵਾਦੀ ਵਿਦਵਾਨਾਂ ਦੇ ਅਨੁਸਾਰ ਮਾਨਵ ਵਿਕਾਸ ਦਾ ਆਰੰਭ ਪਸ਼ੂ ਜਗਤ ਤੋਂ ਹੋਇਆ।ਉਨ੍ਹਾਂ ਦਾ ਕਥਨ ਹੈ ਕਿ ਮਾਨਵ ਆਪਣੀ ਆਰੰਭਿਕ ਅਵਸਥਾ ਵਿਚ ਲੰਗੂਰ ਦੀ ਸ਼ਕਲ ਵਿਚ ਸੀ। ਪਰੰਤੂ ਉਸ ਦੇ ਰੂਪ ਵਿਚ ਅਨੇਕ ਪਰਿਵਰਤਨ ਹੁੰਦੇ ਗਏ ਅਤੇ ਸਮੇਂ ਦੇ ਅੰਤਰ ਨਾਲ ਉਹ ਆਪਣੇ ਵਰਤਮਾਨ ਰੂਪ ਨੂੰ ਪ੍ਰਾਪਤ ਹੋਇਆ। ਚਾਰਲਿਸ ਡਾਰਵਿਨ ਅ ਅਨੁਸਾਰ ਮਾਨਵ ਦੀ ਉਤਪਤੀ ਪ੍ਰਾਚੀਨ ਵਿਸ਼ਵ ਬਾਨਰ ਸ਼ਾਖ ਤੋਂ ਹੋਈ ਹੈ।[3] 1883 ਵਿਚ ਬਾਨਰ ਤਥਾ ਮਾਨਵ ਜਾਤੀ ਨੂੰ ਇਕ ਹੀ ਵਰਗ ਦੇ ਅੰਤਰਗਤ ਮੰਨਣ ਦਾ ਪ੍ਰਸਤਾਵ ਪਾਸ ਕੀਤਾ ਗਿਆ।[4] ਇਹਨਾਂ ਤੋਂ ਇਲਾਵਾ ਬਾਨਰ ਸ਼੍ਰੇਣੀ ਨੂੰ ਮਹਾਂਕਾਯ ਬਾਨਰਾਂ ਨੂੰ ਮਾਨਣ ਦੇ ਸਾਥ ਇਕ ਹੀ ਪਰਿਵਾਰ ਦਾ ਮੰਨਣ ਪੁਰ ਬਲ ਦਿੱਤਾ ਗਿਆ ਸੀ।[5] ਪਰੰਤੂ ਪ੍ਰਾਣੀ ਵਿਗਿਆਨ ਦੇ ਦੁਆਰਾ ਇਹ ਸਪਸ਼ਟ ਪਤਾ ਚਲਦਾ ਹੈ ਕਿ ਮਾਨਵ ਉਤਪਤੀ ਦਾ ਸੰਬੰਧ ਲੰਗੂਰ ਤੋਂ ਜੋੜਨਾ ਅਸੰਗਤ ਹੀ ਨਹੀਂ, ਹਾਸੋਹੀਣਾ ਵੀ ਹੈ। ਕੋਈ ਪ੍ਰਾਣੀ ਵਿਗਿਆਨੀ ਅਜ

---

1. History T.H.Mauris Place, in Nature, P, 136
2. ਰਿਸ਼ੀ ਦੇਵ(ਡਾ.) ਮਾਨਵ ਵਿਗਿਆਨ(ਹਿੰਦੀ) ਪੰਨਾ 20-21
3. Charles Darwin Descent of Man, Vol.Page 196-197
4. Robert Hartemaun, P, 55
5. The Pedigree of Human Race, P,33

ਤਕ ਇਹ ਮੰਨਣ ਨੂ ਤਿਆਰ ਨਹੀਂ ਕਿ ਵਰਤਮਾਨ ਮਨੁੱਖ ਪ੍ਰਾਚੀਨ ਗੋਰੀਲਾ ਅਥਵਾ ਗਿਬਨ ਤੋਂ ਉਦਭੂਤ ਹੈ।

5. ਪੁਰਾਤਨ ਵਿਗਿਆਨ ( Paleontology ) ਪੁਰਾਤਨ ਮਾਨਵ ਵਿਗਿਆਨ (Human Paleontology ) ਅਰਥਾਤ ਭੂ-ਗਰਭ ਵਿਗਿਆਨ ਨੇ ਭੂਮੀ ਦੇ ਪ੍ਰਾਚੀਨ ਸਤਰਾਂ ਪ੍ਰਸਤਰਿਤ ਪ੍ਰਾਣੀਆਂ ਅਰਥਾਤ ਪ੍ਰਸਤਰਿਤ ਮਾਨਵ ਦੇ ਅਵਸ਼ੇਸ਼ਾਂ ਦੇ ਆਧਾਰ ਪੁਰ ਪ੍ਰਕ੍ਰਿਤੀ ਦੇ ਮਾਨਵ ਦੀ ਤਰ੍ਹਾਂ ਪ੍ਰਾਣੀਆਂ ਤਥਾ ਮਾਨਵ ਦੇ ਪ੍ਰਾਚੀਨਤਕ ਇਤਿਹਾਸ ਦਾ ਵਿਸ਼ੇਸ਼ ਵਰਣਨ ਕਰਦੇ ਹੋਏ ਕਲਪਾਂ ਦਾ ਦੀ ਵੰਡ ਇਸ ਪ੍ਰਕਾਰ ਕੀਤੀ ਹੈ।

1. ਉਸ਼ਾ ਕਲਪ( Eozix ) ਸਰਲ ਰੂਪ ਦੇ ਪ੍ਰਾਣੀਆਂ ਦੇ ਆਦਿ ਕਲਪ ਤੋਂ ਵੀ ਪੁਰਾਤਨ ਇਹ ਸਮਾਂ ਕਲਪ ਦੇ ਪ੍ਰਾਰੰਭ ਦੀ ਅਵਧੀ ਇਕ ਅਰਬ ਪਚਾਸ ਕਰੋੜ ਵਰ੍ਹੇ ਪੂਰਬ ਮੰਨੀ ਗਈ ਹੈ।

2. ਆਦਿ ਕਲਪ ( Paleozoic ) ਮੱਛੀਆਂ ਗਰਾਹੋਂ ਸੀਰ ਸਰਿਪ (Reptiless ) ਅਸਥਿ ਮਤਸਯ ਅਭਯਚ ( Amphibians ) ਆਦਿ ਜੀਵਾ ਦੇ ਇਸ ਯੁਗ ਦੇ ਪ੍ਰਾਰੰਭ ਦੀ ਅਵਧਿ 92 ਕਰੋੜ 50 ਲੱਖ ਵਰ੍ਹੇ ਪੂਰਵ ਮੰਨੀ ਗਈ ਹੈ।

(3) (ੲ) ਨੂਤਨ ਕਲਪ ( Mesozoic ) ਇਕ ਕਲਪ ਦੇ ਪ੍ਰਾਰੰਭ ਦੀ ਅਵਧਿ 19 ਕਰੋੜ ਵਰ੍ਹੇ ਪੂਰਵ ਮੰਨੀ ਜਾਂਦੀ ਹੈ। ਇਸ ਵਿਚ ਭਿੰਨ ਭਿੰਨ ਪ੍ਰਕਾਰ ਦੇ ਵਾਯਵੀਯ ਅਰਥਾਤ ਭੌਤਕ ਸਰੀਸਰਿਪ ਪੰਛੀ ਅਰਥਾਤ ਆਦਿ ਕਾਲੀਨ ਸਤਨਧਾਰੀ ਆਦਿ ਉਤਪੰਨ ਹੋਏ।

4. (ਅ) ਨੂਤਨ ਕਲਪ (Oligocenl ) ਇਸ ਦਾ ਆਰੰਭ 6 ਕਰੋੜ ਵਰ੍ਹੇ ਪੂਰਵ ਹੋਇਆ। ਇਸਨੂੰ 6 ਭਾਗਾਂ ਵਿਚ ਵੰਡਿਆ ਗਿਆ ਹੈ: ਪ੍ਰਾਦਿ ਨੂਤਨ (Eocene ਆਦਿ ਨੂਤਨ ( oligocene ) ਮਧਯ ਨੂਤਕ ( Miocene ) ਅਤਿ ਨੂਤਨ (oligocene ) ਤਥਾ ਸਰਵ ਨੂਤਨ ( Miocene ) ਇਸ ਵਿਚ ਟਾਰਿਸ, ਬਾਨਰ, ਮਹਕਾਯ ਬਾਨਰ, ਬਨ ਮਾਨਸ, ਤਰੂ ਰੋਹੀ ਬਾਨਰ, ਮਾਨਵਕਰ ਪ੍ਰਾਣੀ ਬਾਨਰ, ਮਾਨਵ, ਪ੍ਰਾਚੀਨ ਮਾਨਵ ਅਰਥਾਤ ਮਾਨਵ ਦਾ ਪ੍ਰਾਦੁਰਭਾਵ ਹੋਇਆ।

---

1 Smith G.E. The Evolution of Man, P, 85

2 T.H.Huxley, Man's Place in Nature

3. ਵਿਦਿਆਲੰਕਾਰ ਰਿਸ਼ੀਵੇਦ (ਡਾ.) ਮਾਨਵ ਵਿਗਿਆਨ, ਪੰਨਾ 62

ਭੂਮੀਵਾਸੀ ਬਣਨ ਪੁਰ ਮਾਨਵਕਾਰ ਪ੍ਰਾਣੀਆਂ ਦੇ ਹੱਥਾਂ ਦੇ ਅਧਿੱਕ ਪ੍ਰਯੋਗ ਦੇ ਸਾਥ ਹੀ ਉਨ੍ਹਾਂ ਦੇ ਮਸਤਿਕ ( ਮੱਥਾ ) ਅਰਥਾਤ ਅੱਖਾਂ ਦਾ ਵੀ ਕਰਮਵਾਰ ਵਿਕਾਸ ਹੋਇਆ ।[1] ਚਾਰ ਹੱਥ ਵਾਲੇ ਅਤੇ ਦੋ ਹੱਥ ਵਾਲੇ ਪ੍ਰਾਣੀਆਂ ਨੂੰ ਵਖ ਵਖ ਵਰਗਾਂ ਵਿਚ ਗਿਣਤੀ ਕਰਦੇ ਹਨ।[2] ਇਸ ਲਈ ਇਹ ਗੱਲ ਵਿਚਾਰਨ ਯੋਗ ਹੈ ਕਿ ਇਹਨਾਂ ਦੇ ਭਿੰਨ ਭਿੰਨ ਸ਼੍ਰੇਣੀ ਦੀ ਇਕ ਪੂਰਵਜ ਸ਼੍ਰੇਣੀ ਕਿਹੜੀ ਸੀ, ਪਰੰਤੂ ਬਾਨਰ ਤਥਾ ਮਾਨਵ ਦੇ ਵਿਚ ਦੀ ਸਮਾਨਤਾ ਉਨ੍ਹਾਂ ਦੇ ਨੇੜੇ ਦੇ ਸੰਬੰਧ ਨੂੰ ਭਲੀ ਭਾਂਤ ਹੀ ਸੂਚਿਤ ਕਰਦੀ ਹੈ। ਇਹ ਨਿਰਸੰਦੇਹ ਕਿਹਾ ਜਾ ਸਕਦਾ ਹੈ ਕਿ ਮਾਨਵ ਦੇ ਪੂਰਵਜ ਇਹ ਬਾਨਰ ਅਥਵਾ ਲੰਗੂਰ ਨਹੀਂ ਸਨ। ਕੇਵਲ ਸਰੀਰਕ ਅੰਗ ਦੀ ਸਮਾਨਤਾ ਦੇ ਆਧਾਰ ਪਰ ਇਕ ਵੰਸ਼ੀ ਸੰਬੰਧ ਨੂੰ ਸਿੱਧ ਨਹੀਂ ਕੀਤਾ ਜਾ ਸਕਦਾ।[3]

****

---

1. Smith G.E. The Evolution of Man, P, 85
2. T.H. Huxley, Man's place in Nature p. 98
3. ਵਿਗਿਆਲੰਕਾਰ ਰਿਸ਼ੀਦੇਵ (ਡਾ.) ਮਾਨਵ-ਵਿਗਿਆਨ, ਪੰਨਾ 62

## (ੳ) (ii) ਵਿਗਿਆਨਕ ਦ੍ਰਿਸ਼ਟੀ ਤੋਂ ਮਨੁੱਖ

### (2) ਮਨੁੱਖ ਦੇ ਵਿਕਾਸ ਦਾ ਸਿੱਧਾਂਤ

ਡਾਰਵਿਨ ਅਨੁਸਾਰ ਮਾਨਵ ਚਿੰਪੈਂਜੀ ਅਤੇ ਗੋਰੀਲਾ ( ਮਾਨਵ ਵਰਗੀ ਸ਼ਕਲ ਰਖਣ ਵਾਲੇ ਜਾਨਵਰ) ਦਾ ਹੀ ਇਕ ਵਿਕਸਿਤ ਰੂਪ ਹੈ। ਉਸਦੀਆਂ ਦੋਹਾਂ ਪੁਸਤਕਾਂ ਵਿਚ ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਹੋਇਆ ( Origin of Species and Descent of Man ) ਇਹ ਦੋਵੇਂ ਜਾਨਵਰ ਸਰੀਰਕ ਤੌਰ ਤੇ ਮਨੁੱਖ ਨਾਲੋਂ ਕੁਝ ਵਖਰੀ ਕਿਸਮ ਦੇ ਹੁੰਦੇ ਹਨ। ਦਿਮਾਗ ਛੋਟਾ, ਪੈਰ ਹੱਥਾਂ ਦੀ ਤਰ੍ਹਾਂ ਤੇ ਅੰਗੂਠੇ ਵਾਲੀ ਉਂਗਲੀ ਦੀ ਥਾਂ ਅੰਗੂਠੇ ਹੀ ਹੁੰਦੇ ਹਨ, ਜੋ ਕਿ ਚੀਜ਼ਾਂ ਨੂੰ ਫੜਨ ਲਈ ਬੜਾ ਸਹਿਯੋਗ ਦਿੰਦੇ ਹਨ। ਡਾਰਵਿਨ ਦੇ ਸਮੇਂ ਮਾਨਵ ਦੇ ਜਨਮ ਬਾਰੇ ਕੋਈ ਨਿਰਣਾ ਦੇਣ ਤੋਂ ਪਹਿਲਾਂ ਗੱਲ ਚਿੰਪੈਂਜੀ ਤੋਂ ਸ਼ੁਰੂ ਕਰਨੀ ਪੈਂਦੀ ਸੀ ਅਤੇ ਕਈ ਤਰ੍ਹਾਂ ਦੀਆਂ ਸਰੀਰਕ ਤਬਦੀਲੀਆਂ ਜਿਨ੍ਹਾਂ ਵੱਲ ਵਿਕਾਸਵਾਦੀ ਸਿੱਧਾਂਤ ਇਸ਼ਾਰਾ ਕਰਦਾ ਹੈ, ਧਿਆਨ ਵਿਚ ਰਖਣੀਆਂ ਪੈਂਦੀਆਂ ਸਨ। 'What is Man' ਵਿਚਲੇ ਲੇਖ ਐਨਐਬੇਰੈਂਟ ( An Abberant ) ਵਿਚ ਕੁਝ ਇਸ ਤਰ੍ਹਾਂ ਦੇ ਵਿਚਾਰ ਮਿਲਦੇ ਹਨ, ਮਨੁੱਖ ਦੇ ਅਤੀਤ ਵਲ ਜਾਣ ਦਾ ਭਾਵ ਹੈ, ਸੱਤਰ ਕਰੋੜ ਸਾਲ ਪਿੱਛੇ ਜਾਣਾ, ਜਦੋਂ ਮੈਮਲਜ ( ਦੁੱਧ ਪਿਲਾਉਣ ਵਾਲੇ ਜਾਨਵਰ) ਹੋਂਦ ਵਿਚ ਆ ਰਹੇ ਸਨ। ਉਹ ਉਦੋਂ ਛੋਟੇ ਹੁੰਦੇ ਸਨ। ਫੇਰ ਕੁਝ ਹਜ਼ਾਰ ਸਾਲਾਂ ਪਿੱਛੋਂ ਵੱਡੇ ਮੈਮਲਜ ਹੋਂਦ ਵਿਚ ਆਏ। ਉਨ੍ਹਾਂ ਵਿਚੋਂ ਕੁਝ ਬਿੱਲੀਆਂ ਵਰਗੇ ਸਨ ਅਤੇ ਕੁਝ ਬਾਂਦਰਾਂ ਜਾਂ ਛੋਟੀ ਪੂਛ ਵਾਲੇ ਬਾਂਦਰ (ਜਿਨ੍ਹਾਂ ਨੂੰ ਏਪਸ. ਕਿਹਾ ਜਾਂਦਾ ਹੈ) ਵਰਗੇ ਸਨ। ਇਨ੍ਹਾਂ ਵਿਚੋਂ ਇਕ ਜਾਨਵਰ ( RUSINGE ) ਰੁਸਿੰਜ਼) ਦੀਪ ਵਿਚ ਝੀਲ ਵਿਕਟਰੀਆ ਦੇ ਕੋਨੇ ਅਤੇ 1930 ਦੇ ਨੇੜੇ ਤੇੜੇ ਹੀ ਵੇਖਿਆ ਗਿਆ। ਉਸਦੇ ਪੈਰ ਤਾਂ ਨਾ ਆਦਮੀ ਵਰਗੇ ਸਨ ਅਤੇ ਨਾ ਹੀ ਚਿੰਪੈਂਜੀ ਵਰਗੇ। ਉਹ ਆਦਮੀ ਵਾਂਗ ਸਿੱਧੇ ਖੜੇ ਹੋਣ ਦਾ ਕੰਮ ਵੀ ਦਿੰਦੇ ਸਨ ਅਤੇ ਬਾਂਦਰ ਵਾਂਗ ਚਾਰ ਪੈਰਾਂ ਉੱਤੇ ਚਲਣ ਦਾ ਕੰਮ ਵੀ ਦਿੰਦੇ ਸਨ, ਪਰੰਤੂ ਕੋਈ ਵੀ ਵਿਗਿਆਨੀ ਇਸ ਬਾਰੇ ਨਿਸ਼ਚੇਜਨਕ ਸਿੱਟਾ ਨਹੀਂ ਕਢ ਸਕਿਆ। ਕਿ ਉਹ ਬਾਂਦਰ ਸੀ ਜਾਂ ਚਿੰਪੈਂਜੀ ਜਾਂ ਬੰਦਾ, ਉਸ ਵਿਚ ਤਿੰਨੇ ਪ੍ਰਕਾਰ ਦੀਆਂ ਵਿਸ਼ੇਸ਼ਤਾਵਾਂ ਪਾਈਆਂ ਜਾਂਦੀਆਂ ਸਨ। ਕੇਵਲ ਇਕ ਕਰੋੜ ਸਾਲ ਪਹਿਲਾਂ ਦੇ ਕੁਝ ਪਿੰਜਰ ਸਾਡੇ ਇਤਿਹਾਸ ਦੇ ਕੁਝ ਮਹੱਤਵਪੂਰਣ ਜਾਨਵਰਾਂ ਦੀ ਹੋਂਦ ਨੂੰ ਦਰਸਾਉਂਦੇ ਹਨ। ਇਨ੍ਹਾਂ ਨੂੰ Men-Apes ਕਿਹਾ ਜਾਂਦਾ ਸੀ ਅਤੇ ਇਹ ਅਫਰੀਕਾ ਦੇ ਜੰਗਲਾਂ ਵਿਚ ਪਾਏ ਜਾਂਦੇ ਸਨ। ਇਨ੍ਹਾਂ ਦੀ ਖੋਜ ਪ੍ਰੋ.

ਡਾਰਟ ਡਾ. ਲੀਟੇ ਅਤੇ ਡਾ. ਬਰੂਮ ਨੇ ਕੀਤੀ। ਪ੍ਰੋ. ਡਾਰਟ ਕੋਲ ਇਨ੍ਹਾਂ ਦੇ ਨਿਸ਼ਾਨ 1924 ਵਿਚ ਆਏ। ਇਹ ਇਕ ਬੱਚੇ ਦਾ ਪਿੰਜਰ ਸੀ, ਜਿਸਦੇ ਚਿਹਰੇ ਅਤੇ ਸਿਰ ਦੀ ਤਹਿ ਹੀ ਦਿਸਦੀ ਸੀ। ਇਸਦਾ ਸਿਰ ਮੂੰਹ ਤੋਂ ਥੋੜਾ ਵੱਡਾ ਸੀ ਅਤੇ ਉਹ ਇਕ ਆਦਮੀ ਦੇ ਮੂੰਹ ਦੀ ਤਰ੍ਹਾਂ ਲਗਦਾ ਸੀ, ਪਰੰਤੂ ਇਸਦੇ ਆਦਮੀ ਵਰਗੇ ਦੰਦ ਸਨ। ਪ੍ਰੋ. ਡਾਰਟ ਨੇ ਇਕ ਮਹੀਨਾ ਅਧਿਐਨ ਪਿਛੋਂ ਇਸ ਉੱਪਰ ਇਕ ਲੇਖ ਛਾਪਿਆ, ਪਰੰਤੂ ਹੋਰ ਵਿਗਿਆਨੀ ਇਸ ਤੋਂ ਬਹੁਤੇ ਪ੍ਰਭਾਵਤ ਨਾ ਹੋਏ ਅਤੇ ਉਨ੍ਹਾਂ ਨੇ ਡਾਰਟ ਦੀ ਇਸ ਖੋਜ ਨੂੰ ਪ੍ਰਮਾਣਿਕ ਨਾ ਮੰਨਿਆ। ਉਹ ਉਸਨੂੰ ਕੇਵਲ ਇਕ ਚਿੰਪੈਜੀ ਹੀ ਦਸਦੇ ਸਨ। ਪਰੰਤੂ ਪ੍ਰੋ. ਡਾਰਟ ਅਤੇ ਡਾ. ਬਰੂਮ ਨੇ ਟਰਾਂਸਵਾਲ ਦੀਆਂ ਗੁਫਾਵਾਂ ਵਿਚੋਂ ਕੁਝ ਹੋਰ ਢਾਂਚੇ ਲੱਭੇ। ਇਹਨਾਂ ਦੰਦਾਂ ਦੀ ਬਨਾਵਟ ਤੋਂ ( ਪਿਛਲੇ ਦੰਦ ਵੱਡੇ) ਰੀੜ ਦੀ ਹੱਡੀ ਅਤੇ ਪੈਰਾਂ ਤੇ ਆਦਮੀ ਵਾਂਗ ਸਿੱਧੇ ਖੜੇ ਹੋਣ ਵਾਲੇ ਲਗਦੇ ਸਨ। ਜਾਵਾ ਅਤੇ ਚੀਨ ਵਿਚ ਵੀ ਇਨ੍ਹਾਂ ਦੇ ਪਿੰਜਰ ਮਿਲਦੇ ਹਨ। ਇਨ੍ਹਾਂ ਵਿਚ ਉਹ ਵਸਤੂ ( ਅਰਥਾਤ ਦਿਮਾਗ) ਜਿਹੜੀ ਕਿ ਮਾਨਵ ਅਤੇ ਜਾਨਵਰ ਵਿਚ ਫਰਕ ਦਸਦੀ ਹੈ, ਮੌਜੂਦ ਸੀ। ਉਂਜ ਅਸੀਂ ਇਹ ਨਹੀਂ ਕਹਿ ਸਕਦੇ ਕਿ ਜਾਨਵਰਾਂ ਵਿਚ ਦਿਮਾਗ ਨਹੀਂ ਹੁੰਦੇ। ਸਰੀਰਕ ਅੰਗਾਂ ਦੇ ਤੌਰ ਤੇ ਤਾਂ ਇਹ ਸਾਰੇ ਜੀਵਾਂ ਵਿਚ ਪਾਇਆ ਜਾਂਦਾ ਹੈ। ਦਿਮਾਗ ਪਹਿਲੀ ਵਸਤੂ ਨਹੀਂ, ਸਗੋਂ ਆਖਰੀ ਹੈ, ਜਿਹੜੀ ਮਨੁੱਖ ਵਿਚ ਉੱਨਤ ਰੂਪ ਵਿਚ ਪਾਈ ਜਾਂਦੀ ਹੈ। ਜਦ ਬਾਂਦਰ ਅਤੇ Apes ਹੋਂਦ ਵਿਚ ਆਏ, ਉਦੋਂ ਹੀ ਕੁਝ ਹੋਰ ਜਾਨਵਰ ਹੋਂਦ ਵਿਚ ਆਏ, ਜਿਹੜੇ ਕਿ ਦੋ ਪੈਰੇ ਸਨ। ਇਨ੍ਹਾਂ ਦੇ ਮੋਢੇ ਚੌੜੇ ਸਨ ਅਤੇ ਛਾਤੀ ਪੱਧਰੀ ਸੀ, ਪਰੰਤੂ ਉਨ੍ਹਾਂ ਬਾਰੇ ਅਸੀਂ ਨਿਸਚੇ ਨਾਲ ਕਹਿ ਨਹੀਂ ਸਕਦੇ ਕਿ ਉਹ ਧਰਤੀ ਉੱਤੇ ਰਹਿੰਦੇ ਸਨ ਜਾਂ ਪੇੜਾਂ ਉੱਤੇ। ਹੌਲੀ ਹੌਲੀ ਇਹੋ ਜਿਹੇ ਕੁਝ ਜਾਨਵਰਾਂ ਨੇ ਪੇੜਾਂ ਉੱਤੇ ਰਹਿਣਾ ਸ਼ੁਰੂ ਕੀਤਾ ਹੋਵੇਗਾ ਅਤੇ ਫੁੱਲ ਪੱਤੇ ਆਦਿ ਖਾਣ ਲੱਗੇ। ਕੁਝ ਚਿਰ ਪਿਛੋਂ ਇਹਨਾਂ ਜਾਨਵਰਾਂ ਦੇ ਵਿਕਾਸ ਕਰਦੇ ਹੀ ਇਕ Ape ਹੋਂਦ ਵਿਚ ਆਇਆ, ਜਿਹੜਾ ਆਦਮੀ ਵਾਂਗ ਸਿੱਧਾ ਸੀ। ਦੱਖਣੀ ਅਫਰੀਕਾ ਵਿਚ ਇਸਦੇ ਨਿਸ਼ਾਨ ਮਿਲਦੇ ਹਨ ਇਹ ਬਹੁਤ ਵੱਡੇ ਸਨ। ਇਸ ਤਰ੍ਹਾਂ ਹੀ ਸਾਡੇ ਦਿਮਾਗ ਨੇ ਵਧਣਾ ਸ਼ੁਰੂ ਕੀਤਾ ਅਤੇ ਸਾਨੂੰ ਉਹ ਮਾਨਸਿਕ ਸ਼ਕਤੀ ਮਿਲੀ, ਜਿਹੜੀ ਹੁਣ ਸਾਡੇ ਕੋਲ ਹੈ। ਜਦੋਂ ਇਹ ਜਾਨਵਰ ਦੋ ਪੈਰਾਂ ਉੱਤੇ ਚਲਣ ਲੱਗੇ, ਤਾਂ ਉਨ੍ਹਾਂ ਦੇ ਹੱਥ ਖਾਲੀ ਹੋ ਗਏ। ਹੱਥਾਂ ਨੂੰ ਉਨ੍ਹਾਂ ਨੇ ਹੋਰ ਵਰਤੋਂ ਵਿਚ ਲਿਆਉਣਾ ਸ਼ੁਰੂ ਕਰ ਦਿੱਤਾ। ਹੱਥਾਂ ਰਾਹੀਂ ਉਨ੍ਹਾਂ ਨੇ ਹੋਰ ਕੰਮ ਕਰਨੇ ਸ਼ੁਰੂ ਕਰ ਦਿੱਤੇ। ਹੌਲੀ ਹਲੀ ਉਹ ਆਪਣੇ ਆਲੇ ਦੁਆਲੇ ਦੀਆਂ ਵਸਤਾਂ ਨੂੰ ਦੇਖਣ ਤੇ ਸਮਝਣ ਅਤੇ ਘੋਖਣ ਅਤੇ ਪਰਖਣ ਦੀ ਸ਼ਕਤੀ ਉਨ੍ਹਾਂ ਵਿਚ ਆਉਂਦੀ ਰਹੀ ਅਤੇ ਇੰਜ ਦਿਮਾਗ ਵਰਤੋਂ ਵਿਚ ਆਉਣ ਲੱਗਾ।

ਦਿਮਾਗ ਦੀ ਵਰਤੋਂ ਨੇ ਹੀ ਮਨੁੱਖ ਨੂੰ ਜੰਗਲੀ ਤੋਂ ਸਭਿਅਕ ਬਣਾਇਆ। ਪੂਰਬ ਪੱਥਰ-ਜੁਗ, ਪੱਥਰ-ਜੁਗ ਅਤੇ ਧਾਤੂ-ਜੁਗ ਆਦਿ ਸਾਰੇ ਪੜਾ ਮਾਨਵ ਦੇ ਦਿਮਾਗੀ ਵਿਕਾਸ ਨੂੰ ਪ੍ਰਗਟਾਉਂਦੇ ਹਨ। ਪੱਥਰ ਧਾਤੂ ਆਦਿ ਦਾ ਸਾਜ ਸਮਾਨ ਹਥਿਆਰਾਂ ਆਦਿ ਦੀ ਕਾਢ ਮਨੁੱਖ ਦੀ ਦਿਮਾਗੀ ਸ਼ਕਤੀ ਦੀ ਹੀ ਦੇਣ ਹੈ। ਦਿਮਾਗ ਦੇ ਵਿਕਾਸ ਕਰਕੇ ਹੀ ਮਨੁੱਖ ਅੰਦਰ ਕਾਫ਼ੀ ਤੇਜ਼ੀ ਨਾਲ ਵਿਕਾਸ ਹੋਇਆ ਹੈ। ਪਰੰਤੂ ਫੇਰ ਵੀ ਵਿਕਾਸਵਾਦੀ ਸਿੱਧਾਂਤ ਅਨੁਸਾਰ ਅਸੀਂ ਇਹ ਨਹੀਂ ਕਹਿ ਸਕਦੇ ਕਿ ਵਿਅਕਤੀ Apes ਅਤੇ ਚਿੰਪੈਂਜੀ ਨਾਲੋਂ ਕੋਈ ਵਖਰਾ ਜਾਨਵਰ ਹੈ। ਡਾਰਵਿਨ ਅਤੇ ਪਦਾਰਥਵਾਦੀਆਂ ਅਨੁਸਾਰ ਸਾਨੂੰ ਇਹਨਾਂ ਜਾਨਵਰਾਂ ਨੂੰ ਆਪਣੇ ਸੰਬੰਧੀ ਸਵੀਕਾਰ ਕਰਨਾ ਪਵੇਗਾ। ਭਾਵੇਂ ਸਾਨੂੰ ਪਤਾ ਹੈ ਕਿ ਉਹ ਬਿਲਕੁਲ ਹੀ ਹੋਰ ਤਰ੍ਹਾਂ ਦੇ ਜਾਨਵਰ ਹਨ, ਜਿਹੜੇ ਪ੍ਰਾਕ੍ਰਿਤਕ ਜੀਵਨ ਜੀਉਂਦੇ ਹਨ ਅਤੇ ਇਹ ਵੀ ਜਾਣਦੇ ਹਾਂ ਕਿ ਸਾਡੇ ਅਤੇ ਉਹਨਾਂ ਦੇ ਵਿਚ ਢੇਰ ਅੰਤਰ ਹੈ ...... ਬੋਲਣ ਦਾ, ਖੋਜ ਕਰਨ ਦਾ, ਯਾਦ ਕਰਨ ਦਾ ਅਤੇ ਸਿੱਖਣ ਸਿਖਾਉਣ ਦਾ। ਪਰੰਤੂ ਮਾਨਵੀ ਮੂਲ ਨੂੰ ਲੱਭਣ ਦਾ ਕੇਵਲ ਇਹ ਹੀ ਇਕ ਢੰਗ ਹੈ।

## (ੲ) ਮਨੋਵਿਗਿਆਨਕ ਦ੍ਰਿਸ਼ਟੀ ਤੋਂ ਮਨੁੱਖ

(1) ਵਿਅਕਤੀਤਵ ਦਾ ਪ੍ਰਚੱਲਤ ਅਰਥ ਪਰਸੋਨਾ ( Persona ) ਸ਼ਬਦ ਤੋਂ ਨਿਕਾਲਿਆ ਗਿਆ ਹੈ, ਜੋ ਲਾਤੀਨੀ ਭਾਸ਼ਾ ਦਾ ਸ਼ਬਦ ਹੈ। ਇਸਦਾ ਅਰਥ ਨਿਕਾਬ ( Mask ) ਹੁੰਦਾ ਹੈ ਅਤੇ ਇਸੇ ਸ਼ਬਦ ਤੋਂ ਪਰਸਨੈਲਟੀ ( Personality) ਸ਼ਬਦ ਬਣਿਆ ਹੈ। ਇਸ ਲਈ ਸਾਧਾਰਣ ਭਾਸ਼ਾ ਵਿਚ ਵਿਅਕਤੀਤਵ ਦਾ ਅਰਥ ਬਾਹਰੀ ਆਕਾਰ ਤੋਂ ਲਗਾਉਣਾ ਸੁਭਾਵਿਕ ਹੈ। ਇਸੀ ਅਰਥ ਦੇ ਦੁਆਰਾ ਲੋਕ ਸੁੰਦਰ ਵਿਅਕਤੀ ਜਾਂ ਇਸਤਰੀ ਨੂੰ ਜੋ ਅੱਛੀ ਲਗਦੀ ਪੋਸ਼ਾਕ ਪਹਿਨਦੇ ਹਨ ਜਾਂ ਅੱਛੀ ਤਰ੍ਹਾਂ ਬਾਤਚੀਤ ਕਰ ਸਕਦੇ ਹਨ ਅੱਛੇ ਵਿਅਕਤੀਤਵ ਵਾਲਾ ਕਹਿਕੇ ਪੁਕਾਰਦੇ ਹਨ। ਸਾਧਾਰਣ ਅਰਥਾਂ ਵਿਚ ਕੁਝ ਲੋਕ ਵਿਅਕਤੀਤਵ ਦਾ ਅਰਥ ਚਰਿਤਰ ਲਗਾਂਦੇ ਰਹੇ, ਪਰੰਤੂ ਮਨੋਵਿਗਿਆਨ ਵਿਚ ਇਸ ਸਾਧਾਰਣ ਵਿਚਾਰਧਾਰਾ ਨੂੰ ਕੋਈ ਸਥਾਨ ਨਹੀਂ ਦਿੱਤਾ ਜਾਂਦਾ। ਇਸ ਵਿਚ ਵਿਅਕਤੀਤਵ ਹੀ ਵਿਅਕਤੀ ਦੇ ਪੂਰਣ ਗੁਣਾਂ ਦਾ ਯੋਗ ਮੰਨਿਆ ਜਾਂਦਾ ਹੈ। ਵਿਅਕਤੀਤਵ ਤੋਂ ਭਾਵ ਹੈ ਕਿਸੇ ਵੀ ਮਨੁੱਖ ਦਾ ਉਹ ਪ੍ਰਭਾਵ ਜਿਹੜਾ ਉਸਦੀ ਪੁਸ਼ਾਕ ਉਸਦੇ ਬੋਲਚਾਲ ਦੇ ਢੰਗ ਉਠਣ ਬੈਠਣ ਦੇ ਸਲੀਕੇ ਅਤੇ ਰਹਿਣੀ ਬਹਿਣੀ ਤੋਂ ਪੈਂਦਾ ਹੈ। ਮਨੁੱਖ ਦੇ ਵਿਅਕਤੀਤਵ ਦਾ ਅਧਿਐਨ ਦਾ ਮਨੋਵਿਗਿਆਨਕ ਢੰਗ ਹੀ ਸਭ ਤੋਂ ਉੱਤਮ ਅਤੇ ਉਪਯੋਗੀ ਹੈ, ਕਿਉਂਕਿ ਇਸੇ ਢੰਗ ਦੁਆਰਾ ਉਸਦੇ ਵਿਅਕਤੀਗਤ ਲੱਛਣਾਂ ਦਾ ਗਿਆਨ ਪ੍ਰਾਪਤ ਹੁੰਦਾ ਹੈ। ਇਸੇ ਕਰਕੇ ਉਸਦੀ ਮਨੋਵਿਗਿਆਨਿਕ ਵਿਆਖਿਆ ਉੱਤੇ ਬੱਲ ਦਿੱਤਾ ਗਿਆ ਹੈ, ਅਤੇ ਵਿਅਕਤੀ ਦੀ ਹਸਤੀ ਨੂੰ ਕੇਂਦਰੀ ਸਥਾਨ ਮੰਨਿਆ ਗਿਆ ਹੈ।[1] ਮਨੋਵਿਗਿਆਨਕ ਤੌਰ ਤੇ ਵਿਅਕਤੀਤਵ ਤੋਂ ਭਾਵ ਉਹ ਵਸਤੂ ਹੈ, ਜਿਹੜੀ ਇਕ ਵਿਅਕਤੀ ਨੂੰ ਦੂਜੇ ਵਿਅਕਤੀ ਨਾਲੋਂ ਨਿਖੇੜਦੀ ਹੈ। ਮਨੁੱਖ ਜਾਂ ਵਿਅਕਤੀ ਦੀ ਸ਼ਖਸੀਅਤ ਨਹੀਂ ਹੁੰਦੀ, ਸਗੋਂ ਵਿਅਕਤੀ ਆਪ ਹੀ ਇਕ ਸ਼ਖਸੀਅਤ ਹੁੰਦਾ ਹੈ।[2]

ਵਿਅਕਤੀਤਵ ਦੋ ਪ੍ਰਕਾਰ ਦਾ ਹੁੰਦਾ ਹੈ। ਵਿਅਕਤੀਤਵ ਨੂੰ ਸਪਸ਼ਟ ਰੂਪ ਵਿਚ ਵਿਅਕਤ ਕਰਨ ਲਈ ਉਸਦਾ ਵਰਗੀਕਰਣ ਕੀਤਾ ਜਾਂਦਾ ਹੈ। ਪ੍ਰਾਚੀਨ ਕਾਲ ਵਿਚ ਭਾਰਤੀ ਦਾਰਸ਼ਨਿਕ ਵਿਅਕਤੀਤਵ ਨੂੰ ਸਤੋ, ਰਜੋ ਅਤੇ ਤਮੋ ਗੁਣਾਂ ਦੇ ਅਨੁਸਾਰ ਵੰਡਦੇ ਆਏ ਹਨ।

---

1. Allport W.H. Personality a Psychological Interpretation Page, 48

2. Witmer, H.L.(Dr.) and Kolinsky.R.(Dr.) Personality in making, page 33

ਪਛਮੀ ਦੇਸ਼ਾਂ ਵਿਚ ਵੀ ਇਸ ਪ੍ਰਕਾਰ ਦੀ ਵੰਡ ਕਾਫ਼ੀ ਸਮੇਂ ਤੋਂ ਹੁੰਦੀ ਰਹੀ ਹੈ। ਸਰੀਰ ਤੇ ਤਿੰਨ ਦੋਸ਼ਾਂ (ਧਾਤ, ਪਿੱਤ ਅਰਥਾਤ ਕਫ) ਦੇ ਅਨੁਸਾਰ ਮਨੁੱਖਾਂ ਨੂੰ ਚਾਰ ਪ੍ਰਕਾਰ ਦੇ ਮਨੁੱਖਾਂ ਵਿਚ ਵੰਡਿਆ ਗਿਆ ਹੈ।

1. ਆਸ਼ਾਯੁਕਤ ( Sanguin )
2. ਚਿੰਤਾਯੁਕਤ ( Melancholic )
3. ਕਰੋਧੀ ( Choleric )
4. ਮੰਦ ਸੁਭਾ ( Phlegmatic )

ਇਸ ਪ੍ਰਾਚੀਨ ਵਰਗੀਕਰਣ ਨੂੰ ਹੁਣ ਮਨੋਵਿਗਿਆਨ ਵਿਚ ਕੋਈ ਮਹੱਤਵ ਨਹੀਂ ਦਿੱਤਾ ਜਾਂਦਾ। ਕੁਝ ਨਵੀਨ ਵਰਗੀਕਰਣ ਪੁਰ ਵਿਚਾਰ ਕਰਨਾ ਸਾਡੇ ਲਈ ਵਧੇਰੇ ਲਾਭਕਾਰੀ ਹੋਵੇਗਾ।

(1) <u>ਕਰੇਸਮ ਦਾ ਵਰਗੀਕਰਣ:</u> ਉਸ ਅਨੁਸਾਰ ਮਨੁੱਖ ਦੇ ਸੁਭਾ ਦਾ ਵਰਣਨ ਇਸ ਪ੍ਰਕਾਰ ਕੀਤਾ ਜਾ ਸਕਦਾ ਹੈ:

1. ਕ੍ਰਿਸ਼ਕਾਯ ਪ੍ਰਕਾਰ ( ਐਸਥੈਨਿਕ ਟਾਇਪ )
2. ਪੁਸ਼ਟਕਾਯ ਪ੍ਰਕਾਰ ( ਅਥਲੈਟਿਕ ਟਾਇਪ )
3. ਤੁੰਦਿਲ ਪ੍ਰਕਾਰ ( ਪਿਕਨਿਕ ਟਾਇਪ )
4. ਮਿਸ਼ਰਕਾਯ ਪ੍ਰਕਾਰ ( ਡਿਸਪਲੈਸਟਿਕ ਟਾਇਪ )

(1) <u>ਕ੍ਰਿਸ਼ਕਾਯ ਪ੍ਰਕਾਰ</u> ਦੇ ਮਨੁੱਖ ਦੇ ਚੇਹਰੇ ਗਰਦਨ ਅਤੇ ਰੀੜ ਦੀ ਹੱਡੀ ਆਦਿ ਵਿਚ ਲੰਬਾਈ ਅਤੇ ਪਤਲੇਪਨ ਦਾ ਪ੍ਰਭਾਵ ਸਪਸ਼ਟ ਦਿਖਾਈ ਦਿੰਦਾ ਹੈ। ਉਸਦਾ ਸਰੀਰ ਕਮਜ਼ੋਰ ਪਤਲਾ ਅਤੇ ਲੰਬਾ ਹੁੰਦਾ ਹੈ। ਉਹ ਨਾਜ਼ਕ ਸੁਭਾ ਦੇ ਵਿਅਕਤੀ ਹੁੰਦੇ ਹਨ ਅਤੇ ਇਸ ਪ੍ਰਕਾਰ ਦੇ ਮਨੁੱਖਾਂ ਵਿਚ ਅਧਿੱਕ ਮਾਨਸਿਕ ਰੋਗ ਪਾਇਆ ਜਾਂਦਾ ਹੈ।

(2) <u>ਪੁਸ਼ਕਾਯ ਪ੍ਰਕਾਰ:</u> ਇਸ ਪ੍ਰਕਾਰ ਦੇ ਮਨੁੱਖ ਦਾ ਸਰੀਰ ਦਾ ਗਠਨ ਬਹੁਤ ਚੰਗਾ ਹੁੰਦਾ ਹੈ। ਉਸਦੇ ਮੋਢੇ।ਚੌੜੇ ਪਿੱਠ ਸਿੱਧੀ ਅਤੇ ਟੰਗਾਂ ਅਤੇ ਬਾਹਵਾਂ ਦੀਆਂ ਮਾਸਪੇਸ਼ੀਆਂ ਚੰਗੀ ਤਰ੍ਹਾਂ ਵਿਕਸਿਤ ਹੋ ਚੁੱਕੀਆਂ ਹੁੰਦੀਆਂ ਹਨ। ਅਜਿਹਾ ਮਨੁੱਖ ਸੁਭਾ ਤੋਂ ਹੌਸਲੇ ਵਾਲਾ ਨਿਡਰ, ਅਰਥਾਤ ਪ੍ਰਭੁਤਵ ਦੀ ਇੱਛਾ ਰਖਣ ਵਾਲਾ ਹੁੰਦਾ ਹੈ। ਕਿਉਂਕਿ ਅਜਿਹਾ ਮਨੁੱਖ ਸਫਲਤਾ ਦਾ ਵਧੇਰੇ ਇੱਛਕ ਹੁੰਦਾ ਹੈ। ਇਸ ਲਈ ਉਹ ਆਰਾਮ ਨਾਲੋਂ ਕੰਮ ਨੂੰ ਵਧੇਰੇ ਪਸੰਦ ਕਰਦਾ ਹੈ ਅਤੇ ਉਹ ਸਮਾਜ ਵਿਚ ਸਫਲ ਹੁੰਦਾ ਹੈ।

(3) ਤੌਂਦਿਲ ਪ੍ਰਕਾਰ: ਇਸ ਪ੍ਰਕਾਰ ਦੇ ਸਰੀਰ ਵਾਲੇ ਮਨੁੱਖ ਦੇ ਸਰੀਰਕ ਗਠਨ ਵਿਚ ਤੋਂਦ ( ਪੇਟ) ਦੀ ਪ੍ਰਧਾਨਤਾ ਹੁੰਦੀ ਹੈ। ਉਸਦਾ ਗੋਲ, ਚਿਕਨਾ ਚਿਹਰਾ, ਵਧੀ ਹੋਈ ਤੋਂਦ ਛੋਟੀਆਂ ਅਤੇ ਮੋਟੀਆਂ ਬਾਹਾਂ ਅਰਥਾਤ ਟੰਗਾਂ ਉਸਦੇ ਤੁੰਦਿਲ ਸਰੂਪ ਦੇ ਪਰਿਚਾਇਕ ਹਨ। ਅਜਿਹਾ ਵਿਅਕਤੀ ਮਿਤਰਤਾ ਦਾ ਇੱਛਕ ਹੁੰਦਾ ਹੈ ਅਤੇ ਮਿਲਣਸਾਰ ਹੁੰਦਾ ਹੈ। ਉਹ ਵਾਰਤਾਲਾਪ ਦਾ ਪ੍ਰੇਮੀ ਅਤੇ ਆਰਾਮ ਪਸੰਦ ਹੁੰਦਾ ਹੈ। ਉਸਦੇ ਮਨ ਦੀ ਦਸ਼ਾ ਵੀ ਜਲਦੀ ਜਲਦੀ ਬਦਲਦੀ ਰਹਿੰਦੀ ਹੈ। ਇਸ ਕਰਕੇ ਉਹ ਸੁਖ ਦੁਖ ਵਿਚ ਅਧਿਕ ਪ੍ਰਭਾਵਿਤ ਹੁੰਦਾ ਹੈ ।

(4) ਮਿਸ਼ਰਤਾਮ ਪ੍ਰਕਾਰ: ਇਸ ਵਿਚ ਉਹ ਵਿਅਕਤੀ ਆਉਂਦੇ ਹਨ ਜਿਨ੍ਹਾਂ ਦਾ ਵਿਕਾਸ ਐਡੋਕਰੀਨ ਗ੍ਰੰਥੀਆਂ ਦੀ ਖਰਾਬੀ ਦੇ ਕਾਰਣ ਅਸਮਾਨਯ ਰੂਪ ਤੋਂ ਹੁੰਦਾ ਹੈ।[1] ਅਜਿਹੇ ਮਨੁੱਖਾਂ ਦੀ ਸੰਖਿਆ ਸਮਾਜ ਵਿਚ ਬਹੁਤ ਘਟ ਹੁੰਦੀ ਹੈ। ਉਹ ਬਦਸ਼ਕਲ ਅਤੇ ਅਨੋਖੀ ਤਰ੍ਹਾਂ ਦੇ ਹੁੰਦੇ ਹਨ। ਉਨ੍ਹਾਂ ਦੀ ਰੁਚੀ ਦੂਜੇ ਲੋਕਾਂ ਵਿਚ ਵਧੇਰੇ ਹੁੰਦੀ ਹੈ। ਉਹ ਆਪਣੀ ਯੋਜਨਾ ਨੂੰ ਅਮਲੀ ਰੂਪ ਦਿੰਦੇ ਹਨ। ਸਮਾਜਕ ਰਾਜਨੀਤਕ ਕਾਰਿਆ ਕਰਤਾ ਖਿਲਾੜੀ ਅਤੇ ਅਭਿਨੇਤਾ ਆਦਿ ਇਸ ਵਰਗ ਵਿਚ ਆਉਂਦੇ ਹਨ।

(ਅ) ਸੈਲਡਨ ਦਾ ਵਰਗੀਕਰਣ:- ਕਰੈਸ਼ਮਰ ਭਲੀ ਪ੍ਰਕਾਰ ਸਮਝਦਾ ਸੀ ਕਿ ਸਭ ਵਿਅਕਤੀ ਸ਼ੁੱਧ ਰੂਪ ਵਿਚ ਐਥੈਨਿਕ ਐਥਲੇਟਿਕ ਜਾਂ ਪਿਕਨਿਕ ਪ੍ਰਕਾਰ ਦੇ ਨਹੀਂ ਹੁੰਦੇ। ਗਲ ਕੀ ਉਹ ਸਰੀਰਕ ਰਚਨਾ ਨੂੰ ਵੀ ਸਪਸ਼ਟ ਰੂਪ ਵਿਚ ਪੇਸ਼ ਨਹੀਂ ਕਰ ਸਕਿਆ। ਇਸੇ ਕਰਕੇ ਅਮਰੀਕਾ ਦੇ ਮਨੋਵਿਗਿਆਨੀ ਸੈਲਡਨ ਨੇ ਸਭ ਤੋਂ ਪਹਿਲਾਂ ਇਹ ਮੰਨਿਆ ਕਿ ਸਭ ਵਿਅਕਤੀਆਂ ਵਿਚ ਸਰੀਰਕ ਭੇਦ ਪਾਏ ਜਾਂਦੇ ਹਨ, ਜਿਨ੍ਹਾਂ ਨੂੰ ਤਿੰਨ ਪ੍ਰਾਰੰਭਕ ਤੱਤਵਾਂ ਦੁਆਰਾ ਵਿਅਕਤ ਕੀਤਾ ਜਾ ਸਕਦਾ ਹੈ।

(1) ਐਂਡੋਮਾਰਫ਼ੀ (Endomorphy ) ਜਿਨ੍ਹਾਂ ਵਿਅਕਤੀਆਂ ਵਿਚ ਇਹ ਤੱਤਵ ਦੀ ਪ੍ਰਧਾਨਤਾ ਹੁੰਦੀ ਹੈ, ਉਨ੍ਹਾਂ ਦੇ ਸਰੀਰ ਵਿਚ ਚਿਕਨਾਹਟ ਅਰਥਾਤ ਗੋਲਾਈ ਦੀ ਪ੍ਰਧਾਨਤਾ ਹੁੰਦੀ ਹੈ। ਅਜਿਹੇ ਲੋਕ ਮੋਟੇ ਅਰਥਾਤ ਖਾਣ ਪੀਣ ਵਾਲੇ ਹੁੰਦੇ ਹਨ।

(2) ਮੈਸੋਮਾਰਫ਼ੀ ( Mesomorphy ) ਅਜਿਹੇ ਮਨੁੱਖਾਂ ਵਿਚ ਮਾਸ ਪੇਸ਼ੀ ਹੱਡੀ ਅਰਥਾਤ ਸੰਯੋਜਕ ਸੁਭਾਵ ਦੀ ਪ੍ਰਧਾਨਤਾ ਹੁੰਦੀ ਹੈ। ਜਿਨ੍ਹਾਂ ਵਿਅਕਤੀਆਂ ਦੀ ਸਿਰਫ਼ ਮੈਸੋਮਾਰਫ਼ੀ ਸੁਭਾਵ ਦੀ ਹੁੰਦੀ ਹੈ, ਉਹ ਤੰਦਰੁਸਤ ਠੋਸ਼, ਲੰਮੀ ਹੱਡੀ ਅਰਥਾਤ ਮਜ਼ਬੂਤ ਮਾਸਪੇਸ਼ੀ ਵਾਲੇ ਹੁੰਦੇ ਹਨ।

---

1. ਵੰਡਨ ਆਰ ਕੇ (ਡਾ.) ਮਨੋਵਿਗਿਆਨਕ ਮੂਲ ਆਧਾਰ(ਹਿੰਦੀ) ਪੰਨਾ 138

(3) ਐਕਟੋਮਾਰਫੀ ( Ectomorphy ) ਇਸਦਾ ਅਰਥ ਕਮਜ਼ੋਰੀ ਹੈ। ਇਸ ਪ੍ਰਕਾਰ ਦੇ ਤੰਤੂ ਦੀ ਪ੍ਰਧਾਨਤਾ ਵਾਲੇ ਵਿਅਕਤੀਆਂ ਦਾ ਸਰੀਰ ਕੋਮਲ ਹੁੰਦਾ ਹੈ। ਇਨ੍ਹਾਂ ਤਿੰਨ ਸਰੀਰਕ ਤੱਤਾਂ ਤੋਂ ਬਿਨਾਂ ਸੁਭਾਵ ਦੇ ਤੱਤਵਾਂ ਨੂੰ ਵੀ ਸ਼ੈਲਡ ਨੇ ਸਵੀਕਾਰ ਕੀਤਾ ਹੈ, ਜਿਸਨੂੰ ਉਹ ਵਿਸਰੋਟੋਨੀਆ ( Victoronia ) ਸੋਮੈਟੋਟੋਨੀਆ( Somatotonia) ਅਤੇ ਸਰਿਬਰੋਟੋਨੀਆ ( Cerebrotonia ) ਕਹਿ ਕੇ ਪੁਕਾਰਦਾ ਹੈ। ਅਧਿੱਕ ਵਿਸਰੋਟੋਨੀਆ ਵਾਲੇ ਸੁਭਾ ਦੇ ਲੋਕਾਂ ਵਿਚ ਪ੍ਰੇਮ ਅਰਥਾਤ ਆਰਾਮ ਦੀ ਇੱਛਾ ਸਮਾਜਿਕ ਸਮੂਹਾਂ ਅਰਥਾਤ ਭੋਜਨ ਦੀ ਰੁਚੀ ਪਾਈ ਜਾਂਦੀ ਹੈ। ਅਜਿਹੇ ਵਿਅਕਤੀ ਆਪਣੀ ਇਛਾਵਾਂ ਨੂੰ ਤੁਰੰਤ ਵਿਅਕਤ ਕਰ ਦਿੰਦੇ ਹਨ ਅਰਥਾਤ ਬਾਹਰ ਮੁਖੀ ਵਾਤਾਵਰਣ ਵਿਚ ਵਧੇਰੇ ਰੁਚੀ ਰਖਦੇ ਹਨ। ਸਮੋਟੋਟੋਨੀਆ ਸੁਭਾ ਦੇ ਲੋਕ ਚੁਸਤ, ਉਤਸ਼ਾਹੀ, ਰੌ ਸ਼ੋਰ ਮਚਾਉਣ ਵਾਲੇ ਕ੍ਰਿਆਸ਼ੀਲ ਅਰਥਾਤ ਖੁਦ ਪ੍ਰਯਤਨ ਕਰਨ ਵਾਲੇ ਹੁੰਦੇ ਹਨ। ਅਜਿਹੇ ਮਨੁੱਖ ਲੋਕ ਵਿਚਾਰਾਂ ਦੀ ਨਿਸਬਤ ਕੰਮ ਅਧਿੱਕ ਕਰਦੇ ਹਨ। ਸੇਰਿਬਰੋਟੋਨੀਆਂ ਸੁਭਾ ਦੇ ਲੋਕ ਇਕਾਂਤ ਪਸੰਦ ਸ਼ਰਮੀਲੇ ਅਰਥਾਤ ਆਪਣੀਆਂ ਭਾਵਾਂ ਨੂੰ ਛੁਪਾਉਣ ਵਾਲੇ ਹੁੰਦੇ ਹਨ

(ੲ) ਜੁੰਗ ਦਾ ਵਰਗੀਕਰਣ: ਇਹ ਵਿਅਕਤੀ ਦੀ ਸਮਾਜਕਤਾ ਦੇ ਆਧਾਰ ਪੁਰ ਨਿਰਭਰ ਸੀ। ਉਸਨੇ ਵਿਅਕਤੀਤਵ ਨੂੰ ਅੰਤਰਮੁਖੀ ਅਤੇ ਬਾਹਰਮੁਖੀ ਦੋ ਵਰਗਾਂ ਵਿਚ ਵੰਡਿਆ ਹੈ। ਇਸ ਵਰਗੀਕਰਣ ਨੂੰ ਸਭ ਤੋਂ ਵਧ ਮਹੱਤਵ ਮਿਲਿਆ ਹੈ, ਕਿਉਂਕਿ ਇਹ ਵਿਅਕਤੀਤਵ ਦੇ ਮਾਪਣ ਵਿਚ ਸਹਾਈ ਹੁੰਦਾ ਹੈ।

ਅੰਤਰਮੁਖੀ ਉਹ ਵਿਅਕਤੀ ਹੈ, ਜਿਹੜਾ ਦੂਜਿਆਂ ਦੀ ਨਿਸਬਤ ਆਪਣੇ ਵਿਅਕਤੀਤਵ ਨਾਲ ਸੰਬੰਧਿਤ ਗੱਲਾਂ ਵਿਚ ਅਧਿੱਕ ਰੁਚੀ ਰਖਦਾ ਹੈ।

ਬਾਹਰਮੁਖੀ ਉਹ ਵਿਅਕਤੀ ਹੈ, ਜੋ ਆਪਣੀ ਨਿਸਬਤ ਦੂਜਿਆਂ ਵਿਚ ਅਧਿੱਕ ਰੁਚੀ ਰਖਦਾ ਹੈ। ਪਹਿਲੀ ਪ੍ਰਕਾਰ ਦੇ ਲੋਕਾਂ ਵਿਚ ਆਂਤ੍ਰਿਕ ਵਿਸ਼ਾਵਾਂ ਦਾ ਸੰਤੁਲਨ ਅਤੇ ਦੂਸਰੇ ਵਿਚ ਬਾਹਰੀ ਵਿਸ਼ਾਵਾਂ ਦਾ ਸੰਤੁਲਨ ਪਾਇਆ ਜਾਂਦਾ ਹੈ।[1]

---

1. Jung C.G. Contribution to Analytical Psychology and Psychological type, page 224

<u>ਵਿਅਕਤੀ ਦਾ ਵਿਕਾਸ:</u> ਵਿਅਕਤੀਤਵ ਇਕ ਦਿਨ ਵਿਚ ਨਹੀਂ ਬਣ ਸਕਦਾ ਇਹ ਤਾਂ ਦਿਨ ਪ੍ਰਤੀਦਿਨ ਵਿਕਾਸ ਹੁੰਦੀ ਹੋਈ ਗਤੀਸ਼ੀਲਤਾ ਹੈ। ਵਿਅਕਤੀਤਵ ਦਾ ਨਿਰਮਾਣ ਵਿਅਕਤੀ ਦੇ ਮਾਨਸਿਕ, ਸਰੀਰਕ, ਸਮਾਜਿਕ ਤਥਾਂ ਨੈਤਿਕ ਵਿਕਾਸ ਦੇ ਫਲਸਰੂਪ ਹੁੰਦਾ ਹੈ। ਮਨੁੱਖ ਦੇ ਕੁਝ ਗੁਣ ਵੰਸ਼ ਪਰੰਪਰਾ ਦੁਆਰਾ ਜੀਨਸ ਦੇ ਰੂਪ ਵਿਚ ਪ੍ਰਾਪਤ ਹੋ ਜਾਂਦੇ ਹਨ, ਜਿਨ੍ਹਾਂ ਦਾ ਵਿਕਾਸ ਵਿਅਕਤੀ ਨੂੰ ਮਿਲੇ ਹੋਏ ਵਾਤਾਵਰਣ ਦੁਆਰਾ ਹੁੰਦਾ ਹੈ। ਅਸਲ ਵਿਚ ਵਿਅਕਤੀ ਤਤਵ ਦਾ ਵਿਕਾਸ ਵੰਸ਼ ਪਰੰਪਰਾ ਤੱਥਾਂ ਵਾਤਾ ਵਰਣ ਦੇ ਸਹਿਯੋਗ ਤੋਂ ਹੀ ਹੁੰਦਾ ਹੈ। ਅਸੀਂ ਵਿਸਥਾਰ ਵਿਚ ਨਾ ਜਾਂਦੇ ਹੋਏ ਪ੍ਰਸਿੱਧ ਮਨੋਵਿਗਿਆਨੀ ਫਰਾਇਡ ਦੇ ਅਨੁਸਾਰ ਵਿਅਕਤੀਤਵ ਵਿਕਾਸ ਦਾ ਅਧਿਐਨ ਕਰਨ ਦਾ ਕੁੱਝ ਜਿਹਾ ਯਤਨ ਕਰਾਂਗੇ।

ਫਰਾਇਡ ਨੇ ਆਪਣੇ ਮਨੋ ਵਿਸ਼ਲੇਸ਼ਣ ਵਿਚ ਕਾਮ ਸ਼ਕਤੀ (Libido) ਨੂੰ ਕਾਫ਼ੀ ਪ੍ਰਧਾਨਤਾ ਦਿੱਤੀ ਹੈ, ਜਿਸਦਾ ਵਿਕਾਸ ਹਰ ਮਨੁੱਖ ਵਿਚ ਤਿੰਨ ਅਵਸਥਾਵਾਂ ਦੁਆਰਾ ਹੁੰਦਾ ਹੈ।

ਹਰ ਬੱਚੇ ਦੇ ਵਿਅਕਤੀਤਵ ਦਾ ਨਿਰਮਾਣ 5 ਵਰ੍ਹੇ ਦੇ ਜੀਵਨ ਸਟਾਈਲ ਦੇ ਰੂਪ ਵਿਚ ਸ਼ੁਰੂ ਹੋ ਜਾਂਦਾ ਹੈ। ਉਸ ਦਾ ਇੱਥੋਂ ਤਕ ਵਿਚਾਰ ਹੈ ਕਿ ਵਿਅਕਤੀਤਵ ਦੇ ਨਿਰਮਾਣ ਵਿਚ ਬਹੁਤ ਸਾਰੀਆਂ ਪਰਿਵਾਰਿਕ ਘਟਨਾਵਾਂ ਹੀ ਪ੍ਰਭਾਵ ਪਾਉਂਦੀਆਂ ਹਨ। ਜਿਵੇਂ ਪਰਿਵਾਰ ਦਾ ਆਕਾਰ, ਬੱਚੇ ਦਾ ਇਕੱਲੇ ਰਹਿਣਾ, ਜਨਮ ਦਾ ਕ੍ਰਮ ਅਤੇ ਜਨਮ ਦੇ ਸਮੇਂ ਮਾਂ ਬਾਪ ਦੀ ਉਮਰ ਆਦਿ। ਇਸ ਤੋਂ ਇਲਾਵਾ ਵਿਅਕਤੀ ਦੇ ਨਿਰਮਾਣ ਪੁਰ ਸਭ ਤੋਂ ਅਧਿਕ ਪ੍ਰਭਾਵ ਪਾਉਣ ਵਾਲੀ ਘਟਨਾ ਪਰਿਵਾਰ ਦਾ ਸੰਵੇਗਾਤਮਕ ਵਾਤਾਵਰਣ ਹੈ।

1. <u>ਸ਼ੈਸ਼ਵ ਕਾਮ ਵਾਸ਼ਨਾ</u> (Infantile Sexuality) ਇਹ ਅਵਸਥਾ ਜਨਮ ਤੋਂ 6 ਤਕ ਰਹਿੰਦੀ ਹੈ। ਇਸ ਵਿਚ ਤਿੰਨ ਅਵਸਥਾਵਾਂ ਹਨ (1) <u>ਓਰਲ ਅਵਸਥਾ</u> (Oral Stage) (2) <u>ਏਨਲ ਅਵਸਥਾ</u> (Anal Stage) ਅਤੇ (3) <u>ਫੈਲਿਕ ਅਵਸਥਾ</u> (Phalic Stage)

ਉਰਲ ਅਵਸਥਾ ਕਾਮ ਅਵਸਥਾ ਹੈ, ਜਿਸਦੇ <u>ਦੋ ਪੱਖ</u> ਹੁੰਦੇ ਹਨ। ਜਿਵੇਂ <u>ਚੂਸਣਾ</u> <u>ਅਤੇ ਕਤਰਨਾ</u>। ਇਸ ਵਿਚ ਬੱਚੇ ਦੀ ਕਾਮ ਸ਼ਕਤੀ ਉਸਦੇ ਸਰੀਰ ਤਕ ਹੀ ਕੇਂਦ੍ਰਿਤ ਰਹਿੰਦੀ ਹੈ ਅਤੇ ਉਸਦੀ ਵਾਸ਼ਨਾ ਮੂੰਹ ਦੀਆਂ ਕ੍ਰਿਆਵਾਂ ਦੁਆਰਾ ਤ੍ਰਿਪਤ ਹੁੰਦੀ ਹੈ। ਜਿਵੇਂ ਚੂਸਣਾ ਕਟਣਾ, ਕੁਤਰਨਾ ਅਤੇ ਨਿਗਲਣਾ ਆਦਿ। ਇਹ ਅਵਸਥਾ ਦੋ ਵਰਸ਼ ਤਕ ਹੁੰਦੀ ਹੈ।

<u>ਏਨਲ ਅਵਸਥਾ</u> ਇਕ ਵਰਸ਼ ਤੋਂ ਚਾਰ ਵਰਸ਼ ਤਕ ਹੁੰਦੀ ਹੈ। ਇਸ ਵਿਚ ਬੱਚਾ ਕਾਮ ਵਾਸ਼ਨਾ ਦੀ ਤ੍ਰਿਪਤੀ ਮਲ ਮੂਤਰ ਦੁਆਰਾ ਤਿਆਗ ਦੀਆਂ ਕ੍ਰਿਆਵਾਂ ਦੁਆਰਾ ਕਰਦਾ ਹੈ। ਉਸਦੇ ਆਕਰਸ਼ਣ ਅਰਥਾਤ ਪ੍ਰੇਮ ਦੀ ਵਸਤੂ ਸਰੀਰ ਅਤੇ ਮਲੋਮਾਨ ਹੀ ਹੁੰਦਾ ਹੈ।

ਦੋ ਤੋਂ ਚਾਰ ਵਰ੍ਹੇ ਤਕ ਸਵੈਮਾਨ ਸੰਬੰਧੀ ਉਹ ਇਕ ਧਾਰਣਾ ਨਿਸਚਿਤ ਕਰ ਲੈਂਦਾ ਹੈ। ਲੈਂਗਿਕ ਅਵਸਥਾ 4 ਤੋਂ 6 ਵਰ੍ਹੇ ਤਕ ਹੀ ਸਥਿਤੀ ਹੈ। ਇਸ ਵਿਚ ਕਾਮ ਵਾਸ਼ਨਾ ਕਾਮ ਇੰਦ੍ਰੀਆਂ ਵਿਚ ਕੇਂਦ੍ਰਿਤ ਹੋ ਜਾਂਦੀ ਹੈ। ਇਸ ਸਮੇਂ ਪਿਤਰੀ ਗ੍ਰੰਥੀ ਅਰਥਾਤ ਮਾਤ੍ਰੀ ਗ੍ਰੰਥੀ ਦਾ ਵਿਸ਼ੇਸ਼ ਮਹੱਤਵ ਹੈ।

2. ਮਾਧਮਿਕ ਅਵਸਥਾ (Latent Stage ) ਇਹ ਅਵਸਥਾ 6 ਤੋਂ 12 ਵਰ੍ਹੇ ਤਕ ਰਹਿੰਦੀ ਹੈ। 6 ਵਰ੍ਹੇ ਦੀ ਉਮਰ ਵਿਚ ਬੱਚਾ ਸਕੂਲ ਜਾਣਾ ਸ਼ੁਰੂ ਕਰਦਾ ਹੈ। ਇਹ ਕਾਮ ਵਾਸ਼ਨਾ ਦੇ ਪਰਿਵਰਤਨ ਦੀ ਅਵਸਥਾ ਹੈ। ਇਸ ਸਮੇਂ ਬੱਚਾ ਵਾਸ਼ਨਾ ਦਾ ਤਿਆਗ ਕਰਦਾ ਦੇਖਿਆ ਜਾਂਦਾ ਹੈ। ਕਿਉਂਕਿ ਇਹ ਉਸਦੇ ਬੌਧਿਕ ਨੈਤਿਕ ਅਰਥਾਤ ਵਿਕਾਸ ਦਾ ਸਮੇਂ ਹੁੰਦਾ ਹੈ। ਹੁਣ ਉਸਦੀ ਕਾਮ ਸ਼ਕਤੀ, ਪਰਉਪਕਾਰ ਆਦਰਸ਼ ਅਰਥਾਤ ਬੌਧਿਕ ਕੰਮਾਂ ਵਲ ਪ੍ਰੇਰਿਤ ਹੋ ਜਾਂਦੀ ਹੈ।

3. ਜਨਨ ਇੰਦੀਆਂ ਅਵਸਥਾ ( gental stage ) 12 ਵਰ੍ਹੇ ਆਰੰਭ ਹੋ ਕੇ ਜਵਾਨੀ ਵਿਚ ਪੈਰ ਧਰਨ ਤਕ ਰਹਿੰਦੀ ਹੈ। ਕਿਸ਼ੋਰ ਅਵਸਥਾ ਦੇ ਸ਼ੁਰੂ ਹੁੰਦੇ ਹੀ ਸ਼ੈਸ਼ਵ ਕਾਮ ਵਾਸ਼ਨਾ ਦਾ ਪੁੰਨਰ ਆਵਰਤਨ ਹੁੰਦਾ ਹੈ। 12 ਤੋਂ 15 ਵਰ੍ਹੇ ਤਕ ਕਿਸ਼ੋਰੀ ਵਿਚ ਕਾਮ ਆਕਰਸ਼ਣ ਦੀ ਪ੍ਰਵਿਰਤੀ ਪਾਈ ਜਾਂਦੀ ਹੈ। ਪੰਦਰਾਂ ਵਰ੍ਹੇ ਦੀ ਉਮਰ ਸਮਾਪਤ ਹੁੰਦੇ ਹੋਏ ਵਿਰੋਧੀ ਵਰਗ ਦੇ ਪ੍ਰਤੀ ਆਕਰਸ਼ਣ ਹੋਣ ਲਗਦਾ ਹੈ ਅਤੇ 20 ਵਰ੍ਹੇ ਦੀ ਆਯੂ ਸਮਾਪਤ ਹੁੰਦੇ ਹੁੰਦੇ ਇਹ ਆਕਰਸ਼ਣ ਪੂਰਣ ਰੂਪ ਤੋਂ ਸਥਿਰ ਹੋ ਜਾਂਦਾ ਹੈ, ਇੱਥੋਂ ਹੀ ਦੂਜੇ ਵਰਗ ਦੇ ਪ੍ਰਤੀ ਪਿਆਰ ਦਾ ਆਰੰਭ ਹੁੰਦਾ ਹੈ।

******

## (3) ਮਨੁੱਖ ਦਾ ਸੰਵੇਗਾਤਮਕ ਪੱਖ ਤੇ ਅਧਿਐਨ

ਮਨੋਵਿਗਿਆਨੀਆਂ ਦਾ ਕਹਿਣਾ ਹੈ ਕਿ ਮਨੁੱਖ ਦੇ ਜੀਵਨ ਵਿਚ ਸੰਵੇਗ ਬੜੀ ਮਹਾਨਤਾ ਰਖਦੇ ਹਨ। ਇਹ ਇਕ ਅਜਿਹੀ ਕ੍ਰਿਆ ਹੈ ਜਿਸਦੇ ਦੁਆਰਾ ਸਭ ਪ੍ਰਾਣੀਆਂ ਵਿਚ ਹਲਚਲ ਮਚ ਜਾਂਦੀ ਹੈ। ਇਨ੍ਹਾਂ ਦੁਆਰਾ ਸਾਡੇ ਸਰੀਰ ਵਿਚ ਪ੍ਰੀਵਰਤਨ ਹੁੰਦੇ ਹਨ। ਇਹ ਕਿਸੇ ਨਾਲ ਕਿਸੇ ਪ੍ਰਕਾਰ ਦੀ ਭਾਵਨਾ ਉੱਤੇ ਆਧਾਰਿਤ ਹੁੰਦੇ ਹਨ। ਇਸਦਾ ਅਨੁਭਵ ਕਿਸੇ ਵਿਸ਼ੇਸ਼ ਸਥਿੱਤੀ ਵਿਚ ਹੁੰਦਾ ਹੈ। ਜਿਵੇਂ ਗੁੱਸਾ ਡਰ ਅਤੇ ਖੁਸ਼ੀ ਆਦਿ। ਇਸਦਾ ਸੰਬੰਧ ਵੀ ਸਾਡੀਆਂ ਮੂਲ ਪ੍ਰਵਿਰਤੀਆਂ ਨਾਲ ਹੈ, ਸੰਵੇਗ ਦੁਆਰਾ ਅੰਤ੍ਰਿਕ ਸਰੀਰਕ ਕ੍ਰਿਆਵਾਂ ਵਿਚ ਵੀ ਨੀਚੇ ਲਿਖੇ ਪ੍ਰੀਵਰਤਨ ਹੁੰਦੇ ਹਨ।[1]

(ੳ) ਸਾਹ ਦੀ ਗਤੀ ਵਿਚ ਪ੍ਰੀਵਰਤਨ
(ਅ) ਹਿਰਦੇ ਦੀ ਗਤੀ ਵਿਚ ਪ੍ਰੀਵਰਤਨ
(ੲ) ਬਲੱਡ ਪ੍ਰੈਸ਼ਰ ਦੀ ਗਤੀ ਵਿਚ ਪ੍ਰੀਵਰਤਨ
(ਸ) ਬਲੱਡ ਕੈਮੀਕਲ ਵਿਚ ਤਬਦੀਲੀ
(ਹ) ਖੂਨ ਸੰਚਾਰ ਵਿਚ ਪ੍ਰੀਵਰਤਨ
(ਕ) ਆਕਸੀਜਨ ਦੇ ਉਪਯੋਗ ਵਿਚ ਅੰਤਰ
(ਖ) ਪਾਚਨ ਕ੍ਰਿਆ ਵਿਚ ਅੰਤਰ
(ਗ) ਪਸੀਨਾ ਕਢਣ ਦੀ ਕ੍ਰਿਆ ਵਿਚ ਅੰਤਰ
(ਘ) ਮਲਮੂਤਰ ਦੀ ਕ੍ਰਿਆ ਵਿਚ ਅੰਤਰ ।

ਸੰਵੇਗ ਦੇ ਪ੍ਰਭਾਵਾਂ ਸਦਕਾ ਮਨੁੱਖ ਕਠਿਨ ਕੰਮ ਆਸਾਨੀ ਨਾਲ ਕਰਦਾ ਹੈ। ਸੰਵੇਗਾਂ ਦੀ ਪ੍ਰਬਲਤਾ ਪੀੜਾਂ ਦੇ ਪ੍ਰਤੀ ਸੰਵੇਦਨਸ਼ੀਲਤਾ ਘਟ ਕਰ ਦਿੰਦੀ ਹੈ, ਅਤੇ ਪ੍ਰਾਣੀ ਦੇਰ ਤੱਕ ਕੰਮ ਕਰ ਸਕਣ ਦੀ ਸ਼ਕਤੀ ਪੈਦਾ ਕਰ ਲੈਂਦਾ ਹੈ।[2]

"ਸੰਵੇਗ ਦਾ ਅੰਗਰੇਜ਼ੀ ਸ਼ਬਦ emotion ਹੈ, ਜਿਸਦਾ ਨਿਰਮਾਣ ਲਾਤੀਨੀ ਦੇ ਸ਼ਬਦ

---

1. ਕ੍ਰਿਸ਼ਨ ਕੁਮਾਰ (ਡਾ.) ਮਨੋਵਿਗਿਆਨ ਕੀ ਰੂਪ ਰੇਖਾ ( ਹਿੰਦੀ) ਪੰਨਾ 72
2. ਮਧੂਕਰ ਡੀ ਸੀ (ਡਾ.) ਮਨੋਵਿਗਿਆਨ ਪ੍ਰਕ੍ਰਿਤ ਅਤੇ ਅਪ੍ਰਕ੍ਰਿਤ, ਪੰਨਾ 165

ਤੋਂ ਹੋਇਆ ਹੈ। ਇਸਦਾ ਅਰਥ ਹੈ ਸਰੀਰ ਨੂੰ ਹਿਲਾ ਦੇਣ ਜਾਂ ਉਤੇਜਿਤ ਕਰਨਾ। ਇਸ ਲਈ ਸੰਵੇਗ ਸਰੀਰ ਤੇ ਹਿਲਾ ਦੇਣ ਵਾਲੀ ਕ੍ਰਿਆ ਹੈ। ਇਸ ਸਥਿਤੀ ਵਿਚ ਮਨੁੱਖ ਸ਼ਾਂਤ ਹੋ ਕੇ ਨਹੀਂ ਬੈਠ ਦਾ ਅਤੇ ਕੋਈ ਨਾ ਕੋਈ ਅਸਾਧਾਰਨ ਕੰਮ ਕਰਦਾ ਹੈ। ਸੰਪੂਰਣ ਵਿਅਕਤੀ ਵਿਚ ਤੀਬਰ ਵਿਘਨ ਉਤਪੰਨ ਕਰਨ ਵਾਲਾ ਅਤੇ ਵਰਤਾਉ ਵਿਚ ਚੇਤੰਨ ਅਨੁਭਵ ਅਤੇ ਅੰਤਰ ਕ੍ਰਿਆਵਾਂ ਉਤੇ ਪ੍ਰਭਾਵ ਪਾਣ ਵਾਲਾ ਸੰਵੇਗ ਹੈ।[1]

ਸੰਵੇਗ ਦੀਆਂ ਪੰਜ ਵਿਸ਼ੇਸ਼ਤਾਵਾਂ ਹਨ:

1. ਸੰਵੇਗ ਦੀ ਉਤਪੱਤੀ ਤੁਰੰਤ ਹੁੰਦੀ ਹੈ।
2. ਸੰਵੇਗ ਦੀ ਉਤਪਤੀ ਹੋਣ ਪੁਰ ਸਰੀਰ ਤੁਰੰਤ ਹੀ ਹਰਕਤ ਵਿਚ ਆਉਂਦਾ ਹੈ।
3. ਇਸਦਾ ਉਦਗਮ ਮਨੋਵਿਗਿਆਨ ਹੈ।
4. ਇਹ ਕਿਸੇ ਅੰਤਰੀ ਜਾਂ ਬਾਹਰੀ ਪ੍ਰਭਾਵ ਕਰਕੇ ਹੁੰਦਾ ਹੈ।
5. ਸੰਵੇਗ ਦੇ ਉਤਪੰਨ ਹੁੰਦੇ ਹੀ ਵਿਸ਼ੇਸ਼ ਚੇਤਨ ਅਨੁਭਵ, ਅੰਤਰੀ ਜਾਂ ਵਿਵਹਾਰਕ ਪ੍ਰੀਵਰਤਨ ਹੋਣ ਲਗਦੇ ਹਨ।

<u>ਸੰਵੇਗ ਦੋ ਪ੍ਰਕਾਰ ਦੇ ਹੁੰਦੇ ਹਨ</u>

1. ਮਾਨਸਿਕ ਸੰਵੇਗ 2. ਸਰੀਰਕ ਸੰਵੇਗ

ਪ੍ਰਾਚੀਨ ਮਨੋਵਿਗਿਆਨਕ ਸੰਵੇਗ ਨੂੰ ਜਨਮ ਜਾਤ ਮੰਨਦੇ ਹਨ। ਨਵ ਜੰਮਿਆਂ ਬੱਚਾ ਤਿੰਨ ਪ੍ਰਕਾਰ ਦੇ ਸੰਵੇਗ ਦਾ ਪ੍ਰਦਰਸ਼ਨ ਕਰਦਾ ਹੈ, ਪ੍ਰੇਮ, ਕ੍ਰੋਧ ਅਤੇ ਡਰ। ਸੰਵੇਗ ਦਾ ਰੂਪ ਆਧਾਰ ਵੰਸ਼ ਪਰੰਪਰਾ ਦੇ ਦੁਆਰਾ ਨਿਰਧਾਰਤ ਕੀਤਾ ਗਿਆ ਹੈ। ਸੰਵੇਗ ਦਾ ਗਿਆਨ ਮਨੁੱਖ ਨੂੰ ਆਤਮ ਚੇਤਨ ਦੇ ਦੁਆਰਾ ਹੁੰਦਾ ਹੈ। ਦੂਸਰੇ ਲੋਕ ਇਸਨੂੰ ਬਾਹਰੀ ਪ੍ਰਦਰਸ਼ਨ ਦੇ ਦੁਆਰਾ ਸਮਝਦੇ ਹਨ। ਜਿਵੇਂ ਅਸੀਂ ਜਾਣਦੇ ਹਾਂ ਕਿ ਕ੍ਰੋਧ ਵਿਚ ਹੱਥ ਮਲੇ ਜਾਂਦੇ ਹਨ। ਘਬਰਾਹਟ ਵਿਚ ਪਸੀਨਾ ਛੁਟ ਜਾਂਦਾ ਹੈ ਅਤੇ ਡਰ ਵਿਚ ਮਨੁੱਖ ਕੰਬਣ ਲਗ ਜਾਂਦਾ ਹੈ। ਇਸ ਸੰਬੰਧ ਵਿਚ ਜੋ ਮਨੋਵਿਗਿਆਨਕ ਅਧਿਐਨ ਹੋਏ ਹਨ, ਉਨ੍ਹਾਂ ਤੋਂ ਪਤਾ ਲਗਦਾ ਹੈ ਕਿ ਸੰਵੇਗ ਦਾ ਪ੍ਰਦਰਸ਼ਨ ਤਿੰਨ ਪ੍ਰਕਾਰ ਦੇ ਪ੍ਰੀਵਰਤਨ ਦੁਆਰਾ ਹੁੰਦਾ ਹੈ।

1. ਚੇਤਨਾ ਵਿਚ ਪ੍ਰੀਵਰਤਨ, 2. ਬਾਹਰਮੁਖੀ ਵਰਤਾਉ ਵਿਚ ਪ੍ਰੀਵਰਤਨ 3. ਅੰਤ੍ਰਿਕ ਕ੍ਰਿਆਵਾਂ ਵਿਚ ਪ੍ਰੀਵਰਤਨ

---

1. Young P.T.(Dr.) <u>Emotions in Man and Animal</u>, P, 60

ਸੰਵੇਗ ਸਮਾਪਤ ਹੋ ਜਾਣ ਪਿਛੋਂ ਮਾਨਸਿਕ ਅਤੇ ਸਰੀਰਕ ਉਤੇਜਨਾਵਾਂ ਕੁਝ ਦੇਰ ਲਈ ਬਣੀਆਂ ਰਹਿੰਦੀਆਂ ਹਨ। ਜਿਸ ਤਰ੍ਹਾਂ ਅੰਧੀ ਸਮਾਪਤ ਹੋ ਜਾਣ ਪੁਰ ਵੀ ਤੇਜ ਹਵਾ ਚਲਦੀ ਰਹਿੰਦੀ ਹੈ ਅਤੇ ਸਾਰਾ ਵਾਤਾਵਰਣ ਧੂੜ ਮਿੱਟੀ ਤੋਂ ਭਰ ਜਾਂਦਾ ਹੈ। ਸੰਵੇਗਾਤਮਕ ਪਰਿਵਰਤਨ ਦੇ ਪਿਛੋਂ ਪਾਏ ਜਾਣ ਵਾਲੇ ਪ੍ਰਭਾਵਾਂ ਨੂੰ ਮੂਡ ਕਿਹਾ ਜਾਂਦਾ ਹੈ। ਜੋ ਸੰਵੇਗਾਤਮਕ ਸਥਿਤੀ ਦੇ ਬਹੁਤ ਦੇਰ ਪਹਿਲਾਂ ਸਮਾਪਤ ਹੋ ਜਾਣ ਪੁਰ ਵੀ ਸਾਡੇ ਅਨੁਭਵਾਂ ਨੂੰ ਪ੍ਰਗਟ ਕਰਦੇ ਰਹਿੰਦੇ ਹਨ।[1] ਜਿਵੇਂ ਸੰਵੇਗਾਤਮਿਕ ਸਥਿਤੀ ਸਮਾਪਤ ਹੁੰਦੀ ਹੈ, ਸੰਵੇਗ ਦੀ ਸਮਾਪਤ ਹੋ ਜਾਂਦਾ ਹੈ। ਹੁਣ ਮੂਡ ਮਨੁੱਖ ਵਿਚ ਸਥਾਈ ਰੂਪ ਧਾਰਣ ਕਰ ਲੈਂਦੇ ਹਨ। ਇਸ ਸਥਿਤੀ ਨੂੰ ਸੁਭਾਵ ਕਰਕੇ ਬੁਲਾਇਆ ਜਾਂਦਾ ਹੈ।

ਅਸਲ ਵਿਚ ਮੂਡ ਵੀ ਸੰਵੇਗ ਦਾ ਹਲਕਾ ਰੂਪ ਹੁੰਦਾ ਹੈ। ਇਸਦਾ ਪ੍ਰਭਾਵ ਸਾਡੇ ਵਿਚਾਰਾਂ ਅਤੇ ਕ੍ਰਿਆਵਾਂ ਉੱਪਰ ਪੈਂਦਾ ਹੈ ਅਤੇ ਮਨੁੱਖ ਭਿੰਨ ਭਿੰਨ ਪ੍ਰਕਾਰ ਦੀਆਂ ਬੀਮਾਰੀਆਂ ਦਾ ਸ਼ਿਕਾਰ ਹੋ ਜਾਂਦਾ ਹੈ। ਡਰ ਅਤੇ ਅਫ਼ਸੋਸ ਦੀ ਦਸ਼ਾ ਵਿਚ ਪੇਟ ਠੀਕ ਨਹੀਂ ਕੰਮ ਨਹੀਂ ਕਰਦਾ ਅਤੇ ਹਾਜ਼ਮਾਂ ਵਿਗੜ ਜਾਂਦਾ ਹੈ। ਮਨੁੱਖ ਨੂੰ ਕਿਸਮ ਕਿਸਮ ਦੇ ਰੋਗ ਆ ਘੇਰਦੇ ਹਨ ਅਤੇ ਕਈ ਮਾਨਸਿਕ ਰੋਗ ਉਤਪੰਨ ਹੋ ਜਾਂਦੇ ਹਨ।

ਲਿਬਡੋ ਜਿਸਨੂੰ ਕੁਝ ਮਨੋਵਿਗਿਆਨੀਆਂ ਕਾਮ ਸ਼ਕਤੀ ਅਤੇ ਕੁਝ ਜੀਵਨ ਇੱਛਾ ਸ਼ਕਤੀ ਅਤੇ ਕੁਝ ਸੁੱਖ ਇੱਛਾ ਸ਼ਕਤੀ ਕਹਿੰਦੇ ਹਨ, ਦਾ ਵੀ ਜੀਵਨ ਦੇ ਵਿਕਾਸ ਵਿਚ ਭਿੰਨ ਭਿੰਨ ਅਵਸਥਾਵਾਂ ਵਿਚ ਬੜਾ ਮਹੱਤਵ ਹੈ। ਲਿਬਡੋ ਦੇ ਹਰ ਸਥਾਈ ਕਰਣ ਦੇ ਪਿੱਛੇ ਕੋਈ ਨਾਲ ਕੋਈ ਕੰਪਲੈਕਸ ਹੁੰਦਾ ਹੈ, ਜਿਹੜਾ ਪ੍ਰਾਣੀ ਜੀਵਨ ਉੱਤੇ ਡੂੰਘਾ ਪ੍ਰਭਾਵ ਪਾਉਂਦਾ ਹੈ। ਮਾਨਸਿਕ ਕਲੇਸ਼ ਦਾ ਕਾਰਨ ਵੀ ਕੋਈ ਨਾ ਕੋਈ ਕੰਪਲੈਕਸ ਹੁੰਦਾ ਹੈ ਅਤੇ ਇਹੀ ਕੰਪਲੈਕਸ ਵਿਅਕਤੀ ਦੇ ਮਨ ਦੀ ਸੰਤੁਲਨ ਦਸ਼ਾ ਨੂੰ ਪ੍ਰਭਾਵਿਤ ਕਰਦਾ ਹੈ।

---

1. ਕ੍ਰਿਸ਼ਨ ਕੁਮਾਰ (ਡਾ.) ਮਨੋਵਿਗਿਆਨ ਕੀ ਰੂਪ ਰੇਖਾ (ਹਿੰਦੀ) ਪੰਨਾ 75

## (4) ਵੰਸ਼ ਪਰੰਪਰਾ ਅਤੇ ਵਾਤਾਵਰਣ

ਮਨੋਵਿਗਿਆਨਕ ਅਧਿਐਨ ਤੋਂ ਪਤਾ ਲਗਦਾ ਹੈ ਕਿ ਇਕ ਮਨੁੱਖ ਦੂਜੇ ਮਨੁੱਖ ਤੋਂ ਭਿੰਨ ਹੁੰਦਾ ਹੈ। ਇਹ ਭਿੰਨਤਾ ਸਰੀਰਕ ਹੀ ਨਹੀਂ ਹੈ, ਸਗੋਂ ਵਿਵਹਾਰਕ ਅਤੇ ਮਾਨਸਿਕ ਵੀ ਹੁੰਦੀ ਹੈ। ਅਸਲ ਵਿਚ ਇਸ ਭਿੰਨਤਾ ਦੇ ਕਾਰਣ ਮਨੁੱਖ ਦੀ ਵੰਸ਼ ਪਰੰਪਰਾ ਅਤੇ ਵਾਤਾਵਰਣ ( Heredity & Environment ) ਦੇ ਪ੍ਰਭਾਵ ਹੁੰਦੇ ਹਨ।

ਵੰਸ਼ ਪਰੰਪਰਾ ਉਸਨੂੰ ਕਹਿੰਦੇ ਹਨ, ਜਿਸਨੂੰ ਮਨੁੱਖ ਆਪਣੇ ਮਾਂ ਬਾਪ ਦੁਆਰਾ ਪੂਰਵਜਾਂ ਦੇ ਖਾਨਦਾਨ ਵਿਚੋਂ ਪ੍ਰਾਪਤ ਕਰਦਾ ਹੈ।[1] ਮਨੁੱਖ ਦਾ ਜੀਵਨ ਇਕ ਕੋਸ਼ ਦੇ ਪੁੰਗਰਨ ( Fertilization ) ਤੋਂ ਆਰੰਭ ਹੁੰਦਾ ਹੈ। ਇਹ ਕੋਸ਼ਪਿਨ ਦੀ ਨੋਕ ਤੋਂ ਵੀ ਛੋਟਾ ਹੁੰਦਾ ਹੈ, ਜਿਸਦੇ ਅੰਦਰ ਸਾਈਟੋਪਲਾਸਮ ( Cytoplasm) ਨਾਂ ਦੇ ਤਰਲ ਪਦਾਰਥ ਤੋਂ ਘਿਰਿਆ ਹੋਇਆ ਬੀਜ ( Nucleus ) ਹੁੰਦਾ ਹੈ। ਇਸ ਬੀਜ ਦੇ ਅੰਦਰ ਮਨੁੱਖ ਦੀ ਸਾਰੀ ਵੰਸ਼ ਪਰੰਪਰਾ ਵਰਤਮਾਨ ਹੁੰਦੀ ਹੈ। ਇਸ ਬੀਜ ਦੇ ਅੰਦਰ ਮਨੁੱਖ ਦੇ ਪਿਤਾ ਅਤੇ ਮਾਤਾ ਦੀਆਂ ਵਿਸ਼ੇਸ਼ਤਾਵਾਂ ਦੇ 46 ਕਰੋਮੋਸੋਮਜ਼ (Chromosomes ) ਦੇ ਰੂਪ ਵਿਚ ਪਾਈਆਂ ਜਾਂਦੀਆਂ ਹਨ।[2] ਇਨ੍ਹਾਂ ਵਿਚੋਂ 23 ਮਾਤਾ ਦੇ ਦੁਆਰਾ ਅਤੇ 23 ਪਿਤਾ ਦੇ ਦੁਆਰਾ ਪ੍ਰਾਪਤ ਹੁੰਦੀਆਂ ਹਨ। ਇਨ੍ਹਾਂ ਕਰੋਮੋਸੋਮਜ ਵਿਚ ਮਨੁੱਖ ਦੀਆਂ ਪਰੰਪਰਾਗਤ ਵਿਸ਼ੇਸ਼ਤਾਵਾਂ ਛੁਪੀਆਂ ਹੁੰਦੀਆਂ ਹਨ, ਜਿਨ੍ਹਾਂ ਨੂੰ ਜੀਨਸ ( Genus ) ਕਹਿਕੇ ਪੁਕਾਰਿਆ ਜਾਂਦਾ ਹੈ। ਇਹ ਪ੍ਰਕਾਰ ਮਨੁੱਖ ਦੀ ਪਰੰਪਰਾ ਉਸਦੇ ਜੀਵਨ ਦੇ ਦੁਆਰਾ ਨਿਰਧਾਰਤ ਹੁੰਦੀ ਹੈ।

ਵਾਤਾਵਰਣ:- ਜੀਨਸ ( Genus ) ਦੇ ਇਲਾਵਾ ਮਨੁੱਖ ਵਿਚ ਜੋ ਵੀ ਵਿਸ਼ੇਸ਼ਤਾਵਾਂ ਪਾਈਆਂ ਜਾਂਦੀਆਂ ਹਨ, ਉਨ੍ਹਾਂ ਨੂੰ ਵਾਤਾਵਰਣ ਦਾ ਪ੍ਰਭਾਵ ਕਿਹਾ ਜਾਂਦਾ ਹੈ। ਕਿਸੇ ਪੌਦੇ ਦੇ ਲਈ ਬੀਜ ਉਸਦੀ ਵੰਸ਼ ਪਰੰਪਰਾ ਹੈ ਤੇ ਮਿੱਟੀ ਪਾਣੀ, ਹਵਾ ਰੋਸ਼ਨੀ ਅਰਥਾਤ ਤਾਪਮਾਨ ਵਾਤਾਵਰਣ ਦਾ ਪ੍ਰਭਾਵ ਸ਼ੁਰੂ ਹੋ ਜਾਂਦਾ ਹੈ। ਵਾਤਾਵਰਣ ਬਾਹਰਮੁਖੀ ਅਤੇ ਅੰਤਰਮੁਖੀ ਦੋਨੋ ਤਰ੍ਹਾਂ ਦਾ ਹੁੰਦਾ ਹੈ। ਇਕ ਕੋਸ਼ ਦੇ ਅੰਤਰ ਵੰਸ਼ ਪਰੰਪਰਾ ਦੇ ਨਾਲ ਨਾਲ ਵਾਤਾਵਰਣ ਵੀ ਰਹਿੰਦਾ ਹੈ। ਇਸ ਪ੍ਰਕਾਰ ਵਾਤਾਵਰਣ ਦੇ ਨਿਯਮ ਲਿਖਤ ਭਾਗ ਕੀਤੇ ਜਾ ਸਕਦੇ ਹਨ:

(ੳ) ਕੋਸ਼ ਦੇ ਅੰਦਰ ਦਾ ਵਾਤਾਵਰਣ:( Intera Cillur Environment) ਬੀਜ ਦੇ ਚਾਰੇ ਪਾਸੇ ਜੋ ਸਾਈਟੋਪਾਜ਼ਮ ( Cytoplasm ) ਹੁੰਦਾ ਹੈ। ਉਹ ਬੀਜ

1. Patron H. I.(Dr.) Educational Psychology, P, 499
2. Krech, D and Cretch Field R.S. Elements of Psychology, Pag, 563

ਦੇ ਲਈ ਵਾਤਾ ਵਰਣ ਦਾ ਕੰਮ ਕਰਦਾ ਹੈ। ਇਸ ਲਈ ਕੋਸ਼ ਪੁੰਗਰਦੇ ਹੀ ਵੰਸ਼ ਪਰੰਪਰਾ ਅਤੇ ਵਾਤਾਵਰਣ ਦਾ ਕੰਮ ਆਰੰਭ ਹੋ ਜਾਂਦਾ ਹੈ।

(ਅ) ਅੰਤਰ ਕੋਸ਼ਾਣੂ ਵਾਤਾਵਰਣ ਇਕ ਕੋਸ਼ ਦੇ ਪੁੰਗਰਦੇ ਹੀ ਉਸਦੀ ਸੰਖਿਆ ਤੇਜ਼ ਗਤੀ ਨਾਲ ਵਧਣ ਲਗਦੀ ਹੈ। ਹੁਣ ਇਹ ਸਭ ਕੋਸ਼ ਇਕ ਦੂਜੇ ਨੂੰ ਪ੍ਰਭਾਵਿਤ ਕਰਦੇ ਹਨ। ਇਸ ਲਈ ਇਹ ਕੋਸ਼ ਇਕ ਦੂਜੇ ਲਈ ਵਾਤਾਵਰਣ ਦਾ ਕੰਮ ਕਰਦੇ ਹਨ।

(ੲ) ਮਾਂ ਦੀ ਸਰੀਰਕ ਦਸ਼ਾ ( Condition of mothers organism )
ਮਾਂ ਦੇ ਗਰਭ ਵਿਚ ਜਦ ਬੱਚਾ ਰਹਿੰਦਾ ਹੈ, ਤਾਂ ਮਾਂ ਦੀ ਸਰੀਰਕ ਅਤੇ ਮਾਨਸਿਕ ਦਸ਼ਾ ਦਾ ਭੀ ਪ੍ਰਭਾਵ ਉਸ ਉੱਪਰ ਪੈਂਦਾ ਹੈ। ਇਸ ਸਚਾਈ ਦੇ ਪ੍ਰਮਾਣ ਲਈ ਨਵੀਨ ਪ੍ਰਯੋਗਿਕ ਅਧਿਐਨ ਤੋਂ ਬਿਨਾਂ ਪ੍ਰਾਚੀਨ ਭਾਰਤ ਦੀ ਪੌਰਾਣਿਕ ਕਥਾਵਾਂ ਵੀ ਹਨ। ਅਭਿਮੰਨਯੂ ਨੂੰ ਚੱਕਰ ਛੇਦਨ ਦਾ ਗਿਆਨ ਗਰਭ ਦੇ ਸਮੇਂ ਹੀ ਪ੍ਰਾਪਤ ਹੋ ਗਿਆ ਸੀ । ਕਿਉਂਕਿ ਅਰਜਨ ਨੇ ਇਸ ਬਿਧੀ ਦਾ ਵਰਣਨ ਆਪਣੀ ਇਸਤਰੀ ਸੁਭੱਦਰਾ ਨੂੰ ਕੀਤਾ ਸੀ , ਜਿਸ ਸਮੇਂ ਉਹ ਗਰਭਵਤੀ ਸੀ। ਇਸ ਪ੍ਰਕਾਰ ਗਰਭਵਤੀ ਇਸਤਰੀਆਂ ਦੇ ਖਾਣ ਪੀਣ, ਵਿਚਾਰ ਰਹਿਣ ਸਹਿਣ ਆਦਿ ਸਭ ਕ੍ਰਿਆਵਾਂ ਦਾ ਪ੍ਰਭਾਵ ਗਰਭ ਵਿਚ ਬੱਚੇ ਦੇ ਵਿਕਾਸ ਦੇ ਲਈ ਵਾਤਾਵਰਣ ਦਾ ਕੰਮ ਕਰਦਾ ਹੈ।

4) <u>ਸਮਾਜਿਕ ਵਾਤਾਵਰਣ</u>: (Social Environment ) ਬੱਚੇ ਉਪਰ ਜਨਮ ਤੋ ਉਪਰੰਤ ਸਮਾਜਿਕ ਵਾਤਾਵਰਣ ਦਾ ਪ੍ਰਭਾਵ ਪੈਣਾ ਸ਼ੁਰੂ ਹੁੰਦਾ ਹੈ। ਇਹ ਵਾਤਾਵਰ ਕਈ ਪ੍ਰਕਾਰ ਦਾ ਹੁੰਦਾ ਹੈ। ਜਿਵੇਂ ਪਰਿਵਾਰ, ਪੜੌਸ , ਸਕੂਲ ਸ਼ਹਿਰ ਅਤੇ ਰਾਸ਼ਟਰ ਆਦਿ। ਇਸ ਦੇ ਸਾਥ ਹੀ ਜਲਵਾਯੂ ਅਤੇ ਤਾਪਕਰਮ ਆਦਿ ਦਾ ਪ੍ਰਭਾਵ ਵੀ ਪੈਂਦਾ ਹੈ।

ਕੁਝ ਮਨੋਵਿਗਿਆਨੀ ਤਾਂ ਵੰਸ਼ ਪਰੰਪਰਾ ਨੂੰ ਹੀ ਪ੍ਰਧਾਨ ਮੰਨਦੇ ਹਨ ਅਤੇ ਕਹਿੰਦੇ ਹਨ ਕਿ ਵਾਤਾਵਰਣ ਨਹੀਂ, ਵੰਸ਼ ਪਰੰਪਰਾ ਹੀ ਮਨੁੱਖ ਨੂੰ ਪ੍ਰਧਾਨ ਤੌਰ ਤੇ ਬਣਾਉਂਦੀ ਹੈ।[1]

5) ਇਸ ਮੱਤ ਦੀ ਪੁਸ਼ਟਤਾ ਹੋਰ ਵਿਗਿਆਨੀਆਂ ਨੇ ਵੀ ਕੀਤੀ ਹੈ। ਮਨੁੱਖ ਦੀ ਬੌਧਿਕ ਯੋਗਤਾ ਵੰਸ਼ ਪਰੰਪਰਾ ਦੇ ਦੁਆਰਾ ਹੀ ਪੀੜ੍ਹੀ ਦਰ ਪੀੜ੍ਹੀ ਅੱਗੇ ਚਲਦੀ ਹੈ।[2] ਦੂਜੇ ਪਾਸੇ ਅਜਿਹੇ ਮਨੋਵਿਗਿਆਨੀ ਵੀ ਹਨ, ਜੋ ਹਰ ਮਾਨਸਿਕ ਕ੍ਰਿਆ ਦੇ ਵਿਕਾਸ ਲਈ ਵਾਤਾਵਰਣ ਨੂੰ ਹੀ ਪ੍ਰਧਾਨਤਾ ਦਿੰਦੇ ਹਨ।[3] ਪਰੰਤੂ ਆਧੁਨਿਕ ਮਨੋਵਿਗਿਆਨਕ ਵਿਚ ਇਹ ਦੋਨੋਂ ਮੱਤ ਸਮਾਨ ਹੀ ਹਨ। ਜਿਸ ਪ੍ਰਕਾਰ ਇਕ ਮੋਟਰ ਦੇ ਲਈ ਪਟਰੋਲ ਅਥਾਤ ਮਸ਼ੀਨ

---

1. Kappu Swamy (Dr.) <u>General Psychology</u>, Page 29-43
2. Cattle R.(Dr.) <u>The fight for our national Intelligence</u> Page, 34
3. Watson J.B.(Dr.) <u>Behaviorism</u>, Page 82

ਦੋਨੋ ਹੀ ਮਹੱਤਵਪੂਰਣ ਹਨ, ਉਸ ਤਰ੍ਹਾਂ ਮਨੁੱਖ ਦੇ ਨਿਰਮਾਣ ਲਈ ਇਹ ਦੋਨੋਂ ਹੀ ਤੱਤ ਬਰਾਬਰ ਮਹੱਤਵਪੂਰਣ ਹਨ। ਨਾ ਤਾਂ ਪੂਰਣ ਰੂਪ ਵਿਚ ਵੰਸ ਪਰੰਪਰਾ ਨੂੰ ਚੰਗੇ ਵਾਤਾਵਰਣ ਦੁਆਰਾ ਹੀ ਬਦਲਿਆ ਜਾ ਸਕਦਾ ਹੈ ਅਤੇ ਨਾ ਹੀ। ਬਿਨਾ ਵਾਤਾਵਰਣ ਦੇ ਵੰਸ਼ ਪਰੰਪਰਾ ਫਲ ਸਕਦੀ ਹੈ। ਇਸ ਲਈ ਮਨੁੱਖ ਦਾ ਵਿਕਾਸ ਇਨ੍ਹਾਂ ਦੋਹਾਂ ਦੇ ਪਰਸਪਰ ਆਦਾਨ ਪ੍ਰਦਾਨ ਤੋਂ ਹੁੰਦਾ ਹੈ। ਜਿਸ ਪ੍ਰਕਾਰ ਕੋਈ ਵੀ ਬੀਜ ਬਿਨਾਂ ਚੰਗੇ ਵਾਤਾਵਰਣ ਦੇ ( ਜਲ, ਹਵਾ, ਰੋਸ਼ਨੀ ਅਤੇ ਮਿੱਟੀ ਆਦਿ) ਪੈਦਾ ਨਹੀਂ ਬਣ ਸਕਦਾ ਹੈ, ਉਸੇ ਤਰ੍ਹਾਂ ਮਨੁੱਖ ਦੇ ਵਿਅਕਤੀਤਵ ਦਾ ਨਿਰਮਾਣ ਹੁੰਦਾ ਹੈ। ਇਸ ਲਈ ਵੰਸ਼ ਪਰੰਪਰਾ ਅਤੇ ਵਾਤਾਵਰਣ ਦਾ ਜੈਸਾ ਪ੍ਰਭਾਵ ਹੁੰਦਾ ਹੈ, ਵੈਸੇ ਹੀ ਮਨੁੱਖ ਬਣਦਾ ਹੈ।

*****

## (ਅ) ਸਮਾਜਵਾਦੀ ਦ੍ਰਿਸ਼ਟੀ ਤੋਂ ਮਨੁੱਖ

ਮਨੁੱਖ ਇਕ ਸਮਾਜਕ ਪ੍ਰਾਣੀ ਹੈ। ਉਹ ਜਨਮ ਤੋਂ ਮਰਨ ਤਕ ਸਮਾਜ ਵਿਚ ਹੀ ਰਹਿੰਦਾ ਹੈ । ਉਹ ਖੁਦ ਸਮਾਜ ਦੁਆਰਾ ਪ੍ਰਭਾਵਿਤ ਹੁੰਦਾ ਹੈ ਅਤੇ ਬੜਾ ਹੋ ਕੇ ਸਮਾਜ ਨੂੰ ਪ੍ਰਭਾਵਿਤ ਕਰਦਾ ਹੈ। ਸਮਾਜ ਅਤੇ ਮਨੁੱਖ ਵਿਚਕਾਰ ਜੋ ਲੈਣ ਦੇਣ ਦੀ ਕ੍ਰਿਆ ਚਲਦੀ ਹੈ, ਉਸ ਨਾਲ ਮਨੁੱਖ ਦੀ ਸ਼ਖਸੀਅਤ ਉੱਪਰ ਬੜਾ ਡੂੰਘਾ ਪ੍ਰਭਾਵ ਪੈਂਦਾ ਹੈ। ਉਹ ਸਮਾਜ ਨੂੰ ਛੱਡ ਕੇ ਇਕਾਂਤ ਥਾਂ ਤੇ ਰਹਿਣਾ ਪਸੰਦ ਨਹੀਂ ਕਰਦਾ। ਕੁਝ ਸਾਧੂ ਜਾਂ ਸੰਨਿਆਸੀ, ਜਿਹੜੇ ਸਮਾਜ ਨੂੰ ਛੱਡ ਕੇ ਪਹਾੜਾਂ ਉੱਤੇ ਚਲੇ ਜਾਂਦੇ ਹਨ, ਉਹ ਮੁੜਕੇ ਸਮਾਜ ਵਿਚ ਆ ਜਾਂਦੇ ਹਨ। ਸਮਾਜਿਕਤਾ ਦੀ ਪ੍ਰਵਿਰਤੀ ਮਨੁੱਖਾਂ ਵਿਚ ਹੀ ਨਹੀਂ, ਪਸ਼ੂਆਂ ਵਿਚ ਵੀ ਮਿਲਦੀ ਹੈ। ਅਜੋਕੇ ਯੁਗ ਵਿਚ ਮਨੁੱਖ ਦੇ ਅਧਿਐਨ ਲਈ ਸਮਾਜਿਕਤਾ ਦੀ ਘ ਪ੍ਰਧਾਨਤਾ ਮੰਨੀ ਜਾਂਦੀ ਹੈ। ਸਮਾਜ ਵਿਚ ਹੀ ਮਨੁੱਖ ਇਕ ਦੂਜੇ ਦੇ ਸੰਪਰਕ ਵਿਚ ਆਉਣ ਪੁਰ ਕ੍ਰਿਆਵਾਂ ਦੁਆਰਾ ਵਿਅਕਤੀ ਵਿਚ ਅਨੇਕ ਰੁਚੀਆਂ ਅਤੇ ਸਮਾਜਕ ਮਾਪ ਦੰਡ (Social Norms ) ਬਣਨ ਲਗਦੇ ਹਨ।

ਉਹ ਭਿੰਨ ਭਿੰਨ ਘਟਨਾਵਾਂ ਕਰਕੇ ਸਮਾਜਕ ਮੁੱਲ ਨੂੰ ਸਮਝਣ ਲਗਦਾ ਹੈ। ਉਹ ਮੰਨਣ ਯੋਗ ਜਾਂ ਨਾਂ ਮੰਨਣ ਯੋਗ ਉਚਿਤ ਅਰਥਾਤ ਅਨਉਚਿਤ, ਪ੍ਰਸੰਸਾਯੋਗ ਅਰਥਾਤ ਨਿੰਦਾਯੋਗ ਕੰਮਾਂ ਵਿਚ ਅੰਤਰ ਕਰਨ ਲਗਦਾ ਹੈ। ਉਹ ਆਪਣੇ ਵਿਚ ਅਨੇਕ ਸੰਕੇਤ ਬਣਾ ਲੈਂਦਾ ਹੈ ਅਤੇ ਇਸੇ ਦੁਆਰਾ ਉਹ ਆਪਣੀ ਸ਼ਖਸੀਅਤ ਦਾ ਨਿਰਮਾਣ ਕਰਦਾ ਹੈ। ਸਮਾਜ ਦੇ ਸੰਪਰਕ ਦੁਆਰਾ ਮਨੁੱਖ ਵਿਚ ਨਕਲ, ਹਮਦਰਦੀ, ਹੁਕਮ ਜਾਂ ਖੇਲ ਦੀਆਂ ਕ੍ਰਿਆਵਾਂ ਦਾ ਵਿਕਾਸ ਹੁੰਦਾ ਹੈ।

ਮਨੁੱਖ ਦਾ ਸੰਕਲਪ ਸਮਾਜ ਵਿਚ ਬੜੀ ਮਹਾਨਤਾ ਰਖਦਾ ਹੈ। ਅਸਲ ਵਿਚ ਇਕ ਅਜਿਹਾ ਭਵਨ ਹੈ, ਜਿਸਦੇ ਬਣਾਉਣ ਲਈ ਮਨੁੱਖ ਰੂਪੀ ਪੱਥਰ ਜ਼ਰੂਰੀ ਹੈ। ਮਨੁੱਖ ਅਤੇ ਸਮਾਜ ਇਕ ਦੂਜੇ ਤੋਂ ਅਨਿੱਖੜ ਅੰਗ ਹਨ। ਇਕ ਮਨੁੱਖ ਕਿਵੇਂ ਸਮਾਜਕ ਪ੍ਰਾਣੀ ਬਣਦਾ ਹੈ। ਸਮਾਜਵਾਦੀ ਅਤੇ ਸਮਾਜ ਮਨੋਵਿਗਿਆਨੀਆਂ ਦੋਹਾਂ ਲਈ ਕੇਂਦਰੀ ਸਮੱਸਿਆ ਬਣੀ ਹੋਈ ਹੈ। ਮਨੁੱਖ ਇਕ ਸਮਾਜਕ ਪਸ਼ੂ ਹੈ ਅਤੇ ਸਮਾਜ ਦੁਆਰਾ ਪੂਰਣਤਾ ਪ੍ਰਾਪਤ ਕੀਤਾ ਮਨੁੱਖ ਸਭ ਪਸ਼ੂਆਂ ਵਿਚੋਂ ਉਤਮ ਹੈ।[1] ਮਨੁੱਖ ਸਮਾਜ ਵਿਚ ਰਹਿੰਦਾ ਹੈ ਅਤੇ ਸਮਾਜ ਵਿਚ ਰਹਿ ਕੇ ਮਨੁੱਖ ਮਨੁੱਖਾਂ ਨਾਲ ਸਾਂਝ ਸਥਾਪਤ ਕਰਦਾ ਹੈ। ਪਦਾਰਥਵਾਦੀ ਅਤੇ ਸਮਾਜ-ਵਿਗਿਆਨੀ ਤਾਂ ਇਥੋਂ ਤਕ ਮੰਨਦੇ ਹਨ ਕਿ ਵਿਅਕਤੀ ਦੀ ਵਿਅਕਤੀਗਤ ਵਿਲੱਖਣਤਾ

---

1. Ross W .D. <u>The Works of Aristotle</u>, Vol.X, Page 52

ਨੂੰ ਨਿਸਚਿਤ ਕਰਨ ਵਾਲਾ ਸਮਾਜ ਅਤੇ ਉਸਦਾ ਆਰਥਕ ਰਾਜਨੀਤਕ ਢਾਂਚਾ, ਸੰਸਕ੍ਰਿਤਕ ਵਿਕਾਸ ਦਾ ਪੱਧਰ ਅਤੇ ਵਿਚਾਰਧਾਰਾ ਸਮਾਜ ਸੰਬੰਧਾਂ ਦਾ ਹੀ ਰੂਪ ਹੁੰਦਾ ਹੈ। ਸਮਾਜ ਹੀ ਮਨੁੱਖ ਨੂੰ ਘੜਦਾ ਹੈ ਅਤੇ ਰਚਦਾ ਹੈ। ਮਨੁੱਖ ਸਮਾਜ ਦੀ ਹੀ ਪੈਦਾਵਾਰ ਹੁੰਦਾ ਹੈ।[1] ਇਸਦਾ ਸਿੱਧਾ ਅਰਥ ਇਹ ਹੈ ਕਿ ਸਮਾਜ ਤੋਂ ਵਖਰੇ ਮਨੁੱਖ ਅਤੇ ਮਨੁੱਖਾਂ ਤੋਂ ਵਖਰੇ ਕਿਸੇ ਸਮਾਜ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਇਹੋ ਹੀ ਨਹੀਂ ਪਦਾਰਥਵਾਦੀ ਚਿੰਤਕ ਤਾਂ ਇੱਥੋਂ ਤਕ ਕਹਿੰਦੇ ਹਨ ਕਿ ਮਨੁੱਖ ਅਤੇ ਸਮਾਜ ਵਿਚੋਂ ਜੇ ਨਿਰਣਾ ਕਰਨਾ ਹੋਵੇ, ਕਿ ਪਹਿਲਾਂ ਕੌਣ ਉਤਪੰਨ ਹੁੰਦਾ ਹੈ, ਤਾਂ ਉਹ ਪਹਿਲ ਸਮਾਜ ਨੂੰ ਦਿੰਦੇ ਹਨ। ਉਹ ਇਸ ਸਮਾਜ ਨੂੰ ਇਕੱਲੇ ਇਕੱਲੇ ਉਤਪੰਨ ਹੋਏ ਮਨੁੱਖਾਂ ਦਾ ਜੋੜ ਨਹੀਂ ਮੰਨਦੇ। ਉਨ੍ਹਾਂ ਦੀ ਗੱਲ ਇਕ ਦ੍ਰਿਸ਼ਟੀ ਕੋਣ ਤੋਂ ਠੀਕ ਵੀ ਜਾਪਦੀ ਹੈ। ਕਿਉਂਕਿ ਇੱਕ ਤੋਂ ਵਧ ਮਨੁੱਖਾਂ ਦਾ ਮੇਲ ਹੀ ਸਮਾਜ ਹੁੰਦਾ ਹੈ ਅਤੇ ਇਕ ਮਨੁੱਖ ਨੂੰ ਪੈਦਾ ਕਰਨਾ ਲਈ ਘਟੋ ਘਟ ਦੋ ਵਿਅਕਤੀਆਂ ਦਾ ਸੁਮੇਲ ਜ਼ਰੂਰੀ ਹੈ। ਇਸ ਲਈ ਸਪਸ਼ਟ ਹੈ ਕਿ ਇਕ ਵਿਅਕਤੀ ਤੋਂ ਪਹਿਲਾਂ ਸਮਾਜ ਮੌਜੂਦ ਹੈ। ਇਹ ਸਮਾਜ ਬੱਚੇ ਨੂੰ ਜਨਮ ਹੀ ਨਹੀਂ ਦਿੰਦਾ, ਸਗੋਂ ਉਸਦੀ ਪਾਲਣਾ ਵੀ ਕਰਦਾ ਹੈ ਅਤੇ ਉਸਨੂੰ ਸਾਰੇ ਸਮਾਜਿਕ ਰੀਤੀ ਰਿਵਾਜਾਂ, ਕਾਨੂੰਨਾਂ ਅਤੇ ਮਰਿਯਾਦਾਵਾਂ ਦੀ ਸਿੱਖਿਆ ਵੀ ਦਿੰਦਾ ਹੈ।[2]

ਸਮਾਜ ਮਨੁੱਖਾਂ ਦੇ ਛੀ ਸਮੂਹਾਂ ਦਾ ਇਕ ਵੱਡਾ ਸਮੁਦਾਇ ਹੈ। ਇਸ ਵਿਚ ਮਨੁੱਖਾਂ ਦੇ ਆਪਸੀ ਸੰਬੰਧਾਂ ਦਾ ਸੰਗਠਨ ਹੁੰਦਾ ਹੈ। ਹਰ ਇਕ ਮਨੁੱਖ ਆਤਮ ਵਿਸਤਾਰ, ਆਤਮ ਰਖਿਆ ਅਤੇ ਆਤਮ ਉਪਲਬਧੀ ਲਈ ਪ੍ਰਯਤਨ ਕਰਦਿਆਂ ਇਸ ਸੰਗਠਨ (ਸਮਾਜ) ਵਿਚ ਰਹਿੰਦਾ ਹੈ।[3] ਅਸਲ ਵਿਚ ਮਨੁੱਖ ਸਮਾਜ ਦੀ ਮੂਲ ਬੁਨਿਆਦ ਹੈ। ਮਨੁੱਖ ਅਤੇ ਸਮਾਜ ਇਕ ਦੂਜੇ ਦੇ ਪੂਰਕ ਹਨ ਅਤੇ ਇਕ ਦੇ ਅਭਾਵ ਨਾਲ ਦੂਜੇ ਦੀ ਹੋਂਦ ਅਸੰਭਵ ਹੈ। ਸਮਾਜ ਮਨੁੱਖਾਂ ਦਾ ਇਕ ਕਾਰਜ ਖੇਤਰ ਹੈ, ਜਿੱਥੇ ਉਹ ਆਪਣੀਆਂ ਸਾਰੀਆਂ ਕਲਪਨਾਵਾਂ ਅਤੇ ਭਾਵਨਾਵਾਂ ਨੂੰ ਸਾਕਾਰ ਰੂਪ ਦਿੰਦਾ ਹੈ। ਸਮਾਜ ਮਨੁੱਖ ਦੇ ਸਰਬਾਂਗੀ ਵਿਕਾਸ ਲਈ ਸੰਭਵ ਸੁਵਿਧਾਵਾਂ ਪ੍ਰਦਾਨ ਕਰਦਾ ਹੈ, ਅਤੇ ਮਨੁੱਖ ਉਸਦੇ ਬਦਲੇ ਵਿਚ ਸਮਾਜ ਨੂੰ ਆਪਣਾ ਵੱਡਾ ਪਰਿਵਾਰ ਸਮਝ ਕੇ ਉਸ ਲਈ ਆਪਾ ਵਾਰਨ ਤੋਂ ਵੀ ਸੰਕੋਚ ਨਹੀਂ ਕਰਦਾ।

---

1. Chesnokov, D.I. (Dr.) Historical Materialism, P, 458
2. By Knov Sky, B. The Individual and Society, P, 10
3. William Lee, H.M. Fouler and J.Coulson, The Oxford English Dictionary on Historical, Principles P, 936

ਮਨੁੱਖ ਕਿਸੇ ਨਾ ਕਿਸੇ ਸਮਾਜ ਦੇ ਮੈਂਬਰ ਦੇ ਰੂਪ ਵਿਚ ਜਨਮ ਲੈਂਦਾ ਹੈ। ਉਸਦਾ ਜੀਵਨ ਇਕ ਦੂਜੇ ਦੇ ਗਹਿਰੇ ਸੰਬੰਧਾਂ ਦਾ ਤਾਣਾ ਬਾਣਾ ਹੈ। ਜਿਸ ਤੋਂ ਸੁਤੰਤਰ ਹੋ ਜਾਣਾ ਨਾ ਤਾਂ ਉਸ ਲਈ ਸੰਭਵ ਹੈ ਅਤੇ ਨਾ ਹੀ ਉੱਚਿਤ ਹੈ।[1] ਸਮਾਜਕ ਪ੍ਰਾਣੀ ਹੋਣ ਦੇ ਨਾਤੇ ਕੋਈ ਵੀ ਮਨੁੱਖ ਸਮਾਜ ਵਿਚ ਰਹਿੰਦਾ ਹੋਇਆ ਉਸ ਨਾਲੋਂ ਆਪਣੇ ਸੰਬੰਧ ਨਹੀ ਤੋੜ ਸਕਦਾ। ਮਨੁੱਖ ਅਤੇ ਸਮਾਜ ਦੋਵੇਂ ਅਨੇਕਤਾ ਵਿਚ ਏਕਤਾ ਦੀ ਅਭਿਵਿਅਕਤੀ ਕਰਦੇ ਹਨ। (1) ਜਿਸ ਪ੍ਰਕਾਰ ਦੇ ਮਨੁੱਖ ਅਤੇ ਸਮਾਜ ਦਾ ਬਹੁਤ ਨੇੜੇ ਦਾ ਸੰਬੰਧ ਹੈ। ਮਨੁੱਖ ਸਮਾਜ ਦੇ ਸਭ ਪੱਖਾਂ ਤੋਂ ਪ੍ਰਭਾਵਿਤ ਹੈ। ਮਨੁੱਖਾਂ ਦੇ ਸਮੂਹ ਦੁਆਰਾ ਹੀ ਸਮਾਜ ਵਿਚ ਏਕਤਾ ਹੁੰਦੀ ਹੈ। (2) ਮਨੁੱਖ ਦੇ ਤਿੰਨ ਲੱਛਣ ਹੁੰਦੇ ਹਨ — ਆਪਣੇ ਆਪ ਨੂੰ ਸੁਰਖਿਅਤ ਰਖਣਾ, ਪਰਿਵਾਰ ਦੇ ਨਾਮ ਨੂੰ ਸਥਿਰ ਰਖਣਾ, ਅਰਥਾਤ ਆਪਣੇ ਆਪ ਨੂੰ ਅਭਿਵਿਅਕਤ ਕਰਨਾ, (3) ਸਮਾਜ ਵਿਚ ਰਹਿੰਦਾ ਹੋਇਆ ਮਨੁੱਖ ਤਿੰਨ ਨਿਯਮਾਂ ਦੇ ਅਧੀਨ ਕੰਮ ਕਰਦਾ ਹੈ।

(ੳ) ਪ੍ਰਾਕ੍ਰਿਤਕ ਨਿਯਮ (ਅ) ਨੈਤਿਕ ਨਿਯਮ (ੲ) ਸਮਾਜਕ ਨਿਯਮ। ਇਨ੍ਹਾਂ ਤਿੰਨਾਂ ਨਿਯਮਾਂ ਵਿਚ ਭਾਗ ਲੈਣ ਵੇਲੇ ਉਸਦੀ ਚੇਤਨਾ ਉਸਦੇ ਲਈ ਸੁਤੰਤਰਤਾ, ਪ੍ਰੇਮ, ਪ੍ਰਸਿੱਧੀ, ਪਾਪ, ਅਸਫਲਤਾ ਅਤੇ ਘੁਮੰਡ ਦੇ ਆਧਾਰ ਨੂੰ ਅਤੇ ਅਰਥ ਨੂੰ ਸਪਸ਼ਟ ਕਰਦੀ ਹੈ। ਅਪਮਾਨ ਘੁਮੰਡ, ਘਿਰਣਾ, ਹੰਕਾਰ, ਈਰਖਾ, ਸਨੇਹ ਆਦਿ ਮਨੁੱਖ ਦੀਆਂ ਸਾਧਾਰਣ ਭਾਵਨਾਵਾਂ ਹੁੰਦੀਆਂ ਹਨ ਅਤੇ ਭਾਵਕਤਾ ਦੀ ਸਥਿਤੀ ਵਿਚ ਉਹ ਦਇਆ, ਪ੍ਰੇਮ, ਘਿਰਣਾ, ਨਿਮਰਤਾ, ਆਦਰ, ਕ੍ਰਿਤਗਿਆਤਾ ਜੈਸੀ ਭਾਵਨਾਵਾਂ ਪ੍ਰਗਟ ਕਰਦਾ ਹੈ। ਨਿਰਦਯਤਾ ਅਤੇ ਕ੍ਰੋਧ ਦੁਆਰਾ ਉਹ ਦੂਸਰੇ ਦੇ ਸਾਥ ਕ੍ਰਿਆ ਕਰ ਸਕਦਾ ਹੈ। ਆਪਣੇ ਪ੍ਰਾਕ੍ਰਿਤਕ ਜੀਵਨ ਵਿਚ ਉਸਦੇ ਤਿੰਨ ਪ੍ਰਕਾਰ ਦੇ ਸੰਬੰਧ ਹੁੰਦੇ ਹਨ। ਅਹੰ, ਲਿੰਗ ਤਥਾ ਸਮਾਜ। ਜਿਵੇਂ ਜਿਵੇਂ ਉਹ ਵਿਕਾਸ ਕਰਦਾ ਹੈ। ਇਨ੍ਹਾਂ ਸੰਬੰਧਾਂ ਦੀ ਮੰਗ ਕਰਦਾ ਹੈ।[4]

1) ਇਨ੍ਹਾਂ ਤੱਥਾਂ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਜਦ ਮਨੁੱਖ ਸੰਸਾਰ ਵਿਚ ਜਨਮ ਲੈਂਦਾ ਹੈ, ਤਾਂ ਉਸ ਸਮੇਂ ਵੀ ਕੇਵਲ ਇਕ ਜੀਵ ਹੁੰਦਾ ਹੈ। ਜਿਵੇਂ ਜਿਵੇਂ ਉਸਦੀ ਚੇਤਨਾ ਦਾ ਵਿਕਾਸ ਹੁੰਦਾ ਹੈ। ਇਹ ਆਤਮ ਭਾਵਨਾ ਉਸਨੂੰ ਸਾਧਾਰਣ ਜੀਵ ਤੋਂ ਇਕ ਮਨੁੱਖ ਬਣਾ

---

1. S. Radha Krishan (Dr.) The Religion and Society, P, 72
2. Sharma I.C. (Dr.) Ethical Philosophy of India, P, 358
3. Barnes Harry Elmen, Social Institute in the ERA of World Upheaval, P, 22
4. Weinberg and Shafat, Society and Man, Page 60-68

ਦਿੰਦੀ ਹੈ। ਇਸੇ ਆਤਮਾ ਦੇ ਕਾਰਣ ਹਰ ਮਨੁੱਖ ਦੂਜੇ ਮਨੁੱਖ ਤੋਂ ਭਿੰਨ ਹੁੰਦਾ ਹੈ।

ਮਨੁੱਖ ਇਕ ਸਮਾਜਕ ਜੀਵ ਹੈ। ਭਾਵੇਂ ਉਹ ਇਕ ਜੀਵ ਹੁੰਦਾ ਹੈ। ਪਰੰਤੂ ਉਹ ਦੂਜਿਆਂ ਨਾਲ ਚੰਗੀ ਤਰ੍ਹਾਂ ਸੰਬੰਧਿਤ ਹੁੰਦਾ ਹੈ। ਅਸਲ ਵਿਚ ਮਨੁੱਖ ਸਮਾਜ ਦੇ ਪ੍ਰਭਾਵ ਤੋਂ ਵਿਕਸਿਤ ਹੁੰਦਾ ਹੈ ਅਤੇ ਬਾਹਰੀ ਪ੍ਰਭਾਵ ਤੋਂ ਉਹ ਵਿਕਸਿਤ ਹੋਣ ਦੇ ਯੋਗ ਹੁੰਦਾ ਹੈ। ਉਸਦੀ ਬਾਹਰੀ ਇੱਛਾ ਉਸਨੂੰ ਸੁਤੰਤਰ ਰਖਦੀ ਹੈ। ਸਮਾਜ ਦੁਆਰਾ ਬਣਾਏ ਗਏ ਨਿਯਮ।[1] ਹੀ ਉਸਦਾ ਪੱਖ ਪ੍ਰਦਰਸ਼ਨ ਕਰਦੇ ਹਨ। ਉਸਦੀਆਂ ਲੋੜਾਂ ਨੂੰ ਪੂਰੀਆਂ ਕਰਨ ਲਈ ਸਮਾਜ ਵੀ ਵਚਨਬੱਧ ਹੈ। ਨਤੀਜੇ ਵਜੋਂ ਸਮਾਜਕ ਸੰਬੰਧ, ਸਮਾਜਿਕ ਨਿਯਮ ਅਰਥਾਤ ਸਮਾਜਿਕ ਸੰਸਥਾਵਾਂ ਮਨੁੱਖ ਦੇ ਸਮਾਜਿਕ ਦ੍ਰਿਸ਼ਟੀ ਤੋਂ ਨਿਰਮਾਣ ਵਿਚ ਪ੍ਰਭਾਵ ਪਾਉਂਦੀਆਂ ਹਨ। ਮਨੁੱਖ ਦੁਆਰਾ ਨਿਰਮਾਣਿਆ ਸਮਾਜ ਹੀ ਮਨੁੱਖ ਦੇ ਵਿਵਹਾਰ ਦਾ ਮਾਰਗ ਦਰਸ਼ਨ ਕਰਦਾ ਹੈ। ਉਸਦਾ ਪੱਧਰ ਸਮਾਜ ਦੇ ਦੁਆਰਾ ਹੀ ਨਿਯਮ ਤੋਕਾ ਜਾ ਸਕਦਾ ਹੈ। ਮਨੁੱਖ ਸਾਧਾਰਣ ਤੌਰ ਤੇ ਸਮਾਜ ਦੀਆਂ ਪ੍ਰਥਾਵਾਂ ਦਾ ਅਨੁਗਾਮੀ ਹੁੰਦਾ ਹੈ, ਕਿਉਂਕਿ ਇਹ ਉਸਦੇ ਸਮੂਹਿਕ ਜੀਵਨ ਦੇ ਅੰਤਰੀ ਭਾਗ ਹੁੰਦੇ ਹਨ। ਸਮਾਜਿਕ ਨਿਯਮਾਂ ਦਾ ਪਾਲਣ ਨਾ ਕਰਨ ਤੇ ਮਨੁੱਖ ਬਦਨਾਮੀ ਤੋਂ ਡਰਦਾ ਹੈ। ਸਮਾਜਿਕ ਲੋਕਾਚਾਰੀ ਹੀ ਮਨੁੱਖ ਦੇ ਨਿੱਜੀ ਵਿਵਹਾਰ ਨੂੰ ਨਿਰਮਾਣਦਾ ਹੈ। ਅਤੇ ਸਮਾਜਕ ਸੰਸਥਾਵਾਂ ਉਸਦੇ ਸੁਭਾ ਨੂੰ ਬਣਾਉਂਦੀਆਂ ਹਨ। ਸਮਾਜਕ ਘਟਨਾਵਾਂ ਅਤੇ ਪ੍ਰਸਥਿਤੀਆਂ ਮਨੁੱਖ ਨੂੰ ਪ੍ਰਗਤੀ ਅਰਥਾਤ ਪੱਤਨ ਵਲ ਲੈ ਜਾਂਦੀਆਂ ਹਨ, ਧਰਮ, ਅਤੇ ਨੀਤੀ ਦੇ ਸੰਸਕਾਰ ਉਸ ਵਿਚ ਭਿੰਨ ਭਿੰਨ ਪ੍ਰਕਾਰ ਦੇ ਗੁਣਾਂ ਨੂੰ ਪੈਦਾ ਕਰਦੇ ਹਨ।[2]

ਸਮਾਜ ਮਨੁੱਖ ਲਈ ਜ਼ਰੂਰੀ ਹੈ ਅਤੇ ਇਸਦਾ ਮਨੁੱਖ ਦੇ ਵਿਅਕਤੀਤਵ ਉੱਤੇ ਪ੍ਰਭਾਵ ਪੈਂਦਾ ਹੈ। ਸਰੀਰਕ ਲੋੜਾਂ ਦੀ ਪੂਰਤੀ ਲਈ ਮਨੁੱਖ ਨੂੰ ਦੂਜਿਆਂ ਦੇ ਸਹਿਯੋਗ ਦੀ ਲੋੜ ਹੁੰਦੀ ਹੈ ਅਤੇ ਇਹ ਲੋੜ ਹੀ ਸਮਾਜ ਨੂੰ ਜਨਮ ਦਿੰਦੀ ਹੈ। ਮਨੁੱਖ ਨੂੰ ਸਹੀ ਰਸਤੇ ਚਲਾਉਣ ਲਈ ਸਮਾਜ ਸਮੂਹਕ ਕਲਿਆਣ ਲਈ ਨਿਯਮ ਬਣਾਉਂਦਾ ਹੈ। ਮਨੁੱਖ ਆਪਣੀਆਂ ਲੋੜਾਂ ਪੂਰੀਆਂ ਕਰਦਾ ਹੈ ਅਤੇ ਵਿਸ਼ੇਸ਼ ਵਾਤਾਵਰਣ ਦੇ ਅਨੁਸਾਰ ਉਨ੍ਹਾਂ ਨੂੰ ਬਦਲਦਾ ਹੈ। ਉਹ ਆਪਣੀਆਂ ਮੁਢਲੀਆਂ ਲੋੜਾਂ ਦੀ ਖਾਤਰ ਪਦਾਰਥਕ ਲੋੜਾਂ ਉੱਤੇ ਨਿਰਭਰ ਹੈ। ਉਸਦੀ ਪੂਰੀ ਸੁਖਸ਼ੋਭਤ ਹੀ ਸਮਾਜ ਦੀ ਆਰਥਕ ਸ਼ਕਤੀਆਂ ਦੇ ਅਨੁਸਾਰ ਉੱਨਤ ਹੁੰਦੀ ਹੈ। ਅਸਲ ਵਿਚ ਆਰਥਕ ਉੱਨਤ ਪੈਦਾਵਾਰ ਹੀ ਮਨੁੱਖੀ ਸਮਾਜ ਦੀ ਪੜਤਾਲ ਲਈ ਜ਼ਰੂਰੀ

---

1. G. Manorma (Cr.) Sanur Society, P, 19

2. ਤਿਵਾੜੀ, ਬਲਭਧਰ, ਆਧੁਨਿਕ ਸਾਹਿਤ ਕੀ ਵਿਅਕਤੀਵਾਦੀ ਭੂਮਿਕਾ, (ਹਿੰਦੀ) ਪੰਨਾ 18

ਜ਼ਰੂਰੀ ਹੈ। ਮਨੁੱਖ ਦੀ ਆਦਰਸ਼ਕਤਾ ਹੀ ਸੁਖਸੀਅਤ, ਸੁਤੰਤਰਤਾ ਅਤੇ ਸਮਾਨ ਆਦਿ ਪੈਦਾਵਾਰੀ ਸ਼ਕਤੀਆਂ ਦੁਆਰਾ ਦ੍ਰਿੜ ਕੀਤੀਆਂ ਜਾ ਸਕਦੀਆਂ ਹਨ।[1]

ਮਨੁੱਖ ਇਕੱਲਾ ਹੀ ਜੀਵਨ ਲੋੜਾਂ ਕਦੀ ਵੀ ਪੂਰੀਆਂ ਨਹੀਂ ਕਰ ਸਕਦਾ। ਇਹ ਕੇਵਲ ਸਮਾਜ ਹੀ ਹੈ, ਜਿੱਥੇ ਉਹ ਆਪਣੀਆਂ ਲੋੜਾਂ ਪੂਰੀਆਂ ਕਰ ਸਕਦਾ ਹੈ। ਇਹ ਕੇਵਲ ਸਮਾਜ ਹੀ ਹੈ, ਜਿੱਥੇ ਉਹ ਆਪਣੀਆਂ ਲੋੜਾਂ ਪੂਰੀਆਂ ਕਰ ਸਕਦਾ ਹੈ। ਉਹ ਕੁਝ ਅਜਿਹੀਆਂ ਲੋੜਾਂ ਲੈ ਕੇ ਪੈਦਾ ਹੋਇਆ ਹੈ, ਜਿਹੜੀਆਂ ਜੀਵਨ ਦੀਆਂ ਮੁਖ ਲੋੜਾਂ ਹਨ ਅਤੇ ਜਿਨ੍ਹਾਂ ਲਈ ਉਹ ਜੀਵਨ ਭਰ ਸੰਘਰਸ਼ ਕਰਦਾ ਹੈ। ਇਸ ਕਰਕੇ ਉਹ ਸਮਾਜ ਵਿਚ ਹੀ ਉਨੱਤੀ ਕਰ ਸਕਦਾ ਹੈ। ਉਹ ਮਨੁੱਖ ਜਿਹੜਾ ਆਪਣੇ ਆਪ ਨੂੰ ਸਮਾਜ ਤੋਂ ਨਿਖੜਿਆ ਸਮਝਦਾ ਹੈ, ਸਵੈ ਨਿਰਭਰ ਨਹੀਂ, ਜਿਵੇਂ ਜੀਵਨ ਦਾ ਕੋਈ ਅੰਗ ਸਰੀਰ ਤੋਂ ਨਿਖੜਕੇ ਸਵੈ ਨਿਰਭਰ ਨਹੀਂ।[2] ਅਸਲ ਵਿਚ ਸਮਾਜਿਕ ਪ੍ਰਵਿਰਤੀ ਮਨੁੱਖੀ ਸੁਭਾ ਵਿਚ ਮੁਢ ਤੋਂ ਹੀ ਹੈ, ਅਤੇ ਇਹੀ ਪ੍ਰਵਿਰਤੀ ਮਨੁੱਖਾਂ ਨੂੰ ਇਕ ਦੂਜੇ ਵਲ ਪ੍ਰੇਰਿਤ ਕਰਦੀ ਹੈ ਅਤੇ ਹਰ ਨਵੀ ਪ੍ਰਫੁਲਤ ਪ੍ਰਾਣੀ ਸਮਾਜ ਵਿਚ ਆਪਣੀ ਯੋਗਤਾ ਅਤੇ ਰੁਚੀਆਂ ਅਨੁਸਾਰ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਂਦਾ ਹੈ।[3]

ਗੁਰੂ ਨਾਨਕ ਭਾਵੇਂ ਅਧਿਆਤਮਕ ਵਿਚਾਰਧਾਰਾ ਦੇ ਧਾਰਨੀ ਸਨ, ਪਰੰਤੂ ਉਹ ਵੀ ਸਮਝਦੇ ਸਨ ਕਿ ਜਨਮ ਸਮੇਂ ਮਨੁੱਖ ਮਾਤਾ ਪਿਤਾ ਅਤੇ ਸਾਕ ਸੰਬੰਧੀਆਂ ਉੱਪਰ ਨਿਰਭਰ ਕਰਦਾ ਹੈ। ਉਹ ਉਸਦੀ ਪਾਲਣਾ ਕਰਦੇ ਦੁੱਧ ਪਿਲਾਉਂਦੇ, ਖਿਡਾਉਂਦੇ ਅਤੇ ਸਮਾਜ ਵਿਚ ਸਮਾਜਿਕ ਰੀਤੀਆਂ ਰਿਵਾਜ਼ਾਂ ਬਾਰੇ ਗਿਆਨ ਦੇ ਕੇ ਜ਼ਿੰਦਗੀ ਜੀਵਣ ਦੀ ਜਾਂਚ ਸਿਖਾਉਂਦੇ ਹਨ। ਇਸ ਕਰਕੇ ਉਹ ਲਿਖਦੇ ਹਨ;-

ਖੀਰ ਪੀਐ ਖੇਲਾਈਐ ਵਣਜਾਰਿਆ ॥
ਮਿਤ੍ਰ ਮਾਤ ਪਿਤਾ ਸੁਤ ਹੇਤੁ ॥

(ਆਦਿ ਗ੍ਰੰਥ, ਪੰਨਾ 180)

ਪਹਿਲੇ ਪਿਆਰ ਲਗਾ ਥਣ ਦੁਧਿ ॥
ਦੂਜੇ ਮਾਇ ਬਾਪੁ ਕੀ ਸੁਧ ॥

(ਆਦਿ ਗ੍ਰੰਥ, ਪੰ:34)

---

1. Henry B.Meo, Introduction to Marxizt Theory, P, 251
2. W.D.Ross, The Work of Aristole, P, 52
3. Mackenzie, J.S. Outlines of Social Philosophy, P, 212

ਇਸ ਤਰ੍ਹਾਂ ਪ੍ਰਾਣੀ ਮਾਤਰ ਦੀ ਇਸ ਰਖਿਆ ਕਰਨਾ ਸਮਾਜ ਦਾ ਫ਼ਰਜ਼ ਹੈ। ਹਰ ਮਨੁੱਖ ਸਮਾਜ ਦੇ ਵਿਕਾਸ ਵਿਚ ਹਿੱਸਾ ਪਾਉਂਦਾ ਹੈ। ਗੁਰੂ ਨਾਨਕ ਦਾ ਦ੍ਰਿਸ਼ਟੀ ਕੋਣ ਪਦਾਰਥਵਾਦੀਆਂ ਅਤੇ ਸਮਾਜ ਵਿਗਿਆਨੀਆਂ ਵਾਂਗ ਉਲਾਰਮਈ ਨਹੀਂ, ਸਗੋਂ ਉਹ ਤਾਂ ਮਨੁੱਖ ਦਾ ਦਰਜਾ ਸਮਾਜ ਤੋਂ ਘਟ ਨਹੀਂ ਮੰਨਦੇ। ਉਹ ਸਮੁੱਚੇ ਸਮਾਜ ਦੇ ਪਦਾਰਥਕ, ਮਾਨਸਿਕ ਅਤੇ ਆਤਮਿਕ ਵਿਕਾਸ ਲਈ ਹਰ ਮਨੁੱਖ ਨੂੰ ਇਨ੍ਹਾਂ ਤਿੰਨਾਂ ਪੱਖਾਂ ਤੋਂ ਉੱਚਾ ਉਠਣ ਲਈ ਪ੍ਰੇਰਨਾ ਦਿੰਦੇ ਹਨ। ਉਨ੍ਹਾਂ ਦੇ ਵਿਚਾਰ ਵਿਚ ਆਦਰਸ਼ਕ ਸਮਾਜ ਉਹੀ ਹੋਵੇਗਾ, ਜਿਸ ਵਿਚ ਭੌਤਿਕ ਮਾਨਸਿਕ ਅਤੇ ਆਤਮਿਕ ਪੱਖ ਤੋਂ ਵਿਅਕਤੀ ਉੱਨਤ ਹੋਵੇਗਾ। ਕੁਦਰਤੀ ਤਾਕਤਾਂ ਦੇ ਡਰ ਕਰਕੇ ਮਨੁੱਖ ਨੂੰ ਆਪਣੀ ਸੁਰਖਿਆ ਲਈ ਸਮਾਜਕ ਬੰਧਨਾਂ ਦੀ ਰਚਨਾ ਕਰਕੇ ਇਸ ਵਿਚ ਬੱਝਣਾ ਪਿਆ ਹੈ। ਮਨੁੱਖ ਸਮਾਜ ਉੱਤੇ ਨਿਰਭਰ ਹੈ, ਪਰੰਤੂ ਸਮਾਜ ਦੇ ਅਧੀਨ ਨਹੀਂ ਹੈ। ਸਮਾਜ ਵੀ ਆਪਣੇ ਵਿਕਾਸ ਲਈ ਮਨੁੱਖ ਉੱਤੇ ਨਿਰਭਰ ਹੈ। ਇਹ ਠੀਕ ਹੈ ਕਿ ਸਮਾਜਕ ਵਿਕਾਸ ਵਿਚ ਆਗੂ ਦਾ ਦਰਜਾ ਉਸੇ ਮਨੁੱਖ ਨੂੰ ਪ੍ਰਾਪਤ ਹੁੰਦਾ ਹੈ, ਜੋ ਸਮਾਜ ਨੂੰ ਠੀਕ ਰਸਤੇ ਉੱਪਰ ਲੈ ਜਾ ਰਿਹਾ ਹੈ, ਠੀਕ ਰਸਤਾ ਹੀ ਸਮਾਜ ਨੂੰ ਖ਼ੁਸ਼ਹਾਲੀ ਪ੍ਰਦਾਨ ਕਰਦਾ ਹੈ, ਅਤੇ ਸਦੀਵੀ ਖ਼ੁਸ਼ੀ ਅਤੇ ਆਨੰਦ ਦੀ ਅਵਸਥਾ ਪ੍ਰਦਾਨ ਕਰਦਾ ਹੈ। ਇਹ ਹਰ ਮਨੁੱਖ ਦਾ ਫ਼ਰਜ਼ ਹੈ। ਜਿਹੜਾ ਮਨੁੱਖ ਸਮਾਜ ਨੂੰ ਸਵਰਗ ਦੀ ਥਾਂ ਨਰਕ ਬਣਾਉਂਦਾ ਹੈ। ਉਸਨੂੰ ਬੇ ਅਕਲ ਅਤੇ ਅਗਿਆਨੀ ਕਿਹਾ ਜਾਂਦਾ ਹੈ:

ਅੰਧਾ ਆਗੂ ਜੇ ਥੀਐ ਕਿਉ ਪਾਧਰੁ ਜਾਣੈ ॥
ਆਪਿ ਮੁਸੈ ਮਤਿ ਹੋਛੀਐ ਕਿਉ ਰਾਹੁ ਪਛਾਣੈ ॥

( ਆਦਿ ਗ੍ਰੰਥ, ਪੰਨਾ 312)

ਉਸਦੇ ਟਾਕਰੇ ਤੇ ਉਸ ਮਨੁੱਖ ਦੀ ਵਡਿਆਈ ਕੀਤੀ ਹੈ , ਜਿਹੜਾ ਸਮਾਜ ਦੀ ਭਲਾਈ ਅਤੇ ਪੱਥ ਪ੍ਰਦਰਸ਼ਕ ਠੀਕ ਢੰਗ ਨਾਲ ਕਰਦਾ ਹੈ। ਉਸਨੂੰ ਗੁਰਮੁਖ (ਪਰਮ-ਮਨੁੱਖ) ਕਿਹਾ ਜਾਂਦਾ ਹੈ। ਜਿਹੜਾ ਹੰਕਾਰ ਛੱਡ ਕੇ ਗਿਆਨ ਦੁਆਰਾ ਸਮਾਜ ਦੀ ਉਸਾਰੀ ਅਤੇ ਵਿਕਾਸ ਵਿਚ ਹਿੱਸਾ ਪਾਉਂਦਾ ਹੈ।[1]

---

1. Kohli S.S. (Dr.) The Outlines of Sikh Thoughts, Page, 108

## (ੲ) ਮਨੁੱਖ ਅਤੇ ਮਨੁੱਖਤਾ

ਮਨੁੱਖ ਅਤੇ ਮਨੁੱਖਤਾਵਾਦ ਦਾਰਸ਼ਨਿਕ ਪੱਖ ਤੋਂ ਇਕ ਗੰਭੀਰ ਮਸਲਾ ਹੈ। ਮਨੁੱਖ ਨੂੰ ਮਨੁੱਖਤਾਵਾਦ ਤੋਂ ਵਗੈਰ ਅਸੀਂ ਮਨੁੱਖ ਦੇ ਨਾਤੇ ਮਨੁੱਖ ਕਹਿਣ ਤੋਂ ਵੀ ਪ੍ਰਹੇਜ਼ ਕਰਾਂਗੇ। ਮਨੁੱਖਤਾ ਵੀ ਮਨੁੱਖਤਾਵਾਦ ਉੱਤੇ ਹੀ ਨਿਰਭਰ ਹੈ। ਮਨੁੱਖਤਾਵਾਦ ਦੀ ਪਰੰਪਰਾ ਬਹੁਤ ਪੁਰਾਣੀ ਹੈ। ਜੇਕਰ ਇਹ ਕਹਿ ਲਈਏ ਕਿ ਇਹ ਇੰਨੀ ਪੁਰਾਣੀ ਹੈ, ਜਿੰਨੀ ਯੂਨਾਨੀ ਫਿਲਾਸਫੀ ਤਾਂ ਵੀ ਅਤਕਥਨੀ ਨਹੀਂ ਹੋਵੇਗੀ।

ਭਾਰਤੀ ਦਰਸ਼ਨ ਵਿਚ ਮਨੁੱਖਤਾਵਾਦ ਦੀ ਕਾਫ਼ੀ ਚਰਚਾ ਹੈ। ਸ਼ੁਰੂ ਵਿਚ ਮਨੁੱਖੀ ਭਲਾਈ ਦੀ ਸਮੱਸਿਆ ਰਸਮਾਂ, ਗੀਤਾਂ, ਮਨੁੱਖੀ ਭਾਵਨਾਵਾਂ ਨੂੰ ਵੇਦਾਂ ਗੀਤਾ ਅਤੇ ਦਰਸ਼ਨ ਸ਼ਾਸਤਰਾਂ ਵਿਚ ਪ੍ਰਗਟਾਇਆ ਗਿਆ ਹੈ।

ਜਦੋਂ ਇਕ ਮਨੁੱਖ ਦੂਜੇ ਮਨੁੱਖ ਦੇ ਦੁਖ ਦਰਦ ਨੂੰ ਪਛਾਣਦਾ ਹੈ, ਉਸਦੀ ਗਿਰਾਵਟ ਦਾ ਅਨੁਭਵ ਕਰਦਾ ਹੈ, ਉਸਦੀ ਮਾਨਸਿਕ ਅਤੇ ਧਾਰਮਿਕ ਉੱਨਤੀ ਲਈ ਯਤਨ ਕਰਦਾ ਹੈ, ਤਾਂ ਮਨੁੱਖਤਾ ਦਾ ਹਾਮੀ ਬਣਦਾ ਹੈ। ਅਸਲ ਵਿਚ ਵਿਅਕਤੀਆਂ ਦੇ ਆਪਸ ਵਿਚ ਅੰਦਰੂਨੀ ਇਕਸੁਰਤਾ ਰਖਣ ਵਾਲੇ ਸੰਬੰਧ ਦਾ ਨਾ ਮਾਨਵਵਾਦ ਹੈ। ਮਨੁੱਖਤਾਵਾਦ ਮਨੁੱਖ ਨੂੰ ਸੰਕੋਚ ਅਤੇ ਸੰਤੋਖ ਦੇ ਵਿਚਕਾਰਲੇ ਰਸਤੇ ਉੱਤੇ ਚਲਣ ਦੀ ਸਿੱਖਿਆ ਦਿੰਦੀ ਹੈ।

ਮਨੁੱਖਤਾਵਾਦ ਕਲਾਸੀਕਲ ਰਚਨਾ ਵਿਚ ਉੱਚ ਪੱਧਰੀ ਕੀਮਤਾਂ ਦੇ ਲਈ ਵਰਤਿਆ ਗਿਆ ਹੈ। ਅਨੁਸ਼ਾਸ਼ਨ ਬਧ ਜੀਵਨ ਜੀਉਣਾ ਅਤੇ ਜ਼ਿੰਦਗੀ ਨੂੰ ਠੀਕ ਢੰਗ ਨਾਲ ਜੀਣਾ ਹੀ ਮਨੁੱਖਤਾਵਾਦ ਹੈ। ਮਨੁੱਖਤਾਵਾਦ ਦਾ ਭਾਵ ਮਨੁੱਖਾਂ ਦੀ ਭਲਾਈ ਕਰਨਾ ਹੈ ਭਾਵੇਂ ਕਿਸੇ ਥਾਂ ਵੀ ਅਤੇ ਕਿਸੇ ਪ੍ਰਕਾਰ ਦੀ ਜ਼ਿੰਦਗੀ ਜੀ ਰਹੇ ਹੋਣ। ਮਨੁੱਖਤਾਵਾਦ ਇਕ ਅਜਿਹੀ ( Movement ) ਹੈ, ਜਿਹੜੀ ਕੇਵਲ ਮਨੁੱਖਤਾ ਦਾ ਹੀ ਅਧਿਐਨ ਹੈ।

ਸੰਖੇਪ ਵਿਚ ਕਹਿ ਸਕਦੇ ਹਾਂ ਕਿ ਇਹ ਸਾਰੀ ਮਨੁੱਖਤਾ ਸਾਰੇ ਸੰਸਾਰ ਵਿਚ ਹਰ ਪ੍ਰਕਾਰ ਦੀ ਖ਼ੁਸ਼ੀ ਅਤੇ ਭਲਾਈ ਲਈ ਇਕ ਦਰਸ਼ਨ ਹੈ। ਮਨੁੱਖਤਾਵਾਦ ਲਈ ਸਭ ਵਿਚ ਉੱਚ ਕੀਮਤਾਂ ਦਾ ਮਨੁੱਖਤਾ ਲਈ ਹੀ ਮਨੁੱਖਤਾਵਾਦ ਦਾ ਸੰਕਲਪ ਯੂਨਾਨੀ ਦਾਰਸ਼ਨਿਕ ਨੇ ਦਿੱਤਾ ਅਤੇ ਬਾਅਦ ਵਿਚ ਇਹ ਪੁੱਨਰ ਜਾਗ੍ਰਿਤੀ ਦੁਆਰਾ ਪੁੱਨਰ ਜਾਗ੍ਰਿਤ ਹੋ ਗਿਆ। ਇਸ ਵਿਚਾਰਧਾਰਾ ਅਨੁਸਾਰ ਮਨੁੱਖ ਆਪਣੇ ਜੀਵਨ ਵਿਚ ਸਵੈ ਨਿਰਭਰਤਾ ਰਖਦਾ ਹੈ। ਉਸਦਾ ਉਦੇਸ਼ ਜੀਵਨ ਪ੍ਰਤੀ ਦੀ ਪਉੜੀ ਚੜ੍ਹਨਾ ਹੈ, ਜਿਹੜੀ ਕਿ ਮਨੁੱਖ ਦੇ ਸਦਾਚਾਰ

---

1. EDWARD P. Cheyney (Dr.) The Philosophy of Humanism P, 9

ਅਤੇ ਸਾਥੀ ਮਨੁੱਖਾਂ ਨਾਲ ਸੰਬੰਧਾਂ ਵਿਚ ਤਾਲਮੇਲ ਪੈਦਾ ਕਰਕੇ ਪ੍ਰਾਪਤ ਕੀਤਾ ਜਾ ਸਕਦਾ ਹੈ। ਉਸਦਾ ਆਦਰਸ਼ ਮਨੁੱਖ ਦੀ ਪੂਰਣਤਾ ਹੈ ਅਤੇ ਇਸ ਲਈ ਇਹ ਸੰਸਾਰ ਦੀ ਮੁਖ ਰੁਚੀ ਹੈ ਅਤੇ ਇਸ ਤੋਂ ਪਰੇ ਕੁਝ ਵੀ ਨਹੀਂ। ਮਨੁੱਖ ਦਾ ਕਰਤਵ ਪਰਮਾਤਮਾ ਦੇ ਕਿਸੇ ਭੇਦ ਭਾਵ ਦੇ ਵਿਚਾਰਾਂ ਤੇ ਮਨੁੱਖਤਾ ਵਲ ਵਫ਼ਾਦਾਰੀ ਹੈ। ਜੇਕਰ ਮਨੁੱਖ ਵਿਚੋਂ ਮਨੁਖਤਾ ਦਾ ਅੰਸ਼ ਅਲੋਪ ਕਰ ਦਈਏ, ਤਾਂ ਮਨੁੱਖ ਨੂੰ ਮਨੁੱਖ ਕਹਿਣਾ ਵੀ ਸਭਿਅਕ ਦ੍ਰਿਸ਼ਟੀ ਤੋਂ ਬਹੁਤ ਹੀ ਘਟੀਆ ਸਮਝਿਆ ਜਾਵੇਗਾ।

ਅਜ ਜਦ ਸਾਰਾ ਸੰਸਾਰ ਈਰਖਾ ਅਤੇ ਵੈਰ ਭਾਵਨਾ ਦੀ ਅੱਗ ਵਿਚ ਸੜ ਰਿਹਾ ਹੈ, ਤਾਂ ਮਨੁੱਖਤਾ ਦਾ ਨਾਅਰਾ ਹੀ ਇਸਨੂੰ ਸ਼ਾਂਤ ਕਰ ਸਕਦਾ ਹੈ। ਮਨੁੱਖ ਦੀ ਕਦਰਾਂ ਕੀਮਤਾਂ ਦੀ ਉੱਨਤੀ ਅਤੇ ਮਨੁੱਖ ਦੀ ਭਲਾਈ ਦਾ ਆਦਰਸ਼ ਹੀ ਇਸ ਸਮੇਂ ਇਸਦਾ ਉਦੇਸ਼ ਹੋਣਾ ਚਾਹੀਦਾ ਹੈ। ਸਾਨੂੰ ਇਸ ਗੈਰ ਕਾਨੂੰਨੀ ਕਾਲ ਵਿਚ ਵੀ ਮਨੁੱਖ ਬਣਨ ਲਈ ਮਨੁੱਖਤਾ ਨੂੰ ਸੱਚੇ ਦਿਲੋਂ ਅਪਨਾਉਣਾ ਚਾਹੀਦਾ ਹੈ। ਸਾਡੇ ਵਿਚ ਅਜਿਹੇ ਆਦਮੀ ਪੈਦਾ ਕਰਨ ਦੀ ਭਾਵਨਾ ਪੈਦਾ ਹੋਵੇ। ਜਿਹੜੇ ਕੌਮ ਜਾਤੀ, ਅਤੇ ਧਰਮ ਦੀਆਂ ਵੰਡਾਂ ਨੂੰ ਮਨੁੱਖਤਾ ਦੇ ਆਦਰਸ਼ ਅਨੁਸਾਰ ਢਾਲਣ।[1]

ਮਨੁੱਖਤਾ ਇਕ ਅਜਿਹਾ ਧਰਮ ਹੈ, ਜਿਸਨੂੰ ਅਪਣਾਉਣ ਨਾਲ ਮਨੁੱਖ ਖੁਦ ਹੀ ਮਨੁੱਖ ਦੀ ਮਹਾਨਤਾ ਅਤੇ ਭਾਵਨਾਵਾਂ ਨੂੰ ਸਮਝਦਾ ਹੈ। ਉਸਨੂੰ ਗਿਆਨ ਹੋ ਜਾਂਦਾ ਹੈ। ਕਿ ਸੰਸਾਰ ਵਿਚ ਮਨੁੱਖਤਾ ਤੋਂ ਵੀ ਉੱਪਰ ਕੋਈ ਚੀਜ਼ ਨਹੀਂ। ਉਸਦੀ ਬੁੱਧੀ ਤਾਂ ਮਨੁੱਖਤਾ ਦਾ ਹੀ ਸਾਥ ਦੇਵੇਗੀ, ਭਾਵੇਂ ਉਸਦੇ ਸੰਵੇਗ ਕੁਝ ਵੀ ਕਰਨ ਨੂੰ ਤਿਆਰ ਹੋਣ। ਇਹ ਅਤਿਕਥਨੀ ਨਹੀਂ ਹੋਵੇਗਾ। ਕਿ ਅੱਜ ਦਾ ਯੁੱਗ ਮਨੁੱਖਤਾ ਦਾ ਯੁੱਗ ਹੈ। ਦਾਰਸ਼ਨਿਕ ਰੁਚੀਆਂ ਗਲਤ ਜਾਂ ਠੀਕ ਢੰਗ ਨਾਲ ਪਰਮਾਤਮਾ ਮਾਦਾ ਅਤੇ ਵਿਗਿਆਨ ਤੋਂ ਮਨੁੱਖ ਵਲ ਬਦਲ ਗਈਆਂ ਹਨ। ਭਿੰਨ ਭਿੰਨ ਰੁਚੀਆਂ ਦੇ ਅੰਤਰ ਦੇ ਬਾਵਜੂਦ ਸਭ ਦੀ ਇਕ ਹੀ ਰੁਚੀ ਹੈ ਅਤੇ ਉਹ ਰੁਚੀ ਹੈ ਮਨੁੱਖਤਾ ਦਾ ਅਪਨਾਉਣਾ ਅਤੇ ਪਰਚਾਰਨਾ। ਮਨੁੱਖਤਾ ਨੂੰ ਕਰਨੀ, ਕਥਨੀ ਅਤੇ ਵਿਚਾਰਾਂ ਦੁਆਰਾ ਪ੍ਰਚਾਰਿਆ ਜਾਵੇ ਤਾਂ ਕਿ ਕ੍ਰਿਤੀ ਮਨੁੱਖ ਲਈ ਪਿਆਰ ਅਤੇ ਜਾਲਿਮ ਮਨੁੱਖ ਲਈ ਘ੍ਰਿਣਾ ਦਾ ਬੀਜ਼ ਹਰ ਮਨੁੱਖ ਦੇ ਦਿਲ ਵਿਚ ਬੀਜਿਆ ਜਾ ਸਕੇ। ਮਨੁੱਖ ਅਤੇ ਮਨੁੱਖੀ ਕੀਮਤਾਂ ਉੱਤੇ ਜ਼ੋਰ ਦਿੰਦੇ ਹੋਏ ਕਹਿ ਸਕਦੇ ਹਾਂ ਕਿ ਮਨੁੱਖ ਨੂੰ ਦਰਸ਼ਨ ਸ਼ਾਸਤਰ

---

1. S.Radha Krishnan (Dr.) History of Philosophy, Eastern and Western, p. 214

ਤੋਂ ਅਣਗੌਲਿਆ ਨਹੀਂ ਕੀਤਾ ਜਾ ਸਕਦਾ। ਉਸਨੂੰ ਤਾਂ ਕੇਂਦਰ ਵਿਚ ਹੀ ਰਖਣਾ ਪੈਂਦਾ ਹੈ। ਮਨੁੱਖ ਅਤੇ ਉਸਦੀਆਂ ਮਨੁੱਖੀ ਕੀਮਤਾਂ ਪ੍ਰਾਰੰਭਿਕ ਹਨ ਅਤੇ ਉਨ੍ਹਾਂ ਦੀ ਆਰੰਭਕਤਾ ਕਿਸੇ ਵੀ ਦਰਸ਼ਨ ਸ਼ਾਸਤਰੀ ਤੋਂ ਮਾਨਵਤਾ ਪ੍ਰਾਪਤ ਕਰਨਾ ਹੈ।[1]

ਮਨੁੱਖਤਾ ਲਈ ਧਰਮ ਅਤੇ ਵਿਗਿਆਨ ਦਾ ਇਕ ਦੂਜੇ ਉੱਪਰ ਭਾਰੂ ਹੋਣਾ ਇਕ ਸਮੱਸਿਆ ਕਾਫ਼ੀ ਸਮੇਂ ਤੋਂ ਪ੍ਰਚਲਿਤ ਹੈ। ਪਰੰਤੂ ਅਸੀਂ ਇਸ ਗੱਲ ਨੂੰ ਮੰਨਣ ਤੋਂ ਇਨਕਾਰੀ ਹਾਂ। ਧਰਮ ਅਤੇ ਵਿਗਿਆਨ ਵਿਚ ਮਨੁੱਖਤਾ ਲਈ ਕੋਈ ਝਗੜਾ ਨਹੀਂ। ਜਦੋਂ ਮਨੁੱਖਤਾ ਦੁਨਿਆਵੀ ਆਤਮਿਕ ਵਿਚਾਰਧਾਰਾ ਨੂੰ ਸਵੀਕਾਰ ਕਰ ਰਹੀ ਹੈ, ਤਾਂ ਉਹ ਮਨੁੱਖਤਾ ਦੀਆਂ ਕਦਰਾਂ ਕੀਮਤਾਂ ਵੀ ਗ੍ਰਹਿਣ ਕਰ ਰਹੀ ਹੋਵੇਗੀ।[2] ਮਨੁੱਖੀ ਜੀਵਾਂ ਦੇ ਉਦੇਸ਼ ਕਦਰਾਂ, ਕੀਮਤਾਂ ਅਤੇ ਮਹਾਨਤਾ ਅਜਿਹੇ ਪਹਿਲੂ ਹਨ, ਜੋ ਇਸ ਧਰਤੀ ਉੱਪਰ ਬੜੀ ਮਹਾਨਤਾ ਰਖਦੇ ਹਨ। ਅਸਲ ਵਿਚ ਮਨੁੱਖਤਾ ਦਾ ਭਵਿੱਖ ਉੱਜਲ ਕਿਵੇਂ ਕੀਤਾ ਜਾਵੇ, ਜਦੋਂ ਕਿ ਮਨੁੱਖ ਦੀ ਦਸ਼ਾ ਬੜੀ ਭੈੜੀ ਹੈ ਅਤੇ ਉਸਦੀ ਮਨੁੱਖਤਾ ਦੀ ਦੀਵਾਰ ਪੈਰੂੰ ਖੈਰੂੰ ਹੋਈ ਪਈ। ਪਰੰਤੂ ਮਨੁੱਖਤਾ ਦੀ ਉੱਨਤੀ ਲਈ ਮਨੁੱਖ ਦਾ ਮਨੁਖੀਕਰਣ ਬੜਾ ਜ਼ਰੂਰੀ ਹੈ, ਜਿਹੜਾ ਉਸਦੇ ਮਨੁੱਖੀ ਵਿਕਾਸ ਲਈ ਹੀ ਹੋ ਸਕਦਾ ਹੈ। ਕਿਉਂਕਿ ਵਾਤਾਵਰਣ ਅਤੇ ਪ੍ਰਸਪਰ ਪ੍ਰਭਾਵ ਰਾਹੀਂ ਹੀ ਮਨੁੱਖ ਨੂੰ ਨੀਵੇਂ ਪੱਧਰ ਤੋਂ ਉਠਾ ਕੇ ਮਨੁੱਖਤਾ ਦੇ ਉੱਚੇ ਪੱਧਰ ਉਤੇ ਲਿਆ ਕੇ ਹੀ ਮਨੁੱਖ ਨੂੰ ਮਨੁੱਖਤਾ ਦੇ ਸਿੱਧਾਂਤ ਦੁਆਰਾ ਸਹੀ ਅਰਥਾਂ ਵਿਚ ਮਨੁੱਖ ਬਣਾਇਆ ਜਾਵੇ। ਯੂਨਾਨ ਦੇ ਫਿਲਾਸਫਰਾਂ ਅਤੇ ਭਾਰਤੀ ਮਤਾਂ ਮਤਾਂਤਰਾਂ ਨੇ ਵੀ ਮਨੁੱਖ ਨੂੰ ਸਭ ਤੋਂ ਉੱਚਾ ਮੰਨਿਆ।[3] ਮਨੁੱਖਤਾ ਤੋਂ ਭਾਵ ਕੇਵਲ ਕਿਸੇ ਇਕ ਮਨੁੱਖ ਦਾ ਸੁਖੀ ਹੋਣਾ ਨਹੀਂ, ਸਗੋਂ ਹਰ ਇਕ ਮਨੁੱਖ ਦੀ ਭਲਾਈ ਲਈ ਕਦਮ ਚੁਕਣਾ ਹੈ। ਮਨੁੱਖਤਾ ਦੇ ਸਭ ਨਾਇਕ ਜਿਵੇਂ ਬੁੱਧ, ਗੁਰੂ ਨਾਨਕ ਅਤੇ ਕ੍ਰਿਸ਼ਨ ਆਦਿ ਮਨੁੱਖਤਾ ਦੇ ਪਸਾਰ ਲਈ ਹੀ ਯਤਨ ਕਰਦੇ ਰਹੇ। ਇਕ ਬੇਮਿਸਾਲ ਮਨੁੱਖ ਹੀ ਮਨੁੱਖਤਾ ਦਾ ਨਮੂਨਾ ਹੈ।[4] ਮਨੁੱਖਤਾ ਲਈ ਸਦਾਚਾਰਕ ਜੀਵਨ ਬੜਾ ਜ਼ਰੂਰੀ ਬੜਾ ਜ਼ਰੂਰੀ ਹੈ। ਜਿਹੜਾ ਮਨੁੱਖ ਸਦਾਚਾਰੀ ਨਹੀਂ ਉਹ ਮਨੁੱਖਤਾ ਦੇ ਡੰਡੇ ਥਲੇ ਆ ਹੀ

---

1. Raju. P.T. (Dr.) <u>The Concept of Man</u>, P, 5 (In Introduction)
2. Radha Krishanan (Dr.) <u>The Recovery of Faith</u>, P, 412
3. B.Russel, <u>Human Society in Ethics and Politics</u>, P, 202
4. Radha Krishanan (Dr.) <u>An Idealist View of Life</u>, P, 207

ਨਹੀਂ ਸਕਦਾ, ਮਨੁੱਖੀ ਸੁਭਾ ਨੂੰ ਜਾਂਚਣ ਲਈ ਮਨੁੱਖ ਦੇ ਝੁਕਾਵਾਂ ਅਤੇ ਇਰਾਦਿਆਂ ਨੂੰ ਦ੍ਰਿਸ਼ਟੀ ਗੋਚਰ ਕਰਨਾ ਪੈਂਦਾ ਹੈ। ਸਦਾਚਾਰ ਹੀ ਮਨੁੱਖ ਨੂੰ ਚੰਗਾ ਮਨੁੱਖ ਬਣਾਉਣ ਭਾਵ ਮਨੁੱਖਤਾ ਦਾ ਆਦਰਸ਼ ਸਥਾਪਿਤ ਕਰਨ ਲਈ ਉਤਸਾਹਿਤ ਕਰ ਸਕਦਾ ਹੈ। ਉਹ ਨੇਕ ਮਨੁੱਖ, ਜਿਹੜੇ ਆਪਣੇ ਉੱਚੇ ਅਤੇ ਸੁੱਚੇ ਆਚਾਰ ਦੀ ਉਦਾਹਰਣ ਪੇਸ਼ ਕਰਦੇ ਮਨੁੱਖਤਾ ਦੀ ਸੇਵਾ ਵਿਚ ਆਪਣਾ ਆਪ ਕੁਰਬਾਨ ਕਰ ਦਿੰਦੇ ਹਨ। ਅਜਿਹੇ ਮਨੁੱਖ ਸੰਸਾਰ ਵਿਚ ਮਨੁੱਖਤਾ ਦੇ ਸਮਰਥਕ ਹੁੰਦੇ ਹੋਏ ਮਨੁੱਖਾਂ ਦਾ ਪੱਖ ਪ੍ਰਦਰਸ਼ਨ ਠੀਕ ਢੰਗ ਨਾਲ ਕਰ ਸਕਦੇ ਹਨ। ਭਾਰਤੀ ਦਰਸ਼ਨ ਦੀ ਕੇਂਦਰੀ THEME ਮਨੁੱਖ ਦੀ ਭਲਾਈ ਸੀ। ਵੈਦਿਕ ਸਾਹਿਤ ਵਿਚ ਮਨੁੱਖਤਾ ਦਾ ਅੰਸ਼ ਭਲੀ ਪ੍ਰਕਾਰ ਮਿਲਦਾ ਹੈ। ਦੇਵਤੇ ਘੋੜਿਆਂ ਦੁਆਰਾ ਖਿਚੇ ਜਾਣ ਵਾਲੇ ਰੱਥਾਂ ਵਿਚ ਆਏ ਅਤੇ ਉਨ੍ਹਾਂ ਨੇ ਮਨੁੱਖ ਦੀ ਭਲਾਈ ਅਤੇ ਖੁਸ਼ਹਾਲੀ ਲਈ ਪ੍ਰਾਰਥਨਾ ਕੀਤੀ। ਚਾਰੇ ਵੇਦ ਮਨੁੱਖ ਦੀ ਭਲਾਈ ਰੀਤੀ, ਰਿਵਾਜ ਅਤੇ ਭਾਵਨਾਵਾਂ ਨਾਲ ਸੰਬੰਧਿਤ ਸਨ। ਉਪਨਿਸ਼ਦ ਵਿਚ ਵੀ ਅਜਿਹੇ ਢੰਗ ਨੂੰ ਅਪਣਾਇਆ ਜੋ ਭੌਤਿਕਵਾਦ ਅਤੇ ਮਨੁੱਖ ਸਮਸਿਆਵਾਂ ਨੂੰ ਅਪਨਾਉਂਦਾ ਹੈ। ਦਰਸ਼ਨ ਸ਼ਾਸਤਰਾਂ ਵਿਚ ਵੀ ਲਿਖਿਆ ਹੈ ਕਿ ਜਿਹੜੇ ਭੌਤਿਕਵਾਦ ਅਤੇ ਮਨੁੱਖ ਸਮਸਿਆਵਾਂ ਨੂੰ ਅਪਨਾਉਂਦਾ ਹੈ। ਦਰਸ਼ਨ ਸ਼ਾਸਤਰਾਂ ਵਿਚ ਵੀ ਉਨ੍ਹਾਂ ਕੰਮਾਂ ਨੂੰ ਲਿਆ ਗਿਆ ਹੈ, ਜਿਹੜੇ ਭੌਤਿਕਵਾਦ ਅਤੇ ਮਨੁੱਖ ਦੀ ਮੁਕਤੀ ਦੀ ਸਮਸਿਆ ਨੂੰ ਦਰਸਾਉਂਦੇ ਹਨ। ਭਾਰਤੀ ਮਨੁੱਖਤਾ ਦੀ ਵਿਚਾਰਧਾਰਾ ਮਨੁੱਖ ਦੀ ਭੌਤਿਕ ਸਦਾਚਾਰਕ ਪਹੁੰਚ ਤਕ ਹੀ ਸੀਮਤ ਸੀ। ਮਹਾਤਮਾ ਬੁੱਧ ਵੀ ਮਨੁੱਖਤਾ ਦਾ ਹਾਮੀ ਸੀ, ਕਿਉਂਕਿ ਉਹ ਮਨੁੱਖ ਦੇ ਸਦਾਚਾਰਕ ਸਿੱਧਾਂਤਾਂ ਦਾ ਸਮਰਥਕ ਸੀ। ਗੀਤਾ, ਗਿਆਨ ਕਰਮ, ਵਿਸ਼ਵਾਸ ਅਤੇ ਪ੍ਰਸੰਨਤਾ ਦੇ ਮਨੁੱਖ ਦੇ ਸੰਕਲਪ ਨੂੰ ਦਰਸਾਉਂਦੀ ਹੈ। ਇਹ ਮਨੁੱਖ ਦੀ ਭਲਾਈ ਅਤੇ ਅਧਿਆਤਮਕ ਪੂਰਣਤਾ ਨੂੰ ਦਰਸਾਉਂਦੀ ਹੈ। ਪੱਛਮੀ [redacted] ਦਾਰਸ਼ਨਿਕ ਪਲੈਟੋ ਵੀ ਨੇਕੀ ਨੂੰ ਹੀ ਮਨੁੱਖਤਾ ਦਾ ਰੂਪ ਮੰਨਦਾ ਹੈ। ਉਸਦੀ ਮਨੁੱਖ ਦੀ ਭਲਾਈ ਪ੍ਰਤੀ ਬੜਾ ਹੀ ਰੁਚੀ ਸੀ ਅਤੇ ਇਹ ਉਸਦੀ ਰੁਚੀ ਅਤੇ ਮਨੁੱਖੀ ਕਦਰਾਂ ਕੀਮਤਾਂ ਸਦਕੇ ਹੀ ਉਹ ਲਗਭਗ ਦੋ ਹਜ਼ਾਰ ਵਰ੍ਹੇ ਤਕ ਦਰਸ਼ਨ ਸ਼ਾਸਤਰ ਉੱਤੇ ਛਾਇਆ ਰਿਹਾ।

ਇਹ ਕਹਿਣਾ ਗਲਤ ਨਹੀਂ ਕਿ ਅੱਜ ਦਾ ਯੁੱਗ ਮਨੁੱਖਤਾ ਦਾ ਯੁੱਗ ਹੈ। ਦਾਰਸ਼ਨਿਕ ਰੁਚੀਆਂ ਠੀਕ ਜਾਂ ਗਲਤ ਪਰਮਾਤਮਾ ਵਲੋਂ ਮਾਦੇ ਅਤੇ ਵਿਗਿਆਨ ਨਾਲੋਂ ਮਨੁੱਖ ਵਲ ਪ੍ਰੇਰਿਤ ਹੋ ਗਈਆਂ ਹਨ। ਮਨੁੱਖ ਨੂੰ ਕੋਈ ਦਰਸ਼ਨ ਵੀ ਅੱਖੋਂ ਉਹਲੇ ਨਹੀਂ ਕਰ ਸਕਦਾ। ਮਨੁੱਖ ਅਤੇ ਉਸਦੀਆਂ ਕਦਰਾਂ ਕੀਮਤਾਂ ਪਹਿਲਾਂ ਆਉਂਦੀਆਂ ਹਨ।

---

1. Raju P.T. (Dr.) The Concept of Man, Page, [illegible]

ਮਨੁੱਖਤਾ ਦਾ ਸਿੱਧਾਂਤ ਇਕ ਅਜਿਹਾ ਵਿਸ਼ਵਾਸ ਹੈ, ਜਿਹੜਾ ਕਿ ਮਨੁੱਖਤਾ ਦੇ ਧਰਮ ਉੱਤੇ ਆਧਾਰਿਤ ਹੈ। ਇਹ ਚਿੰਤਕਾਂ ਦੇ ਧਰਮ ਨੂੰ ਸੰਤੁਸ਼ਟ ਕਰਦਾ ਹੈ। ਇਸਦੇ ਆਰਾ ਦਾਰਸ਼ਨਿਕ ਮਨੁੱਖੀ ਕਦਰਾਂ ਕੀਮਤਾਂ ਨੂੰ ਅਪਨਾਉਂਦਾ ਪਰਖਦਾ ਅਤੇ ਪਰਿਣਾਮ ਕਰਦਾ ਹੈ। ਜਿਹੜੇ ਮਨੁੱਖ ਅਤੇ ਦਰਸ਼ਨ ਨੂੰ ਅਨਿਖੜ ਅੰਗ ਮੰਨਦੇ ਹਨ, ਉਹ ਮਨੁੱਖਤਾ ਨੂੰ ਸਚਾਈ ਤਕ ਕੇਵਲ ਇਕ ਪਹੁੰਚ ਹੀ ਸਮਝਦੇ ਹਨ। ਫਿਲਾਸਫ਼ੀ ਨੇ ਮਨੁੱਖੀ ਜੀਵਨ-ਸਿੱਧਾਂਤ ਨੂੰ ਇਕ ਗਾਈਡ ਦੇ ਤੌਰ ਤੇ ਦੇਣ ਦੀ ਕੋਸ਼ਿਸ਼ ਕੀਤੀ, ਪਰੰਤੂ ਇਹ ਆਪਣਾ ਉਦੇਸ਼ ਅਤੇ ਆਰੰਭਕ ਪੜਾ ਭੁਲ ਗਿਆ। ਉਹ ਮਨੁੱਖ ਜਿਸ ਲਈ ਇਹ ਕ੍ਰਿਆਵਾਂ ਸਨ। ਜਿਵੇਂ ਵੀ ਹੋਵੇ ਮਨੁੱਖਤਾ ਨੂੰ ਸਾਰੇ ਸੰਸਾਰ ਦੇ ਪ੍ਰਾਣੀਆਂ ਨੂੰ ਕਿਸੇ ਧਰਮ ਜਾਤੀ ਜਾਂ ਨਸਲ ਦੇ ਵਿਤਕਰੇ ਤੋਂ ਦੂਰ ਰਹਿ ਕੇ ਆਪਣੇ ਕਲਾਵੇ ਵਿਚ [illegible] ਲੈਣਾ ਚਾਹੀਦਾ ਹੈ। ਇਹ ਤਾਂ ਸਭ ਧਰਮ ਇਕ ਸਮਝ ਕੇ ਮਨੁੱਖੀ ਭਾਈਚਾਰੇ; ਦੀਆਂ ਜੜ੍ਹਾਂ ਲਗਾਵੇ। ਇਸਦਾ ਇਕ ਵਿਸ਼ੇਸ਼ ਪਹਿਲੂ ਇਹ ਹੈ ਕਿ ਇਹ ਮਨੁੱਖ ਦੀ ਭਲਾਈ ਅਤੇ ਉਸਦੀ ਉੱਨਤੀ ਹਿੱਤਾਂ ਮਨੁੱਖੀ ਕਦਰਾਂ ਕੀਮਤਾਂ ਦੀ ਉੱਨਤੀ ਉਸਦੇ ਆਪਣੇ ਯਤਨਾਂ ਦੁਆਰਾ ਚਾਹੁੰਦੀ ਹੈ। ਘਟ ਤੋਂ ਘਟ ਮਨੁੱਖ ਨੇ ਇਸ ਪੜਾ ਉੱਤੇ ਪੁੱਜ ਕੇ ਆਪਣੇ ਮਨੁੱਖਤਾ ਦੇ ਵਿਕਾਸ ਦੀ ਮੰਜਿਲ ਨੂੰ ਪਹਿਚਾਣਿਆ ਹੈ। ਵੱਖ ਵੱਖ ਦਾਰਸ਼ਨਿਕਾਂ ਨੇ ਮਨੁੱਖਤਾ ਦੇ ਸੰਕਲਪ ਨੂੰ ਆਪਣਾ ਕੇ ਮਨੁੱਖ ਨੂੰ ਉੱਚਾ ਚੁਕਣ ਲਈ ਅਣਥੱਕ ਯਤਨ ਕੀਤੇ ਹਨ। ਜਿਨ੍ਹਾਂ ਵਿਚ ਗੁਰੂ ਨਾਨਕ ਵੀ ਇਕ ਅਜਿਹੇ ਮਨੁੱਖਤਾਵਾਦੀ ਸਨ। ਜਦੋਂ ਮਨੁੱਖ ਮਨੁੱਖ ਦੇ ਦੁਖ ਦਰਦ ਨੂੰ ਪਛਾਣਦੇ ਹਨ, ਉਸਦੀ ਗਿਰਾਵਟ ਦਾ ਅਨੁਭਵ ਕਰਦੇ ਹਨ, ਤਾਂ ਉਸ ਨਾਲ ਪੂਰੀ ਹਮਦਰਦੀ ਕਰਦੇ ਹੋਏ ਵੀ ਉਸਦੀ ਅਧੋਗਤੀ ਨੂੰ ਨਿੰਦ ਕੇ ਉਸਨੂੰ ਆਪਣੇ ਦੈਵੀ ਸਰੂਪਾਂ ਨੂੰ ਪਛਾਨਣਾ ਦੀ ਪ੍ਰੇਰਨਾ ਦਿੰਦੇ ਹਨ। ਇਸ ਤਰ੍ਹਾਂ ਸਮਾਜ ਵਿਚ ਫੈਲੇ ਕੂੜ, ਕੁਸੱਤ, ਹਨੇਰ, ਠੱਗੀ, ਅਨਿਆਂ, ਜ਼ੁਲਮ, ਊਚ ਨੀਚ ਤੇ ਪਾਖੰਡ ਨੂੰ ਵੇਖਦੇ ਹਨ, ਤਾਂ ਉਹ ਸਮੁੱਚੇ ਸਮਾਜ ਤੇ ਸਮਾਜਕ, ਧਾਰਮਿਕ ਅਤੇ ਰਾਜਨੀਤਕ ਸੰਸਥਾਵਾਂ ਦੀਆਂ ਬੁਰਾਈਆਂ ਦਾ ਖੰਡਨ ਕਰਦੇ ਹੋਏ ਇਸਦੀ ਪਦਾਰਥਕ ਖ਼ੁਸ਼ਹਾਲੀ, ਮਾਨਸਿਕ ਅਰੋਗਤਾ ਅਤੇ ਆਤਮਿਕ ਉੱਚਤਾ ਦੀ ਕਾਮਨਾ ਤੇ ਕਲਪਨਾ ਕਰਦੇ ਹਨ ਤੇ ਪਾਠਕ ਨੂੰ ਇਕ ਪਰਮ ਉੱਤਮ ਸਮਾਜ ਸਿਰਜਣਾ ਦਾ ਰਾਹ ਸੁਝਾਉਂਦੇ ਹਨ ਤੇ ਪਾਠਕ ਨੂੰ ਇਕ ਪਰਮ ਉਤਮ ਸਮਾਜ ਸਿਰਜਣਾ ਦਾ ਰਾਹ ਸੁਝਾਉਂਦੇ ਹਨ ਇਸੇ ਲਈ ਅਜ ਕਲ ਦੀ ਦਾਰਸ਼ਨਿਕ ਸ਼ਬਦਾਵਲੀ ਵਿਚ ਗੁਰੂ ਨਾਨਕ ਦੇਵ ਜੀ ਨੂੰ ਇਕ ਮਹਾਨ ਮਨੁੱਖਤਾਵਾਦੀ ਆਗੂ ਮੰਨਿਆ ਹੈ। ਗੁਰੂ ਸਾਹਿਬ ਦਾ ਮਨੁੱਖਵਾਦ ਸੰਸਾਰ ਦੇ ਸਾਰੇ ਮਨੁੱਖਾਂ ਨੂੰ ਇਕ ਵਿਸ਼ੇਸ਼ ਭਾਈਚਾਰੇ ਦਾ ਅੰਗ ਮੰਨਦਾ ਹੈ। ਇਸਦੀ ਗਲਵਕੜੀ ਵਿਚ ਸਾਰੀ ਮਨੁੱਖਤਾ ਆ ਜਾਂਦੀ ਹੈ। ਮਾਰਕਸਵਾਦ ਵਾਂਗ ਇਹ ਖਲਕ ਦੀ ਪਦਾਰਥਕ ਖ਼ੁਸ਼ਹਾਲੀ ਨਾਲ ਸੰਬੰਧ ਰਖਦਾ

ਸਮਾਜ ਦੇ ਸਾਰੇ ਮੈਂਬਰਾਂ ਨੂੰ ਗੁੱਲੀ ਜੁੱਲੀ ਤੇ ਜੁੱਲੀ ਮੁਹੱਈਆਂ ਕਰਨਾ ਕਿਸੇ ਵੀ ਸਰਕਾਰ ਦਾ ਪਰਮ ਧਰਮ ਹੋਣਾ ਚਾਹੀਦਾ ਹੈ। ਪਰੰਤੂ ਪਦਾਰਥਕ ਖੁਸ਼ਹਾਲੀ ਅੰਤਮ ਲਕਸ਼ ਨਹੀਂ। ਗੁਰੂ ਨਾਨਕ ਦਾ ਮਨੁੱਖਤਾਵਾਦ ਇਸ ਤੋਂ ਅੱਗੇ ਇਕ ਮਹਾਨ ਨੈਤਿਕ ਅਨੁਸ਼ਾਸਨ ਪ੍ਰਦਾਨ ਕਰਦਾ ਹੈ ਅਤੇ ਆਤਮਿਕ ਪੱਧਰ ਉੱਤੇ ਮਨੁੱਖ ਦੇ ਵਿਕਾਸ ਦਾ ਰਾਹ ਦਰਸਾਉਂਦਾ ਹੈ।[1] ਜਿਹੜਾ ਕਿ ਉਸਨੂੰ ਮਨੁੱਖ ਦੇ ਪੱਧਰ ਤੋਂ ਉੱਚਾ ਉਠਾ ਕੇ ਇਕ ਪਰਮ-ਮਨੁੱਖ ਬਣਾਉਂਦੀ ਹੈ।

---

1. Kohli, S.S.(Dr.) Philosophy of Guru Nanak , P,167-68

## (ਸ) ਮਨੁੱਖ ਅਤੇ ਪਰਮ-ਮਨੁੱਖ

ਹਰ ਇਕ ਧਰਮ ਦਾ ਮੁਖ ਪ੍ਰਯੋਜਨ ਮਨੁੱਖ ਨੂੰ ਉੱਚਾ ਸੁੱਚਾ ਅਧਿਆਤਮਿਕ ਅਤੇ ਸਦਾਚਾਰਕ ਜੀਵਨ ਸਿਖਾ ਕੇ ਅਸਲ ਵਿਚ ਪਰਮ-ਮਨੁੱਖ ਬਣਾਉਣਾ ਹੈ। ਉਸਦੀ ਜਿੱਥੇ ਅਧਿਆਤਮਿਕ ਉਸਾਰੀ ਕਰਨੀ ਹੈ, ਉੱਥੇ ਸਦਾਚਾਰਕ ਤੌਰ ਤੇ ਵੀ ਉਸਨੂੰ ਮਨੁੱਖ ਦੇ ਆਮ ਪੱਧਰ ਤੋਂ ਉੱਚਾ ਉਠਾਉਣਾ ਹੈ। ਇਸ ਪਰਮ ਮਨੁੱਖ ਦੇ ਨਿਰਮਾਣ ਲਈ ਆਚਰਣਕ ਪਵਿੱਤਰਤਾ, ਆਤਮਿਕ ਪਵਿੱਤਰਤਾ ਅਤੇ ਮਾਨਸਿਕ ਸੰਤੁਲਨ ਉੱਤੇ ਜ਼ੋਰ ਦਿੱਤਾ ਗਿਆ ਹੈ। ਮਨੁੱਖ ਚਿੰਤਨਸ਼ੀਲ ਹੈ। ਇਸੇ ਲਈ ਉਹ ਆਦਿ ਤੋਂ ਪੂਰਣ ਜੀਵਨ ਲਈ ਪ੍ਰਯਤਨਸ਼ੀਲ ਰਹਿੰਦਾ ਹੈ। ਜਦੋਂ ਤਕ ਸਥਿਰ ਅਵਸਥਾ ਦੀ ਪ੍ਰਾਪਤੀ ਨਹੀਂ ਸਮਝਦਾ, ਉਦੋਂ ਤਕ ਉਹ ਪੂਰਣਤਾ ਪ੍ਰਾਪਤ ਨਹੀਂ ਕਰ ਲੈਂਦਾ। ਮਨੁੱਖ ਮਾਨਸਿਕ ਧੰਦਿਆਂ ਵਿਚ ਗ੍ਰਸਿਆ ਹੈ ਅਤੇ ਉਸਦੀ ਸੋਚਣ ਸ਼ਕਤੀ ਮੰਦੀ ਪੈ ਚੁਕੀ ਹੈ। ਉਹ ਦੁਨਿਆਵੀ ਬੁਰਾਈਆਂ ਵਿਚ ਜਕੜਿਆ ਹੋਇਆ ਹੈ ਅਤੇ ਇਨ੍ਹਾਂ ਤੋਂ ਛੁਟਕਾਰਾ ਪਾਉਣ ਲਈ ਅਤੇ ਪਰਮ-ਮਨੁੱਖ ਦੀ ਮੰਜ਼ਲ ਉੱਤੇ ਪੁੱਜਣ ਲਈ ਦਿਨ ਰਾਤ ਯਤਨ ਕਰ ਰਿਹਾ ਹੈ।

ਮਨੁੱਖ ਨੂੰ ਪਰਮ-ਮਨੁੱਖ ਬਣਾਉਣ ਦਾ ਯਤਨ ਭਾਰਤੀ ਧਾਰਮਿਕ ਪਰੰਪਰਾ ਦਾ ਇਕ ਅਤਿ ਜ਼ਰੂਰੀ ਮਸਲਾ ਰਿਹਾ ਹੈ। ਹਰ ਧਾਰਮਿਕ ਲਹਿਰ ਦੇ ਆਗੂ ਇਸ ਲਕਸ਼ ਦੀ ਪ੍ਰਾਪਤੀ ਲਈ ਅਣਥਕ ਕਰਦੇ ਰਹੇ ਹਨ। ਪਰਮ-ਮਨੁੱਖ ਬਣਨ ਲਈ ਵੱਖ ਵੱਖ ਭਾਰਤੀ ਧਾਰਮਿਕ ਪਿੜ ਵਿਚ ਸਮੇਂ ਸਮੇਂ ਵੱਖ ਵੱਖ ਧਰਮਾਂ ਦੇ ਸਾਧਨਾ ਮਾਰਗ ਪ੍ਰਚਲੱਤ ਰਹੇ ਹਨ। ਬੁੱਧ ਧਰਮ ਵਿਚ ਅਜੇਹੇ ਪੂਰਣ ਵਿਅਕਤੀ ਲਈ ਅਸ਼ਟਾਂਗ ਮਾਰਗ ਅਪਣਾਉਣ ਵਾਲੇ ਵਿਅਕਤੀ ਨੂੰ ਭਿਕਸ਼ੂ ਅਤੇ ਜੈਨ ਧਰਮ ਵਿਚ ਮੁਨੀ, ਤੇ ਯੋਗ ਮਤ ਵਿਚ ਉੱਚ ਅਵਸਥਾ ਨੂੰ ਪੁੱਜੇ ਵਿਅਕਤੀ ਨੂੰ ਨਾਥ ਸ਼ਬਦ ਵਰਤਿਆ ਹੈ। ਗੀਤਾ ਵਿਚ ਸਥਿਤ ਪ੍ਰਗਯ, ਕਰਮ ਯੋਗ ਅਤੇ ਸੰਨਿਆਸੀ ਆਦਿ ਆਤਮਿਕ ਉੱਨਤੀ ਤੇ ਪੁੱਜੇ ਅਜਿਹੇ ਵਿਅਕਤੀ ਲਈ ਇਹ ਸ਼ਬਦ ਵਰਤਿਆ ਹੈ। ਜੋ ਪ੍ਰਾਣੀ ਮਨ ਵਿਚ ਸਥਿੱਤ ਸੰਪੂਰਨ ਕਾਮਨਾਵਾਂ ਦਾ ਤਿਆਗ ਕਰ ਦਿੰਦਾ ਹੈ। ਅਤੇ ਆਤਮਾ ਨਾਲ ਆਤਮਾ ਵਿਚ ਸੰਤੁਸ਼ਟ ਹੋ ਜਾਂਦਾ ਹੈ। ਉਹ ਸਥਿੱਤ ਪ੍ਰਗਯ ਅਰਥਾਤ ਸਥਿਰ ਬੁੱਧੀ ਵਾਲਾ ਹੈ।[1] ਸੂਫ਼ੀ ਮੱਤ ਵਿਚ ਇਨਸਾਨ ਕਾਮਿਲ ਦੀ ਕਲਪਨਾ ਸਰਬ ਉੱਚ ਹੈ ਅਤੇ ਮਨੁੱਖ ਅਤੇ ਪਰਮਾਤਮਾ ਇਕ ਪੂਰਣ ਮਨੁੱਖ ਵਿਚ ਇਕ ਹੋ ਜਾਂਦੇ ਹਨ।[2]

---

1. Gita , Page, 158

2. Tara Chand(Dr.) Influence of Islam on Indian Culture P, 168

ਆਧੁਨਿਕ ਚਿੰਤਨ ਸ੍ਰੀ ਅਰਬਿੰਦ ਨੇ ਪੂਰਣ ਮਨੁੱਖ ਲਈ ਪਰਮ-ਮਨੁੱਖ ਸ਼ਬਦ ਵਰਤਿਆ ਹੈ, ਜਿਸਨੂੰ ਸੁਪਰ ਮੈਨ ਕਿਹਾ ਹੈ।[1]

ਪਰਮਾਤਮਾ ਰੂਪੀ ਮਨੁੱਖ ਤੋਂ ਭਾਵ ਗੌਤਮ ਬੁਧ, ਈਸਾ, ਮਸੀਹ ਆਦਿ ਪੂਰਣ ਮਨੁੱਖ ਹੈ, ਜੋ ਪਰਮ ਪਦ ਪ੍ਰਾਪਤ ਕਰ ਲੈਂਦਾ ਹੈ।[2]

ਪੂਰਣ ਮਨੁੱਖ ਉਸ ਵਿਅਕਤੀ ਨੂੰ ਕਹਿ ਸਕਦੇ ਹਾਂ, ਜਿਹੜਾ ਉਸ ਪ੍ਰਭੂ ਨਾਲ ਅਭੇਦ ਹੋ ਗਿਆ ਹੋਵੇ। ਸੂਫ਼ੀ ਸਿੱਧਾਂਤ ਅਨੁਸਾਰ ਪੂਰਣ ਮਨੁੱਖ ਨੂੰ ਔਲੀਆ ਜਾਂ ਵਲੀ ਕਹਿੰਦੇ ਹਨ। ਵਲੀ ਇਕ ਮੁਸਲਮਾਨ ਸੰਤ ਹੁੰਦਾ ਹੈ, ਜਿਹੜਾ ਪੈਗੰਬਰ ਜਾਂ ਰਸੂਲ ਤੋਂ ਅਧਿਆਤਮਿਕ ਪੱਧਰ ਤੇ ਅੱਗੇ ਹੋਵੇ। ਗੁਰੂ ਨਾਨਕ ਵੀ ਵਲੀ ਜਾਂ ਪੈਗੰਬਰ ( category) ਸ਼੍ਰੇਣੀ ਵਿਚ ਆਉਂਦੇ ਹਨ। ਉਹ ਵੀ ਧਾਰਮਿਕ ਦ੍ਰਿਸ਼ਟੀ ਤੋਂ ਸਿੱਖਾਂ ਦੇ ਪੈਗੰਬਰ ਸਨ।[3]

ਪਰਮ-ਮਨੁੱਖ ਜ਼ਰੂਰੀ ਤੌਰ ਤੇ ਇਕ ਤਰਸ ਵਾਲਾ, ਸਪਸ਼ਟ ਮਨ ਅਤੇ ਡੂੰਘੇ ਪ੍ਰਭਾਵ ਵਾਲਾ ਵਿਅਕਤੀ ਹੁੰਦਾ ਹੈ। ਜਦੋਂ ਸਪਰਿਟ ਦਾ ਪ੍ਰਕਾਸ਼ ਪਦਾਰਥ, ਜੀਵ ਅਤੇ ਬੁੱਧੀ ਵਿਚ ਹੋ ਜਾਂਦਾ ਹੈ, ਤਾਂ ਉਸ ਵਿਚ ਮਨੁੱਖ ਉਚ ਸਤਰ, ਜੀਵ ਚੇਤਨਤਾ ਅਤੇ ਪਰਮ ਚੇਤਨਤਾ ਵਲ ਪ੍ਰਗਤੀ ਕਰ ਸਕਦਾ ਹੈ।[4] ਇਹ ਆਤਮਾ ਦਾ ਵਿਕਾਸ ਉਦੋਂ ਤਕ ਚਲਦਾ ਹੈ, ਜਦ ਤਕ ਮਨੁੱਖ ਉਸ ਵਿਚ ਅਵਸਥਾ ਵਿਚ ਨਹੀਂ ਪੁੱਜ ਜਾਂਦਾ। ਜਿੱਥੇ ਪੁੱਜ ਕੇ ਪਰਮ-ਮਨੁੱਖ ਦੀ ਪਦਵੀ ਪ੍ਰਾਪਤ ਕਰਦਾ ਹੈ। ਉਸਨੇ ਅਧਿਆਤਮਿਕ ਯੋਗ ਦੀਆਂ ਤਿੰਨ ਸਟੇਜਾਂ ਦਾ ਵਰਣਨ ਕੀਤਾ ਹੈ। ਪਹਿਲੀ ਸਟੇਜ ਹੈ ਆਤਮ ਸਮਰਪਣ ਦਾ ਸੰਕਲਪ ਦੂਸਰੀ ਸਟੇਜ ਹੈ ਆਪਣੇ ਆਪ ਨੂੰ ਪਾਸੇ ਕਰਕੇ ਆਪਣੇ ਅੰਦਰ ਦੈਵੀ ਸ਼ਕਤੀ ਦੀ ਖੇਡ ਨੂੰ ਵੇਖਣਾ ਅਤੇ ਤੀਸਰੀ ਸਟੇਜ ਸਭ ਨੂੰ ਪਰਮਾਤਮਾ ਦਾ ਰੂਪ ਸਮਝਣਾ ਹੈ। ਜਦੋਂ ਮਨੁੱਖ ਦੇ ਆਪੇ ਦੀ ਸੁਧਾਈ ਹੋ ਜਾਂਦੀ ਹੈ, ਮਨ ਦੀ ਮੈਲ ਲੱਥ ਜਾਂਦੀ ਹੈ, ਤਾਂ ਮਨ ਪਰਮ ਚੇਤਨਤਾ ਨੂੰ ਪਹੁੰਚ ਜਾਂਦਾ ਹੈ। ਹੁਣ ਵਿਅਕਤੀ ਦਾ ਪੁੱਨਰ ਨਿਰਮਾਣ ਹੁੰਦਾ ਹੈ ਅਤੇ ਮਨੁੱਖ ਆਤਮ ਵੇਦਾ ਦੀ ਅਵਸਥਾ ਪ੍ਰਾਪਤ ਕਰ ਲੈਂਦਾ ਹੈ ਉਹ ਪੂਰਣਭਾਂਤ ਰੂਹਾਨੀ ਮਨੁੱਖ ਬਣ ਜਾਂਦਾ ਹੈ।[5]

---

1. Arvind, The Superman, P, 9
2. Radha Krishana, The Recovery of Faith, P, 163
3. Darshan Singh (Dr.) Religion of Guru Nanak, Pa, 27
4. Inder Sain (Dr.) Integral Man, Page, 42
5. Sir Arbind, Life Divine, P, 882

ਇਸਲਾਮ ਧਰਮ ਵਿਚ ਇਨਸਾਨ ਕਾਮਿਲ ਜਾਂ ਪੂਰਣ ਮਨੁੱਖ ਦੀ ਕਲਪਨਾ ਸਰਬ ਉਚ ਮੰਨੀ ਗਈ ਹੈ। ਕੁਰਾਨ ਵਿਚ ਮਨੁੱਖ ਨੂੰ ਸਰਬ ਸ੍ਰੇਸ਼ਟ ਕਿਹਾ ਗਿਆ ਹੈ। ਕਿਉਂਕਿ ਉਸਨੂੰ ਖੁਦਾ ਨੇ ਬੁੱਧੀ, ਗਿਆਨ ਅਤੇ ਇੱਛਾ ਸ਼ਕਤੀ ਪ੍ਰਦਾਨ ਕੀਤੀ ਹੈ। ਪੂਰਣ ਮਨੁੱਖ ਉਹ ਮਨੁੱਖ ਹੈ, ਜੋ ਸੰਸਾਰਕ ਸੁਖ, ਸੰਪਤੀ ਅਤੇ ਮਾਣ ਆਦਿ ਦਾ ਤਿਆਗ ਕਰਕੇ, ਉਸਦੀ ਸਾਧਨਾ ਪਰਮ-ਸੱਤ ਵਿਚ ਲੀਨ ਹੋਣ ਲਈ ਹੁੰਦੀ ਹੈ। ਇਸ ਮਾਰਗ ਉੱਤੇ ਚਲਣ ਵਾਲੇ ਨੂੰ ਸਾਲਿਕ ਕਿਹਾ ਜਾਂਦਾ ਹੈ। ਮੁਸਲਮਾਨਾਂ ਵਿਚ ਪ੍ਰਚਲੱਤ ਸੂਫੀ ਅਧਿਆਤਮਿਕ ਸ਼ਬਦਾਵਲੀ ਅਨੁਸਾਰ ਸਾਲਕ ਦੀਆਂ ਚਾਰ ਅਵਸਥਾਵਾਂ ਮੰਨੀਆਂ ਗਈਆਂ ਹਨ। ਸਰੀਅਤ ਅਰਥਾਤ ਧਰਮ ਗ੍ਰੰਥਾਂ ਦੇ ਵਿਧੀ ਨਿਸ਼ੇਧ ਦਾ ਪਾਲਣ ਹੈ। ਤਰੀਕਤ ਹਿਰਦੇ ਦੀ ਸ਼ੁਧਤਾ ਦੁਆਰਾ ਪਰਮ-ਸੱਤ ਉੱਤੇ ਧਿਆਨ ਕੇਂਦ੍ਰਤ ਕਰਨਾ ਹੈ। ਹਕੀਕਤ ਅਵਸਥਾ ਵਿਚ ਪਰਮ-ਸੱਤਾ ਦਾ ਪੂਰਣ ਗਿਆਨ ਹਾਸਲ ਹੁੰਦਾ ਹੈ ਅਤੇ ਫਿਰ ਇਸ ਤੋਂ ਪਿਛੋਂ ਮਾਰਫਤ ਅਵਸਥਾ ਹੈ, ਜਿਸ ਵਿਚ ਸਾਲਿਕ ਦੀ ਆਤਮਾ ਪਰਮਾਤਮਾ ਵਿਚ ਲੀਨ ਹੋਣ ਦੇ ਯੋਗ ਹੋ ਜਾਂਦੀ ਹੈ। ਅਜਿਹਾ ਆਦਰਸ਼-ਮਨੁੱਖ ( ਪਰਮ-ਮਨੁੱਖ ) ਬਣਨ ਲਈ ਮਹਾਤਮਾ ਬੁੱਧ ਨੇ ਅਸ਼ਟ ਮਾਰਗ ਉੱਤੇ ਚਲਣ ਦਾ ਉਪਦੇਸ਼ ਦਿੱਤਾ ਅਤੇ ਯਸੂ ਮਸੀਹ ਨੇ ਇਸ ਦੁਨੀਆਂ ਵਿਚ ਰੱਬ ਦੀ ਬਾਦਸ਼ਾਹਤ ਕਾਇਮ ਕਰਨ ਲਈ ਈਸਾਈਅਤ ਦੇ ਗੁਣਾਂ ਦੇ ਧਾਰਨੀ ਮਨੁੱਖ ਦੀ ਕਲਪਨਾ ਕੀਤੀ ਹੈ। ਇਸੇ ਤਰ੍ਹਾਂ ਇਸਲਾਮ ਧਰਮ ਦੇ ਮੋਢੀ ਹਜ਼ਰਤ ਮੁਹੰਮਦ ਸਾਹਿਬ ਨੇ ਵੀ ਆਪਣੇ ਧਰਮ ਦਾ ਮਹਿਲ ਪੰਜ ਥੰਮਾਂ ਉੱਤੇ ਖੜਾ ਕਰਨ ਲਈ ਮਨੁੱਖ ਨੂੰ ਸੱਚਾ ਮੁਸਲਮਾਨ ( ਪੂਰਣ-ਮਨੁੱਖ) ਅਰਥਾਤ ਪਰਮ-ਮਨੁੱਖ ਬਣਨ ਲਈ ਹੇਠ ਲਿਖੇ ਅਸੂਲ ਅਪਨਾਉਣ ਦੀ ਪ੍ਰੇਰਨਾ ਦਿੱਤੀ।

1. ਇਕੋ ਅੱਲਾ ਉੱਤੇ ਭਰੋਸਾ ਰੱਖੋ।
2. ਕੁਰਾਨ ਸ਼ਰੀਫ ਇਕ ਪਵਿੱਤਰ ਪੁਸਤਕ ਮੰਨਣਾ ।
3. ਪਵਿੱਤਰ ਜੀਵਨ ਬਤੀਤ ਕਰਨਾ ।
4. ਅੱਲਾ ਦੇ ਹੁਕਮ ਅਨੁਸਾਰ ਚਲਣਾ ।
5. ਗਰੀਬਾਂ ਦੀ ਸਹਾਇਤਾ ਕਰਨੀ ।

ਇਹੋ ਜਿਹੇ ਬਹੁਮੁੱਲੇ ਅਸੂਲਾਂ ਦੁਆਰਾ ਲੋਕਾਂ ਏਕਤਾ, ਭਰਾਤਰੀਅਤਾ ਸੇਵਾ ਭਾਵ ਅਤੇ ਨਿਰਮਾਣ ਦੇ ਗੁਣ ਆ ਗਏ। ਆਦਰਸ਼ਕ-ਮਨੁੱਖ ਅਤੇ ਆਦਰਸ਼ਕ ਸਮਾਜ ਦੇ ਵਿਕਾਸ ਵਿਚ ਨਾ ਕੇਵਲ ਹਿੰਦੂ ਮਤ, ਬੁੱਧ ਮਤ, ਈਸਾਈ ਮਤ ਅਤੇ ਇਸਲਾਮ ਮਤ ਨੇ, ਸਗੋਂ ਸੁਕਰਾਤ ਅਤੇ ਪਲੈਟੋ ਜੈਸੇ ਚਿੰਤਕਾਂ ਨੇ ਵੀ ਯੋਗਦਾਨ ਪਾਇਆ । ਜੀਵਨ ਵਿਚ ਸਦਗੁਣ ਅਤੇ ਸੁਦੱਜੀਆਂ ਕੀਮਤਾਂ ਹੀ ਮਨੁੱਖ ਦੇ ਆਦਰਸ਼ਕ ਜੀਵਨ ਅਤੇ ਆਦਰਸ਼ਕ ਸਮਾਜ ਦੀ ਬੁਨਿਆਦ

ਹਨ ਜਿਹੜੀਆਂ ਆਦਰਸ਼ਕ-ਮਨੁੱਖ ( ਪਰਮ-ਮਨੁੱਖ ) ਬਣਨ ਲਈ ਆਧਾਰ ਸ਼ਿਲਾ ਦਾ ਕੰਮ ਕਰਦੀਆਂ ਹਨ। ਗੁਰੂ ਨਾਨਕ ਨੇ ਵੀ ਆਪਣੀ ਰਚਨਾ ਵਿਚ ਇਕ ਅਜਿਹੇ ਪਰਮ-ਮਨੁੱਖ ਦਾ ਸਰੂਪ ਪੇਸ਼ ਕੀਤਾ। ਜਿਸਦੇ ਚਰਿਤਰ ਤੋਂ ਪ੍ਰੇਰਨਾ ਲੈ ਕੇ ਹੋਰ ਮਨੁੱਖ ਵੀ ਆਪਣਾ ਜੀਵਨ ਸੁੱਚਾ ਅਤੇ ਉੱਤਮ ਬਣਾ ਸਕਣ। ਉਹ ਪਰਮ-ਮਨੁੱਖ ਕਿਹੋ ਜਿਹਾ ਹੋਵੇ ਅਸੀਂ ਗੁਰੂ ਨਾਨਕ ਬਾਣੀ ਦੇ ਆਧਾਰ ਤੇ ਵਿਸਥਾਰਪੂਰਵਕ ਚਰਚਾ ਕਰਾਂਗੇ। ਸਿੱਧਾਂ ਦਾ ਆਦਰਸ਼ ਮਨੁੱਖ ਅਜਿਹਾ ਵਿਅਕਤੀ ਸੀ, ਜੋ ਘਰ ਬਾਰ ਅਤੇ ਸੰਸਾਰਕ ਜੀਵਨ ਦਾ ਤਿਆਗ ਕਰ ਦੇਵੇ, ਜੋ ਨਿਸਚਿਤ ਕਸਰਤਾਂ ਅਤੇ ਜਿਸਮਾਨੀ ਤਪੱਸਿਆਵਾਂ ਸਾਧੇ ਅਤੇ ਇਕ ਮਹਾਂ-ਸੰਨਿਆਸੀ ਦਾ ਅੰਗ ਬਣ ਜਾਵੇ। ਗੁਰੂ ਨਾਨਕ ਸਾਹਿਬ ਦੀ ਇਸ ਨਾਲ ਸਹਿਮਤੀ ਨਹੀਂ ਸੀ ਉਨ੍ਹਾਂ ਅਨੁਸਾਰ ਆਦਰਸ਼ ਆਚਰਨ ਅਤੇ ਨਿਰੇਪਤਾ ਦਾ ਜੀਵਨ ਜੀਉਣਾ ਹੀ ਆਦਰਸ਼-ਮਨੁੱਖ ( ਪਰਮ-ਮਨੁੱਖ) ਦੀ ਵਿਸ਼ੇਸ਼ਤਾ ਹੈ। ਸੰਸਾਰ ਦੇ ਮਹਾਨ ਵਿਚਾਰਵਾਨਾਂ ਨੇ ਜਿਸ ਵਿਅਕਤੀ ਵਿਚ ਆਪਣੇ ਦੁਆਰਾ ਨਿਰਧਾਰਤ ਆਦਰਸ਼ਾਂ ਦੀ ਅਰੋਪਣ ਕੀਤਾ ਹੈ, ਉਸਨੂੰ ਕੋਈ ਨਾ ਕੋਈ ਵਿਸ਼ੇਸ਼ ਨਾਂ ਅਵੱਸ਼ ਪ੍ਰਦਾਨ ਕੀਤਾ ਹੈ। ਕੋਈ ਉਸਨੂੰ ਉੱਤਮ ਮਨੁੱਖ ਕਹਿੰਦਾ ਹੈ। ਕੋਈ ਉਸਨੂੰ ਉੱਚ ਆਤਮਿਕ ਮਨੁੱਖ ਕਹਿੰਦਾ ਹੈ, ਕੋਈ ਉਸਨੂੰ ਆਦਰਸ਼ਕ ਮਨੁੱਖ ਕਹਿੰਦਾ ਹੈ। ਗੁਰੂ ਨਾਨਕ ਬਾਣੀ ਵਿਚ ਅਜਿਹੇ ਮਨੁੱਖ ਨੂੰ ਪਰਮ-ਮਨੁੱਖ ਕਿਹਾ ਜਾਂਦਾ ਹੈ। ਉਨ੍ਹਾਂ ਨੇ ਪਰਮ-ਮਨੁੱਖ ਦੀ ਕਲਪਨਾ ਦਾ ਸਪਸ਼ਟ ਪਰਿਚਯ ਸਿੱਧ ਗੋਸ਼ਟੀ ਵਿਚ ਜੋਗੀਆਂ ਨੂੰ ਆਦਰਸ਼ ਜੋਗੀ ਬਣਨ ਵਿਚਉਪਦੇਸ਼ ਦਿੱਤਾ ਹੈ। ਜਿਵੇਂ ਜਲ ਵਿਚ ਰਹਿੰਦੇ ਹੋਏ ਕਮਲ ਦਾ ਫੁੱਲ ਨਿਰਲਿਪਤ ਰਹਿੰਦਾ ਹੈ ਅਤੇ ਮੁਰਗਾਬੀ ਨਦੀ ਦੇ ਪਾਣੀ ਵਿਚ ਤਰਦੀ ਵੀ ਅਣਭਿਜ ਰਹਿੰਦੀ ਹੈ। ਉਸੇ ਤਰ੍ਹਾਂ ਪਰਮ-ਮਨੁੱਖ ਵੀ ਸੁਰਤ ਨੂੰ ਸ਼ਬਦ ਵਿਚ ਟਿਕਾ ਕੇ ਮਾਇਆ ਦੇ ਪ੍ਰਭਾਵ ਤੋਂ ਮੁਕਤ ਹੁੰਦਾ ਹੋਇਆ ਲਗਭਗ ਭਵਸਾਗਰ ਤਰ ਜਾਂਦਾ ਹੈ।ਜਿਵੇਂ:-

ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈਸਾਣੈ॥
ਸਬਦ ਭਵ ਸਾਗਰ ਤਰੀਐ ਨਾਨਕ ਨਾਮ ਵਖਾਣੈ ।।

( ਆਦਿ ਗ੍ਰੰਥ, ਪੰਨਾ 945)

ਗੁਰੂ ਨਾਨਕ ਦਾ ਪਰਮ-ਮਨੁੱਖ ਕੇਵਲ ਆਪਣੀ ਉੱਨਤੀ ਅਥਵਾ ਮੁਕਤੀ ਨਾਲ ਸੰਤੁਸ਼ਟ ਨਹੀਂ,ਉਹ ਤਾਂ ਇਕ ਸਮਾਜਿਕ ਪ੍ਰਾਣੀ ਹੈ। ਉਹ ਆਪਣੇ ਜਨਮ ਨੂੰ ਤਦ ਹੀ ਸਫਲ ਸਮਝਦਾ ਹੈ, ਜੇਕਰ ਮੁਕਤੀ ਦੇ ਨਾਲ ਨਾਲ ਸੰਗਤ ਅਤੇ ਕੁਲ ਨੂੰ ਵੀ ਭਵ ਸਾਗਰ ਤਰਨ ਵਿਚ ਸਹਾਇਤਾ ਅਤੇ ਸਹਿਯੋਗ ਦੇ ਸਕੇ। ਗੁਰੂ ਜੀ ਫੁਰਮਾਉਂਦੇ ਹਨ:-

ਐਸੇ ਜਨ ਵਿਰਲੇ ਸੰਸਾਰ ।।
ਗੁਰ ਸ਼ਬਦ ਵਿਦਾਰਹਿ ਰਹਹਿ ਨਿਰਾਰੇ ॥
ਆਪ ਤਰਹਿ ਸੰਗਤਿ ਕੁਲ ਤਾਰਹਿ, ॥
ਤਿਨ ਸਫਲ ਜਨਮੁ ਜਗਿ ਆਇਆ ॥

( ਆਦਿ ਗ੍ਰੰਥ, ਪੰਨਾ 1[illegible]10)

ਗੁਰੂ ਨਾਨਕ ਦਾ ( ਪਰਮ-ਮਨੁੱਖ) ਆਦਰਸ਼ ਮਨੁੱਖ ਤੋਂ ਭਾਵ ਨਿਰਮਤਾ ਦਯਾ ਪਰਮਾਤਮਾ ਪ੍ਰਤੀ ਸੱਚੀ ਸ਼ਰਧਾ ਨੇਕੀ ਅਤੇ ਸੱਚੀ ਕ੍ਰਿਤ ਕਰਨ ਵਾਲਾ ਵਿਅਕਤੀ ਸੀ। ਗੁਰੂ ਨਾਨਕ ਨੇ ਇਸੇ ਤਰ੍ਹਾਂ ਕੀਤਾ ਅਤੇ ਸਿੱਖ ਨੇ ਵੀ ਇਸੇ ਤਰ੍ਹਾਂ ਕਰਨਾ ਹੈ। ਜਿਨ੍ਹਾਂ ਕਿਰਤੀਆਂ ਕਾਮਿਆਂ ਨੂੰ ਪਾਦਰੀ ਅਤੇ ਪ੍ਰੋਹਤ ਸਿਰਜਿਆ ਅਤੇ ਮੰਦਰਾਂ ਦੀ ਮਹਾਨਤਾ ਦਸ ਦਸ ਕੇ ਬਹਿਸ਼ਤ ਦੋਜ਼ਖ ਦੇ ਭਰਮਾਂ ਦੇ ਵਿਚ ਪਾਈ ਰਖਦੇ ਹਨ, ਉਥੇ ਉਨ੍ਹਾਂ ਨੂੰ ਤਸੱਲੀ ਦੇ ਕੇ ਗੁਰੂ ਜੀ ਸੱਚੇ ਸ਼ਬਦਾਂ ਵਿਚ ਪਰਮ-ਮਨੁੱਖ ਬਣਨ ਦੀ ਪ੍ਰੇਰਨਾ ਇੰਜ ਦਿੰਦੇ ਹਨ:-

ਅਮਲ ਕਰ ਧਰਤੀ ਬੀਜ ਸ਼ਬਦੋ, ਕਰ ਸਚ ਦੀ ਆਬਨਿਤ ਪ੍ਰਾਣੀ ਦੇਹਿ ।।
ਹੋਇ ਕਿਰਸਾਣ ਈਮਾਨ ਜੰਮਾਇ ਲੈ ਭਿਸਤੁ ਦੋਜਕ ਮੂੜ ਏਵ ਜਾਣੀ ।
ਮਤਿ ਜਾਣ ਸਹੀ ਗਲੀ ਪਇਆ ॥

( ਆਦਿ ਗ੍ਰੰਥ, ਪੰਨਾ[illegible])

ਮਨੁੱਖੀ ਜੀਵਨ ਦੇ ਤਿੰਨ ਮੁਖ ਕਾਰਜ ਖੇਤਰ ਮਨੋਵਿਗਿਆਨਕ ਆਸ਼ੇ ਤੋਂ ਨਿਸਚਿਤ ਕੀਤੇ ਗਏ ਹਨ, ਵਿਚਾਰ, ਭਾਵ ਅਤੇ ਕਰਮ ਅਰਥਾਤ ਸੋਚਣਾ, ਮਹਿਸੂਸ ਕਰਨਾ ਅਤੇ ਇੱਛਾ ਕਰਨਾ। ਇਹ ਉਸਦੇ ਸੁੱਚੇ ਅਨੁਭਵਾਂ ਨੂੰ ਦਰਸਾਉਣ ਵਾਲੇ ਜਾਂ ਪ੍ਰਗਟ ਕਰਨ ਵਾਲੇ ਤਿੰਨ ਪੱਖ ਹਨ। ਰਹੱਸਵਾਦੀ, ਉਹ ਪੂਰਣ-ਮਨੁੱਖ ਜਾਂ ਵਿਅਕਤੀ ਹੁੰਦਾ ਹੈ, ਜੋ ਇਨ੍ਹਾਂ ਤਿੰਨਾਂ ਖੇਤਰਾਂ ਵਿਚ ਪੂਰਣ-ਮਨੁੱਖ ਜਾਂ ਵਿਅਕਤੀ ਹੁੰਦਾ ਹੈ, ਜੋ ਇਨ੍ਹਾਂ ਤਿੰਨਾਂ ਖੇਤਰਾਂ ਜਾਂ ਪੱਖਾਂ ਵਿਚ ਪੂਰਣ ਨਿਪੁੰਨ ਹੋਣ, ਇਸਦੀ ਸੋਚ ਉੱਚੀ, ਭਾਵ ਮਿੱਠੇ ਅਤੇ ਕਰਮ ਸੁਖਾਂਵੇ ਹੋਣ।[2]

ਇਕ ਆਦਰਸ਼ਕ ਸਮਾਜ ਦਾ ਪ੍ਰਾਣੀ ਸਰੀਰਕ, ਮਾਨਸਿਕ ਅਤੇ ਅਧਿਆਤਮਕ ਤੌਰ ਤੇ ਮਹਾਨ ਹੋਵੇ। ਐਸੇ ਸਮਾਜ ਦਾ ਮੈਂਬਰ ਇਕ ਨਮੂਨੇ ਦਾ ਆਦਮੀ ਜਾਂ ਇਕ ਸੱਚਾ ਸਿੱਖ ਹੋਵੇਗਾ। ਇਕ ਸੱਚਾ ਸਿੱਖ ਗੁਰਮੁਖ ਸੰਤ, ਸਾਧ, ਜੀਵਨ-ਮੁਕਤ ਜਾਂ ਬ੍ਰਹਮ-ਗਿਆਨੀ

---

1. ਤਾਰਨ ਸਿੰਘ (ਡਾ.) ਭਗਤੀ ਅਤੇ ਸ਼ਕਤੀ, ਪੰਨਾ 35
2. ਕੋਹਲੀ ਸ.ਸ.(ਡਾ.) ~~[illegible]~~ ਗੁਰੂ ਨਾਨਕ : ਜੀਵਨ, ਦਰਸ਼ਨ ਤੇ ਕਾਵਿ-ਕਲਾ ਪੰਨਾ 71

ਕਿਹਾ ਜਾ ਸਕਦਾ ਹੈ। ਕਿਉਂਕਿ ਗੁਰੂ ਜੀ ਦੇ ਆਦੇਸ਼ ਅਨੁਸਾਰ ਉਹ ਜੀਵਤ ਹੀ ਇਕ ਅਨੁਰਾਗੀ ਇਕ ਸੰਤ, ਇਕ ਸਾਧੂ ਜਾਂ ਬ੍ਰਹਮ-ਗਿਆਨੀ ਬਣ ਜਾਂਦਾ ਹੈ। ਇਕ ਸੱਚਾ ਸਿੱਖ ਇਕ ਆਦਰਸ਼ਕ-ਪੁਰਸ਼ ਹੈ ਅਤੇ( ਪਰਮ-ਮਨੁੱਖ) ਹੈ। ਜੋ ਕਿਸੇ ਆਦਰਸ਼ਕ ਸਮਾਜ ਦਾ ਉਚਿਤ ਅੰਗ ਹੋ ਸਕਦਾ ਹੈ। ਉਹ ਨੈਤਿਕ ਅਤੇ ਅਧਿਆਤਮਿਕ ਤੌਰ ਤੇ ਮਹਾਨ ਹੋ ਸਕਦਾ ਹੈ।[1]

ਗੁਰੂ ਨਾਨਕ ਦੀ ਸਮੁੱਚੀ ਬਾਣੀ ਇਕ ਅਜਿਹੇ ਪਰਮ-ਮਨੁੱਖ ਦਾ ਸੰਕਲਪ ਪੇਸ਼ ਕਰਦੀ ਹੈ, ਜਿਹੜਾ ਅਧਿਆਤਮਿਕ ਅਤੇ ਸਦਾਚਾਰਕ ਤੌਰ ਤੇ ਉਚਾ ਹੋਵੇ। ਇਹ ਇਕ ਅਜਿਹਾ ਮਨੁੱਖ ਹੈ, ਜੋ ਸਰੀਰਕ ਮਾਨਸਿਕ ਅਤੇ ਆਤਮਿਕ ਕ੍ਰਿਆਵਾਂ ਵਿਚ ਸੰਤੁਲਨ ਰਖਦਾ ਹੈ, ਇਕ ਪਾਸੇ ਅਜਿਹਾ ਮਨੁੱਖ ਉੱਤਮ ਭਾਈਚਾਰੇ ਦਾ ਨਰੋਆ ਅੰਗ ਹੁੰਦਾ ਹੈ ਅਤੇ ਦੂਜੇ ਪਾਸੇ ਉਹ ਆਤਮਿਕ ਪਉੜੀਆਂ ਚੜ੍ਹਦਾ ਵਿਕਾਸ ਹੋਣ ਲਈ ਕ੍ਰਿਆਸ਼ੀਲ ਰਹਿੰਦਾ ਹੈ।[2] ਗੁਰੂ ਨਾਨਕ ਬਾਣੀ ਵਿਚ ਅਜਿਹੇ ਪਰਮ-ਮਨੁੱਖ ਨੂੰ ਗੁਰਮੁਖ ਬ੍ਰਹਮ ਗਿਆਨੀ, ਜੀਵਨ-ਮੁਕਤ ਸਾਧ ਅਤੇ ਗੁਰੂ ਆਦਿ ਲਈ ਸੰਕੇਤਾਂ ਨਾਲ ਸੰਬੋਧਨ ਕੀਤਾ ਹੈ। ਅਜਿਹਾ ਮਨੁੱਖ ਸੱਚੇ ਸੰਕਲਪਾਂ ਅਤੇ ਅਮਲਾਂ ਦਾਧਾਰਨੀ ਧਰਮੀ, ਸੰਤੋਖੀ, ਸੰਜਮੀ, ਪਵਿੱਤਰ, ਰਜਾ ਵਿਚ ਰਹਿਣ ਵਾਲਾ, ਹਉਮੈ ਰਹਿਤ, ਵਿਚਾਰਵਾਨ, ਹੁਕਮੀ ਹੋਵਨ ਆਕਾਰ ਅਨੁਸਾਰ ਆਦਰਸ਼-ਮਨੁੱਖ ਹੋਵੇ, ਜਿਸਦਾ ਕਿਰਦਾਰ ਸੱਚੀ ਘਾੜਤ ਵਿਚ ਘੜਿਆ ਹੋਵੇ। ਅਸਲ ਵਿਚ ਜਪੁਜੀ ਦੀ ਅੰਤਲੀ ਪਉੜੀ ਅਨੁਸਾਰ ਜਤ, ਧੀਰਜ ਸ੍ਰੇਸ਼ਟ ਬੁੱਧੀ, ਗਿਆਨ, ਭਉ ਭਾਵ ਅਤੇ ਨਾਮ ਦਾ ਅੰਮ੍ਰਿਤ ਇਸ ਘਾੜਤ ਦੇ ਮੁਖ ਅੰਗ ਹਨ। ਉਹ ਇਕ ਅਜਿਹਾ ਪ੍ਰਾਣੀ ਹੈ, ਜੋ ਦੁਖ-ਸੁਖ, ਉਸਤਿਤ-ਨਿੰਦਾ ਅਤੇ ਮਾਨ-ਅਪਮਾਨ, ਹਰਖ-ਸੋਗ ਤੋਂ ਨਿਆਰਾ ਹੈ। ਆਦਰਸ਼ਕ ਮਨੁੱਖ(ਪਰਮ-ਮਨੁੱਖ) ਕੇਵਲ ਇਕ ਪਰਮਾਤਮਾ ਨੂੰ ਮੰਨਦਾ ਹੈ ਅਤੇਉਸ ਇਕ ਤੋਂ ਬਿਨਾਂ ਕਿਸੇ ਹੋਰ ਸ਼ਕਤੀ ਵਿਚ ਵਿਸ਼ਵਾਸ ਨਹੀਂ ਰਖਦਾ। ਇਕ ਪਰਮਾਤਮਾ ਦਾਭਾਵ ਬਹੁਤ ਸਾਰੀਆਂ ਸ਼ਕਤੀਆਂ ਦਾ ਕੁਲ ਜੋੜ ਨਹੀਂ, ਸਗੋਂ ਇਸ ਦਾਭਾਵ ਇਹ ਹੈ ਕਿ ਸਰਬ ਸਮਰੱਥ ਪਾਰਬ੍ਰਹਮ ਇਕ ਹੈ, ਜਿਸ ਕਾਰਨ ਸਾਰੀਆਂ ਸ਼ਕਤੀਆਂ ਦੀ ਹੋਂਦ ਅਤੇ ਪ੍ਰਗਟਾਵਾ ਸੰਭਵ ਹੈ।[3] ਇਕ ਪਰਮਾਤਮਾ ਦਾ ਇਹ ਵੀਭਾਵ ਹੈ ਕਿ ਹਿੰਦੂਆਂ ਦਾ ਈਸ਼ਵਰ ਵਖਰਾ ਨਹੀਂ, ਅਤੇ ਨਾ ਹੀ ਮੁਸਲਮਾਨ ਦਾ ਖ਼ੁਦਾ ਹੋਰ ਹੈ। ਸਰਬ ਰਚਨਾ ਸਾਰੇ ਮਨੁੱਖ ਅਤੇ ਸਰਬਤ ਧਰਮ ਦਾ ਉਹੋ ਇਕ ਹੀ ਰੱਬ ਹੈ।

---

1. ਕੋਹਲੀ ਸ.ਸ.(ਡਾ.) ਸਿੱਖ ਦਰਸ਼ਨ ਅਨੁ: ਸਿੰਗਲਧਰਮ ਪਾਲ (ਡਾ.) ਪੰਨਾ 108)
2. Taran Singh (Dr.) The Ideal Man of Guru Granth Sahib, P, 2
3. Jodh Singh Bhai, Some Studies in Sikhism, P, 123

ਪਰਮ-ਮਨੁੱਖ ਪਰਮਾਤਮਾ ਦੇ ਸਭ ਨਾਵਾਂ ਤੋਂ ਬਲਿਹਾਰ ਜਾਂਦਾ ਹੈ। ਉਹ ਹੁਕਮ ਅਨੁਸਾਰ ਜੀਵਨ ਨੂੰ ਢਾਲਦਾ ਹੈ ਅਤੇ ਆਪਣੀ ਹਉਮੈਂ ਤੋਂ ਅਗਵਾਈ ਨਹੀਂ ਲੈਂਦਾ। ਨਾਮ ਅਤੇ ਹਉਮੈ ਤਾਂ ਇਕ ਦੂਜੇ ਦੇ ਬਿਲਕੁਲ ਵਿਪਰੀਤ ਹਨ। ਹਉਮੈ ਤੋਂ ਹੀ ਸਾਰੀਆਂ ਵੰਡਾਂ ਵਖੇਵੇਂ ਅਤੇ ਵਿਤਕਰੇ ਪੈਦਾ ਹੁੰਦੇ ਹਨ। ਇਸ ਲਈ ਨਾਮ ਮਾਰਗ ਸਾਰੇ ਬਾਹਰੀ ਰਸਮੀ ਕਰਮ ਕਾਂਡਾਂ, ਭੇਖਾਂ-ਤੀਰਥਾਂ, ਇਸ਼ਨਾਨਾਂ ਆਦਿ ਦਾ ਖੰਡਨ ਕਰਦਾ ਹੈ।

ਗੁਰੂ ਨਾਨਕ ਅਨੁਸਾਰ ਉਹੀ ਮਨੁੱਖ ਸ੍ਰੇਸ਼ਟ ਅਤੇ ਪਰਮ-ਮਨੁੱਖ ਹੈ ਜੋ ਸੱਚ ਦਾ ਵਰਤ ਰਖਦਾ ਹੈ। ਸੰਤੋਖ ਨੂੰ ਤੀਰਥ ਮੰਨਦਾ ਹੈ। ਗਿਆਨ ਦਾ ਇਸ਼ਨਾਨ ਕਰਦਾ ਹੈ, ਦਇਆ ਨੂੰ ਦੇਵਤਾ ਮੰਨਦਾ ਹੈ ਅਤੇ ਖਿਮਾਂ ਦੀ ਮਾਲਾ ਫੇਰਦਾ ਹੈ।

ਸਚੁ ਵਰਤ ਸੰਤੋਖ ਤੀਰਥ ।।

( ਆਦਿ ਗ੍ਰੰਥ, ਪੰਨਾ 1245)

ਅਜਿਹਾ ਮਨੁੱਖ ਜਾਤ ਵਰਨ ਅਤੇ ਮਾਇਆ ਦੇ ਲੋਭ ਅਤੇ ਹਉਮੈ ਦੀ ਮੈਲ ਤੋਂ ਰਹਿਤ ਹੁੰਦਾ ਹੈ, ਅਤੇ ਪਰਵਿਰਤੀ ਨਵਿਰਤੀ ਦੀ ਪਛਾਣ ਕਰਕੇ ਸਹਜ ਮਾਰਗ ਤੇ ਚਲਦਾ ਹੈ। ਅਜਿਹਾ ਮਨੁੱਖ ਹੀ ਸਿਦਕੀ, ਪ੍ਰਧਾਨ ਅਤੇ ਆਦਰਸ਼ਕ-ਮਨੁੱਖ(ਪਰਮ-ਮਨੁੱਖ) ਜੋ ਕੇਵਲ ਇਕ ਪਰਮਾਤਮਾ ਅੱਗੇ ਝੁਕਦਾ ਹੈ ਅਤੇ ਦੁਨਿਆਵੀ ਸ਼ਕਤੀਆਂ ਦਾ ਪਾਣੀ ਨਹੀਂ ਭਰਦਾ। ਜਿਵੇਂ:-

ਜਾ ਕਉ ਮਹਲੁ ਹਜੂਰਿ ਦੂਜੇ ਨਿਵੈ ਕਿਸੁ ।।

( ਆਦਿ ਗ੍ਰੰਥ, ਪੰਨਾ 729)

ਗੁਰੂ ਜੀ ਨੇ ਨਾਮ - ਨਿਧਾਨ ਨੂੰ ਕਿਰਤ ਅਤੇ ਵੰਡ ਛਕਣ ਨਾਲ ਸੰਬੰਧਿਤ ਕੀਤਾ। ਨਾਮ ਜਪੋ, ਕਿਰਤ ਕਰੋ ਅਤੇ ਵੰਡ ਛਕੋ ਹੀ ਪਰਮ-ਮਨੁੱਖ ਦੇ ਜੀਵਨ ਦਾਉਦੇਸ਼ ਮੰਨਿਆ ਗਿਆ ਹੈ। ਨਾਮ ਦਾ ਸਿਮਰਨ ਕਰੇ, ਕਿਰਤ ਕਰੇ, ਵੰਡ ਛਕੇ, ਕਾਮ ਕ੍ਰੋਧ ਲੋਭ ਮੋਹ ਅਤੇ ਹੰਕਾਰ ਉੱਤੇ ਕਾਬੂ ਪਾਏ। ਸਦਾਚਾਰਕ ਗੁਣਾਂ ਨੂੰ ਅਪਣਾਏ ਜਿਵੇਂ ਸੱਚ ਨਿਮਰਤਾ ਆਦਿ ਅਜਿਹੇ ਵਿਅਕਤੀ ਨੂੰ ਪਰਮ-ਮਨੁੱਖ ਦਾ ਦਰਜਾ ਦੇ ਸਕਦੇ ਹਾਂ।

ਜੋ ਗੁਰੂ ਨਾਨਕ ਬਾਣੀ ਦਾ ਉਦੇਸ਼ ਸੀ[1] ਇਸੇ ਲਈ ਗੁਰੂ ਨਾਨਕ ਵਿਧਾਨ ਵਿਚ ਮੰਗਣਾਂ ਸਮਾਜਕ ਅਪਰਾਧ ਮੰਨਿਆ ਗਿਆ ਹੈ। ਜਿੱਥੇ ਉਨ੍ਹਾਂ ਨੇ ਸਭ ਮਨੁੱਖਾਂ ਨੂੰ ਕਿਰਤ ਕਰਨਾ ਦਾਉਪਦੇਸ਼ ਦਿੱਤਾ, ਉੱਥੇ ਧਾਰਮਿਕ ਆਗੂਆਂ ਨੂੰ ਵੀ ਕਿਰਤ ਕਰਨ ਦੀ ਪ੍ਰੇਰਨਾ

---

1. ਵਜ਼ੀਰ ਸਿੰਘ (ਡਾ.) ਨਾਨਕ ਬਾਣੀ ਵਿਚ ਦਾਰਸ਼ਨਿਕਤਾ, ਪੰਨਾ 66

ਦਿੱਤੀ ਅਤੇ ਭਿੱਖਿਆ ਮੰਗਣ ਦਾ ਖੰਡਨ ਕੀਤਾ।

ਗੁਰ ਪੀਰ ਸਦਾਏ ਮੰਗਣ ਜਾਇ ॥
ਤਾ ਕੈ ਮੂਲਿ ਨ ਲਗੀਐ ਪਾਇ ॥

( ਆਦਿ ਗ੍ਰੰਥ, ਪੰਨਾ 1245)

ਪਰਮ-ਮਨੁੱਖ ਹਥੀ ਘਾਲ ਘਾਲਦਾ ਹੈ ਅਤੇ ਆਪਣੀ ਕਿਰਤ ਦੂਜਿਆਂ ਨਾਲ ਸਾਂਝੀ ਕਰਦਾ ਹੈ:-

ਘਾਲਿ ਖਾਇ ਕਿਛੁ ਹਥਹੁ ਦੇਹਿ ॥
ਨਾਨਕ ਰਾਹੁ ਪਛਾਣਹਿ ਸੇਇ ॥

( ਆਦਿ ਗ੍ਰੰਥ, ਪੰਨਾ 245)

ਉਹ ਇਕ ਪਰਮਾਤਮਾ ਨੂੰ ਹੀ ਕਰਤਾ ਪੁਰਖ ਮੰਨਦਾ ਹੈ। ਕਰਤਾ ਸ੍ਰਿਸ਼ਟੀ ਵਿਚ ਵਿਆਪਕ ਹੈ। ਉਸ ਵਿਚ ਹੀ ਸਾਡੇ ਜੀਵਨ ਦੀ ਗਤੀ ਅਤੇ ਹੋਂਦ ਹੈ। ਗੁਰੂ ਨਾਨਕ ਦਾ ਪਰਮ-ਮਨੁੱਖ ਕੁਦਰਤ ਤੋਂ ਮੂੰਹ ਨਹੀਂ ਮੋੜਦਾ, ਸਗੋਂ ਬਲਿਹਾਰੀ ਕੁਦਰਤ ਦੇ ਵਿਸਮਾਦ ਰੰਗ ਰੂਪਾਂ ਤੋਂ ਵਜਦ ਵਿਚ ਆ ਕੇ 'ਵਾਹ ਵਾਹ' ਵਾਹਿਗੁਰੂ ਦੇ ਭਾਵ ਪ੍ਰਗਟ ਕਰਦਾ ਹੈ। ਉਹ ਸੰਸਾਰ ਨੂੰ ਧੋਖਾ ਜਾਂ ਭਰਮ ਨਹੀਂ ਸਮਝਦਾ, ਸਗੋਂ ਸੱਚੇ ਦੀ ਕਿਰਤ ਸਮਝ ਕੇ ਮਨੁੱਖ ਤਦ ਹੀ ਸੇਵਾ ਕਰਨੀ ਆਪਣਾ ਕਰੱਤਵ ਸਮਝਦਾ ਹੈ। ਜਿਵੇਂ:-

ਵਿਚਿ ਦੁਨੀਆ ਸੇਵ ਕਮਾਈਐ ਤਾ ਦਰਗਹ ਬੈਸਣੁ ਪਾਈਐ ॥

(ਆਦਿ ਗ੍ਰੰਥ, ਪੰਨਾ 126)

ਸਰਬ ਮਨੁੱਖਤਾ ਦੀ ਭਲਾਈ ਲੰਗਰ, ਸੰਗਤ ਅਤੇ ਪੰਗਤ ਸਰਬ ਸਮਾਨਤਾ ਅਤੇ ਸਰਬ ਸਾਂਝੀਵਾਲਤਾ ਦੇ ਅਮਲੀ ਕਰਮ ਹੀ ਉਸ ਲਈ ਸਭ ਕੁਝ ਹਨ। ਉਹ ਕੇਵਲ ਅਕਾਲ ਦਾ ਉਪਾਸ਼ਕ ਹੁੰਦਾ ਹੈ ਅਤੇ ਅਜੂਨੀ ਸੈਭੰਗ ਦਾ ਉਪਾਸ਼ਕ ਹੈ। ਉਸਦਾ ਪਰਮਾਤਮਾ ਸਰਬ ਸਮਰੱਥ ਹੈ। ਜੋ ਖਿਨ ਪਲ ਵਿਚ ਸ੍ਰਿਸ਼ਟੀ ਨੂੰ ਭੰਨਦਾ, ਘੜਦਾ, ਉਸਾਰਦਾ, ਢਾਹੁੰਦਾ ਅਤੇ ਮੁੜ ਉਸਾਰ ਲੈਂਦਾ ਹੈ। ਉਸਦੀ ਦੁਨੀਆਂ ਵਿਸ਼ਾਲ, ਅਸੀਮ ਅਤੇ ਅਨੰਤ ਹੈ। ਉਹ ਅਵਤਾਰਾਂ ਵਿਚ ਨਹੀਂ, ਸਗੋਂ ਅਵਤਾਰਾਂ ਦੇ ਕਰਤਾ ਪੁਰਖ ਵਿਚ ਵਿਸ਼ਵਾਸ ਰਖਦਾ ਹੈ।

ਉਹ ਸ਼ਬਦ ਦੀ ਵਿਚਾਰ ਕਰਦਾ ਕਰਦਾ ਮੁਕਤ ਹੋ ਜਾਂਦਾ ਹੈ:-

ਆਪ ਮੁਕਤ ਮੁਕਤ ਕਰੈ ਸੰਸਾਰ ॥

( ਆਦਿ ਗ੍ਰੰਥ, ਪੰਨਾ ੨੦੧)

ਉਸਨੂੰ ਜੀਵਨ ਵਿਚ ਕਦੀ ਹਾਰ ਨਹੀਂ ਹੁੰਦੀ। ਉਹ ਪ੍ਰਭੂ ਮਿਹਰ ਦਾ ਪੁਲ ਬੰਨ੍ਹ ਕੇ ਸਰੀਰ ਰੂਪੀ ਲੰਕਾ ਦਾ ਜੇਤੂ ਹੁੰਦਾ ਹੈ। ਉਹ ਵਿਕਾਰ ਆਦਿ ਰਾਵਣ ਨੂੰ ਸੰਘਾਰ ਦਿੰਦਾ

ਹੈ। ਉਹ ਸਰੂਪ ਸ਼ਬਦ ਦੁਆਰਾ ਆਮ ਰਹੱਸ ਭੇਦ ਦਾ ਜਾਣੂੰ ਹੁੰਦਾ ਹੈ। ਸੰਸਾਰ ਸਾਗਰ ਤੋਂ ਪੱਥਰ ਰੂਪੀ ਮਨੁੱਖ ਨੂੰ ਤਾਰ ਦਿੰਦਾ ਹੈ। ਉਹ ਆਵਾਗੁਣ ਤੋਂ ਮੁਕਤ ਹੁੰਦਾ ਹੈ। ਚੰਗੇ ਮੰਦੇ ਦੀ ਉਸਨੂੰ ਪਛਾਣ ਹੁੰਦੀ ਹੈ। ਅਥਵਾ ਉਹ ਅਡੋਲ ਅਵਸਥਾ ਨੂੰ ਪ੍ਰਾਪਤ ਹੁੰਦਾ ਹੈ। ਉਸਦਾ ਜੀਵਨ ਸੰਤੁਲਨ ਹੁੰਦਾ ਹੈ। ਉਹ ਖ਼ੁਸ਼ੀ ਗਮੀ ਅਤੇ ਮਾਇਆ ਦੇ ਹਰ ਪ੍ਰਭਾਵ ਤੋਂ ਨਿਰਲੇਪ ਹੁੰਦਾ ਹੈ। ਉਸਦਾ ਜੀਵਨ ਸਤਿ ਦਾ ਜੀਵਨ ਹੈ। ਉਹ ਸਚੇ ਪ੍ਰਭੂ ਦੀ ਆਗਿਆ ਵਿਚ ਰਹਿੰਦਾ ਹੈ। ਝੂਠ ਨੂੰ ਉਹ ਬਿਲਕੁਲ ਪਸੰਦ ਨਹੀਂ ਕਰਦਾ। ਉਹ ਸਦਾ ਹੀ ਆਤਮਾ ਦੀ ਸੁਧੀ ਵਿਚ ਮਗਨ ਰਹਿੰਦਾ ਹੈ ਅਤੇ ਸਵੈ ਚਿੰਤਨ ਨਾਲ ਕਿਸੇ ਪ੍ਰਕਾਰ ਦੀ ਮੈਲ ਅੰਦਰ ਲਗਣ ਨਹੀਂ ਦਿੰਦਾ ਅਤੇ ਅੰਤ ਨੂੰ ਪਰਮ ਜੋਤੀ ਵਿਚ ਸਮਾ ਜਾਂਦਾ ਹੈ। ਉਸਨੇ ਹਰੀ ਦੇ ਨਾਮ ਦੇ ਪਾਣੀ ਨਾਲ ਹਿੰਸਾ, ਮੋਹ, ਲੋਭ ਅਤੇ ਕ੍ਰੋਧ ਅਗਨੀਆਂ, ਜਿਨ੍ਹਾਂ ਦੁਆਰਾ ਮਨ ਦੀ ਸ਼ਾਂਤੀ ਭੰਗ ਹੁੰਦੀ ਹੈ, ਬੁਝਾ ਚੁਕਾ ਹੁੰਦਾ ਹੈ।ਉਹ ਕਿਸੇ ਚੁਗਲੀ, ਨਿੰਦਾ ਜਾਂ ਵਡਿਆਈ ਨਹੀਂ ਕਰਦਾ। ਉਹ ਵੈਰ ਵਿਰੋਧ ਦੀਭਾਵਨਾ ਤੋਂ ਉੱਪਰ ਹੁੰਦਾ ਹੈ ਅਤੇ ਮਨ ਨੂੰ ਜਿੱਤਿਆ ਹੁੰਦਾ ਹੈ।

ਅਸਲ ਵਿਚ ਮੁਕਤੀ ਪ੍ਰਾਪਤ ਕਰਨਾ ਮਨੁੱਖੀ ਪੂਰਣਤਾ ਨੂੰ ਪ੍ਰਾਪਤ ਹੋਣਾ ਹੈ। ਇਸੇ ਨੂੰ ਹੀ ਜਪੁਜੀ ਵਿਚ ਸਚਿਆਰ, ਸਿਧ ਗੋਸ਼ਟਿ ਵਿਚ ਸੰਤ ਅਤੇ ਗੁਰਮੁਖ ਅਤੇ ਵਾਰ ਆਸਾ ਵਿਚ ਦੇਵਤਾ ਕਿਹਾ ਹੈ। ਸਚਿਆਰ ਵਿਅਕਤੀ ਇਕ ਪਾਸੇ ਸਮਾਜਕ ਪ੍ਰਸੰਗ ਵਿਚ ਆਦਰਸ਼ ਵਿਅਕਤੀ ਬਣਨ ਦੀ ਇੱਛਾ ਕਰਦਾ ਹੈ ਅਤੇ ਦੂਜੇ ਪਾਸੇ ਅਧਿਆਤਮਿਕ-ਵਾਦੀਆਂ ਦੀ ਸ਼ਬਦਾਵਲੀ ਵਿਚ ਪ੍ਰਭੂ ਦੇ ਦਰ ਤੇ ਕਬੂਲ ਹੁੰਦਾ ਹੈ।[1] ਸਚਿਆਰ ਦਾ ਮੂਲ ਆਧਾਰ ਸੱਚ ਹੈ, ਜੋ 'ਸਤਿ' ਅਤੇ 'ਸੱਚ' ਦੇ ਦੋਹਾਂ ਰੂਪਾਂ ਵਿਚ ਵਰਤਿਆ ਗਿਆ ਹੈ। ਸਚਿਆਰ ਉਸ ਵਿਅਕਤੀ ਲਈ ਵਰਤਿਆ ਗਿਆ ਹੈ, ਜਿਸਨੂੰ ਆਤਮ ਗਿਆਨ ਹੋ ਚੁੱਕਿਆ ਹੈ। ਅਰਥਾਤ ਜਿਸਨੂੰ ਪਰਮ ਸ਼ਕਤੀ ਦਾ ਪ੍ਰਤੱਖ ਗਿਆਨ ਹੋਇਆ ਹੈ।[2] ਗੁਰਬਾਣੀ ਵਿਚ ਸਚਿਆਰ ਦੇ ਲੱਛਣ ਇਹ ਦਸੇ ਹਨ ਕਿ ਉਹ ਸੱਚ ਨੂੰ ਇਕੱਠਾ ਕਰਦਾ ਹੈ। ਸੱਚ ਨਾਲ ਬੋਲਦਾ ਹੈ ਅਤੇ ਨਿਰਮਲ ਅਤੇ ਉਜਲ ਨਾਮ ਨੂੰ ਅਲਾਪਦਾ ਹੈ:-

ਸਚਿਆਰੀ ਸਚੁ ਸੰਚਿਆ ਸਾਚਉ ਨਾਮ ਅਮੋਲ ।।
ਹਰਿ ਨਿਰਮਾਇਲੁ ਉਜਲੋ ਪਤਿਸਾਹਚੀ ਸਚੁ ਬੋਲ ।।

(ਆਦਿ ਗ੍ਰੰਥ, ਪੰਨਾ 343)

---

1. Avtar Singh (Dr.) Ethics of Sikhs, P, 24

2. Ibid, P, 39

ਗੁਰੂ ਨਾਨਕ ਸਾਹਿਬ ਦਾ ਪ੍ਰਮੁੱਖ ਲਕਸ਼ ਮਨੁੱਖ ਨੂੰ ਜੋ ਮਨੁੱਖਤਾ ਤੋਂ ਡਿਗਕੇ ਵਿਨਾਸ਼ਤਾ ਵਲ ਜਾ ਰਿਹਾ ਸੀ, ਪਰਮ-ਮਨੁੱਖ ਬਣਾਉਣਾ ਸੀ। ਅਜਿਹਾ ਪਰਮ-ਮਨੁੱਖ ਜਿਸਦਾ ਜੀਵਨ ਕੂੜ ਦੀ ਪਾਲ, ਤੋੜ ਕੇ ਸਚਿਆਰ ਬਣ ਜਾਵੇ ਸੁਆਰਥ ਕਾਰਨ ਸਮਾਜ ਵਿਚ ਫੈਲੇ ਹੋਏ ਸੰਘਣੇ ਹਨੇਰੇ ਨੂੰ ਪਰਉਪਕਾਰ ਦਾ ਪਰਵਾਹ ਚਲਾ ਕੇ ਚਾਨਣ ਵਿਚ ਬਦਲ ਸਕੇ, ਪਸ਼ੂ ਤੋਂ ਮਨੁੱਖ ਅਤੇ ਮਨੁੱਖ ਤੋਂ ਪਰਮ-ਮਨੁੱਖ ਬਣ ਜਾਵੇ। ਗੁਰੂ ਦਾ ਕਰਤੱਵ ਹੈ ਕਿ ਮਨੁੱਖ ਤੋਂ ਦੇਵਤੇ ਬਣਾਉਣਾ:-

ਜਿਨ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ ॥

( ਆਦਿ ਗ੍ਰੰਥ, ਪੰਨਾ 125)

ਗੁਰੂ ਜੀ ਮਨੁੱਖ ਤੋਂ ਇਕ ਉੱਤਮ ਮਨੁੱਖ ਭਾਵ ਪਰਮ-ਮਨੁੱਖ ਬਣਾਉਣਾ ਚਾਹੁੰਦੇ ਸਨ। ਉਨ੍ਹਾਂ ਦੀ ਨਜ਼ਰਾਂ ਵਿਚ ਉਹੀ ਮਨੁੱਖ ਉੱਤਮ ਹੈ, ਜੋ ਸਦਾਚਾਰਕ ਤੌਰ ਤੇ ਉੱਤਮ ਹੈ। ਉਸੇ ਨੂੰ ਹੀ ਪਰਮ-ਮਨੁੱਖ ਦੀ ਕਤਾਰ ਵਿਚ ਖੜਾ ਕਰ ਸਕਦੇ ਹਨ। ਉਸ ਵਿਚ ਮਿਠਾ ਬੋਲ ਸੰਤੋਖ ਅਤੇ ਸੰਜਮਤਾ ਦੇ ਗੁਣ ਹੋਣ, ਜੋ ਸਦਾਚਾਰਕ ਤੌਰ ਤੇ ਮਨੁੱਖ ਉੱਚਾ ਹੋਵੇਗਾ, ਤਦ ਹੀ ਅਧਿਆਤਮਿਕ ਮੰਡਲਾਂ ਨੂੰ ਛੋਹ ਸਕਦਾ ਹੈ। ਪਰਮ-ਮਨੁੱਖ ਦੀ ਪਦਵੀ ਧਾਰਣ ਕਰ ਸਕਦਾ ਹੈ, ਇਸੇ ਕਰਕੇ ਗੁਰੂ ਜੀ ਫੁਰਮਾਉਂਦੇ ਹਨ:-

ਵਿਣੁ ਗੁਣ ਕੀਤੇ ਭਗਤਿ ਨ ਹੋਇ ॥

( ਆਦਿ ਗ੍ਰੰਥ, ਪੰਨਾ 4)

ਇਨ੍ਹਾਂ ਸਦਾਚਾਰਕ ਗੁਣਾਂ ਨੂੰ ਧਾਰਨ ਕਰਨ ਵਾਲਾ ਵਿਅਕਤੀ ਗੁਣਵਾਨ ਹੋ ਕੇ ਅਧਿਆਤਮਿਕ ਅਰਥਾਂ ਵਿਚ ਆਪਣੇ ਪਰਮਾਤਮਾ ਨੂੰ ਯਾਦ ਕਰਦਾ ਹੈ:-

ਗੁਣਵੰਤੀ ਸਹ ਰਾਵਿਆ ॥

( ਆਦਿ ਗ੍ਰੰਥ, ਪੰਨਾ 557)

ਗੁਰੂ ਜੀ ਨੇ ਪਰਮ-ਮਨੁੱਖ ਦਾ ਆਦਰਸ਼ ਸਥਾਪਤ ਕਰਦਿਆਂ ਮਨੁੱਖ ਨੂੰ ਆਪਣੀ ਮੂਲ ਪ੍ਰਕ੍ਰਿਤੀ ਦਾ ਪੁੰਨਰ ਉਥਾਨ ਕਰਨ ਅਤੇ ਆਪਣੀ ਹੋਂਦ ਦੀਆਂ ਸਰਬ ਉਚ ਸੰਭਾਵਨਾਵਾਂ ਸਿੱਧ ਕਰਨ ਦੀ ਪ੍ਰੇਰਨਾ ਕੀਤੀ ਹੈ। ਮੁਢਲੇ ਮਨੁੱਖ ਅਤੇ ਆਦਰਸ਼-ਮਨੁੱਖ(ਪਰਮ-ਮਨੁੱਖ) ਵਿਚਲੀ ਨੈਤਿਕ ਅਧਿਆਤਮਿਕ ਵਿੱਥ ਇਸ ਗਲ ਦਾ ਪ੍ਰਮਾਣ ਹੈ ਕਿ ਗੁਰੂ ਜੀ ਨੇ ਇਕ ਐਸੀ ਸੰਭਾਵਨਾ ਭਰਪੂਰ ਮਨੁੱਖੀ ਪ੍ਰਕ੍ਰਿਤੀ ਦਾ ਸੰਕਲਪ ਸਾਹਮਣੇ ਰੱਖਿਆ ਹੈ ਕਿ ਆਦਰਸ਼-ਮਨੁੱਖ( ਪਰਮ-ਮਨੁੱਖ) ਬਣ ਕੇ ਹੀ ਮਨੁੱਖ ਆਪਣੀ ਮਨੁੱਖਤਾ ਦੇ ਗੌਰਵ ਨੂੰ ਉਜਾਗਰ

ਕਰ ਸਕਦਾ ਹੈ। ਜਿਸ ਦੀ ਅਣਹੋਂਦ ਉਸਨੂੰ ਪਸ਼ੂ ਪੱਧਰ ਦੀ ਪਤਨਮਈ ਅਵਸਥਾ ਲੈ ਜਾਵੇਗੀ:-

ਮਨਮੁਖ ਤਤ ਨ ਜਾਣਨੀ ਪਸੂ ਮਹਿ ਸਮਾਣਾ ।।

( ਆਦਿ ਗ੍ਰੰਥ, ਪੰਨਾ 1009)

****

## ਅਧਿਆਇ ਦੂਜਾ

### ਮਨੁੱਖ ਅਤੇ ਪਰਮ-ਮਨੁੱਖ ਦਾ ਭਾਰਤੀ ਸਰੂਪ

(ੳ) ਭਾਰਤੀ ਦਰਸ਼ਨ ਅਨੁਸਾਰ ਮਨੁੱਖ

(ਅ) ਭਾਰਤੀ ਦਰਸ਼ਨ ਅਨੁਸਾਰ ਪਰਮ-ਮਨੁੱਖ

(ੲ) ਵੇਦਾਂ ਵਿਚ ਪਰਮ-ਮਨੁੱਖ ਦਾ ਸੰਕਲਪ

(ਸ) ਮੁਖ ਉਪਨਿਸ਼ਦਾਂ ਵਿਚ ਪਰਮ-ਮਨੁੱਖ ਦਾ ਸੰਕਲਪ

(ਹ) ਗੀਤਾ ਵਿਚ ਪਰਮ-ਮਨੁੱਖ ਦਾ ਸੰਕਲਪ

(ਕ) ਦਰਸ਼ਨ ਸ਼ਾਸਤਰਾਂ ਅਨੁਸਾਰ ਪਰਮ-ਮਨੁੱਖ ਦਾ ਸੰਕਲਪ

## (ੳ) ਭਾਰਤੀ ਦਰਸ਼ਨ ਅਨੁਸਾਰ ਮਨੁੱਖ

1. ਉਪਨਿਸ਼ਦ ਦਰਸ਼ਨ ਅਨੁਸਾਰ ਪਰਮਾਤਮਾ ਸੰਸਾਰ ਵਿਚ ਉਸੇ ਤਰ੍ਹਾਂ ਵਿਆਪਕ ਹੈ, ਜਿਵੇਂ ਦੁੱਧ ਵਿਚ ਮੱਖਣ ਰਹਿੰਦਾ ਹੈ। ਆਤਮਵਾਦ ਦੇ ਰੂਪ ਵਿਚ ਉਨ੍ਹਾਂ ਦਾ ਚਰਮ ਵਿਗਿਆਨਵਾਦ ਇਹੀ ਸੰਕੇਤ ਕਰਦਾ ਹੈ ਕਿ ਮਨੁੱਖ ਅਤੇ ਸੰਸਾਰ ਝੂਠ ਹੈ। ਅਤੇ ਸੱਚ ਅਮਰ। ਇਹ ਸਾਰਾ ਸੰਸਾਰ ਹੀ ਬ੍ਰਹਮ ਹੈ ਅਤੇ ਮਨੁੱਖ ਬ੍ਰਹਮ ਤੋਂ ਹੀ ਉਤਪੰਨ ਹੋਇਆ ਹੈ। ਅਤੇ ਬ੍ਰਹਮ ਵਿਚ ਹੀ ਮਿਲ ਜਾਵੇਗਾ ਅਤੇ ਬ੍ਰਹਮ ਵਿਚ ਹੀ ਸਥਿੱਤ ਹੈ।[1]

2. ਚਾਰਵਾਕ ਦਰਸ਼ਨ ਅਨੁਸਾਰ ਵਿਸ਼ਵ ਸ੍ਰਿਸ਼ਟੀ ਦੇ ਮੂਲ ਤਤਵ ਪ੍ਰਿਥਵੀ, ਜਲ ਵਾਯੂ, ਅਰਥਾਤ ਅਗਨੀ ਆਦਿ ਹਨ। ਉਨ੍ਹਾਂ ਦੇ ਸੰਗਠਨ ਤੋਂ ਸੰਸਾਰ ਦੇ ਭਿੰਨ ਭਿੰਨ ਪਦਾਰਥ ਅਰਥਾਤ ਮਾਨਵ ਅੰਗਾਂ ਦਾ ਨਿਰਮਾਣ ਅਤੇ ਉਨ੍ਹਾਂ ਦਾ ਵਿਨਾਸ਼ ਹੁੰਦਾ ਹੈ। ਉਨ੍ਹਾਂ ਦਾ ਕਥਨ ਹੈ ਕਿ ਜਿਸ ਪ੍ਰਕਾਰ ਦੇ ਚਾਰ ਵਸਤੂਆਂ ਦੇ ਮਿਲਣ ਤੋਂ ਉਨ੍ਹਾਂ ਵਿਚ ਹਰ ਇਕ ਵਿਚ ਕੋਈ ਮਾਦਾ ਸ਼ਕਤੀ ਨ ਰਹਨ ਪੁਰ ਵੀ ਉਨ੍ਹਾਂ ਦੇ ਸ਼ਾਮਲ ਹੋਣ ਨਾਲ ਉਸਦੀ ਉਤਪੱਤੀ ਹੋ ਜਾਂਦੀ ਹੈ, ਉਸੇ ਪ੍ਰਕਾਰ ਤਤਵਾਂ ਦੇ ਸੰਗਠਨਾਂ ਵਿਸ਼ੇਸ਼ ਵਿਚ ਅਚਾਨਕ ਚੇਤਨਾ ਉਤਪੰਨ ਹੋ ਜਾਂਦੀ ਹੈ।

3. ਨਿਆਇ ਅਰਥਾਤ ਵੈਸ਼ੇਸ਼ਿਕ ਦਰਸ਼ਨ ਅਨੁਸਾਰ ਤਤਵਵਾਦੀ ਆਤਮਾ, ਪਰਮਾਤਮਾ ਤਥਾ ਵਿਸ਼ਵ ਦੀ ਭਿੰਨਤਾ ਸੱਚ ਸਮਾਨ ਮੰਨਦੇ ਹੋਏ ਅਰਸਤੂ ਦੇ ਸਮਾਨ ਸਭ ਤੱਤਾਂ ਨੂੰ ਯਥਾਰਥ ਮੰਨਦੇ ਹਨ।[2] ਉਨ੍ਹਾਂ ਅਨੁਸਾਰ ਮਾਨਵ-ਆਤਮਾ, ਪ੍ਰਕ੍ਰਿਤੀ ਅਤੇ ਪਰਮਾਤਮਾ ਤਿੰਨੇ ਹੀ ਸੱਚ ਹਨ ਅਤੇ ਉਨ੍ਹਾਂ ਦੀ ਦ੍ਰਿਸ਼ਟਮਾਨ ਭਿੰਨਤਾ ਵੀ ਸੰਦੇਹ ਦਾ ਵਿਸ਼ਾ ਨਹੀਂ।

4. ਸਾਂਖ ਦਰਸ਼ਨ ਅਨੁਸਾਰ ਮਾਨਵ-ਸਰੀਰ, ਉਸ ਦੀਆਂ ਗਿਆਨ ਇੰਦਰੀਆਂ, ਮਨ, ਬੁੱਧੀ, ਚਿੱਤ ਅਰਥਾਤ ਹੰਕਾਰ ਆਦਿ ਸਭ ਪ੍ਰਕ੍ਰਿਤੀ ਦੇ ਅੰਤਰਗਤ ਹਨ।

5. ਅਦਵੈਤ ਦਰਸ਼ਨ( ਸ਼ੰਕਰਵੇਦਾਂਤ) ਅਨੁਸਾਰ ਬ੍ਰਹਮ ਸੱਚ ਹੈ ਅਤੇ ਸੰਸਾਰ ਝੂਠ ਹੈ। ਦ੍ਰਿਸ਼ਟਮਾਨ ਜਗਤ ਸੁਪਨੇ ਵਿਚ ਦੇਖੇ ਗਏ ਪਦਾਰਥਾਂ ਦੇ ਸਮਾਨ ਮਿਥਿਆ ਹੈ।

---

1. ਛਾਂਦੋਗਯ ਉਪਨਿਸ਼ਦ ਅਧਿਆਇ 3 ਖੰਡ 14 ਮੰਤਰ

2. ਮਾਧਵ (ਆਚਾਰਯ), ਸਰਵ ਦਰਸ਼ਨ ਸੰਗ੍ਰਹਿ, ਸੰਪਾ: ਵਾਸਦੇਵ (ਸ਼ਾਸਤ੍ਰੀ) ਪੰਨਾ 7

ਉਸਦੇ ਭਿੰਨ ਭਿੰਨ ਰੂਪ ਜੀਵ ਨੂੰ ਵੈਸੇ ਹੀ ਵਿਖਾਈ ਦਿੰਦੇ ਹਨ, ਜਿਵੇਂ ਕਿਸੇ ਸ਼ੀਸਮਹਿਲ ਵਿਚ ਖੜੇ ਮਨੁੱਖ ਨੂੰ ਆਪਣੇ ਹੀ ਅਨੇਕ ਪ੍ਰਤੀਬਿੰਬ ਦਿਖਾਈ ਦਿੰਦੇ ਹਨ। ਜੀਵ ਬ੍ਰਹਮ ਹੈ ਅਤੇ ਉਹ ਈਸ਼ਵਰ ਤੋਂ ਭਿੰਨ ਨਹੀਂ। ਇਸੇ ਪ੍ਰਕਾਰ ਮਾਨਵ ਅਤੇ ਈਸ਼ਵਰ ਵਿਚ ਕੋਈ ਭਿੰਨਤਾ ਨਹੀਂ ਹੈ, ਸਗੋਂ ਸਭ ਇਕ ਹੈ।

6. ਵਿਸ਼ਿਸਟ ਦਵੈਤ ਦਰਸ਼ਨ ( ਰਾਮਾਨੁਜ -ਵੇਦਾਂਤ) ਦੇ ਅਨੁਸਾਰ ਮਾਨਵ ਬ੍ਰਹਮ ਤੋਂ ਬਣਿਆ ਹੈ, ਬ੍ਰਹਮ ਦੇ ਅਧੀਨ ਹੈ ਅਤੇ ਉਸਦੇ ਹੁਕਮ ਵਿਚ ਚਲਦਾ ਹੈ। ਪ੍ਰਲੈ ਆਉਣ ਤੇ ਵੀ ਉਹ ਬ੍ਰਹਮ ਵਿਚ ਮਿਲ ਕੇ ਵੀ ਆਪਣੀ ਹੋਂਦ ਨਹੀਂ ਖੋਂਦਾ ।

7. ਭੇਦ -ਅਭੇਦ ਅਥਵਾ ਦਵੈਤ ਦਰਸ਼ਨ ( ਭਾਸਕਰ ਵੇਦਾਂਤ) ਇਸ ਮਤ ਦੇ ਅਨੁਸਾਰ ਮਾਨਵ ਬ੍ਰਹਮ ਤੋਂ ਭਿੰਨ ਹੈ, ਪਰੰਤੂ ਭਿੰਨ ਹੁੰਦੇ ਹੋਏ ਵੀ ਬ੍ਰਹਮਾਤਮਕ ਹੈ ਅਤੇ ਬ੍ਰਹਮ ਦੇ ਅਧੀਨ ਹੈ।

8. ਦਵੈਤ ਦਰਸ਼ਨ ( ਮਾਧਵ ਵੇਦਾਂਤ) ਇਸ ਸਿੱਧਾਂਤ ਅਨੁਸਾਰ ਮਨੁੱਖ ਪਰਮਾਤਮਾ ਤੋਂ ਭਿੰਨ ਹੈ। ਮਾਨਵ ਆਤਮਾਵਾਂ ਮੁਕਤੀ ਯੋਗ, ਨਿੱਤ ਸੰਸਾਰੀ ਅਰਥਾਤ ਤਮੋਯੋਗ ਭਿੰਨ ਪ੍ਰਕਾਰ ਦੀਆਂ ਹਨ। ਇਨ੍ਹਾਂ ਤਿੰਨ ਗੁਣਾਂ ਤੋਂ ਹੀ ਹੰਕਾਰ, ਬੁੱਧੀ, ਤਥਾ ਮਨ ਆਦਿ ਦੀ ਉਤਪੱਤੀ ਹੁੰਦੀ ਹੈ।

9. ਸ਼ੁੱਧ ਅਦਵੈਤ ਦਰਸ਼ਨ ( ਵਾਲਭ ਵੇਦਾਂਤ) ਦੇ ਅਨੁਸਾਰ ਮਨੁੱਖ ਦਾ ਜੀਵਨ ਅਨੰਦਮਈ ਹੈ ਅਤੇ ਅਨੰਦ ਗੁਣ ਦੇ ਤਿਰੋਭਾਵ ਤੋਂ ਮਾਨਵ ਦੀ ਉਤਪੱਤੀ ਹੁੰਦੀ ਹੈ। ਜਿਵੇਂ ਅੱਗ ਤੋਂ ਲਾਟਾਂ ਦੀ ਅਤੇ ਸੋਨੇ ਤੋਂ ਗਹਿਣਿਆਂ ਦੀ ਉਤਪੱਤੀ ਹੁੰਦੀ ਹੈ ਇਸੇ ਪ੍ਰਕਾਰ ਮਨੁੱਖ ਦੀ ਉਤਪੱਤੀ ਬ੍ਰਹਮ ਤੋਂ ਹੁੰਦੀ ਹੈ।

## ਦੂਜੇ ਦਰਸ਼ਨ

(ੳ) ਇਕ ਈਸ਼ਵਰਵਾਦੀ ਦਾਰਸ਼ਨਿਕਾਂ [redacted] ਦੇ ਵਿਚਾਰ ਅਨੁਸਾਰ ਮਨੁੱਖ ਪਰਮਾਤਮਾ ਅਤੇ ਪ੍ਰਕ੍ਰਿਤੀ ਤਿੰਨ ਹੀ ਵੱਖ ਵੱਖ ਸ਼ਕਤੀਆਂ ਹਨ। ਉਨ੍ਹਾਂ ਦਾ ਵਿਚਾਰ ਹੈ ਕਿ ਪ੍ਰਕ੍ਰਿਤੀ ਜੜ੍ਹ ਅਰਥਾਤ ਭੋਗ ਸਮਗਰੀ ਹੈ ਅਤੇ ਜੀਵ ਉਸਦਾ ਉਪਭੋਗਤਾ ਹੈ। ਪਰਮਾਤਮਾ ਮਨੁੱਖ ਅਤੇ ਪ੍ਰਕ੍ਰਿਤੀ ਦੋਨਾਂ ਤੋਂ ਭਿੰਨ ਸਰਵਸ਼ਕਤੀਮਾਨ ਅਤੇ ਸਰਵ ਵਿਆਪਕ ਹੈ।

(ਅ) ਰਹੱਸਵਾਦੀ ਦਾਰਸ਼ਨਿਕ -: ਰਹੱਸਵਾਦੀ ਵਿਚਾਰਧਾਰਾ ਦਾ ਮੂਲ ਆਧਾਰ ਇਕ ਪ੍ਰਕਾਰ ਤੋਂ ਸਰਵਵਾਦ ਹੈ। ਉਸਦੇ ਅਨੁਸਾਰ ਮਨੁੱਖ ਦਾ ਮੂਲ ਪਰਮਾਤਮਾ ਹੈ। ਉਸਦਾ ਅੰਤਮ ਲੱਛਣ ਪਰਮਾਤਮਾ ਨਾਲ ਮਿਲਣਾ ਹੈ ਅਤੇ ਆਤਮ ਸਮਰਪਣ ਕਰਕੇ ਉਹੀ ਰੂਪ ਹੋ ਜਾਣਾ ਹੈ। ਮਨੁੱਖ ਦੁਖ ਦਾ ਅਨੁਭਵ ਕਰਦਾ ਹੋਇਆ ਵੀ ਉਸਦੀ ਪ੍ਰਾਪਤੀ ਲਈ ਪ੍ਰਯਤਨਸ਼ੀਲ

ਹੈ। ਰਹੱਸਵਾਦੀ ਨੂੰ ਨਾ ਤਰਕ(ਦਲੀਲ) ਦਾ ਗਿਆਨ ਹੁੰਦਾ ਹੈ ਅਤੇ ਨਾ ਹੀ ਸ੍ਰਿਸ਼ਟੀ ਦੇ ਲਕਸ਼ ਦਾ। ਉਹ ਨਾ ਤਾਂ ਪਰਮਾਤਮਾ ਦੇ ਅਸਤਿਤਵ ਨੂੰ ਸਿੱਧ ਕਰਨ ਦੀ ਸਮਰੱਥਾ ਰਖਦਾ ਹੈ ਅਤੇ ਨਾ ਹੀ ਆਤਮਾ ਦੀ ਅਮਰਤਾ ਨੂੰ। ਉਸਦਾ ਵਿਚਾਰ ਹੈ ਕਿ ਦਾਰਸ਼ਨਿਕ ਪਰਿਣਾਮ ਉਸਨੂੰ ਸੋਚ ਰੂਪ ਪਰਮਾਤਮਾ ਤਕ ਭਲੀ ਪ੍ਰਕਾਰ ਪਹੁੰਚਾ ਦੇਵੇ, ਪਰੰਤੂ ਪ੍ਰੇਰਨਾ ਸਰੂਪ ਪਰਮਾਤਮਾ ਤਕ ਪਹੁੰਚਾਉਣ ਦੀ ਉਸ ਵਿਚ ਸਮਰਥਾ ਨਹੀਂ।[1]

(ੲ) ਦਾਰਸ਼ਨਿਕ ਪੈਰਾਸੇਲ ਸੂਜ ਦੇ ਅਨੁਸਾਰ ਮਨੁੱਖ ਇਕ ਮਾਈਕਰੋ ਕੋਜਮ (Microcosm ) ਅਰਥਾਤ ਸੂਖਮ ਮੂਰਤੀ ਹੈ ਅਤੇ ਪ੍ਰਕ੍ਰਿਤੀ ਬ੍ਰਹਮੰਡ ਅਰਥਾਤ ਵਿਸ਼ਵ ਬ੍ਰਹਮੰਡ ਅਰਥਾਤ ਪ੍ਰਕ੍ਰਿਤੀ ਦਾ ਅਧਿਐਨ ਮਾਨਵ ਦੇ ਅਧਿਐਨ ਦੇ ਦੁਆਰਾ ਅਤੇ ਮਾਨਵ ਦਾ ਅਧਿਐਨ ਪ੍ਰਕ੍ਰਿਤੀ ਅਥਵਾ ਵਿਸ਼ਵ ਦੇ ਅਧਿਐਨ ਦੁਆਰਾ ਕਰ ਸਕਦੇ ਹਾਂ।

---

1. Frank Jhilly, A History of Philosophy, P.315

## (ਅ) ਭਾਰਤੀ ਦਰਸ਼ਨ ਅਨੁਸਾਰ ਪਰਮ-ਮਨੁੱਖ

ਭਾਰਤੀ ਦਰਸ਼ਨ ਅਨੁਸਾਰ ਸਮੇਂ ਧਰਮ ਅਤੇ ਸਦਾਚਾਰਕ ਸਿੱਧਾਂਤ ਦੀ ਬਦਲੀ ਨਾਲ ਆਦਰਸ਼ -ਮਨੁੱਖ ਦਾ ਸੰਕਲਪ ਵੀ ਬਦਲਦਾ ਰਿਹਾ ਹੈ। ਕਿਉਂਕਿ ਹਰ ਯੁੱਗ ਵਿਚ ਆਦਰਸ਼ -ਮਨੁੱਖ( ਪਰਮ-ਮਨੁੱਖ )ਦਾ ਸੰਕਲਪ ਉਸ ਸਮੇਂ ਦੇ ਆਦਰਸ਼ ਧਰਮ ਉੱਤੇ ਨਿਰਭਰ ਸੀ। ਬਦਲਦੇ ਧਰਮ ਅਨੁਸਾਰ ਉਸ ਸਮੇਂ ਦੇ ਪਰਮ -ਮਨੁੱਖ ਦਾ ਸੰਕਲਪ ਲਭਾਂਗੇ ।

ਪੂਰਬ ਇਤਿਹਾਸਕ ਯੁੱਗ ਵਿਚ, ਜਿਸਨੂੰ ਵੈਦਿਕ ਕਾਲ ਵੀ ਕਹਿੰਦੇ ਹਨ, ਧਰਮ ਦਾ ਸੰਕਲਪ ਨਿਰੋਲ ਆਨੰਦ ( ਸਰੀਰਕ ਅਤੇ ਮਾਨਸਿਕ ) ਤੋਂ ਆਰੰਭ ਹੋਇਆ ਜਾਂ ਦੂਜੇ ਸ਼ਬਦਾਂ ਵਿਚ ਉਨ੍ਹਾਂ ਸਮਿਆਂ ਵਿਚ ਧਰਮ ਅਤੇ ਆਦਰਸ਼-ਮਨੁੱਖ ਦਾ ਸੰਕਲਪ ਉਪਯੋਗੀ ਸੀ। ਇਸ ਸਮੇਂ ਵਿਚ ਮੰਤਰਾਂ ਬਲੀਆਂ ਅਤੇ ਯੱਗਾਂ ਰਾਹੀਂ ਅਨੇਕਾਂ ਦੇਵਤਿਆਂ ਨੂੰ ਖੁਸ਼ ਰੱਖਣਾ, ਸੱਚ, ਇਨਸਾਫ਼ ਅਤੇ ਦਾਨ ਦਿੰਦਿਆਂ, ਆਪਣੇ ਸਾਥੀਆਂ ਨਾਲ ਵਰਤੋਂ ਆਦਿ ਆਨੰਦ ਦਾ ਸਾਧਨ ਸਨ। ਸਾਰਾ ਕਬੀਲਾ ਇਕੱਠਾ ਰਹਿੰਦਾ ਸੀ। ਅਤੇ ਕਬੀਲੇ ਦੇ ਸਭ ਮੈਂਬਰ ਬਰਾਬਰ ਸਨ। ਉਪਰੋਕਤ ਗੱਲ ਦੇ ਧਰਮ ਅਤੇ ਲੋਕ ਜੀਵਨ ਵਿਚ ਸ਼ਾਮਲ ਹੋਣ ਦੀ ਗਵਾਹੀ ਵਜੋਂ ਰਿਗਵੇਦ ਵਿਚੋਂ ਬੇਅੰਤ ਮਿਸਾਲਾਂ ਮਿਲ ਸਕਦੀਆਂ ਹਨ। ਇਸ ਲਈ ਵੈਦਿਕ ਸਮੇਂ ਵਿਚ ਉਪਰਲੇ ਧਰਮ ਅਨੁਸਾਰ ਪੂਰੇ ਤੌਰ ਤੇ ਆਪਣੇ ਜੀਵਨ ਨੂੰ ਢਾਲ ਕੇ ਆਪਣੇ ਅਤੇ ਬਾਕੀ ਸਾਰਿਆਂ ਦੇ ਆਨੰਦ ਵਿਚ ਵਾਧਾ ਕਰਨ ਵਾਲਾ ਆਦਮੀ ਆਦਰਸ਼-ਮਨੁੱਖ( ਪਰਮ -ਮਨੁੱਖ) ਮੰਨਿਆ ਜਾਂਦਾ ਸੀ। ਸਦਾਚਾਰਕ ਕੀਮਤਾਂ ਇਸ ਯੁੱਗ ਵਿਚ ਵੈਦਿਕ ਸਮੇਂ ਵਾਲੀਆਂ ਹੀ ਰਹਿੰਦੀਆਂ ਹਨ। ਭਾਵੇਂ ਇਸ ਯੁੱਗ ਵਿਚ ਸੂਖਮ ਵਿਚਾਰ ਅਤੇ ਗਿਆਨ ਉੱਤੇ ਵਧੇਰੇ ਜ਼ੋਰ ਦਿੱਤਾ ਗਿਆ ਹੈ, ਪਰੰਤੂ ਸਦਾਚਾਰ ਦੀ ਮਹੱਤਤਾ ਨੂੰ ਅਖੋਂ ਉਹਲੇ ਨਹੀਂ ਕੀਤਾ ਗਿਆ, ਸਗੋਂ ਕਿਹਾ ਗਿਆ ਹੈ ਕਿ ਜੋ ਬੰਦਾ ਪਾਪ ਦਾ ਤਿਆਗ ਨਹੀਂ ਕਰਦਾ ਅਤੇ ਉਸਦਾ ਮਨ ਕਾਬੂ ਵਿਚ ਅਤੇ ਸ਼ਾਂਤੀ ਵਿਚ ਨਹੀਂ, ਉਹ ਗਿਆਨ ਦੇ ਹੁੰਦਿਆਂ ਵੀ ਸੱਚ ਦੀ ਪ੍ਰਾਪਤੀ ਨਹੀਂ ਕਰ ਸਕਦਾ।[1] ਗਿਆਨ ਅਤੇ ਤਿਆਗ ਉੱਤੇ ਬਹੁਤ ਜ਼ੋਰ ਦਿੱਤਾ ਗਿਆ ਹੈ। ਜਿਵੇਂ ਜਿਸ ਤਰ੍ਹਾਂ ਪਵਿੱਤਰ ਪਾਣੀ ਵਿਚ ਹੋਰ ਪਾਣੀ ਪਾਇਆ ਕੋਈ ਫਰਕ ਨਹੀਂ ਪੈਂਦਾ, ਇਸੇ ਤਰ੍ਹਾਂ ਹੇ ਗੌਤਮ। ਗਿਆਨਵਾਨ ਚਿੰਤਕ ਦੀ ਆਤਮਾ ਵੀ ਅਜਿਹੀ ਹੀ ਹੁੰਦੀ ਹੈ।[2] ਜਦੋਂ ਆਪਣੇ ਮਨ ਵਿਚ ਵਸਦੀਆਂ ਸਭ ਇੱਛਾਵਾਂ ਖਤਮ ਹੋ ਜਾਂਦੀਆਂ ਹਨ ਅਤੇ

---

1. ਕਠੋਪਨਿਸ਼ਦ, 4. 15
2. ਉਹੀ, 6.14

ਮਨੁੱਖ ਬ੍ਰਹਮ ਨੂੰ ਪ੍ਰਾਪਤ ਹੁੰਦਾ ਹੈ। ਇਸ ਤਰ੍ਹਾਂ ਵੇਦਾਂਤ ਕਾਲ ਵਿਚ ਮਨੁੱਖੀ ਆਦਰਸ਼ ਪਦਾਰਥਕ ਜਾਂ ਸਰੀਰਕ ਆਨੰਦ ਤੋਂ ਬਦਲ ਕੇ ਪਰਮਾਤਮਾ ਦੀ ਪ੍ਰਾਪਤੀ ਹੋ ਜਾਂਦੀ ਹੈ। ਇਸ ਲਈ ਇਸ ਕਾਲ ਦਾ ਆਦਰਸ਼-ਮਨੁੱਖ (ਪਰਮ-ਮਨੁੱਖ) ਸੰਸਾਰਕ ਖੁਸ਼ੀ ਦੇ ਵਿਪਰੀਤ ਪਰਮਾਤਮਾ ਦੀ ਖੋਜ ਵਿਚ ਵਿਅਸਤ ਹੋ ਜਾਂਦੀ ਹੈ ਅਤੇ ਇਸਨੂੰ ਵਖਰੇ ਲਕਸ਼ ਦੀ ਪ੍ਰਾਪਤੀ ਲਈ ਸਾਧਨ ਲੋੜੀਂਦੇ ਹਨ। ਉਪਨਿਸ਼ਦਾਂ ਦੇ ਸਮੇਂ ਦਾ ਆਦਰਸ਼ ਮਨੁੱਖ(ਪਰਮ -ਮਨੁੱਖ) ਉਹ ਵਿਅਕਤੀ ਹੈ, ਜੋ ਆਪਣੇ ਆਪ ਨੂੰ ਪਰਮਾਤਮਾ ਦਾ ਸਰੂਪ ਸਮਝਦਾ ਹੋਇਆ ਉਸਦਾ ਗਿਆਨ ਪ੍ਰਾਪਤ ਕਰਨ ਲਈ ਗੁਰੂ ਪਾਸ ਪੂਰਣ ਆਤਮਾ ਸਮਰਪਣ ਕਰ ਦਿੰਦਾ ਸੀ। ਉਹ ਪੂਰਣ ਸਿਦਕ ਨਾਲ ਸਿੱਖਿਆ ਪ੍ਰਾਪਤ ਕਰਕੇ ਸਾਰੇ ਆਤਮਿਕ ਅਤੇ ਸਦਾਚਾਰਕ ਗੁਣਾਂ ਦਾ ਧਾਰਨੀ ਬਣ ਜਾਂਦਾ ਸੀ। ਅਤੇ ਬ੍ਰਹਮ -ਗਿਆਨ ਨੂੰ ਪ੍ਰਾਪਤ ਕਰਨ ਵਿਚ ਸਫਲ ਹੋ ਜਾਂਦਾ ਸੀ। ਉਹ ਕਿਸੇ ਰਸਮ ਜਾਂ ਬਲੀ ਉੱਤੇ ਨਹੀਂ, ਪਰੰਤੂ ਅਮਲ ਵਿਚ ਲਿਆਉਣ ਵਾਲੀ ਇੱਛਾ ਨੂੰ ਮਹਾਨਤਾ ਦਿੰਦਾ ਸੀ। ਉਸ ਆਦਰਸ਼ ਪਰਮ -ਮਨੁੱਖ ਦੇ ਦੋ ਪਹਿਲੂ ਕਹੇ ਜਾ ਸਕਦੇ ਹਨ। ਪਹਿਲੀ ਤਾਂ ਬ੍ਰਹਮਾ ਨਾਲ ਇਕਮਿਕਤਾ ਪ੍ਰਾਪਤ ਕਰਨਾ ਅਤੇ ਦੂਜੇ ਵਿਸ਼ੇਸ਼ ਪ੍ਰਕਾਰ ਦੀ ਅਨੁਕੂਲਤਾ ( sameness ) ਪ੍ਰਾਪਤ ਕਰਨਾ ਹੈ।[1] ਇਨ੍ਹਾਂ ਦੋਹਾਂ ਪਹਿਲੂਆਂ ਦੇ ਸਮਾਨ-ਅੰਤਰ ਵਿਚਾਰ ਕਰਦੇ ਹੋਏ ਉਦੇਸ਼ ਦੀ ਪ੍ਰਾਪਤੀ ਇਸ ਪ੍ਰਕਾਰ ਦ੍ਰਿਸ਼ਟੀਗੋਚਰ ਕੀਤੀ ਜਾ ਸਕਦੀ ਹੈ। ਸਦਾਚਾਰ ਕਿਰਿਆਵਾਂ ਦੇ ਦੋ ਮੁੱਖ ਸਦਾਚਾਰਕ ਪਹਿਲੂਆਂ ਨੂੰ ਵਿਚਾਰਿਆ ਜਾ ਸਕਦਾ ਹੈ। ਇਕ ਤਾਂ ਕਿਸੇ ਵਿਅਕਤੀ ਦੀ ਪਰਮਾਤਮਾ ਦੇ ਹੁਕਮ ਅਨੁਸਾਰ ਆਤਮ ਕ੍ਰਿਆ ਵਿਚ ਰੁਝਾ ਅਤੇ ਪੂਰਣਤਾ ਹੋਣੀ ਕਾਫੀ ਸੀ, ਜਿਹੜੇ ਆਪਾਰੀਹਣ ( self-realization ) ਪ੍ਰਦਰਸ਼ਨ ਕਰਨਾ ਚਾਹੁੰਦੇ ਹਨ, ਜ਼ਰੂਰੀ ਸੀ ਕਿ ਉਹ ਆਪਣੇ ਵਿਚ ਨੇਕੀ ਦੇ ਗੁਣ ਪੈਦਾ ਕਰਨ।[2] ਉਨ੍ਹਾਂ ਨੂੰ ਇਸ ਲਈ ਪ੍ਰੇਰਿਆ ਜਾਵੇ। ਦੋਨੋ ਪ੍ਰਕਾਰ ਦੀ ਇੱਛਾਵਾਂ ਨੂੰ ਆਪਣੇ ਪ੍ਰੀਣਾਮਾ ਅਨੁਸਾਰ ਅਗਵਾਈ ਕਰਨੀ ਚਾਹੀਦੀ ਹੈ, ਕਿਉਂਕਿ ਸੰਸਾਰ ਅਗੰਮੀ ਕਾਨੂੰਨਾਂ ( immulate Laws ) ਰਾਹੀਂ ਪ੍ਰਕਾਸ਼ਤ ਹੈ। ਅੰਤਿਮ ਪੜ੍ਹਾ ਤਾਂ ਸਵੈ - ਇਰਾਦੇ ਦੁਆਰਾ ਪਸੰਦ ਦੀ ਪ੍ਰਾਪਤੀ ਹੈ, ਜਿਸ ਦੇ ਸਾਹਮਣੇ ਸਭ ਪ੍ਰਕਾਰ ਦੇ ਦੁਸ਼ਮਣ ਖਤਮ ਹੋ ਜਾਂਦੇ ਹਨ। ਉਪਨਿਸ਼ਦ ਸਿੱਧਾਂਤ ਅਨੁਸਾਰ ਨੈਤਿਕ ਆਧਾਰ ਦੇ ਬਿਨਾਂ ਅਧਿਆਤਮਿਕ ਸਥਿਰਤਾ ਠੀਕ ਨਹੀਂ ਸੀ ਜਾਪਦੀ। ਇਸੇ ਕਰਕੇ

---

1. ਮੁੰਡਕ-ਉਪਨਿਸ਼ਦ, III, 2.6
2. ਮੁੰਡਕ -ਉਪਨਿਸ਼ਦ, III 19.10

ਉਪਨਿਸ਼ਦਾਂ ਦਾ ਰਿਸ਼ੀ ( ਪਰਮ-ਮਨੁੱਖ ) ਇਕ ਐਸਾ ਵਿਅਕਤੀ ਸੀ, ਜੋ ਬ੍ਰਹਮ ਦੀ ਰਹੱਸਆਤਮਿਕ ਅਨੁਭੂਤੀ ਦੇ ਸਥਾਨ ਪੁਰ ਬੁੱਧੀ ਤਰਕ, ਚਿੰਤਨ ਤੋਂ ਸੰਬੰਧਿਤ ਨੈਤਿਕ ਪਰਿਪੂਰਣਤਾ ਦੇ ਚਰਮ ਬਿੰਦੂ ਦਾ ਪ੍ਰਤੀਕ ਸੀ। ਉਹ ਆਕਾਰ ਦੀ ਤ੍ਰਿਵਿਧ -ਨੀਤੀ ਸ਼ਰਧਾ ਆਸ਼ਾ ਅਤੇ ਪ੍ਰੇਮ ਦਾ ਪਾਲਣ ਕਰਦਾ ਸੀ ਅਤੇ ਆਪਣੀ ਅਧਿਆਤਮਿਕ ਪਰਿਪੂਰਣਤਾ ਲਈ ਆਸ਼ਾਵਾਂ ਨੂੰ ਇਕ ਅਪਰਅਪਾਰ ਸ਼ਕਤੀ ਵਿਚ ਕੇਂਦ੍ਰਿਤ ਕਰ ਦਿੰਦਾ ਸੀ। ਉਹ ਸਭ ਵਿਚ ਪਰਮਾਤਮਾ ਨੂੰ ਹੀ ਵੇਖਦਾ ਸੀ, ਅਤੇ ਉਸ ਲਈ ਸਭ ਵਸਤੂਆਂ ਆਤਮਾ ਹੀ ਹੋ ਜਾਂਦੀਆਂ ਸਨ। ਉਹ ਗਿਆਨ ਅਤੇ ਅੰਧਕਾਰ ਅਤੇ ਨਿਰਾਸ਼ਾ ਨੂੰ ਤਿਆਗ ਦਿੰਦਾ ਸੀ। ਉਸ ਦੀਆਂ ਸਭ ਵਾਸ਼ਨਾਵਾਂ ਦਾ ਅੰਤ ਹੋ ਗਿਆ ਸੀ, ਉਹ ਨਿਉਨਿ ਪਰਮ ਵਸ਼ਨਾ ਅਤੇ ਆਤਮ ਅਨੁਭੂਤਿ ਨੂੰ ਪ੍ਰਾਪਤ ਕਰ ਚੁੱਕਾ ਸੀ। ਉਸਨੇ ਸੱਚ ਦਾ ਨੰਦ ਦੇ ਸਵ ਰੂਪ ਨੂੰ ਪਛਾਣ ਲਿਆ ਸੀ। ਉਸਨੇ ਸਥਾਈ ਸ਼ਾਂਤੀ ਵੀ ਪ੍ਰਾਪਤ ਕਰ ਲਈ ਸੀ। ਉਸਨੇ ਯੋਗ ਸਾਧਨ ਵਿਚ ਬ੍ਰਹਮ -ਚਿੰਤਨ ਦੁਆਰਾ ਮਨ ਅਤੇ ਬੁੱਧੀ ਦੇ ਸਾਹਿਤ ਸਾਰੀਆਂ ਇੰਦਰੀਆਂ ਉੱਤੇ ਕਾਬੂ ਪਾ ਲਿਆ ਸੀ।[1]

ਗੀਤਾ ਪਰਮ-ਮਨੁੱਖ ਦਾ ਆਦਰਸ਼ ਭਗਤੀ, ਗਿਆਨ, ਕਰਮ ਅਤੇ ਖੁਸ਼ਹਾਲੀ ਅਤੇ ਵਿਸ਼ਵਾਸ ਉੱਤੇ ਆਧਾਰਿਤ ਕਰਦੀ ਹੈ। ਭਗਤੀ ਨਾਲੋਂ ਕਰਮ ਨੂੰ ਵਧੇਰੇ ਮਹਾਨਤਾ ਦਿੱਤੀ ਹੈ। ਪਰਮ-ਮਨੁੱਖ ਲਈ ਬਗੈਰ ਕਿਸੇ ਫਲ ਦੇ ਕਰਮ ਉੱਤੇ ਵਧੇਰੇ ਜ਼ੋਰ ਦਿੱਤਾ ਗਿਆ ਹੈ। ਮਨੁੱਖੀ ਸਦਾਚਾਰ ਨੂੰ ਸਾਧਾਰਣ ਪੱਧਰ ਤੋਂ ਚੁੱਕ ਕੇ ਕਰਤੱਵ ਦੀ ਉੱਚੀ ਪੱਧਰ ਉੱਤੇ ਲਿਆ ਖੜਾ ਕੀਤਾ ਹੈ। ਕਰਤਵ ਹੀ ਉਹ ਹੋਵੇ, ਜਿਸਦੇ ਫਲ ਦੀ ਉਮੀਦ ਆਦਰਸ਼-ਮਨੁੱਖ ਨਾ ਰੱਖੇ। ਸੰਸਾਰ ਵਿਚ ਨਿਰਲੇਪ ਰਹਿੰਦੇ ਹੋਏ ਆਪਣੇ ਕਰਤਵ ਦੀ ਪਾਲਣਾ ਪੂਰੀ ਲਗਨ ਨਾਲ ਨਿਭਾਉਣਾ ਹੀ ਪਰਮ-ਮਨੁੱਖ ਲਈ ਪਰਚਾਰਿਆ ਗਿਆ ਸਦਾਚਾਰਕ ਮਾਪ -ਦੰਡ ਹੈ। ਉੱਚ ਆਤਮਾ ਉਹ ਹੈ, ਜਿਹੜੀ ਅੰਦਰੂਨੀ ਦੁੱਖ ਦਾ ਅਨੁਭਵ ਕਰਦੀ ਹੈ ਅਤੇ ਸੁਖਾਂ ਤੋਂ ਪ੍ਰਭਾਵਿਤ ਹੋਏ ਬਗੈਰ ਰਹਿੰਦੀ ਹੈ।[2] ਗੀਤਾ ਵਿਚ ਉਹ ਅਨੰਤ ਦੀ ਪ੍ਰਾਪਤੀ ਲਈ ਯਤਨਸ਼ੀਲ ਹੁੰਦਾ, ਸਦਾਚਾਰਕ ਪੱਧਰ ਨੂੰ ਉਤਾਂਹ ਚੁਕ ਕੇ, ਭਗਤੀ, ਕਰਮ ਅਤੇ ਗਿਆਨ--ਮਾਰਗ ਦੇ ਆਸਰੇ ਪਰਮ-ਮਨੁੱਖ ਬਣਨ ਦਾ ਪੱਖ ਪ੍ਰਦਰਸ਼ਨ ਕੀਤਾ ਗਿਆ ਹੈ।
ਅਸਲ ਵਿਚ ਗੀਤਾ ਦਾ ਕੇਂਦਰੀ ਨੁਕਤਾ ਮਨੁੱਖ ਦੇ ਆਪੇ ਦੀ ਉੱਨਤੀ ਅਤੇ ਉਸਦਾ ਬ੍ਰਹਮ ਵਿਚ ਲੀਨ ਹੋਣਾ ਹੈ। ਇਸ ਪ੍ਰਕਾਰ ਲਭਿਆ ਗਿਆ ਹੱਲ ਅਸਲ ਵਿਚ ਭਗਤੀ, ਕਰਮ ਅਤੇ

---

1. ਈਸ਼ਾ ਉਪਨਿਸ਼ਦ, 1.2.4
2. Radha Krishnan (Dr.) An Idealist View of Life, P, 257

ਗਿਆਨ -ਮਾਰਗ ਦਾ ਸੁਮੇਲ ਹੈ। ਇਸ ਤਰ੍ਹਾਂ ਤਿੰਨ ਪੱਖੀ ਪੱਥ -ਪਰਦਰਸ਼ਨ ਕਰਕੇ ਵਿਅਕਤੀ ਦਾ ਕਲਿਆਣ ਕਰਦੀ ਹੋਈ ਗੀਤਾ ਮਨੁੱਖ ਨੂੰ ਪਰਮ -ਮਨੁੱਖ ਬਣਾਉਂਦੀ ਹੈ।

ਚਾਰਵਾਕ ਦਰਸ਼ਨ ਅਨੁਸਾਰ ਜੀਵਨ ਲਈ ਜੋ ਕਰਮ ਹੋਵੇ, ਉਸੇ ਨੂੰ ਲੋਕ ਸਾਰਥਕ ਮੰਨਦੇ ਹਨ। ਇਹ ਲੋਕ ਉਸ ਕਰਮ ਨੂੰ ਧਾਰਨ ਕਹਿੰਦੇ ਹਨ, ਜਿਸ ਤੋਂ ਆਪਣੀ ਕਾਮਨਾ ਦੀ ਪੂਰੀ ਹੋਵੇ। ਉਸ ਪ੍ਰਭੂ ਨੂੰ ਪ੍ਰਾਪਤ ਕਰਨ ਲਈ ਹੀ ਸਭ ਪ੍ਰਕਾਰ ਦੀਆਂ ਕ੍ਰਿਆਵਾਂ ਮਨੁੱਖ ਕਰਦਾ ਹੈ। ਪਰਮਾਤਮਾ ਦੇ ਦਰਸ਼ਨ ਕਰਨ ਲਈ ਉਹ ਵਿਆਕੁਲ ਹੈ। ਇਕ ਪ੍ਰਕਾਰ ਨਾਲ ਉਸ ਲਕਸ਼ ਦੀ ਪ੍ਰਾਪਤੀ ਹੀ ਪਰਮ -ਮਨੁੱਖ ਦਾ ਮੁਖ ਉਦੇਸ਼ ਸਮਝਿਆ ਜਾਂਦਾ ਸੀ।

ਜੈਨ ਧਰਮ ਅਨੁਸਾਰ ਮਨੁੱਖ ਜੀਵ ਹੀ ਹੈ, ਜਿਸ ਵਿਚ ਕਰਮ ਦਾਖਲ ਹੋ ਗਏ ਹਨ।[1] ਆਦਰਸ਼ ਮਨੁੱਖ ( ਪਰਮ-ਮਨੁੱਖ) ਬਣਨ ਲਈ ਸਹੀ ਵਿਚਾਰ, ਠੀਕ ਗਿਆਨ ਅਤੇ ਠੀਕ ਸਦਾਚਾਰ ਨੂੰ ਅਪਣਾਉਣ ਉੱਤੇ ਜ਼ੋਰ ਦਿੱਤਾ ਗਿਆ। ਮਹਾਤਮਾ-ਬੁੱਧ ਨੇ ਤਾਂ ਮਨੁੱਖ ਦੀ ਮੁਕਤੀ ਲਈ ਅਰਥਾਤ ਨਿਰਵਾਣ ਦੀ ਪ੍ਰਾਪਤੀ ਉੱਪਰ ਜ਼ੋਰ ਦਿੱਤਾ ਹੈ। ਉਸਨੇ ਚਾਰ ਅਰਯਾਨ( ਨੇਕੀਆਂ) ਉੱਤੇ ਜ਼ੋਰ ਦਿੱਤਾ ਹੈ। ਸੰਸਾਰ ਨੂੰ ਦੁਖਾਂ ਦਾ ਘਰ ਮੰਨਿਆ ਅਤੇ ਇਨ੍ਹਾਂ ਦੁਖਾਂ ਦੇ ਖਾਤਮੇ ਲਈ ਨਿਰਵਾਣ ਦੀ ਪ੍ਰਾਪਤੀ ਜ਼ਰੂਰੀ ਦੱਸੀ। ਇਹ ਸਚਾਈ ਦੇ ਮਾਰਗ ਉੱਤੇ ਚਲ ਕੇ ਅਤੇ ਸਦਾਚਾਰਕ ਜੀਵਨ ਅਪਣਾ ਕੇ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ। ਨਿਆਇ ਵੈਸਾਖਾ ਦਰਸ਼ਨ ਅਨੁਸਾਰ ਜੀਵ ਇਕ ਬੇਮਿਸਾਲ ਪਦਾਰਥ ਹੈ, ਜਿਹੜਾ ਸੁਖ ਦੁਖ ਦਾ ਅਨੁਭਵ ਕਰਦਾ ਹੈ। ਅਤੇ ਅਨੰਤ ਦੀ ਪ੍ਰਾਪਤੀ ਲਈ ਸੁਖ ਦੁਖ ਤੋਂ ਪ੍ਰੇਰਨਾ ਲੈ ਕੇ ਪੂਰਨ ਸੁਤੰਤਰਤਾ ਪ੍ਰਾਪਤ ਕਰਨੀ ਦਸਦਾ ਹੈ। ਮਨੁੱਖ ਦੇ ਕਰਮਾਂ ਦੇ ਸਦਾਚਾਰਕ ਹੋਣ ਬਾਰੇ ਉਹੀ ਅਨੰਤ ਸ਼ਕਤੀ ਨਿਆਇਸ਼ੀਲ ਹੈ।

ਸਾਂਖਯ -ਯੋਗ ਸਿਸਟਮ ਅਨੁਸਾਰ ਭਾਰਤੀ ਦਰਸ਼ਨ ਵਿਚ ਮਨੁੱਖੀ ਜੀਵਨ ਨੂੰ ਅਫ਼ਸੋਸ ਅਤੇ ਦੁਖਾਂ ਤੋਂ ਵਗੈਰ ਕੁਝ ਨਹੀਂ ਦਰਸਾਇਆ ਗਿਆ। ਜੀਵਨ ਦੇ ਹਰ ਪੜਾ ਉੱਤੇ ਦੁਖਾਂ ਦੇ ਪਹਾੜ ਮਨੁੱਖ ਨੂੰ ਘੇਰੀ ਖੜੇ ਹਨ। ਕੁਦਰਤੀ ਤੌਰ ਤੇ ਇਨ੍ਹਾਂ ਦੁਖਾਂ ਅਤੇ ਕਸ਼ਟਾਂ ਤੋਂ ਮੁਕਤੀ ਪ੍ਰਾਪਤ ਕਰਨਾ ਹੀ ਆਤਮਾ ਨੂੰ ਦੁਨਿਆਵੀ ਝੂਠੇ ਝਮੇਲਿਆਂ ਦੇ ਚੱਕਰ ਤੋਂ ਬਾਹਰ ਕਢਣਾ ਹੈ। ਆਤਮਾ ਦਾ ਮੁਕਤੀ ਪ੍ਰਾਪਤ ਕਰਨਾ ਅਤੇ ਪੂਰਣਤਾ ਪ੍ਰਾਪਤ ਕਰਨਾ ਹੀ ਪਰਮ -ਮਨੁੱਖ ਦਾ ਉਦੇਸ਼ ਗਿਣਿਆ ਗਿਆ ਹੈ। ਸਾਂਖਯ-ਦਰਸ਼ਨ ਅਨੁਸਾਰ ਅਤੇ ਯੋਗ ਦਰਸ਼ਨਾਂ ਅਨੁਸਾਰ ਵੀ ਨਿਆਇ ਵੈਸਾਖਾ ਦੀ ਤਰ੍ਹਾਂ ਅਹੀ ਨੂੰ ਚੇਤਨਾ ਦਾ ਹਿੱਸਾ ਨਹੀਂ

---

1. 1. Raju, P.T., The Concept of Man, P, 218

ਮੰਨਿਆ, ਸਗੋਂ ਪੂਰਣ ਤੌਰ ਤੇ ਸਚਾਈ ਦਾ ਨਿਰੋੜ ਅਤੇ ਜਾਗ੍ਰਿਤੀ ਮੰਨਿਆ ਹੈ। ਸਚਾਈ ਦੇ ਧਾਰਣ ਕੀਤਿਆਂ ਹੀ ਜਾਗ੍ਰਿਤੀ ਆ ਸਕਦੀ ਹੈ।

ਅਦਵੈਤ ਵੇਦਾਂਤ ਦੀ ਵਿਚਾਰਧਾਰਾ ਅਨੁਸਾਰ ਅਹੀ ਨੂੰ ਅਨੰਦਪ੍ਰਦਾਨ ਕਰਨ ਵਾਲੀ ਖੁਸ਼ੀ ਮੰਨਣ ਤੋਂ ਇਨਕਾਰੀ ਹੈ। ਆਮਿਕ ਜਾਗ੍ਰਿਤੀ ਤੋਂ ਬਗੈਰ ਮਨ ਸਰੀਰ ਅਤੇ ਗਿਆਨ ਇੰਦਰੀਆਂ ਦੁਖ ਦਾ ਤਿਆਗ ਨਹੀਂ ਕਰ ਸਕਦੀਆਂ। ਜਦੋਂ ਤਕ ਝੂਠੀ ਹੰਕਾਰ ਦੀ ਭਾਵਨਾ ਸਥਿਰ ਰਹਿੰਦੀ ਹੈ, ਅਸੀਂ ਜੀਵਨ ਦੀ ( Whirl winds ) ਘੁੰਮਣਘੇਰੀਆਂ ਵਿਚ ਫਸ ਜਾਂਦੇ ਜਾਂ ਫੈਸੇ ਰਹਿੰਦੇ ਹਾਂ।

ਪੂਰਣਤਾ, ਸਾਂਖ ਯੋਗ ਅਨੁਸਾਰ ਆਤਮਾ ਦੀ ਸਵੈ -ਚੇਤਨਾ ਦੀ ਸੁਤੰਤਰਤਾ ਪ੍ਰਾਪਤੀ ਹੈ। ਇੱਛਾਵਾਂ ਅਤੇ ਅਹੰਕਾਰ ਤੋਂ ਮੁਕਤੀ ਦੀ ਪ੍ਰਾਪਤੀ ਹੀ ਯੋਗ ਦਰਸ਼ਨ ਅਨੁਸਾਰ ਮਨ ਦੀ ਪਵਿੱਤਰਤਾ ਅਤੇ ਜਾਗ੍ਰਿਤੀ ਹੀ ਪਰਮ -ਮਨੁੱਖ ਬਣਨ ਲਈ ਆਧਾਰ ਹੈ। ਮਨ ਦੀ ਸਮਾਧੀ ਵਿਚ ਹੀ ਮਨ ਦੀਆਂ ਸਭ ਦੁਬਿਧਾਵਾਂ ਦਾ ਖਾਤਮਾ ਹੋ ਜਾਂਦਾ ਹੈ।

ਵੇਦਾਂਤ ਦੇ ਅਨੁਸਾਰ ਹੇਠ ਲਿਖੇ ਸਦਾਚਾਰਕ ਗੁਣਾਂ ਦਾ ਧਾਰਨੀ ਹੋਣਾ ਪਰਮ-ਮਨੁੱਖ ਲਈ ਜ਼ਰੂਰੀ ਸੀ।

1. ਕਿਹੜੀ ਵਸਤੂ ਸਥਾਈ ਹੈ ਅਤੇ ਕਿਹੜੀ ਸਜਾ ਜਾਂ ਇਨਾਮ ਦੇ ਯੋਗ ਹੈ, ਵਿਚ ਅੰਤਰ ਕਰਨ ਦੇ ਯੋਗ ਹੋਣ।

2. ਮਨ ਨੂੰ ਇੱਛਾਵਾਂ ਤੋਂ ਵਾਂਝੇ ਕਰਨਾ ਤਾਕਿ ਉਹ ਆਨੰਦ ਦੀ ਪ੍ਰਾਪਤੀ ਕਰ ਸਕੇ।

3. ਮਨ ਅਤੇ ਗਿਆਨ ਇੰਦਰੀਆਂ ਨੂੰ ਕਾਬੂ ਕਰਨ ਦੀ ਯੋਗਤਾ ਹੋਵੇ, ਤਾ ਕਿ ਖਾਮੋਸ਼ੀ ਸਬਰ, ਸੰਤੋਖ ਅਤੇ ਇਕਾਗਰ ਚਿੱਤ ਕਰਨ ਦੀ ਸ਼ਕਤੀ ਪ੍ਰਾਪਤ ਕਰ ਸਕੇ।

4. ਮੁਕਤੀ ਬੰਧਨ ਦੀ ਤੀਬਰ ਇੱਛਾ। ਇਹ ਸਭ ਪਹਿਲੂ ਬੁੱਧੀ, ਸੰਤੋਖ ਅਤੇ ਭਾਵਨਾਵਾਂ ਦੇ ਦੁਆਰਾ ਪ੍ਰਭਾਵਿਤ ਕਰਨ ਲਈ ਬਹੁਤ ਜ਼ਰੂਰੀ ਹਨ। ਅਧਿਆਤਮਿਕ ਉਨੱਤੀ ਦੀ ਕਾਮਯਾਬੀ ਅਤੇ ਸਚਾਈ ਦਾ ਅਧਿਐਨ ਹੀ ਵੇਦਾਂਤ ਅਨੁਸਾਰ ਪਰਮ-ਮਨੁੱਖ ਬਣਨ ਲਈ ਸਹਾਈ ਹੁੰਦਾ ਸੀ। ਜਗਿਆਸੂ ਜਿਸਨੇ ਜੀਵਨ ਦਾ ਉੱਚ ਆਦਰਸ਼ ਪਹਿਚਾਣ ਲਿਆ ਹੈ। ਉਸ ਦੀ ਸ਼ਖਸੀਅਤ ਆਤਮਾ ਬਿਲਕੁਲ ਸ਼ੁੱਧ ਹੋ ਜਾਂਦੀ ਹੈ। ਅਤੇ ਉਹ ਪੂਰਣਤਾ ਪ੍ਰਾਪਤ ਕਰ ਲੈਂਦਾ ਹੈ। ਅਹੰਕਾਰ ਦਾ ਨਾਂ [illegible] ਨਿਸ਼ਾਨ ਨਹੀਂ ਰਹਿੰਦਾ ।

ਰਾਮਾਨੁਜ ਦੇ ਵਿਸ਼ਿਸ਼ਟ ਅਦਵੈਤ ਅਤੇ ਸ਼ੰਕਰ ਦੇ ਅਦਵੈਤ ਵੇਦਾਂਤ ਅਨੁਸਾਰ ਆਤਮਾ ਦੀ ਮੁਕਤੀ ਹੀ ਖੁਸ਼ੀ ਦੀ ਅਸਲੀ ਦਸ਼ਾ ਹੈ। ਇਹ ਦੋਹਾਂ ਵਿਚਕਾਰ ਸੁਮੇਲ ਲਈ ਇਕ ਪੁਲ ਦਾ ਕੰਮ ਦਿੰਦਾ ਹੈ। ਕੁਦਰਤੀ ਤੌਰ ਤੇ ਪੂਰਣਤਾ ਦੀ ਪ੍ਰਾਪਤੀ ਆਤਮਾ ਦੇ ਬ੍ਰਹਮ

ਅਭੇਦ ਹੋਣ ਅਤੇ ਉਸ ਤਰ੍ਹਾਂ ਦੀ ਹੋਣ ਤੇ ਹੀ ਮੰਨੀ ਜਾਂਦੀ ਹੈ। ਰਾਮਾਨੁਜ ਅਨੁਸਾਰ ਇਹ ਵਿਸ਼ਵਾਸਯੋਗ ਨਹੀਂ ਕਿ ਵਿਅਕਤੀ ਦੀ ਆਤਮਾ ਹੈ, ਜਿਹੜੀ ਕਿ ਪਰਮਾਤਮਾ ਤੋਂ ਭਿੰਨ ਅਤੇ ਉਸ ਉੱਪਰ ਨਿਰਭਰ ਹੈ, ਕਦੀ ਵੀ ਉਸ ਪਰਮਾਤਮਾ ਨਾਲ ਇਕ ਮਿਕ ਹੋ ਸਕਦੀ ਹੈ। ਜਿਹੜਾ ਕਿ ਅਨੰਤ ਅਤੇ ਸਵੈ ਨਿਰਭਰ ਹੈ। ਇਸ ਲਈਸਰਬ ਉੱਚ ਉਦੇਸ਼ ਉਸਨੂੰ ਹੀ ਮੰਨਿਆ ਜਾਂਦਾ ਹੈ, ਜਿਸ ਦੁਆਰਾ ਬੰਧਨ ਦੂਰ ਹੋਣ ਅਤੇ ਆਤਮਾ ਦੀ ਬੌਧਿਕ ਅਤੇ ਕੁਦਰਤੀ ਵਿਸ਼ੇਸ਼ਤਾਵਾਂ ਅਤੇ ਅਨੰਦ ਦੀ ਪੂਰੀ ਤਰ੍ਹਾਂ ਅਨੁਭਵ ਹੋਵੇ। ਪੂਰਨਤਾ ਤਦ ਆਪਣਾ ਨਾਸ਼ ਕਰਨਾ ਨਹੀਂ, ਸਗੋਂ ਭੈੜੇ ਵਿਚਾਰਾਂ ਤੋਂ ਛੁਟਕਾਰਾ ਪਾਉਣਾ ਹੈ। ਮਾਧਵ ਦਾ ਵੇਦਾਂਤ ਸਿਸਟਮ ਰਾਮਾਨੁਜ ਦੇ ਵਸ਼ਿਸ਼ਟ ਦਵੈਤ ਦੇ ਬਹੁਤ ਨੇੜੇ ਹੈ। ਦੋਹਾਂ ਅਨੁਸਾਰ ਆਤਮਾ ਆਨੰਦ ਦੀ ਭਾਗੀ ਹੈ। ਆਤਮਾ ਅਤੇ ਪਰਮਾਤਮਾ ਪੂਰਨਤਾ ਦੀ ਦਸ਼ਾ ਵਿਚ ਕੋਈ ਅੰਤਰ ਨਹੀਂ ਰਹਿੰਦਾ। ਉਹ ਅਨੰਤ ਨਾਲ ਮਿਲਕੇ ਆਪਣੀ ਇੱਛਾਵਾਂ ਦੀ ਪੂਰਤੀ ਬਿਨਾਂ ਦੁਖ ਦੇ ਹੁੰਦੀ ਹੈ।

****

## (ੲ) ਵੇਦਾਂ ਵਿਚ ਪਰਮ -ਮਨੁੱਖ ਦਾ ਸੰਕਲਪ

ਵੈਦਿਕ ਕਾਲ ਵਿਚ ਹੌਲੀ ਹੌਲੀ ਸਮੁੱਚੇ ਕਬੀਲੇ ਅਤੇ ਇਸ ਤੋਂ ਪਿੱਛੋਂ ਵੱਖ ਵੱਖ ਕਬੀਲਿਆਂ ਵਿਚ ਸੁਖ ਅਤੇ ਅਨੰਦ ਪੈਦਾ ਕਰਨ ਦੀ ਇੱਛਾ ਵਜੋਂ ਦੋਵਾਂ ਕਿਸਮਾਂ ਦੇ ਕਰਮਾਂ ਨੂੰ ਇਕ ਇਕੱਠਾ ਕਰਕੇ ਪਰਚਾਰਿਆ ਗਿਆ ਹੈ। ਇਸ ਸਮੇਂ ਤੋਂ ਸਦਾਚਾਰਕ ਦਰਸ਼ਨ ( Moral Philosophy ) ਅਤੇ ਇਨ੍ਹਾਂ ਵਿਚਾਰਾਂ ਦੇ ਅਸਲੀ ਰੂਪ ਵਿਚ ਪੂਰਨ ਤੌਰ ਤੇ ਧਾਰਨੀ ਹੋਣ ਤੋਂ ਆਦਰਸ਼-ਮਨੁੱਖ ( Ideal- Man ) ਜਾਂ ਪਰਮ--ਮਨੁੱਖ ਦਾ ਸੰਕਲਪ ਪੈਦਾ ਹੋਇਆ। ਸਮੇਂ ਮੁਤਾਬਕ ਜਿਉਂ ਜਿਉਂ ਇਨ੍ਹਾਂ ਉਪਰਲੇ ਦੋਹਾਂ ਆਨੰਦ ਸੋਮਿਆਂ ਜਾਂ ਇਨ੍ਹਾਂ ਵਿਚੋਂ ਇਕ ਵਿਚ ਵਾਧਾ ਹੋਇਆ, ਜਾਂ ਬਦਲੀ ਹੁੰਦੀ ਗਈ, ਧਰਮ ਸਦਾਚਾਰ ਅਤੇ ਆਦਰਸ਼ -ਮਨੁੱਖ ਦਾ ਸੰਕਲਪ ਵੀ ਬਦਲਦਾ ਗਿਆ। ਕਿਉਂਕਿ ਹਰ ਇਕ ਯੁਗ ਵਿਚ ਆਦਰਸ਼ -ਮਨੁੱਖ ( ਪਰਮ -ਮਨੁੱਖ) ਦਾ ਸੰਕਲਪ ਉਸ ਸਮੇਂ ਦੇ ਆਦਰਸ਼ ਧਰਮ ਉੱਤੇ ਨਿਰਭਰਤਾ ਰਖਦਾ ਹੈ। ਇਸ ਲਈ ਸਮੇਂ ਅਨੁਸਾਰ ਆਉਂਦੀਆਂ ਬਦਲੀਆਂ ਦੇ ਮੁਤਾਬਿਕ ਅਸੀਂ ਆਦਰਸ਼ ਮਨੁੱਖ ( ਪਰਮ-ਮਨੁੱਖ) ਦਾ ਸੰਕਲਪ ਲਭਾਂਗੇ ਅਤੇ ਉਸਦੇ ਵਿਅਕਤੀਤਵ ਦੇ ਵਿਕਾਸ ਨੂੰ ਉਲੀਕਣ ਦਾ ਯਤਨ ਕਰਾਂਗੇ।

ਇਸ ਵਿਚਾਰ ਅਨੁਸਾਰ ਪੂਰਵ ਇਤਿਹਾਸਕ -ਯੁਗ ਵਿਚ , ਜਿਸਨੂੰ ਵੈਦਿਕ ਕਾਲ ਵੀ ਕਹਿੰਦੇ ਹਨ, ਧਰਮ ਦਾ ਸੰਕਲਪ ਨਿਰੋਲ ਆਨੰਦ (ਸਰੀਰਕ ਅਤੇ ਮਾਨਸਿਕ) ਤੋਂ ਆਰੰਭ ਹੋਇਆ ਜਾਂ ਦੂਜੇ ਸ਼ਬਦਾਂ ਵਿਚ ਉਨ੍ਹਾਂ ਸਮਿਆਂ ਵਿਚ ਧਰਮ ਅਤੇ ਆਦਰਸ਼ ਮਨੁੱਖ ਦਾ ਸੰਕਲਪ ਉਪਯੋਗੀ ( Utiliterian ) ਸੀ। ਇਨ੍ਹਾਂ ਸਮਿਆਂ ਵਿਚ ਮੰਤਰਾਂ, ਬਲੀਆਂ ਅਤੇ ਯੱਗਾਂ ਰਾਹੀਂ ਅਨੇਕਾਂ ਦੇਵਤਿਆਂ ਨੂੰ ਖੁਸ਼ ਰਖਣਾ, ਸੱਚ, ਇਨਸਾਫ਼ ਅਤੇ ਦਾਨ ਦਿੰਦਿਆਂ ਹੋਇਆਂ ਆਪਣੇ ਸਾਥੀਆਂ ਨਾਲ ਚੰਗੀ ਵਰਤੋਂ ਆਦਿ ਆਨੰਦ ਦਾ ਸਾਧਨ ਸਨ। ਸਾਰਾ/ ਕਬੀਲਾ ਇਕੱਠਾ ਰਹਿੰਦਾ ਸੀ ਅਤੇ ਕਬੀਲੇ ਦੇ ਮੈਂਬਰ ਸਭ ਬਰਾਬਰ ਸਨ। ਉਪਰੋਕਤ ਕਾਲ ਦੇ ਧਰਮ ਅਤੇ ਲੋਕ ਜੀਵਨ ਵਿਚ ਸ਼ਾਮਲ ਹੋਣ ਦੀ ਗਵਾਹੀ ਵਜੋਂ 'ਰਿਗ ਵੇਦ ਵਿਚੋਂ ਬੇਅੰਤ ਮਸਾਲਾਂ ਮਿਲ ਸਕਦੀਆਂ ਹਨ। ਇਸ ਲਈ ਵੈਦਿਕ ਸਮੇਂ ਵਿਚ ਉਪਰਲੇ ਧਰਮਾਂ ਅਨੁਸਾਰ ਪੂਰੇ ਤੌਰ ਤੇ ਆਪਣੇ ਜੀਵਨ ਨਨੂੰ ਢਾਲ ਕੇ ਆਪਣੇ ਅਤੇ ਬਾਕੀ ਸਾਰਿਆਂ ਦੇ ਆਨੰਦ ਵਿਚ ਵਾਧਾ ਕਰਨ ਵਾਲਾ ਆਦਮੀ ਆਦਰਸ਼ -ਮਨੁੱਖ ( ਪਰਮ-ਮਨੁੱਖ ) ਮੰਨਿਆ ਜਾਂਦਾ ਸੀ। ਅਸਲ ਵਿਚ ਭਾਰਤੀ ਅਧਿਆਤਮਿਕਤਾ ਮਨੁੱਖ ਨੂੰ ਜਗਤ ਦੀ ਵਾਸਤਵਿਕਤਾ ਨੂੰ ਸਮਝਣ ਅਤੇ ਉਸਨੂੰ ਅਸਲੀ ਸਰੂਪ ਤੋਂ ਜਾਣੂ ਕਰਾਉਣ ਲਈ ਪ੍ਰਯਤਨਸ਼ੀਲ ਰਹੀ ਹੈ। ਭਾਰਤੀ ਧਰਮ -ਦਰਸ਼ਨ ਸਦਾ ਹੀ ਮਨੁੱਖ ਨੂੰ ਆਤਮਸਿੱਧੀ ਦੀ ਪ੍ਰਾਪਤੀ ਕਰਨ

ਲਈ ਪ੍ਰੇਰਦੀ ਰਿਹਾ ਹੈ। ਇਸ ਜ਼ਿੰਦਗੀ ਵਿਚ ਆਤਮਾ ਦਾ ਸਖਿਆਤਕਾਰ ਕਰਨ ਦੀ ਸਥਿੱਤੀ ਨੂੰ ਜੀਵਨ -ਮੁਕਤ ( ਪਰਮ -ਮਨੁੱਖ) ਕਿਹਾ ਜਾਂਦਾ ਹੈ। ਜੀਵਨ-ਮੁਕਤ ਸਾਰੇ ਸੰਸਾਰ ਪ੍ਰਵਾਹ ਨਾਲ ਇਕਮਿਕ ਹੋ ਕੇ ਪਰਮਾਤਮਾ ਨਾਲ ਇਕ ਰੂਪ ਹੋਇਆ ਜੀਵਨ ਬਤੀਤ ਕਰਦਾ ਹੈ।

ਵੇਦਾਂ ਦੀ ਫਿਲਾਸਫ਼ੀ ਵਿਚ ਪਰਮ -ਮਨੁੱਖ ਲਈ ਜੀਵਨ -ਮੁਕਤ ਸ਼ਬਦ ਦੀ ਵਰਤੋਂ ਕੀਤੀ ਗਈ ਹੈ। ਜੀਵਨ-ਮੁਕਤ ਉਸ ਵਿਅਕਤੀ ਨੂੰ ਕਿਹਾ ਗਿਆ ਹੈ, ਜਿਸਦਾ ਸ਼ਰੀਰ ਅਤੇ ਮਨ ਮੁਕਤੀ ਦੀ ਪ੍ਰਾਪਤੀ ਤੋਂ ਬਾਅਦ ਵੀ ਪ੍ਰਾਰਬਧ ਕਰਮਾਂ ਦੀ ਸਮਾਪਤੀ ਸਚੇਤ ਮਨ ਦੇ ਪ੍ਰਗਟਾ ਅਤੇ ਮਨੋਸਰੀਰਕ ਔਰਗੈਨਿਕ ਸਿੱਧਾਂਤ ਦੇ ਰਾਹੀਂ ਇਸਦੀ ਹੋਂਦ ਅਤੇ ਕਾਰਜ ਲਈ ਕਿਸੇ ਬੰਧਨ ਵਿਚ ਨਹੀਂ ਪੈਂਦਾ। ਅਸਲ ਵਿਚ ਜੀਵਨ-ਮੁਕਤ ਉਹ ਵਿਅਕਤੀ ਹੈ, ਜਿਸਨੂੰ ਬ੍ਰਹਮ ਦਾ ਗਿਆਨ ਹੋ ਗਿਆ ਹੈ।[1] ਵੈਦਿਕ ਰਿਸ਼ੀ ਦੇ ਉਦਾਰ ਨੈਤਿਕ ਵਿਚਾਰਾਂ ਵਿਚ ਇੱਛਾ ਬਲ ਦਾ ਮਹੱਤਵ ਦਿਖਾਈ ਦਿੰਦਾ ਹੈ, ਜਿਹੜਾ ਅੱਜ ਵੀ ਧਰਮ ਦਾ ਮੂਲ ਬਣਿਆ ਹੋਇਆ ਹੈ।[2] ਇਹ ਮਨ ਦੀ ਸ਼ੁੱਧੀ ਅਤੇ ਮਨ ਦੀ ਨਿਸ਼ਕਪਟਤਾ ਆਦਿ ਆਦਰਸ਼-ਮਨੁੱਖ ( ਪਰਮ -ਮਨੁੱਖ) ਬਣਨ ਲਈ ਜ਼ਰੂਰੀ ਸੀ। ਉਸਦੀ ਦ੍ਰਿਸ਼ਟੀ ਸਦਾ ਅੰਦਰ ਮੁਖੀ ਹੁੰਦੀ ਹੈ। ਉਹ ਸੌਂਦਾ ਹੋਇਆ ਵੀ ਜਾਗਦਾ ਹੈ। ਉਹ ਆਪਣੇ ਲਈ ਕੋਈ ਪਿੱਛੇ ਇੱਛਾ ਨਹੀਂ ਰਖਦਾ ਅਤੇ ਆਨੰਦ ਤੋਂ ਭਰਪੂਰ ਰਹਿੰਦਾ ਹੈ।[3] ਪ੍ਰਾਣੀ ਮਾਤਰ ਨੂੰ ਉਸ ਵੇਲੇ ਪਰਮ -ਮਨੁੱਖ ਜਾਂ ਜੀਵਨ -ਮੁਕਤ ਦੀ ਅਵਸਥਾ ਪ੍ਰਾਪਤ ਕਰਕੇ ਬ੍ਰਹਮ ਦਾ ਗਿਆਨ ਹੋ ਜਾਂਦਾ ਹੈ। ਗਿਆਨ ਦੀ ਪ੍ਰਾਪਤੀ ਲਈ ਕਰਮ ਦੀ ਲੋੜ ਹੈ। ਬਿਨਾਂ ਪਵਿੱਤਰ ਕਰਮ ਦੇ ਮਨ ਦੀ ਮੈਲ ਦੂਰ ਨਹੀਂ ਹੋ ਸਕਦੀ। ਮਨ ਦੀ ਸ਼ੁਧੀ ਅਤੇ ਹੰਕਾਰ ਦਾ ਤਿਆਗ ਕੀਤੇ ਬਗੈਰ ਕੁਝ ਵੀ ਨਹੀਂ ਹੋ ਸਕਦਾ। ਇਸੇ ਕਰਕੇ ਵੇਦਾਂ ਵਿਚ ਜੀਵਨ -ਮੁਕਤ ਲਈ ਪਵਿੱਤਰ ਆਚਰਨ ਅਰਥਾਤ ਸ਼ੁਧ ਵਿਚਾਰਾਂ ਉੱਪਰ ਜ਼ੋਰ ਦਿੱਤਾ ਗਿਆ ਹੈ। ਪਰਮ -ਤਤਵ ਦੀ ਪ੍ਰਾਪਤੀ ਲਈ ਪਵਿੱਤਰ ਭੋਜਨ ਅਤੇ ਪਵਿੱਤਰ ਵਿਚਾਰ ਬੜੇ ਜ਼ਰੂਰੀ ਹਨ। ਇਨ੍ਹਾਂ ਬਗੈਰ ਜੀਵਨ -ਮੁਕਤ ਦੀ ਪਦਵੀ ਪ੍ਰਾਪਤ ਕਰਨੀ ਔਖੀ ਹੀ ਨਹੀਂ ਅਸੰਭਵ ਵੀ ਹੈ।

ਵੇਦਾਂ ਵਿਚ ਸਦਾਚਾਰ ਉੱਪਰ ਬੜਾ ਜ਼ੋਰ ਦਿੱਤਾ ਗਿਆ ਹੈ। ਇਹ ਕਰਮ -

---

1. ਰਾਧਾ ਕ੍ਰਿਸ਼ਨਨ, ਭਾਰਤੀਯ ਦਰਸ਼ਨ,(ਹਿੰਦੀ) ਪੰਨਾ 61
2. ਅਥਰਵ ਵੇਦ 6.2
3. ਐਸ.ਐਨ (ਡਾ) ਭਾਰਤੀ ਦਰਸ਼ਨ ਕਾ ਇਤਿਹਾਸ, ਪੰਨਾ 470 (ਦਾਸ ਗੁਪਤਾ)

ਸਿੱਧਾਂਤ ਜਿਹੜਾ ਭਾਰਤੀ ਵਿਚਾਰਧਾਰਾ ਦਾ ਵਿਸ਼ੇਸ਼ ਸਰੂਪ ਹੈ, ਦਾ ਪੂਰਵ ਰੂਪ ਹੈ।[1] ਆਦਰਸ਼ਕ -ਜੀਵਨ ਦਾ ਵਰਣਨ ਕਰਨ ਦੇ ਮਗਰੋਂ ਉਥੇ ਨੈਤਿਕ ਜੀਵਨ ਦਾ ਵਰਣਨ ਵੀ ਕੀਤਾ ਗਿਆ ਹੈ। ਵੇਦਾਂ ਦੇ ਅਨੁਸਾਰ ਪ੍ਰਾਰਥਨਾ ਕਰਨੀ ਚਾਹੀਦੀ[2] ਅਤੇ ਧਾਰਮਿਕ ਸਿੱਧਾਂਤਾਂ ਉੱਪਰ ਚਲਣਾ ਚਾਹੀਦਾ ਹੈ। ਵੇਦ ਮਨੁੱਖ ਅਤੇ ਦੇਵਤਿਆਂ ਦੇ ਵਿਚਕਾਰਲੇ ਇਕ ਨੇੜੇ ਦੇ ਸੰਬੰਧ ਨੂੰ ਦਰਸਾਂਦੇ ਹਨ। ਮਨੁੱਖ ਨੂੰ ਚਾਹੀਦਾ ਹੈ ਕਿ ਉਹ ਆਪਣੇ ਜੀਵਨ ਦੇ ਵਰਤਾਉ ਵਿਚ ਹਮੇਸ਼ਾਂ ਪਰਮਾਤਮਾ ਨੂੰ ਸਾਖਸ਼ੀ ਮੰਨਦੇ ਚਲੇ ਦੇਤਵਤਾਵਾਂ ਦੇ ਪ੍ਰਤੀ ਜੋ ਸਾਡੇ ਕਰਤੱਵ ਹਨ, ਉਨ੍ਹਾਂ ਤੋਂ ਇਲਾਵਾ ਮਨੁੱਖ ਜਾਤੀ ਦੇ ਪ੍ਰਤੀ ਵੀ ਸਾਡੇ ਕੁਝ ਕਰਤੱਵ ਹਨ।[3] ਪਰਮ -ਮਨੁੱਖ ਲਈ ਸਭ ਦੇ ਪ੍ਰਤੀ ਦਯਾ ਦਾ ਭਾਵ ਕਰਤੱਵ ਰੂਪ ਵਿਚ ਵਿਧਾਨ ਕੀਤਾ ਗਿਆ ਹੈ। ਪ੍ਰਾਹੁਣਚਾਰੀਨੂੰ ਵੀ ਵਿਸ਼ੇਸ਼ ਸਥਾਨ ਪ੍ਰਾਪਤ ਹੈ। ਦਾਨ ਕਰਨ ਨਾਲ ਧਨ ਦਾ ਘਾਟਾ ਨਹੀਂ ਆਉਂਦਾ। ਦਾਨੀ ਹੋਣਾ ਵੀ ਉਸਦਾ ਪ੍ਰਮੁੱਖ ਗੁਣ ਹੈ। ਕਿਸੇ ਦੀਨ-ਦੁਖੀ ਦੀ ਸਹਾਇਤਾ ਕਰਨਾ ਅਤੇ ਦੁਖੀ ਵਿਅਕਤੀ ਨੂੰ ਵੇਖ ਕੇ ਬਿਹਬਲ ਹੋ ਉਠਣਾ ਉਸਦੇ ਮਹਾਨ ਗੁਣਾਂ ਦਾ ਲਖਾਇਕ ਹੁੰਦਾ ਹੈ। ਜੋ ਦਾਤਾ ਹੈ, ਉਸਦਾ ਧਨ ਕਦੀ ਵੀ ਨਹੀਂ ਦੇ ਘਟਦਾ। ਅਜਿਹੇ ਮਨੁੱਖ ਨੂੰ ਕੋਈ ਸ਼ਾਂਤੀ ਨਹੀਂ ਦੇ ਸਕਦਾ, ਜੋ ਭੋਜਨ ਦੇ ਭਾਰਥ ਨੂੰ ਪਾਸ ਰਖਦੇ ਹੋਏ ਵੀ ਇਕ ਨਿਰਬਲ ਵਿਅਕਤੀ ਦੇ ਪ੍ਰਤੀ, ਜਿਸਨੂੰ ਪੌਸ਼ਟਿਕ ਭੋਜਨ ਦੀ ਅਤਿਅੰਤ ਲੋੜ ਹੈ, ਆਪਣੇ ਹਿਰਦੇ ਨੂੰ ਕਠੋਰ ਬਣਾ ਲੈਂਦਾ ਹੈ ਅਤੇ ਸਹਾਇਤਾ ਲਈ ਸਾਹਮਣੇ ਆਏ ਦੁਖੀ ਵਿਅਕਤੀ ਨੂੰ ਵੇਖਕੇ ਜਿਸਦਾ ਦਿਲ ਨਹੀਂ ਪਸੀਜਦਾ, ਸਗੋਂ ਆਪਣੇ ਭੋਗ ਵਿਲਾਸ ਦੇ ਜੀਵਨ ਵਿਚ ਮਸਤ ਰਹਿੰਦਾ ਹੈ।[4] ਇਸਤਰੀ ਗਮਨ ਅਤੇ ਦੁਰਾਚਾਰੀ ਨੂੰ ਪਾਪੀ ਕਿਹਾ ਗਿਆ ਹੈ। ਧਾਰਮਿਕ ਗੁਣਾਂ ਦਾ ਧਾਰਨੀ ਹੋਣਾ ਵੀ ਪਰਮ -ਮਨੁੱਖ ਦਾ ਜ਼ਰੂਰੀ ਲਕਸ਼ਣ ਹੈ। ਉਸਨੂੰ ਭੈੜੇ ਕਰਮਾਂ ਅਤੇ ਪਾਪਾਂ ਤੋਂ ਦੂਰ ਰਹਿਣਾ ਚਾਹੀਦਾ ਹੈ। ਉਹ ਤਾਂ ਹਮੇਸ਼ਾਂ ਹੀ ਪ੍ਰਾਰਥਨਾ ਕਰਦਾ ਹੈ। ਜੇਕਰ ਕਿਸੇ ਮਨੁੱਖ ਦੇ ਪ੍ਰਤੀ, ਜਿਹੜਾ ਸਾਨੂੰ ਪਿਆਰ ਕਰਦਾ ਹੈ। ਪਾਪ ਕੀਤਾ ਹੈ, ਮਿੱਤਰ ਅਥਵਾ ਸਾਥੀ ਦਾ ਅਪਮਾਨ ਕੀਤਾ ਹੈ, ਕਿਸੇ ਪੜੋਸੀ ਨੂੰ ਜੋ ਸਦਾ ਸਾਡੇ ਸਾਥ ਰਹਿੰਦਾ ਹੈ ਅਥਵਾ ਪਰਾਏ ਨੂੰ ਕਦੀ ਨੁਕਸਾਨ ਪਹੁੰਚਾਇਆ ਹੈ ਤਾਂ ਹੇ

---

1. ਰਾਧਾ ਕ੍ਰਿਸ਼ਨਨ (ਡਾ.) ਭਾਰਤੀਯ ਦਰਸ਼ਨ ( ਹਿੰਦੀ ) ਪੰਨਾ 570
2. ਰਿਗ ਵੇਦ, 1:104, 108, 2.26
3. ਰਿਗ ਵੇਦ, 10. 117
4. ਉਹੀ, 8.6, 1.2,6

ਪ੍ਰਭੂ ! ਇਸ ਨਿਯਮ ਉਲੰਘਣ ਰੂਪੀ ਪਾਪ ਤੋਂ ਮੁਕਤ ਕਰੋ।[1] ਉਹ ਭਲਾਈ ਅਤੇ ਬੁਰਾਈ ਦੀ ਛਾਣ ਬੀਣ ਕਰਦਾ ਹੈ।

ਉਸਨੂੰ ਵੱਡਿਆਂ ਦੇ ਪ੍ਰਤੀ ਆਦਰ ਅਤੇ ਸ਼ਰਧਾਸੀ। ਇਹ ਕਿਹਾ ਜਾਂਦਾ ਹੈ ਕਿ ਗਿਆਨ ਦੀ ਪ੍ਰਾਪਤੀ ਦੇ ਲਈ ਕਰਮ ਦੀ ਲੋੜ ਹੈ। ਬਗੈਰ ਪਵਿੱਤਰ ਕਰਮਾਂ ਦੇ ਅੰਤਹਕਰਣ ਦੀ ਮੈਲ ਦੂਰ ਨਹੀਂ ਹੁੰਦੀ ਅਤੇ ਅੰਤਹਕਰਣ ਸ਼ੁਧ ਨਹੀਂ ਹੁੰਦਾ। ਇਸ ਲਈ ਵੈਦਿਕ ਕਾਲ ਦਾ ਜੀਵਨ -ਮੁਕਤ ਪਵਿੱਤਰ ਆਚਰਣ ਵਾਲਾ ਅਤੇ ਸ਼ੁਧ ਵਿਚਾਰਾਂ ਵਾਲਾ ਤਪੱਸਵੀ ਜਗਿਆਸੂ ਸੀ। ਇਨ੍ਹਾਂ ਗੁਣਾਂ ਦਾ ਧਾਰਨੀ ਹੋਏ ਬਿਨਾਂ ਪਰਮ -ਤਤਵ ਦੀ ਪ੍ਰਾਪਤੀ ਹੋ ਹੀ ਨਹੀਂ ਸਕਦੀ। ਉਹ ਦੁਸ਼ਟ ਲੋਕਾਂ ਦਾ ਨਾਸ਼ ਕਰਨ ਅਤੇ ਪਰਮਾਤਮਾ ਦੀ ਉਸਤਤੀ ਵਿਚ ਯਕੀਨ ਰਖਦਾ ਸੀ। ਪਾਪ ਤੇ ਡਰ ਦੇ ਬਿਨਾਂ ਇਹ ਲੋਕ ਹਿੰਸਾ, ਦਵੈਸ਼ ਅਤੇ ਅਵਗੁਣਾਂ ਤੋਂ ਦੂਰ ਰਹਿੰਦੇ ਹਨ।[2] ਚੰਗੇ ਕਰਮ ਕਰਨ ਤੋਂ ਪੁੰਨ ਹੁੰਦਾ ਹੈ ਅਤੇ ਉਸਨੂੰ ਸੁਖ ਦੀ ਪ੍ਰਾਪਤੀ ਹੁੰਦੀ ਹੈ ਅਤੇ ਪਾਪੀ ਕਰਮ ਕਰਨ ਤੋਂ ਦੁਖ ਮਿਲਦਾ ਹੈ। ਪੂਰਵ ਜਨਮ ਵਿਚ ਕੀਤੇ ਕਰਮਾਂ ਦਾ ਫਲ ਭੋਗਣ ਲਈ ਬਾਰ ਬਾਰ ਇਹ ਸੰਸਾਰ ਵਿਚ ਜੀਵ ਆਉਂਦਾ ਹੈ। ਜੀਵਨ-ਮੁਕਤ ਕਰਮ ਦੀ ਗਤੀ ਨੂੰ ਸਮਝਦਾ ਸੀ ਅਤੇ ਇਸ ਕਰਕੇ ਚੰਗੇ ਕਰਮਾਂ ਦਾ ਧਾਰਨੀ ਸੀ।

ਜੀਵਨ -ਮੁਕਤ ਦਾ ਉਦੇਸ਼ ਹੀ ਆਤਮਾ ਦੇ ਸਰੂਪ ਦਾ ਗਿਆਨ ਪ੍ਰਾਪਤ ਕਰਨਾ ਸੀ। ਇਸ ਲਈ ਹਰ ਤਰ੍ਹਾਂ ਤੋਂ ਜਗਿਆਸੂ ਨੂੰ ਅਚਾਰ ਦੇ ਨਿਯਮਾਂ ਦਾ ਪਾਲਣ ਕਰਨਾ ਬਹੁਤ ਕਠਿਨ ਅਤੇ ਬੜਾ ਜ਼ਰੂਰੀ ਸੀ।

ਵੇਦਾਂ ਵਿਚ ਜਿੱਥੇ ਹੋਰ ਕੋਈ ਪ੍ਰਕਾਰ ਦੀ ਚਰਚਾ ਹੈ, ਉੱਥੇ ਮਨੁੱਖੀ ਜੀਵਨ ਦੇ ਪਰਮ -ਲਕਸ਼ ਵਲ ਵੀ ਬਰਾਬਰ ਸੰਕੇਤ ਮਿਲਦਾ ਹੈ। ਜੀਵਨ -ਮੁਕਤ ਪਰਉਪਕਾਰੀ ਹੁੰਦਾ ਹੈ। ਅਹੰਕਾਰ ਦਾ ਤਿਆਗ ਕਰਦਾ ਹੈ, ਅਤੇ ਵੱਡਿਆਂ ਪ੍ਰਤੀ ਸ਼ਰਧਾ ਰਖਦਾ ਹੈ। ਦੁਸ਼ਮਣਾਂ ਨਾਲ ਵੈਰ ਨਹੀਂ ਰਖਦਾ। ਸੁਖ ਦੁਖ ਗਿਆਨ, ਅਗਿਆਨ, ਡਰ ਨਿਡਰ ਅਤੇ ਲੋਕ ਪ੍ਰਲੋਕ ਦਾ ਉਸਨੂੰ ਪੂਰਾ ਗਿਆਨ ਹੁੰਦਾ ਹੈ।[3]

---

1. ਰਿਗ ਵੇਦ, 5.85, 7
2. ਉਹੀ, 1.4,17.3
3. ਰਿਗ ਵੇਦ 1.8, 5. 57

334658

## (ਸ) ਮੁਖ -ਉਪਨਿਸ਼ਦਾਂ ਵਿਚ ਪਰਮ-ਮਨੁੱਖ ਦਾ ਸੰਕਲਪ

ਉਪਨਿਸ਼ਦ-ਕਾਲ ਵਿਚ ਸਦਾਚਾਰਕ ਕੀਮਤਾਂ ਵੈਦਿਕ ਕਾਲ ਵਾਲੀਆਂ ਹੀ ਰਹੀਆਂ। ਭਾਵੇਂ ਇਸ ਯੁਗ ਵਿਚ ਸੂਖਮ ਵਿਚਾਰ ਅਤੇ ਗਿਆਨ ਉੱਤੇ ਜ਼ੋਰ ਦਿੱਤਾ ਗਿਆ, ਪਰੰਤੂ ਸਦਾਚਾਰਕ ਦੀ ਮਹੱਤਤਾ ਨੂੰ ਅੱਖੋਂ ਉਹਲੇ ਨਹੀਂ ਕੀਤਾ ਗਿਆ। ਜੇਕਰ ਮਨੁੱਖ ਪਾਪ ਦਾ ਤਿਆਗ ਨਹੀਂ ਕਰ ਸਕਦਾ ਅਤੇ ਮਨ ਕਾਬੂ ਵਿਚ ਨਹੀਂ, ਮਨ ਨੂੰ ਸ਼ਾਂਤੀ ਨਹੀਂ, ਤਾਂ ਉਹ ਗਿਆਨ ਦੇ ਹੁੰਦਿਆਂ ਵੀ ਸੱਚ ਦੀ ਪ੍ਰਾਪਤੀ ਨਹੀਂ ਕਰ ਸਕਦਾ। ਉਪਨਿਸ਼ਦਾਂ ਅਨੁਸਾਰ ਪਰਮ -ਮਨੁੱਖ ਬਣਨ ਲਈ ਗਿਆਨ ਅਤੇ ਤਿਆਗ ਉੱਪਰ ਬਹੁਤ ਜ਼ੋਰ ਦਿੱਤਾ ਗਿਆ ਹੈ। ਜਿਸ ਤਰ੍ਹਾਂ ਪਵਿੱਤਰ ਪਾਣੀ ਵਿਚ ਹੋਰ ਪਾਣੀ ਪਾਇਆ ਕੋਈ ਫਰਕ ਨਹੀਂ ਪੈਂਦਾ, ਇਸੇ ਤਰ੍ਹਾਂ ਗਿਆਨਵਾਨ ਚਿੰਤਕ ਦੀ ਆਤਮਾ ਵੀ ਅਜਿਹੀ ਹੀ ਹੁੰਦੀ ਹੈ। ਜਦੋਂ ਆਪਣੇ ਮਨ ਵਿਚ ਵਸਦੀਆਂ ਲਿੱਛਾਵਾਂ ਖਤਮ ਹੋ ਜਾਂਦੀਆਂ ਹਨ, ਤਾਂ ਮਨੁੱਖ ਅਮਰ ਹੋ ਜਾਂਦਾ ਹੈ ਅਤੇ ਬ੍ਰਹਮ ਨੂੰ ਪ੍ਰਾਪਤ ਕਰ ਲੈਂਦਾ ਹੈ ਅਤੇ ਉਹ ਪਰਮ-ਮਨੁੱਖ ਬਣ ਜਾਂਦਾ ਹੈ।

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਵੇਦਾਂਤ ਕਾਲ ਵਿਚ ਮਨੁੱਖੀ ਆਦਰਸ਼ ਪਦਾਰਥਾਂ ਜਾਂ ਸਰੀਰਕ ਆਨੰਦ ਤੋਂ ਬਦਲ ਕੇ ਪਰਮਾਤਮਾ ਦੀ ਪ੍ਰਾਪਤੀ ਹੋ ਜਾਂਦੀ ਹੈ। ਇਸ ਲਈ ਇਸ ਕਾਲ ਦਾ ਆਦਰਸ਼ਕ ਮਨੁੱਖ( Ideal- Man ) ਜਾਂ ਪਰਮ -ਮਨੁੱਖ ਸੰਸਾਰਕ ਖੁਸ਼ੀ ਦੇ ਵਿਪਰੀਤ ਪਰਮਾਤਮਾ ਦੀ ਖੋਜ ਵਿਚ ਮਗਨ ਹੋ ਜਾਂਦਾ ਹੈ ਅਤੇ ਇਸ ਲਕਸ਼ ਦੀ ਪ੍ਰਾਪਤੀ ਲਈ ਵੱਖਰੇ ਹੀ ਸਾਧਨ ਲੋੜੀਂਦੇ ਹਨ। ਇਸ ਸਮੇਂ ਵਿਚ ਜਿਵੇਂ ਲਕਸ਼ ਸਥੂਲ ਸਾਧਨ ਅਤੇ ਉਪਯੋਗੀ ਹੋਣ ਦੀ ਥਾਂ ਸੂਖਮ ( intelitarian ) ਹੋ ਜਾਂਦੇ ਹਨ। ਉਪਰਲੇ ਧਰਮ ( Religion ) ਅਤੇ ਆਤਮਕ ( spiritual ) ਅਤੇ ਸਦਾਚਾਰਕ ( ethical ) ਪਹਿਲੂਆਂ ਉੱਤੇ ਲਾਗੂ ਹੁੰਦਾ ਹੈ। ਸੋ ਉਪਨਿਸ਼ਦਾਂ ਦਾ ਆਦਰਸ਼-ਮਨੁੱਖ ਜਾਂ ਪਰਮ -ਮਨੁੱਖ ਉਹ ਮਨੁੱਖ ਹੈ, ਜੋ ਆਪਣੇ ਆਪ ਨੂੰ ਪਰਮਾਤਮਾ ਦਾ ਸਰੂਪ ਸਮਝਦਾ ਹੋਇਆ ਉਸਦਾ ਗਿਆਨ ਪ੍ਰਾਪਤ ਕਰਨ ਲਈ ਗੁਰੂ ਪਾਸ ਪੂਰਵ ਆਤਮਾ ਸਮਰਪਣ ਕਰ ਦਿੰਦਾ ਹੈ ਅਤੇ ਪੂਰਣ ਸਿਦਕ ਨਾਲ ਸਿੱਖਿਆ ਹਾਸਲ ਕਰਕੇ ਉੱਪਰ ਬਿਆਨ ਕੀਤੇ ਆਤਮਿਕ ਅਤੇ ਸਦਾਚਾਰਕ ਗੁਣਾਂ ਦਾ ਧਾਰਨੀ ਬਣ ਕੇ ਬ੍ਰਹਮ ਗਿਆਨ ਪ੍ਰਾਪਤ ਕਰਨ ਵਿਚ ਸਫਲ ਹੋ ਜਾਂਦਾ ਹੈ ਅਤੇ ਜੋ ਕਿਸੇ ਰਸਮ ਜਾਂ ਬਲੀ ਉੱਤੇ ਨਹੀਂ, ਪਰੰਤੂ ਉਸਨੂੰ ਅਮਲ

---

1. ਕਠੋ ਉਪਨਿਸ਼ਦ, 15, 2/23, 4/15, 6/14

ਵਿਚ ਲਿਆਉਣ ਵਾਲੀ ਇੱਛਾ (Motive ) ਨੂੰ ਮਹਾਨਤਾ ਦਿੰਦਾ ਹੈ।

ਜੀਵਨ -ਮੁਕਤ ਜਾਂ ਪਰਮ -ਮਨੁੱਖ ਦਾ ਚਿੰਤਨ ਉਪਨਿਸ਼ਦਾਂ ਦਾ ਕੇਂਦਰੀ ਚਿੰਤਨ ਹੈ, ਜਿਹੜੇ ਉਸਨੂੰ ਜਾਣ ਲੈਂਦੇ ਹਨ, ਉਹ ਅਮਰ ਹੋ ਜਾਂਦੇ ਹਨ। ਜਿਹੜੇ ਉਸਨੂੰ ਨਹੀਂ ਜਾਣਦੇ ਉਹ ਜਨਮ ਮਰਨ ਦੇ ਚੱਕਰ ਵਿਚ ਭਟਕਦੇ ਰਹਿੰਦੇ ਹਨ।[1] ਜੀਵਨ ਮੁਕਤ ਦੀ ਪਰਮਾਤਮਾ ਨਾਲ ਲਿਵ ਅਤੇ ਸਹਿਜ ਧਿਆਨ ਦਾ ਵਰਣਨ ਕਰਕੇ ਲਿਖਿਆ ਹੈ ਕਿ ਜਿਸ ਤਰ੍ਹਾਂ ਆਸ਼ਕ ਆਪਣੀ ਪ੍ਰੇਮਿਕਾ ਨੂੰ ਚਾਹੁੰਦਾ ਹੋਇਆ ਅੰਤਰਿਕ ਅਤੇ ਬਾਹਰੀ ਹਰ ਚੀਜ਼ ਭੁਲ ਜਾਂਦਾ ਹੈ। ਇਸੇ ਤਰ੍ਹਾਂ ਜਦੋਂ ਪ੍ਰਭੂ ਜੀਵ ਆਤਮਾ ਨੂੰ ਚੁੰਮਦਾ ਹੈ, ਤਾਂ ਉਹ ਹਰ ਚੀਜ਼ ਭੁਲ ਜਾਂਦਾ ਹੈ।[2] ਜਿਸਨੇ ਉਸਦਾ ਸਾਖਿਆਤ ਦਰਸ਼ਨ ਕਰ ਲਿਆ ਹੈ, ਜੋ ਸਥੂਲ, ਅਛੋਹ, ਅਨਾਦਿ, ਅਵਿਨਾਸ਼ੀ ਅਸੁਆਦੀ ਗੰਧ ਰਹਿਤ, ਅੰਤਰ-ਰਹਿਤ ਹੈ, ਉਹ ਮੌਤ ਦੇ ਭਿਆਨਕ ਜਬਾੜਿਆਂ ਤੋਂ ਮੁਕਤ ਹੋ ਜਾਂਦਾ ਹੈ।[3]

---

1. ਛਾਂਦੋਗਯ ਉਪਨਿਸ਼ਦ 2. 4/23, 8. 12/3
2. ਬ੍ਰਹਦਾਰਣਕਯ, ਉਪਨਿਸ਼ਦ, 3/2
3. ਕਠੋ -ਉਪਨਿਸ਼ਦ, 1.3/ 15

ਉਪਨਿਸ਼ਦਾਂ ਵਿਚ ਰਿਸ਼ੀ, ਜੀਵਨ -ਮੁਕਤ ਜਾਂ ਆਦਰਸ਼ ਵਿਅਕਤੀ ਨੂੰ ਪਰਮ-ਮਨੁੱਖ ਦੇ ਤੌਰ ਤੇ ਪੇਸ਼ ਕੀਤਾ ਗਿਆ ਹੈ। ਬੁੱਧੀਮਾਨ ਵਿਅਕਤੀ ਹੀ ਉਪਨਿਸ਼ਦਾਂ ਦਾ ਆਦਰਸ਼ -ਵਿਅਕਤੀ ਹੈ। ਉਹ ਜੀਵਨ-ਮੁਕਤ ਹੈ। ਉਹ ਜੀਵਨ ਵਿਚ ਬੇਮਿਸਾਲ ਸੁਤੰਤਰਤਾ ਦਾ ਆਨੰਦ ਦਿਮਾਗੀ ਤੌਰ ਤੇ ਅਤੇ ਸਦਾਚਾਰਕ ਤੌਰ ਤੇ ਮਾਣਦਾ ਹੋਇਆ ਸ਼ਾਂਤੀ ਦਾ ਪੁੰਜ ਪ੍ਰਾਣੀ ਹੈ।[1] ਉਪਨਿਸ਼ਦਾਂ ਵਿਚ ਕੇਵਲ ਉਤਰ ਕਾਲੀਨ ਉਪਨਿਸ਼ਦ ਵਿਚ ਜਿਸ ਯੋਗ ਵਸ਼ਿਸ਼ਟ ਤੋ ਪ੍ਰੇਰਨਾ ਲਈ ਪ੍ਰਤੀਤ ਹੁੰਦੀ ਹੈ, ਜੀਵਨ-ਮੁਕਤ ਸ਼ਬਦ ਦਾ ਪ੍ਰਯੋਗ ਹੋਇਆ ਹੈ, ਜਿਸਦਾ ਅਰਥ ਉਹ ਸੰਤ ਹੈ, ਜੋ ਪ੍ਰਾਰਬਧ ਕਰਮ ਦੇ ਭੋਗ ਨਾਸ਼ ਹੋਣ ਤਕ ਜਿਉਂਦੇ ਰਹਿੰਦੇ ਹਨ। ਅਸਲ ਵਿਚ ਜੀਵ -ਮੁਕਤ ( ਪਰਮ -ਮਨੁੱਖ) ਦਾ ਚਿੰਤਨ ਉਪਨਿਸ਼ਦਾਂ ਦਾ ਕੇਂਦਰੀ ਚਿੰਤਨ ਹੈ। ਜੀਵਨ ਮੁਕਤ ਉਹ ਮਨੁੱਖ ਹਨ, ਜਿਨ੍ਹਾਂ ਨੇ ਜੀਵਨ ਵਿਚ ਉੱਚ ਗਿਆਨ ਵਿਚ ਉੱਚ ਗਿਆਨ ਨੇ ਪ੍ਰਾਪਤ ਕਰ ਲਿਆ ਹੈ। ਸੱਚ ਨੂੰ ਆਪਣੇ ਜੀਵਨ ਵਿਚ ਅਨੁਭਵ ਕਰ ਲਿਆ ਹੈ, ਭਾਵ ਮਨੁੱਖ ਅਤੇ ਪਰਮਾਤਮਾ ਦੀ ਪਛਾਣ ਹੋ ਗਈ ਹੈ। ਉਹ ਸੰਸਾਰਕ ਕੰਮਾਂ ਤੋਂ ਨਿਰਲੇਪ ਹੁੰਦਾ ਹੈ। ਉਹ ਇਕ ਘਟੀਆ ਬੁੱਧੀ ਵਾਲੇ ਵਿਅਕਤੀ ਲਈ ਰਹੱਸ ਹੈ।ਉਹ ਵਲਗਣਾਂ ਤੋਂ ਉਚੀਆਂ ਉਡਾਰੀਆਂ ਮਾਰਦਾ ਹੈ। ਇਹੋ ਜਿਹੇ ਮਨੁੱਖਾਂ ਵਿਚ ਜੀਵਨ ਕੁਦਰਤੀ ਸ਼ਕਤੀ ਦੁਆਰਾ ਚਲਦਾ ਹੈ ਅਤੇ ਇਸ ਲਈ ਉਹ ਗੈਰ ਸਾਂਝੀਆਂ ਸ਼ਕਤੀਆਂ ਦਾ ਸੋਮਾ ਬਣ ਜਾਂਦੇ ਹਨ। ਅਸੀਂ ਜਦੋਂ ਜੀਵਨ -ਮੁਕਤ ਹੋ ਜਾਂਦੇ ਹਾਂ, ਤਾਂ ਬੰਧਨਾਂ ਤੋਂ ਛੁਟ ਜਾਂਦੇ ਹਾਂ।[2] ਜਿੱਥੇ ਜੀਵਨ-ਮੁਕਤ ਜੀਵਨ ਵਿਚ ਹੀ ਮੁਕਤੀ ਪ੍ਰਾਪਤ ਕਰ ਲੈਂਦਾ ਹੈ। ਉੱਥੇ ਵਿਦੇਹ-ਮੁਕਤ ਮ੍ਰਿਤੂ ਤੋਂ ਬਾਅਦ (ਸਰੀਰਕ ਰੂਪ)ਤੋਂ ਬਾਅਦ) ਮੁਕਤੀ ਪ੍ਰਾਪਤ ਕਰਦਾ ਹੈ, ਉਹ ਹੰਕਾਰ ਤੋਂ ਆਪਣੇ ਆਪ ਨੂੰ ਮੁਕਤ ਕਰਦਾ ਹੈ। ਉਹ ਸੰਸਕਾਰ ਸੁਖ ਦੁਖ ਤੋਂ ਅਛੋਹ ਰਹਿੰਦਾ ਹੈ। ਵਿਦੇਹ ਦਾ ਅਰਥ ਸਰੀਰ ਨਾਲੋਂ ਸੰਬੰਧ ਜਾਂਦਾ ਰਹਿੰਦਾ ਹੈ, ਅਰਥਾਤ ਜੀਵਨ -ਮੁਕਤ ਜਦੋਂ ਸਰੀਰ ਤਿਆਗ ਦਿੰਦਾ ਹੈ, ਤਾਂ ਉਹ ਮੌਤ ਉਪਰੰਤ ਵਿਦੇਹ ਮੁਕਤ ਹੋ ਜਾਂਦਾ ਹੈ। ਵਿਦੇਹ -ਮੁਕਤ ਮੁਕਤੀ ਨੂੰ ਪਰਮ ਮੁਕਤੀ ਵੀ ਕਿਹਾ ਹੈ।[3]

---

1. Sarkar'Mohinder Nath, Hindu Mysticism, P, 311
2. ਰਾਧਾ ਕ੍ਰਿਸ਼ਣਨ (ਡਾ.) ਉਪਨਿਸ਼ਦੋਂ ਕੀ ਭੂਮਿਕਾ( ਹਿੰਦੀ ਪੰਨਾ 127
3.
3. ਕਠੋ ਉਪਨਿਸ਼ਦ 4.5/12

ਬੇਸ਼ਕ ਮਨੁੱਖ ਜੀਵਨ-ਮੁਕਤ ਅਵਸਥਾ ਵਿਚ ਹੀ ਮਾਇਆ ਦੇ ਬੰਧਨ ਦਾ ਤਿਆਗ ਕਰ ਮੁਕਤ ਹੋ ਜਾਂਦਾ ਹੈ, ਪਰੰਤੂ ਸਰੀਰ ਤਿਆਗ ਕੇ ਨੇਕੀ -ਬਦੀ, ਚੰਗਿਆਈ ਬੁਰਾਈ ਤੋਂ ਉੱਪਰ ਹੁੰਦਾ ਹੈ। ਉਹ ਤਾਂ ਸਦਾਚਾਰਕ ਜੀਵਨ ਦੀ ਤੰਗ ਵਲਗਣ ਤੋਂ ਮੁਕਤ ਹੋ ਜਾਂਦਾ ਹੈ। ਵਿਦੇਹ ਮੁਕਤੀ ਵਿਚ ਮਨੁੱਖਬਧ ਕਰਮਾਂ ਦੇ ਬੰਧਨ ਅਤੇ ਸਰੀਰ ਦੋਹਾਂ ਤੋਂ ਮੁਕਤ ਹੋ ਜਾਂਦਾ ਹੈ। ਜੇ ਮੁਕਤੀ ਜੀਵਨ-ਮੁਕਤ ਦੇ ਸਰੀਰ ਨਾਲ ਸੰਬੰਧਤ ਮੁਕਤੀ ਹੈ, ਤਾਂ ਵਿਦੇਹ ਮੁਕਤੀ ਸਰੀਰ ਤੋਂ ਪਰੇ ਦੀ ਮੁਕਤੀ ਹੈ। ਜਦੋਂ ਆਤਮਾ ਸਰੀਰ ਤਿਆਗ ਦਿੰਦੀ ਹੈ, ਤਾਂ ਸਰੀਰ ਦਾ ਨਾਸ਼ ਹੋ ਜਾਂਦਾ ਹੈ। ਪਰੰਤੂ ਆਤਮਾ ਅਮਰ ਹੈ ਇਹ ਕਦਵੇ ਵੀ ਨਹੀਂ ਮਰਦੀ।[1] ਮੁਕਤੀ ਆਤਮਾ ਦੀਆਂ ਕਾਮ ਨਾਵਾਂ ਅਤੇ ਉਸਦੀ ਇੱਛਾ ਸ਼ਕਤੀ ਮਾਤਰ ਤੋਂ ਹੀ ਪੂਰੀ ਹੋ ਜਾਂਦੀ ਹੈ, ਆਤਮਾ ਨੂੰ ਨਿਸ਼ਪਾਪ ਅਤੇ ਪਰਮਾਤਮਾ ਪੁਰਸ਼ ਦੇ ਸਾਥ ਇਕ ਰੂਪ ਕਿਹਾ ਗਿਆ ਹੈ। ਉਸ ਮਨੁੱਖ ਦੀਆਂ ਸਾਰੀਆਂ ਵਾਸ਼ਨਾਵਾਂ ਦਾ ਅੰਤ ਹੋਇਆ ਹੁੰਦਾ ਹੈ, ਤਾਂ ਉਹ ਪਰਮ -ਮਨੁੱਖ ਦੇ ਪੰਥ ਨੂੰ ਅਪਣਾਉਂਦੇ ਹੈ। ਜਿਸ ਪ੍ਰਕਾਰ ਜਲ ਬਿੰਦੂ ਕਮਲ ਪੱਤੇ ਪੁਰ ਠਹਿਰ ਨਹੀਂ ਪਾਉਂਦੇ, ਉਸੇ ਤਰ੍ਹਾਂ ਵਾਸ਼ਨਾ ਹੀਨ ਮਨੁੱਖ ਅਲਿਪਤ ਰਹਿੰਦਾ ਹੈ।[2]

ਉਸਦੇ ਲਈ ਪ੍ਰਾਸਚਿਤ ਦੀ ਭਾਵਨਾ ਬਾਕੀ ਨਹੀਂ ਰਹਿ ਜਾਂਦੀ। ਉਹ ਆਪਣੇ ਮਨ ਵਿਚ ਇਹ ਕਦੀ ਨਹੀਂ ਸੋਚਦਾ ਕਿ ਉਸਨੇ ਪੁੰਨ ਕਰਮ ਕਿਉਂ ਨਹੀਂ ਕੀਤੇ। ਉਹ ਕਿਸੇ ਨੂੰ ਕਿਸੇ ਪ੍ਰਕਾਰ ਦਾ ਕਸ਼ਟ ਪਹੁੰਚਾਉਣਾ ਨਹੀਂ ਚਾਹੁੰਦਾ। ਉਸਨੇ ਸ਼ਾਂਤੀ ਪ੍ਰਾਪਤ ਕਰ ਲਈ ਹੈ। ਕਿਉਂਕਿ ਉਸਨੇ ਪਰਮਾਤਮਾ ਦਾ ਸੰਗ ਕਰ ਲਿਆ ਹੈ ਅਤੇ ਯੋਗ ਸਾਧਨ ਵਿਚ ਬ੍ਰਹਮ ਚਿੰਤਾ ਦੇ ਦੁਆਰਾ ਮਨ ਅਤੇ ਬੁੱਧੀ ਦੇ ਸਹਿਤ ਉਸ ਦੀਆਂ ਸਾਰੀਆਂ ਇੰਦ੍ਰੀਆਂ ਸਥਿਰ ਅਤੇ ਨਿਸ਼ਚਲ ਹੋ ਗਈਆਂ ਹਨ। ਇਹ ਜੀਵਨ -ਮੁਕਤ ਪਾਬੰਦੀ ਅਤੇ ਜਿੰਮੇਂਵਾਰੀ ਦੀ ਭਾਵਨਾ ਤੋਂ ਸੁਤੰਤਰ ਹੈ ਅਤੇ ਜਦ ਉਹ ਹਰਕਤ ਵਿਚ ਆਉਂਦਾ ਹੈ, ਤਾਂ ਅਜਿਹਾ ਦੈਵੀ ਇੱਛਾ ਨਾਲ ਹੀ ਹੁੰਦਾ ਹੈ। ਅਸਲ ਇਹ ਖੁਲ੍ਹ ਇਸ ਦਾ ਸੱਚਾ ਆਤਮਿਕ ਵਿਕਾਸ ਹੈ, ਜਿਹੜਾ ਇਸ ਨੂੰ ਕਿਸੇ ਵੀ ਸਮੱਸਿਆ ਤੋਂ ਸੁਤੰਤਰ ਕਰਦਾ ਹੈ। ਸੁਤੰਤਰਤਾ ਪ੍ਰਾਪਤ ਆਤਮਾ ਵਧੇਰੇ ਸ਼ਕਤੀਸ਼ਾਲੀ ਬਣ ਜਾਂਦੀ ਹੈ। ਜੀਵਨ -ਮੁਕਤ ਆਤਮਾ ਦਾ ਨਿਸ਼ਾ ਮਾਨਵਤਾ ਦਾ ਸੁਧਾਰ ਨਹੀਂ ਹੁੰਦਾ। ਪਰੰਤੂ ਉਸਦਾ ਜੀਵਨ ਖੁਦ ਹੀ ਸੇਵਾ ਕਰਨ ਯੋਗ ਹੁੰਦਾ ਹੈ। ਉਹ ਆਪਣੇ ਜੀਵਨ ਦੀ ਸ਼ਕਤੀ ਦੇ ਪ੍ਰਤੀ ਉਤਨਾ ਹੀ ਅਚੇਤ ਹੁੰਦਾ ਹੈ, ਜਿਤਨਾ ਕਿ ਖੁਦ ਜੀਵਨ ਦੇ ਪ੍ਰਤੀ। ਉਹ ਵਿਰਕਤ ਜਾਂ/ਉਦਾਸੀ ਹੁੰਦਾ

---

1. ਛਾਂਦੋਗਯ ਉਪਨਿਸ਼ਦ 6.14/2

2. ਰਾਨਾ ਡੇ ਰਾਮ ਚੰਦਰ ਦੱਤਾ ਤਰੈਯ (ਡਾ)ਉਪਨਿਸ਼ਦੋਂ ਕੀ ਰਚਨਾਤਮਕ ਸਰਵੇਕਸ਼ਣ(ਹਿੰਦੀ) ਪੰਨਾ 210

ਹੈ। ਉਹ ਕੁਦਰਤ ਦੇ ਨੇਮਾਂ ਨੂੰ ਵਧੇਰੇ ਭਾਗ ਲਏ ਵੇਖਦਾ ਹੈ।[1] ਉਹ ਆਪੇ ਦੀ ਪਛਾਣ ਉੱਪਰ ਵਧੇਰੇ ਜ਼ੋਰ ਦਿੰਦਾ ਹੈ। ਇਹ ਜੀਵਨ-ਮੁਕਤ ਜਾਂ ਪਰਮ -ਮਨੁੱਖ ਦੂਜਿਆਂ ਦੀ ਸਹਾਇਤਾ ਕਰਕੇ ਖੁਸ਼ ਹੁੰਦਾ ਹੈ ਅਤੇ ਰੂੜੀਵਾਦੀਆਂ ਵਿਚ ਸੁਧਾਰ ਕਰਨ ਦੀ ਭਾਵਨਾ ਰਖਦਾ ਹੈ। ਉਹ ਸੁਖ ਦੁਖ ਭੋਗਦੇ ਮਰਦੇ ਹੈ। ਉਸ ਦੇ ਮਨ ਵਿਚ ਕੋਈ ਸੰਦੇਹ ਨਹੀਂ ਹੁੰਦਾ ਅਤੇ ਹਿਰਦੇ ਵਿਚ ਕੋਈ ਭੈਅ ਨਹੀਂ ਹੁੰਦਾ। ਜੀਵਨ-ਮੁਕਤ ਲਈ ਮੋਕਸ਼ ਜਾਂ ਬੋਧੀਆਂ ਦਾ ਨਿਰਵਾਣ ਇਕ ਹੀ ਹਨ।[2] ਜੀਵਨ -ਮੁਕਤ ਨਾ ਹੀ ਕਿਸੇ ਵਿਕਾਸ ਦਾ ਸਿੱਟਾ ਹੈ ਅਤੇ ਨਾ ਹੀ ਕਿਸੇ ਸਭਿਆਚਾਰ ਦਾ ਸਿੱਟਾ ਹੈ। ਉਸ ਨੂੰ ਸਭਿਆਚਾਰ ਦੀ ਲੋੜ ਨਹੀਂ। ਉਹ ਤਾਂ ਜੀਵਨ ਦੀ ਪੁਸਤਕ ਤੋਂ ਪੜ੍ਹਦਾ ਹੈ। ਵਿਕਾਸ ਜਾਂ ਉਨੱਤੀ ਉਸ ਲਈ ਕੁਝ ਵੀ ਨਹੀਂ। ਉਹ ਤਾਂ ਅੰਦਰੂਨੀ ਸਚਾਈ ਨੂੰ ਵੇਖਦਾ ਹੈ। ਸਾਡੇ ਵਿਅਕਤੀਤਵ ਦੀ ਪੂਰਣ ਸਫਲਤਾ ਦਾ ਭਾਵ ਹੈ ਦੂਜੇ ਸੰਸਾਰੀ ਵਿਅਕਤੀਆਂ ਨਾਲ ਸਾਡੇ ਸੰਬੰਧਾਂ ਦੀ ਪੂਰਣ ਸਫਲਤਾ। ਉਹ ਦੂਜਿਆਂ ਨੂੰ ਦੁਖੀ ਨਹੀਂ ਵੇਖ ਸਕਦਾ। ਇਨ੍ਹਾਂ ਚੰਗੇ ਕਰਮਾਂ ਕਰਕੇ ਅੰਤ ਵਿਚ ਉਹ ਆਵਾਗਵਣ ਤੋਂ ਛੁਟ ਜਾਂਦਾ ਹੈ। ਉਪਨਿਸ਼ਦਾਂ ਅਨੁਸਾਰ ਮੁਕਤੀ ਦਾ ਪ੍ਰਮੁੱਖ ਸਾਧਨ ਗਿਆਨ ਹੀ ਹੈ। ਗਿਆਨ ਨਾਲ ਕਾਮਨਾ ਮਈ ਜੀਵਨ ਤੋਂ ਉਚੇਰੇ ਤੌਰ ਤੇ ਮੁਕਤੀ ਪ੍ਰਾਪਤ ਹੋ ਸਕਦੀ ਹੈ।[3] ਇਸ ਮਾਰਗ ਉੱਤੇ ਕਾਫੀ ਬੜਾ ਸੂਖਮ ਵਿਸਤੀਕਰਨ ਅਤੇ ਪੁਰਾਤਨ ਕਿਹਾ ਗਿਆ ਹੈ। ਇਸ ਮਾਰਗ ਉੱਤੇ ਚਲਦੇ ਹੋਏ ਬ੍ਰਹਮ ਗਿਆਨੀ ਸਰੀਰ ਤਿਆਗ ਕੇ ਮੁਕਤ ਹੋ ਜਾਂਦੇ ਹਨ। ਜਿਵੇਂ ਕਮਲ ਦੇ ਪੱਤੇ ਵਿਚ ਪਾਣੀ ਨਹੀਂ ਲਗਦਾ, ਵੈਸੇ ਹੀ ਬ੍ਰਹਮ ਗਿਆਨ ਪ੍ਰਾਪਤ ਕਰ ਲੈਣ ਤੇ ਗਿਆਨੀ ਨੂੰ ਜੀਵਤ ਰਹਿੰਦੇ ਹੋਏ ਵੀ ਪਾਪ ਕਰਮ ਨਹੀਂ ਲਗਦਾ।[4] ਗਿਆਨੀ ਇਸ ਜਗਤ ਵਿਚ ਬ੍ਰਹਮ -ਗਿਆਨ ਅਰਥਾਤ ਮੁਕਤੀ ਪ੍ਰਾਪਤ ਕਰ ਲੈਂਦਾ ਹੈ।[5] ਜਦ ਹਿਰਦੇ ਦੀਆਂ ਸਾਰੀਆਂ ਇਛਾਵਾਂ ਮਰ ਜਾਂਦੀਆਂ ਹਨ ਅਤੇ ਜਦ ਵਿਦਿਆ ਹੰਕਾਰ ਆਦਿ ਦਿਲ ਦੀਆਂ ਸਾਰੀਆਂ ਗੰਢਾਂ ਖੁਲ੍ਹ ਜਾਂਦੀਆਂ ਹਨ, ਤਾਂ ਅਮਰ ਪਦ ਪ੍ਰਾਪਤ ਹੁੰਦਾ ਹੈ।[6]

---

1. Sarkar Mohinder Nath(Dr.) *Hindu Mysticism*, P, 315
2. Radha Krishanan (Dr.) *Introduction to Upanishadas*, P, 129
3. ਕੇਨ ਉਪਨਿਸ਼ਦ 2/3
4. ਛਾਂਦੋਗਯ ਉਪਨਿਸ਼ਦ 4/14/3
5. ਬ੍ਰਿਹਦ ਉਪਨਿਸ਼ਦ 4/4/61/7
6. ਕਠ -ਉਪਨਿਸ਼ਦ 6

ਆਤਮਾ ਅਤੇ ਬ੍ਰਹਮ ਦਾ ਗਿਆਨ ਹੀ ਮੁਕਤੀ ਹੈ।[1] ਜਿਵੇਂ ਘੋੜਾ ਆਪਣੀ ਗਿੱਚੀ ਦੇ ਵਾਲ ਝਾੜ ਦਿੰਦਾ ਹੈ। ਇਸ ਤਰ੍ਹਾਂ ਮੁਕਤ ਆਤਮਾ ਆਪਣੇ ਪਾਪ ਝਾੜ ਦਿੰਦੀ ਹੈ। ਜਿਵੇਂ ਗ੍ਰਹਿਣ ਲਗਣ ਪਿਛੋਂ ਚੰਨ ਪੂਰਣ ਤੌਰ ਤੇ ਚਮਕਦਾ ਹੈ, ਇਸੇ ਤਰ੍ਹਾਂ ਆਤਮਾ ਬੰਧਨ ਮੁਕਤ ਹੋ ਜਾਂਦੀ ਹੈ, ਜਦੋਂ ਉਸਦੇ ਕਰਮ ਇਸ ਤਰ੍ਹਾਂ ਸ਼ੁੱਧ ਹੋ ਜਾਂਦੇ ਹਨ ਜਿਵੇਂ ਅੱਗ ਵਿਚ ਕਾਨਾ ਜਾਂ ਟਾਂਡਾ।

ਉਪਨਿਸ਼ਦ ਰਿਸ਼ੀ ( ਪਰਮ-ਮਨੁੱਖ) ਦਾ ਆਦਰਸ਼ ਕੀ ਹੈ?[2] ਉਪਨਿਸ਼ਦਕਾਰਾਂ ਨੇ ਨੈਤਿਕ ਕੀਮਤਾਂ ਨੂੰ ਅਕਸਰ ਨਿਯਮਤ ਰੂਪ ਤੋਂ ਅਧਿਆਤਮਿਕ ਕੀਮਤਾਂ ਨਾਲ ਸੰਬੰਧਤ ਕਰ ਦਿੱਤਾ ਹੈ। ਜਿਸ ਤਰ੍ਹਾਂ ਬਿਨਾਂ ਵਾਸ੍ਤਵਿਕ[3] ਨੈਤਿਕ ਆਧਾਰ ਦੇ ਸਹਾਰੇ ਦੇ ਕੋਈ ਅਧਿਆਤਮਿਕ ਸਥਿਰਤਾ ਨਹੀਂ ਰਹਿ ਸਕਦੀ, ਉਸੇ ਪ੍ਰਕਾਰ ਨੀਤੀ ਦਾ ਵੀ ਅੰਤ ਰਹੱਸਵਾਦ ਵਿਚ ਹੈ।

---

1. Paul Deussen (Dr.) The Philosophy of Upanishadas, P, 334
2. Radha Krishanan (Dr.) The Principal Upanishas, P, 119-120

****

## (ਹ) ਗੀਤਾ ਵਿਚ ਪਰਮ -ਮਨੁੱਖ ਦਾ ਸੰਕਲਪ

ਗੀਤਾ ਵਿਚ ਮਨੁੱਖ ਦਾ ਆਦਰਸ਼ -ਮੁਕਤੀ ਜਾਂ ਸਵਰਗ ਪ੍ਰਾਪਤ ਕਰਨਾ ਤਾਂ ਪਹਿਲਾਂ ਵਾਲਾ ਹੀ ਰਹਿੰਦਾ ਹੈ, ਪਰੰਤੂ ਭਾਵੇਂ ਇਸ ਪ੍ਰਾਪਤੀ ਦੇ ਲਈ ਅਪਣਾਏ ਗਏ ਢੰਗਾਂ ਵਿਚ ਕੋਈ ਤਬਦੀਲੀ ਤਾਂ ਨਹੀਂ ਆਉਂਦੀ, ਪਰੰਤੂ ਸਪਸ਼ਟਤਾ ਜ਼ਰੂਰ ਆ ਜਾਂਦੀ ਹੈ। ਜਿੱਥੇ ਪਹਿਲਾਂ ਪੁੰਨ ਅਤੇ ਪਾਪ ਕਰਮ ਉਨ੍ਹਾਂ ਤੋਂ ਹੋਣ ਵਾਲੇ ਨਤੀਜਿਆਂ ਦੀ ਕਸਵੱਟੀ ਉੱਤੇ ਪਰਖੇ ਜਾਂਦੇ ਹਨ, ਹੁਣ ਬਹੁਤਾ ਜ਼ੋਰ ਉਨ੍ਹਾਂ ਕਰਮਾਂ ਨੂੰ ਉਤੇਜਿਤ ਕਰਨ ਵਾਲੇ ਮਨੁੱਖੀ ਇਰਾਦੇ (Motive) ਉੱਤੇ ਦਿੱਤਾ ਜਾਣ ਲਗ ਪਿਆ, ਜੋ ਅਸਲੀਅਤ ਵੱਲ ਨਿਰਸੰਦੇਹ ਇਕ ਮਹਾਨ ਕਦਮ ਸੀ। ਪਰਮਾਤਮਾ ਦੇ ਮਨੁੱਖੀ ਸ਼ਕਲ ਵਿਚ ਅਵਤਾਰ ਧਾਰਨ ਦੇ ਸੰਕਲਪ ਨੂੰ ਭਾਵੇਂ ਪਹਿਲਾਂ ਤੋਂ ਹੀ ਮਹਾਨਤਾ ਪ੍ਰਾਪਤ ਹੈ, ਪਰੰਤੂ ਗੀਤਾ ਵਿਚ ਇਸ ਨਿਯਮ ਦਾ ਸਥਾਈ ਰੂਪ ਬੱਝ ਜਾਂਦਾ ਹੈ। ਜਦੋਂ ਸ੍ਰੀ ਕ੍ਰਿਸ਼ਨ ਜੀ ਕਹਿੰਦੇ ਹਨ, "ਜਦੋਂ ਦੁਨੀਆਂ ਧਰਮ ਤੋਂ ਗਿਰ ਜਾਵੇ ਅਤੇ ਅਧਰਮ ਦਾ ਬੋਲਬਾਲਾ ਹੋ ਜਾਵੇ, ਤਾਂ ਅਧਰਮ ਨੂੰ ਖ਼ਤਮ ਕਰਨ ਅਤੇ ਧਰਮ ਦੀ ਰਖਿਆ ਲਈ, ਹੇ ਅਰਜਨਾ, ਸਮੇਂ ਸਮੇਂ ਮੈਂ ਅਵਤਾਰ ਧਾਰਦਾ ਹਾਂ।"

ਗੀਤਾ ਵਿਚ ਸਭ ਤੋਂ ਪਹਿਲਾਂ ਸਪਸ਼ਟ ਤੌਰ ਤੇ ਨਾਮ ਧਰਮ ਦਾ ਮੁਢ ਬਝਦਾ ਹੈ, ਜਦੋਂ ਸ੍ਰੀ ਕ੍ਰਿਸ਼ਨ ਜੀ ਕਹਿੰਦੇ ਹਨ, "ਇਕ ਓਮ ਦਾ ਜਾਪ ਕਰਦਾ ਹੋਇਆ ਜੋ ਵੀ ਪੁਰਸ਼ ਇਸ ਜਗਤ ਨੂੰ ਤਿਆਗਦਾ ਹੈ, ਮੇਰੇ ਵਿਚ ਸਮਾ ਜਾਂਦਾ ਹੈ।" ਨਾਮ ਅਤੇ ਸ਼ਬਦ ਦੀ ਮਹਾਨਤਾ ਜਿਸ ਨੂੰ ਗੁਰਮਤਿ ਵਿਚ ਉੱਚਤਮ ਦਰਜਾ ਪ੍ਰਾਪਤ ਹੈ, ਦਾ ਅੰਕੁਰ (ਬੀਜ) ਗੀਤਾ ਵਿਚੋਂ ਫੁਟਦਾ ਹੈ। ਗੀਤਾ ਵਿਚ ਜ਼ਿਆਦਾ ਜ਼ੋਰ ਨਿਸ਼ਕਾਮ ਕਰਮ ਉੱਤੇ ਦਿੱਤਾ ਗਿਆ ਹੈ। ਆਪਣੇ ਕੰਮ ਵਿਚ ਨਿਪੁੰਨਤਾ ਪ੍ਰਾਪਤ ਕਰਨ ਲਈ ਧਰਮ ਨੂੰ ਵਧੇਰੇ ਮੰਨਿਆ ਗਿਆ ਹੈ। ਫਿਰ ਕਿਹਾ ਗਿਆ ਹੈ, ਧਰਮ ਅਨੁਸਾਰ ਨਿਰਲੇਪ ਰਹਿ ਕੇ ਨਿਸ਼ਕਾਮ ਹੋ ਕੇ ਧਰਮ ਕਰੋ। ਜਿੱਥੇ ਪਦਾਰਥਕ ਅਤੇ ਦੁਨਿਆਵੀ ਉਨੱਤੀ ਲਈ ਨਿਸ਼ਕਾਮ ਕਰਮ ਉੱਤੇ ਜ਼ੋਰ ਦਿੱਤਾ ਗਿਆ ਹੈ, ਕ੍ਰਿਸ਼ਨ ਜੀ ਕਹਿੰਦੇ ਹਨ, "ਜੋ ਅਡੋਲ ਮਨ, ਨਿਰਭੈ ਅਤੇ ਜਤੀ ਮਨ ਨੂੰ ਕਾਬੂ ਵਿਚ ਰਖ ਕੇ ਅਤੇ ਸੁਰਤੀ ਜਾਂ ਧਿਆਨ ਮੇਰੀ ਤਰਫ਼ ਲਾ ਕੇ ਮੈਨੂੰ ਪੂਰਣ ਆਤਮ ਸਮਰਪਣ ਕਰਦਾ ਹੈ, ਉਹ ਧਰਮੀ ਹੈ।"

ਆਤਮਿਕ ਉਨੱਤੀ ਦੇ ਤਰੀਕਿਆਂ ਦਾ ਵਰਗੀਕਰਣ ਕਰਕੇ ਇਨ੍ਹਾਂ ਨੂੰ ਮੋਟੇ ਤੌਰ ਤੇ ਗਿਆਨ ਮਾਰਗ, ਤਿਆਗ ਮਾਰਗ ਜਾਂ ਨਵਿਰਤੀ ਮਾਰਗ ਅਤੇ ਕਰਮ ਮਾਰਗ ਜਾਂ ਪ੍ਰਵਿਰਤੀ ਮਾਰਗ ਜਾਂ ਗ੍ਰਹਿਸਥ ਮਾਰਗ ਵਿਚ ਵੰਡਿਆ ਗਿਆ ਹੈ ਅਤੇ ਗਿਆਨ ਦਾ ਆਸਰਾ ਲੈਣ ਦੀ

ਪ੍ਰੇਰਨਾ ਦਿੱਤੀ ਗਈ ਹੈ। ਗਿਆਨੀ ਮਨੁੱਖ ਨੂੰ ਸਭ ਤੋਂ ਉੱਤਮ ਗਿਣਿਆ ਹੈ। ਕ੍ਰਿਸ਼ਨ ਜੀ ਕਹਿੰਦੇ ਹਨ, " ਉਹ ਹਮੇਸ਼ਾਂ ਧਰਮ ਪੁਰ ਚਲਦਾ ਹੈ। ਅਤੇ ਮੇਰੀ ਪੂਜਾ ਕਰਦਾ ਹੈ। ਮੈਂ ਗਿਆਨੀ ਪੁਰਸ਼ ਨੂੰ ਬਹੁਤ ਪਸੰਦ ਕਰਦਾ ਹਾਂ ਅਤੇ ਉਹ ਮੈਨੂੰ ਬਹੁਤ ਪਿਆਰ ਕਰਦਾ ਹੈ। ਗਿਆਨਵਾਨ ਪੁਰਸ਼ ਮੇਰੇ ਵਿਚ ਸਮਾ ਜਾਂਦੇ ਹਨ।"

ਤਿਆਗ ਮਾਰਗ ਵਿਚ ਜਿਹੜਾ ਮਨੁੱਖ ਇਛਾਵਾਂ ਦਾ ਤਿਆਗ ਕਰ ਦਿੰਦਾ ਹੈ ਅਤੇ ਮੇਰੀ ਮੈਂ ਦੇ ਵਿਚਾਰਾਂ ਤੋਂ ਉੱਚਾ ਰਹਿੰਦਾ ਹੈ, ਉਸਨੂੰ ਸ਼ਾਂਤੀ ਪ੍ਰਾਪਤ ਹੁੰਦੀ ਹੈ। ਗੀਤਾ ਅਨੁਸਾਰ ਸੱਚੇ ਤਿਆਗ ਤੋਂ ਭਾਵ ਦੁਨਿਆਵੀ ਕਰਮਾਂ ਨੂੰ ਤਿਆਗਣ ਤੋਂ ਨਹੀਂ, ਸਗੋਂ ਉਨ੍ਹਾਂ ਦੇ ਕਰਮ ਦੀ ਇੱਛਾ ਨੂੰ ਤਿਆਗਣ ਤੋਂ ਹੈ।

ਗ੍ਰਿਹਸਥ ਜਾਂ ਗੀਤਾ ਦੇ ਪ੍ਰਵਿਰਤੀ -ਮਾਰਗ ਅਨੁਸਾਰ ਜੋ ਕੰਮ ਮਨੁੱਖ ਕਰਦਾ ਹੈ, ਉਹ ਮਾਨਵ ਸਮਾਜ ਦੇ ਭਲੇ ਲਈ ਹੁੰਦਾ ਹੈ, ਅਤੇ ਆਪਣੇ ਆਰਾਮ ਦੇ ਸਮਾਨ ਪੈਦਾ ਕਰਨ ਲਈ ਨਹੀਂ। ਗੀਤਾ ਵਿਚ ਗ੍ਰਿਹਸਥ ਦੇ ਆਦਰਸ਼ ਨੂੰ ਪੂਰਣ ਤਿਆਗ ਦੇ ਆਦਰਸ਼ ਨਾਲ ਮਿਲਾ ਦਿੱਤਾ ਗਿਆ ਹੈ। ਜੋ ਪਰਸਪਰ ਇਨ੍ਹਾਂ ਦੋਹਾਂ ਮਾਰਗਾਂ ਦੇ ਮੇਲ ਅਨੁਸਾਰ ਜਲ ਵਿਚ ਕਮਲ ਵਾਂਗ ਰਹਿੰਦਾ ਹੈ। ਉਹ ਅਸਲ ਜੋਗੀ ਹੈ। ਵਰਤਾਂ ਅਤੇ ਤਪਾਂ ਬਾਰੇ ਵੀ ਗੀਤਾ ਵਿਚ ਸੰਜਮ ਦੇ ਵਿਚਾਰ ਵਿਅਕਤ ਕੀਤੇ ਗਏ ਹਨ। ਗੀਤਾ ਵਿਚ ਕਿਹਾ ਗਿਆ ਹੈ " ਹੇ ਅਰਜਨ ਨਾ ਹੀ ਜ਼ਿਆਦਾ ਅਤੇ ਨਾ ਹੀ ਬਹੁਤਾ ਜਾਂ ਥੋੜਾ ਖਾਣ ਵਾਲਾ, ਨਾ ਹੀ ਲੋੜ ਤੋਂ ਵਧ ਸੌਣ ਵਾਲਾ ਅਤੇ ਨਾ ਹੀ ਨੀਂਦ ਤਿਆਗਣ ਵਾਲਾ ਯੋਗੀ ਬਣਨ ਦੇ ਯੋਗ ਹੈ। ਪਰੰਤੂ ਜਿਸ ਆਦਮੀ ਦੇ ਖਾਣ, ਕੰਮ ਕਰਨ ਅਤੇ ਸੌਣ ਵਿਚ ਸੰਜਮ ਹੈ, ਉਸੇ ਨੂੰ ਯੋਗ ਪ੍ਰਾਪਤ ਹੁੰਦਾ ਹੈ ਅਤੇ ਉਸਦੀ ਸਭ ਚਿੰਤਾ ਵਿਨਾਸ਼ ਹੋ ਜਾਂਦੀ ਹੈ।[1]

ਗੀਤਾ ਵਿਚ ਸਭ ਤੋਂ ਵਧ ਮਹਾਨਤਾ ਕਰਮ ਯੋਗ ਨੂੰ ਦਿੱਤੀ ਗਈ ਹੈ, ਜਿੰਨੀ ਪਹਿਲਾਂ ਕਿਧਰੇ ਨਹੀਂ ਦਿੱਤੀ ਗਈ। ਗੀਤਾ ਦੇ ਕਰਮ-ਮਾਰਗ ਅਨੁਸਾਰ ਹਰ ਹਾਲਤ ਅਤੇ ਹਰ ਕੀਮਤ ਉੱਤੇ ਸਵੈ ਧਰਮ ਦੇ ਫਰਜ਼ਾਂ ਨੂੰ ਸੰਪੂਰਨ ਕਰਨਾ ਉੱਚਤਮ ਧਰਮ ਹੈ। ਭਾਵੇਂ ਕਰਮ ਯੋਗ ਅਤੇ ਸੰਨਿਆਸ ਦੋਵੇਂ ਚੰਗੇ ਹਨ, ਪਰੰਤੂ ਇਨ੍ਹਾਂ ਦੋਹਾਂ ਵਿਚੋਂ ਕਰਮ-ਮਾਰਗ ਜ਼ਿਆਦਾ ਉੱਤਮ ਹੈ। ਸ੍ਰੀ ਕ੍ਰਿਸ਼ਨ ਜੀ ਉਪਦੇਸ਼ ਕਰਦੇ ਹਨ ਆਪਣੇ ਜ਼ਿੰਮੇ ਲੱਗੇ ਕਰਮ ਕਰੋ। ਕਰਮ ਕਰਨਾ ਸਭ ਤੋਂ ਉੱਤਮ ਹੈ, ਕਿਉਂਕਿ ਕਰਮ ਤੋਂ ਬਗੈਰ ਅਸੀਂ ਜਿਦਾ ਹੀ ਨਹੀਂ ਰਹਿ ਸਕਦੇ। ਗੀਤਾ ਅਨੁਸਾਰ ਸਵਾਰਥ ਹਿਤ ਕੀਤੇ ਕੰਮ ਵਿਚ ਮਗਨ ਹੋਣਾ ਠੀਕ ਨਹੀਂ। ਅਜਿਹੇ ਅਮਲ ਦੇ ਵਿਰੁਧ ਚਿਤਾਵਨੀ ਦਿੰਦੇ ਕ੍ਰਿਸ਼ਨ ਜੀ ਕਹਿੰਦੇ ਹਨ, " ਨਿੱਜ ਸੁਆਰਥ ਦੇ ਵਿਪਰੀਤ ਕਾਰਜ ਦਾ ਮਨੋਰਥ ਕੁਰਬਾਨੀ ਹੋਣਾ ਚਾਹੀਦਾ ਹੈ।" ਗੀਤਾ ਵਿਚ ਕਾਰਜ ਦਾ ਅਧਿਕਾਰ

---

1. ਗੀਤਾ 6? 16/17

ਬੰਦੇ ਨੂੰ ਨਹੀਂ। ਇਸਦਾ ਫੈਸਲਾ ਕੁਦਰਤ ਵਲੋਂ ਪੂਰਬਲੇ ਜਨਮ ਦੇ ਕਰਮਾਂ ਅਨੁਸਾਰ ਪਹਿਲਾਂ ਹੀ ਹੋ ਚੁਕਿਆ ਹੈ। ਬੰਦੇ ਨੂੰ ਆਪਣੀ ਮਰਜ਼ੀ ਦੇ ਵਿਰੁੱਧ ਵੀ ਆਪਣਾ ਜਮਾਂਦਰੂ ਕਿੱਤਾ ਅਪਣਾਉਣਾ ਪੈਂਦਾ ਹੈ। ਭਾਵੇਂ ਆਪਣੇ ਰਿਸ਼ਤੇਦਾਰ ਨੂੰ ਮਾਰਨਾ ਕਿਤਨਾ ਵੀ ਘਿਰਨਾ ਯੋਗ ਕਿਉਂ ਨਾ ਹੋਵੇ। ਖੱਤਰੀ ਨੂੰ ਸਵੈ ਧਰਮ ਅਨੁਸਾਰ ਲੜਾਈ ਜ਼ਰੂਰ ਕਰਨੀ ਪਵੇਗੀ। ਮਹਾਂਯੁੱਧ ਤੋਂ ਪਹਿਲਾਂ ਅਰਜਨ ਦਾ ਝਿਜਕਣਾ ਅਤੇ ਯੁੱਧ ਤੋਂ ਬਾਅਦ ਯੁਧਿਸਟਰ ਦਾ ਗਿਲਾਨੀ ਹੋਣਾ, ਭਾਵੇਂ ਅਹਿੰਸਾ ਅਤੇ ਮਾਨਵੀ ਹਿਰਦੇ ਦੀ ਕੋਮਲਤਾ ਦੇ ਦ੍ਰਿਸ਼ਟੀਕੋਣ ਤੋਂ ਜਾਇਜ਼ ਸਨ, ਪਰੰਤੂ ਸਵੈ ਧਰਮ ਵਿਰੋਧੀ ਹੋਣ ਕਰਕੇ ਇਸ ਰਵੱਈਏ ਦੀ ਨਿੰਦਾ ਕੀਤੀ ਗਈ ਹੈ। ਕ੍ਰਿਸ਼ਨ ਜੀ ਅਰਜਨ ਨੂੰ ਲੜਾਈ ਲਈ ਸਮਝਾਉਂਦੇ ਹਨ, "ਤੈਨੂੰ ਸਵੈ ਧਰਮ ਅਨੁਸਾਰ ਬੇਚੈਨ ਨਹੀਂ ਹੋਣਾ ਚਾਹੀਦਾ, ਕਿਉਂਕਿ ਖੱਤਰੀ ਲਈ ਧਰਮ ਯੁੱਧ ਤੋਂ ਬਿਨਾਂ ਕਿਹੜਾ ਮੌਕਾ ਵਧੇਰੇ ਖ਼ੁਸ਼ੀ ਪ੍ਰਦਾਨ ਕਰਨ ਵਾਲਾ ਹੋ ਸਕਦਾ ਹੈ। ਜੇ ਤੂੰ ਇਸ ਧਰਮ ਯੁਧ ਵਿਚ ਹਿੱਸਾ ਨਾ ਲਵੇਂਗਾ ਤਾਂ ਪਤਿੱਤ ਹੋ ਜਾਵੇਂਗਾ। ਅਜਿਹੇ ਧਰਮ ਯੁੱਧ ਦੇ ਮੌਕੇ ਰੱਬੀ ਮਿਹਰ ਦੁਆਰਾ ਹੀ ਪ੍ਰਾਪਤ ਹੁੰਦੇ ਹਨ ਅਤੇ ਉਸਨੂੰ ਸਵਰਗ ਦੀ ਪ੍ਰਾਪਤੀ ਹੁੰਦੀ ਹੈ।" ਗੀਤਾ ਵਿਚ ਕਈ ਅਜਿਹੇ ਸੰਕਲਪ ਪਹਿਲੀ ਵਾਰੀ ਦਿੱਤੇ ਗਏ ਹਨ, ਜੋ ਵਰਤਮਾਨ ਸਮੇਂ ਤਕ ਮੰਨੇ ਅਤੇ ਸਤਕਾਰੇ ਜਾਂਦੇ ਹਨ। ਬੀਰ ਕਾਲ ਦੇ ਵਿਪਰੀਤ ਗੀਤਾ ਦਾ ਆਦਰਸ਼ਕ-ਮਾਨਵ ਮਨੁੱਖ ਦੇ ਚੰਗੇ ਜਾਂ ਮੰਦੇ ਕੰਮਾਂ ਦੀ ਪਛਾਣ ਉਨ੍ਹਾਂ ਦੇ ਨਤੀਜਿਆਂ ਤੋਂ ਨਹੀਂ ਕਰਦਾ, ਸਗੋਂ ਉਹ ਤਾਂ ਕਰਮ ਫਲ ਤੋਂ ਬਿਲਕੁਲ ਨਿਰਲੇਪ ਅਤੇ ਬੇਪਰਵਾਹ ਹੈ। ਉਸਦੇ ਪੁੰਨ ਜਾਂ ਪਾਪ ਕਰਮਾਂ ਦੀ ਕਸੱਵਟੀ ਉਨ੍ਹਾਂ ਨੂੰ ਉਤੇਜਨਾ ਦੇਣ ਵਾਲੇ ਵਿਚਾਰ ਹਨ। ਭਾਵ ਕਿ ਜੇ ਕੋਈ ਕਰਮ ਸ਼ੁਭ ਵਿਚਾਰਾਂ ਦੀ ਉਪਜ ਹੈ, ਤਾਂ ਉਹ ਚੰਗਾ ਹੈ, ਨਤੀਜੇ ਭਾਵੇਂ ਕੈਸੇ ਵੀ ਹੋਵੇ। ਇਸ ਤਰ੍ਹਾਂ ਭੈੜੇ ਇਰਾਦੇ ਤੋਂ ਉਪਜਿਆ ਕਰਮ ਵੀ ਚੰਗਾ ਨਹੀਂ ਹੋ ਸਕਦਾ।

ਗੀਤਾ ਦਾ ਪਰਮ-ਮਨੁੱਖ ਗਿਆਨ-ਮਾਰਗ, ਤਿਆਗ-ਮਾਰਗ ਜਾਂ ਗ੍ਰਿਹਸਥ-ਮਾਰਗ ਜਾਂ ਕਰਮ-ਮਾਰਗ ਨੂੰ ਅਪਣਾ ਕੇ ਸਵਰਗ ਪ੍ਰਾਪਤ ਕਰਦਾ ਹੈ। ਭਾਵੇਂ ਮੁਕਤੀ ਦੀ ਪ੍ਰਾਪਤੀ ਲਈ ਸਾਰੇ ਮਾਰਗ ਸਮਰੱਥ ਹਨ, ਪਰੰਤੂ ਕਰਮ-ਮਾਰਗ ਸਭ ਤੋਂ ਉੱਤਮ ਹੈ। ਇਸ ਲਈ ਸਾਨੂੰ ਇਹੀ ਸਮਝਣਾ ਚਾਹੀਦਾ ਹੈ ਕਿ ਦੂਜੇ ਧਰਮਾਂ ਜਾਂ ਮਾਰਗਾਂ ਦੀ ਨਿਸਬਤ ਗੀਤਾ ਦਾ ਪਰਮ-ਮਨੁੱਖ ਕਰਮ-ਮਾਰਗ ਦਾ ਧਾਰਨੀ ਹੈ। ਉਹ ਆਪਣੇ ਵਰਣ ਅਤੇ ਆਸ਼ਰਮ ਅਨੁਸਾਰ ਕਰਮ ਫਲ ਤੋਂ ਨਿਰਲੇਪ ਰਹਿ ਕੇ ਧਰਮ ਦੇ ਕਰਮਾਂ ਨੂੰ ਨਿਭਾਉਂਦਾ ਹੈ। ਪਰੰਤੂ ਸਵੈ ਧਰਮ ਲਈ ਯੋਗ ਕਰਮ ਜਾਂ ਨਿਰਣਾ ਕਰਨਾ, ਮਨੁੱਖ ਦੇ ਆਪਣੇ ਵਸ ਨਹੀਂ, ਸਗੋਂ ਇਹ ਤਾਂ ਪੂਰਬਲੇ ਕਰਮਾਂ ਅਨੁਸਾਰ ਜਨਮ ਤੋਂ ਹੀ ਪ੍ਰਾਪਤ ਹੁੰਦਾ ਹੈ ਅਤੇ ਹਰ ਕੀਮਤ ਉੱਤੇ ਮਨੁੱਖ ਨੂੰ ਨਿਭਾਉਣਾ

ਪੈਂਦਾ ਹੈ। ਉਸਦੇ ਕਾਰਮਾਂ ਦੀ ਉਤੇਜਨਾ ਸ਼ਕਤੀ ਸਮਾਜ ਲਈ ਕੁਰਬਾਨੀ ਹੁੰਦੀ ਹੈ, ਸਵਾਰਥ ਸਿੱਧੀ ਨਹੀਂ। ਜੇ ਅਸੀਂ ਕ੍ਰਿਸ਼ਨ ਜੀ ਦੇ ਉਸ ਸਮੇਂ ਵਿਚ ਪਰਮਾਤਮਾ ਦੇ ਅਵਤਾਰ ਦੇ ਤੌਰ ਤੇ ਕੀਤੇ ਕਰਮਾਂ ਨੂੰ ਪਰਮ-ਮਨੁੱਖ ਦੇ ਕਰਮ ਮੰਨੀਏ, ਤਾਂ ਕਰਮ-ਮਾਰਗ ਦੇ ਨਾਲ ਹੀ ਉਹ ਯੁੱਗ ਧਰਮ ਵੀ ਪੂਰਾ ਕਰਦੇ ਨਜ਼ਰ ਆਉਂਦੇ ਹਨ। ਭਾਵੇਂ ਜਦੋਂ ਸੰਸਾਰ ਵਿਚ ਅਧਰਮ ਫੈਲ ਜਾਂਦਾ ਹੈ, ਤਾਂ ਉਨ੍ਹਾਂ ਦੇ ਆਪਣੇ ਉਦੇਸ਼ ਅਨੁਸਾਰ ਪਰਮ-ਮਨੁੱਖ ਸਮੇਂ ਦੀ ਲੋੜ ਨੂੰ ਅਨੁਭਵ ਕਰਦਾ ਹੋਇਆ ਜ਼ੁਲਮ ਅਤੇ ਅਪਰਾਧ ਦੇ ਖਾਤਮੇ ਲਈ ਨੇਕ ਆਦਮੀਆਂ ਦੀ ਰਖਿਆ ਕਰਨ ਲਈ ਜਨਮ ਲੈਂਦੀ ਹੈ। ਉਸਨੂੰ ਉਹ ਗਿਆਨ ਹੋਣਾ ਜ਼ਰੂਰੀ ਹੈ ਕਿ ਸਭ ਮਨੁੱਖ ਉਸ ਬ੍ਰਹਮ ਦਾ ਹੀ ਰੂਪ ਹਨ। ਆਤਮਾ ਅਮਰ ਹੈ। ਕੋਈ ਵੀ ਜੰਮਦਾ ਮਰਦਾ ਨਹੀਂ। ਇਹ ਸੰਸਾਰ ਉਸ ਦੀ ਹੀ ਖੇਡ ਹੈ। ਇਸੇ ਗਿਆਨ ਦੇ ਕਾਰਨ ਉਹ ਨਿਰਲੇਪ ਹੋ ਕੇ ਸਵੈ ਧਰਮ ਕਮਾ ਸਕਦਾ ਹੈ। ਯੁੱਗ-ਧਰਮ ਕਮਾਉਣ ਲਈ ਸਮੇਂ ਦੀਆਂ ਲੋੜਾਂ, ਕਮਜ਼ੋਰੀਆਂ ਅਤੇ ਖੂਬੀਆਂ ਦਾ ਵੀ ਗਿਆਨ ਜ਼ਰੂਰੀ ਹੋਵੇਗਾ। ਇਸ ਲਈ ਪਰਮ-ਮਨੁੱਖ ਲਈ ਵਧ ਤੋਂ ਵਧ ਗਿਆਨਵਾਨ ਹੋਣਾ ਵੀ ਜ਼ਰੂਰੀ ਹੈ। ਇਸ ਵਿਚਾਰ ਅਨੁਸਾਰ ਗਿਆਨ-ਮਾਰਗ ਅਤੇ ਕਰਮ-ਮਾਰਗ ਦੇ ਸੰਕਲਪਾਂ ਨੂੰ ਸੰਮਿਲਤ ਕਰਕੇ ਹੀ ਆਦਰਸ਼-ਮਨੁੱਖ ( ਪਰਮ-ਮਨੁੱਖ) ਦਾ ਖਾਕਾ ਖਿਚਿਆ ਜਾ ਸਕਦਾ ਹੈ।
ਤੇ ਇਸ ਅਨੁਸਾਰ ਆਦਰਸ਼-ਮਨੁੱਖ (ਪਰਮ-ਮਨੁੱਖ) ਖਾਣ, ਪੀਣ ਅਤੇ ਸੌਣ ਆਦਿਕ ਨੈਤਿਕ ਕਰਮਾਂ ਵਿਚ ਸੰਜਮ ਤੋਂ ਕੰਮ ਲੈਂਦਾ ਹੈ। ਅਤੇ ਕਿਸੇ ਅਸੂਲ ਦੇ ਮੰਨਣ ਲਈ ਹੱਦ ਤੋਂ ਪਰੇ ਨਹੀਂ ਜਾਂਦਾ ।

****

ਗੀਤਾ ਦੇ ਆਦਰਸ਼ ਜਾਂ ਪੂਰਣ-ਮਨੁੱਖ ਨੂੰ ਅਸੀਂ ਪਰਮ -ਮਨੁੱਖ ਕਹਿ ਸਕਦੇ ਹਾਂ। ਇਸ ਆਦਰਸ਼ ਵਾਲੇ ਮਨੁੱਖ ਦਾ ਵਰਣਨ ਗੀਤਾ ਵਿਚ ਕਦੀ ਸਥਿਰ ਬੁੱਧੀ ਵਾਲਾ, ਕਦੀ ਤਿਆਗੀ, ਕਦੀ ਕਰਮਯੋਗੀ, ਕਦੀ ਸੰਨਿਆਸੀ ਅਤੇ ਕਦੀ ਗਿਆਨੀ ਦੇ ਰੂਪ ਵਿਚ ਆਇਆ ਹੈ। ਦੂਜੇ ਅਧਿਆਇ ਵਿਚ ਸਥਿਰ ਬੁੱਧੀ ਵਾਲੇ ਮਨੁੱਖ ਦਾ ਜ਼ਿਕਰ ਆਇਆ ਹੈ ਜੋ ਮਨੁੱਖੀ ਮਨ ਦੀਆਂ ਵਾਸ਼ਨਾਵਾਂ ਦਾ ਤਿਆਗ ਕਰਕੇ ਆਤਮਾ ਵਿਚ ਲੀਨ ਹੁੰਦਾ ਹੈ ਅਤੇ ਸੰਤੋਖ ਪ੍ਰਾਪਤ ਕਰਦਾ ਹੈ, ਉਸਨੂੰ ਸਥਿਰ ਬੁੱਧੀ ਵਾਲਾ ਕਿਹਾ ਹੈ। ਉਹ ਦੁਖ ਵਿਚ ਘਬਰਾਉਂਦਾ ਨਹੀਂ ਅਤੇ ਸੁਖ ਵਿਚ ਮੋਹਿਆ ਨਹੀਂ ਜਾਂਦਾ। ਉਹ ਮੋਹ, ਭੈ ਅਤੇ ਕ੍ਰੋਧ ਦਾ ਤਿਆਗ ਕਰਦਾ ਹੈ। ਮਨੁੱਖ ਮਨ ਦੀਆਂ ਸਭ ਇੱਛਾਵਾਂ ਦਾ ਤਿਆਗ ਕਰਦਾ ਹੈ। ਜਦ ਮਨੁੱਖ ਦੀ ਆਤਮਾ ਆਪਣੇ ਅੰਦਰ ਹੀ ਸੰਤੁਸ਼ਟ ਰਹਿੰਦੀ ਹੈ, ਤਦ ਉਹ ਸਥਿਰ ਪ੍ਰਗਯ ( ਜਿਸਦੀ ਬੁੱਧੀ ਸਥਿਰ ਹੋ ਗਈ ਹੈ) ਕਹਿਲਾਉਂਦਾ ਹੈ।[1] ਕਿਉਂਕਿ ਉਸਦੀਆਂ ਇੰਦ੍ਰੀਆਂ ਵਸ ਵਿਚ ਹਨ, ਉਸਦੀ ਬੁੱਧੀ ਦ੍ਰਿੜਤਾ ਪੂਰਵਕ ਸਥਿਰ ਰਹਿੰਦੀ ਹੈ। ਜਿਹੜਾ ਮਨੁੱਖ ਕਰਮ ਵਿਚ ਅਕਰਮ ਨੂੰ ਵੇਖਦਾ ਹੈ ਅਤੇ ਅਕਰਮ ਵਿਚ ਕਰਮ ਨੂੰ ਵੇਖਦਾ ਹੈ , ਉਹ ਮਨੁੱਖਾਂ ਵਿਚ ਗਿਆਨੀ ਮਨੁੱਖ ਹੈ, ਉਹ ਯੋਗੀ ਹੈ ਅਤੇ ਉਸਨੇ ਸਭ ਕਰਮਾਂ ਨੂੰ ਵਸ ਕਰ ਲਿਆ ਹੈ।[2] ਗੀਤਾ ਦੀ ਕਰਮ ਦ੍ਰਿਸ਼ਟੀ ਮਨੁੱਖ ਨੂੰ ਉਸਦੇ ਨਿਯਤ ਕਰਤਵਾਂ ਲਈ ਪ੍ਰੇਰਦੀ ਹੈ ਤੇ ਸਾਥ ਹੀ ਇਹ ਵੀ ਨਿਰਧਾਰਿਤ ਕਰਦੀ ਹੈ ਕਿ ਇਕ ਮਨੁੱਖ ਦਾ ਦੂਜੇ ਪ੍ਰਤੀ ਕੀ ਕਰਤਵ ਹੈ, ਭਾਵ ਪਰਮ -ਮਨੁੱਖ ਨੂੰ ਕਰਤਵ ਪਾਲਣਾ ਵੀ ਆਪਣੇ ਜੀਵਨ ਦਾ ਮੁਖ ਉਦੇਸ਼ ਸਮਝਣਾ ਚਾਹੀਦਾ ਹੈ।[3] ਗੀਤਾ ਵਿਚ ਕਰਮ-ਯੋਗੀ ਦੇ ਕਰਤੱਵ ਦੀ ਬੜੀ ਮਹਾਨਤਾ ਦਰਸਾਈ ਗਈ ਹੈ। ਇਹ ਕਰਮ-ਯੋਗ ਹੀ ਗੀਤਾ ਦਾ ਮੁਖ ਵਿਸ਼ਾ ਹੈ। ਗੀਤਾ ਦੇ ਕਰਮ ਯੋਗ ਦਾ ਨਾਇਕ ਅਰਜਨ ਸ੍ਰੀ ਕ੍ਰਿਸ਼ਨ ਦਾ ਉਪਦੇਸ਼ ਸੁਣ ਕੇ ਇਤਨਾ ਪ੍ਰਭਾਵਿਤ ਹੋਇਆ ਕਿ ਜਿਹੜਾ ਮਨੁੱਖ ਪਹਿਲਾਂ ਸੁਖ-ਦੁਖ ਬੰਧਨਾਂ ਤੋਂ ਜਕੜਿਆ ਹੋਇਆ ਸੀ, ਹੁਣ ਉਹ ਇਨ੍ਹਾਂ ਬੰਧਨਾਂ ਤੋਂ ਮੁਕਤ ਹੋ ਗਿਆ।

ਗੀਤਾ ਦਾ ਪਰਮ -ਮਨੁੱਖ ਨਾ ਕਿਸੇ ਤੋਂ ਘਿਰਣਾ ਕਰਦਾ ਹੈ ਅਤੇ ਨਾ ਹੀ ਕਿਸੇ ਵਸਤੂ ਦੀ ਇੱਛਾ ਕਰਦਾ ਹੈ। ਇਸੇ ਕਰਕੇ ਉਸ ਵਿਚ ਹਮੇਸ਼ਾਂ ਸੰਨਿਆਸ ਦੀ ਭਾਵਨਾ ਭਰੀ ਹੁੰਦੀ ਹੈ।[4] ਗਿਆਨੀ ਉਹ ਲੋਕ ਹਨ ਜੋ ਰਜੋ, ਸਤੋ ਅਤੇ ਤਮੋ ਆਦਿਕ ਗੁਣਾਂ ਵਿਚ ਲੀਨ ਨਹੀਂ

---

1. ਰਾਧਾ ਕ੍ਰਿਸ਼ਣਨ (ਡਾ.) ਭਗਵਦ ਗੀਤਾ( ਹਿੰਦੀ) ਪੰਨਾ 128
2. ਗੀਤਾ 4/8
3. ਵਾਚਸਪਤੀ ਗੈਰੋਲਾ (ਡਾ.) ਭਾਰਤੀ ਦਰਸ਼ਨ( ਹਿੰਦੀ) ਪੰਨਾ 153
4. ਗੀਤਾ 4/5

ਹੁੰਦੇ ਅਤੇ ਨਾ ਹੀ ਦੁਖ ਸੁਖ ਵਿਚ ਭਰਮਦੇ ਹਨ। ਉਹ ਸਦਾ ਆਤਮਾ ਵਿਚ ਲੀਨ ਰਹਿੰਦੇ ਹਨ। (ਗਿਆਨੀ ਲੋਕ ਯੋਗ ਰੂਪੀ ਸਰੋਵਰ ਦਾ ਜਲ ਪੀ ਕੇ ਪਰਮਾਤਮਾ ਵਿਚ ਲੀਨ ਹੋ ਜਾਂਦੇ ਹਨ) ਗਿਆਨੀ ਲੋਕ ਯੋਗ ਰੂਪੀ ਸਰੋਵਰ ਦਾ ਜਲ ਪੀ ਕੇ ਪਰਮਾਤਮਾ ਵਿਚ ਲੀਨ ਹੋ ਜਾਂਦੇ ਹਨ। ਉਹ ਜਨਮ ਮਰਨ ਤੋਂ ਛੁਟ ਜਾਂਦੇ ਹਨ।[1] ਜਿਹੜਾ ਮਨੁੱਖ ਹਰ ਇਕ ਵਸਤੂ ਨੂੰ ਆਪਣੇ ਜੈਸਾ ਹੀ ਸਮਝ ਕੇ ਸਮਾਨ ਦ੍ਰਿਸ਼ਟੀ ਤੋਂ ਵੇਖਦਾ ਹੈ, ਭਾਵੇਂ ਉਹ ਦੁਖ ਵਿਚ ਹੋਵੇ ਜਾਂ ਸੁਖ ਵਿਚ, ਉਹ ਪੂਰਣ ਯੋਗੀ ਹੈ। ਉਹ ਕਿਸੇ ਵਾਸ਼ਨਾ ਦਾ ਸ਼ਿਕਾਰ ਨਹੀਂ ਹੁੰਦਾ। ਉਹ ਆਤਮਾ ਰਹਿਤ ਹੁੰਦਾ ਹੈ। ਉਹ ਵੈਰ ਭਾਵਨਾ ਤੋਂ ਵਾਂਝਾ ਰਹਿੰਦਾ ਹੈ। ਉਹ ਆਪਣੇ ਆਪਣੇ ਆਪ ਨੂੰ ਵਿਸ਼ਿਆਂ ਦੇ ਯੋਗ ਤੋਂ ਦੂਰ ਰਖਦਾ ਹੈ।[2]

ਅਸਲ ਵਿਚ ਗੀਤਾ ਦਾ ਆਦਰਸ਼-ਮਨੁੱਖ ( ਪਰਮ-ਮਨੁੱਖ) ਚੰਗੇ ਜਾਂ ਮੰਦੇ ਕੰਮਾਂ ਦੀ ਪਛਾਣ ਉਨ੍ਹਾਂ ਦੇ ਨਤੀਜਿਆਂ ਤੋਂ ਨਹੀਂ ਕਰਦਾ, ਸਗੋਂ ਉਹ ਤਾਂ ਕਰਮਫਲ ਉਸਦੇ ਪੁੰਨ ਜਾਂ ਪਾਪ ਕਰਮਾਂ ਦੀ ਕਸੱਵਟੀ ਹੀ ਉਨ੍ਹਾਂ ਨੂੰ ਉਤੇਜਨਾ ਦੇਣ ਵਾਲੇ ਵਿਚਾਰ ਹਨ। ਉਹ ਕਰਮ--ਮਾਰਗ ਨੂੰ ਅਪਣਾ ਕੇ ਸਵਰਗ ਪ੍ਰਾਪਤ ਕਰਦਾ ਹੈ। ਭਾਵੇਂ ਮੁਕਤੀ ਦੀ ਪ੍ਰਾਪਤੀ ਲਈ ਸਾਰੇ ਮਾਰਗ ਸਮਰੱਥ ਹਨ, ਪਰੰਤੂ ਕਰਮ-ਮਾਰਗ ਸਭ ਤੋਂ ਉੱਤਮ ਹੈ। ਇਸ ਲਈ ਸਾਨੂੰ ਇਹ ਸਮਝਣਾ ਚਾਹੁੰਦਾ ਹੈ ਕਿ ਦੂਜੇ ਧਰਮਾਂ ਜਾਂ ਮਾਰਗਾਂ ਦੀ ਨਿਸਬਤ ਗੀਤਾ ਦਾ ਪਰਮ-ਮਨੁੱਖ ਕਰਮ -ਮਾਰਗ ਦਾ ਧਾਰਨੀ ਹੈ।

---

1. ਗੀਤਾ ੨੧"/੮" 32/6
2. Das Gupta S.N. (Dr.) <u>History of Indian Philosophy</u>, P, 58

### (ਕ) ਦਰਸ਼ਨ ਸ਼ਾਸਤਰਾਂ ਵਿਚ ਪਰਮ-ਮਨੁੱਖ ਦਾ ਸੰਕਲਪ

ਪਰਮ-ਮਨੁੱਖ ਦਰਸ਼ਨ ਸ਼ਾਸਤਰਾਂ ਅਨੁਸਾਰ ਜੀਵਨ-ਮੁਕਤ ਜਾਂ ਬ੍ਰਹਮ-ਗਿਆਨੀ ਦਾ ਹੀ ਰੂਪ ਹੈ। ਉਹ ਉਚ ਦਰਜੇ ਦਾ ਵਿਦਵਾਨ ਹੁੰਦਾ ਹੈ। ਉਸ ਵਿਚ ਬਾਲਕ ਜੈਸੀ ਸਰਲਤਾ ਅਤੇ ਨਿਰਮਲਤਾ ਹੁੰਦੀ ਹੈ। ਉਹ ਸੋਚ ਵਿਚਾਰ ਕਰਨ ਦਾ ਆਦੀ ਹੁੰਦਾ ਹੈ। ਉਹ ਇਸੇ ਜਨਮ ਵਿਚ ਮੁਕਤੀ ਪ੍ਰਾਪਤ ਕਰ ਲੈਂਦਾ ਹੈ। ਉਹ ਹਰ ਪ੍ਰਕਾਰ ਦੇ ਬੰਧਨਾਂ ਤੋਂ ਮੁਕਤ ਹੁੰਦਾ ਹੈ। ਸੰਸਾਰ ਵਿਚ ਉਹ ਸੁਖ ਦੀ ਲਾਲਸਾ ਨਹੀਂ ਕਰਦਾ, ਸਗੋਂ ਉਹ ਮੁਕਤੀ ਦੀ ਪ੍ਰਾਪਤੀ ਲਈ ਪ੍ਰਯਤਨਸ਼ੀਲ ਹੁੰਦਾ ਹੈ। ਬੰਧਨ ਦੇ ਸਾਧਨ, ਪਾਪੀ ਕਰਮਾਂ ਦਾ ਤਿਆਗ, ਪੂਰਵ ਜਨਮ ਵਿਚ ਕੀਤੇ ਕਰਮਾਂ ਦੇ ਫਲ ਦਾ ਨਾਸ਼ ਅਤੇ ਸੰਸਕਾਰਾਂ ਦਾ ਨਾਸ਼ ਕਰਕੇ ਮਨੁੱਖ ਜੀਵਨ-ਮੁਕਤ ਹੋ ਸਕਦਾ ਹੈ।[1] ਜੀਵਨ ਮੁਕਤ ਵਿਅਕਤੀ ਆਤਮਾ ਦੇ ਸੁਖ ਦੁਖ ਧਰਮ ਸੰਸਕਾਰ ਆਦਿ ਗੁਣਾਂ ਦਾ ਮਲਛੇਦ ਹੁੰਦਾ ਹੈ। ਉਹ ਭੁੱਖ ਪਿਆਸ, ਲੋਭ ਅਤੇ ਮੋਹ ਆਦਿ ਦਾ ਤਿਆਗ ਕਰਦਾ ਹੈ। ਉਹ ਦੁਖ ਕਲੇਸ਼ ਆਦਿ ਸੰਸਾਰਕ ਬੰਧਨਾਂ ਤੋਂ ਮੁਕਤ ਹੁੰਦਾ ਹੈ।[2] ਮੀਮਾਂਸਾ ਅਨੁਸਾਰ ਉਹ ਦੁਖ ਸੁਖ ਤੋਂ ਰਹਿਤ ਹੋ ਕੇ ਮਨੁੱਖ ਜੀਵਨ-ਮੁਕਤ ਹੋ ਜਾਂਦਾ ਹੈ। ਉਹ ਪੂਰਵ ਜਨਮ ਦੇ ਬੰਧਨ ਤੋਂ ਮੁਕਤ ਹੁੰਦਾ ਹੈ। ਆਤਮ ਗਿਆਨ ਤੋਂ ਹੀ ਜੀਵਨ-ਮੁਕਤ ਦੀ ਪਦਵੀ ਪ੍ਰਾਪਤ ਹੁੰਦੀ ਹੈ। ਸੰਸਾਰਕ ਦੁਖਾਂ ਤੋਂ ਉਹ ਨਿਵਿਰਤ ਹੁੰਦਾ ਹੈ। ਉਹ ਬੁਰੇ ਸੰਸਕਾਰਾਂ ਦਾ ਨਾਸ਼ ਕਰਕੇ ਬੰਧਨਾਂ ਨੂੰ ਕੱਟ ਕੇ ਅਤੇ ਪਾਪਾਂ ਨੂੰ ਤਿਆਗ ਕੇ ਜੀਵਨ-ਮੁਕਤ ਬਣ ਜਾਂਦਾ ਅਤੇ ਇਸ ਮੁਕਤ ਅਵਸਥਾ ਵਿਚ ਉਹ ਆਪਣੀ ਅਸਲੀਅਤ ਨੂੰ ਪਾ ਲੈਂਦਾ ਹੈ। ਜੀਵਨ-ਮੁਕਤ ਨੂੰ ਕਾਮ ਅਤੇ ਖੋਟੇ ਕਰਮਾਂ ਦਾ ਤਿਆਗ ਕਰਨਾ ਪੈਂਦਾ ਹੈ। ਗਿਆਨ ਪ੍ਰਾਪਤ ਹੋਣ ਪੁਰ ਜੀਵਨ-ਮੁਕਤ ਦੀ ਪ੍ਰਬਿਰਤੀ ਮੁਕਤੀ ਵਲ ਹੋ ਜਾਂਦੀ ਹੈ। ਉਹ ਮੁਕਤੀ ਨੂੰ ਪ੍ਰਾਪਤ ਕਰਨ ਲਈ ਸੰਸਕਾਰਕ ਦੁਖਾਂ ਤੋਂ ਛੁਟਕਾਰਾ ਪਾ ਲੈਂਦਾ ਹੈ। ਮੁਕਤ ਅਵਸਥਾ ਵਿਚ ਪੁਰਸ਼ ਦੇ ਸਰੀਰ ਆਦਿ ਤਾਂ ਨਹੀਂ ਰਹਿੰਦਾ। ਪਰੰਤੂ ਮਨ ਦੇ ਸਾਥ ਸੰਬੰਧ ਵੀ ਨਹੀਂ ਰਹਿੰਦਾ। ਫਿਰ ਕਿਸ ਪ੍ਰਕਾਰ ਮੁਕਤ ਜੀਵ ਨੂੰ ਆਤਮ ਗਿਆਨ ਹੋ ਸਕਦਾ ਹੈ। ਸਰੀਰ, ਮਨ ਆਦਿ ਸਾਧਨ ਦੇ ਬਿਨਾਂ ਆਤਮਾ ਵੀ ਆਪਣੇ ਆਪ ਨੂੰ ਨਹੀਂ ਜਾਣ ਸਕਦੀ। ਜਦੋਂ ਵਿਅਕਤੀ ਜਾਂ ਜੀਵ-ਮੁਕਤ ਹੁੰਦਾ ਹੈ, ਉਹ ਮੁੜ ਸੰਸਾਰ ਵਿਚ ਨਹੀਂ ਆਉਂਦਾ, ਮੁਕਤ ਅਵਸਥਾ ਵਿਚ ਜੀਵ ਦੀ ਸ਼ਕਤੀ ਸਦਾ ਸਥਿਰ ਰਹਿੰਦੀ ਹੈ।

---

1. ਮਿਸ਼ਰ ਉਮੇਸ਼ (ਡਾ.) ਭਾਰਤੀਯ ਦਰਸ਼ਨ( ਹਿੰਦੀ ) ਪੰਨਾ 253
2. ਸ਼ਰਮਾ ਰਾਮ ਮੂਰਤੀ (ਡਾ.) ਅਦਵੈਤ ਵੇਦਾਂਤ ( ਹਿੰਦੀ), ਪੰਨਾ 277

ਨਿਆਇ ਸ਼ਾਸਤਰ : ਮਨੁੱਖ ਨੂੰ ਗਿਆਨ ਪ੍ਰਾਪਤ ਹੋਣ ਤੇ ਹੀ ਜੀਵਨ-ਮੁਕਤ ਦੀ ਪਦਵੀ ਪ੍ਰਾਪਤ ਹੁੰਦੀ ਹੈ। ਤਤਵ ਗਿਆਨ ਅਤੇ ਮੋਕਸ਼ ( ਮੁਕਤੀ) ਦੋਨੋ ਹੀ ਪਰਸਪਰ ਆਧਾਰਿਤ ਹਨ। ਜੀਵਨ-ਮੁਕਤ ਅਵਸਥਾ ਵਿਚ ਆਤਮਾ ਨੂੰ ਇਕ ਦੂਜੇ ਤੋਂ ਵੱਖ ਰਖਣ ਵਾਲਾ ਕੇਵਲ ਮਨ ਹੀ ਰਹਿ ਜਾਂਦਾ ਹੈ। ਮੁਕਤ -ਅਵਸਥਾ ਵਿਚ ਜੀਵ ਵਿਚ ਗਿਆਨ ਸੁਖ, ਦੁਖ ਇੱਛਾ, ਦਵੈਸ਼ ਆਦਿ ਦਾ ਸਵਰੂਪ ਯੋਗਤਾ ਹੀ ਉਸਨੂੰ ਦੂਜੇ ਤਤਵਾਂ ਤੋਂ ਵੱਖ ਰਖਣ ਦਾ ਆਧਾਰ ਬਣਦਾ ਹੈ।[1] ਭਿੰਨ ਭਿੰਨ ਭਾਰਤੀ ਦਰਸ਼ਨ ਜੀਵਨ-ਮੁਕਤ ਅਵਸਥਾ ਦੀ ਸੰਭਾਵਨਾ ਦੇ ਸੰਬੰਧ ਵਿਚ ਸਹਿਮਤ ਨਹੀਂ ਹਨ। ਜਦ ਜੀਵ ਸਭ ਪ੍ਰਕਾਰ ਦੇ ਭਾਵਾਂ, ਅਰਥਾਤ ਗਿਆਨ, ਸੁਖ, ਦੁਖ ਇੱਛਾ, ਵੈਰ-ਭਾਵਨਾ, ਪੁੰਨ-ਪਾਪ ਅਤੇ ਵਾਸ਼ਨਾ ਤੋਂ ਪੂਰਨ ਤੌਰ ਤੇ ਛੁਟਕਾਰਾ ਪ੍ਰਾਪਤ ਕਰ ਲਵੇ, ਤਾਂ ਉਹ ਜੀਵਨ-ਮੁਕਤ ਬਣ ਜਾਂਦਾ ਹੈ।[3]

ਸਾਂਖਯ ਦਰਸ਼ਨ ਅਨੁਸਾਰ ਵੀ ਮਨੁੱਖੀ ਜੀਵਨ ਵਿਚ ਅਫ਼ਸੋਸ, ਕਸ਼ਟ, ਦੁਖ ਅਤੇ ਕਠਨਾਈਆਂ ਤੋਂ ਵਗੈਰ ਕੁਝ ਨਹੀਂ। ਜੀਵਨ ਵਿਚ ਹਰ ਕਦਮ ਉੱਤੇ ਦੁਖ ਅਤੇ ਕਠਨਾਈਆਂ ਹੀ ਮਿਲਦੀਆਂ ਹਨ। ਉਸ ਮਨੁੱਖ ਨੂੰ ਹੀ ਪਰਮ-ਮਨੁੱਖ ਕਿਹਾ ਹੈ, ਜਿਹੜਾ ਇਨ੍ਹਾਂ ਦੁਖਾਂ ਕਲੇਸ਼ਾਂ ਤੋਂ ਛੁਟਕਾਰਾ ਪਾ ਕੇ ਆਤਮਾ ਨੂੰ ਬ੍ਰਹਮ ਨਾਲ ਮੇਲ ਕਰਾ ਦੇਵੇ ।

ਯੋਗ ਦਰਸ਼ਨ ਉਹ ਦੂਜਿਆਂ ਦੇ ਦੁਖ-ਸੁਖ ਵਿਚ ਭਾਈਵਾਲ ਹੁੰਦਾ ਹੈ, ਇਥੇ ਜੀਵਨ-ਮੁਕਤ ਦੇ ਨਿਵਿਰਤ ਅਤੇ ਪ੍ਰਵਿਰਤ ਦੋਹਾਂ ਪੱਖਾਂ ਉੱਤੇ ਬਲ ਦਿੱਤਾ ਹੈ। ਉਹ ਪੂਰਨ ਤੌਰ ਤੇ ਅਪ੍ਰਭਾਵਿਤ ਰਹਿੰਦਾ ਹੋਇਆ ਵੀ ਸਮਾਜ ਤੋਂ ਵਿਰਕਤ ਨਹੀਂ ਹੁੰਦਾ ਅਤੇ ਆਪਣੇ ਮਾਨਸਿਕ ਸੰਤੁਲਨ ਨੂੰ ਕਿਸੇ ਤਰ੍ਹਾਂ ਖੋਏ ਬਿਨ੍ਹਾਂ ਹਰ ਇਕ ਪ੍ਰਵਿਰਤੀ ਵਿਚ ਭਾਗ ਲੈਂਦਾ ਹੋਇਆ ਪ੍ਰਤੀਤ ਹੁੰਦਾ ਹੈ। ਦੁਖੀ ਪੁਰਸ਼ਾਂ ਦੇ ਸਾਥ ਪਿਆਰ, ਕਰਦਾ ਦੁਖੀਆਂ ਪੁਰ ਰਹਿਮ ਕਰਦਾ, ਦੁਸ਼ਟ ਪੁਰਸ਼ਾਂ ਤੋਂ ਦੂਰ ਰਹਿੰਦਾ ਅਤੇ ਉਸਦਾ ਚਿੱਤ ਨਿਰਮਲ ਹੁੰਦਾ ਹੈ।

ਵੈਸ਼ੇਸ਼ਿਕ ਦਰਸ਼ਨ : ਜੀਵ ( ਜੀਵ-ਆਤਮਾ ) ਇਕ ਬੇਮਿਸਾਲ ਤਤਵ ਹੈ, ਜੋ ਕਿ ਨਾਲ ਚੇਤਨ, ਅਨੁਭਵ ਅਤੇ ਇੱਛਾ ਸ਼ਕਤੀ ਆਦਿ ਵਿਸ਼ੇਸ਼ਤਾਈਆਂ ਦਾ ਧਾਰਨੀ ਹੈ। ਇਸ ਦਸ਼ਾ ਵਿਚ ਇਸ ਦੀਆਂ ਵਿਸ਼ੇਸ਼ਤਾਈਆਂ ਸੁਖ, ਦੁਖ ਅਤੇ ਇੱਛਾ ਆਦਿ ਹਨ। ਉਪਨਿਸ਼ਦ ਆਦਰਸ਼-ਮਨੁੱਖ ਅਤੇ ਵੈਸ਼ੇਸ਼ਿਕ ਦਰਸ਼ਨ ਤੋਂ ਕਾਫ਼ੀ ਭਿੰਨ ਹੈ। ਉਹ ਵੀ ਸਦਾਚਾਰਕ ਤੌਰ ਤੇ ਉੱਚ ਗੁਣਾਂ ਦਾ ਧਾਰਨੀ ਹੁੰਦਾ ਹੈ ਅਤੇ ਖੁਸ਼ੀ ਅਤੇ ਗਮੀ ਤੋਂ ਅਭਿੱਜ ਹੁੰਦਾ ਹੈ।

---

1. ਮਿਸ਼ਰ ਉਮੇਸ਼ (ਡਾ.) ਭਾਰਤੀਯ ਦਰਸ਼ਨ ( ਹਿੰਦੀ) ਪੰਨਾ 253
2. ਐਸ.ਐਨ.(ਡਾ.) ਭਾਰਤੀਯ ਦਰਸ਼ਨ, ਕਾਇਤਿਸਮ( ਹਿੰਦੀ), ਭਾਗ ਦੂਜਾ, ਪੰਨਾ 255

ਪੂਣਤਾ ਦਾ ਮੂਰਤੀ ਦੇ ਤੌਰ ਤੇ ਉਸਨੂੰ ਅਰਸਤੂ ਦੀ ਵਿਚਾਰਧਾਰਾ ਦਾ ਅਨੁਆਈ ਕਹਿ ਸਕਦੇ ਹਾਂ।

ਅਦਵੈਤ ਦਰਸ਼ਨ : ਇਸ ਦਰਸ਼ਨ ਅਨੁਸਾਰ ਸਾਧਕ ਨੂੰ ਪਤਾ ਹੁੰਦਾ ਹੈ ਕਿ ਪਰਾਰਬੱਧ ਕਰਮਾਂ ਦੇ ਨਾਸ਼ ਹੋਏ ਬਿਨਾਂ ਉਹ ਜੀਵਨ-ਮੁਕਤ ਨਹੀਂ ਬਣ ਸਕਦਾ।[1] ਮੁਕਤ ਅਵਸਥਾ ਵਿਚ ਜੀਵ ਬ੍ਰਹਮ ਨਾਲ ਅਭੇਦ ਹੋ ਕੇ ਜੀਵਨ-ਮੁਕਤ ਬਣ ਜਾਂਦਾ ਹੈ। ਉਸਨੂੰ ਇਹ ਦਸ਼ਾ ਪ੍ਰਭੂ ਦੀ ਮਿਹਰ ਸਦਕਾ ਹੀ ਪ੍ਰਾਪਤ ਹੁੰਦੀ ਹੈ। ਉਹ ਬੰਧਨ ਤੋਂ ਮੁਕਤ ਹੋ ਕੇ ਦੁਖਾਂ ਤੋਂ ਵੀ ਮੁਕਤ ਹੋ ਜਾਂਦਾ ਹੈ। ਇਸ ਦਸ਼ਾ ਨੂੰ ਪ੍ਰਾਪਤ ਕਰਕੇ ਉਸਦੇ ਅਤੇ ਬ੍ਰਹਮ ਦੇ ਵਿਚਾਲੇ ਜੋ ਅਭੇਦ ਹੈ, ਉਹ ਵੀ ਖਤਮ ਹੋ ਜਾਂਦਾ ਹੈ।

---

1 ਮਿਸ਼ਰ ਉਮੇਸ਼ (ਡਾ.) ਭਾਰਤੀਯ ਦਰਸ਼ਨ, ( ਹਿੰਦੀ), ਪੰਨਾ 370

***

ਅਧਿਆਇ ਤੀਜਾ

## ਗੁਰੂ ਨਾਨਕ ਬਾਣੀ ਵਿਚ ਪਰਮ-ਮਨੁੱਖ ਦਾ

## ਭੌਤਿਕ ਸੰਕਲਪ

(ੳ) ਸੂਖਮ ਸਰੀਰ

(ਅ) ਸਥੂਲ ਸਰੀਰ

(ੲ) ਜੀਵ

## ਗੁਰੂ ਨਾਨਕ ਬਾਣੀ ਵਿਚ ਪਰਮ-ਮਨੁੱਖ ਦਾ ਭੌਤਿਕ ਸੰਕਲਪ

ਮਨੁੱਖ ਦੇ ਭੌਤਿਕ ਜੀਵਨ ਦਾ ਚਿਤਰਨ ਗੁਰੂ ਨਾਨਕ ਦੇਵ ਨੇ ਉਸਦੇ ਮਾਨਸਿਕ ਅਤੇ ਆਤਮਿਕ ਜੀਵਨ ਨਾਲੋਂ ਨਿਖੇੜ ਕੇ ਨਹੀਂ ਕੀਤਾ, ਇਸ ਭੌਤਿਕ ਜੀਵਨ ਦੀ ਸਰਲ ਜਿਹੀ ਵਿਆਖਿਆ ਕਰਨ ਲਈ ਭੌਤਿਕ ਜੀਵਨ ਦਾ ਮਾਨਸਿਕ ਅਤੇ ਆਤਮਿਕ ਜੀਵਨ ਨਾਲ ਡੂੰਘਾ ਸੰਬੰਧ ਹੈ। ਮਨ ਅਤੇ ਆਤਮਾ ਤੋਂ ਵੱਖਰਾ ਇਹ ਭੌਤਿਕ ਜੀਵਨ ਗੁਰੂ ਜੀ ਲਈ ਕੋਈ ਮਹੱਤਵ ਨਹੀਂ ਰਖਦਾ। ਭੌਤਿਕ ਜੀਵਨ ਉਸ ਪਰਮ ਸੱਤ ਦੀ ਪ੍ਰਾਪਤੀ ਲਈ ਇਕ ਸਾਧਨ ਹੈ। ਉਸ ਪਰਮਾਤਮਾ ਦੀ ਪ੍ਰਾਪਤੀ ਆਤਮਿਕ ਸ਼ੁਧੀ ਦੁਆਰਾ ਹੀ ਹੋ ਸਕਦੀ ਹੈ। ਅਤੇ ਆਤਮਿਕ ਸ਼ੁਧੀ ਲਈ ਮਾਨਸਿਕ ਸ਼ੁਧੀ ਜ਼ਰੂਰੀ ਹੈ। ਮਾਨਸਿਕ ਸ਼ੁਧੀ ਭੌਤਿਕ ਜੀਵਨ ਵਿਚ ਚੰਗੇ ਅਮਲਾਂ ਤੋਂ ਪੈਦਾ ਹੁੰਦੀ ਹੈ, ਕਿਉਂਕਿ ਮਨੁੱਖ ਦਾ ਭੌਤਿਕ ਸਰੀਰ ਅਮਲ ਜਾਂ ਕਰਮ ਦਾ ਕਾਰਨ ਬਣਦਾ ਹੈ। ਇਸ ਲਈ ਇਸ ਸਰੀਰ ਨੂੰ ਧਰਤੀ ਅਰਥਾਤ ਸਾਰੇ ਅਧਿਆਤਮਿਕ ਜੀਵਨ ਦੀ ਨੀਂਹ ਮੰਨਿਆ ਹੈ ਅਤੇ ਜੋਰ ਇਸ਼ ਗੱਲ ਉਤੇ ਦਿੱਤਾ ਗਿਆ ਹੈ ਕਿ ਇਸ ਸਰੀਰ ਨੂੰ ਸਾਧ ਕੇ ਚੰਗੇ ਅਮਲ ਵਿਚ ਲਾਉਣਾ ਚਾਹੀਦਾ ਹੈ। ਕਿਉਂਕਿ ਚੰਗੇ ਮਾੜੇ ਮਨੁੱਖ ਦੀ ਪਰਖ ਉਸ ਦੇ ਅਮਲਾਂ ਉਤੇ ਹੋਣੀ ਹੈ। ਪਰਮ ਸੱਤ ਨੂੰ ਮਨ ਵਿਚ ਵਸਾ ਕੇ ਸੱਚੇ ਅਮਲ ਕਰਕੇ ਇਸ ਲਈ ਜ਼ਰੂਰੀ ਹਨ, ਕਿਉਂਕਿ ਪਰਮਾਤਮਾ ਦੇ ਦਰਬਾਰ ਵਿਚ ਚੰਗੇ ਹੋਣ ਦਾ ਫੈਸਲਾ ਅਮਲਾਂ ਉਤੇ ਹੋਣਾ ਹੈ ਅਤੇ ਜੇਕਰ ਅਮਲ ਚੰਗੇ ਨਾ ਹੋਏ, ਤਾਂ ਮੁਕਤੀ ਦੀ ਥਾਂ ਮੁੜ ਕੇ ਆਵਾਗਵਨ ਦੇ ਬੰਧਨ ਵਿਚ ਆਤਮਾ ਨੂੰ ਪ੍ਰਵੇਸ਼ ਕਰਨਾ ਪੈਂਦਾ ਹੈ। ਜਿਵੇਂ:-

ਆਪੀਨੈ ਭੋਗ ਭੋਗਿ ਕੈ ਹੋਇ ਭਸਮੜਿਆ ਭਉਰ ਸਿਧਾਇਆ ॥
ਵੱਡਾ ਹੋਆ ਦੁਨੀਦਾਰ ਗਲਿ ਸੰਗਲ ਘਤਿ ਚਲਾਇਆ ॥
ਅਗੈ ਕਰਣੀ ਕੀਰਤਿ ਵਾਚੀਐ ਬਹਿ ਲੇਖਾ ਕਰ ਸਮਝਾਇਆ ॥

( ਆਦਿ ਗ੍ਰੰਥ, ਪੰਨਾ 216 ).

ਮਨੁੱਖ ਇਸ ਭੌਤਿਕ ਜੀਵਨ ਵਿਚ ਜੋ ਕੁਝ ਵੀ ਪ੍ਰਾਪਤ ਕਰਦਾ ਹੈ, ਉਹ ਕੁਝ ਵੀ ਉਸ ਦੇ ਨਾਲ ਨਹੀਂ ਜਾਂਦਾ। ਸਭ ਕੁਝ ਮੌਤ ਹੋਣ ਤੇ ਇਸ ਸੰਸਾਰ ਵਿਚ ਹੀ ਰਹਿ ਜਾਂਦਾ ਹੈ। ਇਹ ਸੰਸਾਰਕ ਪਦਾਰਥ ਜਾਂ ਵਸਤੂਆਂ ਪ੍ਰਾਣੀ ਦੀ ਮੌਤ ਪਿਛੋਂ ਉਸ ਦਾ ਸਾਥ ਛਡ ਦਿੰਦੀਆਂ ਹਨ ਅਤੇ ਇਥੇ ਹੀ ਰਹਿ ਜਾਂਦੇ ਹਨ:-

ਤਾਜੀ ਤੁਰਕੀ ਸੋਇਨਾ ਰੁਪਾ ਕਪੜਿ ਕੇਰੇ ਭਾਰ ॥
ਕਿਸ ਹੀ ਨਾਲਿ ਨਾ ਚਲੈ ਨਾਨਕ ਝੜਿ ਝੜਿ ਪਏ ਗਵਾਰ ॥

( ਆਦਿ ਗ੍ਰੰਥ, ਪੰਨਾ112 )

ਮਨੁੱਖ ਦੇ ਨਾਲ ਉਹ ਅਮਲ ਹੀ ਜਾਣੇ ਹਨ, ਜੋ ਉਸਨੇ ਇਸ ਭੌਤਿਕ ਜੀਵਨ ਵਿਚ ਕੀਤੇ ਹਨ। ਭਾਵੇਂ ਇਹ ਕੰਮ ਚੰਗੇ ਹਨ ਜਾਂ ਮਾੜੇ ਇੱਥੇ ਹੀ ਬਸ ਨਹੀਂ। ਗੁਰੂ ਜੀ ਨੇ ਇਸ ਗੱਲ ਉੱਪਰ ਵੀ ਜ਼ੋਰ ਦਿੱਤਾ ਹੈ ਕਿ ਭੌਤਿਕ ਜੀਵਨ ਦੇ ਨਾਲ ਨਾਲ ਮਾਨਸਿਕ ਅਤੇ ਆਤਮਿਕ ਜੀਵਨ ਵੀ ਜ਼ਰੂਰੀ ਹੈ। ਉੱਪਰੋਂ ਮਿੱਠਾ ਬੋਲਣ ਜਾਂ ਸਰੀਰ ਦੀ ਸਫ਼ਾਈ ਕਰ ਛਡਣੀ ਹੀ ਕਾਫ਼ੀ ਨਹੀਂ, ਸਗੋਂ ਆਤਮਿਕ ਪੱਧਰ ਦੀ ਸਫਾਈ ਵੀ ਜ਼ਰੂਰੀ ਹੈ। ਜਿਥੇ ਉਨ੍ਹਾਂ ਨੂੰ ਮਾਨਸਿਕ ਅਤੇ ਭੌਤਿਕ ਜੀਵਨ ਵਿਚ ਦੁਫੇੜ ਦਿਖਾਈ ਦਿੰਦਾ ਹੈ, ਉਸ ਦੀ ਗੁਰੂ ਜੀ ਨੇ ਸਪਸ਼ਟ ਸ਼ਬਦਾਂ ਵਿਚ ਨਿੰਦਾ ਕੀਤੀ ਹੈ। ਜਿਵੇਂ:-

ਨਾਵਣ ਚਲੇ ਤੀਰਥੀ ਮਨ ਖੋਟੇ ਤਨਿ ਚੋਰ ॥
ਬਾਹਰਿ ਧੋਤੀ ਤੂਮੜੀ ਅੰਦਰ ਵਿਸੁ ਨਿਕੋਰ ॥
( ਆਦਿ ਗ੍ਰੰਥ , ਪੰਨਾ 314)

ਸਪਸ਼ਟ ਹੈ ਕਿ ਅਜਿਹੀ ਸਰੀਰਕ ਸ਼ੁੱਧੀ, ਜਿਸ ਨਾਲ ਮਾਨਸਿਕ ਜੀਵਨ ਵਿਚ ਕੋਈ ਫ਼ਰਕ ਨਹੀਂ ਪੈਂਦਾ, ਉਹ ਬੇਅਰਥ ਹੈ। ਗੁਰੂ ਜੀ ਅਜਿਹੀ ਸ਼ੁੱਧ ਨੂੰ ਪਾਖੰਡ ਆਖ ਕੇ ਅਰਥਹੀਣ ਦਸਦੇ ਹਨ:-

ਗਲੀ ਅਸੀ ਚੰਗੀਆ ਆਚਾਰੀ ਬੁਰੀਆਹ ॥
ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ ॥
( ਆਦਿ ਗ੍ਰੰਥ, ਪੰਨਾ 78)

ਤੀਰਥ ਨਾਤਾ ਕਿਆ ਕਰੇ ਮਨ ਮਹਿ ਮੈਲ ਗੁਮਾਨ ॥
( ਆਦਿ ਗ੍ਰੰਥ, ਪੰਨਾ 62)

ਗੁਰੂ ਜੀ ਨੇ ਹੰਕਾਰ ਵਿਚ ਸੁੱਤੇ ਪ੍ਰਾਣੀਆਂ ਵਿਚ ਸੰਸਾਰਕ ਨਾਸ਼ਵਾਨ ਪਦਾਰਥਾਂ ਵਿਚ ਮੋਤੇ ਮਨੁੱਖ ਅਤੇ ਕਾਮ -ਵਾਸ਼ਨਾ ਵਿਚ ਮਸਤ ਮਨੁੱਖਾਂ ਨੂੰ ਪਸ਼ੂ -ਮਾਨਵ ਜਾਂ ਮਨਮੁਖ ਆਖਿਆ ਹੈ :-

ਮਨਮੁਖ ਵਿਣ ਨਾਵੈ ਕੂੜਿਆਰ ਫਿਰਹਿ ਬੇਤਾਲਿਆ ॥
ਪਸੂ ਮਾਨਸ ਚੰਮਿ ਲਪੇਟੇ ਅੰਦਰਹੁ ਕਾਲਿਆ ॥
( ਆਦਿ ਗ੍ਰੰਥ, ਪੰਨਾ 556)

ਜਿਹੜੇ ਲੋਕੀ ਸੰਸਾਰ ਸੁਆਦਾਂ ਵਿਚ ਆਪਣਾ ਆਪਾ ਗੁਆ ਬੈਠਦੇ ਹਨ ਅਤੇ ਇਨ੍ਹਾਂ ਪਦਾਰਥਾਂ

ਦੇ ਨਸ਼ੇ ਵਿਚ ਆਪਣੀ ਮੌਤ ਨੂੰ ਭੁਲ ਜਾਂਦੇ ਹਨ ਅਤੇ ਪਰਮਾਤਮਾ ਦੇ ਨਾ ਬਿਨਾਂ ਦੁਨੀਆਂ ਦੇ ਪਦਾਰਥਾਂ ਦਾ ਭੋਗ ਕਰਦੇ ਹਨ, ਉਨ੍ਹਾਂ ਨੂੰ ਗੁਰੂ ਜੀ ਨੇ ਮਨ ਦੇ ਨਹੀਂ ਸਗੋਂ ਤਨ ਦੇ ਰੋਗੀ ਵੀ ਆਖਿਆ ਹੈ। ਇਸੇ ਕਰਕੇ ਆਪ ਜੀ ਫੁਰਮਾਉਂਦੇ ਹਨ:-

ਖਸਮ ਵਿਸਾਰਿ ਕੀਏ ਰਸੁ ਭੋਗ ॥
ਤਾਂ ਤਨਿ ਉਠਿ ਖਲੋਇਐ ਰੋਗ ॥

( ਆਦਿ ਗ੍ਰੰਥ, ਪੰਨਾ 535)

ਜਿਹੜਾ ਮਨੁੱਖ ਆਪਣੇ ਇਸ ਭੌਤਿਕ ਜੀਵਨ ਵਿਚ ਖਾਣ, ਪੀਣ, ਪਹਿਨਣ ਝੂਠੀ ਸਰੀਰਕ ਸੁੱਚ ਅਤੇ ਆਪਣੇ ਤਨ ਦੇ ਸ਼ਿੰਗਾਰਨ ਵਿਚ ਮਸਤ ਹੈ, ਉਸ ਦੀਆਂ ਇਹ ਗੱਲਾਂ ਗੁਰੂ ਜੀ ਨੂ ਪਸੰਦ ਨਹੀਂ, ਕਿਉਂਕਿ ਇਹ ਸਭ ਗੱਲਾਂ ਪਰਮਾਤਮਾ ਦੇ ਨਾਂ ਬਿਨਾਂ ਵਿਅਰਥ ਹੈ:-

ਤਿਸ ਵਿਣ ਸਭ ਅਪਵਿਤ੍ਰ ਹੈ
ਜੇਤਾ ਪੈਨਣ ਖਾਣੁ ॥

( ਆਦਿ ਗ੍ਰੰਥ, ਪੰਨਾ 204)

ਇਹ ਜੀਵਨ ਦੀਆਂ ਖੁਸ਼ੀਆਂ ਹਮੇਸ਼ਾਂ ਲਈ ਨਹੀਂ। ਕਿਉਂਕਿ ਜੀਵਨ ਵੀ ਹਮੇਸ਼ਾਂ ਨਹੀਂ। ਇਹ ਭੌਤਿਕ ਜੀਵਨ ਇਕ ਦਿਨ ਪਾਣੀ ਦੇ ਬੁਲਬੁਲੇ ਦੀ ਤਰ੍ਹਾਂ ਨਾਸ਼ ਹੋ ਜਾਣਾ ਹੈ। ਜੀਵਨ ਦੇ ਝੂਠੇ ਨਸ਼ੇ ਵਿਚ ਮਸਤ ਹੋ ਕੇ ਪ੍ਰਾਣੀ ਆਪਣੀ ਮੌਤ ਨੂੰ ਭੁਲਾ ਦਿੰਦਾ ਹੈ ਅਤੇ ਝੂਠੇ ਐਸ਼ ਪ੍ਰਸਤੀ ਦੇ ਕੰਮਾਂ ਵਿਚ ਆਪਣਾ ਜੀਵਨ ਵਿਅਰਥ ਗੁਆ ਦਿੰਦਾ ਹੈ। ਇਹ ਐਸ਼ ਪ੍ਰਸਤੀ ਹੀ ਜੀਵਨ ਖੋਰ ਰਿਹਾ ਹੈ। ਜਿਵੇਂ:-

ਅਮਲ ਗਲੋਲਾ ਕੂੜ ਕਾ ਦਿੱਤਾ ਦੇਵਣਹਾਰ ॥
ਮਤੀ ਮਰਣ ਵਿਸਾਰਿਆ ਖੁਸ਼ੀ ਕੀਤੀ ਦਿਨ ਚਾਰ ॥

( ਆਦਿ ਗ੍ਰੰਥ, ਪੰਨਾ 406)

### (ੲ) ਸੂਖਮ ਸਰੀਰ

ਭਾਰਤੀ ਚਿੰਤਨ ਵਿਚ ਸਥੂਲ ਸਰੀਰ ਦੇ ਨਾਲ ਇਕ ਸੂਖਮ ਸਰੀਰ ਦੀ ਕਲਪਨਾ ਵੀ ਕੀਤੀ ਗਈ ਹੈ, ਜੋ ਸਥੂਲ ਸਰੀਰ ਵਾਂਗ ਨਾਸ਼ਵਾਨ ਨਹੀਂ ਹੁੰਦਾ, ਸਗੋਂ ਵਾਰ ਵਾਰ ਜਨਮ ਲੈਂਦਾ ਹੈ।[1] ਇਕ ਜਨਮ ਦੇ ਕਰਮਫਲ ਨੂੰ ਭੋਗਣ ਲਈ ਉਸ ਨੂੰ ਦੂਸਰਾ ਜਨਮ ਧਾਰਨਾ ਪੈਂਦਾ ਹੈ। ਅਤੇ ਇਹ ਕ੍ਰਿਆ ( ਸਿਲਸਿਲਾ) ਉਦੋਂ ਤਕ ਜਾਰੀ ਰਹਿੰਦੀ ਹੈ, ਜਦੋਂ ਤਕ ਉਸਨੂੰ ਦੂਸਰਾ ਜਨਮ ਧਾਰਨਾ ਪੈਂਦਾ ਹੈ ਅਤੇ ਇਹ ਸਿਲਸਿਲਾ ਉਦੋਂ ਜਾਰੀ ਰਹਿੰਦਾ ਹੈ, ਜਦੋਂ ਤਕ ਉਸਨੂੰ ਮੁਕਤੀ ਪ੍ਰਾਪਤ ਨਹੀਂ ਹੋ ਜਾਂਦੀ ।

ਸਥੂਲ ਸਰੀਰ ਦੇ ਅੰਦਰ ਹਰ ਇਕ ਵਿਅਕਤੀ ਦੇ ਇਕ ਸੂਖਮ ਸਰੀਰ ਉਤਪੰਨ ਹੁੰਦਾ ਹੈ। ਇਸ ਸਰੀਰ ਦੁਆਰਾ ਇਹ ਅਗਿਆਨੀ ਮਨੁੱਖ ਆਪਣੇ ਕਰਮਾਂ ਦੇ ਫਲ ਨੂੰ ਅਨੁਭਵ ਕਰਦਾ ਹੈ। ਇਸ ਸੂਖਮ ਸਰੀਰ ਦੇ ਤਿੰਨ ਅੰਗ ਅੰਤਹਾਕਰਣ, ਇੰਦਰੀਆਂ ਅਤੇ ਪ੍ਰਾਣ ਹਨ। ਜੀਵ ਦੀ ਗਿਆਨ ਸ਼ਕਤੀ ਦੀ ਸਮੁੱਚਤਾ ਨੂੰ ਅੰਤਹਕਰਣ ਕਹਿੰਦੇ ਹਨ। ਅਤੇ ਵਾਸ਼ਨਾ ਇਸ ਦੀ ਵ੍ਰਿਤੀ ਹੈ। ਵ੍ਰਿਤੀ ਦੇ ਭੇਦ ਵਜੋਂ ਅੰਤਹਕਰਣ ਦੇ ਚਾਰ ਰੂਪ ਹਨ। ਬੁੱਧੀ, ਅਹੰਕਾਰ ਚਿੱਤ ਅਤੇ ਮਨ। ਇੰਦਰੀਆਂ ਦੀ ਗਿਣਤੀ ਦਸ ਹੈ। ਕੰਨ, ਚੰਮੜੀ, ਜੀਭ, ਅੱਖਾਂ ਅਤੇ ਨੱਕ। ਇਹ ਪੰਜ ਗਿਆਨ ਇੰਦਰੀਆਂ ਹਨ। ਵਾਕ, ਹੱਥ, ਪੈਰ, ਗੁਦਾ, ਲਿੰਗ ਜਾਂ ਯੋਨੀ ਇਹ ਪੰਜ ਕਰਮ ਇੰਦਰੀਆਂ ਹਨ। ਗਿਆਨ ਇੰਦਰੀਆਂ ਜੀਵ ਦੀ ਉਹ ਸ਼ਕਤੀ ਹਨ, ਜਿਸ ਦੁਆਰਾ ਉਸ ਨੂੰ ਬਾਹਰਲੇ ਵਿਸ਼ਿਆਂ ਦਾ ਗਿਆਨ ਹੁੰਦਾ ਹੈ। ਕਰਮ ਇੰਦਰੀਆਂ ਉਹ ਸ਼ਕਤੀ ਹਨ, ਜਿਸ ਦੁਆਰਾ ਜੀਵ ਬਾਹਰਲੇ ਵਿਸ਼ਿਆਂ ਦੇ ਭਿੰਨ ਭਿੰਨ ਗੁਣਾਂ ਦਾ ਭਿੰਨ ਭਿੰਨ ਰੂਪਾਂ ਵਿਚ ਅਨੁਭਵ ਕਰਦਾ ਹੈ।[2] ਮਨ ਸਾਰੀਆਂ ਇੰਦਰੀਆਂ ਨਾਲ ਮਿਲਕੇ ਜੀਵ ਨੂੰ ਵਿਸ਼ਿਆਂ ਦਾ ਭੋਗ ਕਰਾਂਦਾ ਹੈ। ਉਹ ਸਦਾ ਇੰਦਰੀਆਂ ਨਾਲ ਘਿਰਿਆ ਰਹਿੰਦਾ ਹੈ। 'ਪ੍ਰਾਣ' ਸੂਖਮ ਸਰੀਰ ਦਾ ਕ੍ਰਿਆ ਸ਼ਕਤੀ ਪ੍ਰਧਾਨ ਅੰਸ਼ ਹੈ, ਜੋ ਵ੍ਰਿਤੀ ਭੇਦ ਕਰਕੇ ਪੰਜ ਪ੍ਰਕਾਰ ਦਾ ਹੁੰਦਾ ਹੈ। ਪ੍ਰਾਣ, ਅਪਾਨ, ਵਿਆਨ, ਉਦਾਨ ਅਤੇ ਸਮਾਨ ।[3] ਕਰਮ ਇੰਦਰੀਆਂ ਹੱਥ ਪੈਰ ਆਦਿ ਕ੍ਰਿਆਸ਼ੀਲ ਅਤੇ ਇਕ ਦੂਸਰੇ ਦੇ

---

1. Raju P.T. [redacted], The Concept of Man, Page : 32

2. ਉਮੇਸ਼ ਮਿਸ਼ਰ (ਡਾ.), ਭਾਰਤੀਯ ਦਰਸ਼ਨ, ਪੰਨਾ 311

3. ਉਦਯ ਭਾਨ ਸਿੰਘ( ਡਾ.), ਤੁਲਸੀ ਦਰਸ਼ਨ ਮੀਮਾਂਸਾ, ਪੰਨਾ 120

ਸਹਾਇਕ ਅਤੇ ਪ੍ਰੇਰਕ ਵੀ ਹਨ। ਉਦਾਹਰਣ ਲਈ ਜੇ ਰੱਥ ਕਿਸੇ ਵਸਤੂ ਨੂੰ ਗ੍ਰਹਿਣ ਕਰਨਾ ਚਾਹੁੰਦੇ ਹਨ, ਤਾਂ ਉਹ ਮਨ ਦੁਆਰਾ ਪੈਰਾਂ ਨੂੰ ਉੱਥੇ ਚਲਣਲਈ ਪਰਵ੍ਰਿਤ ਕਰਦੇ ਹਨ। ਕਰਮ ਇੰਦਰੀਆਂ ਪਿੱਛੋਂ ਸੂਖਮ ਸਰੀਰ ਦੇ ਅੰਤਰਗਤ ਪ੍ਰਾਣ ਆਦਿ ਪੰਜ ਵਾਯੂ ਆਉਂਦੇ ਹਨ। ਜੇਕਰ ਵੇਖਿਆ ਜਾਵੇ, ਤਾਂ ਪ੍ਰਾਣ ਸਭ ਦਾ ਮੂਲ ਹਨ। ਪ੍ਰਾਣ ਦਾ ਸੰਚਾਰ ਨਾਸਿਕਾ, ਹਿਰਦਾ, ਨਾਭੀ, ਪੈਰ ਤਥਾ ਅੰਗੂਠਾ ਵਿਚ ਹੁੰਦਾ ਹੈ।

ਸੂਖਮ ਸਰੀਰ ਦੀ ਉਤਪਤੀ ਦੇ ਸੰਬੰਧ ਵਿਚ ਕਿਹਾ ਗਿਆ ਹੈ ਕਿ ਗਿਆਨ ਇੰਦਰੀਆਂ ਤਵਕ, ਚਕਸ਼ੂ, ਰਸਨਾ ਅਤੇ ਘਰਾਣ ਅਕਾਸ਼ ਆਦਿ ਦੇ ਸਾਤਵਿਕ ਅੰਗਾਂ ਤੋਂ ਵੱਖ ਵੱਖ ਕਰਮ ਉਤਪੰਨ ਹੁੰਦੇ ਹਨ। ਇਹ ਇੰਦਰੀਆਂ ਗਿਆਨ ਦਾ ਪ੍ਰਕਾਸ਼ ਕਰਦੀਆਂ ਹਨ। ਇਸ ਲਈ ਇਨ੍ਹਾਂ ਨੂੰ ਗਿਆਨ ਇੰਦਰੀਆਂ ਕਿਹਾ ਗਿਆ ਹੈ। ਬੁੱਧੀ ਨੂੰ ਅਨੰਤ ਕਰਣ ਦੀ ਨਿਸ਼ਚੇਆਤਮਿਕ ਵ੍ਰਿਤੀ ਕਿਹਾ ਗਿਆ ਹੈ। ਵੇਦਾਂਤ ਪ੍ਰੀਭਾਸ਼ਾਕਾਰਾਂ ਨੇ ਵ੍ਰਿਤੀ ਦੇ ਚਾਰ ਭੇਦ ਕੀਤੇ ਹਨ। ਇਹ ਭੇਦ ਨਿਸਚੈ, ਗਰਭ, ਸੰਸਯ ਅਤੇ ਸਮਰਪਣ ਹਨ। ਇਨ੍ਹਾਂ ਵਿਚ ਨਿਸਚੇ ਦਾ ਆਧਾਰ ਬੁੱਧੀ, ਗਰਭ ਦਾ ਆਧਾਰ ਅਹੰਕਾਰ, ਸੰਸਯ ਦਾ ਆਧਾਰ ਮਨ ਅਰਥਾਤ ਸਮਰਣ ਦਾ ਆਧਾਰ ਚਿੱਤ ਹੈ। ਇਹ ਮਨ, ਬੁੱਧੀ, ਚਿੱਤ ਅਰਥਾਤ ਅਹੰਕਾਰ ਰੂਪ ਅੰਤਹਕਰਣ ਚਤੁਸ਼ਟ ਵੀ ਆਕਾਸ਼ ਆਦਿ ਸੂਖਮ ਭੂਤ ਵਿਚੋਂ ਵ੍ਰਤਮਾਨ ਧਮਿਲਤ ਸਾਤਵਿਕ ਅੰਸਾਂ ਤੋਂ ਉਤਪੰਨ ਹੁੰਦਾ ਹੈ।[1]

ਗੁਰੂ ਨਾਨਕ ਬਾਣੀ ਵਿਚ ਸੂਖਮ ਸਰੀਰ ਦੇ ਪ੍ਰਤੀਕ ਹਉਮੈ (ਅਹੰਕਾਰ) ਮਨ, ਬੁੱਧੀ, ਸੁਰਤਿ ਆਦਿ ਹਨ। ਇਨ੍ਹਾਂ ਵਿਚ ਸਭ ਤੋਂ ਪਹਿਲਾਂ ਅਸੀਂ ਹਉਮੈ ਦਾ ਵਰਨਣ ਕਰਦੇ ਹਾਂ।

ਹਉਮੈ ਦਾ ਅਖਰੀ ਅਰਥ ਹੈ, ਮੈਂ, ਮੈਂ,[2] ਗੁਰੂ ਨਾਨਕ ਨੇ ਇਸ ਦਾ ਪ੍ਰਯੋਗ ਦਾਰਸ਼ਨਿਕ ਅਰਥਾਂ ਵਿਚ ਕੀਤਾ ਅਤੇ ਨੈਤਿਕ ਅਰਥਾਂ ਵਿਚ ਵੀ। ਮਨੁੱਖ ਦੀ ਉਤਪੱਤੀ ਵੀ ਹਉਮੈ ਕਾਰਣ ਹੀ ਮੰਨੀ ਗਈ ਹੈ। ਜਿਵੇਂ:-

> ਹਉ ਵਿਚਿ ਆਇਆ ਹਉ ਵਿਚਿ ਗਇਆ ॥
> ਹਉ ਵਿਚਿ ਜੰਮਿਆ ਹਉ ਵਿਚਿ ਮੂਆ ॥
>
> (ਆਦਿ ਗ੍ਰੰਥ, ਪੰਨਾ 466)

---

1. ਸ਼ਰਮਾ. ਰਾਮ ਮੂਰਤੀ (ਡਾ.) ਵੇਦਾਂਤਸਾਰ (ਹਿੰਦੀ), ਪੰਨਾ 44
2. ਕਾਨ੍ਹ ਸਿੰਘ ਨਾਭਾ, ਮਹਾਨਕੋਸ਼, ਪੰਨਾ 197

ਹਉਮੈ ਨੂੰ ਆਤਮਾ ਦੇ ਸ਼ੁੱਧ ਦਾ ਵਿਕਾਰੀ ਰੂਪ ਵੀ ਮੰਨਿਆ ਜਾਂਦਾ ਹੈ, ਜਿਸ ਕਰਕੇ ਮਨੁੱਖ ਆਪਣੇ ਆਪ ਨੂੰ ਉਸ ਪਰਮ-ਸ੍ਰੋਤ ਨਾਲੋਂ ਵੱਖਰਾ ਸਮਝਣ ਲਗ ਪੈਂਦਾ ਹੈ, ਜੋ ਵੇਦਾਂਤਿਕ ਸ਼ਬਦਾਵਲੀ ਵਿਚ ਵੀ ਜੀਵ ਦੀ ਅਗਿਆਨ ਅਵਸਥਾ ਦਾ ਪ੍ਰਮਾਣ ਹੈ। 'ਹਉਮੈ' ਮਨੁੱਖ ਦੀ ਮੂਲ ਪ੍ਰਕਿਰਤੀ ਦੀ ਲਖਾਇਕ ਹੈ।[1] ਜਿਸ ਦੇ ਅੰਤਰਗਤ ਉਹ ਆਤਮਾ -ਕੇਂਦ੍ਰਿਤ ਹੋਣ ਦੀ ਪੱਧਰ ਤਕ ਹੀ ਸੀਮਿਤ ਹੋ ਕੇ ਵਿਚਰਦਾ ਹੈ ਅਤੇ ਬ੍ਰਹਿਮੰਡ ਤੋਂ ਆਪਣੇ ਆਪ ਨੂੰ ਵੱਖਰਾ ਸਮਝਦਾ। ਧਾਰਮਿਕ ਸ਼ਬਦਾਵਲੀ ਵਿਚ ਹਉਮੈ ਨੂੰ ਬੰਧਨ ਦੀ ਅਵਸਥਾ ਕਹਿ ਸਕਦੇ ਹਾਂ :-

ਹਉਮੈ ਬੰਧਨ ਬੰਧਿ ਭਵਾਵੈ॥

( ਆਦਿ ਗ੍ਰੰਥ, ਪੰਨਾ 227)

ਜਿਸ ਤੋਂ ਮੁਕਤੀ ਪ੍ਰਾਪਤ ਕਰਨਾ ਹੀ ਮਨੁੱਖੀ ਜੀਵਨ ਦਾ ਪਰਮ -ਉਦੇਸ਼ ਮੰਨਿਆ ਗਿਆ ਹੈ:-

ਹਉਮੈ ਖੋਇ ਕਰੈ ਸੀਗਾਰ ॥

ਤਉ ਕਾਮਣਿ ਸੇਜੈ ਰਵੈ ਭਤਾਰੁ ॥

( ਆਦਿ ਗ੍ਰੰਥ, ਪੰਨਾ 357)

ਪਰੰਤੂ ਹਉਮੈ ਨੂੰ ਕੇਵਲ ਬੁਰਾਈ ਦਾ ਪ੍ਰਤੀਕ ਹੀ ਨਹੀਂ ਸਮਝਣਾ ਚਾਹੀਦਾ, ਕਿਉਂਕਿ ਜਿੱਥੇ ਇਸ ਵਿਚ ਮਨੁੱਖ ਨੂੰ ਕੁਰਾਹੇ ਪਾਉਣ ਦੀ ਸ਼ਕਤੀ ਹੈ, ਉੱਥੇ ਮਨੁੱਖ ਦੀ ਸਰਿਆਰਤਾ ਦਾ ਆਧਾਰ ਵੀ ਇਹ ਹਉਮੈ ਹੈ। ਇਸੇ ਕਰਕੇ ਹੀ ਸ਼ਾਇਦ ਗੁਰੂਅੰਗਦ ਦੇਵ ਨੇ ਜੇਕਰ ਇਸ ਨੂੰ ਇਕ ਬ ਪਾਸੇ ਦੀਰਘ ਰੋਗ ਆਖਿਆ ਹੈ,ਤਾਂ ਦੂਜੇ ਪਾਸੇ'ਦਾਰੂ' ਹੋਣ ਦਾ ਸੰਕੇਤ ਵੀ ਕੀਤਾ ਹੈ। ਜਿਵੇਂ :-

ਹਉਮੈ ਦੀਰਘ ਰੋਗੁ ਹੈ

ਦਾਰੂਭੀ ਇਸੁ ਮਾਹਿ ॥

( ਆਦਿ ਗ੍ਰੰਥ ਪੰਨਾ 466)

ਗੁਰੂ ਨਾਨਕ ਨੇ ਹਉਮੈ ਦੀ ਦਵੈਤ ਭਾਵਨਾ ਨਸ਼ਟ ਕਰਨ ਲਈ ਹੁਕਮ ਨੂੰ ਪਛਾਣਨ ਦੀ ਮਹੱਤਤਾ ਉੱਪਰ ਬਲ ਦਿੱਤਾ ਹੈ, ਕਿਉਂਕਿ ਜੋ ਵਿਅਕਤੀ ਬ੍ਰਹਿਮੰਡੀ

---

1. Mcleod W.H. Guru Nanak and the Sikh Religion, P:232

ਵਿਧਾਨ ਦੀ ਸਰਵ ਵਿਆਪਕਤਾ ਦਾ ਬੋਧ ਕਰ ਲੈਂਦਾ ਹੈ, ਉਹ ਆਪਣੀ ਨਿਗੁਣੀ ਹਉਮੈ ਦੀ ਤੰਗ ਵਲਗਣ ਤਕ ਸੀਮਤ ਨਹੀਂ ਰਹਿ ਸਕਦਾ ਜਿਵੇਂ:-

ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥
ਨਾਨਕ ਹੁਕਮੈ ਜੇ ਬੁਝੈ ਤਾ ਹਉਮੈ ਕਹੈ ਨਾ ਕੋਇ ॥
( ਆਦਿ ਗ੍ਰੰਥ ਪੰਨਾ 2)

ਗੁਰੂ ਨਾਨਕ ਬਾਣੀ ਵਿਚ ਸੂਖਮ ਸਰੀਰ ਦਾ ਦੂਜਾ ਮਹੱਤਵ ਪੂਰਨ ਤੱਤ 'ਮਨ' ਹੈ। ਮਨ ਸ਼ਬਦ ਸੰਸਕ੍ਰਿਤ ਦੇ 'ਮਨਸ' ਤੋਂ ਬਣਿਆ ਹੈ, ਜਿਸ ਦਾ ਅਰਥ ਸਮੇਂ ਸਮੇਂ ਬਦਲਦਾ ਰਿਹਾ ਹੈ। ਰਿਗ ਵੇਦ ਵਿਚ ਇਹ ਸ਼ਬਦ ਆਤਮਾ ਦੇ ਬਹੁਤ ਨੇੜੇ ਸੀ।[1] ਪਰੰਤੂ ਉਪਨਿਸ਼ਦਾਂ ਵਿਚ ਇਸ ਦੇ ਅਰਥਾਂ ਵਿਚ ਪਰਿਵਰਤਨ ਆ ਗਿਆ ਅਤੇ ਇਹ ਚਿੱਤ ਦਾ ਸਮਾਨ ਆਰਥਕ ਬਣ ਗਿਆ, ਜੋ ਇਛਾਵਾਂ ਭਾਵਨਾਵਾਂ , ਸੰਕਲਪਾਂ ਅਤੇ ਵਿਕਲਪਾਂ ਦਾ ਕੇਂਦਰ ਹੈ।

ਮਨ ਦੇ ਸੰਬੰਧ ਵਿਚ ਜਿਹੜੀ ਸਭ ਤੋਂ ਵੱਡੀ ਸਮੱਸਿਆ ਚਰਚਾ ਦਾ ਵਿਸ਼ਾ ਰਹੀ ਹੈ, ਉਹ ਮਨ ਅਤੇ ਸਰੀਰ ਦਾ ਸੰਬੰਧ ਹੈ। ਸ਼ੁਰੂ ਤੋਂ ਲੈ ਕੇ ਹੁਣ ਤਕ ਮਨੁੱਖ ਨੂੰ ਪਰਿਭਾਸ਼ਤ ਕਰਨ ਲੱਗਿਆਂ ਸੋਚਵਾਨਾਂ, ਵਿਚਾਰਵਾਨਾਂ, ਦਾਰਸ਼ਨਿਕਾਂ ਅਤੇ ਸਾਇੰਸਦਾਨਾਂ ਦੀਆਂ ਦੋ ਸ਼੍ਰੇਣੀਆਂ ਹੋ ਜਾਂਦੀਆਂ ਰਹੀਆਂ ਹਨ। ਇਕ ਉਹ ਜਿਹੜੇ ਮਾਦੇ ਨੂੰ ਆਦਿ ਅਤੇ ਮਾਦੇ ਨੂੰ ਅੰਤ ਮੰਨਦੇ ਹਨ ਅਤੇ ਉਨ੍ਹਾਂ ਅਨੁਸਾਰ ਸ੍ਰਿਸ਼ਟੀ ਦਾ ਸਾਰਾ ਪਸਾਰਾ ਮਾਦੇ ਦੇ ਵਿਕਾਸ ਤੋਂ ਹੋਇਆ ਹੈ। ਦੂਜੇ ਉਹ ਹਨ, ਜਿਹੜੇ ਮਨ ਜਾਂ ਕਿਸੇ ਅਣਦਿਸਦੇ ਅਭੌਤਿਕ ਸਾਰ ਤੋਂ ਦੁਨੀਆਂ ਦੀ ਰਚਨਾ ਹੋਈ ਮੰਨਦੇ ਹਨ। ਸ਼ੁਰੂ ਦੇ ਦਾਰਸ਼ਨਿਕ ਮਨ ਨੂੰ ਕੋਈ ਵੱਖਰਾ ਸਾਰ ( substance ) ਨਹੀਂ ਮੰਨਦੇ ਸਨ। ਉਸ ਦਾ ਕਾਰਨ ਸ਼ਾਇਦ ਇਹ ਸੀ ਕਿ ਦਰਸ਼ਨ ਦੇ ਉੱਨਤ ਨਾ ਹੋਣ ਕਾਰਨ ਆਰੰਭਕ ਮਨੁੱਖ ਨੂੰ ਆਪਣੇ ਆਪ ਵਿਚ ਅਤੇ ਹੋਰ ਰਹਿੰਦੀ ਦੁਨੀਆਂ ਵਿਚ ਕੋਈ ਫਰਕ ਨਜ਼ਰ ਨਹੀਂ ਸੀ ਆਉਂਦਾ।

ਮਨੁੱਖ ਜੋ ਆਪਣੇ ਆਪੇ ਬਾਰੇ ਚੇਤਨ ਹੋਇਆ ਵੀ ਹੈ, ਤਾਂ ਬ੍ਰਹਿਮੰਡ ਦੇ ਵਿਕਾਸ ਦੀ ਲੰਬੀ ਲੜੀ ਦੇ ਨਾਲ ਨਾਲ ਹੋਇਆ ਹੈ।[2] ਆਰੰਭਕ ਮਨੁੱਖ ਦੇ ਸਾਹਮਣੇ ਕੇਵਲ ਦੋ ਵਸਤੂਆਂ ਹੀ ਉਸਦੇ ਵਿਚਾਰ ਦਾ ਵਿਸ਼ਾ ਸਨ।

---

1. Das Gupta S.N. (Dr.) , History of Indian Philosophy P: 25

2. Charles W.Morris, Six Theories of Mind, P: 2

ਇਕ ਤਾਂ ਉਸਦੀ ਕੁਦਰਤ ਅਤੇ ਦੂਜੀ ਇਸਦੀ ਕੁਦਰਤ ਪਿੱਛੇ -ਛੁਪੀ ਅਣਦਿਸਦੀ ਸ਼ਕਤੀ। ਹੌਲੀ ਹੌਲੀ ਜਦ ਮਨੁੱਖ ਨੂੰ ਇਹ ਦਿਸਦੀ ਸ੍ਰਿਸ਼ਟੀ ਵਿਚ ਕਿਸੇ ਤਰਤੀਬ, ਕਿਸੇ ਕਾਨੂੰਨ ਜਿਹੇ ਨਿਯਮ ਦੀ ਹੋਂਦ ਮਹਿਸੂਸ ਹੋਣੀ ਸ਼ੁਰੂ ਹੋਈ, ਤਾਂ ਉਸ ਦੇ ਮਨ ਨੂੰ ਦੁਨੀਆਂ ਜਾਂ ਬ੍ਰਹਿਮੰਡ ਨੂੰ ਨਿਯਮ ਬੱਧ ਕਰਨ ਵਾਲੇ ਨਿਯਮ ਦੇ ਰੂਪ ਵਿਚ ਦੇਖਣਾ ਸ਼ੁਰੂ ਕਰ ਦਿੱਤਾ।[1] ਇਸ ਤੋਂ ਬਾਅਦ ਜਦ ਹੌਲੀ ਹੌਲੀ ਰੱਬ ਦਾ ਸੰਕਲਪ ਮਨੁੱਖੀ ਮਨ ਨੇ ਬਣਾ ਲਿਆ, ਤਾਂ ਮਨ ਨੂੰ ਰੱਬ ਨਾਲ ਇਕ ਸੁਰ ਕਰ ਦਿੱਤਾ ਗਿਆ। ਐਸਪੀਕੋ ਕਲਸ ਨੇ ਰੱਬ ਨੂੰ ਹੀ ਮਨ ਮੰਨਿਆ ਹੈ।[2]

ਮਨ ਨੂੰ ਪਰਿਭਾਸ਼ਤ ਕਰਨ ਲਈ ਆਰੰਭਕ ਦਾਰਸ਼ਨਿਕਾਂ ਨੇ ਜਿਤਨੇ ਵੀ ਵਿਚਾਰ ਦਿੱਤੇ ਹਨ, ਉਨ੍ਹਾਂ ਸਾਰਿਆਂ ਵਿਚ ਬੌਧਿਕਤਾ ਅਤੇ ਤਰਕਸ਼ੀਲਤਾ ਨਾਲੋਂ ਭਾਵੁਕਤਾ ਵਧੇਰੇ ਪ੍ਰਧਾਨ ਹੈ। ਪੁਰਾਣੇ ਯੂਨਾਨੀ ਫਿਲਾਸਫਰ ਅਨੇਜਾਗੋਰ ਸਨੇ ਮਨ ਬਾਰੇ ਕਾਫ਼ੀ ਭਾਵੁਕ ਪ੍ਰੀਭਾਸ਼ਾ ਦਿੱਤੀ ਹੈ। ਉਸਨੇ ਇਸ ਨੂੰ ਅਨੰਤ ਤੇ ਸਵੈ ਨਿਯੰਤਰਤ ਮੰਨਿਆ ਹੈ, ਜਿਹੜੀ ਕਿ ਦੁਨੀਆਂ ਦੀ ਸਭ ਤੋਂ ਵੱਡੀ ਤਾਕਤ ਹੈ।[3]

ਅਰਸਤੂ ਨੇ ਪਹਿਲੀ ਵਾਰੀ ਮਨ ਬਾਰੇ ਬਣੇ ਸਾਰ ਦੇ ਸੰਕਲਪ ਤੋਂ ਬਗਾਵਤ ਕੀਤੀ ਸੀ। ਉਸ ਅਨੁਸਾਰ ਸ੍ਰਿਸ਼ਟੀ ਵਿਚ ਸ਼ੁਧ ਵਿਚਾਰ ਦੀ ਕੋਈ ਵਸਤੂ ਨਹੀਂ ਹਰ ਘਟਨਾ ਹਰ ਕਰਮ, ਹਰ ਵਿਚਾਰ ਇਕ ਆਕਾਰ ਵਿਚ ਬੱਝਿਆ ਹੋਇਆ ਹੈ।[4]

ਅਰਸਤੂ ਦਾ ਇਹ ਸੰਕਲਪ ਪਦਾਰਥ ਵਾਦੀਆਂ ਜਾਂ ਯਥਾਰਥ ਵਾਦੀਆਂ ਨਾਲ ਮਿਲਦਾ ਹੈ। ਉਨ੍ਹਾਂ ਨੇ ਵੀ ਮਨ ਨੂੰ ਭੌਤਿਕ ਆਕਾਰ ਵਿਚ ਘਿਰਿਆ ਦੱਸਿਆ ਹੈ।

ਭਾਰਤੀ ਦਰਸ਼ਨ ਵਿਚ ਮਨ ਇਕ ਪ੍ਰਬਲ ਪਰੰਤੂ ਸੂਖਮ ਸ਼ਕਤੀ ਦੀ ਸ਼ਕਲ ਵਿਚ ਵਿਚਾਰਿਆ ਜਾਂਦਾ ਹੈ। ਇਹ 'ਪਿੰਡ' ਦਾ ਅਭੌਤਿਕ ਅੰਸ਼ ਹੈ, ਜਿਹੜਾ ਜੀਵ ਦੇ ਸੰਕਲਪਾਂ ਵਿਕਲਪਾਂ ਦਾ ਜ਼ਿੰਮੇਵਾਰ ਹੈ। ਲਗਭਗ ਸਾਰਿਆਂ ਦਰਸ਼ਨ ਸ਼ਾਸਤਰਾਂ ਅਤੇ ਧਰਮ ਸੰਪ੍ਰਦਾਵਾਂ ਨੇ ਮਨ ਸੰਬੰਧੀ ਵਿਚਾਰ ਪੇਸ਼ ਕੀਤੇ ਹਨ। ਉਪਨਿਸ਼ਦਾਂ ਵਿਚ ਵੀ ਮਨ ਦੀ ਚਰਚਾ ਹੈ। ਮਨ ਸਾਰੀਆਂ ਇੰਦਰੀਆਂ ਦਾ ਆਗੂ ਹੈ, ਮਨ ਦਾ ਸਹਿਯੋਗ ਨਾ ਹੋਵੇ, ਤਾਂ ਨਾਂ

---

1. Chales W. Morris, <u>Six Theories of Mind</u>, P, 22
2. <u>The Socratic Doctorine of Soul</u>, P, 46
3. Ibid, P, 51-52

ਕੰਨ ਸੁਣਦੇ ਹਨ ਅਤੇ ਅੱਖਾਂ ਵੇਖਦੀਆਂ ਹਨ। ਸ਼ ਮਨੁੱਖ ਮਨ ਨਾਲ ਹੀ ਵੇਖਦਾ ਹੈ। ਮਨ ਨਾਲ ਹੀ ਸੁਣਦਾ ਹੈ, ਮਨ ਨਾਲ ਸਪਰਸ਼ ਕਰਦਾ ਹੈ।[1] ਗੀਤਾ ਵਿਚ ਕਿਹਾ ਗਿਆ ਹੈ ਕਿ ਜਿਵੇਂ ਹਵਾ ਸੁਗੰਧੀ ਨੂੰ ਉਸ ਦੀ ਥਾਂ ਤੋਂ ਆਪਣੇ ਨਾਲ ਹੀ ਲੈ ਜਾਂਦੀ ਹੈ, ਇਸੇ ਤਰ੍ਹਾਂ ਆਤਮਾ ਮਨ ਅਤੇ ਇੰਦਰੀਆਂ ਨੂੰ ਪਹਿਲੇ ਸਰੀਰ ਵਿਚੋਂ ਕੱਢ ਕੇ ਅਗਲੇ ਸਰੀਰ ਵਿਚ ਆਪਣੇ ਨਾਲ ਲੈ ਜਾਂਦੀ ਹੈ।[2]

ਨਿਆਇ ਦਰਸ਼ਨ ਵਿਚ 'ਮਨ' ਨੂੰ ਇਕ ਜਾਣਨ ਯੋਗ ਪਦਾਰਥ ਦਸਿਆ ਗਿਆ ਹੈ। ਵੈਸ਼ੇਸ਼ਿਕ ਦਰਸ਼ਨ ਵਿਚ ਇਹ (ਮਨ) ਨੌਵੀਂ ਨਿੱਤ -ਸੱਤਾ ਅਰਥਾਤ ਦ੍ਰਵ (ਦ੍ਰਵਯ) ਹੈ। ਸਾਂਖ ਦਰਸ਼ਨ ਵਿਚ ਵਿਸ਼ਵ ਵਿਆਪੀ ਮਨ ਹੈ। ਯੋਗ ਦਰਸ਼ਨ ਵਿਚ ਵਿਅਕਤੀਗਤ ਮਨ, ਹੈ, ਜੋ ਵਿਚਾਰ ਤੇ ਵਿਵੇਕ ਦਾ ਕੇਂਦਰ ਹੈ।[3]

ਮਨ ਮਨੋਵਿਗਿਆਨ ਦਾ ਵੀ ਬੜਾ ਮਹੱਤਵਪੂਰਣ ਵਿਸ਼ਾ ਹੈ। ਮਨੋਵਿਗਿਆਨੀ ਮਨੁੱਖੀ ਸਰੀਰ ਦੀਆਂ ਸਾਰੀਆਂ ਬਿਮਾਰੀਆਂ ਦਾ ਵੱਡਾ ਕਾਰਨ ਮਨ ਨੂੰ ਦਸਦੇ ਹਨ। ਸਰੀਰ ਦੇ ਇਲਾਜ ਲਈ ਮਨ ਦੇ ਇਲਾਜ ਨੂੰ ਪਹਿਲ ਦਿੱਤੀ ਹੈ। ਮਨ ਦੀ ਮਜ਼ਬੂਰੀ ਨਾਲ ਹੀ ਸਰੀਰ ਮਜ਼ਬੂਤ ਹੈ। ਧਰਤੀ ਤੇ ਮਹਾਨ ਮਨੁੱਖ ਹੈ ਅਤੇ ਮਨੁੱਖ ਵਿਚ ਸਭ ਤੋਂ ਮਹਾਨ ਮਨ ਹੈ।[4]

ਅਸਲ ਵਿਚ ਗੁਰੂ ਨਾਨਕ ਦੇਵ ਨੇ ਮਨ ਸ਼ਬਦ ਆਪਣੀ ਬਾਣੀ ਵਿਚ ਕਈ ਅਰਥਾਂ ਵਿਚ ਵਰਤਿਆ ਹੈ। ਉਨ੍ਹਾਂ ਦੁਆਰਾ ਵਰਤੇ ਗਏ ਮਨ ਸ਼ਬਦਾਂ ਦਾ ਠੀਕ ਤਰਜ਼ਮਾ ਹੋਣਾ ਮੁਸ਼ਕਿਲ ਹੈ, ਕਿਉਂਕਿ ਇਹ ਬਹੁ ਅਰਥਾਂ ਨੂੰ ਸੁਝਾਉਂਦਾ ਹੈ। ਉਂਜ ਤਾਂ ਨਾਨਕ ਬਾਣੀ ਵਿਚ ਇਹ ਸ਼ਬਦ ਬਹੁਤਾ 'ਅੰਤਹ ਕਰਣ' ਨੂੰ ਹੀ ਸੁਝਾਉਂਦਾ ਹੈ ਅਤੇ ਵੱਖੋ ਵੱਖ ਥਾਵਾਂ ਉਤੇ ਵੱਖੋ ਵੱਖ ਸੰਬੋਧਨਾ ਨਾਲ ਪ੍ਰਯੋਗ ਵਿਚ ਲਿਆਂਦਾ ਗਿਆ ਹੈ। ਇਹ ਅੰਤਰ ਕਰਣ ਵੇਦਾਂਤੀਆਂ ਵਾਲਾ ਅੰਤਹ ਕਰਣ ਨਹੀਂ। ਵੇਦਾਂਤ ਵਿਚ ਅੰਤਹਕਰਣ ਦੇ ਪੱਖਾਂ ਨੂੰ ਨਹੀਂ ਲਿਆ ਗਿਆ, ਜਿਨ੍ਹਾਂ ਗੁਰੂ ਨਾਨਕ ਨੇ ਉਹਨਾਂ ਪੱਖਾਂ ਨੂੰ ਵੀ ਅਪਣਾਇਆ ਹੈ। ਵੇਦਾਂਤ ਨਾਲੋਂ ਵਧੇਰੇ ਗੁਰੂ ਨਾਨਕ ਸਾਹਿਬ ਦਾ ਮਨ ਦਾ ਸੰਕਲਪ ਯੋਗ ਸਿੱਧਾਂਤ ਨਾਲ ਮਿਲਦਾ ਜੁਲਦਾ ਹੈ। ਸਗੋਂ ਕਈ ਵਾਰੀ ਯੋਗ ਸਿੱਧਾਂਤ ਨਾਲ ਵੀ ਤੁਲਨਾ ਕਰਨੀ ਠੀਕ

---

1. ਬ੍ਰਿਹਦਾਰਣਯਕ ਉਪਨਿਸ਼ਦ 1-5-3
2. ਗੀਤਾ, 15/2
3. Theos Barnard, Hindu Philosophy, [redacted] P,450
4. James Seth, Study of Ethical print principal, P.440

ਨਹੀਂ ਜਾਪਦੀ, ਕਿਉਂਕਿ ਸਿੱਖ ਧਰਮ ਦੀ ਫਿਲਾਸਫ਼ੀ ਯੋਗ ਧਰਮ ਨਾਲੋਂ ਵਧੇਰੇ ਵਿਕਸਿਤ ਹੈ। ਪਰੰਤੂ ਸੰਤ ਪ੍ਰਥਾ ਦੀਆਂ ਜੜ੍ਹਾਂ ਕਿਉਂਕਿ ਨਾਥ ਪ੍ਰਥਾ ਵਿਚ ਹਨ।[1] ਇਸ ਲਈ ਇਹਨਾਂ ਦੋਹਾਂ ਵਿਚ ਮਿਲਦੇ ਸਾਂਝੇ ਤੱਤ ਇਹਨਾਂ ਨੂੰ ਇਕ ਦੂਜੇ ਨਾਲੋਂ ਨਿਖੇੜਨ ਨਹੀਂ ਦਿੰਦੇ।

ਮਨ ਸ਼ਬਦ ਗੁਰੂ ਸਾਹਿਬ ਨੇ ਕਿਨ੍ਹਾਂ ਕਿਨ੍ਹਾਂ ਅਰਥਾਂ ਵਿਚ ਵਰਤਿਆ ਹੈ, ਇਹ ਦੇਖਣ ਲਈ ਗੁਰੂ ਜੀ ਦੀ ਅਸਲ ਬਾਣੀ ਲੈਂਦੇ ਹਾਂ। ਗੁਰੂ ਨਾਨਕ ਜੀ ਨੇ ਮਨ ਦੀ ਉਤਪੱਤੀ ਪੰਜ ਤੱਤਾਂ ਆਕਾਸ਼, ਪਵਣ, ਅਗਨੀ, ਜਲ ਅਤੇ ਪ੍ਰਿਥਵੀ ਤੋਂ ਮੰਨੀ ਹੈ।[2]

ਇਹ ਮਨ ਪੰਚ ਤੱਤ ਤੇ ਜਨਮਾ ॥

( ਆਦਿ ਗ੍ਰੰਥ, ਪੰਨਾ 415)

ਗੁਰੂ ਨਾਨਕ ਦੇਵ ਲਿਖਦੇ ਹਨ ਕਿ ਮਨ ਮੋਹ ਮਾਇਆ ਵਿਚ ਭਟਕਦਾ ਫਿਰਦਾ ਹੈ। ਮਨ ਹਾਥੀ ਸਾਕਤ( ਸ਼ਕਤੀ ਨੂੰ ਪੂਜਣ ਵਾਲਾ) ਅਤੇ ਪਾਗਲ ਹੈ। ਮਾਇਆ ਮੋਹ ਦੇ ਜੰਗ ਵਿਚ ਫਾਥਾ ਹੋਇਆ ਭਟਕਦਾ ਫਿਰਦਾ ਹੈ।

ਮਨ ਮੈਗਲੁ ਸਾਕਤ ਦੇਵਾਨਾ ॥
ਬਨ ਖੰਡ ਮਾਇਆ ਮੋਹਿ ਹੈਰਾਨਾ ॥

( ਆਦਿ ਗ੍ਰੰਥ, ਪੰਨਾ 415)

ਜੁਪਜੀ ਵਿਚ ਮਨ ਨੂੰ ਸੰਸਾਰ ਦੀ ਸਭ ਤੋਂ ਵੱਡੀ ਸ਼ਕਤੀ ਦਸਿਆ ਗਿਆ ਹੈ। ਜੋ ਇਸ ਨੂੰ ਜਿੱਤ ਸਕਦਾ ਹੈ, ਉਹ ਸਾਰੇ ਸੰਸਾਰ ਦਾ ਜੇਤੂ ਬਣ ਸਕਦਾ ਹੈ। ਗੁਰੂ ਜੀ ਫੁਰਮਾਉਂਦੇ ਹਨ। ਜਿਵੇਂ:-

ਮਨ ਜੀਤੈ ਜਗੁ ਜੀਤ ॥

( ਆਦਿ ਗ੍ਰੰਥ, ਪੰਨਾ 2)

ਗੁਰੂ ਜੀ ਨੇ ਵੀ ਇਸ ਮਨ ਨੂੰ ਮਾਰਨ ਉੱਪਰ ਜ਼ੋਰ ਦਿੱਤਾ ਹੈ। ਖੋਟੀਆਂ ਅਤੇ ਚੰਚਲ ਬਿਰਤੀਆਂ ਤੋਂ ਰੋਕਣ ਲਈ ਕਿਹਾ ਹੈ। ਹੰਕਾਰ ਨੂੰ ਤਿਆਗਣਾ ਵੀ ਮਨ ਮਾਰਨਾ ਕਿਹਾ ਹੈ। ਇਸ ਲਈ ਖੁਦੀ ( ਹਉਮੈ) ਦੂਰ ਕਰਨ ਨੂੰ ' ਮਨ ਮਾਰਨਾ' ਮਨ ਨੂੰ ਵਸ ਕਰਨਾ ਆਦਿ ਸ਼ਬਦਾਂ ਦੁਆਰਾ ਬਿਆਨ ਕੀਤਾ ਹੈ।[3]

---

1. Maloed W.H Guru Nanak and Sikh Religion, P, 220
2. ਮਿਸ਼ਰ, ਜਯ ਰਾਮ (ਡਾ:) ਸ੍ਰੀ ਗੁਰੂ ਗ੍ਰੰਥ ਦਰਸ਼ਨ, ਪੰਨਾ 230
3. ਜੋਧ ਸਿੰਘ (ਭਾਈ) ਗੁਰਮਤ ਨਿਰਣਯ, ਪੰਨਾ 86)

ਮਨ ਦੀ ਚੰਚਲਤਾ ਦਾ ਕਈ ਤਰ੍ਹਾਂ ਵਰਣਨ ਕੀਤਾ ਗਿਆ ਹੈ। ਗੀਤਾ ਵਿਚ ਵੀ ਮਨ ਦੀਆਂ ਚਾਰ ਪ੍ਰਵਿਰਤੀਆਂ ਦਾ ਉਲੇਖ ਕੀਤਾ ਗਿਆ ਹੈ। ਮਨ ਚੰਚਲ ਹੈ, ਪਰਮਾਰਥੀ ਹੈ, ਬਲਵਾਨ ਅਤੇ ਦ੍ਰਿੜ ਹੈ। ਇਨ੍ਹਾਂ ਵਿਚ ਚੰਚਲਤਾ ਸਭ ਤੋਂ ਪ੍ਰਮੁੱਖ ਹੈ। ਗੁਰੂ ਨਾਨਕ ਨੇ ਸਪਸ਼ਟ ਸ਼ਬਦਾਂ ਵਿਚ ਮਨ ਨੂੰ ਚੰਚਲ ਕਿਹਾ ਹੈ:-

ਮਨ ਚੰਚਲ ਬਿਧਿ ਨਾਹੀਂ ਜਾਣੈ ॥

( ਆਦਿ ਗ੍ਰੰਥ, ਪੰਨਾ 415)

ਇਸ ਸਰੀਰ ਰੂਪੀ ਜੰਗਲ ਵਿਚ ਫਿਰ ਰਹੇ ਹਾਥੀ ਲਈ ਗੁਰੂ ਦਾ ਅੰਕਸ ਟਿਕਾਣੇ ਰਖਦਾ ਹੈ:-

ਮਨ ਕੁੰਚਰੁ ਕਾਇਆ ਉਦਿਆਨੈ ॥<br>
ਗੁਰੁ ਅੰਕਸੁ ਸਚੁ ਸਬਦੁ ਨੀਸਾਨੈ ॥

( ਆਦਿ ਗ੍ਰੰਥ, ਪੰਨਾ 221 )

ਮਨ ਨੂੰ ਮਾਰਨ ਦਾ ਵਿਚਾਰ ਜੋ ਗੁਰਬਾਣੀ ਵਿਚ ਹੈ, ਉਸ ਤੋਂ ਭਾਵ ਮਨ ਦੀਆਂ ਵਾਸ਼ਨਾਵਾਂ ਨੂੰ ਮਾਰਨਾ ਜਾਂ ਉਸ ਉੱਤੇ ਕਾਬੂ ਪਾਉਣਾ ਹੈ।

ਮਨ ਦੀ ਅਗਵਾਈ ਕਬੂਲ ਕਰਨ ਵਾਲਾ ਵਿਅਕਤੀ ਭਟਕਣ ਤੋਂ ਸਿਵਾਏ ਹੋਰ ਕੀ ਪ੍ਰਾਪਤ ਕਰਨ ਦੀ ਆਸ ਰਖ ਸਕਦਾ ਹੈ। ਇਹ ਕਦੇ ਵੀ ਜੀਵਨ ਦੇ ਪਰਮਾਰਥ ( ਮੋਖ) ਦੀ ਪ੍ਰਾਪਤੀ ਨਹੀਂ ਕਰ ਸਕਦੇ ਅਤੇ ਸਦਾ ਜਨਮ ਮਰਣ ਦੇ ਚੱਕਰ ਵਿਚ ਪਏ ਰਹਿੰਦੇ ਹਨ।

ਪਰੰਤੂ ਮਨ ਨੂੰ ਉਹਨਾਂ ਨੇ ਮਨੁੱਖ ਦਾ ਨਿਪਟ ਵੈਰੀ ਨਹੀਂ ਸਮਝਿਆ, ਸਗੋਂ ਇਹ ਅਥਾਹ ਸ਼ਕਤੀ ਸਰੋਤ ਅਤੇ ਕੀਮਤੀ ਵਸਤੂ ਵੀ ਸਵੀਕਾਰ ਕੀਤਾ ਹੈ। ਇਸ ਦੀ ਤੁਲਨਾ ਕੀਮਤੀ ਹੀਰਿਆਂ ਨਾਲ ਕੀਤੀ ਹੈ:-

ਮਨ ਮਾਣਕੁ ਨਿਰਮੋਲ ਹੈ<br>
ਰਾਮ ਨਾਮ ਪਤਿ ਜਾਇ ॥

( ਆਦਿ ਗ੍ਰੰਥ, ਪੰਨਾ 122)

## ਬੁੱਧੀ

ਸੂਖਮ ਸਰੀਰ ਦੇ ਦੂਸਰੇ ਤੱਤਾਂ ਵਿਚ ਇਕ ਤੱਤ ਬੁੱਧੀ ਹੈ। ਬੁੱਧੀ ਅੰਤਹ ਕਰਣ ਦਾ ਦੂਜਾ ਵਿਸ਼ੇਸ਼ ਭਾਗ ਹੈ। ਬੁੱਧੀ ਅੰਤਹਕਰਣ ਦਾ ਉਹ ਭੇਦ ਹੈ, ਜਿਸ ਤੋਂ ਵਿਚਾਰ ਅਤੇ ਨਿਸਚਾ ਹੁੰਦਾ ਹੈ।[1] ਬੁੱਧੀ ਦੇ ਦੋ ਅਰਥ ਹਨ। ਪ੍ਰਗਿਆ ਅਤੇ ਬੋਧਿ। ਪਹਿਲੇ ਅਰਥ ਵਿਚ ਅੰਤਹਕਰਣ ਦਾ ਉਹ ਭੇਦ ਹੈ, ਜਿਸ ਦੁਆਰਾ ਜੀਵ ਪਦਾਰਥਾਂ ਦਾ ਨਿਸਚਾ ਕਰਕੇ ਕੰਮਾਂ ਕਾਜਾਂ ਵਿਚ ਲਗਦਾ ਹੈ। ਦੂਜੇ ਅਰਥਾਂ ਵਿਚ ਬੁੱਧੀ ਜੀਵ ਦੇ ਅੰਤਹਕਰਣ ਦੀ ਉਹ ਸ਼ਕਤੀ ਹੈ, ਜਿਸ ਦੁਆਰਾ ਉਹ ਸੂਖਮ ਅਰਥਾਂ ਨੂੰ ਸਮਝਣ ਵਿਚ ਸਮਰੱਥ ਹੁੰਦਾ ਹੈ।[2]

ਇੰਦਰੀਆਂ ਅਤੇ ਮਨ ਤੋਂ ਉਚੇਰੀ ਬੁੱਧੀ ਹੈ। ਇਸ ਨੂੰ ਸਰੀਰ ਰੂਪੀ ਰਥ ਦਾ ਮਾਲਕ ਵੀ ਕਿਹਾ ਹੈ। ਇਹ ਮਨੁੱਖ ਨੂੰ ਪਸ਼ੂ ਤੋਂ ਵਖਰਿਆਉਂਦੀ ਹੈ ਅਤੇ ਸੱਚ ਝੂਠ ਦਾ, ਚੰਗੇ ਮੰਦੇ ਦਾ ਨਿਤਾਰਾ ਕਰਦੀ ਹੈ। ਇੰਦਰੀਆਂ ਮਨ ਰਾਹੀਂ ਜੋ ਪ੍ਰਾਪਤ ਹੁੰਦਾ ਹੈ, ਉਸ ਨੂੰ ਵਿਸ਼ੇਸ਼ ਆਸ਼ੇ ਲਈ ਵਰਤਦੀਆਂ ਹਨ।

ਬੁੱਧੀ ਸੱਤ ਅਤੇ ਅਸੱਤ ਦਾ ਵਿਚਾਰ ਕਰਨ ਵਾਲੀ ਸ਼ਕਤੀ ਦਾ ਨਾਮ ਹੈ।[3] ਉਚੇਰੀ ਸੱਤ ਦੀ ਖੋਜ ਕਰਦੀ ਹੈ, ਬ੍ਰਹਮ -ਗਿਆਨ ਦੀ ਪ੍ਰਾਪਤੀ ਲਈ ਸਹਾਈ ਹੁੰਦੀ ਹੈ। ਇਹ ਕੇਂਦਰੀ ਸੂਚਨਾ ਅਸਥਾਨ ਹੈ। ਇੰਦਰੀਆਂ ਏਥੇ ਇਤਲਾਹ ਦਿੰਦੀਆਂ ਹਨ।

ਭਾਰਤੀ ਦਰਸ਼ਨ ਸਾਹਿਤ ਵਿਚ ਬੁੱਧੀ ਬਾਰੇ ਕੁਝ ਕੁ ਵਿਚਾਰ ਅਵਸ਼ ਹੋਇਆ ਹੈ।

ਆਤਮਾ ਸਭ ਵਿਚ ਛੁਪੀ ਹੋਈ ਹੈ, ਪਰੰਤੂ ਨਜ਼ਰ ਕੇਵਲ ਰਿਸ਼ੀਆਂ ਨੂੰ ਸੂਖਮ ਬੁੱਧੀ ਰਾਹੀਂ ਹੀ ਆਉਂਦੀ ਹੈ।[4] ਗੀਤਾ ਵਿਚ ਬੁੱਧੀ ਦੀ ਖਾਸ ਮਹਾਨਤਾ ਦੱਸੀ ਗਈ ਹੈ ਅਤੇ ਇਸ ਨੂੰ ਬੁੱਧੀ-ਯੋਗ ਕਿਹਾ ਗਿਆ ਹੈ। ਗੀਤਾ ਵਿਚ ਬੁੱਧੀ ਦੀਆਂ ਤਿੰਨ ਕਿਸਮਾਂ ਦੱਸੀਆਂ ਗਈਆਂ ਹਨ। ਸਾਤਵਿਕ, ਰਾਜਸਕ ਅਤੇ ਤਾਮਸਕ।[5] ਬੁੱਧੀ ਦੀ ਸਹਾਇਤਾ ਬਿਨਾਂ ਮਨੋਬਿਰਤੀਆਂ ਅੰਨ੍ਹੀਆਂ ਹਨ। ਮਨੁੱਖ ਦਾ ਕੋਈ ਕੰਮ ਸ਼ੁੱਧ ਤਾਂ ਹੀ ਹੋ ਸਕਦਾ ਹੈ, ਜਦ ਕਿ

---

1. ਕਾਨ੍ਹ ਸਿੰਘ (ਭਾ.) ਮਹਾਨ ਕੋਸ਼, ਪੰਨਾ 90
2. ਉਦਯ ਭਾਨ ਸਿੰਘ (ਡਾ.) ਤੁਲਸੀ ਦਰਸ਼ਨ ਮੀਮਾਂਸਾ ( ਹਿੰਦੀ ) ਪੰਨਾ 355
3. ਜੋਧ ਸਿੰਘ (ਭਾਈ) ਜਪੁਜੀ ਸਟੀਕ, ਪੰਨਾ 66
4. ਕਠ -ਉਪਨਿਸ਼ਦ 3. 12
5. ਗੀਤਾ ਸ਼ਲੋਕ, 13, 30, 32

ਬੁੱਧੀ ਸ਼ੁਧ ਹੈ।[1] ਸਾਂਖ ਮੱਤ ਅਨੁਸਾਰ ਪੁਰਸ਼ ਅਤੇ ਪ੍ਰਕਿਰਤੀ ਦੇ ਮੇਲ ਤੋਂ ਬੁੱਧੀ ਦਾ ਜਨਮ ਹੋਇਆ ਹੈ। ਇਸਨੂੰ 'ਮਹਤ' ਕਿਹਾ ਗਿਆ ਹੈ। ਸਾਂਖ ਦਰਸ਼ਨ ਵਿਚ ਮਨ, ਅਹੰਕਾਰ ਅਤੇ ਬੁੱਧੀ ਤਿੰਨ ਅੰਦਰੂਨੀ ਗਿਆਨ ਦੇ ਸਾਧਨ ਹਨ। ਸਾਂਖਯ ਦੇ ਮਹੱਤਵ ਤੱਤ ਨੂੰ ਅੰਤਰੀਵ ਦ੍ਰਿਸ਼ਟੀ ਤੋਂ ਬੁੱਧੀ ਕਿਹਾ ਜਾਂਦਾ ਹੈ।[2]

ਪਰੰਤੂ ਜੇ ਮਨ ਦੀ ਪੱਛਮੀ / ਪਰਿਭਾਸ਼ਾ ਨੂੰ ਸਾਹਮਣੇ ਰਖਿਆ ਜਾਏ, ਤਾਂ ਬੁੱਧੀ ਮਨ ਦੀ ਸੋਚਣ ਸ਼ਕਤੀ ਹੈ। ਮਨੁੱਖੀ ਦਿਮਾਗ ਵਿਚ ਸਥਿੱਤ ਹੋ ਕੇ ਇਹ ਸਹੀ ਗਿਆਨ ਅਖਵਾਂਦੀ ਹੈ। ਮਨੁੱਖ ਦਾ ਕ੍ਰਿਆਸ਼ੀਲ ਜਗਤ ਤਾਂ ਮਨ ਅਤੇ ਬੁੱਧੀ ਦੀ ਹੀ ਖੇਡ ਹੈ। ਵਿਗਿਆਨਕ ਦ੍ਰਿਸ਼ਟੀਕੋਣ ਤੋਂ ਬੁੱਧੀ ਉਸਨੂੰ ਕਹਿੰਦੇ ਹਨ, ਜਿਹੜੀ ਪ੍ਰੀਖਿਆ ਦੁਆਰਾ ਮਾਪੀ ਜਾਵੇ। ਅਸਲ ਵਿਚ ਬੁੱਧੀ ਸਿੱਖਣ ਦੀ ਯੋਗਤਾ ਹੈ।[3] ਕੁਝ ਪ੍ਰਸਿੱਧ ਮਨੋਵਿਗਿਆਨੀਆਂ ਨੇ ਇਸ ਨੂੰ ਜੀਵਨ ਦੀ ਨਵੀਨ ਸਮੱਸਿਆਵਾਂ ਦੇ ਸਮਾਯੋਜਨ ਦੀ ਯੋਗਤਾ ਕਿਹਾ ਹੈ।[4] ਇਸ ਲਈ ਬੁੱਧੀ ਉਹ ਯੋਗਤਾ ਹੈ, ਜਿਸ ਦੇ ਦੁਆਰਾ ਮਨੁੱਖ ਤੇਜ਼ੀ ਦੇ ਨਾਲ ਸਿਖਦਾ ਹੈ, ਨਵੀਨ ਪ੍ਰਸਥਿਤੀਆਂ ਤੋਂ ਜਲਦੀ ਹੀ ਸਮਾਯੋਜਨ ਸਥਾਪਤ ਕਰ ਲੈਂਦਾ ਹੈ ਅਰਥਾਤ ਕੁਸ਼ਲਤਾ ਪੂਰਵਕ ਚਿੰਤਨ ਕਰ ਸਕਦਾ ਹੈ।

ਇਹ ਇਕ ਸਾਧਾਰਨ ਜਾਂ ਮੁਢਲੀ ਮਾਨਸਿਕ ਕ੍ਰਿਆ ਨਹੀਂ ਹੈ, ਸਗੋਂ ਬਹੁਤ ਸਾਰੀਆਂ ਯੋਗਤਾਵਾਂ ਦਾ ਜੋੜ ਹੈ।

ਗੁਰੂ ਨਾਨਕ ਬੁੱਧੀ ਦੇ ਸਹੀ ਸਰੂਪ, ਉਸ ਦੀ ਮਹਾਨਤਾ ਅਤੇ ਉਸਦਾ ਮਨੋਰਥ ਦਾ ਵਰਣਨ ਕਰਦੇ ਹੋਏ ਫ਼ੁਰਮਾਉਂਦੇ ਹਨ ਕਿ ਬੁੱਧੀ ਉਹ ਨਹੀਂ ਜਿਸਨੂੰ ਵਾਦ ਵਿਵਾਦ ਵਿਚ ਗਵਾਇਆ ਜਾਵੇ, ਸਗੋਂ ਬੁੱਧੀ ਦੁਆਰਾ ਅਸੀਂ ਪਰਮਾਤਮਾ ਨੂੰ ਸਿਮਰਦੇ ਹਾਂ ਅਤੇ ਇਸ ਦੁਆਰਾ ਹੀ ਅਸੀਂ ਇੱਜ਼ਤ ਪ੍ਰਾਪਤ ਕਰਦੇ ਹਾਂ। ਬੁੱਧੀ ਨਾਲ ਪੜ੍ਹ ਕੇ ਸੂਝ ਬੂਝ ਪ੍ਰਾਪਤ ਕਰਦੇ ਹਾਂ। ਇਸ ਨਾਲ ਹੀ ਦਾਨ ਪੁੰਨ ਦੇ ਕੰਮ ਕਰਦੇ ਹਾਂ। ਇਹੋ ਅਸਲੀ ਰਾਹ ਹੈ ਅਤੇ ਬਾਕੀ ਸਭ ਸ਼ੈਤਾਨੀ ਗੱਲਾਂ ਹਨ।

---

1. ਲੋਕ ਮਾਨਯ ਬਾਲ ਗੰਗਾਧਰ ਤਿਲਕ ਸ੍ਰੀ ਮਧ ਭਗਵਤ ਗੀਤਾ ਰਹੱਸਯ(ਹਿੰਦੀ) ਅਨੁ: ਮਾਧਵ ਰਾਵ, ਪੰਨਾ 136
2. ਬਲਦੇਵ ਉਪਾਧਿਆਇ (ਡਾ.) ਭਾਰਤੀਯ ਦਰਸ਼ਨ( ਹਿੰਦੀ), ਪੰਨਾ 210
3. Sinha S.C. Bose S.K. (Dr.) Elements of Psychology, P, 235
4. Stern W. (Dr.) The Psychology Methods of test Intelligence, P, 115

ਅਕਲਿ ਏਹ ਨ ਆਖੀਐ ਅਕਲ ਗਵਾਈਐ ਬਾਦਿ ॥
ਅਕਲੀ ਸਾਹਿਬ ਸੇਵੀਐ ਅਕਲੀ ਪਾਈਐ ਮਾਨ ॥

( ਆਦਿ ਗ੍ਰੰਥ, ਪੰਨਾ 1245 )

ਜਪੁਜੀ ਵਿਚ ਆਖਿਆ ਹੈ ਮਨੁੱਖ ਅੰਦਰ ਉਚੇਰੀ ਬੁੱਧੀ ਉਦੋਂ ਪ੍ਰਗਟ ਹੁੰਦੀ ਹੈ, ਜਦੋਂ ਕਿ ਉਹ ਸ੍ਰਵਣ ਕਰਕੇ ਮੰਨਣ ਕਰਦਾ ਹੈ:-

ਮੰਨੈ ਸੁਰਤਿ ਹੋਵੈ ਮਨਿ ਬੁਧਿ ॥

( ਆਦਿ ਗ੍ਰੰਥ, ਪੰਨਾ 3)

ਇਹ ਬੁੱਧੀ ਉਚੇਰੀ ਅਵਸਥਾ ਅਰਥਾਤ ਸਰਮ ਖੰਡ ਦੀ ਘਾੜਤ ਦਿਸਦੀ ਹੈ:-

ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ ॥

( ਆਦਿ ਗ੍ਰੰਥ, ਪੰਨਾ 3)

ਬੁੱਧੀ ਦੀ ਸਰਬ -ਪੱਖੀ ਮਹਾਨਤਾ ਗੁਰੂ ਨਾਨਕ ਨੇ ਦਸੀ ਹੈ। ਬੁੱਧੀ ਬਿਨਾਂ ਕੀਤਾ ਕੋਈ ਵੀ ਕਰਮ ਹਾਨੀਕਾਰਕ ਅਤੇ ਕੁਰਾਹੇ ਪਾਉਣ ਵਾਲਾ ਹੋ ਸਕਦਾ ਹੈ:-

ਅਕਲੀ ਸਾਹਿਬ ਸੇਵੀਐ ਅਕਲੀ ਪਾਈਐ ਮਾਨੁ ॥
ਅਕਲੀ ਪੜ੍ਹਕੇ ਬੁਝੀਐ ਅਕਲੀ ਕੀਚੈ ਦਾਨ ॥
ਨਾਨਕ ਆਖੈ ਰਾਹੁ ਏਹੁ ਹੋਰਿ ਗਲਾਂ ਸੈਤਾਨ ॥

( ਆਦਿ ਗ੍ਰੰਥ, ਪੰਨਾ 1245)

ਜਦੋਂ ਤਕ ਬੁੱਧੀ ਮਨ ਦੇ ਅਧੀਨ ਹੁੰਦੀ ਹੈ, ਉਦੋਂ ਤਕ ਮਨੁੱਖ ਆਤਮਿਕ ਵਿਕਾਸ ਨਹੀਂ ਕਰ ਸਕਦਾ। ਚੰਚਲ ਮਤ ਤਿਆਗਣ ਨਾਲ ਹੀ ਵਿਸ਼ੇ ਵਿਕਾਰਾਂ ਉੱਤੇ ਜਿੱਤ ਪ੍ਰਾਪਤ ਕੀਤੀ ਜਾ ਸਕਦੀ ਹੈ। ਮਨਮੁੱਖ ਦੀ ਮੱਤ ਕੂੜ ਵਿਚ ਵਿਆਪੀ ਰਹਿੰਦੀ ਹੈ ਅਤੇ ਨਿਤਪ੍ਰਤੀ ਪਾਪਾਂ ਵਿਚ ਵਾਧਾ ਹੁੰਦਾ ਰਹਿੰਦਾ ਹੈ। ਕਬੁੱਧ ਵਾਲੇ ਦਾ ਕੋਈ ਠਿਕਾਣਾ ਨਹੀਂ। ਇਹ ਕਬੁੱਧ ਗੁਰੂ ਸ਼ਬਦ ਦੀ ਵਿਚਾਰ ਨਾਲ ਮਿਟ ਜਾਂਦੀ ਹੈ:-

ਕਬੁਧਿ ਮਿਟੈ ਗੁਰ ਸਬਦੁ ਬੀਚਾਰਿ ॥

( ਆਦਿ ਗ੍ਰੰਥ, ਪੰਨਾ 944)

ਜਿਹੜੇ ਲੋਕ ਬੁੱਧੀ ਅਥਵਾ ਅਕਲ ਤੋਂ ਖਾਲੀ ਹਨ ਹਨ, ਉਹ ਅੰਨ੍ਹੇ ਹਨ ਅਤੇ ਉਨ੍ਹਾਂ ਦਾ ਗਿਆਨ ਵੀ ਅੰਨ੍ਹਾ ਹੈ:-

ਅੰਧੇ ਅਕਲੀ ਬਾਹਰੇ ਮੂਰਖ ਅੰਧ ਗਿਆਨ ॥

( ਆਦਿ ਗ੍ਰੰਥ, ਪੰਨਾ 789)

ਉਨ੍ਹਾਂ ਨੂੰ ਤਾਂ ਸਿੱਖਿਆ ਦੇਣੀ ਫਜ਼ੂਲ ਹੈ। ਪ੍ਰਭੂ ਨੇ ਅਕਲ ਉੱਤੇ ਉੱਠਣ ਲਈ ਹੀ ਦਿੱਤੀ ਹੈ। ਸ਼ੁਧ ਅਤੇ ਗਿਆਨ ਭਰਪੂਰ ਬੁੱਧੀ ਨੂੰ ਬਿਬੇਕ ਕਿਹਾ ਗਿਆ ਹੈ। ਗੁਰਬਾਣੀ ਵਿਚ ਇਸ ਨਿਰਮਲ ਬੁੱਧੀ ਦਾ ਰਸ ਪੀਣ ਦਾ ਉਪਦੇਸ਼ ਦਿੱਤਾ ਗਿਆ ਹੈ। ਪੂਰੀ ਮੱਤ ਵਾਲੇ ਮਹਾਂਪੁਰਸ਼ ਹੀ ਕਰਣੀ ਵਾਲੇ ਹੁੰਦੇ ਹਨ:-

ਜਹ ਕਰਣੀ ਤਹ ਪੂਰੀ ਮਤਿ ਕਰਣੀ ਬਾਝਹੁ ਘਟੇ ਘਟਿ ॥

( ਆਦਿ ਗ੍ਰੰਥ, ਪੰਨਾ 25)

ਅਜਿਹੀ ਮੱਤ ਤੋਂ ਬਿਨਾਂ ਸਭ ਚਤੁਰਾਈਆਂ ਵਿਅਰਥ ਹਨ। ਚਤੁਰਾਈ ਦੁਆਰਾ ਸਫਲਤਾ ਨਹੀਂ ਮਿਲਦੀ :-

ਚਤੁਰਾਈ ਨਹ ਚੀਨਿਆ ਜਾਇ ॥

( ਆਦਿ ਗ੍ਰੰਥ, ਪੰਨਾ 222)

ਸੰਸਾਰਕ ਚਤੁਰਾਈ ਪ੍ਰਾਣੀ ਦਾ ਕੁਝ ਸੰਵਾਰ ਨਹੀਂ ਸਕਦੀ। ਇਨ੍ਹਾਂ ਨਾਲ ਮਨ ਨੂੰ ਭਟਕਣਾ ਲਗਦੀ ਹੈ। ਇਹ ਸਭ ਝੂਠੀਆਂ ਹਨ:-

ਝੂਠੀ ਦੁਰਮਤਿ ਕੀ ਚਤੁਰਾਈ ॥

( ਆਦਿ ਗ੍ਰੰਥ, ਪੰਨਾ 1245)

ਚਿੱਤ। ਚਿੱਤ ਅੰਤਹਕਰਣ ਦਾ ਇਕ ਭੇਦ ਹੈ। ਕੁਝ ਫਿਲਾਸਫਰਾਂ ਨੇ ਚਿੱਤ ਨੂੰ ਅੰਤਹਕਰਣ ਦੀ ਇਕ ਬਿਰਤੀ ਮੰਨਿਆ ਹੈ। ਇਸ ਤਰ੍ਹਾਂ ਚਿੱਤ ਅੰਦਰਲੀਆਂ ਇੰਦਰੀਆਂ ਵਿਚੋਂ ਇਕ ਹੈ। ਚਿੱਤ ਉਹ ਭੇਦ ਹੈ, ਜਿਸ ਕਰਕੇ ਸਮਰਣ( ਚੇਤਾ) ਹੁੰਦਾ ਹੈ।[1] ਚਿੱਤ ਜੀਵ ਦੀ ਇੱਛਾ ਸ਼ਕਤੀ ਦਾ ਸਮੂਹ ਹੈ। ਇਹ ਭਾਵਾਂ ਦੀ ਧਾਰਣਾ ਦਾ ਆਸਰਾ ਹੈ।

ਭਾਰਤੀ ਦਰਸ਼ਨ ਵਿਚ ਚਿਤ ਤੇ ਚਿੱਤ ਦੋ ਸ਼ਬਦ ਹਨ। ਇਨ੍ਹਾਂ ਦੋਹਾਂ ਦਾ ਮੂਲ ਚਿੱਤ ਧਾਤੂ ਹੈ, ਜਿਸ ਦਾ ਅਰਥ ਹੈ ਵਿਚਾਰ ਕਰਨ , ਯਾਦ ਕਰਨਾ, ਚੇਤੇ ਕਰਨਾ। ਚਿਤ ਬ੍ਰਹਮ ਦਾ ਗੁਣਵਾਚਕ ਸ਼ਬਦ ਹੈ, ਜੋ ਸ਼ਤ, ਚਿਤ, ਆਨੰਦ ( ਸਚਿਦਾ ਨੰਦ) ਇਸ ਤ੍ਰੈਤ ( triad ) ਵਿਚ ਵਰਤਿਆ ਜਾਂਦਾ ਹੈ, ਜਿਸ ਤੋਂ ਚਿਦਾਕਾਸ਼, ਚਿਦਾਤਾਮਾ ਚਿਦਾਨੰਦ ਚਿਦਾਭਾਸ ਆਦਿ ਬ੍ਰਹਮ -ਵਾਚਕ ਸ਼ਬਦ ਬਣਦੇ ਹਨ।[2] ਇਉਂ ਚਿੱਤ ਦਾ ਅਰਥ ਹੈ

---

1. ਕਾਨ੍ਹ ਸਿੰਘ (ਭਾਈ) ਮਹਾਨ ਕੋਸ਼, ਐਂਟਰੀ ਅੰਤਹਕਰਣ ਪੰਨਾ 215

2. ਉਦੈਭਾਨ ਸਿੰਹ(ਡਾ.) ਤੁਲਸੀ ਦਰਸ਼ਨ ਮੀਮਾਂਸਾ ਪੰਨਾ 110

ਚੇਤਨ ਸਰੂਪ ਪਰੰਤੂ ਚਿੱਤ ਜੀਵ ਦੇ ਸਰੀਰ ਦੇ ਅੰਦਰ ਬਹਿਣ ਵਾਲੀ ਇਕ ਇੰਦਰੀ ਜਾਂ ਏਜੰਸੀ ਹੈ, ਜਿਸ ਦਾ ਧਰਮ ਚੇਤੇ ਰਖਣਾ ਹੈ। ਇਸ ਤਰ੍ਹਾਂ ਚਿੱਤ ਵਿਅਕਤੀ ਚੇਤਨਾ ਹੈ, ਚਿੱਤ ' ਵਿਸ਼ਵ ਵਿਆਪੀ ਚੇਤਨਾ ਹੈ।

ਯੋਗ ਦਰਸ਼ਨ ਵਿਚ 'ਚਿਤ' ਤੋਂ ਮਤਲਬ ਅੰਤਹਕਰਣ ( ਮਨ, ਬੁੱਧੀ ਅਤੇ ਅਹੰਕਾਰ) ਹੈ। ਚਿੱਤ ਪ੍ਰਕ੍ਰਿਤਕ ਹੋਣ ਕਰਕੇ ਪਲ ਪਲ ਬਦਲਦਾ ਹੈ ਅਤੇ ਸਤੋ ਗੁਣ, ਰਜੋਗੁਣ ਅਤੇ ਤਮੋਗੁਣ ਦੇ ਆਧਾਰ ਤੇ ਤਿੰਨ ਤਰ੍ਹਾਂ ਦਾ ਹੈ। ਯੋਗ ਦਰਸ਼ਨ ਵਿਚ ਚਿੱਤ ਦੀਆਂ ਪੰਜ ਅਵਸਥਾਵਾਂ ( ਕਸ਼ਿਪਤ, ਮੂੜ, ਵਿਕਸ਼ਿਪਤ, ਏਕਾਗ, ਨਿਰੁੱਧ ਅਤੇ ਪੰਜ ਬਿਰਤੀਆਂ) ਪ੍ਰਮਾਣ, ਵਿਪਰਯਯ, ਵਿਕਲਪ, ਨਿੰਦ੍ਰਾ, ਸਮ੍ਰਿਤਿ ਦਸੀਆਂ ਹਨ, ਪਰੰਤੂ ਜਾਪਦਾ ਹੈ ਕਿ ਪਤੰਜਲਿ ਨੇ ਚਿੱਤ ਦੀ ਵਰਤੋਂ ਮਨ ਦੇ ਅਰਥ ਵਿਚ ਹੀ ਕੀਤੀ ਹੈ। ਮਨ ਦੀਆਂ ਅਨੇਕ ਬਿਰਤੀਆਂ ਦਾ ਭੰਡਾਰ ਚਿੱਤ ਹੈ। ਇਸਦੇ ਵਿਚ ਮਨੁੱਖ ਦਾ ਪਿਛਲਾ ਅਤੇ ਹੁਣ ਦਾ ਸਾਰਾ ਗਿਆਨ ਸੰਚਿਤ ਹੈ। ਜਨਮ ਜਨਮਾਂਤਰਾਂ ਦੇ ਸਾਰੇ ਤਜ਼ਰਬੇ ਸੰਖੇਪਿਤ ਰੂਪ ਵਿਚ ਚਿੱਤ ਵਿਚ ਰਹਿੰਦੇ ਹਨ। ਇਹ ਤਜ਼ਰਬੇ ਜਾਗ੍ਰਤ ਅਵਸਥਾ ਦੇ ਹੁੰਦੇ ਹਨ। ਅਤੇ ਸੁਪਨ ਅਵਸਥਾ ਵਿਚ ਵੀ ਇਹੋ ਭਿੰਨ ਭਿੰਨ ਰੂਪ ਧਾਰਦੇ ਹਨ। ਚਿੱਤ, ਬੁੱਧੀ ਦੇ ਨੇੜੇ ਤੱਤ ਹੈ। ਕਈ ਵਾਰੀ ਸੰਤ ਬਾਣੀ ਪੜ੍ਹਦਿਆਂ ਮਨ ਅਤੇ ਚਿੱਤ ਦਾ ਇਕੋ ਹੋਣ ਦਾ ਭੁਲੇਖਾ ਪੈਂਦਾ ਹੈ। ਪਰੰਤੂ ਅਸਲ ਵਿਚ ਇਹ ਦੋਵੇਂ ਭਿੰਨ ਭਿੰਨ ਹਨ। ਗੁਰੂ ਨਾਨਕ ਦੇਵ ਜੀ ਦੀਆਂ ਇਹ ਤੁਕਾਂ ਇਸ ਤੱਥ ਨੂੰ ਸਪਸ਼ਟ ਕਰਦੀਆਂ ਹਨ:-

ਮਨ ਮਹਿ ਮਨੂਆ ਚਿਤ ਮਹਿ ਚੀਤਾ
ਐਸੇ ਹਰਿ ਕੇ ਲੋਗ ਅਤੀਤਾ ॥

( ਆਦਿ ਗ੍ਰੰਥ, ਪੰਨਾ 1159)

ਪਤੰਜਲੀ ਦੇ ਯੋਗ - ਦਰਸ਼ਨ ਦੇ ਸ਼ੁਰੂ ਵਿਚ ਹੀ ਚਿੱਤ ਦਾ ਵਰਣਨ ਮਿਲਦਾ ਹੈ। ਯੋਗ ਦੀ ਪਰਿਭਾਸ਼ਾ ਦਸਦਿਆਂ ਪਤੰਜਲੀ ਨੇ ਕਿਹਾ ਹੈ ਕਿ ਯੋਗ ਚਿੱਤ ਦੀਆਂ ਬਿਰਤੀਆਂ ਨੂੰ ਰੋਕਣ ਦਾ ਨਾਂ ਹੈ । ਇੱਥੇ ਚਿੱਤ ਭਾਵ ਪਸਾਰੇ ਵਿਚ ਪ੍ਰਾਣਾਂ, ਇੰਦਰੇ, ਮਨ, ਬੁੱਧੀ ਅਤੇ ਅਹੰਕਾਰ ਸ਼ਾਮਲ ਹਨ। ਪਰੰਤੂ ਗੁਰਬਾਣੀ ਦਾ ਚਿੱਤ ਅਦਵੈਤ ਵੇਦਾਂਤ ਵਾਂਗ ਹੀ ਮਨ ਬੁੱਧੀ ਅਤੇ ਅਹੰਕਾਰ ਤੋਂ ਵੱਖਰਾ ਤੱਤ ਹੈ। ਜਦੋਂ ਮਨ ਕਿਸੇ ਵਸਤੂ ਨੂੰ ਵੇਖਦਾ ਹੈ, ਤਾਂ ਉਸ ਦਾ ਸਰੂਪ ਧਾਰਨ ਕਰ ਲੈਂਦਾ ਹੈ ਅਤੇ ਉਸਨੂੰ ਬੁਧੀ ਦੇ ਹਵਾਲੇ ਕਰ ਦਿੰਦਾ ਹੈ। ਬੁੱਧੀ ਉਸਨੂੰ ਚਿੱਤ ਦੇ ਹਵਾਲੇ ਕਰ ਦਿੰਦਾ ਹੈ ਅਤੇ ਅਹੰਕਾਰ ਉਸਨੂੰ ਨਿੱਜ ਦ੍ਰਿਸ਼ਟੀ ਦੇਖੂਣੇ ਵਿਚ ਆਪਣਾ ਲੈਂਦਾ ਹੈ। ਇਸ ਤੋਂ ਇਹ ਸਿੱਧ ਹੁੰਦਾ ਹੈ ਕਿ ਮਨ ਸਰਬ ਵਿਆਪਕ ਹੈ। ਆਵਰਣ ਸ਼ਕਤੀ ਹਰ ਸ਼

ਦੇ ਅਸਲੀ ਸਰੂਪ ਨੂੰ ਮਨ ਤੋਂ ਲੁਕਾ ਲੈਂਦੀ ਹੈ। ਵਿਕਸ਼ੇਪ ਸ਼ਕਤੀ ਦੇ ਕਾਰਨ ਮਨ ਤਾਕਤਾਂ ਨੂੰ ਧਾਰਨ ਕਰ ਲੈਂਦਾ ਹੈ।

ਮਨ ਤਾਂ ਚੰਚਲ ਹੈ ਹੀ, ਪਰੰਤੂ ਜਦੋਂ ਮਨ ਬੁੱਧੀ ਰਾਹੀਂ ਚਿੱਤ ਵਿਚ ਆਪਣੀ ਚੰਚਲਤਾ ਸੰਚਦਾ ਹੈ ਤਾਂ ਚਿੱਤ ਵੀ ਚੰਚਲ ਹੁੰਦਾ ਹੈ:-

ਚੰਚਲ ਚੀਤ ਨ ਰਹਈ ਠਾਇ ॥

( ਆਦਿ ਗ੍ਰੰਥ, ਪੰਨਾ 932)

ਜੇ ਮਾਇਆ ਦਾ ਪ੍ਰਭਾਵ ਤੀਬਰ ਹੋ ਜਾਂਦਾ ਹੈ, ਤਾਂ ਚਿੱਤ ਵੀ ਮਲੀਨ ਹੋ ਜਾਂਦਾ ਹੈ:-

ਬਿਖ ਮਾਇਆ ਚਿਤੁ ਮੋਹਿਆ ਭਾਈ
ਚਤੁਰਾਈ ਪਤਿ ਖੋਇ ॥
ਚਿਤ ਮਹਿ ਠਾਕੁਰ ਸਚਿ ਵਸੈ ਭਾਈ ਜੇ
ਗੁਰ ਗਿਆਨ ਸਮੋਇ ॥

( ਆਦਿ ਗ੍ਰੰਥ, ਪੰਨਾ 637)

ਪਰੰਤੂ ਜੇ ਗੁਰੂ ਦਾ ਗਿਆਨ ਸੰਚਦਾ ਹੈ, ਤਾਂ ਇਹਦੇ ਵਿਚ ਕਾਦਰ ਦਾ ਵਾਸਾ ਹੋ ਜਾਂਦਾ ਹੈ। ਜਿਨ੍ਹਾਂ ਦਾ ਮਨ ਹਿੰਸਕ ਰੁਚੀਆਂ ਦੇ ਕਾਲ ਮਲੀਨ ਹੋ ਜਾਂਦਾ ਹੈ, ਉਨ੍ਹਾਂ ਦਾ ਚਿੱਤ ਵੀ ਮਲੀਨ ਹੋ ਜਾਂਦਾ ਹੈ:-

ਜੇ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ ॥

( ਆਦਿ ਗ੍ਰੰਥ, ਪੰਨਾ 140)

ਮਨੁੱਖ ਦਾ ਨਿਸ਼ਾਨਾ ਹੀ ਇਹ ਹੋਣਾ ਚਾਹੀਦਾ ਹੈ ਕਿ ਚਿੱਤ ਵਿਚ ਪ੍ਰਭੂ ਦੀ ਯਾਦ ਸਮਾਈ ਰਹੇ:-

ਚਿਤ ਚੇਤਿਸ ਕੀ ਨਹੀਂ ਬਾਵਰਿਆ
ਹਰ ਬਿਸਰਤ ਤੇਰੇ ਗੁਣ ਗਲਿਆ ॥

( ਆਦਿ ਗ੍ਰੰਥ, ਪੰਨਾ 890)

### (ਅ) ਸਥੂਲ ਸਰੀਰ

ਸਥੂਲ ਸਰੀਰ ਦੀ ਉਤਪੱਤੀ ਆਕਾਸ਼ ਵਾਯੂ, ਮਿੱਟੀ ਪਾਣੀ ਅਤੇ ਅਗਨੀ ਆਦਿ ਪੰਜ ਤੱਤਾਂ ਦੇ ਸੰਯੋਗ ਨਾਲ ਹੁੰਦੀ ਹੈ। ਸਾਧਾਰਨ ਰੂਪ ਵਿਚ ਇਸੇ ਨੂੰ ਸਰੀਰ ਕਿਹਾ ਜਾਂਦਾ ਹੈ। ਦੇਵਤਿਆਂ ਦਾ ਸਰੀਰ ਸਤੋ ਗੁਣ ਪ੍ਰਧਾਨ ਰਜੋ ਗੁਣ ਪ੍ਰਧਾਨ ਅਤੇ ਮਨੁੱਖ ਦਾ ਸਰੀਰ ਜਾਨਵਰਾਂ ਦਾ ਸਰੀਰ ਤਮੋਗੁਣ ਪ੍ਰਧਾਨ ਹੁੰਦਾ ਹੈ। ਸਥੂਲ ਸਰੀਰ ਨੌਂ ਦੁਆਰਾਂ ਵਾਲਾ ਹੁੰਦਾ ਹੈ।[1] ਦੁਆਰ ਦਾ ਅਰਥ ਹੈ ਛੇਦ। ਇਹ ਇਸ ਪ੍ਰਕਾਰ ਹਨ .... ਦੋ ਕੰਨ, ਦੋ ਨੇਤਰ, ਦੋ ਨਾਸਾਂ, ਮੂੰਹ ਮਲ ਦੁਆਰ ਅਤੇ ਮੂਤਰ ਦੁਆਰ। ਸਥੂਲ ਸਰੀਰ ਉਤਪਤੀ ਸਥਾਨ ਦੀ ਦ੍ਰਿਸ਼ਟੀ ਤੋਂ ਚਾਰ ਪ੍ਰਕਾਰ ਦੇ ਹਨ।[2] ਜੇਰਜ, ਅੰਡਜ਼, ਸਵੇਦਜ਼ ਅਤੇ ਉਦਭਿਜ। ਜੇਰਜ ਜੇਰ ਤੋਂ ਉਤਪੰਨ ਹੋਣ ਵਾਲੇ, ਜਿਵੇਂ ਪਸ਼ੂ ਅਤੇ ਮਨੁੱਖ ਆਦਿ। ਅੰਡਜ਼ - ਆਂਡਿਆਂ ਤੋਂ ਉਤਪੰਨ ਹੋਣ ਵਾਲੇ। ਜਿਵੇਂ ਪੰਛੀ ਆਦਿ। ਸਵੇਦਜ਼ - ਪਸੀਨੇ ਤੋਂ ਪੈਦਾ ਹੋਣ ਵਾਲੇ। ਜਿਵੇਂ ਜੂੰ ਆਦਿ। ਉਦਭਿਜ - ਭੂਮੀ ਨੂੰ ਫਾੜ ਕੇ ਪੈਦਾ ਹੋਣ ਵਾਲੇ, ਜਿਵੇਂ ਘਾਹ ਅਤੇ ਰੁੱਖ ਆਦਿ। ਇਸਨੂੰ ਸਥੂਲ ਸਰੀਰ ਇਸ ਲਈ ਕਿਹਾ ਗਿਆ ਹੈ ਕਿ ਸਥੂਲ ਭੋਗਾਂ ਦਾ ਆਧਾਰ ਹੋਣ ਦੇ ਕਾਰਨ ਇਹ ਪ੍ਰਾਣੀ ਰੂਪ ਰਸ ਆਦਿ ਸਥੂਲ ਪਦਾਰਥਾਂ ਦਾ ਭੋਗ ਨੇਤਰ ਅਰਥਾਤ ਰਸਨਾ ਆਦਿ ਦੁਆਰਾ ਕਰਦਾ ਹੈ। ਸਥੂਲ ਸਰੀਰ ਇੰਦ੍ਰੀਆਂ ਦੇ ਦੁਆਰਾ ਵਿਸ਼ਿਆਂ ਨੂੰ ਭੋਗਦਾ ਹੈ। ਜੀਵ ਵੀ ਜਨਮ ਜਨਮਾਂਤਰਾਂ ਦਾ ਆਪਣੇ ਸਥੂਲ ਸਰੀਰ ਦਾ ਤਿਆਗ ਕਰ ਦਿੰਦਾ ਹੈ। ਪਰੰਤੂ ਪੁਨਰ ਜਨਮ ਦੇ ਸੰਸਕਾਰਾਂ ਦਾ ਤਿਆਗ ਨਹੀਂ ਕਰ ਸਕਦਾ। ਮਨੁੱਖ ਪੰਜ ਤੱਤਾਂ ਅੰਨ ਪ੍ਰਾਣ, ਵਿਗਿਆਨ ਅਤੇ ਆਨੰਦ ਦਾ ਮਿਸ਼ਰਣ ਹੈ। ਸਰਵ ਉਚ ਆਤਮਾ ਜੋ ਸਾਰੀ ਸ਼ਕਤੀ ਦਾ ਆਧਾਰ ਹੈ। ਇਸ ਸਥੂਲ ਸਰੀਰ ਵਿਚ ਸਥਿਤ ਹੈ। ਪੰਜ ਕੋਸ਼ਾਂ ਤੋਂ ਇਸ ਤੋਂ ਵਧੀਕ ਕੋਈ ਹੋਰ ਭਾਵ ਨਹੀਂ ਕਿ ਮਨੁੱਖੀ ਸਰੀਰ, ਪ੍ਰਾਣ, ਮਨ, ਬੁੱਧੀ ਅਤੇ ਆਤਮਾ ਦਾ ਮੇਲ ਹੈ।[3]

---

1. ਗੀਤਾ, 5, 13
2. ਸ਼ਰਮਾ ਰਾਮ ਮੂਰਤੀ (ਡਾ.) ਵੇਦਾਂਤ ਸਾਰ ( ਹਿੰਦੀ ), ਪੰਨਾ 63
3. Ranade R.D. (Dr.) A Constructive Survey of Upanishadas Philosophy, P, 107

ਇਨ੍ਹਾਂ ਮਿੱਤਰ ਅਤੇ ਵਿਰੋਧੀ ਤੱਤਾਂ ਦਾ ਮਿਲਣ ਨਾਲ ਦੇਹ ਬਣਦੀ ਹੈ। ਇਹ ਹੱਡ ਮਾਸ ਅਤੇ ਨਾੜੀ ਦਾ ਪਿੰਜਰ ਹੈ। ਜੋ ਕੋਈ ਸਰੀਰ ਵਿਗਿਆਨੀ ਇਸ ਨੂੰ ਚੀਰ ਫਾੜ ਕੇ ਵੇਖੇਗਾ, ਤਾਂ ਉਸਨੂੰ ਚਮੜੀ ਦੇ ਹੇਠਾਂ ਹੱਡੀਆਂ ਅਤੇ ਮਾਸ, ਖੂਨ, ਨਾੜੀਆਂ ਤੋਂ ਬਿਨਾਂ ਹੋਰ ਕੁਝ ਨਹੀਂ ਮਿਲੇਗਾ। ਸੂਖਮ ਕੋਸ਼ਾਂ ਉੱਤੇ ਉਸਦੀ ਪਕੜ ਨਹੀਂ। ਜਦੋਂ ਸਥੂਲ ਸਰੀਰ ਦਾ ਅੰਤ ਹੋ ਜਾਂਦਾ ਹੈ, ਤਾਂ ਉਹ ਸੂਖਮ ਸਰੀਰ ਦੇ ਰੂਪ ਵਿਚ ਇਸਨੂੰ ਛੱਡ ਜਾਵੇਗਾ ।

ਸਥੂਲ ਸਰੀਰ ਦਾ ਆਧਾਰ ਅੰਨ ਹੀ ਮੰਨਿਆ ਜਾਂਦਾ ਹੈ। ਇਸ ਲਈ ਇਸਨੂੰ ਅਸੀਂ ਅੰਨਮਯ ਕੋਸ਼ ਕਹਿੰਦੇ ਹਾਂ। ਸਥੂਲ ਸਰੀਰ ਦੀ ਹੋਂਦ ਜਨਮ ਲੈਣ ਤੋਂ ਪਹਿਲਾਂ ਨਹੀਂ ਸੀ ਅਤੇ ਮਰਨ ਤੋਂ ਪਿੱਛੋਂ ਇਸਦੀ ਹੋਂਦ ਮੁਕ ਜਾਵੇਗੀ। ਅੰਨ ਤੋਂ ਬਗੈਰ ਦੇਹੀ ਸਥਿਰ ਨਹੀਂ ਰਹਿ ਸਕਦੀ। ਜਿਹੜੇ ਲੋਕ ਅੰਨ ਖਾਣ ਤੋਂ ਬਿਨਾਂ ਜੀਉਂਦੇ ਰਹਿਣ ਦੀ ਘੋਸ਼ਣਾ ਕਰਦੇ ਹਨ। ਉਹ ਪਾਖੰਡੀ ਹਨ। ਅੰਨ ਨਾ ਖਾਣ ਨਾਲ ਸਾਰਾ ਸੁਆਦ ਹੀ ਮਾਰਿਆ ਜਾਂਦਾ ਹੈ। ਜਿਵੇਂ ਗੁਰੂ ਜੀ ਫੁਰਮਾਉਂਦੇ ਹੈਨ :-

ਅੰਨ ਨਾ ਖਾਇਆ ਸਾਦੁ ਗਵਾਇਆ ॥

( ਆਦਿ ਗ੍ਰੰਥ, ਪੰਨਾ 146 )

ਗੁਰੂ ਨਾਨਕ ਦੇਵ ਜੀ ਦੀ ਬਾਣੀ ਦੇ ਅਧਿਐਨ ਤੋਂ ਸਪਸ਼ਟ ਹੈ ਕਿ ਮਨੁੱਖ ਦੇ ਭੌਤਿਕ ਪੱਧਰ ਅਰਥਾਤ ਸਰੀਰ ਦਾ ਆਧਾਰ ਪਦਾਰਥ ਨਹੀਂ, ਚੇਤਨਾ ਹੈ। ਉਨ੍ਹਾਂ ਨੇ ਮਨੁੱਖੀ ਸਰੀਰ ਅਤੇ ਉਸਦੇ ਭੌਤਿਕ ਜੀਵਨ ਨੂੰ ਅਧਿਆਤਮਕ ਮਾਰਗ ਵਿਚ ਮਹੱਤਵਪੂਰਨ ਸਥਾਨ ਦਿੱਤਾ ਹੈ। ਉਨ੍ਹਾਂ ਦੀ ਬਾਣੀ ਵਿਚ ਸਿੱਧੇ ਜਾਂ ਅਸਿੱਧੇ ਢੰਗ ਨਾਲ ਵਿਅਕਤੀ ਦੇ ਭੌਤਿਕ ਜਨਮ ਉਸਦੀ ਸਰੀਰਕ ਬਣਤਰ, ਉਸਦੀ ਉਮਰ, ਉਸਦੀਆਂ ਭੌਤਿਕ ਲੋੜਾਂ ਅਤੇ ਉਨ੍ਹਾਂ ਨੂੰ ਤ੍ਰਿਪਤ ਕਰਕੇ ਸਾਧਨਾਂ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਦੇ ਸਰੀਰ ਦੇ ਭੌਤਿਕ ਪੱਧਰ ਉੱਤੇ ਮਨੁੱਖ ਦੇ ਸੰਕਲਪ ਨੂੰ ਸਮਝਣ ਲਈ ਇਨ੍ਹਾਂ ਪੱਖਾਂ ਉੱਤੇ ਵਿਸਥਾਰ ਨਾਲ ਵਿਚਾਰ ਕੀਤਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਅਜਿਹੇ ਸਮੇਂ ਵਿਚ ਪ੍ਰਗਟ ਹੋਏ ਜਿਸ ਸਮੇਂ ਭਾਰਤੀ ਤੇ ਯੂਨਾਨੀ ਫਿਲਾਸਫ਼ਰ ਆਪਣੇ ਸੰਪੂਰਨ ਵਿਕਾਸ ਤੋਂ ਪਿਛੋਂ ਜਾ ਤਾਂ ਸਥਿਰ ਹੋ ਚੁੱਕੀ ਸੀ ਜਾਂ ਫਿਰ ਕੁਝ ਨਵੀਨਤਾ ਥੱਲੇ ਪ੍ਰਗਟਾਏ ਵਿਚਾਰਾਂ ਨੂੰ ਮੁੜ ਮੁੜ ਕੇ ਦੁਹਰਾ ਰਹੀ ਸੀ। ਬਹੁਤ ਸਾਰੇ ਭਾਰਤੀ ਅਤੇ ਯੂਨਾਨੀ ਮੱਤ ਆਪਸ ਵਿਚ ਰਲਗਡ ਹੋ ਚੁੱਕੇ ਹਨ। ਜਿੱਥੋਂ ਤਕ

ਮਨੁੱਖ ਦੇ ਸਥੂਲ ਸਰੀਰ ਦਾ ਸੰਬੰਧ ਹੈ। ਗੁਰੂ ਨਾਨਕ ਦੀ ਧਾਰਣਾ ਵਿਗਿਆਨਕ ਤੱਥਾਂ ਦੇ ਬਹੁਤ ਨੇੜੇ ਪ੍ਰਤੀਤ ਹੁੰਦੀ ਹੈ।

ਇਸ ਦਾ ਪਤਾ ਸਾਨੂੰ ਇੱਥੋਂ ਲਗਦਾ ਹੈ ਕਿ ਪਾਣੀ ਹਵਾ, ਅਗਨੀ, ਧਰਤੀ ਜਾਂ ਆਕਾਸ਼ ਨੂੰ ਬਹੁਤ ਸਾਰੇ ਫਿਲਾਸਫਰਾਂ ਨੇ ਵੀ ਭੌਤਿਕ ਵਸਤਾਂ ਦਾ ਮੂਲ ਮੰਨਿਆ ਹੈ ਅਤੇ ਭਾਰਤੀ ਫਿਲਾਸਫਰਾਂ ਨੇ ਵੀ ।

ਗੁਰੂ ਜੀ ਨੇ ਪੰਜ ਤੱਤਾਂ ਤੋਂ ਸਰੀਰ ਦੀ ਬਣਤਰ ਮੰਨੀ ਹੈ, ਜੋ ਇਸ ਤੱਥ ਨੂੰ ਇਕ ਸੁੰਦਰ ਕਾਵਿ ਰੂਪਕ ਸੂਤਰਾਂ ਵਿਚ ਇਸ ਤਰ੍ਹਾਂ ਬਿਆਨ ਕੀਤਾ ਹੈ:-

ਪਉਣ ਪਾਣੀ ਅਗਨੀ ਦਾ ਈਂਧਨ ਕਾਇਆ ਕੋਟ ਰਚਾਇਦਾ ॥

( ਆਦਿ ਗ੍ਰੰਥ, ਪੰਨਾ 1036)

ਮਨੁੱਖ ਦੇ ਸਰੀਰ ਦੀ ਬਣਤਰ ਬਾਰੇ ਗੁਰੂ ਜੀ ਨੇ ਬੜੇ ਸੋਹਣੇ ਸ਼ਬਦਾਂ ਵਿਚ ਵਰਨਣ ਕੀਤਾ ਹੈ। ਮਨੁੱਖ ਦੀ ਭੌਤਿਕ ਬਣਤਰ ਵਿਚ ਨੌਂ ਦਰਵਾਜ਼ੇ ਪ੍ਰਗਟ ਕੀਤੇ ਹਨ ਅਤੇ ਦਸਵਾਂ ਦੁਆਰ ਗੁਪਤ ਰਖਿਆ ਹੈ:-

ਨਉ ਦਰਵਾਜੇ ਦਸਵਾ ਦੁਆਰ ॥<br>
ਬੁਝੁ ਰੇ ਗਿਆਨੀ ਇਹ ਬੀਚਾਰੁ ॥

( ਆਦਿ ਗ੍ਰੰਥ, ਪੰਨਾ 456)

ਇਹ ਵਿਆਖਿਆ ਸਾਂਖ -ਸ਼ਾਸਤਰ ਅਨੁਸਾਰ ਕੀਤੀ ਜਾ ਸਕਦੀ ਹੈ। ਕਿਉਂਕਿ ਸਾਂਖ ਸ਼ਾਸਤਰ ਵਿਚ ਪੰਜ ਗਿਆਨ ਇੰਦਰੀਆਂ, ਪੰਜ ਕਰਮ ਇੰਦਰੀਆਂ ਅਤੇ ਇਕ ਮਸਤਕ ਨੂੰ ਮਨੁੱਖ ਦੀ ਸਰੀਰਕ ਬਣਤਰ ਵਿਚ ਕਾਫ਼ੀ ਮਹੱਤਤਾ ਦਿੱਤੀ ਹੈ। ਕਿਉਂਕਿ ਸਾਂਖ ਸ਼ਾਸਤਰ ਅਨੁਸਾਰ ਜੋੜ ਗਿਆਰਾਂ ਬਣ ਜਾਂਦਾ ਹੈ। ਅਤੇ ਕਰਮ ਇੰਦਰੀਆਂ ਨੂੰ ਦਰਵਾਜ਼ੇ ਸ਼ਬਦ ਵਧੇਰੇ ਚੰਗੀ ਤਰ੍ਹਾਂ ਪ੍ਰਗਟ ਨਹੀਂ ਕਰਦਾ। ਇਸ ਲਈ ਗੁਰਬਾਣੀ ਵਿਚ ਦੋ ਅੱਖਾਂ, ਦੋ ਨਾਸਾਂ, ਦੋ ਕੰਨ, ਇਕ ਮੂੰਹ, ਇਕ ਗੁਦਾ ਅਤੇ ਇਕ ਜਨਨ ਇੰਦਰੀ ਨੂੰ ਹੀ ਨੌਂ ਦਰਵਾਜੇ ਮੰਨਿਆ ਗਿਆ ਹੈ। ਪਰੰਤੂ ਦਸਵਾਂ ਦੁਆਰ ਉਨ੍ਹਾਂ ਨੇ ਵੀ ਮਸਤਕ ਹੀ ਮੰਨਿਆ ਹੈ।

ਗੁਰੂ ਜੀ ਨੇ ਮਨੁੱਖ ਦੇ ਸਰੀਰ ਦੀਆਂ ਪੰਜ ਕਰਮ ਇੰਦਰੀਆਂ ਨੂੰ ਵੀ ਅੱਖੋਂ ਓਹਲੇ ਨਹੀਂ ਕੀਤਾ। ਉਨ੍ਹਾਂ ਦੇ ਦਸਿਆ ਹੈ ਕਿ ਇਸ ਸਰੀਰ ਵਿਚ ਵੇਖਣ ਦਾ ਕੰਮ ਅੱਖਾਂ ਕਰਦੀਆਂ ਹਨ ਅਤੇ ਬੋਲਣ ਦਾ ਕੰਮ ਜੀਭ ਕਰਦੀ ਹੈ। ਸੁਣਨ ਦਾ ਕੰਮ ਕੰਨਾਂ ਤੋਂ ਲਿਆ ਜਾਂਦਾ ਹੈ ਅਤੇ ਚਲਣ ਦਾ ਕੰਮ ਪੈਰਾਂ ਤੋਂ ਲਿਆ ਜਾਂਦਾ ਹੈ। ਕਿਰਤ ਕਰਨ ਦਾ ਕੰਮ ਹੱਥ ਕਰਦੇ ਹਨ। ਮਨੁੱਖ ਦੇ ਸਰੀਰ ਦੀ ਬਣਤਰ ਵਿਚ ਮਨੁੱਖੀ ਸਰੀਰ ਕਿਰਤ ਅਤੇ ਬਿੰਬ ਹੈ। ਅਤੇ ਇਹ ਸਰੀਰ ਇਸਤਰੀ ਪੁਰਖ ਦੇ ਸੰਜੋਗ ਕਾਰਣ ਪ੍ਰਾਪਤ ਹੁੰਦਾ ਹੈ।

ਜਿਨਿ ਮਾਤ ਪਿਤਾ ਪਿੰਡੁ ਕਮਾਇਆ ॥

(ਆਦਿ ਗ੍ਰੰਥ, ਪੰਨਾ 989)

ਅਤੇ ਪ੍ਰਤੱਖ ਰੂਪ ਵਿਚ ਇਹ ਸਾਰੀ ਮਾਸ ਦੀ ਰਚਨਾ ਹੈ:-

ਮਾਸਹੁ ਹੀ ਮਾਸ ਊਪਜੈ ।।

ਮਾਸਹੁ ਸਭੋ ਸਾਕ ॥

(ਆਦਿ ਗ੍ਰੰਥ, ਪੰਨਾ 1289)

ਸਰੀਰ ਦੀ ਪ੍ਰਧਾਨ ਵਿਸ਼ੇਸ਼ਤਾ ਇਹ ਹੈ ਕਿ ਇਹ ਨਾਸ਼ਵਾਨ ਹੈ। ਇਸਦਾ ਰੂਪ ਅਤੇ ਜੋਬਨ ਕਾਲ ਦੇ ਪ੍ਰਭਾਵ ਕੋਲੋਂ ਬਚ ਨਹੀਂ ਸਕਦਾ:-

ਛੀਜੈ ਜੋਬਨ ਜਰੂਆ ਸਿਰ ਕਲ ॥

ਕਾਇਆ ਛੀਜੈ ਭਈ ਸਿਬਾਲ ॥

(ਆਦਿ ਗ੍ਰੰਥ, ਪੰਨਾ 32)

ਜਾਂ

ਜਾਂ ਮਾਤ ਪਿਤਾ ਸੰਜੋਗਿ ਉਪਾਏ ॥

ਰਕਤੁ ਮਿਲਿ ਪਿੰਡ ਕਰੇ ।।

(ਆਦਿ ਗ੍ਰੰਥ, ਪੰਨਾ 980)

ਇਹ ਸਰੀਰ ਉਸ ਵਾਹਿਗੁਰੂ ਦੀ ਮਹਿਲ ਜਾਂ ਮੰਦਿਰ ਹੈ, ਜਿਸ ਵਿਚ ਪਾਰਬ੍ਰਹਮ ਦੀ ਜੋਤ ਪ੍ਰਕਾਸ਼ਮਾਨ ਹੈ। ਉਸਨੇ ਆਪ ਹੀ ਇਸਦੀ ਰਚਨਾ ਕੀਤੀ ਹੈ ਅਤੇ ਉਸਦੇ ਸ਼ਬਦ ਦੁਆਰਾ ਹੀ ਦਿਮਾਗ ਦੇ ਦੁਆਰ ਖੁਲ੍ਹਦੇ ਹਨ, ਜਿੱਥੇ ਪਰਮਾਤਮਾ ਦਾ ਵਾਸਾ ਹੈ।

****

(ਣ) ਜੀਵ

ਹਰ ਜੀਵਤ ਪ੍ਰਾਣੀ ਨੂੰ ਜੀਵ ਕਿਹਾ ਜਾਂਦਾ ਹੈ। ਸੰਸਾਰ ਵਿਚ ਭਿੰਨ ਭਿੰਨ ਆਕਾਰ ਦੇ ਜੀਵ ਦੇਖਣ ਵਿਚ ਆਉਂਦੇ ਹਨ। ਪ੍ਰਾਣੀ ਵਿਚ ਵੀ ਅਨੇਕ ਤਰ੍ਹਾਂ ਦੇਜੀਵ ਹਨ। ਅਤੇ ਧਰਤੀ ਉੱਪਰ ਵੀ ਅਨੇਕ ਤਰ੍ਹਾਂ ਦੇ ਜੀਵ ਹਨ। ਆਮ ਤੌਰ ਤੇ ਜੀਵ ਸ਼ਬਦ ਦੇ ਨਾਲ ਜੀਵ ਜੰਤੂ ਸ਼ਬਦ ਦਾ ਪ੍ਰਯੋਗ ਹੋਇਆ ਹੈ। ਜੰਤੂ(ਜਨਿਤ) ਪੈਦਾ ਹੋਏ ਪ੍ਰਾਣੀ ਜਾਂ ਜੰਤੂ ਨੂੰ ਕਹਿੰਦੇ ਹਨ। ਇਸ ਲਈ ਜੀਵ ਜੰਤੂ ਜਾਂ ਜੰਤ ਪੈਦਾ ਹੁੰਦੇ ਹਨ। ਜਿਨ੍ਹਾਂ ਜੀਵਾਂ ਦੀਉਤਪੱਤੀ ਜ਼ੇਰ ਨਾਲ ਸੰਬੰਧਿਤ ਹੈ, ਉਹ ਜ਼ੇਰਜ ਖਾਣੀ ਦੇ ਜੀਵ ਕਹੇ ਜਾਂਦੇ ਹਨ। ਅੰਡਜ ਖਾਣੀ ਦੇ ਜੀਵ ਅੰਡਿਆਂ ਵਿਚੋਂ ਪੈਦਾ ਹੁੰਦੇ ਹਨ। ਸੇਤਜ ਖਾਣੀ ਦੇ ਜੀਵ ਸੇਤ ਜਾਂ ਪਸੀਨੇ ਵਿਚੋਂ ਪੈਦਾ ਹੁੰਦੇ ਹਨ। ਉਤਭੁਜ ਖਾਣੀ ਦੇ ਜੀਵ ਬਨਸਪਤੀ ਤੋਂ ਪੈਦਾ ਹੁੰਦੇ ਹਨ। ਉਤਪੱਤੀ ਦੀ ਦ੍ਰਿਸ਼ਟੀ ਤੋਂ ਜੀਵ ਚਾਰ ਪ੍ਰਕਾਰ ਦੇ ਹਨ।[1] ਜੇਰਜ, ਅੰਡਜ਼, ਸ੍ਵੇਦਜ ਅਤੇ ਉਦਭਿਜ। ਭੋਗ, ਭੂਮੀ ਜਾਂ ਨਿਵਾਸ ਸਥਾਨ ਦੀ ਦ੍ਰਿਸ਼ਟੀ ਦੇ ਜੀਵਾਂ ਦੇ ਤਿੰਨ ਵਰਗ ਹਨ - ਜਲਵਾਸੀ, ਥਲਵਾਸੀ ਅਤੇ ਨਭਵਾਸੀ। ਜੀਵ ਦੀਆਂ ਚਾਰ ਅਵਸਥਾਵਾਂ ਮੰਨੀਆਂ ਗਈਆਂ ਹਨ। ਜਾਗ੍ਰਿਤ ਸਵਪਨ, ਸੁਖਪਤੀ ਅਤੇ ਤੁਰੀਆ। ਪਹਿਲੀਆਂ ਤਿੰਨ ਅਵਸਥਾਵਾਂ ਅਭਿਮਾਨੀ, ਜੀਵ ਦੀਆਂ ਹਨ ਅਤੇ ਚੌਥੀ ਅਭਿਮਾਨ -ਮੁਕਤ ਜੀਵ ਦੀ ਹੈ।

ਭਿੰਨ ਭਿੰਨ ਜੀਵਾਂ ਦੀ ਕੁਲ ਗਿਣਤੀ ਚੌਰਾਸੀ ਲੱਖ ਹੈ ਅਤੇ ਇਹ ਪੈਦਾ ਹੋ ਕੇ ਸਵਾਸ ਲੈਂਦੇ ਕਹੇ ਜਾਂਦੇ ਹਨ:-

ਲਖ ਚਉਰਾਸੀਹ ਜੀਅ ਉਪਾਏ ਭਾਣੈ ਸਾਹ ਲਵਾਇਦਾ ॥

( ਆਦਿ ਗ੍ਰੰਥ ਪੰਨਾ 1034)

ਸਾਹ ਲੈਣ ਦੇ ਅਮਲ ਕਰਕੇ ਹੀ ਜੀਵ ਨੂੰ ਪ੍ਰਾਣੀ ਕਿਹਾ ਜਾਂਦਾ ਹੈ। ਜਾਤ, ਜਿਨਸ ਅਤੇ ਰੰਗ ਕਰਕੇ ਇਕ ਸ਼੍ਰੇਣੀ ਦੇ ਜੀਵਾਂ ਦਾ ਦੂਜੀ ਸ਼੍ਰੇਣੀ ਦੇ ਜੀਵਾਂ ਨਾਲੋਂ ਢੇਰ ਅੰਤਰ ਹੈ। ਪੈਦਾ ਹੋਏ ਜੀਵਾਂ ਅਤੇ ਜੰਤਾਂ ਦੀ ਗਿਣਤੀ ਨਹੀਂ ਕੀਤੀ ਜਾ ਸਕਦੀ ਹੈ:-

ਕੇਤੇ ਤੇਰੇ ਜੀਅ ਜੰਤ ॥
ਨਾਨਕ ਅੰਤ ਨਾ ਅੰਤ ॥

( ਆਦਿ ਗ੍ਰੰਥ, ਪੰਨਾ 83)

---

1. ਜੱਗੀ ਰਤਨ ਸਿੰਘ (ਡਾ.) ਗੁਰੂ ਨਾਨਕ ਦੀ ਵਿਚਾਰਧਾਰਾ, ਪੰਨਾ 193

ਬੇਅੰਤ ਜੀਵ ਪਾਣੀ ਵਿਚ ਰਹਿੰਦੇ ਹਨ, ਜਿਨ੍ਹਾਂ ਦਾ ਆਧਾਰ ਪਾਣੀ ਹੀ ਹੈ।

ਜਲ ਮਹਿ ਜੀਅ ਉਪਾਇ ਕੈ ਬਿਨ ਜਲ ਮਰਣ ਤਿਨੇਹਿ ॥

( ਆਦਿ ਗ੍ਰੰਥ, ਪੰਨਾ 59)

ਧਰਤੀ ਉੱਤੇ ਰਹਿਣ ਵਾਲੇ ਜੀਵਾਂ ਦਾ ਵੀ ਸ਼ੁਮਾਰ ਨਹੀਂ। ਜੰਗਲਾਂ ਵਿਚ ਵਿਚਰਨ ਵਾਲੇ ਕਈ ਜੀਵ ਮਾਸ ਆਹਾਰੀ ਹਨ ਅਤੇ ਕਈ ਜੀਵਾਂ ਦਾ ਆਧਾਰ ਵੀ ਕੇਵਲ ਘਾਹ ਹੈ।

ਇਕਿ ਮਾਸਾਹਾਰੀ ਇਕ ਤ੍ਰਿਣ ਖਾਹਿ ॥

( ਆਦਿ ਗ੍ਰੰਥ, ਪੰਨਾ 144)

ਧਰਤੀ ਉੱਪਰ ਰਹਿਣ ਵਾਲੇ ਅਨੇਕਾਂ ਜੀਵਾਂ ਦਾ ਆਧਾਰ ਮਿੱਟੀ ਹੈ। ਅਨੇਕਾਂ ਜੀਵ ਹਵਾ ਵਿਚ ਉਡਣ ਵਾਲੇ ਹਨ, ਜਿਨ੍ਹਾਂ ਨੂੰ ਪੰਛੀ ਕਿਹਾ ਜਾਂਦਾ ਹੈ।

ਮਨ , ਬੁੱਧੀ, ਚਿੱਤ ਅਤੇ ਅਹੰਕਾਰ । ਇਨ੍ਹਾਂ ਚਾਰਾਂ ਦਾ ਮੇਲ ਜੀਵ ਕਹਾਉਂਦਾ ਹੈ। ਜੀਵ ਪਰਮਾਤਮਾ ਦੀ ਸ੍ਰਿਸ਼ਟੀ ਦੀ ਸਭ ਤੋਂ ਚੇਤੰਨ ਸ਼ਕਤੀ ਹੈ। ਉਸ ਵਿਚ ਸੁਖ ਦੁਖ ਅਨੁਭਵ ਕਰਨ ਦੀ ਅਦਭੁੱਤ ਸ਼ਕਤੀ ਅਤੇ ਚੇਤਨਾ ਹੈ। ਜੀਵ, ਜੀਉ ਅਤੇ ਜੀਅ ਦੇ ਅਰਥ ਜੀਵਆਤਮਾ, ਜਾਨ, ਜੀਵਨ, ਜ਼ਿੰਦਗੀ, ਪ੍ਰਾਣੀ, ਜੀਵਨ, ਮਨ੍ਰਿੱਤ ਅਰਥ ਮਿਲਦੇ ਹਨ।[1] ਮਨ, ਬੁੱਧੀ, ਇੰਦਰੀਆਂ, ਅਤੇ ਸਰੀਰ ਨਾਲ ਸੰਬੰਧਤ ਆਤਮਾ ਜਾਨ, ਜੀਵਨ, ਜ਼ਿੰਦਗੀ, ਪ੍ਰਾਣੀ ਜੀਵਨ, ਮਨ੍ਰਿੱਤ ਅਰਥ ਮਿਲਦੇ ਹਨ। ਮਨ, ਬੁੱਧੀ ਇੰਦਰੀਆਂ ਅਤੇ ਸਰੀਰ ਨਾਲ ਸੰਬੰਧਤ ਆਤਮਾ ਜੀਵ ਹੈ।[2] ਰੱਬ ਦੇ ਦ੍ਰਿਸ਼ਟਾਂਤ ਨਾਲ ਜੀਵ ਦੀ ਵਿਆਖਿਆ ਕੀਤੀ ਗਈ ਹੈ। ਸਰੀਰ ਇਕ ਪ੍ਰਕਾਰ ਦਾ ਰੱਥ ਹੈ ਅਤੇ ਆਤਮਾ ਰਥਵਾਨ। ਜੋ ਬੁੱਧੀ ਰੂਪੀ ਚਾਲਕ ਰਾਹੀਂ ਮਨ, ਰੂਪੀ ਘੋੜਿਆਂ ਨੂੰ ਕਾਬੂ ਵਿਚ ਰਖ ਕੇ ਚਲਾਉਂਦੇ ਹਨ।[3] ਜੀਵ ਦੇ ਪੰਜ ਕੋਸ਼ ਅਤੇ ਤਿੰਨ ਸਰੀਰ ਦੱਸੇ ਗਏ ਹਨ।[4] ਉਹ

---

1. ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼ , ਪੰਨਾ 394
2. Dass Gupta S.N (Dr.) A History of Indian Philosophy, Vol , P, 476
3. ਕਠ -ਉਪਨਿਸ਼ਦ, 1.33, 1.34
4. ਤੈਤਰੀਯ ਉਪਨਿਸ਼ਦ, 1111, 26

ਇਸ ਪ੍ਰਕਾਰ ਹਨ।

1. ਅੰਨਮਯ ਕੋਸ਼ — ਸਥੂਲ ਸਰੀਰ (ੳ)
2. ਪ੍ਰਾਣਮਯ ਕੋਸ਼
3. ਮਨੋਮਯ ਕੋਸ਼
4. ਵਿਗਿਆਨਮਯ ਕੋਸ਼ — ਸੂਖਮ ਸਰੀਰ (ਅ)
5. ਆਨੰਦਮਯ ਕੋਸ਼ — ਕਾਰਣ ਸਰੀਰ (ੲ)

ਪੰਜ ਤੱਤ ਦਾ ਬਣਿਆ ਸਰੀਰ ਬਹੁਤ ਪ੍ਰਤੱਖ ਅਤੇ ਸਥੂਲ ਰੂਪ ਵਿਚ ਦਿਖਾਈ ਦਿੰਦਾ ਹੈ। ਅਤੇ ਅੰਨ ਆਸ਼੍ਰਿਤ ਹੈ। ਇਸ ਲਈ ਇਸਨੂੰ ਸਥੂਲ ਸਰੀਰ ਜਾਂ ਅਨਮਯ ਕੋਸ਼ ਕਿਹਾ ਜਾਂਦਾ ਹੈ। ਇਸ ਅੰਦਰ ਪ੍ਰਾਣ, ਮਨ, ਬੁੱਧੀ, ਅਤੇ ਕਰਮ ਸੂਖਮ ਚੀਜ਼ਾਂ ਹਨ। ਇਸ ਲਈ ਇਹ ਪ੍ਰਾਣਮਯ ਕੋਸ਼, ਮਨੋਮਯ ਕੋਸ਼ ਅਤੇ ਵਿਗਿਆਨਮਯ ਕੋਸ਼ ਨੂੰ ਜੀਵ ਦਾ ਸੂਖਮ ਸਰੀਰ ਕਿਹਾ ਜਾਂਦਾ ਹੈ, ਜਿਹੜਾ ਕਿ ਸਥੂਲ ਸਰੀਰ ਦੇ ਖਤਮ ਹੋਣ ਨਾਲ ਖਤਮ ਨਹੀਂ ਹੁੰਦਾ, ਸਗੋਂ ਆਪਣੇ ਕਰਮਾਂ ਅਨੁਸਾਰ ਨਵਾਂ ਸਥੂਲ ਸਰੀਰ ਧਾਰਨ ਕਰ ਲੈਂਦਾ ਹੈ।[1] ਇਨ੍ਹਾਂ ਸਭ ਵਸਤਾਂ ਦੀ ਹੋਂਦ ਅਤੇ ਜੀਵਨ ਚੇਤਨਾ ਦਾ ਕਾਰਨ ਆਨੰਦ ਸਰੂਪ ਆਤਮਾ ਹੈ। ਇਸ ਲਈ ਇਸ ਆਨੰਦਮਯ ਕੋਸ਼ ਨੂੰ ਕਾਰਣ ਸਰੀਰ( casual body) ਕਿਹਾ ਜਾਂਦਾ ਹੈ। ਜਦੋਂ ਜੀਵ ਆਪਣੇ ਸੰਕਲਪਾਂ ਵਿਕਲਪਾਂ ਉੱਤੇ ਕਾਬੂ ਪਾ ਕੇ ਆਪਣੀ ਆਨੰਦ ਸਰੂਪ ਆਤਮਾ ਦਾ ਗਿਆਨ ਪ੍ਰਾਪਤ ਕਰ ਲੈਂਦਾ ਹੈ, ਤਾਂ ਉਸਨੂੰ ਆਪਣੇ ਕਰਮਾਂ ਦੇ ਪ੍ਰਤੀ ਕਰਮਾਂ ਤੋਂ ਮੁਕਤੀ ਮਿਲ ਜਾਂਦੀ ਹੈ ਅਤੇ ਉਹ ਪਰਮਾਤਮਾ ਸਰੂਪ ਬਣ ਜਾਂਦਾ ਹੈ। ਆਪ ਹੀ ਈਸ਼ਵਰ ਬਣ ਜਾਂਦਾ ਹੈ।[2] ਕਿਉਂਕਿ ਆਤਮਾ ਅਸਲ ਵਿਚ ਪਰਮਾਤਮਾ ਦੀ ਹੀ ਅੰਸ਼ ਹੈ, ਅਤੇ ਪਰਮਾਤਮਾ ਵਿਚ ਹੀ ਅਭੇਦ ਹੈ। ਜੈਨੀ 'ਜੀਵ' ਤੋਂ ਭਾਵ ਸਿਰਫ਼ 'ਆਤਮਾ' ਲੈਂਦੇ ਹਨ। ਇਹ ਆਤਮਾਵਾਂ ਅਨੇਕ ਹਨ ਅਤੇ ਆਨਾਦਿ ਹਨ। ਚੇਤਨਾ ਇਸ ਦਾ ਮੂਲ ਗੁਣ ਹੈ। ਇਹ ਚੇਤਨਾ ਜੀਵ ਦੇ ਸੁਭਾ ਅਤੇ ਪ੍ਰਵਿਰਤੀ ਅਨੁਸਾਰ ਘਟਦੀ ਵਧਦੀ ਰਹਿੰਦੀ ਹੈ। ਮਨੁੱਖਾਂ ਵਿਚ ਇਹ ਚੇਤਨਾ ਸਭ ਤੋਂ ਵਧ ਹੈ। ਚੇਤਨਾ ਦੇ ਹਿਸਾਬ ਨਾਲ ਜੀਵ ਪੰਜ ਪ੍ਰਕਾਰ ਦੇ ਹਨ। ਮਨੁੱਖ ਸਭ ਤੋਂ ਉਤਮ ਜੀਵ ਹੈ, ਕਿਉਂਕਿ ਇਸ ਦੀਆਂ ਪੰਜਾਂ ਇੰਦਰੀਆਂ ਤੋਂ ਉਪੱਰ ਮਨ ਦੀ ਛੇਵੀਂ ਸੂਖਸ਼ਮ ਇੰਦਰੀ ਵੀ ਹੈ। ਸਾਂਖ ਦਰਸ਼ਨ ਜੋ ਕਿ ਦੋ

---

1. ਕਠ -ਉਪਨਿਸ਼ਦ, ~~ਬੱਲੀ~~ II, 2,7
2. ਮੁੰਡ ਉਪਨਿਸ਼ਦ, (III) 1,3

ਅਨਾਦਿ ਸ਼ਕਤੀਆਂ ਪੁਰਸ਼ ਅਤੇ ਪ੍ਰਕਿਰਤੀ ਮੰਨਦਾ ਹੈ, ਅਨੁਸਾਰ — ਪੁਰਸ਼ ਗਤੀਸ਼ੀਲ ਪ੍ਰਕਿਰਤੀ ਵਿਚ ਭਰਿਆ ਹੋਇਆ ਚੇਤਨ ਪਰ ਅਕਰਤਾ ਪੁਰਸ਼ ਜੀਵ ਹੈ। ਪੁਰਸ਼ ਅਨੇਕ ਹਨ। ਇਸ ਲਈ ਜੀਵ ਵੀ ਅਨੇਕ ਹਨ। ਵਾਮ ਮਾਰਗੀ ਚਾਰ ਵਾਕ ਆਤਮਾ ਦੀ ਹੋਂਦ ਨੂੰ ਨਹੀਂ ਮੰਨਦੇ। ਇਸ ਲਈ ਉਨ੍ਹਾਂ ਦਾ ਧਾਰਨਾ ਹੈ ਕਿ ਜੀਵ ਇਕ ਜੀਉਂਦਾ ਸਰੀਰ ਹੈ। ਜਿਸ ਵਿਚ ਚੇਤਨਾ ਦਾ ਗੁਣ ਹੈ। ਨਿਆਇ ਅਤੇ ਵਿਸ਼ੇਸ਼ਕਾ ਦਰਸ਼ਨ ਅਨੁਸਾਰ ਇਕ ਵਿਸ਼ੇਸ਼ ਤੱਤ ਦਾ ਨਾਮ ਜੀਵ ਹੈ। ਇਸ ਤੱਤ ਵਿਚ ਭਾਵਨਾਵਾਂ ਜਜ਼ਬਾਤਾਂ ਅਤੇ ਖਿਆਲਾਂ ਦੇ ਗੁਣ ਹੁੰਦੇ ਹਨ।

ਬੁੱਧ ਮੱਤ ਦਾ ਵਿਚਾਰ ਹੈ ਕਿ ਜੀਵ ਇਕ ਅਜਿਹੀ ਆਤਮਾ ਹੈ ਜਿਸਦੇ ਦੋ ਪੱਖ ਹਨ (1) ਸੁਧ ਪੱਖ (2) ਸੰਸਕਾਰਾਂ ਵਿਚ ਆਇਆ ਪੱਖ । ਇਹ ਦੋਨੋਂ ਪੱਖ ਆਪਸ ਵਿਚ ਇਸ ਤਰ੍ਹਾਂ ਅਭੇਦ ਹਨ ਕਿ ਇਨ੍ਹਾਂ ਨੂੰ ਵੱਖ ਵੱਖ ਨਹੀਂ ਕੀਤਾ ਜਾ ਸਕਦਾ। ਬੁੱਧ ਮੱਤ ਵੀ ਵੇਦਾਂਤ ਵਾਂਗ ਜੀਵ ਦੀਆਂ ਤਿੰਨ ਕਾਇਆ ਮੰਨਦਾ ਹੈ।[1] (ਖ) ਪਰੰਤੂ ਨਾਮ ਭਿੰਨ ਹਨ।

1. ਧਰਮ ਕਾਇਆ (ਸਥਿਰ ਅਸਲੀਅਤ)
2. ਸਮਭੋਗਨਾ ਕਾਇਆ (ਆਨੰਦਮਯ ਸਰੀਰ)
3. ਨਿਰਮਾਨ ਕਾਇਆ (ਮਨ ਦੀ ਭਟਕਣਾ)

ਜੇ ਕਰ ਵੇਦਾਂਤੀ ਵਿਚਾਰ ਨਾਲ ਮਿਲਾਣਾ ਹੋਵੇ, ਤਾਂ ਧਰਮ ਕਾਇਆ ਨੂੰ ਅਸੀਂ ਸਥੂਲ ਸਰੀਰ ਨਿਰਮਾਨ, ਕਾਇਆ ਨੂੰ ਸੂਖਮ ਸਰੀਰ ਅਤੇ ਸਮਭੋਗਮਯ ਕਾਇਆ ਨੂੰ ਕਾਰਣ ਸਰੀਰ ਕਹਿ ਸਕਦੇ ਹਾਂ। ਸ਼ੰਕਰ ਦੇ ਅਦਵੈਤਵਾਦ ਅਨੁਸਾਰ ਜੀਵ ਅਤੇ ਬ੍ਰਹਮ ਵਿਚ ਕੋਈ ਅੰਤਰ ਨਹੀਂ। ਜੀਵ ਅਤੇ ਈਸ਼ਵਰ ਦਾ ਸੰਬੰਧ ਅੰਸ਼ ਅਤੇ ਅੰਸ਼ੀ ਦਾ ਦਸਿਆ ਗਿਆ ਹੈ। ਈਸ਼ਵਰ ਅੰਸ਼ੀ ਹੈ ਅਤੇ ਜੀਵ ਉਸਦਾ ਅੰਸ਼ ਹੈ। ਜਿਵੇਂ ਅਗਨੀ ਅੰਸ਼ੀ ਹੈ ਅ ਚਿੰਗਾੜੀ ਉਸਦਾ ਅੰਸ਼ ਹੈ। ਰਾਮਾਨੁਜ ਅਨੁਸਾਰ ਜੀਵ ਅਨੰਤ ਹਨ ਅਤੇ ਇਕ ਦੂਜੇ ਤੋਂ ਭਿੰਨ ਹਨ। ਉਸ ਅਨੁਸਾਰ ਜੀਵ ਤਿੰਨ ਕਿਸਮ ਦੇ ਹਨ --- ਨਿੱਤ, ਮੁਕਤ ਅਤੇ ਬਧ। ਨਿਤ ਜੀਵ ਕਰਮ ਅਤੇ ਪ੍ਰਕ੍ਰਿਤੀ ਤੋਂ ਮੁਕਤ ਹੋ ਕੇ ਆਨੰਦ ਭੋਗਦੇ ਹੋਏ ਬੈਕੁੰਠ ਵਿਚ ਨਿਵਾਸ ਕਰਦੇ ਹਨ। ਮੁਕਤ -ਜੀਵ ਆਪਣੀ ਬੁੱਧੀ ਅਤੇ ਭਗਤੀ ਦੇ ਬਲ ਨਾਲ ਮੁਕਤੀ ਪ੍ਰਾਪਤ ਕਰਦੇ ਹਨ। ਬਧ-ਜੀਵ ਆਪਣੇ ਅਗਿਆਨ ਅਤੇ ਸਵਾਰਥ ਦੇ ਵਸ ਸੰਸਾਰ ਵਿਚ ਹੀ ਵਿਚਰਦੇ ਰਹਿੰਦੇ ਹਨ।

---

1. Radha Krishnan (Dr.) Indian Philosophy, Vol. I, P. 60

ਮਾਧਵਾਚਾਰੀਆ ਦੇ ਦਵੈਤਵਾਦ ਅਨੁਸਾਰ ਜੀਵ ਈਸ਼ਵਰ ਅਧੀਨ ਮੰਨਿਆ ਗਿਆ ਹੈ। ਉਸਨੇ ਜੀਵਾਂ ਨੂੰ ਸਮੁੱਚੇ ਤੌਰ ਤੇ ਤਿੰਨ ਸ਼੍ਰੇਣੀਆਂ ਵਿਚ ਵੰਡਿਆ ਹੈ - ਮੁਕਤੀ ਯੋਗ, ਨਿੱਤ -ਸੰਸਾਰੀ ਅਤੇ ਤਮੋਯੋਗ। ਦੇਵਤੇ ਮੁਕਤੀ ਯੋਗ ਹਨ। ਰਾਖਸ਼ਸ਼ ਤਮੋਜੀਵ ਅਤੇ ਇਨ੍ਹਾਂ ਦੋਹਾਂ ਵਿਚਲੇ ਆਮ ਮਨੁੱਖ ਨਿੱਤ -ਸੰਸਾਰੀ ਜੀਵ ਹਨ, ਜੋ ਪ੍ਰਿਥਵੀ ਸਵਰਗ ਅਤੇ ਨਰਕ ਆਦਿ ਵਿਚ ਰਹਿੰਦੇ ਹੋਏ ਦੁਖ ਸੁਖ ਭੋਗਿਆ ਕਰਦੇ ਹਨ।

ਵਲਵ ਅਨੁਸਾਰ ਜੀਵਉੱਤੇ ਮਾਇਆ ਦਾ ਪ੍ਰਭਾਵ ਰਹਿੰਦਾ ਹੈ। ਉਹ ਸੰਸਾਰਕ ਧਰਮਾਂ ਨੂੰ ਦੁਖ ਸੁਖ ਸਮਝ ਕੇ ਆਪਣੇ ਕੀਤੇ ਕਰਮਾਂ ਕਾਰਣ ਅਨੇਕ ਜੂਨਾਂ ਵਿਚ ਭਟਕਦਾ ਰਹਿੰਦਾ ਹੈ। ਉਸ ਅਨੁਸਾਰ ਜੀਵ ਦੋ ਸ਼੍ਰੇਣੀਆਂ ਵਿਚ ਵੰਡੇ ਹੋਏ ਹਨ। ਦੈਵੀ ਅਤੇ ਅਸੁਰੀ। ਵੈਸ਼ਣਮਤੀਆਂ ਅਨੁਸਾਰ ਸਾਰੇ ਜੀਵ ਭਗਵਾਨ ਤੋਂ ਉਤਪੰਨ ਹੋਏ ਹਨ ਅਤੇ ਉਹੀ ਸਭ ਦਾ ਮਾਲਕ ਹੈ। ਸ਼ੰਕਰਚਾਰੀਆ ਤੋਂ ਇਲਾਵਾ ਬਾਕੀ ਸਾਰੇ ਦਾਰਸ਼ਨਿਕਾਂ ਨੇ ਜੀਵ ਬ੍ਰਹਮ ਦੀ ਇਕ ਅੰਸ਼ ਹੀ ਮੰਨਿਆ। ਗੁਰੂ ਨਾਨਕ ਸਾਹਿਬ ਨੇ ਜੀਵ ਬਾਰੇ ਬਹੁਤ ਕੁਝ ਲਿਖਿਆ ਹੈ। ਆਪਣੇ ਤੋਂ ਪਹਿਲਾਂ ਦੀਆਂ ਜੀਵ ਬਾਰੇ ਪ੍ਰਚਲਤ ਧਾਰਨਾਵਾਂ ਨੂੰ ਵੀ ਉਨ੍ਹਾਂ ਨੇ ਅਪਦਾਇਆ। ਉਨ੍ਹਾਂ ਨੇ ਇਨ੍ਹਾਂ ਵਿਚਲੇ ਵਿਰੋਧੀ ਤੱਤਾਂ ਨੂੰ ਵੀ ਨਿਆਯੁਕਤ ਕਰਨ ਦਾ ਯਤਨ ਕੀਤਾ ਹੈ। ਉਨ੍ਹਾਂ ਨੇ ਜੀਵ ਨੂੰ ਨਿਰੋਲ ਬਾਹਰਮੁਖੀ ਦ੍ਰਿਸ਼ਟੀਕੋਣ ਤੋਂ ਹੀ ਨਹੀਂ ਦੇਖਿਆ ਅਤੇ ਬਿਆਨਿਆ, ਸਗੋਂ ਉਨ੍ਹਾਂ ਨੇ ਜੀਵ ਨੂੰ ਅੰਤਰਮੁਖੀ ਦ੍ਰਿਸ਼ਟੀਕੋਣ ਤੋਂ ਵੀ ਵੇਖਿਆ। ਬਾਹਰਮੁਖੀ ਦ੍ਰਿਸ਼ਟੀ ਕੋਣ ਤੋਂ ਜੀਵ ਇਕ ਪ੍ਰਕਾਰ ਦੀ ਇਕ ' ਬਣਤ ' ਹੈ, ਜਿਹੜੀ ਜੀਉ( ਆਤਮਾ) ਨੂੰ ਤਨ( ਸਰੀਰ) ਵਿਚ ਸਾਜਣ ਨਾਲ ਹੋਂਦ ਵਿਚ ਆਉਂਦੀ ਹੈ। ਇਹ ਜੀਵ ਜਾਂ ਬਣਤ ਗਿਆਨ ਇੰਦਰੀਆਂ ਰਾਹੀਂ ਦੁਨੀਆਂ ਨੂੰ ਮਾਣਦੀ ਹੈ ਅਤੇ ਕਰਮ ਇੰਦਰੀਆਂ ਨਾਲ ਕੰਮ ਕਰਕੇ ਆਪਣੀ ਪਾਲਣਾ ਕਰਦਾ ਹੈ:-

> ਜੀਉ ਪਾਇ ਤਨੁ ਸਾਜਿਆ ਰਖਿਆ ਬਣਤ ਬਣਾਇ ॥
> ਅਖੀ ਦੇਖੈ ਜਿਹਵਾ ਬੋਲੈ ਕੰਨੀ ਸੁਰਤਿ ਸਮਾਇ ॥
> ਪੈਰੀ ਚਲੈ ਹਥੀ ਕਰਣਾ, ਦਿਤਾ ਪੈਨੈ ਖਾਇ ॥
>
> ( ਆਦਿ ਗ੍ਰੰਥ, ਪੰਨਾ 138)

ਇਸ ਜੀਵ ਦੀ ਸਿਰਜਨਾ ਲਈ ਬ੍ਰਹਮ ਪੰਚ ਤੱਤ ਸਰੀਰ ਦੀ ਸਿਰਜਨਾ ਆਪਣੇ ਸੁੰਨ ਸਰੂਪ ਵਿਚੋਂ ਹੀ ਕਰਕੇ ਦੇਹ ਅਤੇ ਆਤਮਾ ਦਾ ਸੰਜੋਗ ਕਰਕੇ ਇਸਨੂੰ ਕਰਮਾਂ ਵਿਚ ਲਾਉਣ ਲਈ ਪਰਮਾਤਮਾ ਜੀਵ ਦੇ ਮੱਥੇ ਉੱਤੇ ਬੁਰੇ ਅਤੇ ਭਲੇ ਦੋਵੇਂ ਤਰ੍ਹਾਂ ਦੇ ਲੇਖ ਦਿੰਦਾ ਹੈ:-

ਪੰਚ ਤਤੁ ਸੁੰਨਹੁ ਪਰਗਾਸਾ ॥ ਦੇਹ ਸੰਜੋਗੀ ਕਰਮ ਅਭਿਆਸਾ ॥
ਬੁਰਾ ਭਲਾ ਦੁਇ ਮਸਤਕਿ ਲੀਖੇ ਪਾਪੁ ਪੁੰਨੁ ਬੀਜਾਇਦਾ ॥

( ਆਦਿ ਗ੍ਰੰਥ, ਪੰਨਾ 1038)

ਜੀਵ ਦੇ ਸੰਕਲਪ ਨੂੰ ਪੂਰੀ ਤਰ੍ਹਾਂ ਸਪਸ਼ਟਤਾ ਨਾਲ ਸਮਝਾਉਣ ਲਈ ਗੁਰੂ ਸਾਹਿਬ ਇਕ ਨਗਰੀ ਦਾ ਦ੍ਰਿਸ਼ਟਾਂਤ ਦਿੰਦੇ ਹਨ। ਜਿਵੇਂ:-

ਦੇਹੀ ਨਗਰੀ ਨਉ ਦਰਵਾਜੇ ॥ ਸਿਰਿ ਸਿਰਿ ਕਰਣੈਹਾਰੇ ਸਾਜੇ ॥
ਦਸਵੈ ਪੁਰਖੁ ਅਤੀਤੁ ਨਿਰਾਲਾ ॥ ਆਪੇ ਅਲਖੁ ਲਖਾਇਦਾ ॥

( ਆਦਿ ਗ੍ਰੰਥ, ਪੰਨਾ 1039)

ਇਸ ਅਨੁਸਾਰ ਸਰੀਰ ਇਕ ਪ੍ਰਕਾਰ ਦੀ ਨਗਰੀ ਹੈ ਅਤੇ ਪਰਮਾਤਮਾ ਆਪ ਆਪਣੇ ਆਤਮਾ ਰੂਪ ਵਿਚ ਇਸ ਨਗਰੀ ਦਾ ਰਾਜਾ ਹੈ। ਇਸ ਸਰੀਰ ਰੂਪੀ ਨਗਰੀ ਦੇ ਇੰਦਰੀਆਂ ਅਤੇ ਮਨ ਰੂਪੀ ਦਸ ਦਰਵਾਜ਼ੇ ਹਨ। ਨੌਂ ਦਰਵਾਜ਼ੇ ਦੋ ਨਾਸਾਂ, ਮੂੰਹ, ਦੋ ਕੰਨ, ਭਗ ਅਤੇ ਗੁਦਾ ਤਾਂ ਖੁਲ੍ਹੇ ਰਹਿੰਦੇ ਹਨ ਅਤੇ ਦਸਵਾਂ ਮਨ ਰੂਪੀ ਦਰਵਾਜਾ ਬੰਦ ਰਹਿੰਦਾ ਹੈ, ਜਿਸਦੇ ਪਿੱਛੇ ਸੱਚੇ ਰਾਜੇ ਦਾ ਨਿਵਾਸ ਹੈ। ਅਤੇ ਇਸ ਨਗਰ ਵਿਚ ਹੈ ਕੀ? ਇਸਨੂੰ ਹੋਰ ਵਧੇਰੇ ਸਪਸ਼ਟ ਕਰਨ ਲਈ ਗੁਰੂ ਜੀ ਫੁਰਮਾਉਂਦੇ ਹਨ। ਜਿਵੇਂ:-

ਕਾਇਆ ਨਗਰੁ ਨਗਰ ਗੜ ਅੰਦਰਿ ॥
ਸਾਚਾ ਵਾਸਾ ਪੁਰਿ ਗਗਨੰਦਰਿ ॥
ਅਸਥਿਰੁ ਥਾਨੁ ਸਦਾ ਨਿਰਮਾਇਲੁ ਆਪੇ
ਆਪੁ ਉਪਾਇਦਾ ॥ ੧ ॥

ਅੰਦਰਿ ਕੋਟ ਛਜੇ ਹਟਨਾਲੇ ॥
ਆਪੇ ਲੇਵੈ ਵਸਤੁ ਸਮਾਲੇ
ਬਜਰ ਕਪਾਟ ਜੜੇ ਜੜਿ ਜਾਣੈ ਗੁਰ ਸਬਦੀ ਖੋਲਾਇਦਾ ॥
ਭੀਤਰਿ ਕੋਟ ਗੁਫਾ ਘਰ ਜਾਈ
ਨਉ ਘਰ ਥਾਪੇ ਹੁਕਮਿ ਰਜਾਈ ॥
ਦਸਵੈ ਪੁਰਖੁ ਅਲੇਖੁ ਅਪਾਰੀ ਆਪੇ ਅਲਖੁ ਲਖਾਇਦਾ ॥3॥

( ਆਦਿ ਗ੍ਰੰਥ, ਪੰਨਾ 1033)

ਸੋ ਕਾਇਆ ਨਗਰ ਦੇ ਕਿਲ੍ਹੇ ਵਿਚ ਸੱਚਾ ਪਰਮਾਤਮਾ ਆਪ ਆਪਣੇ ਅਸਥਿਰ ਅਤੇ ਨਿਰਮਲ ਰੂਪ ਵਿਚ ਵਿਆਪਕ ਹੋ ਕੇ ਆਪਣੇ ਆਪ ਹੀ ਸਿਰਜਣਾ ਕਰ ਰਿਹਾ ਹੈ। ਇਸ ਨਗਰ ਵਿਚ ਇੰਦਰੀਆਂ ਮਨ ਅਤੇ ਸੰਸਕਾਰਾਂ ਰੂਪੀ ਛਜੇ ਹਟ ਨਾਲੇ ਹਨ ਅਤੇ ਜਿੱਥੇ ਉਹ ਆਪ ਹੀ ਨਾਮ, ਧਨ ਖਜ਼ਾਨੇ ਰੂਪ ਵਿਚ ਰੱਖ ਕੇ ਇਸਨੂੰ ਹਉਮੈ ਰਾਹੀਂ ਆਪਣੇ ਹੀ ਆਪ ਨੂੰ ਜੀਵ ਕੋਲੋਂ ਪੱਕੀ ਤਰ੍ਹਾਂ ਛੁਪਾ ਦਿੰਦਾ ਹੈ। ਇਸ ਨਾਮ ਨਿਧ ਨੂੰ ਜੀਵ ਗੁਰੂ ਦੇ ਸ਼ਬਦ ਨਾਲ ਹੀ ਪ੍ਰਾਪਤ ਕਰ ਸਕਦਾ ਹੈ। ਨੌ ਇੰਦਰੀਆਂ ਰੂਪੀ ਘਰਾਂ ਵਿਚ ਵੀ ਉਹ ਆਪ ਹੀ ਵਸਦਾ ਹੈ। ਅਤੇ ਬਾਹਰੀ ਵਿਸ਼ਵ ਨਾਲ ਕਰਮਾਂ ਦਾ ਵਪਾਰ ਕਰਦਾ ਹੈ। ਦਸਵੇਂ ਘਰ ਵਿਚ ਉਸਦਾ "ਬਸੇਰਾ" ਅਲਖ ਰੂਪ ਵਿਚ ਹੈ। ਇੱਥੇ ਪਰਮਾਤਮਾ ਆਪਣੇ ਆਪ ਹੀ ਆਪਣੀ ਕਿਰਪਾ ਨਾਲ ਹਉਮੈਂ ਵਿਚ ਆਏ ਆਪਣੇ ਆਪੇ ਨੂੰ ਅਸਲੀਅਤ ਦਾ ਗਿਆਨ ਕਰਵਾ ਦਿੰਦਾ ਹੈ।

ਸੋ ਜੀਵ ਆਪਣੇ ਆਪ ਵਿਚ ਪੂਰਣ ਹੈ ਅਤੇ ਜੋ ਇਕ ਜੀਵ ਦੇ ਪਿੰਡ ਵਿਚ ਹੈ, ਉਹੀ ਬ੍ਰਹਿਮੰਡ ਹੈ। ਜੀਵ ਵਿਚ ਆਤਮਾ ਮਨ, ਤਨ ਅਤੇ ਇੰਦਰੀਆਂ ਦੇ ਸੰਬੰਧਾਂ ਨੂੰ ਸਪਸ਼ਟ ਕਰਨ ਲਈ ਗੁਰੂ ਸਾਹਿਬ ਕੁਝ ਦ੍ਰਿਸ਼ਟਾਂਤ ਹੋਰ ਵੀ ਵਰਤਦੇ ਹਨ। ਇਕ ਦ੍ਰਿਸ਼ਟਾਂਤ ਅਨੁਸਾਰ ਤਨ ਇਕ ਹੱਟੀ ਹੈ, ਜਿੱਥੇ ਮਨ ਆਤਮਾ ਰੂਪੀ ਸ਼ਾਹੂਕਾਰ ਕੋਲੋਂ ਚੇਤਨਾ ਦਾ ਧਨ ਲੈ ਕੇ ਆਪਣੇ ਆਪਣੇ ਗਿਆਨ ਦਾ ਧਨ ਲੈ ਇੰਦਰੀਆਂ ਰੂਪੀ ਨੌਕਰਾਂ ਰਾਹੀਂ ਚੰਗੇ ਮੰਦੇ ਕਰਮਾਂ ਦਾ ਵਪਾਰ ਕਰਦਾ ਹੈ। ਅਤੇ ਚੰਗੇ ਮੰਦੇ ਸੰਸਕਾਰ ਇਕੱਤਰ ਕਰਦਾ ਹੈ:-

> ਤਨੁ ਹਟੜੀ ਇਹੁ ਮਨੁ ਵਣਜਾਰਾ ॥
> ਨਾਨਕ ਸਹਿਜੇ ਸਚੁ ਵਪਾਰਾ ॥

(ਆਦਿ ਗ੍ਰੰਥ, ਪੰਨਾ 942)

ਇਕ ਹੋਰ ਦ੍ਰਿਸ਼ਟਾਂਤ ਕੇਵਲ ਮਨ ਅਤੇ ਇੰਦਰੀਆਂ ਅਤੇ ਸਰੀਰ ਦਾ ਸੰਬੰਧ ਪ੍ਰਗਟ ਕਰਦਾ ਹੈ। ਇਸ ਅਨੁਸਾਰ ਸਰੀਰ ਇਕ ਪ੍ਰਕਾਰ ਦਾ ਦਰਖਤ ਹੈ। ਇਸ ਉੱਤੇ ਇਕ ਵੱਡਾ ਪੰਛੀ - ਮਨ ਅਤੇ ਪੰਜ ਛੋਟੇ ਪੰਛੀ ਗਿਆਨ ਇੰਦਰੀਆਂ ਬੈਠੇ ਹਨ। ਇਹ ਸੰਸਾਰ ਰੂਪੀ ਬਾਗਾਂ ਵਿਚ ਆਪਣੀ ਆਪਣੀ ਚੋਗ ਚੁਗਦੇ ਹਨ। ਜਦੋਂ ਤਕ ਇਹ ਪੰਛੀ ਆਪਸ ਵਿਚ ਮਿਲ ਕੇ ਤੱਤ ਚੁਗਦੇ ਹਨ, ਤਾਂ ਜੀਵਨ ਇਕ ਸੰਤੁਲਨ ਰੌਂਅ ਵਿਚ ਤੁਰਦਾ ਜਾਂਦਾ ਹੈ, ਪਰੰਤੂ ਜਦੋਂ ਇਕ ਦੂਜੇ ਦਾ ਕਹਿਣਾ ਮੰਨਣ ਦੀ ਥਾਂ ਲਾਲਚ ਵਿਚ ਆ ਕੇ ਆਪੋ ਧਾਪੀ ਕਰਦੇ ਹਨ, ਤਾਂ ਮਾਇਆ ਜਾਲ ਵਿਚ ਫਸ ਜਾਂਦੇ ਹਨ ਅਤੇ ਆਪਣੇ ਆਪ ਨੂੰ ਹੀ ਦੁਖੀ

ਕਰ ਲੈਂਦੇ ਹਨ। ਜਿਵੇਂ:-

ਤਰਵਰ ਕਾਇਆ ਪੰਖਿ ਮਨੁ ਤਰਵਰਿ ਪੰਖੀ ਪੰਚ ॥
ਤਤੁ ਚੁੰਗੇ ਮਿਲ ਏਕਸ ਤਿਨ ਕਉ ਫਾਸ ਨ ਰੰਚ ॥
ਉਡਹਿਤ ਬੇਗੁਲ ਬੇਗੁਲੇ ਤਾਕਹਿ ਚੋਗ ਘਣੀ ॥
ਪੰਖ ਤੁਟੇ ਫਾਹੀ ਪੜੀ ਅਵਗੁਣ ਭੀੜ ਘਣੀ ॥

( ਆਦਿ ਗ੍ਰੰਥ, ਪੰਨਾ 934)

ਇਕ ਥਾਂ ਗੁਰੂ ਜੀ ਕਠ ਉਪਨਿਸ਼ਦ ਵਾਲੀ ਰਥ ਦੀ ਉਪਮਾ ਵੀ ਵਰਤਦੇ ਹਨ ਅਤੇ ਦਸਦੇ ਹਨ ਕਿ ਸਰੀਰ ਇਕ ਰਥ ਹੈ ਅਤੇ ਆਤਮਾ ਰਥਵਾਹ ਹੈ। ਜਿਵੇਂ:-

ਨਾਨਕ ਮੇਰੁ ਸਰੀਰੁ ਕਾ ਇਕ ਰਥੁ ਇਕ ਰਥਵਾਹ ॥

( ਆਦਿ ਗ੍ਰੰਥ, ਪੰਨਾ 420)

ਸਰੀਰ ਹੀ ਆਤਮਾ ਨੂੰ ਜੀਵ ਰੂਪ ਦਿੰਦਾ ਹੈ ਅਤੇ ਆਪ ਮਾਇਆ ਹੋਣ ਦੇ ਨਾਤੇ ਮਾਇਆ ਦੇ ਤਿੰਨ ਗੁਣਾਂ ਨਾਲ ਸੰਬੰਧਤ ਹੋ ਕੇ ਵੀ ਜਗਤ ਵਿਚ ਕਰਮਸ਼ੀਲ ਹੁੰਦਾ ਹੈ ਅਤੇ ਦੁਖ ਸੁਖ, ਸਗੋ ਸੰਤਾਪ ਅਨੁਭਵ ਕਰਦਾ ਹੈ। ਜਿਵੇਂ:-

ਏਹੁ ਸਰੀਰ ਹੈ ਤ੍ਰੈ ਗੁਣ ਧਾਤ ॥
ਇਸਨੋ ਵਿਆਪੈ ਸੋਗ ਸੰਤਾਪ ॥

( ਆਦਿ ਗ੍ਰੰਥ, ਪੰਨਾ 1010)

ਇਹ ਸਰੀਰ ਜਿਹੋ ਜਿਹੇ ਕਰਮ ਕਮਾਉਂਦਾ ਹੈ, ਜੀਵ ਆਤਮਾ ਉਹੋ ਜਿਹੀ ਹੋ ਜਾਂਦੀ ਹੈ। ਚੰਗੇ ਕਰਮਾਂ ਨਾਲ ਚੰਗੀ ਅਤੇ ਗੁਣਵਾਨ ਹੋ ਜਾਂਦੀ ਹੈ ਅਤੇ ਮੰਦੇ ਕੰਮਾਂ ਨਾਲ ਮੰਦੀ ਅਤੇ ਔਗੁਣ ਭਰੀ ਹੋ ਜਾਂਦੀ ਹੈ। ਜਿਵੇਂ:-

ਚੰਗਾ ਮੰਦਾ ਆਪਣਾ ਆਪੇ ਹੀ ਕੀਤਾ ਪਾਵਣਾ ॥

( ਆਦਿ ਗ੍ਰੰਥ,ਪੰਨਾ470)

ਆਤਮਾ ਇਕ ਪ੍ਰਕਾਰ ਨਾਲ ਸਰੀਰ ਦੀ ਭੋਗਤਾ ਹੈ, ਜਿਹੜੀ ਦਿਨ ਰਾਤ ਸਰੀਰ ਨੂੰ ਭੋਗਦੀ ਹੈ ਅਤੇ ਅਜੀਬ ਰੰਗ ਰਲੀਆਂ ਮਾਣਦੀ ਹੈ। ਪਰੰਤੂ ਜਦੋਂ ਪਰਮਾਤਮਾ ਦਾ ਸੱਦਾ ਆਉਂਦੀ ਹੈ, ਤਾਂ ਆਤਮਾ ਸਰੀਰ ਨੂੰ ਬਿਨਾਂ ਕਿਸੇ ਸਲਾਹ ਹੀ ਛੱਡ ਕੇ ਚਲੀ ਜਾਂਦੀ

ਹੈ ਅਤੇ ਸਰੀਰ ਸੁਕ ਸੜ ਜਾਂਦਾ ਹੈ। ਇਸ ਸਰੀਰ ਦੇ ਖਤਮ ਹੋਣ ਨਾਲ ਆਤਮਾ ਉੱਪਰ ਕੋਈ ਅਸਰ ਨਹੀਂ ਹੁੰਦਾ। ਆਤਮਾ ਆਪਣੇ ਮਨ ਅਤੇ ਇੰਦਰੀਆਂ ਦੁਆਰਾ ਕੀਤੇ ਗਏ ਕੰਮਾਂ ਸੰਸਕਾਰਾਂ ਵਿਚ ਬੰਨੀ ਹੋਈ ਹੈ ਅਤੇ ਪਰਮਾਤਮਾ ਨੂੰ ਲੇਖਾ ਦੇ ਕੇ ਹੁਕਮ ਅਨੁਸਾਰ ਹੋਰ ਸਰੀਰ ਧਾਰਨ ਕਰ ਲੈਂਦੀ ਹੈ।

****
****

ਅਧਿਆਇ ਚੌਥਾ

## ਗੁਰੂ ਨਾਨਕ ਬਾਣੀ ਵਿਚ ਪਰਮ-ਮਨੁੱਖ ਦਾ ਅਧਿਆਤਮਿਕ ਸੰਕਲਪ

(ੳ) ਮਨੁੱਖੀ ਜੀਵਨ ਦਾ ਲਕਸ਼

(ਅ) ਅਧਿਆਤਮਿਕ ਜੀਵਨ ਦੇ ਪੜਾਅ

(ੲ) ਲਕਸ਼ ਪਰਾਪਤੀ ਦੇ ਮਾਰਗ

(1) ਗਿਆਨ-ਮਾਰਗ

(2) ਕਰਮ-ਮਾਰਗ

(3) ਭਗਤੀ-ਮਾਰਗ

(4) ਯੋਗ-ਮਾਰਗ

(5) ਸਾਧ-ਸੰਗਤ

## (ੲ) ਮਨੁੱਖੀ ਜੀਵਨ ਦਾ ਲਕਸ਼

ਵੱਖ ਵੱਖ ਧਰਮਾਂ ਅਨੁਸਾਰ ਮਨੁੱਖੀ ਜੀਵਨ ਦਾ ਲਕਸ਼ ਵੀ ਵਖਰਾ ਵਖਰਾ ਹੈ। ਮਨੁੱਖੀ ਵਿਕਾਸ ਦੇ ਸਿੱਧਾਂਤ ਵਾਲੇ ਭਾਵ ਵਿਕਾਸਵਾਦੀ ਜੀਵਨ ਦਾ ਲਕਸ਼ ਵਿਕਾਸ ਕਰਨਾ ਮੰਨਦੇ ਹਨ। ਨਾਸਤਕ ਵਿਚਾਰਧਾਰਾ ਵਾਲੇ ਖਾਣਾ, ਪੀਣਾਂ ਅਤੇ ਮੌਜ ਉਡਾਣਾ ਹੀ ਜੀਵਨ ਦਾ ਲਕਸ਼ ਮੰਨਦੇ ਹਨ। ਸਾਮਵਾਦੀ ਜੀਵਨ ਦਾ ਲਕਸ਼ ਜੀਵਨ -ਪੱਧਰ ਨੂੰ ਉੱਚਾ ਕਰਨਾ ਮੰਨਦੇ ਹਨ। ਮਾਰਕਸਵਾਦੀ ਜੀਵਨ ਦਾ ਲਕਸ਼ ਕੁੱਲੀ, ਗੁੱਲੀ ਤੇ ਜੁੱਲੀ ਹੀ ਮੰਨਦੇ ਹਨ। ਵਿਦਵਾਨ ਜੀਵਨ ਦਾ ਲਕਸ਼ ਸੁਖੀ ਅਤੇ ਖੁਸ਼ਹਾਲ ਜੀਵਨ ਮੰਨਦੇ ਹਨ।

ਮਨੁੱਖੀ ਜੀਵਨ ਦੇ ਲਕਸ਼ ਦਾ ਸੰਬੰਧ ਇਸ ਗੱਲ ਨਾਲ ਹੈ ਕਿ ਮਨੁੱਖ ਕੀ ਹੈ? ਜੇ ਕਰ ਮਨੁੱਖ ਦੀ ਬਣਤਰ ਨਿਰੇ ਮਾਦੇ ਤੋਂ ਮੰਨ ਲਈਏ ਤਾਂ ਇਸ ਦਾ ਜੀਵਨ ਦਾ ਲਕਸ਼ ਹੋਰ ਹੈ ਅਤੇ ਜੇਕਰ ਇਹ ਮੰਨ ਲਈਏ ਕਿ ਮਨੁੱਖ ਨਿਰਾ ਸਰੀਰ ਹੀ ਨਹੀਂ, ਸਗੋਂ ਇਸ ਵਿਚ ਆਤਮਾ ਵੀ ਹੈ, ਤਾਂ ਜੀਵਨ ਦਾ ਲਕਸ਼ ਹੋਰ ਬਣ ਜਾਂਦਾ ਹੈ। ਜੇ ਸਰੀਰ ਨੂੰ ਕੇਵਲ ਮਨੁੱਖ ਮੰਨ ਲਈਏ ਤਾਂ ਜੀਵਨ ਦਾ ਲਕਸ਼ ਸਰੀਰਕ ਵਿਸ਼ਿਆਂ ਦਾ ਭੋਗ ਹੈ। ਪਰੰਤੂ ਆਤਮਾ ਦੇ ਮੇਲ ਕਰਕੇ ਇਹ ਵਿਸ਼ਿਆਂ ਦਾ ਭੋਗ ਹੀ ਨਹੀਂ ਰਹਿ ਜਾਂਦਾ, ਸਗੋਂ ਆਤਮਾ ਨੂੰ ਪਰਮਾਤਮਾ ਵੱਲ ਪ੍ਰੇਰਿਤ ਕਰਕੇ ਉੱਚੇ ਪਦ ਨੂੰ ਪ੍ਰਾਪਤ ਕਰਨਾ ਹੈ। ਜਿਤਨਾ ਮਨੁੱਖ ਕਾਮ, ਕ੍ਰੋਧ, ਲੋਭ,ਮੋਹ ਅਤੇ ਅਹੰਕਾਰ ਆਦਿ ਵਿਚ ਮਗਨ ਹੋਵੇਗਾ ਜੀਵਨ ਦੇ ਲਕਸ਼ ਤੋਂ ਦੂਰ ਹੁੰਦਾ ਜਾਵੇਗਾ। ਜੇ ਇਕ ਮਨੁੱਖ ਦੀ ਹਸਤੀ ਉਹਦੇ ਸਰੀਰ ਦੇ ਨਾਸ਼ ਹੋ ਜਾਣ ਨਾਲ ਅੰਤ ਹੋ ਜਾਂਦੀ ਹੈ, ਤਾਂ ਜੀਵਨ ਦਾ ਮਨੋਰਥ ਇਸਦੇ ਬਿਨਾਂ ਹੋਰ ਕੀ ਹੋ ਸਕਦਾ ਹੈ ਕਿ ਮਨੁੱਖ ਜਦ ਤੀਕ ਹੈ, ਸਰੀਰ ਨੂੰ ਬਣਿਆ ਰਖੇ ਅਤੇ ਜਿਹੜੇ ਵਿਸ਼ੇ ਸਰੀਰ ਨੂੰ ਅਨੰਦਦਾਇਕ ਪ੍ਰਤੀਤ ਹੁੰਦੇ ਹਨ, ਉਹ ਜਿੰਨੇ ਹੋ ਸਕਣ ਭੋਗੇ।[1]

ਗੁਰੂ ਨਾਨਕ ਬਾਣੀ ਅਨੁਸਾਰ ਜੀਵਨ ਦਾ ਲਕਸ਼ ਕਿਰਤ ਕਰਨਾ, ਨਾਮ ਜਪਣਾ ਅਤੇ ਵੰਡ ਛਕਣਾ ਹੈ। ਹਰ ਮਨੁੱਖ ਦਾ ਫਰਜ ਹੈ ਕਿ ਸਾਧ -ਸੰਗਤ ਵਿਚ ਮਿਲ ਕੇ ਉਸ ਵਾਹਿਗੁਰੂਦਾ ਨਾਮ ਜਪੇ ਅਤੇ ਸੰਸਾਰ ਦੇ ਐਸ਼ ਪ੍ਰਸਤੀ ਦੇ ਮਗਨ ਹੋ ਕੇ ਹੀਰੇ ਜੈਸੇ ਜਨਮ ਨੂੰ

---

1. ਜੋਧ ਸਿੰਘ (ਭਾਈ), ਗੁਰਮਤ ਨਿਰਣਯ, ਪੰਨਾ 46

ਬਿਰਥਾ ਹੀ ਨਾ ਗੁਆ ਬੈਠੇ। ਇਸ ਕਰਕੇ ਗੁਰੂ ਜੀ ਫੁਰਮਾਉਂਦੇ ਹਨ:

ਰੈਣਿ ਗਵਾਈ ਸੋਇਕੈ ਦਿਵਸ ਗਵਾਇਆ ਖਾਇ ॥
ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ ॥
(ਆਦਿ ਗ੍ਰੰਥ, ਪੰਨਾ 156)

ਭੌਤਿਕਵਾਦੀ ਮਨੁੱਖ ਨੂੰ ਸੁਖ ਭੋਗ ਨੂੰ ਆਪਣੇ ਜੀਵਨ ਦਾ ਲਕਸ਼ ਨਹੀਂ ਮੰਨਣਾ ਚਾਹੀਦਾ, ਕਿਉਂਕਿ ਉਨ੍ਹਾਂ ਦੀ ਨਜ਼ਰ ਵਿਚ ਧਨ ਪਦਾਰਥ ਵਿਚੋਂ ਮਿਲਣ ਵਾਲਾ ਅਨੰਦ ਛਿਣ ਭੰਗਰ ਅਤੇ ਅਸਥਾਈ ਹੈ:-

ਸਭਿ ਰਸ ਭੋਗਣ ਬਾਦਿ ਹਹਿ ਸਭਿ ਸੀਗਾਰ ਵਿਕਾਰ ॥
ਜਬ ਲਗੁ ਸਬਦਿ ਨ ਭੇਦੀਐ ਕਿਉ ਸੋਹੈ ਗੁਰਦੁਆਰਿ॥
( ਆਦਿ ਗ੍ਰੰਥ ਪੰਨਾ 19)

ਪਦਾਰਥਕ ਖੁਸ਼ਹਾਲੀ ਨੂੰ ਜੀਵਨ ਦਾ ਲਕਸ਼ ਮੰਨਣਾ ਨਾਸ਼ਵਾਨ ਵਸਤੂਆਂ ਵੱਲ ਪ੍ਰੇਰਿਤ ਹੋਣਾ ਹੈ। ਗੁਰੂ ਜੀ ਬੜੇ ਸੁੰਦਰ ਦ੍ਰਿਸ਼ਟਾਂਤ ਦੁਆਰਾ ਇਸ ਤੱਥ ਨੂੰ ਪ੍ਰਗਟਾਉਂਦੇ ਹਨ। ਜਿਵੇਂ:

ਦਰ ਘਰ ਮਹਲਾ ਸੋਹਣੇ ਪਕੇ ਕੋਟ ਹਜਾਰ ॥
ਹਸਤੀ ਘੋੜੇ ਪਾਖਰੇ ਲਸਕਰ ਲਖ ਅਪਾਰ ॥
ਕਿਸਹੀ ਨਾਲਿ ਨ ਚਲਿਆ ਖਪਿ ਖਪਿ ਮੋਏ ਅਸਾਰ॥
ਸੋਇਨਾ ਰੁਪਾ ਸੰਚੀਐ ਮਾਲੁ ਜਾਲੁ ਜੰਜਾਲੁ ॥
ਸਭ ਜਗ ਮਹਿ ਦੋਹੀ ਫੇਰੀਐ ਬਿਨੁ ਨਾਵੈ ਸਿਰਿ ਕਾਲੁ ॥
( ਆਦਿ ਗ੍ਰੰਥ, ਪੰਨਾ 63)

ਮਨੁੱਖ ਨੂੰ ਬੜੀ ਮੁਸ਼ਕਲ ਨਾਲ ਇਹ ਮਨੁੱਖਾ ਜਨਮ ਪ੍ਰਾਪਤ ਹੋਇਆ ਹੈ। ਇਸਨੂੰ ਪ੍ਰਭੂ ਦਾ ਨਾਮ ਜਪਣ ਵੱਲ ਹੀ ਲਾਉਣਾ ਚਾਹੀਦਾ ਹੈ। ਇਹ ਮਨੁੱਖਾ ਜਨਮ ਜੇ ਖਾਣ ਪੀਣ ਅਤੇ ਐਸ਼ ਇਸ਼ਰਤ ਵਿਚ ਗੁਆ ਦਿੱਤਾ, ਤਾਂ ਮਨੁੱਖ ਦੇ ਹੱਥ ਕੁਝ ਨਹੀਂ ਆਉਣਾ। ਸੁੰਦਰ ਕਪੜੇ, ਸੁਆਦੀ ਭੋਜਨ, ਨੌਕਰ -ਚਾਕਰ ਅਤੇ ਭੋਗ-ਵਿਲਾਸ ਦੇ ਸਾਧਨ ਸਭ ਵਿਅਰਥ ਅਤੇ

---

1. ਜੋਧ ਸਿੰਘ (ਭਾਈ) ਗੁਰਮਤ ਨਿਰਣਯ, ਪੰਨਾ 46

ਨਾਸ਼ਵਾਨ ਹਨ। ਇਸੇ ਕਰਕੇ ਗੁਰੂ ਜੀ ਫੁਰਮਾਉਂਦੇ ਹਨ:-

ਕਿਆ ਖਾਧੈ ਕਿਆ ਪੈਧੈ ਹੋਇ॥
ਜਾ ਮਨਿ ਨਾਹੀ ਸਚਾ ਸੋਇ ॥
ਕਿਆ ਮੇਵਾ ਕਿਆ ਘਿਉ ਗੁੜੁ ਮਿਠਾ ਕਿਆ
ਮੈਦਾ ਕਿਆ ਮਾਸੁ ॥
ਕਿਆ ਕਪੜੁ ਕਿਆ ਸੇਜ ਸੁਖਾਲੀ
ਕੀਜਹਿ ਭੋਗ ਬਿਲਾਸ ॥
ਕਿਆ ਲਸ਼ਕਰ ਕਿਆ ਨੇਬ ਖਵਾਸੀ ਆਵੈ
ਮਹਲੀ ਵਾਸੁ ॥
ਨਾਨਕ ਸਚੇ ਨਾਮ ਵਿਣੁ ਸਭੇ ਟੋਲ ਵਿਣਾਸੁ॥

(ਆਦਿ ਗ੍ਰੰਥ, ਪੰਨਾ 142)

ਅੱਗੇ ਜਾ ਕੇ ਅਜਿਹੇ ਜੀਵਨ ਨੂੰ ਫਿਟਕਾਰ ਪਾਉਂਦੇ ਹਨ, ਜਿਸ ਦੇ ਜੀਣ ਦਾ ਕੋਈ ਲਾਭ ਨਹੀਂ:

ਫਿਟੁ ਇਵੇਹਾ ਜੀਵਿਆ ਜਿਤੁ ਖਾਇ ਵਧਾਇਆ ਪੇਟੁ ॥
ਨਾਨਕ ਸਚੇ ਨਾਮ ਵਿਣੁ ਸਭੋ ਦੁਸ਼ਮਨੁ ਹੇਤੁ ॥

(ਆਦਿ ਗ੍ਰੰਥ, ਪੰਨਾ 970)

ਸਭ ਖਾਣਾ, ਪੀਣਾ ਅਤੇ ਹਸਣਾ ਬੇਅਰਥ ਹੈ, ਜਦ ਤਕ ਕਿ ਹਿਰਦੇ ਦੇ ਵਿਚ ਉਸ ਵਾਹਿਗੁਰੂ ਨੂੰ ਯਾਦ ਨਹੀਂ ਕੀਤਾ ਜਾਂਦਾ। ਉਸ ਨੂੰ ਖਾਣਾ, ਪੀਣਾ ਤੇ ਹਸਣਾ ਸਾਉਣਾ ਯਾਦ ਰਹਿੰਦਾ ਹੈ, ਪਰੰਤੂ ਮੌਤ ਨੂੰ ਵਿਸਾਰ ਦਿੰਦਾ ਹੈ। ਇਸ ਕਰਕੇ ਗੁਰੂ ਜੀ ਨੇ ਫੁਰਮਾਇਆ ਹੈ:-

ਖਾਣਾ ਪੀਣਾ ਹਸਣਾ ਸਉਣਾ ਵਿਸਰਿ ਗਇਆ ਹੈ ਮਰਣਾ ॥
ਖਸਮੁ ਵਿਸਾਰਿ ਖੁਆਰੀ ਕੀਨੀ ਧ੍ਰਿਗੁ ਜੀਵਣੁ ਨਹੀਂ ਰਹਿਣਾ ॥

(ਆਦਿ ਗ੍ਰੰਥ, ਪੰਨਾ 1245)

ਜਿਹੜੇ ਉਸ ਪ੍ਰਭੂ ਨੂੰ ਵਿਸਾਰਿ ਕੇ ਝੂਠੇ ਸੰਸਾਰ ਨਾਲ ਮੋਹ ਪਾਉਂਦੇ ਹਨ, ਉਹ ਕਮਜ਼ਾਤ ਹਨ ਅਤੇ ਉਹ ਨੀਚੀ ਜ਼ਾਤ ਵਾਲੇ ਹਨ।

ਗੁਰੂ ਜੀ ਫੁਰਮਾਉਂਦੇ ਹਨ:-

ਖਸਮੁ ਵਿਸਾਰਿਹਿ ਤੇ ਕਮਜਾਤਿ
ਨਾਨਕ ਨਾਵੈ ਬਾਝੁ ਸਨਾਤਿ ॥

(ਆਦਿ ਗ੍ਰੰਥ, ਪੰਨਾ 70)

ਉਨ੍ਹਾਂ ਨੇ ਪਦਾਰਥਾਂ ਦਾ ਬਿਲਕੁਲ ਹੀ ਤਿਆਗ ਕਰਨ ਦੀ ਗੱਲ ਨਹੀਂ ਆਖੀ। ਪਦਾਰਥਕ ਸੁਖ ਆਪਣੇ ਆਪ ਵਿਚ ਛਿਣ ਭੰਗਰ ਹਨ ਅਤੇ ਇਸ ਚੰਚਲ ਮਨ ਨੂੰ ਭਟਕਣਾ ਦੇ ਰਾਹ ਉੱਤੇ ਪਾਉਣ ਵਾਲੇ ਹਨ। ਗੁਰੂ ਜੀ ਨੇ ਇਨ੍ਹਾਂ ਵਿਚ ਰਹਿੰਦੇ ਹੋਏ ਇਕ ਪ੍ਰਕਾਰ ਦੀ ਮਾਨਸਿਕ ਦੂਰੀ ਨੂੰ ਅਪਣਾਉਣ ਉੱਪਰ ਬਲ ਦਿੱਤਾ ਹੈ। ਉਨ੍ਹਾਂ ਦਾ ਪਰਵਿਰਤੀ-ਮਾਰਗ ਇਸ ਗੱਲ ਦਾ ਪ੍ਰਤੱਖ ਪ੍ਰਮਾਣ ਹੈ ਕਿ ਤਿਆਗ ਦੀ ਭਾਵਨਾ ਨੂੰ ਉਨ੍ਹਾਂ ਨੇ ਕੇਵਲ ਮਾਨਸਿਕ ਪੱਧਰ ਉੱਪਰ ਧਾਰਣ ਕਰਨ ਦੀ ਪ੍ਰੇਰਨਾ ਦਿੱਤੀ ਹੈ ਅਤੇ ਵਿਵਹਾਰਕ ਪੱਧਰ ਉੱਪਰ ਨਹੀਂ। ਸੰਸਾਰ ਦੇ ਪਦਾਰਥਾਂ ਦਾ ਭੋਗ ਕਰਨ ਵਾਲੇ ਮਨੁੱਖ ਨੂੰ ਕੇਵਲ ਇਕ ਚੇਤਾਵਨੀ ਦਿੱਤੀ ਹੈ ਕਿ ਉਹ ਇਨ੍ਹਾਂ ਨੂੰ ਆਪਣੇ ਜੀਵਨ ਦਾ ਪਰਮ -ਲਕਸ਼ ਮੰਨਣ ਦੀ ਗਲਤੀ ਨਾ ਕਰ ਬੈਠੇ। ਉਦਾਹਰਣ ਦੇ ਤੌਰ ਤੇ ਉਨ੍ਹਾਂ ਨੇ ਸਿਰੀ ਰਾਗ ਵਿਚ ਧਨ ਦੌਲਤ , ਸੁੰਦਰ ਇਸਤਰੀ ਅਤੇ ਰਿੱਧੀਆਂ ਸਿੱਧੀਆਂ ਦੀ ਪ੍ਰਾਪਤੀ ਅਤੇ ਰਾਜਸੀ ਸ਼ਕਤੀ ਵਿਚ ਪ੍ਰਭੂ ਦੇ ਨਾਮ ਨੂੰ ਨਾ ਵਿਸਾਰਣ ਦੀ ਚੇਤਾਵਨੀ ਦਿੱਤੀ ਹੈ:-

ਮੋਤੀ ਤ ਮੰਦਰ ਊਸਰਹਿ ਰਤਨੀ ਤੇ ਹੋਹਿ ਜੜਾਉ ॥
ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ ॥
ਮਤ ਦੇਖਿ ਭੂਲਾ ਵੀਸਰੈ ਤੇਰਾ ਚਿਤ ਨ ਆਵੈ ਨਾਉ ॥

( ਆਦਿ ਗ੍ਰੰਥ, ਪੰਨਾ 14)

ਅਸਲ ਵਿਚ ਗੁਰੂ ਨਾਨਕ ਨੇ ਆਪਣੀ ਬਾਣੀ ਵਿਚ ਕੋਈ ਵਾਧੂ ਗੱਲਾਂ ਨਹੀਂ ਕੀਤੀਆਂ, ਸਗੋਂ ਉਨ੍ਹਾਂ ਦੀ (ਬਾਣੀ) ਰਚਨਾ ਦਾ ਉਦੇਸ਼ ਜੀਵਨ ਦੇ ਲਕਸ਼ ਨੂੰ ਪੂਰਾ ਕਰਨ ਲਈ ਇਕੋ ਇਕ ਗਾੜੀ ਰਾਹ ਲੱਭਣ ਦਾ ਪ੍ਰਯਤਨ ਕਰਨਾ ਸੀ, ਜਿਸ ਰਾਹ ਉੱਤੇ ਤੁਰ ਕੇ ਪ੍ਰਾਣੀ ਆਪਣੇ ਜੀਵਨ ਮਨੋਰਥ ਵਿਚ ਸਫਲਤਾ ਪ੍ਰਾਪਤ ਕਰ ਸਕੇ। ਉਨ੍ਹਾਂ ਦੇ ਸ਼ਬਦਾਂ ਵਿਚ ਜੀਵਨ ਦਾ ਮਨੋਰਥ ਸੰਸਾਰ ਦਾ ਤਿਆਗ ਵੀ ਨਹੀਂ ਸੀ ਅਤੇ ਨਾ ਹੀ ਭੇਖ ਪਾਖੰਡਾਂ ਰਾਹੀਂ ਦੁਨੀਆਂ ਨੂੰ ਗੁਮਰਾਹ ਕਰਨਾ ਸੀ, ਸਗੋਂ ਇਕ ਸੌਖੇ ਸੁਖੇ ਪੰਥ -ਪ੍ਰਦਰਸ਼ਨ ਦੀ ਤੀਬਰ ਇੱਛਾ ਸੀ। "ਗੁਰੂ ਨਾਨਕ ਨੇ ਬਾਣੀ ਵਿਚ ਅਜਿਹੀ ਜੀਵਨ ਜਾਚ ਦੇ ਨਿਯਮ ਅੰਕਿਤ ਕੀਤੇ ਹਨ, ਜੋ ਮਨੁੱਖ ਨੂੰ ਸੰਸਾਰ ਦਾ ਤਿਆਗ ਨਹੀਂ ਸਿਖਾਂਦੇ ਅਤੇ ਨਾ ਹੀ ਬੂਹੇ ਮਾਰ ਕੇ ਚਿਲ੍ਹੇ ਕਟਣ ਦੀ ਲੋੜ ਦੱਸੀ ਹੈ। ਸਗੋਂ ਇਹ ਗਿਆਨ ਦੇ ਪ੍ਰਕਾਸ਼ ਦੀ ਜੀਵਨ ਜਾਚ ਹੈ।[1]

1. ਵਜ਼ੀਰ ਸਿੰਘ (ਡਾ.) ਨਾਨਕ ਬਾਣੀ ਚਿੰਤਨ, ਪੰਨਾ 40

ਮਨੁੱਖੀ ਜੀਵਨ ਦਾ ਮਨੋਰਥ ਪਰਮਾਤਮਾ ਦੀ ਆਤਮਾ ਨਾਲ ਇਕ ਹੋਣ ਲਈ ਪੂਰਾ ਗਿਆਨ ਹਾਸਲ ਕਰਨਾ ਹੈ; ਉਸ ਪ੍ਰਭੂ ਨਾਲ ਇਕ ਸੁਰ ਹੋ ਕੇ ਆਪਣੀ ਸ਼ਖਸੀਅਤ ਨੂੰ ਸੱਚੀ ਟਕਸਾਲ ਬਣਾ ਕੇ ਉਸ ਦੇ ਅੰਦਰ ਸ਼ਬਦ ਦੇ ਦੁਆਰਾ ਮਨ ਵਿਚ ਪ੍ਰਾਪਤੀ ਲਈ ਯਤਨ ਕਰਨਾ ਚਾਹੀਦਾ ਹੈ। ਇਹ ਤਦ ਹੀ ਹੋ ਸਕਦਾ ਹੈ, ਜੇ ਉਸਦੀ ਨਦਰਿ ਹੋ ਜਾਵੇ। ਆਤਮਿਕ ਉਨੱਤੀ ਇਕ ਵਿਸ਼ੇਸ਼ ਲਕਸ਼ ਹੈ। ਆਤਮਿਕ ਸਤਹ ਤੱਕ ਉੱਪਰ ਉੱਠਣ ਲਈ ਸਾਰਿਆਂ ਪ੍ਰਤੀ ਰਹਿਮ ਦੀ ਭਾਵਨਾ ਨੂੰ ਆਪਣੇ ਵਿਚ ਪਛਾਨਣਾ ਚਾਹੀਦਾ ਹੈ ਅਤੇ ਸਾਰੇ ਜੀਵਾਂ ਨੂੰ ਆਪਣੇ ਵਾਂਗ ਸਮਝਣਾ ਚਾਹੀਦਾ ਹੈ।[1] ਗੁਰੂ ਜੀ ਨੇ ਸਪਸ਼ਟ ਸ਼ਬਦਾਂ ਵਿਚ ਕਿਹਾ ਹੈ ਕਿ ਜਿਨ੍ਹਾਂ ਨੇ ਨਾਮ ਨੂੰ ਭੁਲਾ ਦਿੱਤਾ ਹੈ, ਉਹ ਸੰਸਾਰ ਵਿਚ ਆਏ ਹੀ ਕਿਉਂ ਹਨ। ਉਹਨਾਂ ਨੂੰ ਤਾਂ ਸੁਖ ਦੀ ਪ੍ਰਾਪਤੀ ਵੀ ਮੁਸ਼ਕਲ ਹੈ। ਮੁਕਤੀ ਦੀ ਪ੍ਰਾਪਤੀ ਦੀ ਤਾਂ ਗੱਲ ਹੀ ਛਡੋ। ਉਹ ਆਪਣੇ ਜੀਵਨ ਰੂਪੀ ਗੱਡੇ ਨੂੰ ਕੁਕਰਮਾਂ ਰੂਪੀ ਸੁਆਹ ਨਾਲ ਭਰ ਕੇ ਇਹ ਸੰਸਾਰ ਤੋਂ ਚਲੇ ਜਾਂਦੇ ਹਨ। ਜਿਵੇਂ:-

ਜਿਨੀ ਨਾਮੁ ਵਿਸਾਰਿਆ ਸੇ ਕਿਤੁ ਆਏ ਸੰਸਾਰਿ ॥
ਆਗੈ ਪਾਛੈ ਸੁਖ ਨਹੀ ਗਾਡੇ ਲਾਦੇ ਛਾਰੁ ॥

( ਆਦਿ ਗ੍ਰੰਥ ਪੰਨਾ 1010)

ਮਨੁੱਖਾ ਦੇਹ ਧਾਰਨ ਕਰਨ ਦਾ ਪ੍ਰਯੋਜਨ ਉਸ ਸਰਵ ਸ਼ਕਤੀਮਾਨ, ਰਚਨਹਾਰ, ਨਿਰੰਕਾਰ ਅਤੇ ਬਖਸ਼ਣਹਾਰ ਨੂੰ ਮਿਲਣਾ ਹੈ, ਜਿਸ ਤੋਂ ਵਿਛੜ ਕੇ ਇਹ ਜੀਵਨ ਦੁਖੀ ਹੁੰਦਾ ਹੈ। ਉਨ੍ਹਾਂ ਦੀ ਬਾਣੀ ਅਨੁਸਾਰ ਮਨੁੱਖੀ ਜੀਵਨ ਦਾ ਲਕਸ਼ ਹੀ ਸ਼ੁਭ ਮੋਖ ਦੀ ਪ੍ਰਾਪਤੀ ਹੈ। ਮੋਖ ਦੇ ਅਰਥ ਉਨ੍ਹਾਂ ਨੇ ਨਿਖੇਧਾਤਮਿਕ ਵੀ ਲਏ ਹਨ ਅਤੇ ਨਿਸਚੇ ਆਤਮਿਕ ਵੀ। ਨਿਖੇਧਾਤਮਿਕ ਤੋਂ ਭਾਵ ਜਨਮ ਮਰਨ ਦੇ ਚੱਕਰ ਤੋਂ ਛੁਟਕਾਰਾ ਪਾਉਣ ਦਾ ਨਾਮ ਹੈ, ਜਿਸ ਦੀ ਬੁਨਿਆਦੀ ਧਾਰਣਾ ਇਹ ਹੈ ਕਿ ਸੰਸਾਰ ਦਾ ਵਾਸਤਵਿਕ ਰੂਪ ਵਿਕਾਰੀ ਹੈ ਅਤੇ ਇਹ ਮਨੁੱਖ ਨੂੰ ਸਦਾਚਾਰਕ ਅਤੇ ਅਧਿਆਤਮਿਕ ਪੱਤਨ ਵੱਲ ਲੈ ਜਾਣ ਦੀ ਚੇਸ਼ਟਾ ਕਰਦਾ ਹੈ। ਗੁਰੂ ਨਾਨਕ ਨੇ ਦੋਹਾਂ ਤਰ੍ਹਾਂ ਦੇ ਬੰਧਨਾਂ ਤੋਂ ਛੁਟਕਾਰਾ ਪ੍ਰਾਪਤ ਕਰਨ ਦੀ ਗੱਲ ਕੀਤੀ ਹੈ।

ਨਿਸਚੈ ਆਤਮਿਕ ਅਰਥਾਂ ਵਿਚ ਗੁਰੂ ਨਾਨਕ ਦੇ ਮੁਕਤੀ ਦੇ ਸੰਕਲਪ ਦੀ ਬਹੁਤ ਅਧਿੱਕ ਸਾਰਥਕਤਾ ਹੈ। ਇਸ ਪੱਖ ਤੋਂ ਮੁਕਤੀ ਮਨੁੱਖ ਦੀ ਆਤਮ- ਸਿੱਧੀ ਅਤੇ ਆਤਮ-ਪਛਾਣ

---

1. ਕੋਹਲੀ ਸ.ਸ.(ਡਾ.) ਗੁਰੂ ਨਾਨਕ ਜੀਵਨ, ਦਰਸ਼ਨ ਅਤੇ ਕਾਵਿ, ਪੰਨਾ 67

ਦਾ ਪ੍ਰਤੀਕ ਬਣ ਜਾਂਦੀ ਹੈ। ਆਪਣੇ ਸੰਕੀਰਣ ਅਤੇ ਅਵਾਸਤਵਿਕ ਆਪੇ ਕੋਲੋਂ ਉੱਚਾ ਉੱਠਣ ਨਾਲ ਹੀ ਮਨੁੱਖ ਨੂੰ ਵਾਸਤਵਿਕ ਆਪੇ ਦੀ ਪਛਾਣ ਤੇ ਸਿੱਧੀ ਪ੍ਰਾਪਤ ਹੋ ਜਾਂਦੀ ਹੈ। ਇਸ ਵਿਚਾਰ ਵਿਚ ਮਨੁੱਖ ਦੇ ਪਰਮ ਗੌਰਵ ਨੂੰ ਸਥਾਪਿਤ ਕਰਨ ਦੀ ਧਾਰਨਾ ਕੰਮ ਕਰ ਰਹੀ ਪ੍ਰਤੀਤ ਹੁੰਦੀ ਹੈ। ਇਹ ਇਕ ਕਤਰੇ ਦੇ ਦਰਿਆ ਹੋਣ ਦੀ ਅਵਸਥਾ ਹੈ ਅਤੇ ਰਹੱਸਵਾਦੀ ਅਭੇਦਤਾ ਦੀ ਪ੍ਰਤੀਕ ਹੈ:-

ਸਾਗਰ ਮਹਿ ਬੂੰਦ ਬੂੰਦ ਮਹਿ ਸਾਗਰੁ ਕਵਣੁ ਬੁਝੈ ਬਿਧਿ ਜਾਣੈ ॥

(ਆਦਿ ਗ੍ਰੰਥ, ਪੰਨਾ 878)

ਗੁਰੂ ਨਾਨਕ ਦਾ ਮੱਤ ਹੈ ਕਿ ਪਰਮ -ਉੱਚ ਪ੍ਰਾਪਤੀ ਦਾ ਮਾਰਗ ਨੈਤਿਕ ਗੁਣਾਂ ਨੂੰ ਧਾਰਨ ਕੀਤੇ ਬਿਨਾਂ ਪ੍ਰਾਪਤ ਨਹੀਂ ਹੋ ਸਕਦਾ। ਵਾਹਿਗੁਰੂ ਗੁਣਾਂ ਦਾ ਖਜ਼ਾਨਾ ਹੈ ਅਤੇ ਉਸਨੂੰ ਗੁਣਾਂ ਨਾਲ ਹੀ ਪ੍ਰਾਪਤ ਕਰ ਸਕਦੇ ਹਾਂ:-

ਸਭ ਗੁਣ ਤੇਰੇ ਮੈ ਨਾਹੀ ਕੋਇ ॥
ਵਿਣੁ ਗੁਣ ਕੀਤੇ ਭਗਤਿ ਨ ਹੋਇ ॥

(ਆਦਿ ਗ੍ਰੰਥ, ਪੰਨਾ 4)

ਮਨੁੱਖੀ ਜੀਵਨ ਵਿਚ ਅਵਗੁਣਾਂ ਦੀ ਹੋਂਦ ਬੰਧਨ ਦਾ ਮੂਲ ਕਾਰਣ ਮੰਨੀ ਗਈ ਹੈ। ਇਸ ਲਈ ਗੁਰੂ ਜੀ ਨੇ ਸਪਸ਼ਟ ਸ਼ਬਦਾਂ ਵਿਚ ਅਵਗੁਣਾਂ ਨੂੰ ਤਿਆਗ ਕੇ ਗੁਣਾਂ ਦਾ ਸੰਗ੍ਰਹਿ ਕਰਨ ਦੀ ਪ੍ਰੇਰਨਾ ਦਿੱਤੀ ਹੈ:-

ਅਉਗੁਣ ਛੋਡਹੁ ਗੁਣ ਕਰਹੁ ਐਸੇ ਤਤੁ ਪਰਾਵਹੁ ॥

(ਆਦਿ ਗ੍ਰੰਥ, ਪੰਨਾ 418)

ਗੁਰੂ ਨਾਨਕ ਬਾਣੀ ਅਨੁਸਾਰ ਸਤਿ, ਸੰਤੋਖ, ਗਿਆਨ, ਦਇਆ, ਧਰਮ, ਖਿਮਾ, ਨਿਮਰਤਾ, ਪ੍ਰੇਮ, ਸੇਵਾ ਆਦਿ ਅਨੇਕਾਂ ਹੀ ਨੈਤਿਕ ਗੁਣ ਹਨ, ਜਿਨ੍ਹਾਂ ਨੂੰ ਧਾਰਨ ਕੀਤੇ ਬਿਨਾਂ ਪਰਮ-ਉੱਚ ਪਦ ਦੀ ਪ੍ਰਾਪਤੀ ਨਹੀਂ ਹੋ ਸਕਦੀ, ਜਿਹੜੀ ਕਿ ਜੀਵਨ ਦਾ ਲਕਸ਼ ਹੈ ਅਤੇ ਪਰਮ -ਮਨੁੱਖ ਬਣਨ ਲਈ ਜ਼ਰੂਰੀ ਤੱਤ ਹੈ।

ਮਨੁੱਖ ਨੂੰ ਸਮਾਜ ਵਿਚ ਰਹਿੰਦਿਆਂ, ਹਸਦਿਆਂ, ਖੇਡਦਿਆਂ ਸਦਾਚਾਰਕ ਤੌਰ ਤੇ ਉੱਚਾ ਹੁੰਦੇ ਹਰੀ ਦੇ ਨਾਮ ਦੁਆਰਾ ਆਚਾਰ ਨੂੰ ਉੱਚਾ ਚੁਕਣਾ ਚਾਹੀਦਾ ਹੈ:-

ਬਿਨੁ ਸਬਦੈ ਆਚਾਰੁ ਨ ਕਿਨਹੀ ਪਾਇਆ ॥

(ਆਦਿ ਗ੍ਰੰਥ, ਪੰਨਾ 1285)

ਮਨੁੱਖ ਗ੍ਰਿਹਸਥੀ ਹੁੰਦਾ ਕਾਰ ਵਿਹਾਰ ਕਰਦਾ ਅਤੇ ਟੱਬਰ ਵਿਚ ਰਹਿੰਦਾ ਹੋਇਆ ਪਰਮ-ਪਦ ਦੀ ਪ੍ਰਾਪਤੀ ਕਰ ਸਕਦਾ ਹੈ। ਇਸ ਲਈ ਕੋਈ ਤਪ , ਹਠ ਜਾਂ ਵਿਸ਼ੇਸ਼ ਸਾਧਨਾ ਦੀ ਲੋੜ ਨਹੀਂ, ਸਗੋਂ ਪਰਿਵਾਰ ਵਿਚ ਰਹਿੰਦੇ ਹੀ ਮੁਕਤੀ ਪ੍ਰਾਪਤ ਹੋ ਜਾਂਦੀ ਹੈ। ਗੁਰੂ ਜੀ ਫੁਰਮਾਉਂਦੇ ਹਨ:-

ਸਤਿਗੁਰ ਕੀ ਐਸੀ ਵਡਿਆਈ॥
ਪੁਤ੍ਰ ਕਲਤ੍ਰ ਵਿਚੇ ਗਤਿ ਪਾਈ ॥

( ਆਦਿ ਗ੍ਰੰਥ, ਪੰਨਾ 686 )

## (ਅ) ਆਤਮਿਕ-ਜੀਵਨ ਦੇ ਪੜਾ

ਪਰਮਾਤਮਾ ਤੋਂ ਵਿਛੜੀ ਹੋਈ ਆਤਮਾ ਸਦਾ ਹੀ ਉਸ ਅਨੰਤ ਸੋਮੇ ਨਾਲ ਮਿਲਣ ਲਈ ਤਾਂਘ ਰਖਦੀ ਹੈ, ਪਰੰਤੂ ਇਹ ਮਿਲਾਪ ਤੁਰੰਤ ਨਹੀਂ ਹੋ ਸਕਦਾ। ਮਨੁੱਖ ਨੂੰ ਲਕਸ਼ ਦੀ ਪ੍ਰਾਪਤੀ ਲਈ ਅਨੇਕ ਪੜਾਵਾਂ ਵਿਚੋਂ ਲੰਘਣਾ ਪੈਂਦਾ ਹੈ। ਇਹ ਪੜਾਅ ਮਨੁੱਖੀ ਜੀਵਨਦੇ ਵਿਕਾਸ ਦੇ ਸੂਚਕ ਹੁੰਦੇ ਹਨ। ਇਕ ਪੜਾ ਉੱਤੇ ਪੁਜਿਆਂ ਦੂਜੇ ਪੜਾ ਲਈ ਤਾਂਘ ਜਾਗਦੀ ਹੈ। ਪਹਿਲੇਪੜਾ ਦੀ ਸਫਲਤਾ ਦੂਜੇ ਪੜਾ ਉੱਤੇ ਜਾਣ ਲਈ ਉਤਸ਼ਾਹ ਦਿੰਦੀ ਹੈ ਅਤੇ ਜਦੋਂ ਮਨੁੱਖ ਆਪਣੀ ਮੰਜ਼ਲ ਉੱਪਰ ਪੁੱਜ ਜਾਂਦਾ ਹੈ, ਤਾਂ ਉਸਨੂੰ ਆਪਣੀ ਜਿੱਤ ਕਰਕੇ ਇਕ ਅਨੋਖੀ ਮਸਤੀ ਦਾ ਅਨੁਭਵ ਹੁੰਦਾ ਹੈ। ਅਸਲ ਵਿਚ ਮੰਜ਼ਲ ਦੀ ਪ੍ਰਾਪਤੀ ਇਕ ਅਕਹਿ ਅਨੰਦ ਦੀ ਪ੍ਰਾਪਤੀ ਹੈ, ਜਿਸਨੂੰ ਪ੍ਰਾਪਤ ਕਰਕੇ ਮਨੁੱਖ ਮਸਤੀ ਵਿਚ ਝੂਮ ਉਠਦਾ ਹੈ। ਪਰੰਤੂ ਇਹ ਆਤਮਿਕ ਪ੍ਰਾਪਤੀ ਇਕ ਵਾਰੀ ਹੀ ਜਾਦੂਗਰੀ ਨਾਲ ਪ੍ਰਾਪਤ ਨਹੀਂ ਹੁੰਦੀ, ਸਗੋਂ ਲਗਾਤਾਰ ਮਿਹਨਤ ਦਾ ਨਤੀਜਾ ਹੈ। " ਅਸੀਂ ਉਚ ਗਿਆਨ ਇਕੋ ਸਾਹੇ ਹਾਸਲ ਨਹੀਂ ਕਰ ਸਕਦੇ। ਇਹ ਤਰਤੀਬ ਜਤਨ ਅਤੇ ਮਨ ਦੀ ਡੂੰਘਾਈ ਦਾ ਪ੍ਰਤੀਫਲ ਹੈ।"[1]

ਜਿਵੇਂ ਸੰਸਾਰਕ ਖੇਤਰ ਵਿਚ ਅਸੀਂ ਵਿਕਾਸ ਦੇ ਸਿੱਧਾਂਤ ਨੂੰ ਮੰਨਦੇ ਹਾਂ, ਉਸੇ ਤਰ੍ਹਾਂ ਆਤਮ -ਖੇਤਰ ਵਿਚ ਵੀ ਆਤਮ -ਵਿਕਾਸ ਦਾ ਸਿੱਧਾਂਤ ਹੈ। ਮਨੁੱਖ ਜੀਵਨ ਦੀ ਸਭ ਤੋਂ ਪ੍ਰਬਲ ਇੱਛਾ ਆਤਮਿਕ ਪੱਖ ਉੱਤੇ ਚਲ ਕੇ ਅੰਤਮ ਪੜਾਅ ਉੱਤੇ ਪੁਜਣਾ ਹੈ। ਇਹ ਸਥਾਨ ਮੁਕਤੀ ਦਾ ਹੈ ਅਤੇ ਇਸ ਪੜਾ ਤੱਕ ਪੁਜਣ ਲਈ ਗੁਰੂ ਨਾਨਕ ਦੇਵ ਅਨੁਸਾਰ ਵੀ ਆਤਮਾ ਨੂੰ ਮੂਲ ਤੱਤ ਨਾਲ ਅਭੇਦ ਹੋਣ ਲਈ ਪੰਜ ਪੜਾਵਾਂ ਵਿਚੋਂ ਲੰਘਣਾ ਪੈਂਦਾ ਹੈ। ਇਨ੍ਹਾਂ ਪੰਜਾਂ ਪੜਾਵਾਂ ਨੂੰ ਜਪੁਜੀ ਵਿਚ ਪੰਜ ਖੰਡਾਂ ਦਾ ਨਾਂ ਦਿੱਤਾ ਗਿਆ ਹੈ। ਇਹ ਪੰਜ ਖੰਡ ਜਾਂ ਪੜਾ ਆਤਮਿਕ ਪ੍ਰਗਤੀ ਦੇ ਪੰਜ ਦਰਜੇ ਹਨ। ਇਨ੍ਹਾਂ ਨੂੰ ਮੰਜ਼ਲ ਵੀ ਕਿਹਾ ਹੈ। ਉਪਨਿਸ਼ਦਾਂ ਵਿਚ ਖੰਡ ਦਾ ਸ਼ਬਦੀ ਅਰਥ ਟੁਕੜੇ ਜਾਂ ਹਿੱਸੇ ਹੈ, ਪਰੰਤੂ ਇੱਥੇ ਇਨ੍ਹਾਂ ਦੇ ਅਰਥ ਦਰਜਾ ਜਾਂ ਮੰਜ਼ਲ ਹਨ। "ਇਨ੍ਹਾਂ ਪੰਜ ਖੰਡਾਂ ਵਿਚ ਪਹਿਲੀ ਭੂਮਿਕਾ ਸਰੀਰ ਜਾਂ ਮੌਤ ਦੀ ਹੈ, ਦੂਜੀ ਮਨ ਦੀ ਅਤੇ ਤੀਜੀ ਬੁੱਧੀ ਦੀ, ਚੌਥੀ ਸੁਰਤ ਦੀ ਅਤੇ ਪੰਜਵੀਂ ਆਤਮਾ ਦੀ।"[2] ਜੇਕਰ ਇਸਨੂੰ ਆਤਮਾ ਦੀ ਹੀ ਭੂਮਿਕਾ ਕਹਿ ਦਿੱਤਾ ਜਾਵੇ ਤਾਂ ਵਧੇਰੇ

---

1. Radha Krishan (Dr.), The Principal Upanishads, P.510
2. ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰਨਾ 387

ਠੀਕ ਹੈ, ਕਿਉਂਕਿ ਇਹ ਆਤਮਿਕ ਪ੍ਰਗਤੀ ਦੇ ਪੜਾ ਹਨ। ਜੁਪੁਜੀ ਸਾਹਿਬ ਵਿਚ ਇਹ ਪਉੜੀਆਂ ਆਤਮਿਕ ਵਿਕਾਸ ਦੀਆਂ ਪੰਜ ਮੰਜ਼ਲਾਂ ਦਰਸ਼ਾਈਆਂ ਗਈਆਂ ਹਨ, ਜੋ ਗੁਰੂ ਨਾਨਕ ਸਾਹਿਬ ਦੇ ਰਹੱਸਮਈ ਅਨੁਭਵ ਦੁਆਰਾ ਗ੍ਰਹਿਣ ਕੀਤੇ ਪਰਮ-ਸਤਿ ਦੇ ਦਰਜੇ ਹਨ। ਗੁਰੂ ਜੀ ਦੀ ਸਹਾਇਤਾ ਨਾਲ ਪਉੜੀ ਦੇ ਪੰਜ ਡੰਡਿਆਂ ਉੱਤੇ ਚੜ੍ਹਦੀ ਆਤਮਾ ਆਪਣੇ ਅਸਲ ਘਰ ਵਿਚ ਪੁੱਜ ਜਾਂਦੀ ਹੈ।"[1] ਧਰਤੀ ਉੱਪਰ ਆਗਿਆਕਾਰਤਾ ਅਤੇ ਬਹਾਦਰੀ ਨਾਲ ਨਿਭਾਇਆ ਫਰਜ ਸੱਚੇ ਗਿਆਨ ਦੀ ਪ੍ਰਾਪਤੀ ਕਰਾਉਂਦਾ ਹੈ। ਸੋ ਉਸਨੂੰ ਦੂਜਿਆਂ ਦੀ ਸਹਾਇਤਾ ਲਈ ਚੰਗੇਰੇ ਜਤਨ ਕਰਨ ਦੇ ਯੋਗ ਬਣਾਉਂਦਾ ਹੈ। ਇਸ ਸਾਧਨ ਨਾਲ ਉਹ ਗੁਰੂ ਦੀ ਕਿਰਪਾ ਜਿਤਦਾ ਹੈ, ਜੋ ਉਸਨੂੰ ਆਪਣੇ ਪਿਆਰੇ ਪਰਮ-ਸਤਿ ਨਾਲ ਮਿਲਾ ਦਿੰਦੀ ਹੈ। ਅਸਲ ਵਿਚ ਇਹ ਪੰਜ ਖੰਡ ਨਾਮ-ਮਾਰਗ ਦੇ ਪੰਜ ਪੜਾ ਹਨ। ਇਹ ਪਵਿੱਤ ਰਾਹ ਦੀਆਂ ਪਉੜੀਆਂ ਹਨ। ਇਹ ਨਿਜ ਮਹਿਲ ਦੀਆਂ ਮੰਜ਼ਲਾਂ ਹਨ। ਇਹ ਆਤਮਿਕ ਜੀਵਨ ਦੇ ਮਰ੍ਹੱਲੇ ਹਨ।[2] ਪੰਡਤਾਂ ਅਤੇ ਸੂਫੀਆਂ ਨਾਲੋਂ ਇਹ ਨਿਰਾਲਾ ਹੀ ਰੰਗ ਹੈ। ਇਹ " ਸੱਚੀ ਟਕਸਾਲ ਦੀ ਸ਼ੈਲੀ ਹੈ। ਇਨ੍ਹਾਂ ਪੰਜ ਖੰਡਾਂ ਨੂੰ ਸੂਫੀਆਂ ਦੀ ਮੰਜ਼ਲਾਂ ਦੇ ਸਮਾਨਅੰਤਰ ਮੰਨਿਆ ਹੈ, ਪਰੰਤੂ ਇਹ ਵਿਚਾਰ ਠੀਕ ਨਹੀਂ ਜਾਪਦਾ। ਸੂਫੀਆਂ ਦੀ ਚਾਰ ਅਵਸਥਾਵਾਂ ਦੇ ਨਾਲ ਪੰਜ ਖੰਡਾਂ ਦੀ ਤੁਲਨਾ ਕਰਨੀ ਨਿਰਾਰਥਕ ਹੈ, ਕਿਉਂਕਿ ਇਹ ਗੁਰੂ ਨਾਨਕ ਸਾਹਿਬ ਦੀ ਮੌਲਿਕ ਰਚਨਾ ਦਾ ਸਿੱਟਾ ਹੈ, ਜੋ ਕਾਚਿਤ ਵੀ ਸੂਫੀਆਂ ਦੀਆਂ ਅਵਸਥਾਵਾਂ ਨਾਲ ਮੇਲ ਨਹੀਂ ਖਾਂਦਾ।

ਸਿੱਖ ਦਾ ਆਤਮਿਕ-ਜੀਵਨ ਦ੍ਰਿੜ ਸਾਧਨੋਂ, ਹੰਕਾਰ ਦੇ ਅਭਾਵ ਤਥਾ ਧਿਆਨ ਅਤੇ ਮਗਨਤਾ ਦੇ ਦੁਆਰਾ ਪ੍ਰਫੁਲੱਤ ਹੁੰਦਾ ਹੋਇਆ, ਉਸ ਦਾ ਤੱਤਵ ਅਨੁਭਵ ਉੱਚੀ ਤੋਂ ਉੱਚੀ ਅਵੱਸਥਾ ਤਕ ਜਾ ਪਹੁੰਚਦਾ ਹੈ, ਜਿੱਥੇ ਉਹ ਸੰਸਾਰ ਵਿਚ ਇਸ ਤਰ੍ਹਾਂ ਰਹਿੰਦਾ ਹੈ, ਜਿਸ ਤਰ੍ਹਾਂ ਚਿੱਕੜ ਭਰੇ ਤਲਾਬ ਵਿਚ ਕਮਲ ਫੁਲ ਆਪਣੀ ਸੁੰਦਰਤਾ ਅਰਥਾਤ ਸੁਗੰਧੀ ਨੂੰ ਚਿਕੜ ਤੋਂ ਨਿਰਲੇਪ ਰੱਖ ਕੇ ਫਲਦਾ ਫੁਲਦਾ ਹੈ। ਉਸ ਦਾ ਵਿਅਕਤੀਤਵ ਅਰਥਾਤ ਨਿੱਜੀਤਵ ਉਸਦੇ ਆਪਣੇ ਤੱਤਵ ਰੂਪ ਵਿਚ ਦਿਖਾਈ ਦੇਣ ਲਗਦਾ ਹੈ। ਉਸਨੂੰ ਗੁਰਮਤ ਵਿਚ ਆਤਮ -ਪਹਿਚਾਣਨਾ ਕਹਿੰਦੇ ਹਨ ਅਤੇ ਆਤਮਾ ਨੂੰ ਪਹਿਚਾਣਨਾ ਹੀ ਆਤਮਿਕ-ਵਿਕਾਸ ਦਾ ਅਸਲੀ ਨਤੀਜਾ ਹੈ। ਜਪੁਜੀ ਸਾਹਿਬ ਵਿਚ ਗੁਰੂ ਨਾਨਕ ਸਾਹਿਬ ਨੇ ਖੰਡ ਤੋਂ ਭਾਵ ਮੰਜਲਾਂ

---

1. Green L ss, The Gospel of Guru Granth Sahib, P: 262
2. ਤਾਰਨ ਸਿੰਘ (ਡਾ.), ਗੁਰੂ ਨਾਨਕ ਚਿੰਤਨ ਤੇ ਕਲਾ, ਪੰਨਾ 33

ਲਿਆ ਹੈ ਅਰਥਾਤ ਆਤਮਿਕ ਪ੍ਰਗਤੀ ਦੇ ਰਸਤੇ ਵਿਚ ਇਹ ਪੰਜ ਖੰਡ ਪੰਜ ਮੰਜ਼ਲਾਂ ਹਨ, ਜਿਨ੍ਹਾਂ ਨੂੰ ਪਾਰ ਕਰਦੀ ਹੋਈ ਆਤਮਾ ਆਪਣੇ ਅਸਲ ਦੇ ਘਰ ਵਿਚ ਪਹੁੰਚ ਜਾਂਦੀ ਹੈ।

***

## (1) ਧਰਮ-ਖੰਡ

ਜਪੁਜੀ ਵਿਚ ਦੱਸੇ ਖੰਡਾਂ ਵਿਚ ਸਭ ਤੋਂ ਪਹਿਲਾਂ ਧਰਮ-ਖੰਡ ਦਾ ਵਰਣਨ ਹੈ। ਇਹ ਮੰਜ਼ਲ ਵੱਲ ਵਧਣ ਦਾ ਦਰਜਾ ਹੈ। ਇਸਨੂੰ ਫਰਜ਼ ਦਾ ਦਰਜਾ ਇਸ ਲਈ ਕਿਹਾ ਕਿ ਇੱਥੇ ਧਰਮ ਕਮਾਣਾ ਅਤੇ ਨਿਯਮਾਂ ਦਾ ਪਾਲਣ ਕਰਨਾ ਹੈ। ਇਹ ਫਰਜ਼ ਪਛਾਣਨ ਦਾ ਦਰਜਾ ਹੈ। " ਧਰਮ ਖੰਡ ਫਰਜ਼ ਦਾ ਦਰਜਾ ਹੈ, ਜਿਸ ਵਿਚ ਧਰਮ ਵਾਲਾ ਜੀਵਨ ਉੱਚਾ ਹੁੰਦਾ ਹੈ ਅਤੇ ਸੁਕਰਮਾਂ ਦੇ ਅਭਿਆਸ ਦੁਆਰਾ ਕੁਕਰਮਾਂ ਦਾ ਪੂਰਾ ਤਿਆਗ ਕੀਤਾ ਜਾਂਦਾ ਹੈ।"[1] ਅਸਲ ਵਿਚ ਇਹ ਖੰਡ ਕਰਮ ਖੇਤਰ ਦਾ ਖੰਡ ਹੈ। ਇਸ ਧਰਤੀ ਨੂੰ ਪਰਮਾਤਮਾ ਨੇ ਕੁਦਰਤ ਦੇ ਪਸਾਰੇ ਵਿਚ ਧਰਮ ਕਮਾਵਣ ਦੀ ਥਾਂ ਹੀ ਬਣਾਇਆ ਹੈ। ਇਸ ਖੇਤਰ ਵਿਚ ਜਦੋਂ ਸੰਤ ਜਿੱਤ ਪ੍ਰਾਪਤ ਕਰ ਲੈਂਦਾ ਹੈ ਤੇ ਉਸ ਉੱਪਰ ਪ੍ਰਭੂ ਦੀ ਮਿਹਰ ਹੋ ਜਾਂਦੀ ਹੈ, ਤਾਂ ਉਹ ਸੋਨਾ ਬਣ ਜਾਂਦਾ ਹੈ।

ਇਸ ਪਉੜੀ ਦੇ ਇਸ ਧਰਮ ਰੂਪੀ ਡੰਡੇ ਉੱਤੇ ਚੜ੍ਹਨਾ ਕੋਈ ਸੌਖਾ ਕੰਮ ਨਹੀਂ, ਕਿਉਂਕਿ ਇੱਥੇ ਕਰਮ ਕਰਦੇ ਕੁਰਬਾਨੀ ਦੇਣੀ ਪੈਂਦੀ ਹੈ। ਸੰਤ ਜਨ ਇਸ ਕਰਮ-ਮਾਰਗ ਉਤੇ ਡੱਟੇ ਰਹਿੰਦੇ ਹਨ ਅਤੇ ਕਦੀ ਉਨ੍ਹਾਂ ਦੇ ਮਨ ਵਿਚ ਵਿਚਾਰ ਉਤਪੰਨ ਹੁੰਦਾ ਹੈ ਉਹ ਵਿਚਾਰ ਹੈ ਕਿ ਪਰਮਾਤਮਾ ਸਦਾ ਰਹਿਣ ਵਾਲਾ ਹੈ ਅਤੇ ਉਸਦੀ ਕਚਹਿਰੀ ਵਿਚ ਵੀ ਸੱਚ ਹੀ ਵਰਤਦਾ ਹੈ। ਇਸ ਵਿਚਾਰ ਦੇ ਨਾਲ ਇਹ ਵੀ ਪਤਾ ਲਗਦਾ ਹੈ ਕਿ ਉਸ ਪਰਮਾਤਮਾ ਦੇ ਦਰਬਾਰ ਵਿਚ ਉਹੀ ਪ੍ਰਮਾਣਿਕ ਸ੍ਰੇਸ਼ਟ ਅੱਖ ਸ਼ੋਭਾ ਪਾਣਗੇ, ਜਿਨ੍ਹਾਂ ਨੂੰ ਪਰਮਾਤਮਾ ਦੀ ਬਖਸ਼ਿਸ਼ ਦਾ ਚਿੰਨ੍ਹ ਪ੍ਰਾਪਤ ਹੋ ਗਿਆ ਹੈ।"[2]

ਇਹ ਖੰਡ ਸਭ ਤੋਂ ਸ੍ਰੇਸਟ ਖੰਡ ਹੈ। ਇਹ ਧਰਮ ਕਾਰਨ ਕਾਰਜ ਦੇ ਸਿੱਧਾਂਤ ਨੂੰ ਪੇਸ਼ ਕਰਦਾ ਹੈ। ਇਹ ਖੰਡ ਜੀਵ ਲਈ ਆਤਮਿਕ ਰਸਤੇ ਦੀ ਪਹਿਲੀ ਅਵਸਥਾ ਹੈ। ਇੱਥੇ ਪੁੱਜ ਕੇ ਮਨੁੱਖ ਇਹ ਵਿਚਾਰਨ ਲਗਦਾ ਹੈ ਕਿ ਉਹ ਏਥੇ ਧਰਮ ਕਮਾਉਣ ਆਇਆ ਹੈ। ਇੱਥੇ ਦਸਿਆ ਹੈ ਕਿ ਸੰਸਾਰ ਮਨੁੱਖੀ ਸ੍ਰਿਸ਼ਟੀ ਦੀ ਧਰਮਸ਼ਾਲਾ ਹੈ, ਜਿਸ ਵਿਚ ਪ੍ਰਾਣੀਆਂ ਨੂੰ ਨੈਤਿਕ ਅਰਥਾਤ ਅਧਿਆਤਮਿਕ ਸਾਧਨ ਦੇ ਮਾਧਿਅਮ ਤੋਂ ਸੱਚ ਦੀ ਖੋਜ ਕਰਨੀ ਹੈ। ਇਸ ਮੰਜਲ ਦਾ ਵਰਣਨ ਕਰਦਿਆਂ ਗੁਰੂ ਨਾਨਕ ਦੇਵ ਪ੍ਰਾਣਧਾਰੀ ਜੀਵਾਂ ਦੀਆਂ ਅਣਗਿਣਤ ਜਾਤੀਆਂ ਅਤੇ ਦ੍ਰਿਸ਼ਟੀ-ਗੋਚਰ ਪਦਾਰਥਾਂ ਦੀ ਵਿਸ਼ਾਲ ਤੇ ਭਰਪੂਰ ਅਨੇਕਤਾ ਦਾ ਕਥਨ ਕਰਦੇ

---

1. ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰਨਾ 163
2. ਜੋਧ ਸਿੰਘ, (ਭਾਈ) ਜਪੁਜੀ ਸਟੀਕ, ਪੰਨਾ 63-64

ਹਨ :-

ਤਿਸ ਵਿਚਿ ਜੀਅ ਜੁਗਤ ਕੇ ਰੰਗ ॥
ਤਿਨਕੇ ਨਾਮ ਅਨੇਕ ਅਨੰਤ ॥

(ਆਦਿ ਗ੍ਰੰਥ, ਪੰਨਾ 5)

ਸੱਚ ਦੀ ਖੋਜ ਵਿਚ ਲੱਗੇ ਮਨੁੱਖ ਲਈ ਜ਼ਰੂਰੀ ਹੈ ਕਿ ਉਹ ਜਾਣੇ ਕਿ ਉਸਦਾ ਚੌਗਿਰਦਾ ਨਿਯਮਬੱਧ ਹੈ ਅਤੇ ਇਸ ਦਾ ਅਧਿਐਨ ਵਿਗਿਆਨ ਦੁਆਰਾ ਹੋ ਸਕਦਾ ਹੈ।[1] ਜਦੋਂ ਜੀਵ ਨੂੰ ਆਪਣੇ ਆਲੇ ਦੁਆਲੇ ਦਾ ਪੂਰਨ ਭਾਂਤ ਅਨੁਭਵ ਹੋ ਜਾਂਦਾ ਹੈ ਤਾਂ ਉਹ ਅਗਲੇ ਪੜਾ ਵੱਲ ਵਧਦਾ ਹੈ।

****

1. ਭਾਈ ਜੋਧ ਸਿੰਘ, ਜੁਪਜੀ ਸਟੀਕ ਪੰਨਾ 63 - 64 -

## ( 2.) ਗਿਆਨ -ਖੰਡ

ਗਿਆਨ ਮਨੁੱਖੀ ਦ੍ਰਿਸ਼ਟੀ ਦਾ ਘੇਰਾ ਵਿਸ਼ਾਲ ਕਰਦਾ ਹੈ। ਇਸ ਖੰਡ ਵਿਚ ਪੁੱਜ ਕੇ ਕੁਦਰਤ ਦੇ ਵਿਸ਼ਾਲ ਪਸਾਰੇ ਦਾ ਗਿਆਨ ਪ੍ਰਾਪਤ ਹੁੰਦਾ ਹੈ। ਉਸਨੂੰ ਅਨੇਕ ਪ੍ਰਕਾਰ ਦੀਆਂ ਅਗਨੀਆਂ, ਹਵਾਵਾਂ ਅਤੇ ਕਈ ਕ੍ਰਿਸ਼ਨ,ਮਹੇਸ਼ ਤੇ ਬ੍ਰਹਮਾ ਵੇਖਣ ਦਾ ਮੌਕਾ ਮਿਲਦਾ ਹੈ। ਉਸਨੂੰ ਪਾਤਾਲਾਂ ਪਤਾਲ, ਲਖ ਅਗਾਸਾ ਅਗਾਸ ਦਾ ਗਿਆਨ ਹੋ ਜਾਂਦਾ ਹੈ। ਉਸ ਦੀ ਅਗਿਆਨਤਾ ਬਿਨਸ ਜਾਂਦੀ ਹੈ। ਅਤੇ ਬੁੱਧੀ ਉਜੱਲ ਹੋ ਜਾਂਦੀ ਹੈ। ਉਜਲ ਬੁੱਧੀ ਅਤੇਉਤੇਜਿਤ ਹਿਰਦੇ ਰਾਹੀਂ ਪ੍ਰਾਪਤ ਕੀਤਾ ਗਿਆਨ ਹੀ ਸੱਚ ਦੇ ਪਾਂਧੀ ਨੂੰ ਨਿਰਵਾਨ ਪ੍ਰਾਪਤੀ ਦੇ ਕਠਿਨ ਮਾਰਗ ਉੱਤੇ ਚਲਣ ਲਈ ਸੇਧ ਦਿੰਦਾ ਹੈ। ਇਸ ਗਿਆਨ ਵਿਚ ਪ੍ਰਭੂ ਦੀ ਅਸਚਰਜ ਰਚਨਾ ਦੀ ਸੋਝੀ ਦਾ ਆਨੰਦ ਹੈ। ਗੁਰੂ ਨਾਨਕ ਦੇਵ ਨੇ ਗਿਆਨ ਖੰਡ ਦਾ ਵਰਨਣ ਵਿਸਮਾਦਕ ਭਾਵਾਂ ਨਾਲ ਭਰਪੂਰ ਮਨੁੱਖੀ ਅਨੁਭਵ ਨੂੰ ਮੁੱਖ ਰੱਖ ਕੇ ਹੀ ਕੀਤਾ ਹੈ। ਭਾਵੇਂ ਇਸ ਖੰਡ ਦਾ ਨਾਮ ਗਿਆਨ-ਖੰਡ ਹੈ, ਪਰੰਤੂ ਇਸ ਪਉੜੀ ਦੇ ਵਰਣਨ ਦੇ ਅੰਤ ਵਿਚ ਗੁਰੂ ਜੀ ਨੇ ਗਿਆਨ ਨੂੰ ਅਨੰਦ ਦਾ ਸੋਮਾ ਮਿੱਥ ਕੇ ਇਹ ਮੁਹਰਲਾ ਦਿੱਤੀ ਕਿ ਗਿਆਨ-ਖੰਡ ਦਾ ਸੰਬੰਧ ਮਨੁੱਖੀ ਮਨ ਦੇ ਵਿਸਮਾਦਿਕ ਭਾਵਾਂ ਨਾਲ ਹੈ, ਇਹਨਾਂ ਸਤਰਾਂ ਵਿਚ ਨਾਦ ਬਿਨੋਦ ਅਤੇ ਕੋੜ ਆਦਿ ਹੈਰਾਨੀ ਦੇ ਸੰਸਕਾਰ ਜਗਾਉਣ ਵਾਲੇ ਹੀ ਸ਼ਬਦ ਹਨ। ਜਿਵੇਂ:

ਗਿਆਨ ਖੰਡ ਮਹਿ ਗਿਆਨੁ ਪਰਚੰਡ ॥
ਤਿਥੈ ਨਾਦ ਬਿਨੋਦ ਕੋਡ ਅਨੰਦ ॥

( ਆਦਿ ਗ੍ਰੰਥ, ਪੰਨਾ 5)

" ਇਹ ਗਿਆਨ ਬਾਹਰੀ ਇੰਦਰੀਆਂ ਦੁਆਰਾ ਪ੍ਰਾਪਤ ਸ੍ਰਿਸ਼ਟੀ ਦਾ ਗਿਆਨ ਨਹੀਂ;ਇਹ ਤਾਂ ਅੰਤਰ ਮਨ ਵਿਚ ਪ੍ਰਸਤੁਤ ਹੈ।"[1]

ਇਹ ਪੜਾ ਖੋਜੀ ਨੂੰ ਇਕ ਬੜੇ ਵੱਡੇ ਮੰਡਲ ਵਿਚ ਆਪਣੀ ਸਥਿਤੀ ਦਾ ਵਿਚਾਰ ਦਿੰਦਾ ਹੈ। ਇਹ ਉਸਨੂੰ ਆਪਣੇ ਆਪੇ ਨੂੰ ਪਛਾਨਣ ਦੀ ਸੋਝੀ ਦਿੰਦਾ ਹੈ ਅਤੇ ਉਸਨੂੰ ਉੱਚ ਮੰਡਲਾਂ ਵਿਚ ਉਡਾਰੀ ਲਾਉਣ ਯੋਗ ਬਣਾਉਂਦਾ ਹੈ। ਉਹ ਸੰਤੁਸ਼ਟਤਾ ਅਨੁਭਵ ਕਰਦਾ ਹੈ।[2] ਇਹ ਖੰਡ ਪਰਤੱਖ ਤੌਰ ਤੇ ਮਨੁੱਖ ਦੀ ਵਧ ਰਹੀ ਸਮਝ ਨੂੰ ਦਰਸਾਉਂਦਾ ਹੈ।

---

1. ਵਿਨੋਵਾ ਭਾਵੇ, ਜੁਪਜੀ ( ਹਿੰਦੀ), ਪੰਨਾ 68

2. Kohli S.S.(Dr.) Philosophy of Guru Nanak, P:177

ਜਿਹੜੀ ਮੁਖ ਰੂਪ ਵਿਚ ਸ੍ਰਿਸ਼ਟੀ ਦੀਆਂ ਵਿਸ਼ੇਸ਼ਤਾਈਆਂ ਦੀ ਵਿਕਸਤ ਹੁੰਦੀ ਕਦਰ ਕਾਰਨ ਹੁੰਦੀ ਹੈ ਅਤੇ ਉਨ੍ਹਾਂ ਮਹਾਨ ਰੂਪਾਂ ਦੀ ਮਹੱਤਤਾ ਕਾਰਨ। ਇਸ ਵਿਚ ਮਨੁੱਖ ਵਿਦਿਆ ਅਤੇ ਵਿਚਾਰ ਨਾਲ ਅਕਾਲ ਪੁਰਖ ਦੀ ਬੇਅੰਤ ਕੁਦਰਤ ਦਾ ਨਕਸ਼ਾ ਅੱਖਾਂ ਅੱਗੇ ਬਣਾਂਦਾ ਹੈ ਅਤੇ ਨਤੀਜੇ ਵਜੋਂ ਗਿਆਨ ਦੀ ਅੰਧੇਰੀ ਆ ਜਾਂਦੀ ਹੈ। ਇਸ ਖੰਡ ਵਿਚ ਕੁਦਰਤ ਦੇ ਵਿਸ਼ਾਲ ਖਿਲਾਰੇ ਦਾ ਪਤਾ ਲਗਦਾ। ਇਹ ਪੱਧਰ ਪ੍ਰਤੱਖ ਅਨੁਭਵੀ ਸੋਚ ਦਾ ਅਗਲਾ ਪੜਾ ਹੈ। ਚਾਹੇ ਇਸਨੂੰ ਤਾਰਕਿਕ ਸਚਾਈ ਦੀ ਪੱਧਰ ਕਹਿਣਾ ਵਧੇਰੇ ਉਚਿੱਤ ਹੈ। ਜੋ ਕੁਝ ਪ੍ਰਤੱਖ ਤੌਰ ਤੇ ਵੇਖਿਆ ਭਾਲਿਆ ਨਹੀਂ ਜਾ ਸਕਦਾ, ਉਸਨੂੰ ਤਾਰਕਿਕ ਰੂਪ ਵਿਚ ਅਨੁਮਾਨਿਆ ਤੇ ਘੜਿਆ ਜਾ ਸਕਦਾ ਹੈ।[1]

ਗਿਆਨ-ਖੰਡ ਦੀ ਪਉੜੀ ਵਿਚ ਆਤਮਿਕ ਪਾਂਧੀ ਦੀ ਅਸਚਰਜਤਾ ਵਿਸ਼ਵ -ਨਿਜ਼ਾਮ ਦੀ ਵਿਸ਼ਾਲਤਾ ਅਤੇ ਆਨੰਦ -ਸਰੂਪ ਵਿਚ ਇਕ ਸੁਰ ਹੋ ਰਹੀ ਗਿਆਨ-ਸ਼ੀਲ ਆਤਮਾ ਦਾ ਹੀ ਪ੍ਰਗਟਾਵਾ ਕੀਤਾ ਗਿਆ ਹੈ। ਗਿਆਨ ਖੰਡ ਵਿਚ ਪਹੁੰਚ ਕੇ ਮਨੁੱਖ ਦੁਨਿਆਵੀ ਕੀਮਤਾਂ ਨੂੰ ਤਿਆਗ ਕਰਨ ਲਗ ਪੈਂਦਾ ਹੈ।

ਗਿਆਨ ਖੰਡ ਦਾ ਵਾਸੀ ਦੈਵੀ ਅਨੰਦ ਵਿਚ ਮੁਗਧ ਹੋ ਕੇ ਰਸ ਮਾਣਦਾ ਹੈ। ਇਹ ' ਰਸ -ਮਗਨਤਾ' ਉਸ ਦੀ ਸ਼ਖਸੀਅਤ ਨੂੰ ਇਕਾਗਰਤਾ ਬਖਸ਼ਦੀ ਹੈ ਤੇ ਅਗਲੇ ਪੜਾ ਲਈ ਤਿਆਰ ਵੀ ਕਰ ਦਿੰਦੀ ਹੈ। ਇਸ ਖੰਡ ਦਾ ਵਸੀ ਵਿਕਾਰਾਂ ਦੇ ਸੋਮੇ ਹਉਮੈ ਦੀ ਥਾਂ ਵਿਸਮਾਦ ਵਰਗੇ ਉਚੇਰੇ ਭਾਵ ਮੰਡਲ ਵਿਚ ਵਿਚਰਨ ਲਗ ਪੈਂਦਾ ਹੈ ਅਤੇ ਆਪਣੇ ਡੂੰਘੇ ਆਪੇ ਨੂੰ ਜਾਣਨ ਵੱਲ ਮੁੜਦਾ ਹੈ।

****

---

1. ਵੰਜੀਰ ਸਿੰਘ (ਡਾ.) <u>ਨਾਨਕ ਬਾਣੀ ਚਿੰਤਨ</u>, ਪੰਨਾ 64

## (3) ਸਰਮ -ਖੰਡ

ਸਰਮ ਖੰਡ ਦੀ ਅਵਸਥਾ ਵਿਚ ਮਨੁੱਖ ਆਪਾ ਚੀਨਣ ਦੇ ਪ੍ਰਯੋਜਨ ਨਾਲ ਸ਼ੀਲ ਗੁਣਾਂ ਦੀ ਪ੍ਰਾਪਤੀ ਵਾਸਤੇ ਸਾਧਨਾ ਕਰਦਾ ਹੈ। ਇਸ ਖੰਡ ਵਿਚ ਮਨੁੱਖ ਪੂਰਣ ਰੂਪ ਵਿਚ ਆਤਮਿਕ ਤੌਰ ਤੇ ਜਾਗਦਾ ਹੈ ਅਤੇ ਆਪਣਾ ਆਤਮਿਕ ਅਭਿਆਸ ਬਲਵਾਨ ਕਰਦਾ ਕਰਮ -ਖੰਡ ਵਿਚ ਪਰਵੇਸ਼ ਕਰਦਾ ਹੈ। ਸਰਮ-ਖੰਡ ਦਾ ਵਾਸੀ ਮਨੁੱਖ ਸਰਬ ਸਦਾਚਾਰਕ ਕੀਮਤਾਂ ਦਾ ਪੁੰਜ ਬਣ ਜਾਂਦਾ ਹੈ। ਸਰਮ ਖੰਡ ਪੁਰਸ਼ਾਰਥ ਦੀ ਮੰਜ਼ਲ ਹੈ ਅਰਥਾਤ ਮਿਹਨਤ ਉੱਦਮ ਅਤੇ ਘਾਲਣਾ ਦੀ ਮੰਜ਼ਲ ਹੈ।[1]

ਇਸ ਖੰਡ ਵਿਚ ਉੱਦਮ, ਤਪੱਸਿਆ ਜਾਂ ਸਾਧਨਾ ਨਾਲ ਰੂਪ ਨਿਖਰਦਾ ਹੈ। ਇਸ ਅਵਸਥਾ ਵਿਚ ਮਨੁੱਖ ਦੀ ਅਕਲ ਦੇਵਤਿਆਂ ਵਰਗੀ ਬਣ ਜਾਂਦੀ ਹੈ। ਇਹ ਆਤਮਿਕ ਰਸਤੇ ਦੀ ਤੀਜੀ ਪੌੜੀ ਹੈ ਅਤੇ ਇਸ ਉੱਪਰ ਪੈਰ ਰਖ ਕੇ ਆਦਮੀ ਇਸ ਅਵਸਥਾ ਵਿਚ ਪੁੱਜ ਜਾਂਦਾ ਹੈ ਕਿ ਮਨ ਸੁਹਣਾ ਅਤੇ ਸੁਥਰਾ ਬਣ ਜਾਂਦਾ ਹੈ ਅਤੇ ਮੱਤ ਉੱਚੀ ਹੋ ਜਾਂਦੀ ਹੈ। ਇਸ ਖੰਡ ਵਿਚ ਨਿਰੰਤਰ ਸਾਧਨਾ ਤੋਂ ਸਿਰਜਨ -ਸ਼ਕਤੀ ਉਪਜਦੀ ਹੈ। ਮਨੁੱਖ ਦੀ ਸਾਰੀ ਅੰਤ੍ਰੀਵ ਸ਼ਖਸੀਅਤ ਨਵੀਂ ਮੱਤ, ਨਵੀਂ ਆਤਮਿਕ ਸ਼ਖਸੀਅਤ ਅਤੇ ਬੁੱਧੀ ਜਨਮ ਧਾਰਦੀ ਹੈ।[2]

ਇਸ ਨੂੰ ਸਰਮ -ਖੰਡ ਇਸ ਕਰਕੇ ਵੀ ਆਖਿਆ ਜਾਂਦਾ ਹੈ ਕਿ ਇਸ ਅਵਸਥਾ ਵਿਚ ਪਰਮਾਤਮਾ ਭਗਤ ਦੀ ਲੱਜਿਆ ਰਖਦਾ ਹੈ। ਸਰਮ ਸ਼ਬਦ ਦੇ ਅਰਥ ਬਾਰੇ ਤਿੰਨ ਵਿਚਾਰ ਹਨ। ਪਹਿਲੇ ਹਨ, ਜਿਨ੍ਹਾਂ ਦਾ ਦਾਅਵਾ ਹੈ ਕਿ ਇਹ ਸੰਸਕ੍ਰਿਤ ਦੇ 'ਸ਼੍ਰਮ 'ਚੋਂ ਆਇਆ ਹੈ ਅਤੇ ਉਹ ਇਸ ਅਨੁਸਾਰ ਹੀ ਇਸ ਦੀ ਵਿਆਖਿਆ ਕਰਦੇ ਹਨ।[3] ਦੂਜੇ ਟੀਕਾਕਾਰ ਉਹ ਹਨਜਿਹੜੇ ਇਸ ਦੀ ਵਿਉਤਪੱਤੀ ਸੰਸਕ੍ਰਿਤ ਦੇ ' ਸਰਮ' ਸ਼ਬਦ ਵਿਚੋਂ ਦਸਦੇ ਹਨ ਅਤੇ ਇਸਨੂੰ ਅਨੰਦ ਦਾ ਖੰਡ ਕਹਿੰਦੇ ਹਨ।[4] ਤੀਜੇ ਫਾਰਸੀ ਸ਼ਰਮ ਦੇ ਹੱਕ

---

1. ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰਨਾ 168
2. Kohli S.S (Dr.) A Critical Study of Adi Granth, P:367
3. Macaliff, The Sikh Religion, P: 216
4. Gopal Singh (Dr.) Guru Granth Sahib (English) P: 11

ਵਿਚ ਹਨ ਅਤੇ ਉਹ ਇਸ ਦੀ ਵਿਆਖਿਆ ਨਿਮਰਤਾ ਜਾਂ ਅਧੀਨਗੀ ਦੇ ਖੰਡ ਵਜੋਂ ਕਰਦੇ ਹਨ। ਅਸਲ ਵਿਚ ਜੇ ਵਿਚਾਰ ਨਾਲ ਸੋਚਿਆ ਅਤੇ ਸਮਝਿਆ ਜਾਵੇ, ਤਾਂ ਪਹਿਲੀ ਧਾਰਨਾ ਸਭ ਤੋਂ ਵਧ ਠੀਕ ਜਾਪਦੀ ਹੈ।

ਇਹ ਖੰਡ ਉੱਦਮ ਜਾਂ ਮਿਹਨਤ ਦਾ ਦਰਜਾ ਹੈ। ਇਸ ਖੰਡ ਦਾ ਬਹੁਤ ਸੰਖੇਪ ਵਰਣਨ ਹੈ। ਗੁਰੂ ਜੀ ਨੇ ਖੁਦ ਹੀ ਆਖਿਆ ਹੈ ਕਿ ਉਸ ਦੀਆਂ ਗੱਲਾਂ ਕਹੀਆਂ ਨਹੀਂ ਜਾ ਸਕਦੀਆਂ:-

ਤਾ ਕੀਆ ਗਲਾ ਕਥੀਆ ਨਾ ਜਾਹਿ ॥
ਜੇ ਕੋ ਕਹੈ ਪਿਛੈ ਪਛੁਤਾਇ ॥

(ਆਦਿ ਗ੍ਰੰਥ, ਪੰਨਾ 65)

ਇਸ ਅਵਸਥਾ ਵਿਚ ਪੁਜ ਕੇ ਸੋਤ, ਮਨ ਅਤੇ ਬੁੱਧੀ ਦੀ ਸੁਧ ਅਤੇ ਉਚੇਰੀ ਘਾੜਤ ਹੁੰਦੀ ਹੈ। ਅਸਲ ਵਿਚ ਇਹ ਸੰਪੂਰਨਤਾ ਦੀ ਅਵਸਥਾ ਹੈ। ਇਹ ਅਧਿਆਤਮਿਕ ਜਾਂ ਦਾਰਸ਼ਨਿਕ ਸੋਚ ਦੀ ਪੱਧਰ ਹੈ, ਜਿਸ ਦਾ ਲੱਛਣ ਸੁਹਜਮਈ ਆਤਮਿਕ ਅਨੁਭਵ ਜਾਂ ਕਾਵਿਕ ਕਲਪਨਾ ਹੈ, ਜਿੱਥੇ ਅਨੇਕਤਾ ਅਤੇ ਬਹੁਲਤਾ ਦਾ ਅਹਿਸਾਸ ਮੱਧਮ ਪੈ ਜਾਂਦਾ ਹੈ ਅਤੇ ਇਸ ਦੀ ਥਾਂ ਤੇ ਏਕਤਾ ਤੇ ਵਿਸਮਾਦ ਦੇ ਭਾਵ ਲੈਂਦੇ ਹਨ। ਇੱਥੇ ਬੁਧਿਕ ਵਿਸ਼ਲੇਸ਼ਣ ਸੰਜੋਗ, ਅਤੇ ਏਕਤਾ ਦੇ ਅਹਿਸਾਸ ਔਗੇ ਝੁਕ ਜਾਂਦਾ ਹੈ।[1]

ਇਥੇ ਹਕੀਕਤ ਦੀ ਇਕ ਉਚੇਰੀ ਸੂਝ ਵਿਆਪਕ ਹੁੰਦੀ ਹੈ, ਜੋ ਸਾਧਾਰਨ ਸੁੱਧ-ਬੁੱਧ ਨੂੰ ਨਵੇਂ ਸਿਰਿਉਂ ਘੜਦੀ ਹੈ ਅਤੇ ਇਸਨੂੰ ਰਿਸ਼ੀਆਂ ਅਤੇ ਸਿੱਧਾਂ ਦੀ ਸੂਝ-ਬੂਝ ਵਿਚ ਪਲਟ ਦਿੰਦੀ ਹੈ:-

ਤਿਥੈ ਘੜੀਐ ਸੁਰਤਿ ਮਨ ਬੁਧਿ ॥
ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ ॥

( ਆਦਿ ਗ੍ਰੰਥ, ਪੰਨਾ 5)

---

1. ਵਜ਼ੀਰ ਸਿੰਘ (ਡਾ.), ਨਾਨਕ ਬਾਣੀ ਚਿੰਤਨ, ਪੰਨਾ 63

## (4) ਕਰਮ -ਖੰਡ

ਕਰਮ -ਖੰਡ ਦੀ ਅਵਸਥਾ ਵਿਚ ਜਦੋਂ ਮਨੁੱਖ ਪਹੁੰਚਦਾ ਹੈ, ਤਾਂ ਪ੍ਰਭੂ ਬਖਸ਼ਿਸ਼ ਜਾਂ ਨਦਰਿ ਉਸ ਦੇ ਅੰਗ ਸੰਗ ਹੁੰਦੀ ਹੈ। ਕਰਮ -ਖੰਡ ਵਿਚ ਕਿਉਂਕਿ ਮਨੁੱਖ ਆਪਾ ਤਿਆਗ ਚੁੱਕਾ ਹੁੰਦਾ ਹੈ ਅਤੇ ਪ੍ਰਭੂ ਬਖਸ਼ਿਸ਼ ਦਾ ਭਾਗੀ ਬਣਿਆ ਹੁੰਦਾ ਹੈ। ਇਸ ਕਰਕੇ ਉਹ ਆਤਮਿਕ ਤੌਰ ਤੇ ਬਲਵਾਨ ਹੋ ਜਾਂਦਾ ਹੈ। ਇਸ ਖੰਡ ਵਿਚ ਪ੍ਰੁੰਜ ਕੇ ਜੋਧ ਮਹਾਂ-ਬਲਸੂਰ ਵਾਲੀ ਸੱਚੀ ਸੂਰਬੀਰਤਾ ਮਨੁੱਖੀ ਹਿਰਦੇ ਵਿਚ ਸਮਾ ਜਾਂਦੀ ਹੈ। ਅਜਿਹੀ ਅਵਸਥਾ ਵਿਚ ਮਨੁੱਖ ਪ੍ਰਭੂ ਦੀ ਸਰਬ ਵਿਆਪਕਤਾ ਦਾ ਅਨੁਭਵ ਕਰਦਾ ਹੈ। ਇਹ ਉਨ੍ਹਾਂ ਆਤਮਿਕ ਯੋਧਿਆਂ ਦਾ ਸੂਖਮ ਨਿਵਾਸ ਸਥਾਨ ਹੈ, ਜਿਨ੍ਹਾਂ ਦੇ ਹਿਰਦੇ ਵਿਚ ਇਕ ਰਸ ਰਾਮ ਰਮਿਆ ਰਹਿੰਦਾ ਹੈ ਅਤੇ ਉਹ ਸਦਾ ਅਨੰਦ ਦੀ ਅਵਸਥਾ ਵਿਚ ਵਿਚਰਦੇ ਹਨ। ਅਸਲ ਵਿਚ ਇਹ ਆਤਮ ਯੋਧੇ ਰੱਬੀ ਭਗਤ ਹਨ ਅਤੇ ਜਦੋਂ ਮਨੁੱਖ ਉੱਪਰ ਪ੍ਰਭੂ ਦੀ ਕਿਰਪਾ ਹੋ ਜਾਂਦੀ ਹੈ, ਤਾਂ ਉਹ ਅਲੌਕਿਕ ਸ਼ਕਤੀ ਪ੍ਰਾਪਤ ਕਰ ਲੈਂਦਾ ਹੈ। ਇਸ ਸ਼ਕਤੀ ਕਰਕੇ ਉਹ ਅਧਿਆਤਮਿਕ ਮਹਾਂਬਲੀ ਬਣਕੇ ਇਸ ਖੰਡ ਵਿਚ ਨਿਵਾਸ ਕਰਦੇ ਹਨ। ਉਨ੍ਹਾਂ ਦੇ ਮਨ ਵਿਚ ਰਾਮ ਵਸਣ ਕਰਕੇ ਅਮਰ ਹੋ ਜਾਂਦੇ ਹਨ।

ਇਸ ਖੰਡ ਪਰਮ -ਪਦ ਦੀ ਅਵਸਥਾ ਹੈ।[1] ਇਸ ਅਵਸਥਾ ਵਿਚ ਮਨੁੱਖ ਦਾ ਰੂਪ ਅਕੱਥ ਹੋ ਜਾਂਦਾ ਹੈ। ਇਹ ਆਤਮਕ -ਮੰਡਲ ਉਹੀ ਹੈ, ਜਿੱਥੇ ਭਗਤ ਸੂਰਮੇ ਵਸਦੇ ਹਨ, ਜਿਨ੍ਹਾਂ ਦੇ ਮਨ ਵਿਚ ਸੱਚਾ ਪ੍ਰਭੂ ਵਿਆਪਕ ਰੂਪ ਵਿਚ ਵਸਿਆ ਹੋਇਆ ਹੈ। ਇਸ ਖੰਡ ਵਿਚ ਹੀ ਭਗਤ ਸੂਰਮੇ ਉਸ ਸਦੀਵੀ ਅਨੰਦ ਨੂੰ ਮਾਣਦੇ ਹੋਏ ਸੱਚ ਖੰਡ ਦੇ ਮੰਡਲ ਵਿਚ ਪ੍ਰਵੇਸ਼ ਕਰ ਜਾਂਦੇ ਹਨ। ਇਸ ਖੰਡ ਵਿਚ ਮਨੁੱਖੀ ਅਨੁਭਵ ਸੱਚ ਦੇ ਪੂਰਨ ਅਨੁਭਵ ਨਾਲ ਇਕਸੁਰਤਾ ਪ੍ਰਾਪਤ ਕਰ ਲੈਂਦਾ ਹੈ।

ਇਸ ਅਵਸਥਾ ਵਿਚ ਪਹੁੰਚ ਕੇ ਮੌਤ ਦਾ ਭੈ ਬਿਲਕੁਲ ਦੂਰ ਹੋ ਜਾਂਦਾ ਹੈ। ਹਉਮੈ ਦਾ ਬਿਲਕੁਲ ਅਭਾਵ ਹੋ ਜਾਂਦਾ ਹੈ ਅਤੇ ਪਾਂਧੀ ਸੂਫ਼ੀ ਦਰਵੇਸ ਰੂਮੀ ਵਾਂਗ ਕਹਿ ਉਠਦਾ ਹੈ: "ਮੇਰੇ ਅੰਦਰ ਦੇ ਵੱਲ ਉਹ ਆਪ ਹੀ ਵਸਦਾ ਹੈ। ਇਹ ਹੈ ਕਰਮ-ਖੰਡ ਦੀ ਪੂਰਨ ਨਦਰ ਜਾਂ ਮਿਹਰ ਦੀ ਅਵਸਥਾ, ਜਿਸ ਵਿਚ ਗੁਰੂ ਦੀ ਸਿੱਖ ਪਰਮਾਤਮਾ ਦੀ ਨਿਰੰਤਰ ਲਿਵ ਵਿਚ ਜ਼ਿੰਦਗੀ ਬਤੀਤ ਕਰਦਾ ਹੈ।[1] ਸਦਾਚਾਰਕ ਸੱਚ ਦੀ ਇਸ ਪੌਧਰ

---

1. ਤ੍ਰਿਲੋਚਨ ਸਿੰਘ (ਡਾ.) ਗੁਰੂ ਨਾਨਕ ਦਾ ਸਿੱਖ ਧਰਮ, ਪੰਨਾ 58

ਦੀ ਪਛਾਣ ਬਲ ( ਜ਼ੋਰ) ਤੋਂ ਹੁੰਦੀ ਹੈ। ਸੱਚ ਦਾ ਮੁਤਲਾਸ਼ੀ ਪਿਛਲੇ ਖੰਡਾਂ ਦੀਆਂ ਚਿੰਤਨ ਅਤੇ ਆਤਮਿਕ ਅਨੁਭਵ ਰਾਹੀਂ ਗ੍ਰਹਿਣ ਕੀਤੀਆਂ ਸ਼ਕਤੀਆਂ ਦਾ ਧਾਰਨੀ ਹਕੀਕੀ ਸੂਝ ਨੂੰ ਪ੍ਰਾਪਤ ਹੁੰਦਾ ਹੈ, ਜੋ ਉਸਨੂੰ ਆਤਮਿਕ ਯੋਧਾ ਬਣਾ ਦੇਂਦੀਆਂ ਹਨ[1]

ਤਿਥੈ ਜੋਧ ਮਹਾ ਬਲ ਸੂਰ ॥
ਤਿਨਮਹਿ ਰਾਮ ਰਹਿਆ ਭਰਪੂਰ ॥
ਤਿਥੈ ਸੀਤੋ ਸੀਤਾ ਮਹਿਮਾ ਮਾਹਿ ॥
ਤਾ ਕੇ ਰੂਪ ਨਾ ਕਥਨੇ ਜਾਹਿ ॥

( ਆਦਿ ਗ੍ਰੰਥ, ਪੰਨਾ 5)

---

1. ਵਜ਼ੀਰ ਸਿੰਘ (ਡਾ.) ~~ਗੁਰੂ ਨਾਨਕ ਦਾ ਸਿੱਖ ਧਰਮ~~, ਨਾਨਕ ਬਾਣੀ ਚਿੰਤਨ, ਪੰਨਾ:67

***

(5.) ( ਸੱਚ ਖੰਡ

ਇਹ ਆਖਰੀ ਮੰਜ਼ਲ ਹੈ, ਜਿੱਥੇ ਵਾਹਿਗੁਰੂ ਆਪ ਵਸਦਾ ਹੈ। ਇਸ ਦੀ ਪਰਿਭਾਸ਼ਾ ਗੁਰੂ ਨਾਨਕ ਨੇ ਆਰੰਭ ਵਿਚ ਦਿੱਤੀ ਹੈ:-

ਸੱਚ ਖੰਡ ਵਸੈ ਨਿਰੰਕਾਰ ॥

( ਆਦਿ ਗ੍ਰੰਥ, ਪੰਨਾ 4)

ਇੱਥੇ ਜੀਵ ਉਸ ਪਰਮਾਤਮਾ ਨਾਲ ਇਕ ਰੂਪ ਹੋ ਜਾਂਦਾ ਹੈ।ਇਸ ਅਵਸਥਾ ਵਿਚ ਉਸਦੇ ਸਾਖਿਆਤ ਦਰਸ਼ਨ ਹੁੰਦੇ ਹਨ ਅਤੇ ਉਸਦੇ ਪਸਾਰੇ ਦੀ ਸੋਝੀ ਹੁੰਦੀ ਹੈ। ਇੱਥੇ ਪੁੱਜ ਕੇ ਮਨੁੱਖ ਦਾ ਹਰ ਕਰਮ ਦੈਵੀ ਹੁਕਮ ਦੀ ਅਗਵਾਈ ਵਿਚ ਸਹਿਜ ਸੁਭਾ ਵਿਚ ਵਿਚਰਣ ਨਾਲ ਹੀ ਮਨੁੱਖ ਪ੍ਰਭੂ ਦੇ ਸਰਬ ਗੁਣ ਧਨ ਨੂੰ ਪ੍ਰਾਪਤ ਕਰ ਲੈਂਦਾ ਹੈ। ਸੱਚ ਖੰਡ ਵਾਸੀ ਮਨੁੱਖ ਨਿਰੰਕਾਰੀ ਗੁਣਾਂ ਦਾ ਪੁੰਜ ਹੋ ਜਾਂਦਾ ਹੈ। ਉਹ ਆਪਣੇ ਆਪ ਨੂੰ ਉਸ ਵਾਹਿਗੁਰੂ ਨਾਲ ਅਭੇਦ ਕਰ ਲੈਂਦਾ ਹੈ, ਸਗੋਂ ਉਹ ਆਪ ਹੀ ਨਿਰੰਕਾਰ ਹੋ ਜਾਂਦਾ ਹੈ, ਕਿਉਂਕਿ ਸੱਚ ਖੰਡ ਵਿਚ ਕੇਵਲ ਸੱਚ -ਸਰੂਪ ਨਿਰੰਕਾਰ ਹੀ ਹੈ। ਸੱਚ -ਖੰਡ ਕੋਈ ਧਰਤੀ ਦਾ ਖੰਡ ਨਹੀਂ। ਇਹ ਤਾਂ ਸਵੈ ਅਨੰਦ ਸਰੂਪ ਦਾ ਖੰਡ ਹੈ, ਜੋ ਘਟ ਘਟ ਵਿਚ ਬਿਰਾਜਮਾਨ ਵੀ ਹੈ ਅਤੇ ਘਟ ਘਟ ਵਿਚੋਂ ਦ੍ਰਿਸ਼ਟਮਾਨ ਵੀ ਹੋ ਰਿਹਾ ਹੈ। ਇਸ ਖੰਡ ਵਿਚ ' ਵਿਗਾਸ ਅਤੇ ਨਦਰਿ' ਵਿਆਪਕ ਰੂਪ ਵਿਚ ਸਮਾਏ ਹੋਏ ਹਨ।

ਇਸ ਖੰਡ ਵਿਚ ਵਾਹਿਗੁਰੂ ਦੀ ਕਿਰਪਾ ਹੋਣ ਪਿਛੋਂ ਮਨੁੱਖ ਨੂੰ ਬੇਅੰਤ ਖੰਡ ਮੰਡਲ ਅਤੇ ਬ੍ਰਹਮੰਡ ਦਿਸਦੇ ਹਨ, ਜਿਨ੍ਹਾਂ ਦਾ ਵਰਣਨ ਮੁਸ਼ਕਲ ਹੈ। ਇਸ ਅਵਸਥਾ ਵਿਚ ਪੁੱਜ ਕੇ ਮਨੁੱਖ ਨੂੰ ਹਰ ਇਕ ਥਾਂ ਉਸ ਪ੍ਰਭੂ ਦੀ ਰਜਾ ਵਰਤਦੀ ਦਿਸਦੀ ਹੈ, ਜਿਸ ਦੀ ਵਰਣਨ ਕਰਨਾ ਬੜਾ ਮੁਸ਼ਕਲ ਹੈ। " ਇੱਥੇ ਮਨੁੱਖ ਸਚਿਆਰਹੋ ਕੇ ਸੱਚੇ ਨਾਲ ਇਕਮਿਕ ਹੋ ਜਾਂਦਾ ਹੈ। ਉਸ ਦੀ ਆਪਣੀ ਰਜਾ ਰੱਬ ਦੀ ਰਜਾ ਦੇ ਬਿਲਕੁਲ ਅਨੁਕੂਲ ਹੋ ਜਾਂਦੀ ਹੈ ਅਤੇ ਉਸ ਤੋਂ ਉਹ ਕੰਮ ਹੁੰਦੇ ਹਨ,ਜੋ ਰੱਬ ਨੂੰ ਭਾਉਂਦੇ ਹਨ।[1] ਇਸ ਉਚੱਤਮ ਅਵਸਥਾ ਵਿਚ ਪੁੱਜ ਕੇ ਸਿੱਖ ਪੂਰਣ ਜਿਓਤੀ ਦੇ ਨਾਲ ਮਿਲਕੇ ਪੂਰਣ-ਮਨੁੱਖ( ਪਰਮ -ਮਨੁੱਖ) ਬਣ ਜਾਂਦਾ ਹੈ।

ਇਹ ਉਹ ਮੰਜ਼ਲ ਹੈ ਜੋ ਮਨੁੱਖੀ ਹੋਂਦ ਦਾ ਅੰਤਿਮ ਆਦਰਸ਼ ਅਤੇ ਮੰਤਵ ਹੈ।

---

1. ਤੇਜਾ ਸਿੰਘ (ਪ੍ਰਿੰਸੀਪਲ) ਜਪੁਜੀ ਸਟੀਕ, ਪੰਨਾ 55

ਇਹ ਪਰਮ -ਅਨੰਦ ਦੀ ਅਵਸਥਾ ਹੈ। ਇਸ ਖੰਡ ਵਿਚ ਪੁੱਜ ਕੇ ਜਪੁਜੀ ਦੇ ਮੂਲ ਪ੍ਰਸ਼ਨ ਦਾ ਹੱਲ ਵੀ ਸਪਸ਼ਟ ਹੋ ਜਾਂਦਾ ਹੈ, ਜਦੋਂ ਸਾਧਕ ਪ੍ਰਭੂ ਦੇ ਹੁਕਮ ਅਨੁਕੂਲ ਕਾਰਜ ਕਰਦੇ ਉਸਨੂੰ ਵੇਖਦਾ, ਵਿਗਸਦਾ ਅਤੇ ਵਿਚਾਰ ਕਰਦਾ ਹੈ:-

ਜਿਵ ਜਿਵ ਹੁਕਮੁ ਤਿਵੈ ਤਿਵ ਕਾਰੁ ॥
ਵੇਖੈ ਵਿਗਸੈ ਕਰਿ ਵੀਚਾਰੁ ॥

( ਆਦਿ ਗ੍ਰੰਥ, ਪੰਨਾ 5 )

ਇਸਨੂੰ ਆਤਮਿਕ ਮੰਡਲ ਵੀ ਕਹਿੰਦੇ ਹਨ। ਇਹ ਆਤਮਾ ਦਾ ਮੰਡਲ ਕਥਨ ਤੋਂ ਬਾਹਰੀ ਹੈ। ਪਰਮ -ਸਤਿ ਦੀ ਕੇਂਦਰੀ ਧੁਰ ਨਾਲ ਸੁਰ-ਬੱਧ ਹੋਏ ਵਿਅਕਤੀ ਨੂੰ, ਜਿਸ ਦੀ ਪੂਰਣ ਇਕਸੁਰਤਾ ਤੋਂ ਵਾਂਝੇ ਵਿਅਕਤੀ ਨੂੰ ਕੋਈ ਸਾਰ ਨਹੀਂ, ਹਕੀਕਤ ਦੀ ਝਲਕ ਮਿਲਣ ਦੀ ਸੰਭਾਵਨਾ ਹੋ ਸਕਦੀ ਹੈ। ਇਹ ਸ਼ਾਇਦ ਸਾਰੀ ਵਿਉਂਤ ਦਾ ਰਹੱਸਮਈ ਅੰਗ ਹੈ।[1] ਇਹ ਪਰਮ -ਅਨੰਦ ਦੀ ਅਵਸਥਾ ਹੈ ।

---

1. ਵਜ਼ੀਰ ਸਿੰਘ (ਡਾ.) ਨਾਨਕ ਬਾਣੀ ਚਿੰਤਨ, ਪੰਨਾ 67

***

## (ੲ) ਲਕਸ਼ ਪ੍ਰਾਪਤੀ ਦੇ ਮਾਰਗ

ਸਭ ਧਰਮਾਂ ਦਾ ਉਦੇਸ਼ ਬੰਧਨ ਮੁਕਤ ਹੋ ਕੇ ਉਸ ਪ੍ਰਭੂ ਦੀ ਪ੍ਰਾਪਤੀ ਕਰਨਾ ਹੈ। ਸਭ ਧਾਰਮਿਕ ਆਗੂਆਂ ਨੇ ਆਪਣੇ ਆਪਣੇ ਵਿਚਾਰ ਅਨੁਸਾਰ ਵੱਖ ਵੱਖ ਮਾਰਗਾਂ ਦਾ ਵਰਣਨ ਕੀਤਾ ਹੈ। ਇਹ ਸਾਰੇ ਮਾਰਗ ਉਸ ਵਾਹਿਗੁਰੂ ਦੀ ਪ੍ਰਾਪਤੀ ਲਈ ਯਤਨਸ਼ੀਲ ਹਨ।

ਅਸਲ ਵਿਚ ਪਰਮਾਤਮਾ ਨੇ ਜਿਹੜੀ ਦਿਵਜੋਤ ਸਾਡੇ ਅੰਦਰ ਰੱਖੀ ਹੈ,ਉਸਨੂੰ ਸਾਖਿਆਤ ਕਰਨਾ ਅਤੇ ਉਸ ਨਾਲ ਘੁਲਮਿਲ ਜਾਣਾ ਮਨੁੱਖੀ ਜੀਵਨ ਦਾ ਸਭ ਤੋਂ ਚੰਗਾ ਉਦੇਸ਼ ਹੈ। ਜਿਸ ਪਰਮਾਤਮਾ ਤੋਂ ਸਾਡੀ ਉਤਪੱਤੀ ਹੋਈ ਹੈ ਅਤੇ ਜੋ ਸਾਡੇ ਵਿਚ ਵਿਆਪਕ ਹੈ ਅਤੇ ਜਿਸ ਨੂੰ ਅਸੀਂ ਮੋਹ ਮਾਇਆ ਦੇ ਜਾਲ ਅਤੇ ਅਗਿਆਨਤਾ ਵਸ ਸਮਝਣ ਵਿਚ ਅਸਮਰੱਥ ਹਾਂ, ਉਸੇ ਨਾਲ ਇਕਮਿਕ ਹੋਣ ਲਈ ਪ੍ਰਯਤਨਸ਼ੀਲ ਹਾਂ। ਮਨੁੱਖ ਦੇ ਮਨ ਦੀ ਅਵਸਥਾ, ਸੰਸਕਾਰ, ਯੋਗਤਾ ਅਤੇ ਸਹਿਣਸ਼ੀਲਤਾ ਆਦਿ ਨੂੰ ਧਿਆਨ ਵਿਚ ਰਖਦਿਆਂ ਪਰਮਾਤਮਾ ਨੂੰ ਪਾਉਣ ਵਾਸਤੇ ਵੱਖ ਵੱਖ ਮਾਰਗ ਬਣਾਏ ਗਏ ਹਨ।

ਉਪਨਿਸ਼ਦਾਂ ਨੇ ਬ੍ਰਹਮ ਤੱਕ ਪਹੁੰਚਣ ਲਈ ਮਾਰਗ ਦੋ ਪ੍ਰਕਾਰ ਦੇ ਦੱਸੇ ਹਨ। ਇਕ ਪੁਲ ਦਾ ਅਤੇ ਦੂਜੀ ਪਉੜੀ ਦਾ। ਕਿਹਾ ਜਾਂਦਾ ਹੈ ਕਿ ਆਰੰਭ ਵਿਚ ਧਰਤੀ ਅਤੇ ਆਕਾਸ਼ ਇਕ ਹੀ ਸਨ। ਸਮੇਂ ਅਤੇ ਸਥਾਨ ਦੇ ਦਰਿਆ, ਸੰਸਾਰ ਸਾਗਰ' ਨੇ ਉਨ੍ਹਾਂ ਨੂੰ ਵੱਖਰੇ ਕਰ ਦਿੱਤਾ। ਧਰਤੀ ਉੱਤੇ ਰਹਿੰਦਾ ਹਰ ਕੋਈ ਉਸ ਕਿਨਾਰੇ ਉੱਤੇ ਪਹੁੰਚਣ ਲਈ ਕੋਈ ਮਾਰਗ ਚਾਹੁੰਦਾ ਹੈ ਜਾਂ ਪੌੜੀ ਰਾਹੀਂ ਜਾਂ ਪੁਲ ਰਾਹੀਂ। ਜੇ ਅਸੀਂ ਪਉੜੀ ਦਾ ਖਿਆਲ ਕਰਦੇ ਹਾਂ,ਤਾਂ ਪੰਥ ਉੱਤੇ ਵਲ ਹੈ, ਜੇ ਅਸੀਂ ਪੁਲ ਦਾ ਖਿਆਲ ਕਰਦੇ ਹਾਂ ਪੰਥ ਦੂਜੇ ਪਾਰ ਹੋ ਕੇ ਜਾਣ ਦਾ ਨਾਂ ਹੈ। ਪੁਲ ਲੋਕਾਂ ( Worlds ) ਨੂੰ ਵੱਖ ਵੱਖ ਵੀ ਕਰਦਾ ਹੈ। ਅਤੇ ਜੋੜਦਾ ਵੀ ਹੈ।[1]

ਗੀਤਾ ਵਿਚ ਕਈ ਮਾਰਗਾਂ ਦਾ ਜ਼ਿਕਰ ਹੈ। ਪਰਮਾਤਮਾ ਨੂੰ ਕਿੰਨੇ ਹੀ ਮਨੁੱਖ ਆਤਮਾ ਦੁਆਰੇ ਹਿਰਦੇ ਵਿਚ ਵੇਖਦੇ ਹਨ। ਦੂਜੇ ਗਿਆਨਯੋਗ ਦੁਆਰਾ ਵੇਖਦੇ ਹਨ ਅਤੇ ਕਈ ਹੋਰ ਨਿਸ਼ਕਾਮ ਕਰਮਯੋਗ ਦੁਆਰਾ ਵੇਖਦੇ ਹਨ। ਕਈ ਮੰਦ ਬੁੱਧੀ ਵਾਲੇ ਦੂਜਿਆਂ ਤੋਂ ਸੁਣ ਕੇ ਉਪਾਸਨਾ ਕਰਦੇ ਹਨ ਅਤੇ ਉਹ ਸੁਣਨ ਨਾਲ ਹੀ ਮ੍ਰਿਤੂ ਰੂਪ ਸੰਸਾਰ ਨੂੰ ਤਰ ਜਾਂਦੇ ਹਨ।[2] ਪ੍ਰਮੁੱਖ ਮਾਰਗ ਤਿੰਨ ਯੋਗ ਹਨ, ਜੋ ਗੀਤਾ ਵਿਚ ਦਸੇ ਹਨ ਗਿਆਨ, ਕਰਮ

---

1. ਛਾਂਦੋਗਯ ਉਪਨਿਸ਼ਦ 8,4,1, ਕਠ ਉਪਨਿਸ਼ਦ, 1,3,21
2. ਗੀਤਾ 13/24 -25

ਅਤੇ ਭਗਤੀ। ਇਹ ਤਿੰਨੇ ਮਨੁੱਖੀ ਸੁਭਾ ਕਰਕੇ ਹਨ। " ਗਿਆਨ, ਪਰੇਮ ਅਤੇ ਕਰਮ ਇਕ ਪੜਾ ਤੇ ਇਕੱਠੇ ਹੋ ਜਾਂਦੇ ਹਨ।"[1] ਕਿਸੇ ਮੱਤ ਦੇ ਇਲਮੀ ਅਤੇ ਅਮਲੀ ਪਹਿਲੂਆਂ ਵਿਚ ਭੇਦ ਬਹੁਤ ਪੁਰਾਣਾ ਹੈ। ਇਕ ਪਹਿਲੂ ਸਿੱਧਾਂਤ -ਫਿਲਾਸਫ਼ੀ ਅਤੇ ਦੂਜਾ ਪਹਿਲੂ ਮਾਰਗ ਹੈ, ਉਸ ਫਿਲਾਸਫ਼ੀ ਨੂੰ ਜਿਉਣ ਦਾ ਢੰਗ। ਦੂਜਾ ਪੱਖ ਹੁੰਦਾ ਹੈ ਮਾਰਗ ( ਗਾਡੀ ਰਾਹ ਪੰਧ, ਪੰਥ) ਤਾਂ ਜੋ ਉਸ ਗਾਡੀ ਰਾਹ ਉੱਤੇ ਚਲ ਕੇ ਹਰ ਕੋਈ ਬੇ ਖਟਕੇ ਤੇ ਨਿਸ਼ਚਿੰਤ ਹੋ ਕੇ ਸਿੱਧਾਂਤ ਪੱਖ ਵਿਚ ਦਸੀ ਗਈ ਮੁਕਤੀ ਨੂੰ ਪ੍ਰਾਪਤ ਕਰ ਸਕੇ। ਇਹ ਦੋ ਪੱਖ ਹਰ ਇਕ ਮਤ ਵਿਚ ਹਨ।[2]

ਲਕਸ਼ ਪ੍ਰਾਪਤੀ ਲਈ ਮਨੁੱਖ ਦੀ ਯੋਗਤਾ, ਸਮਰੱਥਾ, ਮਾਨਸਿਕ ਅਵਸਥਾ ਅਤੇ ਪਰੰਪਰਾਗਤ ਸੰਸਕਾਰਾਂ ਨੂੰ ਧਿਆਨ ਵਿਚ ਰਖਦੇ ਹੋਇਆਂ ਇਸ ਲਈ ਭਿੰਨ ਭਿੰਨ ਮਾਰਗਾਂ ਦੀ ਕਲਪਨਾ ਕੀਤੀ ਗਈ ਹੈ। ਇਹ ਮਾਰਗ ਚਾਰ ਹਨ – ਗਿਆਨ-ਮਾਰਗ, ਕਰਮ-ਮਾਰਗ, ਭਗਤੀ-ਮਾਰਗ ਅਤੇ ਯੋਗ-ਮਾਰਗ। ਇਨ੍ਹਾਂ ਦਾ ਕ੍ਰਮ ਨਿਸ਼ਚਿਤ ਕਰਨ ਲਈ ਪਹਿਲ ਗਿਆਨ ਨੂੰ ਦਿੱਤੀ ਜਾਂਦੀ ਹੈ, ਕਿਉਂਕਿ ਗਿਆਤਾ, ਗਿਆਨ ਅਤੇ ਗੇਯਾ(ਜਾਣੀ ਜਾਣ ਵਾਲੀ ਵਸਤੂ) ਦਾ ਸੰਯੋਗ ਹੀ ਕਰਮ ਦਾ ਪ੍ਰੇਰਕ ਹੈ।[3] ਗੁਰੂ ਨਾਨਕ ਨੇ ਆਪਣੀ ਬਾਣੀ ਵਿਚ ਕਰਮ-ਮਾਰਗ, ਗਿਆਨ-ਮਾਰਗ, ਭਗਤੀ-ਮਾਰਗ ਨੂੰ ਸਾਂਝੇ ਤੌਰ ਤੇ ਅਪਣਾਇਆ ਹੈ, ਪਰੰਤੂ ਯੋਗ-ਮਾਰਗ ਦੀ ਵਿਧੀ ਨੂੰ ਸਵੀਕਾਰਨਾ ਕਰਦੇ ਹੋਏ ਵੀ ਗੁਰੂ ਨਾਨਕ ਉਸ ਦੇ ਲਕਸ਼ ਅਰਥਾਤ ਨਿੱਜ -ਸਵਰੂਪ ਦੇ ਦਰਸ਼ਨ ਦੀ ਸਾਰਥਕਤਾ ਤੋਂ ਇਨਕਾਰ ਨਹੀਂ ਕਰਦੇ। ਆਪਣੇ ਢੰਗ ਨਾਲਉਂਾਂ ਨੇ ਯੋਗ-ਮਾਰਗ ਦੀ ਵੀ ਨਵੀਂ ਵਿਆਖਿਆ ਕਰਨ ਦਾ ਉਪਰਾਲਾ ਕੀਤਾ ਹੈ:-

ਸੋ ਜੋਗੀ ਜੋ ਜੁਗਤਿ ਪਛਾਣੈ ॥
ਗੁਰ ਪਰਸਾਦੀ ਏਕੋ ਜਾਣੈ ॥

(ਆਦਿ ਗ੍ਰੰਥ, ਪੰਨਾ 662)

ਗੁਰੂ ਨਾਨਕ ਨੇ ਭਾਰਤੀ ਪਰੰਪਰਾ ਦੇ ਪ੍ਰਸਿੱਧ ਪ੍ਰਾਪਤੀ ਮਾਰਗਾਂ ਗਿਆਨ, ਕਰਮ, ਭਗਤੀ ਅਤੇ ਯੋਗ ਦਾ ਸਮਾਧਾਨ ( Synthesis ) ਕਰਕੇ ਅਥਵਾ ਅਰਥ

---

1. Radha Krishnan (Dr.), Bhagwad Geeta, Page 53
2. Sher Singh (Dr.), Philosophy of Sikhism, P: 260
3. ਗੀਤਾ, 18/18

ਅਰਥ ਵਿਸਤਾਰ ਕਰਕੇ ਆਪਣੀ ਧਿਆਨਾਤਮਕ ਵਿਧੀ ਦਾ ਅੰਗ ਬਣਾਇਆ ਹੈ। ਗੁਰੂ ਨਾਨਕ ਦੇ ਪ੍ਰਾਪਤੀ ਮਾਰਗ ਨੂੰ ਨਾਮ-ਮਾਰਗ ਦਾ ਨਾਮ ਦਿੱਤਾ ਹੈ।[1] ਜੋ ਕਿਸੇ ਹੱਦ ਤੱਕ ਇਹ ਉੱਚਿਤ ਵੀ ਹੈ। ਅਸਲ ਵਿਚ 'ਨਾਮ' ਗੁਰੂ ਨਾਨਕ ਬਾਣੀ ਦਾ ਕੇਂਦਰੀ ਸੰਕਲਪ ਹੈ। ਇਸ ਦਾ ਸਰੂਪ ਰਹੱਸਵਾਦੀ ਹੈ। ਇਹ ਵਿਸ਼ਵ ਦੇ ਭੌਤਿਕ ਪਾਸਾਰ ਵਿਚਲਾ ਅਮਰ ਅਧਿਆਤਮਕ ਤੱਤ ਹੈ। ਇਸਨੂੰ ਅਸੀਂ ਪਰਮ-ਤੱਤ ਦੀ ਪ੍ਰਾਪਤੀ ਦੀ ਧਿਆਨਾਤਮਕ ਵਿਧੀ ਵੀ ਕਹਿ ਸਕਦੇ ਹਾਂ, ਕਿਉਂਕਿ ਨਾਮ ਦੇ ਨਾਲ ਸਿਮਰਣ ਦਾ ਭਾਵ ਵੀ ਜੁੜਿਆ ਹੋਇਆ ਹੈ, ਜੋ ਸਪਸ਼ਟ ਰੂਪ ਵਿਚ ਇਕਾਗਰਤਾ ਦੀ ਵਿਧੀ ਹੀ ਹੈ।

ਜਪੁਜੀ ਦੀ 17ਵੀਂ ਪਉੜੀ ਵਿਚ ਸਮੇਂ ਦੇ ਪ੍ਰਚਲੱਤ ਮਾਰਗਾਂ ਦਾ ਵਰਣਨ ਹੈ, ਜਿਨ੍ਹਾਂ ਦੁਆਰਾ ਮਨੁੱਖ ਆਪਣਾ ਕਲਿਆਣ ਸਮਝਦਾ ਸੀ। ਅਸੰਖ ਜਪ( ਜਪੀ ਮਾਲਾ ਲੈ ਕੇ ਮੰਤਰ ਰੱਟਣ ਵਿਚ ਹੀ ਕਲਿਆਣ ਸਮਝਣ ਵਾਲੇ) ਅਸੰਖ ਭਾਉ (ਪ੍ਰੇਮ ਭਗਤੀ ਦੇ ਮਾਰਗ ਤੇ ਚਲਣ ਵਾਲੇ) ਅਸੰਖ ਪੂਜਾ ( ਕਰਮ ਕਾਂਡੀ, ਇਸ਼ਟ ਦੇਵਤਾ ਨੂੰ ਪ੍ਰਸੰਨ ਕਰਨ ਲਈ ਕਈ ਤਰ੍ਹਾਂ ਦੀ ਪੂਜਾ ਕਰਨ ਅਤੇ ਭੇਟ ਚੜ੍ਹਾਣ ਵਾਲੇ) ਅਸੰਖ ਤਪਤਾਉ (ਹਠ ਯੋਗੀ: ਜੋ ਸਰੀਰ ਤਪਾਣ ਵਿਚ ਆਤਮਾ ਦਾ ਕਲਿਆਣ ਸਮਝਦੇ ਸਨ) ਅਸੰਖ ਗ੍ਰੰਥ ਮੁਖ ਵੇਦ ਪਾਠ ( ਜੋ ਵੇਦਾਂ ਨੂੰ ਕੰਠ ਕਰਨ ਤੇ ਨਿਤਾ ਪ੍ਰਤੀ ਉਚਾਰ ਕੇ ਰਹਿਣ ਵਿਚ ਕਲਿਆਣ ਸਮਝਦੇ ਸਨ) ਅਸੰਖ ਜੋਗ ਮਨ ਰਹੇ ਉਦਾਸ( ਜੋਗੀ ਜੋ ਸੰਸਾਰ ਤੋਂ ਅਤੀਤ ਹੋ ਕੇ ਵਿਰਕਤ ਹੋਏ ਜੰਗਲਾਂ ਪਹਾੜਾਂ ਤੇ ਨਿਵਾਸ ਰਖਦੇ ਸਨ। ਅਸੰਖ ਭਗਤ ( ਭਾਉ ਅਤੇ ਭਗਤੀ ਇਕੋ ਹੀ ਹਨ) ਗੁਣ ਗਿਆਨ ਵਿਚਾਰ ਗਿਆਨ ਮਾਰਗੀਏ, ਜਿਹੜੇ ਪ੍ਰਭੂ ਦੇ ਗੁਣਾਂ ਦਾ ਹੀ ਵਿਚਾਰ ਕਰਨ ਵਿਚ ਮੁਕਤੀ ਖਿਆਲ ਕਰਦੇ ਹਨ) ਅਸੰਖ ਸਤੀ ਅਸੰਖ ਦਾਤਾਰ(ਦਾਨ ਵਿਚ ਕਲਿਆਣ ਸਮਝਣ ਵਾਲੇ ਸਤੀ ਲੋਕ) ਅਸੰਖ ਸੂਰ ਮੁਹ ਭਖ ਸਾਰਿ, '(ਕਰਮਯੋਗੀ:ਜੀਵਨ ਖੇਤਰ ਵਿਚ ਬੀਰਾਂ ਵਾਂਗ ਬਦੀਆਂ ਦੀਆਂ ਤਾਕਤਾਂ ਦੇ ਵਾਰ ਸਹਿਣ ਵਾਲੇ) ਅਸੰਖ ਮੋਨਿ ਲਿਵ ਲਾਇ ਤਾਰ( ਮੋਨੀ; ਚੁਪ ਸਾਧਨ ਅਤੇ ਤਾੜੀ ਲਾਈ ਰਖਣ ਵਿਚ ਕਲਿਆਣ ਸਮਝਣ ਵਾਲੇ)। ਜਪੁਜੀ ਦੀ ਆਖਰੀ ਪਉੜੀ ਵਿਚ ਇਨ੍ਹਾਂ ਮਾਰਗਾਂ ਦਾ ਪਰਸਪਰ ਸਬੰਧ ਦਸਿਆ ਹੈ। ਪ੍ਰਾਪਤੀ ਲਈ ਮਾਰਗਾਂ ਦੀ ਪੌੜੀ ਰਾਹੀਂ ਦਰਜੇ ਵਾਰ ਚੜ੍ਹਾਈ ਅਵੱਸ਼ਕ ਹੈ, ਜਿਹੜੀ ਇਸ ਅਧਿਆਇ ਦੇ ਭਾਗ (ਅ) ਵਿਚ ਦਿੱਤੀ ਹੈ। ਗੁਰੂ ਨਾਨਕ ਬਾਣੀ ਵਿਚ ਭਗਤੀਯੋਗ ਦਾ ਰੰਗ

---

1. Gopal Singh (Dr.), The Guru Granth(English), page 525

ਪ੍ਰਧਾਨ ਹੈ, ਜਿਸ ਦਾ ਮੁਖ ਆਧਾਰ ਪ੍ਰਭੂ ਦਾ ਨਾਮ ਹੈ।

ਗਿਆਨ -ਮਾਰਗ, ਕਰਮ-ਮਾਰਗ, ਭਗਤੀ-ਮਾਰਗ ਅਤੇ ਯੋਗ-ਮਾਰਗ ਤੋਂ ਬਿਨਾਂ ਗੁਰੂ ਨਾਨਕ ਕਾਲੀਨ ਭਾਰਤ ਵਿਚ ਸੂਫ਼ੀ ਮੱਤ ਨੂੰ ਵੀ ਬੜੀ ਪ੍ਰਸਿੱਧਤਾ ਮਿਲ ਰਹੀ ਸੀ, ਜੋ ਇਸਲਾਮ ਦਾ 'ਭਗਤੀ ਮਾਰਗ ਮੰਨਿਆ ਜਾ ਸਕਦਾ ਹੈ। ਗੁਰੂ ਨਾਨਕ ਨੇ ਇਨ੍ਹਾਂ ਵਿਚ ਕਿਸੇ ਇਕ ਨੂੰ ਸੰਪੂਰਣ ਰੂਪ ਵਿਚ ਨਹੀਂ ਅਪਣਾਇਆ, ਸਗੋਂ ਆਪਣੀ ਸਿਰਜਨਾਤਮਕ ਪ੍ਰਤਿਭਾ ਰਾਹੀਂ ਇਨ੍ਹਾਂ ਵਿਚ ਸਮਨਵਯ ( Synthesis ) ਸਥਾਪਿਤ ਕਰਨ ਦੀ ਕੋਸ਼ਿਸ਼ ਕੀਤੀ। ਪਰੰਤੂ ਇਹ ਸਮਨਵਯ( Synthesis ) ਕਿਹੋ ਜਿਹਾ ਸੀ? ਇਸ ਪ੍ਰਸ਼ਨ ਦਾ ਉੱਤਰ ਅਸੀਂ ਇਨ੍ਹਾਂ ਦੇ ਵਿਸਥਾਰ ਪੂਰਣ ਵਿਵੇਚਨ ਤੋਂ ਹੀ ਪ੍ਰਾਪਤ ਕਰ ਸਕਦੇ ਹਾਂ। ਜੋ ਇਸ ਪ੍ਰਕਾਰ ਹੈ ।

***

(1) ਗਿਆਨ-ਮਾਰਗ

ਜਿਉਂ ਜਿਉਂ ਬੁੱਧੀ ਸੂਖਮ ਹੁੰਦੀ ਜਾਂਦੀ ਹੈ, ਤਿਉਂ ਤਿਉ ਸੂਖਮ ਤੱਤ ਨੂੰ ਗ੍ਰਹਿਣ ਕਰਨ ਦੇ ਯੋਗ ਹੁੰਦੀ ਹੈ। ਜਿਉਂ ਜਿਉਂ ਬੁੱਧੀ ਦੁਆਰਾ ਗਿਆਨ ਪ੍ਰਾਪਤ ਹੁੰਦਾ ਜਾਂਦਾ ਹੈ, ਤਿਉ ਤਿਉਂ ਅਗਿਆਨ ਜਾਂ ਅਵਿਦਿਆ ਦਾ ਹਨੇਰਾ ਚਾਨਣ ਵਿਚ ਵਟਦਾ ਜਾਂਦਾ ਹੈ। ਜਿਸ ਤਰ੍ਹਾਂ ਦੀਵਾ ਬਲਣ ਤੇ ਹਨੇਰਾ ਖਤਮ ਹੋਣਾ ਸ਼ੁਰੂ ਹੋ ਜਾਂਦਾ ਹੈ ਅਤੇ ਅੰਤ ਨੂੰ ਇਕ ਅਜੇਹੀ ਅਵਸਥਾ ਆਉਂਦੀ ਹੈ, ਜਿੱਥੇ ਸਤਿ ਦਾ ਸੂਰਜ ਹੀ ਪ੍ਰਕਾਸ਼ਮਾਨ ਹੋਇਆ ਜਾਪਦਾ ਹੈ ਅਤੇ ਹਨੇਰੇ ਦੀ ਮੱਸਿਆ ਨਹੀਂ ਹੁੰਦੀ। ਸਾਨੂੰ ਇਹ ਸਪਸ਼ਟ ਕਰ ਦੇਣਾ ਚਾਹੀਦਾ ਹੈ ਕਿ ਗਿਆਨ ਨਿਰੀ ਬੌਧਿਕ ਯੋਗਤਾ ਨਹੀਂ ਇਹ ਆਤਮ-ਸੋਝੀ ਹੈ।[1]

ਗਿਆਨ ਦਾ ਸ਼ਾਬਦਿਕ ਅਰਥ ਕਿਸੇ ਚੀਜ਼ ਦੀ ਅਸਲੀਅਤ ਨੂੰ ਸਮਝਣਾ ਹੈ। ਭਾਰਤੀ ਅਧਿਆਤਮਿਕ ਸਾਹਿਤ ਵਿਚ ਗਿਆਨ ਦਾ ਵਧੇਰੇ ਪ੍ਰਚਾਰ ਰਿਹਾ ਹੈ। ਉਪਨਿਸ਼ਦਾਂ ਵੇਦਾਂ ਅਤੇ ਗੀਤਾ ਆਦਿ ਵਿਚ ਗਿਆਨ ਦੀ ਮਹਾਨਤਾ ਨੂੰ ਵਰਣਨ ਕੀਤਾ ਗਿਆ ਹੈ। ਆਤਮ - ਗਿਆਨ ਦੀ ਪ੍ਰਾਪਤੀ ਹੀ ਭਾਰਤੀ ਦਰਸ਼ਨ ਦਾ ਮੁੱਖ ਵਿਸ਼ਾ ਹੈ। " ਗਿਆਨ ਸਾਰਿਆਂ ਗੁਪਤ ਵਿਸ਼ਿਆਂ ਵਿਚੋਂ ਪਾਕ ਪਵਿੱਤਰ ਅਤੇ ਉੱਤਮ ਹੈ।"[2] ਉਪਨਿਸ਼ਦਾਂ ਨੇ ਗਿਆਨ ਨੂੰ ਮੁਕਤੀ ਦਾ ਪ੍ਰਮੁੱਖ ਮਾਰਗ ਦਸਿਆ ਹੈ। ਮੁਕਤੀ ਬੰਧਨ ਦਾ ਖਾਤਮਾ ਹੈ। ਬੰਧਨ ਅਵਿਦਿਆ ਕਰਕੇ ਹੁੰਦਾ ਹੈ। ਅਵਿਦਿਆ ਗਿਆਨ ਨਾਲ ਨਾਸ਼ ਹੋ ਜਾਂਦੀ ਹੈ, ਕਰਮ ਨਾਲ ਨਹੀਂ।[3] ਇਸ ਮਾਰਗ ਨੂੰ ਬੜਾ ਸੂਖਮ ਵਿਸਤੀਰਨ ਅਤੇ ਪੁਰਾਤਨ ਕਿਹਾ ਹੈ। ਇਸ ਮਾਰਗ ਤੇ ਚਲਦੇ ਹੋਏ ਬ੍ਰਹਮ-ਗਿਆਨੀ ਸਰੀਰ ਤਿਆਗ ਕੇ ਮੁਕਤ ਹੋ ਜਾਂਦੇ ਹਨ[4] ਬ੍ਰਹਮ ਦਾ ਗਿਆਨ ਕੋਈ ਬੌਧਿਕ ਗਿਆਨ ਨਹੀਂ ਅਤੇ ਨਾ ਹੀ ਕਿਸੇ ਵਸਤੂ ਦਾ ਗਿਆਨ ਹੈ। ਇਹ ਇਕ ਰਿਸ਼ੀ ਦਾ ਅਨੁਭਵ ਹੈ। ਇਹ ਕਿਸੇ ਵਸਤੂ ਦਾ ਜਾਣਨਾ ਨਹੀਂ, ਸਗੋਂ ਉਹ ਹੀ ਹੋਣਾ ਹੈ। ਉਪਨਿਸ਼ਦਾਂ ਦਾ ਜੋਰ ਆਤਮ-ਗਿਆਨ ਤੇ ਹੈ। ਸਾਰੇ ਗਿਆਨ ਫਜ਼ੂਲ ਹਨ ਤੇ

---

1. Radha Krishanan, Indian Philosophy, Vol. P: 224
2. ਗੀਤਾ 9/2
3. ਮੁੰਡਕਾਯ ਉਪਨਿਸ਼ਦ, ਪੰਨਾ 53
4. ਬ੍ਰਹਦਾਣਕਯ ਉਪਨਿਸ਼ਦ, ਪੰਨਾ 48
5. ਛੈਂਦੋਗਯ ਉਪਨਿਸ਼ਦ, 6.1.2

ਬ੍ਰਹਮ ਦਾ ਵਾਸਤਵ ਗਿਆਨ ਨਹੀਂ।[1] ਛੇ ਸ਼ਾਸਤਰਾਂ ਵਿਚ ਵੀ ਗਿਆਨ ਦੇ ਮਹੱਤਵ ਦਾ ਵਿਸ਼ਲੇਸ਼ਣ ਹੋਇਆ ਹੈ। ਨਿਆਇ -ਦਰਸ਼ਨ ਵਸਤੂਆਂ ਦੀ ਪਛਾਣ ਨੂੰ ਗਿਆਨ ਕਹਿੰਦਾ ਹੈ। ਇਸ ਦੇ ਅਨੁਸਾਰ ਗਿਆਨ ਦੋ ਤਰ੍ਹਾਂ ਦਾ ਹੈ। ' ਪ੍ਰਮਾ ਅਤੇ ਅਪ੍ਰਮਾ '। ਕਿਸੇ ਸ਼ੈ ਦਾ ਸਹੀ ਤੇ ਯਥਾਰਥ ਗਿਆਨ ਪ੍ਰਮਾ ਹੈ ਅਤੇ ਅਯਥਾਰਥ ਗਿਆਨ ਅਪ੍ਰਮਾ ਹੈ।[2] ਵੈਸ਼ੇਸਿਕ ਦਰਸ਼ਨ ਵਾਲਿਆਂ ਅਨੁਸਾਰ ਵੀ ਗਿਆਨ ਦੋ ਤਰ੍ਹਾਂ ਦਾ ਹੁੰਦਾ ਹੈ - ਵਿਦਿਆ ਅਤੇ ਅਵਿੱਦਿਆ। ਪਰਤੱਖ ਅਤੇ ਪਰੋਖ ਦੋ ਪ੍ਰਕਾਰ ਦਾ ਗਿਆਨ ਪ੍ਰਵਾਨ ਕਰਦਾ ਹੈ। ਯੋਗ -ਦਰਸ਼ਨ ਗਿਆਨ ਇੰਦਰੀਆਂ ਦੇ ਰਾਹੀਂ ਚਿੱਤ ਬਾਹਰ ਜਾ ਕੇ ਗਿਆਨ ਯੋਗ ਵਸਤੂਆਂ ਨਾਲ ਜਿਹੜਾ ਇਕਮਿਕ ਹੁੰਦਾ ਹੈ, ਉਹ ਪ੍ਰਤੱਖ ਗਿਆਨ ਹੈ, ਉਹ ਵਿਦਿਆ ਹੈ। ਸਾਂਖ-ਦਰਸ਼ਨ ਅਨੁਸਾਰ ਬੁੱਧੀ ਵਿਚ ਪ੍ਰਤਿ-ਬਿੰਬਤ ਪੁਰਸ਼ ਦਾ ਪਰਮਾਤਮਾ ਨਾਲ ਸੰਪਰਕ ਹੋਣ ਦਾ ਨਾਂ ਹੀ ਗਿਆਨ ਹੈ। ਇਹ ਤਤਕਾਲ ਅਨੁਭਵ ਤੋਂ ਹੀ ਪ੍ਰਤੀਤ ਹੁੰਦਾ ਹੈ।[3]

ਅਦ੍ਵੈਤ ਵੇਦਾਂ ਵਿਚ ਬ੍ਰਹਮ -ਗਿਆਨ ਨੂੰ ਮੁਖ ਗਿਆਨ ਮੰਨਿਆ ਗਿਆ ਹੈ। ਮਾਇਆ, ਅਵਿਦਿਆ ਅਤੇਭਰਮਾਂ ਦੇ ਕਾਰਣ ਆਤਮਾ ਆਪਣੇ ਸਹੀ ਸਰੂਪ ਨੂੰ ਭੁਲ ਜਾਂਦੀ ਹੈ। ਉਸ ਮਾਇਆ ਅਤੇ ਅਵਿਦਿਆ ਨੂੰ ਗਿਆਨ ਨਾਲ ਜਾਂ ਆਤਮ -ਵਿਦਿਆ ਨੂੰ ਸਰਵ ਸ੍ਰੇਸ਼ਠ ਜਾਂ ਪਰਾ -ਵਿਦਿਆ ਕਿਹਾ ਗਿਆ ਹੈ। ਸਾਰਾਂਸ਼ ਇਹ ਕਿ ਸਾਰੇ ਭਾਰਤੀ ਦਰਸ਼ਨਾਂ ਵਿਚ ਪਰਮ -ਲਕਸ਼ ਦੀ ਪ੍ਰਾਪਤੀ ਲਈ ਗਿਆਨ ਦੀ ਸਥਾਪਨਾ ਹੋਈ ਹੈ।

ਨਿਰੋਲ ਬੌਧਿਕ ਗਿਆਨ ਨੂੰ ਗੁਰੂ ਨਾਨਕ ਨੇ ਪਰਮ -ਯਥਾਰਥ ਦੀ ਪ੍ਰਾਪਤੀ ਦਾ ਮਾਰਗ ਸਵੀਕਾਰ ਨਹੀਂ ਕੀਤਾ। ਵਿਸ਼ੇਸ਼ ਕਰਕੇ ਉਨ੍ਹਾਂ ਨੇ ਬ੍ਰਾਹਮਣ ਵਰਗ ਦੇ ਕਿਤਾਬੀ ਗਿਆਨ ਦੀ ਅਸਮਰਥਾ ਵੱਲ ਸੰਕੇਤ ਕੀਤਾ ਹੈ:-

ਮਨ ਕਉ ਮਤੀ ਦੇ ਚਲਹਿ ॥ ਮਾਇਆ ਕਾ ਵਾਪਾਰ ॥

( ਆਦਿ ਗ੍ਰੰਥ, ਪੰਨਾ 56 )

ਗਿਆਨ -ਮਾਰਗ ਦੀ ਵਿਸ਼ੇਸ਼ਤਾ ਇਹ ਹੈ ਕਿ ਇਹ ਬੌਧਿਕ ਪੱਖ ਨੂੰ ਲੋੜ ਤੋਂ ਵੱਧ ਮਹੱਤਤਾ ਪ੍ਰਦਾਨ ਕਰਦਾ ਹੈ। ਕਈ ਵਾਰ ਤਾਂ ਨਿਰੋਲ ਬੌਧਿਕ ਪ੍ਰਾਪਤੀ ਗਿਆਨ-ਅਹੰਕਾਰ ਨੂੰ ਵੀ ਜਨਮ ਦਿੰਦੀ ਹੈ, ਜੋ ਪਰਮ-ਉੱਚ ਪ੍ਰਾਪਤੀ ਦੇ ਮਾਰਗ ਦੀ ਸਭ ਤੋਂ ਵੱਡੀ ਰੁਕਾਵਟ ਮੰਨੀ ਗਈ ਹੈ। ਪਰੰਤੂ ਇਸ ਦਾ ਇਹ ਭਾਵ ਨਹੀਂ ਕਿ ਗੁਰੂ ਨਾਨਕ ਨੇ ਗਿਆਨ ਦੇ ਉੱਚਿਤ

---

1. ਛਾਂਦੋਗਯ ਉਪਨਿਸ਼ਦ 6.12.
2. ਮਿਸ਼ਰ ਉਮੇਸ਼(ਡਾ.), ਭਾਰਤੀਯ ਦਰਸ਼ਨ( ਹਿੰਦੀ) ਪੰਨਾ 191
3. ਉਹੀ, ਪੰਨਾ 245

ਮਹੱਤਵ ਨੂੰ ਵੀ ਕੋਈ ਸਥਾਨ ਨਹੀਂ ਦਿੱਤਾ। ਉਨ੍ਹਾਂ ਨੇ ਇਸ ਸੰਗਸਾਰਥਕਤਾ ਨੂੰ ਵੀ ਪੂਰੀ ਤਰ੍ਹਾਂ ਸਵੀਕਾਰ ਕੀਤਾ ਹੈ:-

ਅਕਲੀ ਸਾਹਿਬ ਸੇਵੀਐ ਅਕਲੀ ਪਾਈਐਮਾਨ ॥
ਅਕਲੀ ਪੜ੍ਹਿ ਕੈ ਬੁਝੀਐ ਅਕਲੀ ਕੀਜੈ ਦਾਨ ॥

(ਆਦਿ ਗ੍ਰੰਥ, ਪੰਨਾ 1245)

ਅਕਲ ( ਬੌਧਿਕ ਗਿਆਨ) ਤੋਂ ਵਗੈਰ ਪ੍ਰਮਾਤਮਾ ਦੀ ਭਗਤੀ ਵੀ ਸੰਭਵ ਨਹੀਂ। ਇਸ ਤੋਂ ਬਗੈਰ ਮਨੁੱਖ ਨੂੰ ( ਪ੍ਰਭੂ ਦੀ ਨਜ਼ਰ ਵਿਚ) ਮਾਨ ਵੀ ਪ੍ਰਾਪਤ ਨਹੀਂ ਨਹੀਂ ਹੋ ਸਕਦਾ। ਜਪੁਜੀ ਵਿਚ ਵਰਣਨ ਕੀਤੇ ਪੰਜਾਂ ਖੰਡਾਂ ਵਿਚ ਗਿਆਨ-ਖੰਡ ਦਾ ਸ਼ਾਮਲ ਕਰਨਾ ਇਸ ਗੱਲ ਦੀ ਪੂਰੀ ਪ੍ਰੋੜਤਾ ਕਰਦਾ ਹੈ ਕਿ ਰਹੱਸਵਾਦੀ ਪ੍ਰਾਪਤੀ ਦੇ ਮਾਰਗ ਵਿਚ ਗਿਆਨ-ਖੰਡ ਨੂੰ ਇਕ ਜ਼ਰੂਰੀ ਅਵਸਥਾ ਮੰਨਿਆ ਹੈ। ਇਸ ਅਵਸਥਾ ਵਿਚ ਸਾਧਕ ਨੂੰ ਗਿਆਨ ਦੀ ਪ੍ਰਚੰਡਤਾ ਦੇ ਨਾਲ ਨਾਲ ਅਥਾਹ ਅਨੰਦ ਦੀ ਅਨੁਭੂਤੀ ਵੀ ਹੁੰਦੀ ਹੈ:-

ਗਿਆਨ ਖੰਡ ਮਹਿ ਗਿਆਨ ਪਰਚੰਡ॥
ਤਿਥੈ ਨਾਦ ਬਿਨੋਦ ਕੋਡ ਅਨੰਦ ॥

(ਆਦਿ ਗ੍ਰੰਥ, ਪੰਨਾ 5)

ਗਿਆਨ ਨੂੰ ਇਕ ਅਵਸਥਾ ਜਾਂ ਦਰਜਾ ਦਸਿਆ ਹੈ, ਜਿਸ ਤੇ ਪਹੁੰਚ ਕੇ ਅਨੇਕ ਪ੍ਰਕਾਰੀ ਰਚਨਾ ਦੀ ਸੋਝੀ ਹੋ ਜਾਂਦੀ ਹੈ। ਇਸ ਗਿਆਨ ਚਾਨਣ ਵਿਚ ਅਨੰਦ ਹੀ ਅਨੰਦ ਹੈ।

ਗੁਰੂ ਜੀ ਜਲ ਦੇ ਮੁਕਾਬਲੇ ਵਿਚ ਗਿਆਨ ਮਹਾਂ ਰਸ ਵਿਚ ਨਹਾਉਣ ਨਾਲ ਤਨ ਮਨ ਨਿਰਮਲ ਹੋਣ ਦੀ ਸਚਾਈ ਪ੍ਰਗਟ ਕਰਦੇ ਹਨ:-

ਜਲਿਮਲਿ ਕਾਇਆ ਮਾਜੀਐ ਭਾਈ ਭੀ ਮੈਲਾ ਤਨੁ ਹੋਇ ॥
ਗਿਆਨ ਮਹਾਰਸਿ ਨਾਈਐ ਭਾਈ ਮਨੁ ਤਨੁ ਨਿਰਮਲ ਹੋਇ ॥

(ਆਦਿ ਗ੍ਰੰਥ, ਪੰਨਾ 637)

ਗਿਆਨ ਦੀ ਅਵਿਸ਼ਕਤਾ ਉੱਤੇ ਗੁਰੂ ਜੀ ਨੇ ਬਹੁਤ ਬਲ ਦਿੱਤਾ ਹੈ। ਉਨ੍ਹਾਂ ਦਾ ਮੱਤ ਹੈ ਕਿ ਦੀਪਕ ਦੇ ਜਲਣ ਨਾਲ ਅੰਧਕਾਰ ਦੂਰ ਹੋ ਜਾਂਦਾ ਹੈ। ਵੇਦਾਂ ਦੇ ਪਾਠ ਨਾਲ ਪਾਪ ਵਾਲੀ ਬੁੱਧੀ ਨਾਸ਼ਟ ਹੋ ਜਾਂਦੀ ਹੈ। ਸੂਰਜ ਦੇ ਚੜ੍ਹਨ ਨਾਲ ਚੰਦਰਮਾ ਨਹੀਂ ਦਿਸਦਾ। ਇਸੇ ਤਰ੍ਹਾਂ ਗਿਆਨ ਦਾ ਚਾਨਣ ਜਦ ਫੈਲਦਾ ਹੈ, ਤਾਂ ਅਵਿਦਿਆ ਦਾ ਹਨੇਰਾ

ਦੂਰ ਹੋ ਜਾਂਦਾ ਹੈ। ਜਿਵੇਂ:-

ਦੀਵਾ ਬਲੈ ਅੰਧੇਰਾ ਜਾਇ ॥
ਬੇਦ ਪਾਠ ਮਤਿ ਪਾਪਾ ਖਾਇ ॥
ਉਗਵੈ ਸੂਰੁ ਨਾ ਜਾਪੈ ਚੰਦ ॥
ਜਹ ਗਿਆਨ ਪ੍ਰਗਾਸ ਅਗਿਆਨ ਮਿਟੰਤ॥

( ਆਦਿ ਗ੍ਰੰਥ ਪੰਨਾ 781)

ਜੋ ਸਾਧਕ ਗਿਆਨ ਦੀ ਤਲਵਾਰ ਲੈ ਕੇ ਆਪਣੇ ਮਨ ਨਾਲ ਜੂਝਦਾ ਹੈ, ਉਹ ਆਪਣੀਆਂ ਵਾਸ਼ਨਾਵਾਂ ਉੱਤੇ ਕਾਬੂ ਪਾ ਕੇ ਪਰਮ-ਪਦ ਦੀ ਪ੍ਰਾਪਤੀ ਦੇ ਯੋਗ ਹੋ ਜਾਂਦਾ ਹੈ। ਗਿਆਨਹੀਣਾ ਮਨੁੱਖ ਆਪਣੀ ਬਰਬਾਦੀ ਵਲ ਕਦਮ ਪੁਟਦਾ ਹੈ, ਪਰੰਤੂ ਗਿਆਨ ਦੀ ਪ੍ਰਾਪਤੀ ਕਰਕੇ ਉਹ ਆਪਣੇ ਆਤਮ -ਸਰੂਪ ਨੂੰ ਪਛਾਣ ਲੈਂਦਾ ਅਤੇ ਸਾਖਿਆਤ ਪਰਮਾਤਮਾ ਰੂਪ ਨੂੰ ਮਿਲ ਜਾਂਦਾ ਹੈ। ਜਿਵੇਂ:-

ਜਿਨੀ ਆਤਮ ਚੀਨਿਆ ਪਰਮਾਤਮੁ ਸੋਈ ॥

( ਆਦਿ ਗ੍ਰੰਥ, ਪੰਨਾ 440 )

ਗੁਰੂ ਜੀ ਗਿਆਨ ਨੂੰ ਮਹਾਰਸ ਦਾ ਦਰਜਾ ਦਿੰਦੇ ਹਨ ਅਤੇ ਗਿਆਨ ਪ੍ਰਾਪਤੀ ਨੂੰ ਲੋਹੇ ਵਾਂਗ ਕਰੜਾ ਦਸਦੇ ਹਨ। ਇਸ ਨੂੰ ਸਿਰਫ ਗੱਲਾਂ ਨਾਲ ਪ੍ਰਾਪਤੀ ਨਹੀਂ ਕੀਤਾ ਜਾ ਸਕਦਾ:-

ਗਿਆਨ ਨਾ ਗਲੀਈ ਢੂੰਢੀਐ ਕਥਨਾ ਕਰੜਾ ਸਾਰ ।

( ਆਦਿ ਗ੍ਰੰਥ, ਪੰਨਾ 465 )

ਅਤੇ ਇਸ ਚੰਚਲ ਮਨ ਨੂੰ ਗਿਆਨ ਦੁਆਰਾ ਹੀ ਵਸ ਕੀਤਾ ਜਾ ਸਕਦਾ ਹੈ:-

ਕੁੰਭੇ ਬੱਧਾ ਜਲੁ ਰਹੈ ਜਲ ਬਿਨੁ ਕੁੰਭੁ ਨ ਹੋਇ ॥
ਗਿਆਨੁ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨੁ ਨ ਹੋਇ ॥

(ਆਦਿ ਗ੍ਰੰਥ, ਪੰਨਾ 469)

ਗੁਰੂ ਨਾਨਕ ਦੀ ਦ੍ਰਿਸ਼ਟੀ ਵਿਚ ਵਾਸਤਵਿਕ ਗਿਆਨ ਅਧਿਆਤਮਿਕ ਤੱਤ ਨੂੰ ਪਛਾਣਨ ਵਿਚ ਹੈ। ਕੇਵਲ ਬੌਧਿਕ ਯਤਨ ਨਾਲ ਇਸ ਤੱਤ ਨੂੰ ਨਹੀਂ ਜਾਣਿਆ ਜਾ ਸਕਦਾ। ਸਗੋਂ ਇਸ ਲਈ ਤਾਂ ਇਕ ਵਿਸ਼ੇਸ਼ ਭਾਂਤ ਦੀ ਅੰਤਰ ਦ੍ਰਿਸ਼ਟੀ ਦੀ ਲੋੜ ਪੈਂਦੀ ਹੈ। ਬਹੁਤਾ ਪੜ੍ਹਨਾ ਮਨੁੱਖ ਨੂੰ ਪਾਗਲ ਬਣਾ ਦਿੰਦਾ ਹੈ। ਇਸੇ ਕਰਕੇ ਗੁਰੂ ਜੀ ਨੇ ਵੀ ਨਿਰੀਆਂ ਪੁਸਤਕਾਂ

ਪੜ੍ਹਨ ਨੂੰ ਵਾਧੂ ਭਾਰ ਨਾਲ ਤੁਲਨਾ ਦਿੱਤੀ ਹੈ। ਇਸ ਅਪਰਾ ਗਿਆਨ ਦਾ ਨਤੀਜਾ ਸੰਸਾਰਕ ਗਿਆਨ ਦਸਦੇ ਹਨ। ਜਿਵੇਂ:-

ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ ॥
ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ ॥
ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ ॥
ਪੜੀਅਹਿ ਜੇਤੀ ਆਰਜਾ ਪੜੀਅਹਿ ਜੇਤੇ ਸਾਸ ॥
ਨਾਨਕ ਲੇਖੈ ਇਕ ਗਲ ਹੋਰ ਹਉਮੈ ਝਖਣਾ ਝਾਖ ॥

( ਆਦਿ ਗ੍ਰੰਥ, ਪੰਨਾ 467)

ਗਿਆਨ ਪ੍ਰਾਪਤੀ ਲਈ ਹੰਕਾਰ ਦਾ ਤਿਆਗ ਜਰੂਰੀ ਹੈ ਅਤੇ ਇਹ ਗੁਰੂ ਦੀ ਕਿਰਪਾ ਦੁਆਰਾ ਹੀ ਪ੍ਰਾਪਤ ਹੁੰਦਾ ਹੈ:-

ਭਾਈ ਰੇ ਗੁਰ ਬਿਨ ਗਿਆਨ ਨ ਹੋਇ ॥
ਪੂਛਹੁ ਬ੍ਰਹਮੇ ਨਾਰਦੇ ਬੇਦ ਬਿਆਸੇ ਕੋਇ ॥

( ਆਦਿ ਗ੍ਰੰਥ, ਪੰਨਾ 2)

ਗੁਰੂ ਨਾਨਕ ਪਰਮ -ਪਦ ਦੀ ਪ੍ਰਾਪਤੀ ਲਈ ਗਿਆਨ ਮਾਰਗ ਵਿਚ ਵਿਸ਼ਵਾਸ ਰਖਦੇ ਸਨ, ਪਰੰਤੂ ਉਨ੍ਹਾਂ ਦਾ ਗਿਆਨ ਨ ਵਾਚਿਕ ਹੈ ਅਤੇ ਨਾ ਹੀ ਸ਼ਾਸਤਰੀ ਢੰਗ ਦਾ। ਇਹ ਤਾਂ ਮਨ ਅਤੇ ਬੁੱਧੀ ਦੀਆਂ ਆਸਕਤੀਆਂ ਤੋਂ ਪੈਦਾ ਹੋਈ ਸੰਸਕਾਰ ਦੀ ਮੈਲ ਦੇ ਪਰਦੇ ਨੂੰ ਤੋੜਦਾ ਹੈ ਅਤੇ ਵਾਸਤਵਿਕਤਾ ਦਾ ਗਿਆਨ ਕਰਾਉਂਦਾ ਹੈ। ਉਨ੍ਹਾਂ ਦਾ ਗਿਆਨ-ਮਾਰਗ ਨਿਵਿਰਤੀ-ਮਾਰਗੀ ਨਹੀਂ, ਸਗੋਂ ਪ੍ਰਵਿਰਤੀ-ਮਾਰਗੀ ਹੈ।

***

## (2) ਕਰਮ - ਮਾਰਗ

ਕਰਮ -ਮਾਰਗ ਪਰਵਿਰਤੀ -ਮਾਰਗ ਦਾ ਆਦਰਸ਼ਕ ਮਾਰਗ ਹੈ। ਇਹ ਮਾਰਗ ਬਹੁ -ਗਿਣਤੀ ਦਾ ਮਾਰਗ ਹੈ ਅਤੇ ਸਾਰੇ ਧਰਮਾਂ ਦਾ ਮਾਰਗ ਹੈ।ਇਹ ਮਾਰਗ ਔਖਾ ਵੀ ਹੈ ਅਤੇ ਸੌਖਾ ਵੀ ਹੈ। ਨਿਸ਼ਕਾਮ ਜਤਨ ਕਰਮ-ਮਾਰਗ ਦਾ ਮੂਲ ਲੱਛਣ ਹੈ। ਨਿਸ਼ਕਾਮ ਭਾਵ ਨਾਲ ਕਰਮ ਕਰਦੇ ਕਰਦੇ ਸਾਧਕ ਨਿਸ਼ਕਾਮਤਾ ਦੀ ਅਵਸਥਾ ਉੱਤੇ ਪੁੱਜ ਕੇ ਪਰਮ -ਪਦ ਦੀ ਪ੍ਰਾਪਤੀ ਕਰ ਲੈਂਦਾ ਹੈ। ਸਾਰੇ ਕਰਮ ਕਰਨ ਯੋਗ ਨਹੀਂ ਅਤੇ ਨਾ ਸਾਰਾ ਤਿਆਗ ਹੀ ਸੰਨਿਆਸ ਹੈ। ਕਰਮ -ਮਾਰਗ ਸਾਨੂੰ ਉੱਦਮੀ ਨੈਤਿਕ ਜੀਵਨ ਜੀਉਣਾ ਸਿਖਾਂਦਾ ਹੈ ਅਤੇ ਨਾਲ ਹੀ ਕਰਮ ਬੰਧਨ ਤੋਂ ਬਚਣ ਲਈ ਸਹਾਈ ਹੁੰਦਾ ਹੈ। ਇਹ ਕਰਮ -ਮਾਰਗ ਦਾ ਰਹੱਸ ਹੈ।[1]

ਭਾਰਤੀ ਦਰਸ਼ਨ ਦੇ ਅਧਿਆਤਮਕ ਪਰਾਪਤੀ ਮੰਡਲ ਵਿਚ ਪਰਮ-ਲਕਸ਼ ਦੀ ਪੂਰਤੀ ਲਈ ਕਰਮ -ਮਾਰਗ ਦੀ ਬੜੀ ਮਹਾਨਤਾ ਹੈ। ਚਿਰਕਾਲ ਤੋਂ ਇਸ ਮਾਰਗ ਦੀ ਸ਼ਕਤੀ ਸਵੀਕਾਰ ਕੀਤੀ ਗਈ ਹੈ। ਵੇਦਾਂ ਵਿਚ ਵੀ ਧਰਮ ਦੇ ਸ਼ੁਭ ਫਲ ਲਈ ਸ਼ੁਭ ਕਰਮਾਂ ਉੱਤੇ ਜ਼ੋਰ ਦਿੱਤਾ ਗਿਆ ਹੈ। ਸੰਸਾਰ ਦੇ ਹਰ ਪ੍ਰਕਾਰ ਦੇ ਫਲ ਲਈ ਕਰਮ ਨਿਸਚਿਤ ਕੀਤੇ ਗਏ ਹਨ। ਸਵਰਗ ਲੋਕ, ਯਮ-ਰਾਜ, ਪਿਤਰ-ਪੂਜਾ , ਪਾਪੀਆਂ ਅਤੇ ਭਗਤਾਂ ਦੇ ਦੋਖੀਆਂ ਨੂੰ ਘੋਰ ਦੰਡ ਪ੍ਰਾਪਤ ਹੋਣ ਦਾ ਸੰਕਲਪ ਵੇਦਾਂ ਵਿਚ ਉਪਲਬਧ ਹੈ।[2] ਉਪਨਿਸ਼ਦਾਂ ਵਿਚ ਵੀ ਬਾਹਰਮੁਖੀ ਕਰਮ -ਕਾਂਡ ਦੀ ਥਾਂ ਅੰਤਰ ਮੁਖੀ ਕਰਨੀ ਅਤੇ ਸਦਾਚਾਰਕ ਮਰਿਯਾਦਾ ਦੀ ਪਾਲਣਾ ਉੱਤੇ ਵਧੇਰੇ ਬਲ ਦਿੱਤਾ ਗਿਆ। ਭੌਤਿਕ ਅਤੇ ਸਦਾਚਾਰਕ ਖੇਤਰ ਵਿਚ ਕੁਝ ਵੀ ਬਿਨਾਂ ਕਾਰਨ ਨਹੀਂ ਵਾਪਰਦਾ।[3] ਮਨੁੱਖ ਆਪਣੇ ਹੀ ਕਰਮਾਂ ਦਾ ਫਲ ਭੋਗਣ ਲਈ ਅਤੇ ਭੁਗਤਣ ਲਈ ਵਾਰ ਵਾਰ ਜਨਮ ਲੈਂਦਾ ਹੈ। ਵਰਤਮਾਨ ਜਨਮ ਪੂਰਬਲੇ ਕਰਮਾਂ ਤੋਂ ਬਣੇ ਹਨ। ਅਤੇ ਇਸ ਜਨਮ ਦੇ ਕਰਮ ਆਗਾਮੀ ਜਨਮ ਲਈ ਪ੍ਰਾਲਬਧ ਬਣ ਜਾਣਗੇ। ਉਪਨਿਸ਼ਦਾਂ ਵਿਚ ਦੇਵਯਾਨ, ਪਿਤਰਿਯਾਨ ਰੂਪੀ, ਉਨ੍ਹਾਂ ਮਾਰਗਾਂ ਦਾ ਜ਼ਿਕਰ ਹੈ, ਜਿਨ੍ਹਾਂ ਉੱਤੇ ਕਰਮਵਾਰ ਪੁੰਨ -ਆਤਮਾ ਅਤੇ ਪਾਪ -ਆਤਮਾ ਮ੍ਰਿਤੂ ਤੋਂ ਬਾਅਦ ਜਾਂਦੀਆਂ ਹਨ।[4] ਗੀਤਾ ਵਿਚ ਕਰਮ

---

1. Rao P.N.(Dr.) Introduction to Vedanta, Page:98
2. Radha Krishanan(Dr.) Indian philosophy, No.1,P:114115
3. M. Diryanana, Lines of Philosophy, Page 79
4. Gita 3/19

ਦੀ ਕਠੋਰਤਾ ਤਾਂ ਸਵੀਕਾਰ ਕੀਤੀ ਹੈ, ਪਰੰਤੂ ਇਸ ਤੋਂ ਨਿਰਵਾਣ ਲਈ ਬੋਧੀ ਜਾਂ ਜੈਨੀ ਸਿੱਧਾਂਤ ਸਵੀਕਾਰ ਨਹੀਂ ਕੀਤਾ ਗਿਆ। ਇਸ ਵਿਚ ਕਰਮਾਂ ਦਾ ਨਹੀਂ, ਅਹੰ ਜਾਂ ਹਉਮੈ ਭਾਵ ਦਾ ਤਿਆਗ ਕਰਨਾ[1], ਕਰਮ ਨੂੰ ਧਰਮ ਸਮਝਦੇ ਕਾਰਨਾ, ਕਰਮ ਨੂੰ ਈਸ਼ਵਰ ਨਮਿਤ ਕਰਨਾ, ਕਰਮ ਅਤੇ ਫਲ ਦੋਹਾਂ ਨੂੰ ਈਸ਼ਵਰ ਅਗੇ ਭੇਟ ਕਰਨ ਦਾ ਉਪਦੇਸ਼ ਹੈ।[2] ਕਰਮ ਦਵੈਤ ਭਾਵ ਤੋਂ ਮੁਕਤ ਹੋਣਾ ਚਾਹੀਦਾ ਹੈ ਅਤੇ ਅਸਲ ਤਿਆਗ ਕਰਮ ਦਾ ਨਹੀਂ। ਕਰਤਾ- ਭਾਂਤ ਅਤੇ ਇਹ ਤਿਆਗ ਹੀ ਮੁਕਤੀ ਪ੍ਰਕਾਸ਼।[3]

ਗੀਤਾ ਵਿਚ ਜੈਨ-ਮਤ ਦਾ ਇਹ ਵਿਚਾਰ ਸਵੀਕਾਰ ਕੀਤਾ ਗਿਆ ਹੈ ਕਿ ਜੈਸਾ ਸੰਕਲਪ ਜਾਂ ਭਾਵ ਪ੍ਰਾਣੀ ਦਾ ਅੰਤ ਸਮੇਂ ਹੁੰਦਾ ਹੈ। ਵੈਸਾ ਹੀ ਜਨਮ ਉਸਨੂੰ ਅਗੇ ਮਿਲਦਾ ਹੈ। ਅਸਲ ਵਿਚ ਕਰਮ -ਮਾਰਗ ਗੀਤਾ ਦਾ ਪ੍ਰਮੁੱਖ ਵਿਸ਼ਾ ਹੈ। ਗੀਤਾ ਉਚੇਰੇ ਕਰਮਾਂ ਲਈ ਪ੍ਰੇਰਦੀ ਹੈ। ਜੋ ਪਰਾਪਤੀ ਦਾ ਸਾਧਨ ਹੈ। ਕ੍ਰਿਸ਼ਨ ਜੀ ਅਰਜਨ ਨੂੰ ਕਹਿੰਦੇ ਹਨ ਕਿ ਜੇ ਤੂੰ ਇਕਾਗਰਤਾ (ਰਾਜਯੋਗ ਸਾਧਨ) ਨਹੀਂ ਕਰ ਸਕਦਾ, ਤਾਂ ਅਭਿਆਸ ਕਰ, ਪਰ ਜੇ ਤੂੰ ਅਭਿਆਸ ਦੁਆਰਾ ਵੀ ਪ੍ਰਾਪਤ ਨਹੀਂ ਕਰ ਸਕਦਾ, ਤਾਂ ਮੇਰੇ ਲਈ ਕਰਮ ਕਰਕੇ ਸਿੱਧੀ ਪ੍ਰਾਪਤ ਕਰ ਸਕਦਾ ਹੈਂ।

ਛੇ ਸ਼ਾਸਤਰਾਂ ਵਿਚੋਂ ਸਾਂਖ ਵਾਲਿਆਂ ਨੇ ਵਿਵੇਕ ਪੂਰਣ ਕਰਮਾਂ ਨੂੰ ਬੰਧਨ ਰਹਿਤ ਦਸਿਆ ਹੈ ਅਤੇ ਯੋਗ ਦਰਸ਼ਨ ਵਿਚ ਯੋਗ ਅਭਿਆਸ ਦੁਆਰਾ ਚਿੱਤ ਦੀ ਸੁਧੀ ਨੂੰ ਕਰਮ ਦੀ ਸੰਗਿਆ ਦਿੱਤੀ ਗਈ ਹੈ। ਮੀਮਾਂਸਾ ਵਿਚ ਸੰਧਿਆ, ਉਪਾਸਨਾ, ਪੂਜਾ-ਪਾਠ, ਯੱਗ ਆਦਿ ਨੂੰ ਸ਼ੁਭ ਕਰਮ ਮੰਨਿਆ ਹੈ। ਅਦਵੈਤ ਵੇਦਾਂਤ ਵਾਲੇ ਗਿਆਨ ਅੰਤੇ ਵੈਰਾਗ ਦੁਆਰਾ ਕੀਤੇ ਕਰਮਾਂ ਨੂੰ ਸ਼ੁਭ ਮੰਨਦੇ ਹਨ। ਮੱਧ ਯੁਗ ਦੇ ਸੰਤਾਂ ਨੇ ਕਰਮ ਦੇ ਸਿੱਧਾਂਤ ਨੂੰ ਮੰਨ ਕੇ ਉਸ ਸੰਬੰਧੀ ਆਪਣੇ ਸੁਤੰਤਰ ਵਿਚਾਰ ਪ੍ਰਗਟ ਕੀਤੇ ਹਨ। ਕਰਮ- ਮਾਰਗ ਦੀ ਪ੍ਰਧਾਨ ਮਾਨਿਅਤਾ ਇਹ ਹੈ ਕਿ ਮਨੁੱਖ ਦੇ ਬੰਧਨ ਦਾ ਮੂਲ ਕਾਰਣ ਉਸਦੇ ਵਿਵਿਧ ਪ੍ਰਕਾਰ ਦੇ ਕਾਰਜ ਹਨ, ਜੋ ਕੁਝ ਵੀ ਉਹ ਕਰਦਾ ਹੈ, ਉਸ ਦਾ ਫਲ ਉਸਨੂੰ ਅਵੱਸ਼ ਭੋਗਣਾ ਪੈਂਦਾ ਹੈ। ਆਵਾਗਮਨ ਅਤੇ ਪੁੱਨਰ -ਜਨਮ ਦਾ ਆਧਾਰ ਵੀ ਮਨੁੱਖ ਦੇ ਕਾਰਜ( ਕਰਮ) ਹੀ ਮੰਨੇ ਗਏ ਹਨ, ਕਿਉਂਕਿ ਜਿਨ੍ਹਾਂ ਕਾਰਜਾਂ ਦਾ ਫਲ ਉਹ ਇਕ ਜਨਮ ਵਿਚ ਨਹੀਂ ਭੋਗ ਸਕਦਾ, ਉਸ ਨੂੰ ਭੋਗਣ ਲਈ ਦੂਜਾ ਜਨਮ ਲੈਣਾ ਪੈਂਦਾ ਹੈ। ਕਰਮ-ਮਾਰਗ ਦਾ ਬੁਨਿਆਦੀ ਸਾਰ

---

1. ਗੀਤਾ, 8/4-5, 7
2. ਉਹੀ, 9/10
3. ਉਹੀ, 3/19

ਸਾਰ ਸੰਨਿਆਸ ਜਾਂ ਤਿਆਗ ਹੈ। ਇਹ ਅਸਲ ਵਿਚ ਮਨ ਨੂੰ ਵਧ ਤੋਂ ਨਿਸ਼ਕ੍ਰਿਯ ਬਣਾਨ ਦੀ ਪ੍ਰੇਰਨਾ ਦਿੰਦੀ ਹੈ। ਇਸ ਤਰ੍ਹਾਂ ਇਹ ਮਾਰਗ ਕਰਮ ਦੁਆਰਾ ਮੁਕਤੀ ਪ੍ਰਾਪਤ ਕਰਨ ਦਾ ਯਤਨ ਕਰਦਾ ਹੈ।

ਗੁਰੂ ਨਾਨਕ ਦੇਵ ਕਰਮਾਂ ਦੇ ਸਿੱਧਾਂਤ ਵਿਚ ਪੂਰੀ ਤਰ੍ਹਾਂ ਵਿਸ਼ਵਾਸ ਰਖਦੇ ਸਨ। ਉਨ੍ਹਾਂ ਦਾ ਮੱਤ ਹੈ ਕਿ ਜੇ ਆਪਣੇ ਲੈਣ ਨਾਲ ਹੀ ਕੋਈ ਕੋਈ ਉੱਤਮ ਵਸਤੂ ਮਿਲ ਜਾਵੇ, ਤਾਂ ਸਾਰੇ ਹੀ ਭਾਗਯਵਾਨ ਬਣ ਜਾਣ, ਪਰੰਤੂ ਭਾਵੇਂ ਕੋਈ ਕਿਤਨੀਆਂ ਹੀ ਲੋਚਾਂ ਕਰ ਲਵੇ ਨਿਪਟਾਰਾ ਕਰਮਾਂ ਉੱਪਰ ਹੀ ਹੁੰਦਾ ਹੈ।

ਆਪਣਾ ਲੀਆ ਜੇ ਮਿਲੈ ਤਾਂ ਸਭੁ ਕੋ ਭਾਗਠੁ ਹੋਇ ॥
ਕਰਮਾ ਉਪਰਿ ਨਿਬੜੈ ਜੇ ਲੋਚੈ ਸਭੁ ਕੋਇ ॥

(ਆਦਿ ਗ੍ਰੰਥ, ਪੰਨਾ 460)

ਮਨੁੱਖ ਕਿੰਨਾ ਯਤਨ ਕਰੇ ਨਿਪਟਾਰਾ ਕਰਮਾਂ ਉੱਪਰ ਹੀ ਹੁੰਦਾ ਹੈ; ਕਰਮਾਂ ਦਾ ਦਾ ਫਲ ਮਿਲਣਾ ਜ਼ਰੂਰੀ ਹੈ। ਗੁਰੂ ਜੀ ਦੇ ਕਰਮ - ਸਿੱਧਾਂਤ ਦੀ ਇਕੋ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਉਨ੍ਹਾਂ ਨੇ ਬੋਧੀਆਂ ਵਾਂਗ ਕਰਮਾਂ ਨੂੰ ਅਨਾਦੀ, ਸਵੈਚਲਿਤ ਅਤੇ ਆਪਣੀ ਸ਼ਕਤੀ ਨਾਲ ਫਲੀ ਭੂਤ ਹੋਣ ਵਾਲਾ ਨਹੀਂ ਮੰਨਿਆ।

ਮਨੁੱਖ ਈਸ਼ਵਰ ਦੇ ਹੁਕਮ ਨਾਲ ਕਰਮਾਂ ਦੇ ਜਾਲ ਵਿਚ ਫਸਦਾ ਹੈ ਅਤੇ ਈਸ਼ਵਰ ਦੀ ਦਇਆ ਨਾਲ ਮੁਕਤ ਹੁੰਦਾ ਹੈ। ਉਸ ਨੇ ਹੀ ਮਨੁੱਖ ਨੂੰ ਕਰਮਾਂ ਦੇ ਚੱਕਰ ਵਿਚ ਪਾਇਆ ਹੈ। ਮਨੁੱਖ ਕੇਵਲ ਆਪਣਾ ਕੀਤਾ ਮੰਦਾ ਚੰਗਾ ਹੀ ਭੋਗਦਾ ਹੈ। ਕੋਈ ਦੂਸਰਾ ਕਿਸੇ ਦੀ ਥਾਂ ਨਹੀਂ ਪਕੜਿਆ ਜਾਂਦਾ ਅਤੇ ਕਿਸੇ ਦੂਸਰੇ ਨੂੰ ਆਪਣੇ ਭਾਗ ਤੇ ਪ੍ਰਾਲਬਧ ਲਈ ਦੋਸ਼ ਦੇਣਾ ਵਿਅਰਥ ਹੈ। ਜਿਵੇਂ:-

ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ ॥
ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ ॥

(ਆਦਿ ਗ੍ਰੰਥ ਪੰਨਾ 1) ਪੰਨਾ 452

ਕਿਸੇ ਨੂੰ ਮਾੜਾ ਚੰਗਾ ਕਹਿ ਕੇ ਝਗੜੇ ਵਿਚ ਨਹੀਂ ਪੈਣਾ ਚਾਹੀਦਾ, ਕਿਉਂਕਿ ਇਸ ਸਭ ਦਾ ਕਾਰਨ ਰੂਪ ਆਪ ਪਰਮਾਤਮਾ ਹੈ ਅਤੇ ਪਰਮਾਤਮਾ ਨਾਲ ਝਗੜਾ ਕਰਕੇ ਆਪਣੇ ਆਪ ਨੂੰ ਨਸ਼ਟ ਕਰਨਾ ਹੈ। ਮਨੁੱਖ ਦੀ ਆਪਣੀ ਕਰਨੀ ਆਪਣੇ ਕਰਮਾਂ ਉੱਤੇ ਨਿਰਭਰ ਹੈ।

ਜੈਸਾ ਬੀਜੈ ਸੁ ਲੁਣੇ ॥
ਕਰਮਾਂ ਸੰਦੜਾ ਖੇਤੁ ॥

( ਆਦਿ ਗ੍ਰੰਥ, ਪੰਨਾ 730)

ਗੁਰੂਆਂ ਨੇ ਕਰਮਾਂ ਦੇ ਤਿਆਗ ਲਈ ਨਹੀਂ, ਸਗੋਂ ਕਰਮਾਂ ਨੂੰ ਵਿਧੀ ਪੂਰਵਕ ਸਮਾਪਤ ਕਰਨ ਲਈ ਕਿਹਾ ਹੈ।[1]

ਉਨ੍ਹਾਂ ਨੇ ਗੁਰਬਾਣੀ ਵਿਚ ਹਰਿ ਕੀਰਤ, ਕਰਮ, ਅਧਿਆਤਮਿਕ - ਕਰਮ ਅਤੇ ਹੁਕਮ ਰਜਾਈ ਕਰਮ ਨੂੰ ਮੁਕਤੀ ਦਾਤਾ ਮੰਨਿਆ ਹੈ।[2] ਇਨ੍ਹਾਂ ਕਰਮਾਂ ਵਿਚ ਨਾਮ ਦਾ ਸਿਮਰਣ, ਪੰਜ ਵਿਕਾਰਾਂ ਦਾ ਤਿਆਗ, ਗੁਰੂ ਸ਼ਬਦ ਦੀ ਪ੍ਰਾਪਤੀ, ਪਰਮੇਸ਼ਵਰ ਨੂੰ ਸਰਵ ਵਿਆਪਕ ਸਮਝਦੇ ਹੋਏ ਉਸ ਦਾ ਡਰ ਧਾਰਨ ਕਰਨ, ਆਤਮ -ਚਿੰਤਨ ਕਰਨ, ਗੁਰੂ ਕਿਰਪਾ ਉੱਤੇ ਭਰੋਸਾ ਰਖਣਾ, ਸੇਵਾ ਵਲ ਰੁਚਿਤ ਹੋਏ ਅਤੇ ਇਕੋ ਪਰਮਾਤਮਾ ਨੂੰ ਜਪੁ ਤਪੁ ਸੰਜਮ ਦਾ ਆਧਾਰ ਬਣਾਉਣ ਵਰਗੇ ਕਰਮ ਸ਼ਾਮਲ ਕੀਤੇ ਹਨ।[3]

ਇਹ ਤਿੰਨ ਪ੍ਰਕਾਰ ਦੇ ਕਰਮ ਹੀ ਪਰਮਾਤਮਾ ਦੀ ਆਪਣੀ ਕਿਰਪਾ ਅਤੇ ਪਰੇਰਨਾ ਦੁਆਰਾ ਹੁੰਦੇ ਹਨ ਅਤੇ ਇਨ੍ਹਾਂ ਵਿਚ ਕੋਈ ਮੂਲ ਭੇਦ ਨਹੀਂ। ਤਿੰਨਾਂ ਦਾ ਪ੍ਰਯੋਜਨ ਮਨਮਤ ਦੀ ਥਾਂ ਗੁਰਮਤਿ ਧਾਰਨ ਕਰਨਾ, ਹਉਮੈ ਦੀ ਥਾਂ ਹੁਕਮ ਵਿਚ ਆਉਣਾ, ਕਰਮ ਦੇ ਬਲ ਦੀ ਥਾਂ ਦਇਆ ਦਾ ਬਲ ਪਰਵਾਨ ਕਰਨਾ, ਜਗਤ -ਮੁਖੀ ਹੋਣ ਦੀ ਥਾਂ ਜਗਦੀ-ਸ਼ਵਰ ਮੁਖੀ ਹੋਣਾ ਹੈ। ਇਸ ਲਈ ਇਨ੍ਹਾਂ ਨੂੰ ਸੁਕ੍ਰਿਤ ਕਰਮ, ਅਧਿਆਤਮ ਕਰ ਹਰਿਕੀਰਤ ਕਰਮ ਜਾਂ ਹੁਕਮ -ਰਜਾਈ ਕਰਮ ਵਿਚੋਂ ਕੋਈ ਵਲ ਨਾ ਦਿੱਤਾ ਜਾ ਸਕਦਾ ਹੈ। ਕਰਮ ਕਾਂਡ ਯੁਕਤ ਅਤੇ ਅਹੰਕਾਰ-ਯੁਕਤ ਕਰਮ ਬੰਧਨ ਕਾਰੀ ਹੁੰਦੇ ਹਨ। ਕਰਮ ਮਾਰਗ ਸਾਨੂੰ ਉਦਮੀ ਨੈਤਿਕ ਜੀਵਨ ਜਿਉਣਾ ਸਿਖਾਂਦਾ ਹੈ ਅਤੇ ਨਾਲ ਹੀ ਕਰਮ ਬੰਧਨ ਤੋਂ ਬਚਣ ਲਈ ਰਾਹ ਦਸਦਾ ਹੈ। ਗੁਰੂ ਨਾਨਕ ਨੇ ਕਰਮ -ਕਾਂਡੀ ਕਰਮਾਂ ਨੂੰ ਸਵੀਕਾਰ ਨਹੀਂ ਕੀਤਾ। ਆਪ ਲਿਖਦੇ ਹਨ ਕਿ ਹੋਮ ਯੱਗ, ਪੁੰਨ, ਤਪ, ਪੂਜਾ ਇਨ੍ਹਾਂ ਨਾਲ ਦੇਹ ਨੂੰ ਦੁਖੀ ਕੀਤਾ ਜਾਂਦਾ ਹੈ। ਇਸ ਦੁਆਰਾ ਮੁਕਤੀ ਦੀ ਪ੍ਰਾਪਤੀ ਸੰਭਵ ਨਹੀਂ। ਇਕ ਹੋਰ ਥਾਂ ਗੁਰੂ ਨਾਨਕ ਦਾ ਵਿਚਾਰ ਅੰਕਿਤ ਹੈ ਕਿ ਧੰਧਿਆਂ ਅਰਥਾਤ ਕਰਮ ਕਾਂਡਾ ਨੂੰ ਕਰਨ ਨਾਲ ਮਨ ਦਾ ਭਰਮ ਨਹੀਂ ਮਿਟਦਾ ।

---

1. ਮਿਸ਼ੁਰ ਜਯਰਾਮ (ਡਾ.) ਸ੍ਰੀ ਗੁਰੂ ਗ੍ਰੰਥ ਦਰਸ਼ਨ (ਹਿੰਦੀ) ਪੰਨਾ 227
2. ਉਹੀ, ਪੰਨਾ 219
3. ਉਹੀ, ਪੰਨਾ 223-24

ਧੰਧਾ ਕਰਮ ਸਗਲੀ ਪਤ ਖੋਵਿਸੁ ॥
ਭਰਮ ਨ ਮਿਟਸਿ ਗਵਾਰਾ ॥

( ਆਦਿ ਗ੍ਰੰਥ, ਪੰਨਾ 1126)

ਗੁਰੂ ਨਾਨਕ ਦੇ ਸੁਰਾ ਵਿਚ ਕਰਮ -ਕਾਂਡੀ ਕਰਮਾਂ ਤੇ ਅਹੰਕਾਰ ਭਰਪੂਰ ਕਰਮਾਂ ਦੇ ਸਖਤ ਖੰਡਨ ਦੀ ਧੁੰਨ ਗੂੰਜਦੀ ਸੁਣਾਈ ਦਿੰਦੀ ਹੈ। ਕਰਮ ਮਾਰਗ ਪ੍ਰਤੀ ਗੁਰੂ ਜੀ ਦੀ ਮਾਨਤਾ ਸਪਸ਼ਟ ਪ੍ਰਾਪਤ ਹੁੰਦੀ ਹੈ। ਉਹ ਆਪਣੇ ਕਰਮ -ਮਾਰਗ ਸੰਬੰਧੀ ਆਸ਼ੇ ਨੂੰ ਕਿਤੇ ਅਧਿਆਤਮਕ ਕਰਮ, ਕਹਿ ਕੇ ਅਤੇ ਕਿਤੇ ਬ੍ਰਹਮ-ਕਰਮ ਕਹਿ ਕੇ ਪ੍ਰਗਟ ਕਰਦੇ ਹਨ। ਉਨ੍ਹਾਂ ਅਨੁਸਾਰ ਜਿਹੜਾ ਅਧਿਆਤਮ ਕਰਮ ਕਰਦਾ ਹੈ, ਉਹ ਸਚਿਆਰ ਹੈ।

ਉਨ੍ਹਾਂ ਨੇ ਅਧਿਆਤਮਿਕ ਕਰਮਾਂ ਨੂੰ ਸੱਚੇ ਮੰਨਿਆ ਹੈ। ਆਪ ਦੀ ਦ੍ਰਿਸ਼ਟੀ ਵਿਚ ਅਧਿਆਤਮਕ ਕਰਮ ਕਰਨ ਨਾਲ ਵਿਅਕਤੀ ਸੱਚਾ ਹੁੰਦਾ ਹੈ। ਕੱਚਾ ਮਨੁੱਖ ਮੁਕਤੀ ਦੇ ਭੇਦ ਨੂੰ ਨਹੀਂ ਸਮਝ ਸਕਦਾ :-

ਅਧਿਆਤਮ ਕਰਮ ਕਰੇ ਤਾਂ ਸਾਚਾ ॥
ਮੁਕਤਿ ਭੇਦੁ ਕਿਆ ਜਾਣੈ ਕਾਚਾ ॥

( ਆਦਿ ਗ੍ਰੰਥ ਪੰਨਾ 223)

*****

## (3) ਭਗਤੀ -ਮਾਰਗ

ਸੰਤ ਮਹਾਤਮਾ ਵੇਦ -ਪੁਰਾਣ ਇਸ ਗੱਲ ਉਤੇ ਜ਼ੋਰ ਦਿੰਦੇ ਹਨ ਕਿ ਪਰਮੇਸ਼ੁਰ ਦੇ ਪਿਆਰੇ ਭਗਤ ਗਿਆਨ ਅਤੇ ਮੁਕਤੀ ਦੀ ਲਾਲਸਾ ਤਿਆਗ ਕੇ ਭਗਤੀ ਮਾਰਗ ਨੂੰ ਅਪਣਾਉਂਦੇ ਹਨ। ਭਗਤੀ ਮਾਰਗ ਅਮੋਲਕ ਧਨ ਹੈ। ਭਗਤੀ ਹਰ ਪ੍ਰਕਾਰ ਦੇ ਅਵਗੁਣਾਂ ਦੋਸ਼ਾਂ ਅਤੇ ਪੰਜ ਵਿਕਾਰਾਂ ਨੂੰ ਨਾਸ਼ ਕਰਨ ਦੀ ਸ਼ਕਤੀ ਰਖਦੀ ਹੈ। ਇਹ ਸਭ ਦੁਖਾਂ ਨੂੰ ਦੂਰ ਕਰਨ ਵਾਲਾ ਅੰਮ੍ਰਿਤ ਹੈ। ਇਹ ਸੱਚਾ ਮਾਨ, ਸੱਚੀ ਵਡਿਆਈ ਦੇਣ ਵਾਲਾ ਧਨ ਹੈ। ਜੋ ਲੋਕ ਪ੍ਰੇਮ ਭਾਵ ਨਾਲ ਪਰਮੇਸ਼ੁਰ ਨੂੰ ਖੋਜਦੇ ਹਨ, ਉਨ੍ਹਾਂ ਨੂੰ ਭਗਤੀ ਦੀ ਅਮੋਲਕ ਦਾਤ ਪ੍ਰਾਪਤ ਹੁੰਦੀ ਹੈ। ਭਗਤ ਭਗਵਾਨ ਤੋਂ ਵੱਡੇ ਹੁੰਦੇ ਹਨ। ਉਹ ਜੜ੍ਹ ਨੂੰ ਚੇਤੰਨ ਅਤੇ ਚੇਤੰਨ ਨੂੰ ਜੜ੍ਹ ਕਰਨ ਦੇ ਸਮਰੱਥ ਹੁੰਦੇ ਹਨ। ਬਿਨਾਂ ਸੰਤਾਂ, ਭਗਤਾਂ ਦੀ ਦਇਆ ਦੇ ਇਹ ਵਡਮੁੱਲੀ ਦਾਤ ਪ੍ਰਾਪਤ ਨਹੀਂ ਹੁੰਦੀ। ਪ੍ਰਭੂ ਦੁੱਧ ਦੇ ਸਮੁੰਦਰ ਸਮਾਨ ਹੈ ਅਤੇ ਭਗਤ ਭਗਤੀ ਰੂਪ ਪ੍ਰੇਮ ਭਾਵ ਨਾਲ ਇਸ ਸਮੁੰਦਰ ਵਿਚੋਂ ਗਿਆਨ ਰੂਪੀ ਅੰਮ੍ਰਿਤ ਕੱਢ ਕੇ ਆਨੰਦ ਮਾਣਦੇ ਹਨ। ਵਿਕਾਰਾਂ ਦੇ ਹਰ ਪ੍ਰਕਾਰ ਦੇ ਸ਼ਤਰੂਆਂ ਦੀ ਨਾਸ਼ਕ ਅਤੇ ਹਰ ਪ੍ਰਕਾਰ ਦੇ ਅਧਿਆਤਮਿਕ ਆਨੰਦ ਦੀ ਦਾਤ ਪਰਮੇਸ਼ੁਰ ਭਗਤੀ ਹੈ। ਭਗਤੀ ਅਧਿਆਤਮਿਕਤਾ ਦੀ ਆਦਿ, ਮੱਧ ਅਤੇ ਅੰਤ ਹੈ।

ਪ੍ਰਾਪਤੀ ਦੇ ਮਾਰਗਾਂ ਵਿਚੋਂ ਭਗਤੀ ਨੂੰ ਸਭ ਤੋਂ ਵਧ ਪ੍ਰਵਾਨਗੀ ਮਿਲੀ ਹੈ। ਇਸ ਕਰਕੇ ਇਹ ਮਾਰਗ ਦੂਜਿਆਂ ਨਾਲੋਂ ਸੌਖੇਰਾ ਵੀ ਹੈ ਅਤੇ ਜਨ -ਸਾਧਾਰਨ ਦਾ ਵੀ। ਬਿਨਾਂ ਜਾਤੀ ਭੇਦ ਦੇ, ਵਿਦਵਤਾ ਭੇਦ ਦੇ ਇਸ ਸਰਬ ਸਾਂਝੇ ਰਾਹ ਤੇ ਚਲ ਕੇ ਨਿਸ਼ਾਨੇ ਨੂੰ ਪ੍ਰਾਪਤ ਹੋਇਆ ਜਾ ਸਕਦਾ ਹੈ। ਭਗਤੀ ਵਿਚ ਵੇਦ ਕਤੇਬ ਰਟਣ ਦੀ ਲੋੜ ਨਹੀਂ ਨਾ ਹੀ ਸਰੀਰਕ ਅਤੇ ਮਾਨਸਿਕ ਸਾਧਨਾਵਾਂ ਦੀ ਲੋੜ ਹੈ। ਇਸ ਦੇ ਹੁਲਾਰੇ ਨਾਲ ਹਰ ਇਕ ਹਿਰਦਾ ਉੱਚੀ ਉਡਾਰੀ ਮਾਰ ਸਕਦਾ ਹੈ। ਭਗਤੀ ਬਿਨਾ ਜਨਮ ਭੇਦ ਦੇ, ਬਿਨਾਂ ਪੂਰਬਲੇ ਕਰਮਾਂ ਦੀ ਪੋਥੀ ਵੇਖਣ ਦੇ, ਕੁਕਰਮੀਆਂ ਨੂੰ, ਇਸਤਰੀਆਂ ਨੂੰ, ਵੈਸ਼ ਅਤੇ ਸ਼ੂਦਰ ਨੂੰ ਹਰ ਇਕ ਨੂੰ ਮੁਕਤੀ ਦਾ ਵਿਸ਼ਵਾਸ ਦਿੰਦੀ ਹੈ।[1]

ਭਗਤੀ ਈਸ਼ਵਰ ਦੀ ਸੱਚੀ ਭਾਲ ਹੈ ਅਤੇ ਅਜੇਹੀ ਭਾਲ ਜੋ ਪਿਆਰ ਨਾਲ ਆਰੰਭ ਹੁੰਦੀ ਹੈ ਅਤੇ ਸਦਾ ਇਕ ਰਸ ਰਹਿੰਦੀ ਹੋਈ ਪਿਆਰ ਵਿਚ ਹੀ ਮੁਕਦੀ ਹੈ। ਇਹ

---

1. Encylopaedia of Religion and Ethics, Vol.I Page 538

ਆਤਮਾ ਅਤੇ ਪਰਮਾਤਮਾ ਦਾ ਕੁਦਰਤੀ ਸੰਬੰਧ ਹੈ। ਭਾਉ-ਭਗਤੀ ਹਿਰਦੇ ਤੋਂ ਹੀ ਪ੍ਰਸਤੁਤ ਹੁੰਦੀ ਹੈ। ਇਹ ਕੇਵਲ ਅਜਿਹਾ ਸਾਧਨ ਹੈ, ਜਿਸ ਦੁਆਰਾ ਭਵ -ਸਾਗਰ ਤੋਂ ਪਾਰ ਹੋਇਆ ਜਾ ਸਕਦਾ ਹੈ।

ਭਗਤੀ ਸ਼ਬਦ ਦੇ ਅਰਥ ਹਨ ਵਿਭਾਗ, ਸੇਵਾ, ਸ਼ਰਧਾ, ਵਿਸ਼ਵਾਸ਼, ਭਗਵਾਨ ਦੀ ਪੂਜਾ ਵਿਚ ਪ੍ਰੇਮ ਅਤੇ ਉਪਾਸ਼ਨਾ ਆਦਿ। ਪਰਮੇਸ਼ੁਰ ਦੇ ਗੁਣ, ਸਰੂਪ ਆਦਿ ਦਾ ਪੂਰਨ ਪ੍ਰੇਮ ਅਤੇ ਅਨਿੰਨ ਸ਼ਰਧਾ ਭਾਵ ਨਾਲ ਚਿੰਤਨ ਕਰਨਾ ਹੀ ਭਗਤੀ ਹੈ। ਭਗਤੀ ਦਾ ਜ਼ਰੂਰੀ ਤੱਤ ਸ਼ਰਨਾਗਤ ਹੋਣਾ ਹੈ। ਭਗਤੀ-ਮਾਰਗ ਆਪਣੇ ਪ੍ਰਭੂ ਪ੍ਰਤੀ ਅਨਿੰਨ ਰੂਪ ਵਿਚ ਸ਼ਰਧਾ ਸਥਾਪਿਤ ਕਰਨਾ ਅਤੇ ਉਸ ਪ੍ਰਭੂ ਦੀ ਮਿਹਰ ਵਿਚ ਕਾਮਲ ਯਕੀਨ ਰਖਣਾ ਹੈ।

ਭਾਰਤ ਵਿਚ ਭਗਤੀ ਦੇ ਅੰਸ਼ ਬਹੁਤ ਪੁਰਾਣੇ ਹਨ, ਅਜਿਹੇ ਅੰਸ਼ ਰਿਗ ਵੇਦ[1] ਉਪਨਿਸ਼ਦਾਂ[2] ਅਤੇ ਗੀਤਾ[3] ਵਿਚ ਮਿਲਦੇ ਹਨ। ਇਸ ਲਈ ਉਨ੍ਹਾਂ ਸ਼ੁਭ ਕਰਮਾਂ ਨੂੰ ਬਰਾਬਰੀ ਅਰਪਣ ਕਰਦਿਆਂ ਸੱਚੇ ਯਕੀਨ ਨਾਲ ਭਗਵਾਨ ਵਿਚ ਧਿਆਨ ਲਾਉਣ ਲਈ ਉਪਦੇਸ਼ ਦਿੱਤਾ ਹੈ। ਕ੍ਰਿਸ਼ਨ ਜੀ ਲਿਖਦੇ ਹਨ ਕਿ ਅਵਿਅਕਤ ਨਿਰਗੁਣ ਬ੍ਰਹਮ ਵਿਚ ਚਿੱਤ ਨੂੰ ਇਕਾਗਰ ਕਰਨਾ ਬਹੁਤ ਔਖਾ ਹੈ, ਕਿਉਂਕਿ ਨਿਰੰਕਾਰ ਨੂੰ ਪ੍ਰਾਪਤ ਕਰਨਾ ਦੇਹਧਾਰੀ ਜੀਵ ਲਈ ਮੁਸ਼ਕਿਲ ਹੈ।[4]

ਗੁਰੂ ਨਾਨਕ ਦੀ ਭਗਤੀ ਨਾ ਤਾਂ ਹਿੰਦੂ ਪਰੰਪਰਾ ਨਾਲ ਜੋੜੀ ਜਾ ਸਕਦੀ ਹੈ, ਜਿਸ ਵਿਚ ਪੋਥੀ ਗਿਆਨ ਨੂੰ ਜ਼ਰੂਰੀ ਸਮਝ ਕੇ ਦੇਹ ਸਾਧਨਾ ਦਾ ਮਹੱਤਵ ਮੰਨਿਆ ਜਾਂਦਾ ਹੈ ਅਤੇ ਨਾ ਹੀ ਇਸ਼ਕ ਪ੍ਰਧਾਨ ਭਗਤੀ ਨਾਲ ਜਿਸ ਵਿਚ ਸੂਫ਼ੀ ਮੁਸਲਮਾਨਾਂ ਦੀ ਸਥੂਲ ਤੜਪ ਅਤੇ ਬਿਹਬਲਤਾ ਹੀ ਪ੍ਰਧਾਨ ਹੁੰਦੀ ਹੈ।[5] ਭਗਤੀ-ਮਾਰਗ ਮੱਧ ਕਾਲੀਨ ਭਾਰਤ ਦਾ ਪ੍ਰਤੀਨਿਧ ਪਰਾਪਤੀ ਮਾਰਗ ਸਮਝਿਆ ਜਾਂਦਾ ਹੈ। ਰਹੱਸਵਾਦੀ ਪ੍ਰਾਪਤੀ ਦੇ ਸ਼ਾਇਦ ਇਹ ਸਭ ਤੋਂ ਨੇੜੇ ਹੈ, ਕਿਉਂਕਿ ਇਸ ਦਾ ਮੂਲ ਆਧਾਰ ਵੀ ਅਨੁਭਵ ਉੱਪਰ ਹੀ ਹੈ। ਭਗਤੀ ਪ੍ਰੇਮ ਭਾਵਨਾ ਦਾ ਉਤਕ੍ਰਿਸ਼ਟ ਰੂਪ ਹੈ। ਇਸ ਵਿਚ ਪਰਮ -ਸਤਾ ਨਾਲ ਵਿਅਕਤੀਗਤ ਸੰਬੰਧ ਜੋੜਨ ਦੀ ਚੇਸ਼ਟਾ ਕੀਤੀ ਜਾਂਦੀ ਹੈ। ਗੁਰੂ ਨਾਨਕ ਨੇ ਵੀ ਰਹੱਸਵਾਦੀ

---

1. ਰਿਗਵੇਦ 7/88
2. ਮੁੰਡਕ ਉਪਨਿਸ਼ਦ 2/24
3. ਸ਼ਰਮਾਂ ਮੁਨਸ਼ੀ ਰਾਮ (ਡਾ.) ਭਗਤੀ ਕਾ ਵਿਕਾਸ ( ਹਿੰਦੀ), ਪੰਨਾ 472
4. ਗੀਤਾ 12 /5
5. ਬਾਬੂ ਰਾਵ ਜੋਸ਼ੀ, ਸੰਤ ਕਾਵਯ ਮੇ ਪਰੋਕਸ਼ ਸੱਤਾ ਕਾ ਸਵਰੂਪ(ਹਿੰਦੀ) ਪੰਨਾ 23

ਅਨੁਭਵ ਦੀ ਪਰਾਪਤੀ ਲਈ ਭਗਤੀ-ਮਾਰਗ ਨੂੰ ਪਰਾਪਤੀ -ਮਾਰਗ ਦਾ ਇਕ ਮਹੱਤਵ-ਪੂਰਨ ਤੱਤ ਮੰਨਿਆ ਹੈ। ਉਨ੍ਹਾਂ ਨੇ ਤਾਂ ਸਪਸ਼ਟ ਸ਼ਬਦਾਂ ਵਿਚ ਆਖਿਆ ਹੈ ਕਿ ਭਗਤੀ ਬਗੈਰ ਮਨੁੱਖ ਨੂੰ ਆਪਣੇ ਪਰਮ -ਉਦੇਸ਼ ਦੀ ਪਰਾਪਤੀ ਨਹੀਂ ਹੋ ਸਕਦੀ। ਜਿਵੇਂ:

ਵਿਣੁ ਭਗਤੀ ਘਰਿ ਵਾਸੁ ਨ ਹੋਵੀ ਸੁਣੀਅਹੁ ਲੋਕ ਸਬਾਏ ॥

( ਆਦਿ ਗ੍ਰੰਥ, ਪੰਨਾ 689 )

ਭਗਤੀ ਭਾਵਨਾ ਦੀ ਨੈਤਿਕ ਸਾਰਥਕਤਾ ਇਹ ਹੈ ਕਿ ਇਹ ਵਿਵਹਾਰਕ ਜੀਵਨ ਵਿਚ ਵੀ ਪ੍ਰੇਮ ਭਾਵਨਾ ਨੂੰ ਉਤਸਾਹਿਤ ਕਰਦੀ ਹੈ। ਈਸ਼ਵਰ ਨਾਲ ਭਗਤੀ ਕਰਨ ਦਾ ਆਦਰਸ਼ ਲੋਕਾਂ ਨਾਲ ਪ੍ਰੇਮ ਕਰਨ ਦਾ ਸੁਭਾਵਕ ਕਾਰਣ ਵੀ ਬਣ ਜਾਂਦਾ ਹੈ। ਵਾਸਤਵ ਵਿਚ ਪ੍ਰੇਮ ਨੂੰ ਸਰਬ -ਉੱਚ ਨੈਤਿਕ ਕਦਰ ਵੀ ਮੰਨਿਆ ਜਾ ਸਕਦਾ ਹੈ। ਗੁਰੂ ਨਾਨਕ ਬਾਣੀ ਵਿਚ ਪ੍ਰੇਮ ਸੇਵਾ ਅਤੇ ਪਰਉਪਕਾਰ ਦੇ ਆਦਰਸ਼ ... ਉਨ੍ਹਾਂ ਦੀ ਸਮੁੱਚੀ ਭਗਤੀ ਭਾਵਨਾ ਦੇ ਹੀ ਪ੍ਰਤੀਕ ਹਨ। ਇਸੇ ਲਈ ਗੁਰੂ ਨਾਨਕ ਦਾ ਆਦਰਸ਼ ਮਨੁੱਖ( ਪਰਮ-ਮਨੁੱਖ) ਆਪਣੀ ਵਿਅਕਤੀਗਤ ਮੁਕਤੀ ਦੇ ਨਾਲ ਨਾਲ ' ਸੰਗਤ' ਦੀ ਮੁਕਤੀ ਦੀ ਤਾਂਘ ਵੀ ਰਖਦਾ ਹੈ:-

ਆਪ ਤਾਰੈ ਸੰਗਤਿ ਕੁਲਤਾਰੈ॥
ਸਤਿਗੁਰ ਸੇਵਿ ਤਤੁ ਵੀਚਾਰੈ ॥

( ਆਦਿ ਗ੍ਰੰਥ, ਪੰਨਾ 353 )

ਗੁਰੂ ਨਾਨਕ ਬਾਣੀ ਵਿਚ ਭਗਤੀ ਦਾ ਉਹ ਰੂਪ ਮਿਲਦਾ ਹੈ, ਜਿਸ ਵਿਚ ਦੀਨਤਾ, ਨਿਮਰਤਾ ਹੀ ਪ੍ਰਧਾਨ ਹੈ, ਜਿਸ ਵਿਚ ਗੁਰੂ ਆਪਣੇ ਪ੍ਰਭੂ ਦੀ ਭਗਤ-ਵਛਲਤਾ ਨੂੰ ਜੋਦੜੀਆਂ ਕਰਦੇ ਹਨ ਅਤੇ ਸਰਬੰਸ ਭੁਲ ਕੇ ਉਨ੍ਹਾਂ ਦੀ ਸ਼ਰਣਾਈ ਢਹਿ ਢਹਿ ਪੈਂਦੇ ਹਨ। ਗੁਰੂ ਜੀ ਦਾ ਪੱਕਾ -ਵਿਸ਼ਵਾਸ ਹੈ ਕਿ ਭਗਤੀ ਤੋਂ ਬਿਨਾਂ ਮਨ ਦੀ ਮੈਲ ਨਹੀਂ ਉਤਰਦੀ। ਜਿਵੇਂ:-

ਭਰੀਐ ਮਤਿ ਪਾਪਾ ਕੈ ਸੰਗਿ ॥
ਉਹ ਧੋਪੈ ਨਾਵੈ ਕੈ ਰੰਗਿ ॥

( ਆਦਿ ਗ੍ਰੰਥ, ਪੰਨਾ 5)

ਗੁਰੂ ਜੀ ਦਾ ਕਥਨ ਹੈ ਕਿ ਸਾਧਕ ਨੂੰ ਤੀਰਥ, ਤਪ ਦਾਨ, ਆਦਿ ਦੇ ਝਗੜੇ ਵਿਚ ਨਹੀਂ ਪੈਣਾ ਚਾਹੀਦਾ, ਜਿਹੜਾ ਪ੍ਰਭੂ ਦਾ ਨਾਮ ਸੁਣਦਾ ਹੈ, ਅਮਲ ਕਰਦਾ ਹੈ ਅਤੇ ਮਨ ਵਿਚ ਭਾਉ ਅਰਥਾਤ ਭਗਤੀ ਕਰਦਾ ਹੈ, ਉਸਨੇ ਸਾਰਿਆਂ ਤੀਰਥਾਂ ਦਾ ਅਸ਼ਨਾਨ

ਕਰ ਲਿਆ ਹੈ ਅਤੇ ਆਪਣੇ ਸਾਰੇ ਪਾਪਾਂ ਨੂੰ ਧੋ ਦਿੱਤਾ ਹੈ। ਇਸ ਲਈ ਗੁਰੂ ਜੀ ਨੇ ਨਾਮ -ਸਿਮਰਣ ਅਤੇ ਭਗਤੀ ਨੂੰ ਬੜੀ ਮਹਾਨਤਾ ਦਿੱਤੀ ਹੈ। ਨਾਮ ਹੀ ਜੀਵਨ ਹੈ ਅਤੇ ਨਾਮ ਦਾ ਵਿਸਰਨਾ ਮੌਤ ਹੈ:-

ਆਖਾ ਜੀਵਾ ਵਿਸਰੈ ਮਰਿ ਜਾਉ ॥

( ਆਦਿ ਗ੍ਰੰਥ, ਪੰਨਾ 348)

ਉਨ੍ਹਾਂ ਦਾ ਭਾਵ ਭਗਤੀ ਵਿਚ ਹੀ ਪੂਰਾ ਪੂਰਾ ਨਿਸ਼ਚਾ ਹੈ। ਇਹੋ ਕਾਰਣ ਹੈ ਕਿ ਉਹ ਬਾਹਰੀ ਚਿੰਨਾਂ ਵਾਲੀ ਵੈਧੀ ਭਗਤੀ ਦੀ ਹਮਾਇਤ ਨਹੀਂ ਕਰਦੇ। ਉਨ੍ਹਾਂ ਨੇ ਤਾਂ ਭਗਤੀ ਮਾਰਗੀਆਂ ਦੇ ਸਾਰੇ ਵਿਧੀ- ਵਿਧਾਨ, ਤਿਲਕ, ਮਾਲਾ, ਆਸਣ, ਮੂਰਤੀ-ਪੂਜਾ, ਸਾਮਗਰੀ, ਧੂਪ-ਦੀਪ ਆਦਿ ਪੂਜਾ ਪਦਾਰਥਾਂ ਦਾ ਖੰਡਨ ਕੀਤਾ ਹੈ:-

ਪੜਿ ਪੁਸਤਕ ਸੰਧਿਆ ਬਾਦੰ ॥
ਸਿਲ ਪੂਜਸਿ ਬਗੁਲ ਸਮਾਧੰ ॥
ਮੁਖਿ ਝੂਠ ਬਿਭੂਖਣ ਸਾਰੰ ॥
ਤ੍ਰੈਪਾਲ ਤਿਹਾਲ ਬਿਚਾਰੰ ॥
ਗਲ ਮਾਲਾ ਤਿਲਕ ਲਲਾਟੰ ॥
ਦੁਇ ਧੋਤੀ ਬਸਤ੍ਰ ਕਪਾਟੰ ॥
ਜੇ ਜਾਣਸਿ ਬ੍ਰਹਮੰ ਕਰਮੰ ॥
ਸਭ ਫੋਕਟ ਨਿਸਚਉ ਕਰਮੰ ॥

( ਆਦਿ ਗ੍ਰੰਥ, ਪੰਨਾ 470)

ਅਸਲ ਵਿਚ ਇਨ੍ਹਾਂ ਭੌਤਿਕ ਵਸਤੂਆਂ ਦਾ ਗੁਰੂ ਨਾਨਕ ਨੇ ਅਧਿਆਤਮੀਕਰਣ ਕੀਤਾ ਹੈ ਅਤੇ ਇਨ੍ਹਾਂ ਵਿਚ ਨਵੇਂ ਅਰਥ ਪ੍ਰਦਾਨ ਕੀਤੇ ਹਨ। ਇਸ ਤੋਂ ਸਪਸ਼ਟ ਹੈ ਕਿ ਗੁਰੂ ਜੀ ਪੂਜਾ ਵਿਧਾਨ ਵਾਲੀ " ਵੈਧੀ ਭਗਤੀ" ਦੀ ਥਾਂ ਨਾਮ ਸਿਮਰਣ ਵਾਲੀ ਭਗਤੀ ਦੇ ਹੀ ਸਮਰਥਕ ਸਨ। ਇਸ ਨੂੰ ਹੀ ਉਨ੍ਹਾਂ ਨੇ ਭਾਵ ਭਗਤੀ, ਭਉ ਭਗਤੀ ਜਾਂ ਪ੍ਰੇਮਾ ਭਗਤੀ ਆਖਿਆ ਹੈ।

ਗੁਰੂ ਜੀ ਨੇ ਸਾਧਨਾ ਦੇ ਬਾਕੀ ਮਾਰਗਾਂ ਨਾਲੋਂ ਭਗਤੀ-ਮਾਰਗ ਨੂੰ ਨਾ ਕੇਵਲ ਅਧਿਕ ਮਹੱਤਤਾ ਦਿੱਤੀ, ਸੱਗੋਂ ਇਸ ਦੇ ਵਿਸ਼ਲੇਸ਼ਣ ਵਿਚ ਬਾਕੀ ਮਾਰਗਾਂ ਨਾਲੋਂ ਅਧਿਕ ਰੁਚੀ ਦਿਖਾਈ। ਉਨ੍ਹਾਂ ਦੀ ਭਗਤੀ -ਮਾਰਗ ਪ੍ਰਤੀ ਵਧੇਰੇ ਰੁਚੀ ਦਾ ਕਾਰਨ ਇਹ ਸੀ ਕਿ ਭਗਤੀ ਦੁਆਰਾ ਜਲਦੀ ਪ੍ਰਭੂ ਦੀ ਪ੍ਰਾਪਤੀ ਹੁੰਦੀ ਹੈ, ਉੱਚੇ ਨੀਵੇਂ ਲਈ ਸਮਾਨ ਫਲ ਦੀ

ਪ੍ਰਾਪਤੀ ਅਤੇ ਗ੍ਰਹਸਥੀਆਂ ਲਈ ਢੁਕਵੇਂ ਹੋਣਾ ਅਤੇ ਉਸ ਯੁਗ ਵਿਚ ਹਾਲਾਤ ਅਨੁਸਾਰ ਭਗਤੀ-ਮਾਰਗ ਦਾ ਅਸਾਨੀ ਨਾਲ ਪ੍ਰਫੁੱਲਤ ਹੋਣਾ ਸੀ।

ਭਗਤੀ-ਮਾਰਗ ਵਿਚ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਨੂੰ ਵਿਸ਼ੇਸ਼ ਤੌਰ ਤੇ ਵੱਡੀਆਂ ਰੁਕਾਵਟਾਂ ਕਿਹਾ ਗਿਆ ਹੈ। ਜੇ ਕਰ ਇਹ ਸਤਾਉਣ ਲਗ ਪੈਣ ਤਾਂ ਇਹਨਾਂ ਨੂੰ ਭਗਵਾਨ ਦੇ ਪ੍ਰਤੀ ਲਗਾ ਦੇਣਾ ਚਾਹੀਦਾ ਹੈ। ਜੋ ਚੀਜ਼ਾਂ ਸਾਡੇ ਰਸਤੇ ਵਿਚ ਰੁਕਾਵਟ ਪਾਉਂਦੀਆਂ ਹਨ, ਉਨ੍ਹਾਂ ਨੂੰ ਜੇ ਭਗਵਾਨ ਦੇ ਪ੍ਰਤੀ ਲਗਾ ਦਿੱਤਾ ਜਾਵੇ ਤਾਂ ਉਹ ਵੀ ਸਾਧਕ ਸਿੱਧ ਹੁੰਦੀਆਂ ਹਨ।

****

## (4) ਯੋਗ -ਮਾਰਗ

ਭਾਰਤ ਵਰਸ਼ ਵਿਚ ਯੋਗ -ਮਾਰਗ ਸਭ ਤੋਂ ਪ੍ਰਾਚੀਨ ਅਤੇ ਮਹੱਤਵਪੂਰਨ ਹੈ। ਰਿਗਵੇਦ ਕਾਲ ਤੋਂ ਵੀ ਪੂਰਬਲੀ ਸਿੰਧ ਘਾਟੀ ਦੀ ਸਭਿਅਤਾ ਵਿਚ ਯੋਗ ਦੇ ਤੱਤ ਮਿਲਣ ਦਾ ਅਨੁਮਾਨ ਹੈ। ਬ੍ਰਹਮ ਨਾਲ ਸੰਜੋਗ ਬ੍ਰਹਮ -ਖੋਜੀਆਂ ਦਾ ਪਰਮ -ਲਕਸ਼ ਹੈ। ਚਿਰੀ-ਵਿਛੁੰਨੀ ਆਤਮਾ ਸਦਾ ਯਤਨਸ਼ੀਲ ਰਹੀ ਹੈ ਕਿ ਵਿੱਥਾਂ ਨੂੰ ਅਪਣਾਂਦਿਆਂ ਅਪਣਾਂਇਆਂ ਮੇਲਾ ਸੰਜੋਗੀ ਹੋ ਜਾਵੇ। ਸਾਰੇ ਧਰਮ ਉਸ ਇਕ ਟੀਚੇ ਉਤੇ ਪੁੱਜਣ ਲਈ ਵੱਖ ਵੱਖ ਮਾਰਗ ਦੱਸਦੇ ਹਨ। ਯੋਗ-ਮਾਰਗ ਵੀ ਉਨ੍ਹਾਂ ਵਿਚੋਂ ਇਕ ਹੈ।

ਯੋਗ -ਮਾਰਗ ਤੋਂ ਭਾਵ ਮਨ ਨੂੰ ਵਸ ਕਰਨਾ ਹੈ। ਯੋਗ -ਮਾਰਗ ਦਾ ਬੁਨਿਆਦੀ ਉਦੇਸ਼ ਚਿੱਤ ਦੀਆਂ ਬਿਰਤੀਆਂ ਦਾ ਨਿਰੋਧ ਹੈ, ਜਿਸ ਨਾਲ ਸਾਧਕ ਆਪਣੇ ਨਿੱਜ ਰੂਪ ਵਿਚ ਸਥਿੱਤ ਹੋ ਜਾਂਦਾ ਹੈ।[1] ਇਹ ਉਦੇਸ਼ ਇਸਨੂੰ ਅੰਤਰ ਮੁਖੀ ਰਹੱਸਵਾਦ ਨਾਲ ਮਿਲਾ ਦਿੰਦਾ ਹੈ। ਮਨੋ-ਵਿਗਿਆਨਕ ਦ੍ਰਿਸ਼ਟੀ ਤੋਂ ਯੋਗ ਦੀ ਸਮਾਧੀ ਅਵਸਥਾ ਚੇਤਨਾ ਦਾ ਆਪਣੇ ਆਪ ਉੱਪਰ ਕੇਂਦਰਿਤ ਹੋ ਜਾਣਾ ਮੰਨਿਆ ਜਾ ਸਕਦਾ ਹੈ। 'ਯੋਗ' ਪਤੰਜਲੀ ਰਿਸ਼ੀ ਦਾ ਚਿੱਤ ਨੂੰ ਇਕਾਗਰ ਕਰਨ ਲਈ ਦੱਸਿਆ ਹੋਇਆ ਸਾਧਨ ਹੈ[2]। ਯੋਗ ਸੰਸਕ੍ਰਿਤ ਦੇ ਸ਼ਬਦ ਯੁਜ ਤੋਂ ਬਣਿਆ ਹੈ, ਜਿਸਦਾ ਭਾਵ ਹੈ ਬੁਝਣਾ, ਜੁੜਨਾ ਜਾਂ ਸੰਯੁਕਤ ਕਰਨਾ, ਇਹ ਸ਼ਬਦ ਯੁਜ ਧਾਤੂ ਤੋਂ ਬਣਿਆ ਹੈ, ਜਿਸ ਦਾ ਅਰਥ ਜੋੜ, ਮੇਲ -ਮਿਲਾਪ ਏਕਤਾ ਆਦਿ ਹੁੰਦਾ ਹੈ।[3] ਯੋਗ ਦੇ ਸ਼ਬਦੀ ਅਰਥ ਮਿਲਾਪ ਹਨ[4]। ਅੱਗੇ ਚਲ ਕੇ ਫਿਰ ਲਿਖਿਆ ਹੈ ਭਾਰਤੀ ਧਾਰਮਿਕ ਲਿਖਤਾਂ ਵਿਚ ਆਤਮਾ ਅਤੇ ਪਰਮਾਤਮਾ ਨਾਲ ਵਸਲ ਨੂੰ ਯੋਗ ਆਖਦੇ ਹਨ।[5]

ਅੰਗਰੇਜ਼ੀ ਵਿਚ ਇਸ ਦਾ ਸਮਾਨ ਅਰਥਕ ਸ਼ਬਦ ਹੈ ਯੋਗ ( yoke ) ਜਿਸ ਦਾ ਭਾਵ ਹੈ, ਜੁੜਨਾ। ਲਾਤੀਨੀ ਸ਼ਬਦ ਜੁਗਮ ਅਤੇ ਫਰਾਂਸੀਸੀ 'ਜੋਗਾ' ਹੈ। ਭਾਵ ਸਭ ਦਾ ਇਕੋ ਹੈ। ਮੁਕਤੀ ਹਾਸਲ ਕਰਨੀ ਜਾਂ ਰੱਬ ਨਾਲ ਇਕ ਹੋ ਜਾਣਾ। ਇਸ ਨੂੰ ਸਮਾਧੀ ਵੀ ਆਖ ਲਿਆ ਜਾਂਦਾ ਹੈ। ਇਹ ਸਮਾਧੀ ਤਦ ਹੀ ਲਾਈ ਜਾ ਸਕਦੀ ਹੈ, ਜੇ ਜੀਵ ਨੇ ਕਾਮਨਾਵਾਂ ਵਾਸ਼ਨਾਵਾਂ ਅਤੇ ਹੋਰ ਵਿਸ਼ੇ -ਵਿਕਾਰਾਂ ਦਾ ਤਿਆਗ

---

1. ਯੋਗ ਸੂਤਰ, 1, 1-3
2 - ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼
3. ਤਿਲਕ ਬਾਲ ਗੰਗਾਧਰ, ਗੀਤਾ ਰਹੱਸਯ ( ਹਿੰਦੀ ) ਪੰਨਾ 55
4. ਕੋਹਲੀ ਐਸ.ਐਸ. ਉ ਆਊਟ ਲਾਈਨ ਆਫ਼ ਸਿੱਖ ਥਾਟਸ, ਪੰਨਾ 87
5. ਕੋਹਲੀ(ਸੇ.ਸ.(ਡਾ.) ਪਰਖ, 1960(ਗੁ.ਨ.ਛੇ×ਖੁ ਸਿਮਰਤੀ ਅੰਕ, ਹਵਾਲਾ ' ਪੰਨਾ 60

ਕੀਤਾ ਹੋਇਆ ਹੋਵੇ। ਵਿਸ਼ੇ -ਵਿਕਾਰਾਂ ਦਾ ਕਾਰਣ, ਜੀਵ ਅਤੇ ਬ੍ਰਹਮ ਵਿਚ ਜੋ ਫ਼ਰਕ ਹੈ, ਉਸਨੂੰ ਦੂਰ ਕਰਨ ਦਾ ਇਕ ਹੀ ਢੰਗ ਦਸਿਆ ਜਾਂਦਾ ਹੈ - ਯੋਗ -ਮਾਰਗ ।

ਇਹ ਯੋਗ ਦੋ ਪ੍ਰਕਾਰ ਦਾ ਹੁੰਦਾ ਹੈ - ਇਕ ਤਾਂ ਉਹ ਹੈ, ਜਿਸ ਵਿਚ ਸਾਧਕ ਆਪਣੀ ਹੋਂਦ ਬਿਲਕੁਲ ਹੀ ਮੁਕਾ ਦਿੰਦਾ ਹੈ। ਇਹ ਸ਼ੰਕਰਾਚਾਰੀਆ ਦਾ ਯੋਗ ਹੈ, ਦੂਸਰਾ ਉਹ ਹੈ, ਜਿਸ ਵਿਚ ਸਾਧਕ ਦੀ ਆਪਣੀ ਹਸਤੀ ਵੀ ਬਚੀ ਰਹਿੰਦੀ ਹੈ ਅਤੇ ਪ੍ਰਭੂ ਵੀ ਮਿਲ ਜਾਂਦਾ ਹੈ। ਇਹ ਰਾਮਾਨੁਜ ਦਾ ਯੋਗ ਹੈ। ਯੋਗੁ ਸਰੀਰ ਜਾਂ ਮਨ ਦੀ ਉਹ ਕਿਰਪਾ ਜਾਂ ਅਭਿਆਸ ਹੈ, ਜਿਸ ਦੇ ਕਰਨ ਨਾਲ ਕੋਈ ਵਿਸ਼ੇਸ਼ ਪਰਾਪਤੀ ਹੋ ਜਾਵੇ। ਇਸ ਪ੍ਰਾਪਤੀ ਲਈ ਅੱਠ ਪੌੜੀਆਂ ਲੰਘਣੀਆਂ ਪੈਂਦੀਆਂ ਹਨ। ਯਮ, ਨਿਯਮ, ਆਸਨ, ਪ੍ਰਾਨਾਯਾਮ, ਪ੍ਰਤਿਹਾਰ, ਧਾਰਨਾ, ਗਿਆਨ ਅਤੇ ਸਮਾਧੀ ।

1. ਯਮ: ਅਹਿੰਸਾ, ਸਤਿ, ਅਸਤਯ ਤੇ ਬ੍ਰਹਮ ਚਰਯ ਦਾ ਨਾਮ ਯਮ ਹੈ।
2. ਨਿਯਮ:- ਪਵਿੱਤਰਤਾ ਸੰਤੋਖ, ਤਪ ਅਤੇ ਈਸ਼੍ਵਰ ਭਗਤੀ ਨਿਯਮ ਹਨ।
3. ਆਸਨ:- ਆਤਮ ਸੰਜਮ ਕਰਨ ਲਈ ਜਿਸ ਵੀ ਆਸਨ ਰਾਹੀਂ ਸੁਖ ਪੂਰਵਕ ਭਜਨ ਬੰਦਗੀ ਹੋ ਸਕੇ, ਉਹੀ ਆਸਨ ਹੈ ।
4. ਪ੍ਰਾਨਾਯਾਮ:- ਜਦੋਂ ਆਸਨ ਦੀ ਸਿੱਧੀ ਕਰ ਲਈ ਜਾਵੇ, ਫਿਰ ਯੋਗੀ ਸੁਆਸਾਂ ਦੀ ਹਵਾ ਆਉਣ ਜਾਣ ਤੋਂ ਰੁਕਣ ਦਾ ਅਭਿਆਸ ਕਰਦੇ ਹਨ। ਇਹ ਪ੍ਰਾਨਾਯਾਮ ਹੈ।
5. ਪ੍ਰਤਿਹਾਰ:- ਇੰਦਰੇ ਜਦੋਂ ਆਪਣੇ ਵਿਸ਼ੇ ਭੋਗਣ ਦਾ ਲਾਲਚ ਤਿਆਗ ਦੇਣ, ਇਸ ਨੂੰ ਪ੍ਰਤਿਹਾਰ ਆਖਦੇ ਹਨ ।
6. ਧਾਰਨਾ :- ਮਨ ਨੂੰ ਇਕ ਜਗਾ ਟਿਕਾਅ ਲੈਣ ਨੂੰ ਧਾਰਨਾ ਕਹਿੰਦੇ ਹਨ ।
7. ਧਿਆਨ:- ਧਿਆਨ ਦਾ ਧਾਰਨਾ ਨਾਲ ਅਟੁੱਟ ਸੰਬੰਧ ਹੈ। ਧਾਰਨਾ ਜਿਸ ਢੰਗ ਨਾਲ ਟਿਕਾਅ ਦੀ ਅਵਸਥਾ ਤੇ ਪਹੁੰਚਦੀ ਹੈ, ਉਹ ਧਿਆਨ ਹੈ।
8. ਸਮਾਧੀ:- ਜਿਥੇ ਪੁੱਜ ਕੇ ਧਿਆਨ, ਧਾਰਨ ਜਾਂ ਹੋਰ ਕੋਈ ਵੀ ਖਿਆਲ ਨਾ ਰਹੇ, ਉਹ ਸਮਾਧੀ ਹੈ। ਇਥੇ ਪੁੱਜ ਕੇ ਕੇਵਲ ਇਕ ਹੀ ਕੇਂਦਰ ਦਿਖਾਈ ਦਿੰਦਾ ਹੈ।

ਸਮਾਧੀ ਦੀ ਇਸ ਅਵਸਥਾ ਨੂੰ ਉਨਮਾਨੀ ਅਵਸਥਾ ਕਿਹਾ ਗਿਆ ਹੈ, ਜਿਸ ਵਿਚ ਪਹੁੰਚ ਕੇ ਸਰੀਰ ਜਾਣੋਂ ਲਕੜ ਦੇ ਕੁੰਦੇ ਵਾਂਗ ਹੋ ਜਾਂਦਾ ਹੈ। ਜੋਗੀ ਸੰਖ ਤੇ ਧੌਂਸੇਂ ਦੀ ਆਵਾਜ਼ ਕਦਾਚਿਤ ਨਹੀਂ ਸੁਣ ਸਕਦਾ। ਸਾਰੀਆਂ ਅਵਸਥਾਵਾਂ ਤੋਂ ਖਲਾਸ, ਸਾਰੀਆਂ

ਚਿੰਤਾਂ ਤੋਂ ਪਾਕ ਮੁਰਦੇ ਵਾਂਗ ਜੋਗੀ ਰਹਿੰਦਾ ਹੈ। ਉਹ ਮੁਕਤ ਹੈ। ਇਸ ਦੇ ਸੀਸਾ ਨਹੀਂ।

ਯੋਗ ਦਾ ਅਸਲ ਉਦੇਸ਼ ਆਤਮ -ਗਿਆਨ ਹੈ। ਪ੍ਰਭੂ ਭਗਤੀ ਜਾਂ ਹੋਰ ਸਭ ਦਾ ਦਰਜਾ ਮਗਰੋਂ ਆਉਂਦਾ ਹੈ।

ਯੋਗ ਦੀਆਂ ਚਾਰ ਕਿਸਮਾਂ ਦੱਸੀਆਂ ਜਾਂਦੀਆਂ ਹਨ।

1. ਮੰਤਰ ਯੋਗ: ਇਕ ਮੰਤਰ ਦੇ ਰਟਣ ਨਾਲ ਮਨ ਨੂੰ ਇਕਾਗਰ ਕਰਨਾ ਹੈ।
2. ਲੈਅ ਯੋਗ- ਇ ਮਨ ਨੂੰ ਪ੍ਰਭੂ ਭਗਤੀ ਵਿਚ ਜੋੜਨਾ ਲੈਅ ਯੋਗ ਹੈ।
3. ਰਾਜ ਯੋਗ: ਮਨ ਅਤੇ ਸਾਹਾ ਤੇ ਕਾਬੂ ਕਰਕੇ ਭਗਤੀ ਕਰਨਾ ਰਾਜ ਯੋਗ ਹੈ।
4. ਹਠ-ਯੋਗ : ਸਰੀਰ ਨੂੰ ਖਾਸ ਪ੍ਰਕਾਰ ਦੀ ਕਸਰਤ ਰਾਹੀਂ ਸਾਧ ਕੇ ਪੂਜਾ ਕਰਨੀ ।

ਯੋਗ ਦੀਆਂ ਇਨ੍ਹਾਂ ਚੌਹਾਂ ਕਿਸਮਾਂ ਵਿਚੋਂ ਕਿਸੇ ਇਕ ਨੂੰ ਅਸੀਂ ਪ੍ਰਭੂ ਨੂੰ ਪਾਣ ਲਈ ਮੁਕੰਮਲ ਰਸਤਾ ਨਹੀਂ ਦਸ ਸਕਦੇ, ਸਗੋਂ ਸਾਰਿਆਂ ਦੇ ਸੁਮੇਲ ਨਾਲ ਹੀ ਪਰਮਾਤਮਾ ਪਹੁੰਚ ਹੋਣੀ ਸੰਭਵ ਹੈ। ਰੱਬ ਨੂੰ ਗਿਆਨ ਰਾਹੀਂ ਮਿਲਣਾ ਯੋਗ ਹੈ। ਰੱਬ ਨੂੰ ਭਾਵਨਾ ਰਾਹੀਂ ਪਰਾਪਤ ਕਰਨਾ ਰਹੱਸਵਾਦ ਹੈ।[1]

ਸ੍ਰੀ ਗੁਰੂ ਨਾਨਕ ਦੇਵ ਦੀ ਬਾਣੀ ਵਿਚ ਸਹਿਜ-ਯੋਗ ਅਤੇ ਹਠ-ਯੋਗ ਦੀਆਂ ਸ਼ਬਦਾਵਲੀਆਂ ਕਾਫ਼ੀ ਮਾਤਰਾ ਵਿਚ ਪਾਈਆਂ ਜਾਂਦੀਆਂ ਹਨ ਜਿਵੇਂ ' ਦਸਮ-ਦੁਆਰ'। ਅਨਹਦ ਸ਼ਬਦ ਅਤੇ ਮੂਲ ਸਮਾਧਿ ਆਦਿ ।

ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ ਪਰਤੀਤ ॥
ਮੁੰਦਾ ਸੰਤੋਖ ਸ਼ਰਮ ਪਤ ਝੋਲੀ ਧਿਆਨ ਕੀ ਕਰਹਿ ਬਿਭੂਤਿ ॥

(ਆਦਿ ਗ੍ਰੰਥ, ਪੰਨਾ 5)

ਗੁਰੂ ਨਾਨਕ ਦੇਵ ਨੇ ਸਹਿਜ ਯੋਗ ਦਿਆਂ ਅਸੂਲਾਂ ਨੂੰ ਮੰਨਿਆ ਹੈ, ਪਰੰਤੂ ਹਠ ਯੋਗ ਦੀਆਂ ਸਾਰੀਆਂ ਕ੍ਰਿਆਵਾਂ ਨੂੰ ਨਹੀਂ ਮੰਨਿਆ। ਬਿਨਾਂ ਭਗਤੀ ਦੇ ਹਠ ਯੋਗ ਨੂੰ ਤਿਆਗਣ ਵਾਸਤੇ ਕਿਹਾ ਹੈ। ਉਨ੍ਹਾਂ ਨੇ ਆਪਣੀ ਬਾਣੀ ਵਿਚ ਯੋਗ ਮਾਰਗ ਅਤੇ ਉਸਦੇ ਅੰਗਾਂ ਦੀ ਬੜੀ ਕਰੜੀ ਆਲੋਚਨਾ ਕੀਤੀ ਹੈ। ਉਨ੍ਹਾਂ ਨੇ ਜਦੋਂ ਭਾਰਤੀ ਸਮਾਜਿਕ ਅਤੇ ਅਧਿਆਤਮਿਕ ਮੰਡਲਾਂ ਵਿਚ ਪ੍ਰਵੇਸ਼ ਕੀਤਾ, ਤਾਂ ਸਭ ਤੋਂ ਵਧ ਉਨ੍ਹਾਂ ਨੂੰ ਤੰਤ੍ਰ-ਮੰਤ, ਸਵੈ-ਮੰਤ ਸਿੱਧ-ਸੰਪ੍ਰਦਾਇ ਅਤੇ ਨਾਥ-ਸੰਪ੍ਰਦਾਇ ਦੇ ਯੋਗ ਸਿੱਧਾਂਤਾਂ ਦਾ ਟਾਕਰਾ ਕਰਨਾ ਪਿਆ ਹੈ। ਉਨ੍ਹਾਂ ਨੇ ਸਮਕਾਲੀ ਸਮਾਜ ਵਿਚ ਨਾਥ -ਜੋਗੀਆਂ ਦਾ ਬੜਾ ਪ੍ਰਭਾਵ ਸੀ ਅਤੇ ਉਨ੍ਹਾਂ ਦੇ

---

1. Annie Basant, <u>An Introduction to Yoga</u> Page: 25 .

ਅਤੇ ਉਨ੍ਹਾਂ ਦੇ ਸਿੱਧਾਂਤ ਅਤੇ ਵਿਚਾਰ ਆਮ ਜਨਤਾ ਵਿਚ ਜੋਰਾਂ ਨਾਲ ਪ੍ਰਚਲੱਤ ਸਨ। ਗੁਰੂ ਜੀ ਦੇ ਸਨਮੁਖ ਇਹ ਇਕ ਵੰਗਾਰ ਸੀ। ਇਸ ਲਈ ਯੋਗ ਨੂੰ ਸਮਝ ਕੇ ਅਤੇ ਅਧਿਐਨ ਕਰਕੇ ਆਪਣੇ ਵਿਚਾਰ ਲੋਕਾਂ ਸਾਹਮਣੇ ਰਖਣੇ ਜ਼ਰੂਰੀ ਸਨ। ਇਸ ਲਈ ਯੋਗ ਮਤ ਦੇ ਪ੍ਰੀਭਾਸ਼ਿਕ ਸ਼ਬਦਾਂ ਨੂੰ ਆਪਣੇ ਤਜ਼ਰਬੇ ਦੀ ਭੱਠੀ ਵਿਚ ਪਰਖੇ ਹੋਏ ਵਿਚਾਰਾਂ ਦੁਆਰਾ ਲੋਕਾਂ ਸਾਹਮਣੇ ਰੱਖਿਆ।

ਗੁਰੂ ਨਾਨਕ ਨੇ ਯੋਗ ਦੇ ਉਦੇਸ਼ ਦਾ ਤਾਂ ਸਮਰਥਨ ਕੀਤਾ ਹੈ, ਪਰੰਤੂ ਇਸ ਦੇ ਸਾਧਨਾਂ - ਮਾਰਗ ( ਵਿਸ਼ੇਸ਼ ਤੌਰ ਤੇ ਹਠ-ਯੋਗ ਦੀਆਂ ਕ੍ਰਿਆਵਾਂ) ਨੂੰ ਬਹੁਤ ਮਹੱਤਵ ਨਹੀਂ ਦਿੱਤਾ :-

> ਜੋਗੁ ਨ ਖਿੰਥਾ ਜੋਗੁ ਨ ਡੰਡੈ॥ ਜੋਗੁ ਨ ਭਸਮ ਚੜਾਈਐ ॥
> ਜੋਗੁ ਨ ਮੁੰਦੀ ਮੂੰਡਿ ਮੁਡਾਈਐ ॥ ਜੋਗੁ ਨ ਸਿੰਙੀ ਵਾਈਐ ॥
> ਅੰਜਨ ਮਾਹਿ ਨਿਰੰਜਨਿ ਰਹੀਐ ॥ ਜੋਗੁ ਜੁਗਤਿ ਇਵ ਪਾਈਐ ॥
>
> ( ਆਦਿ ਗ੍ਰੰਥ, ਪੰਨਾ 730 )

ਅੰਜਨ ਅਰਥਾਤ ( ਮਾਇਆ-ਵੀ ਸੰਸਾਰ) ਵਿਚ ਨਿਰੰਜਨ ਰਹਿਣਾ ਹੀ ਗੁਰੂ ਨਾਨਕ ਅਨੁਸਾਰ ਯੋਗ ਦੀ ਅਸਲੀ ਅਵਸਥਾ ਹੈ, ਜੋ ਪ੍ਰਚਲੱਤ ਅਰਥਾਂ ਨਾਲੋਂ ਬਿਲਕੁਲ ਭਿੰਨ ਹੈ। ਵਾਸਤਵ ਵਿਚ ਇਹ ਗੁਰੂ ਨਾਨਕ ਦੇ ਆਪਣੇ ਪ੍ਰਾਪਤੀ ਮਾਰਗ ਦਾ ਪ੍ਰਮੁੱਖ ਲੱਛਣ ਹੈ। ਇਸ ਤੋਂ ਬਿਨਾਂ ਯੋਗ ਦੀ ਅੰਤਰਮੁਖਾਤਮਕ ਪ੍ਰਵਿਰਤੀ ਨੂੰ ਤਾਂ ਉਨ੍ਹਾਂ ਨੇ ਉੱਕਾ ਹੀ ਸਵੀਕਾਰ ਨਹੀਂ ਕੀਤਾ। ਯੋਗ ਦੀ ਵਿਧੀ ਨੂੰ ਸਵੀਕਾਰ ਨਾ ਕਰਦੇ ਹੋਏ ਵੀ ਗੁਰੂ ਨਾਨਕ ਉਸਦੇ ਲਕਸ਼ ਅਰਥਾਤ ਨਿੱਜ ਸਵਰੂਪ ਦੇ ਦਰਸ਼ਨ ਦੀ ਸਾਰਥਕਤਾ ਤੋਂ ਇਨਕਾਰ ਨਹੀਂ ਕਰਦੇ । ਆਪਣੇ ਢੰਗ ਨਾਲ ਹੀ ਉਨ੍ਹਾਂ ਨੇ ਯੋਗ ਦੀ ਨਵੀਂ ਵਿਆਖਿਆ ਕਰਨ ਦਾ ਉਪਰਾਲਾ ਵੀ ਕੀਤਾ ਹੈ:-

> ਸੋ ਜੋਗੀ ਜੋ ਜੁਗਤਿ ਪਛਾਣੈ ॥
> ਗੁਰ ਪ੍ਰਸਾਦੀ ਏਕੋ ਜਾਣੈ ॥
>
> ( ਆਦਿ ਗ੍ਰੰਥ, ਪੰਨਾ 662)

ਯੋਗ-ਮਾਰਗ ਨੂੰ ਗੁਰੂ ਨਾਨਕ ਨੇ ਸਿੱਧਾਂਤਿਕ ਰੂਪ ਵਿਚ ਸਵੀਕਾਰ ਨਹੀਂ ਕੀਤਾ। ਉਹ ਪ੍ਰਾਣਾਯਾਮ ਅਤੇ ਆਸਨ ਆਦਿ ਸਾਧਨਾਂ ਦੀ ਨਿਖੇਧੀ ਕਰਦੇ ਹਨ। ਧਿਆਨ ਧਰਨਾ ਅਤੇ ਸਮਾਧੀ ਨੂੰ ਗੁਰੂ ਜੀ ਨੇ ਆਪਣੇ ਵਿਚਾਰਾਂ ਅਨੁਸਾਰ ਢਾਲ ਕੇ ਅਸਲੀ ਯੋਗ ਦਾ ਰਾਹ ਦਸਿਆ ਹੈ। ਜਿਸ ਨੂੰ ਨਾਮ-ਯੋਗ ਦਸਿਆ ਹੈ, ਜੋ ਸੁਰਤਿ ਸ਼ਬਦ ਯੋਗ ਕਰਕੇ ਪ੍ਰਸਿੱਧ

ਹੈ। ਇਸ ਨੂੰ ਸਹਿਜਯੋਗ ਵੀ ਕਿਹਾ ਹੈ।[1] ਸਿੱਖੀ ਰਹਿਣੀ ਉੱਤੇ ਜਿੰਨਾ ਅਸਰ ਯੋਗ ਮੱਤ ਦਾ ਹੈ, ਉਨ੍ਹਾਂ ਕਿਸੇ ਹੋਰ ਦਾ ਨਹੀਂ।[2]

ਅਸਲ ਵਿਚ ਗੁਰੂ ਜੀ ਦਾ ਰਾਹ ਇਨ੍ਹਾਂ ਦੋਹਾਂ ਨਾਲੋਂ ਵਖਰਾ ਹੈ, ਜਿਸ ਵਿਚ ਯੋਗ -ਮੱਤ ਵਰਗੀ ਕੋਈ ਤ੍ਰੁਟਤਾਈ ਨਜ਼ਰ ਨਹੀਂ ਆਉਂਦੀ। ਗੁਰੂ ਜੀ ਦਾ ਯੋਗੀ ਅਭਿਆਸ ਕਰਨ ਵਾਲਾ ਅਤੇ ਪ੍ਰਭੂ ਦੀ ਰਜਾ ਵਿਚ ਰਹਿਣ ਵਾਲਾ ਹੈ। ਨਾਮ ਸਿਮਰਨ, ਸੇਵਾ, ਸੰਗਤ ਅਤੇ ਕੀਰਤਨ ਦੁਆਰਾ ਸਹਿਜੇ ਹੀ ਚਿੱਤ ਵਾਹਿਗੁਰੂ ਨਾਲ ਜੋੜਨਾ ਹੀ ਅਸਲ ਯੋਗ ਮਾਰਗ ਹੈ। ਉਨ੍ਹਾਂ ਦਾ ਮੱਤ ਹੈ ਕਿ ਹਠ-ਯੋਗ ਦੁਆਰਾ ਚਿੱਤ ਬ੍ਰਿਤੀਆਂ ਦੇ ਨਿਰੋਧ ਕਰਨ ਨਾਲ ਕਾਇਆ ਕਮਜ਼ੋਰ ਹੁੰਦੀ ਹੈ। ਵਾਰਤਾ ਅਤੇ ਤਪ ਕਰਨ ਨਾਲ ਮਨ ਪ੍ਰਭੂ ਵਿਚ ਨਹੀਂ ਲਗਦਾ :-

ਹਠੁ ਨਿਗ੍ਰਹੁ ਕਰਿ ਕਾਇਆ ਛੀਜੈ ॥
ਵਰਤੁ ਤਪਨੁ ਕਰ ਮਨੁ ਨਹੀਂ ਭੀਜੈ ॥

( ਆਦਿ ਗ੍ਰੰਥ, ਪੰਨਾ 870 )

ਪ੍ਰਾਣਾਯਾਮ ਦੁਆਰਾ ਵਾਯੂ ਦਸਮ ਦੁਆਰ ਵਿਚ ਚੜ੍ਹਾਉਣ ਅਤੇ ਨਿਉਲੀ ਆਦਿ ਖਟ ਕਰਮ ਕਰਨ ਨਾਲ ਮਨ ਨਹੀਂ ਭਿਜਦਾ। ਇਹ ਤਾਂ ਅਸਲ ਵਿਚ ਰਾਮ ਨਾਮ ਤੋਂ ਬਿਨਾਂ ਸੁਆਸ ਲੈਣਾ ਹੀ ਵਿਅਰਥ ਹੈ। ਗੁਰੂ ਨਾਨਕ ਦੇਵ ਨੇ ਥਾਂ ਥਾਂ ਆਪਣੀ ਬਾਣੀ ਵਿਚ ਦਸਮ ਦੁਆਰਾ ਦਾ ਵਰਣਨ ਕੀਤਾ ਹੈ। ਹਠ ਯੋਗ ਅਨੁਸਾਰ ਤੇ ਯੋਗੀ ਦਸਮ -ਦੁਆਰ ਵਿਚ ਪਹੁੰਚਣ ਤੋਂ ਪਹਿਲਾਂ ਹੀ ਅਨਾਹਤ ਸ਼ਬਦ ਸੁਣਦਾ ਹੈ, ਪਰੰਤੂ ਗੁਰੂ ਜੀ ਦੇ ਵਿਚਾਰ ਅਨੁਸਾਰ ਅਨਾਹਤ ਸ਼ਬਦ ਦਾ ਰਸ ਦਸਮ ਦੁਆਰ ਵਿਚ ਪਹੁੰਚਣ ਉੱਤੇ ਪ੍ਰਾਪਤ ਹੁੰਦਾ ਹੈ। ਅਤੇ ਇਸ ਦਸਮ ਦੁਆਰਾ ਨਾਮ ਸਿਮਰਨ ਨਾਲ ਖੁਲ੍ਹਦਾ ਹੈ।

ਚਾੜਸਿ ਪਵਨ ਸਿੰਘਾਸਨ ਭੀਜੈ ॥
ਨਿਉਲੀ ਕਰਮ ਖਟੁ ਕਰਮ ਕਰੀਜੈ ॥
ਰਾਮ ਨਾਮ ਬਿਨੁ ਬਿਰਥਾ ਸਾਸ ਲੀਜੈ ॥

( ਆਦਿ ਗ੍ਰੰਥ, ਪੰਨਾ 860 )

ਯੋਗੀ ਦਾ ਅਸਲੀ ਰੂਪ ਤਾਂ ਇਹ ਹੈ ਕਿ ਹੰਕਾਰ ਦੀ ਭਾਵਨਾ ਨਸ਼ਟ ਹੋ ਜਾਵੇ ਅਤੇ ਗੁਰੂ ਦੇ ਸ਼ਬਦ ਤੇ ਵਿਚਾਰ ਕਰੇ ਅਤੇ ਸਭ ਨੂੰ ਇਕ ਦ੍ਰਿਸ਼ਟੀ ਦੁਆਰਾ ਸਮਾਨ ਭਾਵ ਨਾਲ ਵੇਖੇ-

---

1. Kohli S.S.(Dr.) A Critical Study of Adi Granth, Page 371

2. ਸ਼ੇਰ ਸਿੰਘ (ਡਾ.) ਗੁਰਮਤ ਦਰਸ਼ਨ, ਪੰਨਾ 127

ਏਕ ਦ੍ਰਿਸਟਿ ਕਰਿ ਸਮਸਰਿ ਜਾਣੈ ਜੋਗੀ ਕਹੀਐ ਸੋਈ ॥

(ਆਦਿ ਗ੍ਰੰਥ, ਪੰਨਾ 740)

ਜੋ ਸਤਿਗੁਰ ਦੀ ਸੇਵਾ ਕਰਦਾ ਹੈ, ਉਹ ਅਸਲੀ ਯੋਗੀ ਹੈ:-

ਸਤਿਗੁਰ ਸੇਵੇ ਸੁ ਜੋਗੀ ਹੋਇ ॥

( ਆਦਿ ਗ੍ਰੰਥ, ਪੰਨਾ 730 )

ਉਹ ਪੰਜਾਂ ਵਾਸ਼ਨਾਵਾਂ ਨੂੰ ਮਾਰਦਾ, ਪਰਮਾਤਮਾ ਨੂੰ ਸਭ ਵਿਚ ਵੇਖਦਾ ਸੁਖ ਦੁਖ, ਯੋਗ -ਵਿਜੋਗ ਨੂੰ ਬਰਾਬਰ ਸਮਝਦਾ ਹੋਇਆ ਪਰਾਈ ਇਸਤਰੀ ਜਾਂ ਧਨ ਦੌਲਤ ਉੱਤੇ ਨਹੀਂ ਡਿਗਦਾ :-

ਰਾਤੀ ਬਾਟੀ ਨੀਂਦ ਨਾ ਆਵੈ ਪਰ ਘਰਿ ਚਿਤੁ ਨ ਡੋਲਾਈ ॥

(ਆਦਿ ਗ੍ਰੰਥ, ਪੰਨਾ 840)

****

## (5) ਸਾਧ-ਸੰਗਤ

ਗੁਰਮਤ ਵਿਚ ਸਤਿ ਸੰਗਤ ਅਤੇ ਸਾਧ ਸੰਗਤ ਸਮ ਅਰਥ ਹਨ। ਸਾਧ -ਸੰਗਤ ਨੂੰ ਭਗਤੀ - ਮਾਰਗ ਦਾ ਇਕ ਪ੍ਰਮੁੱਖ ਸਾਧਨ ਮੰਨਿਆ ਗਿਆ ਹੈ। ਭਾਰਤੀ ਅਧਿਆਤਮ-ਸਾਧਨ ਦੇ ਸਮੁੱਚੇ ਇਤਿਹਾਸ ਵਿਚ ਸਤਿ ਸੰਗਤਿ ਦੀ ਬੜੀ ਮਹਿਮਾ ਗਾਈ ਜਾਂਦੀ ਰਹੀ ਹੈ, ਪਰੰਤੂ ਸਿੱਧਾਂਤਿਕ ਤੌਰ ਤੇ ਇਸ ਦੀ ਸਥਾਪਨਾ ਬੁੱਧ ਧਰਮ ਦੀ ਸਾਧਨਾ ਵਿਚ ਮਿਲਦੀ ਹੈ, ਜਿਸ ਦਾ ਪ੍ਰਮਾਣ ਉਨ੍ਹਾਂ ਦਾ 'ਤਿਸ਼ਰਣ' ਸਿੱਧਾਂਤ ਹੈ, ਜਿਸ ਵਿਚ 'ਸੰਘੰ ਸਰਣੰ ਗੱਛਾਮਿ' ਦਾ ਸੰਘ-ਸਿਧਾਂਤ ਸਤਿ ਸੰਗਤ ਦਾ ਹੀ ਪੂਰਵ -ਰੂਪ ਹੈ। ਅਸਲ ਵਿਚ ਸਾਧ ਸੰਗਤ ਸਾਧਨਾ ਦਾ ਸਮਾਜਿਕ ਪਹਿਲੂ ਹੈ। ਅਤੇ ਸਾਧਕ ਦੇ ਆਚਾਰ ਪੱਖ ਨਾਲ ਇਸਦਾ ਸੰਬੰਧ ਹੈ। ਸਾਧ ਸੰਗਤ ਜਾਂ ਸਤਿ ਸੰਗਤਿ ਦਾ ਬੜਾ ਉੱਚਾ ਸਥਾਨ ਹੈ ਅਤੇ ਅਧਿਆਤਮਿਕ ਸਾਧਨਾ ਦਾ ਇਸਨੂੰ ਇਕ ਅੰਗ ਮੰਨਿਆ ਗਿਆ ਹੈ। ਸਾਧ-ਸੰਗਤ ਪਰਮਾਤਮਾ ਦੀ ਕਿਰਪਾ ਦੁਆਰਾ ਹੀ ਪ੍ਰਾਪਤ ਹੁੰਦੀ ਹੈ। ਸੰਗਤ ਦੀ ਸਥਾਪਨਾ ਗੁਰੂ ਨਾਨਕ ਦੇ ਫਲਸਫ਼ੇ ਦਾ ਸਿੱਖ ਮੱਤ ਦਾ ਇਕ ਮਹੱਤਵਪੂਰਣ ਅੰਗ ਹੈ।[1] ਸਾਧ-ਸੰਗਤ ਗੁਰੂ ਦੇ ਗਿਆਨ ਦਾ ਇਤਿਹਾਸਕ ਅਤੇ ਸਮਾਜਕ ਪ੍ਰਯੋਗ ਹੈ। ਸਿੱਖ ਗੁਰੂਆਂ ਨੇ ਸਤਿ-ਸੰਗ ਨੂੰ ਅਧਿਆਤਮਿਕ ਉਨਤੀ ਦਾ ਆਵਸ਼ਕ ਅੰਗ ਮੰਨਿਆ ਹੈ। ਉਨ੍ਹਾਂ ਦੁਆਰਾ ਨਿਰਪਤ ਕਰਮ--ਮਾਰਗ, ਯੋਗ-ਮਾਰਗ ਅਤੇ ਗਿਆਨ-ਮਾਰਗ ਵਿਚ ਸਤਿ-ਸੰਗ ਉੱਤੇ ਬਹੁਤ ਜ਼ੋਰ ਦਿੱਤਾ ਗਿਆ ਹੈ। ਸੰਤਾਂ ਦੀ ਸੁੱਚੀ ਸੇਵਾ ਅਤੇ ਉਨ੍ਹਾਂ ਵਿਚ ਆਤਮ ਸਮਰਪਣ ਹੀ ਸੱਚਾ ਸਹਿਜ--ਯੋਗ ਹੈ, ਕਿਉਂਕਿ ਸੰਤ ਹਰੀ ਦੇ ਪਛਾਣੂ ਹੁੰਦੇ ਹਨ।[2]

ਮਨ ਨੂੰ ਵਸ ਕਰਨ ਦੇ ਹੋਰ ਜਿਤਨੇ ਵੀ ਉਪਾਓ ਹਨ, ਉਨ੍ਹਾਂ ਸਭ ਵਿਚੋਂ ਉੱਤਮ ਸਾਧ -ਸੰਗਤ ਹੈ। ਅਸਲ ਵਿਚ ਸਾਧ-ਸੰਗਤ ਤੋਂ ਮੁਰਾਦ ਮਨੁੱਖ ਦੀ ਇਕ ਅਜੇਹੀ ਬਰਾਦਰੀ ਤੋਂ ਹੈ, ਜੋ ਮਨੁੱਖ ਨੂੰ ਅਨੰਤ ਉਨਤੀ ਦੇ ਰਾਹ ਉੱਤੇ ਤੁਰਨ ਦੀ ਪ੍ਰੇਰਨਾ ਕਰਦਾ ਹੈ। ਇਹ ਉਨ੍ਹਾਂ ਆਤਮਿਕ ਪੱਧਰ ਉੱਤੇ ਪੁੱਜ ਚੁਕੇ ਮਹਾਂ-ਪੁਰਸ਼ਾਂ ਦੀ ਬਰਾਦਰੀ ਹੈ, ਜੋ ਅਧਿਆਤਮਕ ਸਿਖਰਾਂ ਨੂੰ ਛੋਹ ਕੇ ਅਪਰੰਪਰ ਪਾਰ ਬ੍ਰਹਮ ਨੂੰ ਪ੍ਰਾਪਤ ਕਰ ਚੁਕੇ ਹਨ ਅਤੇ ਅਨੰਤ ਵਡਿਆਈਆਂ ਦੇ ਮਾਲਕ ਬਣ ਚੁਕੇ ਹਨ।

ਅਸਲ ਵਿਚ ਗੁਰੂ ਨਾਨਕ ਨੇ ਵੀ ਬ੍ਰਹਮ-ਗਿਆਨ ਪੁਸਤਕਾਂ ਤੋਂ ਪ੍ਰਾਪਤ ਨਹੀਂ

---

1. Banerjee A.C(Dr.) Guru Nanak and His times, P: 204

2. ਮਿਸ਼ਰ ਜਯ ਰਾਮ(ਡਾ.) ਸ੍ਰੀ ਗੁਰੂ ਗ੍ਰੰਥ ਦਰਸ਼ਨ(ਹਿੰਦੀ) ਪੰਨਾ 296

ਕੀਤਾ ਸੀ। ਉਸ ਦੀ ਪ੍ਰਾਪਤੀ ਉਨ੍ਹਾਂ ਨੂੰ ਸਾਧ-ਸੰਗਤ ਤੋਂ ਹੀ ਹੋਈ ਸੀ। ਉਦਾਸੀਆਂ ਦੇ ਦੌਰਾਨ ਪਤਾ ਨਹੀਂ ਉਨ੍ਹਾਂ ਨੂੰ ਕਿਹੜੇ ਕਿਹੜੇ ਮਹਾਂਪੁਰਸ਼ਾਂ ਦਾ ਮੇਲ ਪ੍ਰਾਪਤ ਹੋਇਆ। ਅਸਲ ਵਿਚ ਉਨ੍ਹਾਂ ਜੋ ਕੁਝ ਵੀ ਕਿਹਾ, ਉਸ ਦੀ ਪ੍ਰਿਸ਼ਠ -ਭੂਮੀ ਸਤਿ -ਸੰਗਤ ਵਿਚ ਹੀ ਤਿਆਰ ਹੋਈ ਸੀ।

ਗੁਰੂ ਨਾਨਕ ਦਾ ਭਾਵੇਂ ਗਿਆਨ-ਮਾਰਗ ਹੋਵੇ, ਭਾਵੇਂ ਕਰਮ-ਮਾਰਗ, ਭਾਵੇਂ ਯੋਗ--ਮਾਰਗ ਜਾਂ ਭਗਤੀ ਮਾਰਗ ਹੋਵੇ, ਇਨ੍ਹਾਂ ਸਭ ਮਾਰਗਾਂ ਵਿਚ ਸਾਧ-ਸੰਗਤ ਦਾ ਬੜਾ ਮਹੱਤਵ ਹੈ। ਇਹ ਅਧਿਆਤਮਿਕ ਉਨਤੀ ਦਾ ਬੜਾ ਜ਼ਰੂਰੀ ਅੰਗ ਹੈ। ਵਿਅਕਤੀ ਉੱਤਮ ਸੰਗਤ ਕਰਨ ਨਾਲ ਹੀ ਉੱਤਮ ਗੁਣਾਂ ਨੂੰ ਧਾਰਨ ਕਰਕੇ ਉੱਤਮ ਬਣਦਾ ਹੈ। ਸਾਧ-ਸੰਗਤ ਦੇ ਅਸਰ ਕਰਕੇ ਹੀ ਉਹ ਉੱਤਮ ਗੁਣਾਂ ਨੂੰ ਅਪਣਾਉਂਦਾ ਅਤੇ ਅਵਗੁਣਾਂ ਨੂੰ ਤਿਆਗਦਾ ਹੈ:-

ਉਤਮ ਸੰਗਤਿ ਉਤਮ ਹੋਵੈ ॥
ਗੁਣ ਕਉ ਧਾਵੈ ਅਵਗੁਣ ਧੋਵੈ ॥

(ਆਦਿ ਗ੍ਰੰਥ, ਪੰਨਾ 425)

ਗੁਰਮਤਿ ਸਾਧ ਸੰਗਤ ਨੂੰ ਨਿਰਾ ਸ਼੍ਰੇਸ਼ਟ ਹੀ ਨਹੀਂ ਮੰਨਦੀ, ਸਗੋਂ ਆਤਮਿਕ ਉਨਤੀ ਲਈ ਲੋੜੀਂਦਾ ਅੰਗ ਮੰਨਦੀ ਹੈ। ਜਿਸ ਤਰ੍ਹਾਂ ਗੁਰੂ ਤੋਂ ਬਿਨਾਂ ਰਾਹ ਨਹੀਂ ਲਭਦਾ ਇਸ ਤਰ੍ਹਾਂ ਸਤਿ-ਸੰਗਤ ਬਿਨਾਂ ਅਤੇ ਗੁਰਮੁਖਾਂ ਦੇ ਮੇਲ ਬਿਨਾਂ ਉਸ ਦੱਸੇ ਰਾਹ ਉੱਤੇ ਤੁਰ ਨਹੀਂ ਹੁੰਦਾ। ਇਸ ਲਈ ਸਤਿ-ਸੰਗ ਕਰਨਾ ਸਿੱਖ ਦਾ ਨਿੱਤ ਕਰਮ ਰਖਿਆ ਗਿਆ ਹੈ। ਸਾਧ ਦਾ ਸੰਗ, ਅਤੇ ਗੁਰਮੁਖ ਦਾ ਮੇਲ, ਇਹ ਹਰ ਰੋਜ਼ ਅਰਦਾਸ ਵਿਚ ਹਰ ਇਕ ਸਿੱਖ ਮੰਗਦਾ ਹੈ।[1] ਜਿਸ ਤਰ੍ਹਾਂ ਸੂਰਜ ਆਪਣੀਆਂ ਕਿਰਨਾਂ ਨਾਲ ਸੰਸਾਰ ਦੇ ਅੰਧਕਾਰ ਨੂੰ ਨਾਸ਼ ਕਰਦਾ ਹੈ, ਉਸੇ ਤਰ੍ਹਾਂ ਪਵਿੱਤਰ ਸੱਜਣ ਲੋਕ ਆਪਣੇ ਬਚਨਾਂ ਰੂਪੀ ਸੂਰਜ ਦੁਆਰਾ ਮਨ ਦੇ ਅੰਧਕਾਰ ਨੂੰ ਦੂਰ ਕਰਦੇ ਹਨ।

ਗੁਰੂ ਨਾਨਕ ਬਾਣੀ ਵਿਚ ਵਿਅਕਤੀਗਤ ਬੰਦਗੀ ਉਤੇ ਇਤਨਾ ਜ਼ੋਰ ਨਹੀਂ ਦਿੱਤਾ ਜਿਤਨਾ ਸਾਧ-ਸੰਗਤ ਵਿਚ ਸ਼ਾਮਲ ਹੋ ਕੇ ਪ੍ਰਭੂ ਦਾ ਜਸ ਗਾਉਣ ਅਤੇ ਸੁਣਨ ਉਤੇ ਦਿੱਤਾ ਹੈ:

ਐਸੀ ਸਦਾ ਦਇਆਲ ਕਰ ਰਵਿਆ॥
ਗੁਰਮਤਿ ਭ੍ਰਮ ਨਾ ਚੁਕਾਈ ॥
ਪਾਰਸ ਭੇਟ ਕੰਚਨੁ ਧਾਤੁ ਹੋਈ ਸਤ ਸੰਗਤਿ ਕੀ ਵਡਿਆਈ ॥
(ਆਦਿ ਗ੍ਰੰਥ, ਪੰਨਾ 506)

---

1. ਜੋਧ ਸਿੰਘ (ਭਾਈ) ਗੁਰਮਤਿ ਨਿਰਣਯ, ਪੰਨਾ 143

" ਸਾਧੂ ਦੀ ਸੰਗਤ ਅਤਿਅੰਤ ਪਵਿੱਤਰ ਮੰਨੀ ਜਾਂਦੀ ਹੈ। ਜਿਸ ਦੀ ਛੂਹ ਮਾਤਰ ਪ੍ਰਭੂ ਦਾ ਪ੍ਰੇਮ ਉਤਪੰਨ ਕਰਦੀ ਹੈ।"[1] ਇਸੇ ਪ੍ਰੇਮ ਦੀ ਪੂਰਣਤਾ ਪੁਰ ਮਨੁੱਖ ਆਨੰਦ ਦੀ ਅਵਸਥਾ ਪ੍ਰਾਪਤ ਕਰਦਾ ਹੈ ਅਤੇ ਭਵ ਸਾਗਰ ਨੂੰ ਪਾਰ ਕਰ ਲੈਂਦਾ ਹੈ।

ਮਹਾਂ ਪਵਿਤ੍ਰ ਸਾਧੂ ਕਾ ਸੰਗ ॥
ਜਿਸ ਭੇਟਤੁ ਲਾਗੈ ਪ੍ਰਭੁ ਰੰਗ ॥

( ਆਦਿ ਗ੍ਰੰਥ, ਪੰਨਾ

ਇਸੇ ਕਰਕੇ ਗੁਰੂ ਜੀ ਕਹਿੰਦੇ ਹਨ ਕਿ ਹਰੀ ਰੂਪੀ ਹੀਰਾ ਸਤਿਸੰਗ ਦੀ ਸ਼ਬਦ ਦੀ ਕਮਾਈ ਨਾਲ ਪ੍ਰਾਪਤ ਹੁੰਦੀ ਹੈ:-

ਭਾਈ ਰੇ ਹਰਿ ਹੀਰਾ ਗੁਰ ਮਾਹਿ ॥
ਸਤ ਸੰਗਤਿ ਸਤਿਗੁਰ ਪਾਈਐ ਅਹਿਨਿਸਿ ਸ਼ਬਦ ਸਲਾਹਿ ॥

( ਆਦਿ ਗ੍ਰੰਥ, ਪੰਨਾ 122)

ਇਸ ਸਾਧ ਸੰਗਤ ਵਿਚ ਮਨ ਦੇ ਵਿਕਾਰ ਦੂਰ ਹੁੰਦੇ ਹਨ ਅਤੇ ਪ੍ਰਭੂ ਦੀ ਪ੍ਰਾਪਤੀ ਸਹਿਜੇ ਹੀ ਹੋ ਜਾਂਦੀ ਹੈ।

ਜਗ ਜੀਵਨ ਦਾਤਾ ਹਰਿ ਮਨੁ ਰਾਤਾ
ਸਹਿਜ ਮਿਲੈ ਮੇਲਾਇਆ ॥
ਸਾਧ ਸਭਾ ਸੰਤਾ ਕੀ ਸੰਗਤਿ ਨਦਰਿ ਪ੍ਰਭੂ ਸੁਖ ਪਾਇਆ ॥

( ਆਦਿ ਗ੍ਰੰਥ, ਪੰਨਾ 347)

ਸਾਧ - ਸੰਗਤ ਵਿਚ ਅਧਿਆਤਮਿਕ ਉਨੱਤੀ ਲਈ ਠੀਕ ਮਾਹੌਲ ਮਿਲਦਾ ਹੈ। ਬੀਜ ਦੇ ਪ੍ਰੰਗਰਣ, ਪਰਵਾਨ ਚੜ੍ਹਨ ਲਈ ਧਰਤੀ, ਖਾਦ ਪਾਣੀ ਤੋਂ ਬਿਨਾਂ ਯੋਗ ਵਾਤਾਵਰਣ ਦੀ ਭਾਰੀ ਲੋੜ ਹੁੰਦੀ ਹੈ, ਜੋ ਸਤਿਸੰਗਤ ਦੀ ਉਪਲਬਧ ਕਰਦਾ ਹੈ। ਸਤਿਸੰਗਤ ਵਿਚ ਜਤਨ ਅਨੁਸ਼ਾਸ਼ਨ ਅਤੇ ਵਿਧੀ ਦੀ ਨਿਰੰਤਰਤਾ ਹੀ ਪ੍ਰਾਪਤੀ ਦੀ ਸੰਭਾਵਨਾ ਲਈ ਦ੍ਰਿੜ ਆਸ਼ਾਜਨਕ ਆਧਾਰ ਪੇਸ਼ ਕਰਦਾ ਹੈ।

ਸੰਗਤ ਵਿਚ ਨਾ ਕੇਵਲ ਗੁਣ ਇਕੱਤਰ ਹੁੰਦੇ ਹਨ, ਸਗੋਂ ਗੁਣ ਔਗੁਣ ਦੀ ਪਰਖ ਹੁੰਦੀ ਹੈ। ਹੁਕਮ, ਮੰਨਣ, ਭਾਣੇ ਵਿਚ ਆਉਣ ਸਬਰ ਸ਼ੁਕਰ ਸੰਤੋਖ ਸੇਵਾ, ਖਿਮਾ, ਨਿਮਰਤਾ ਆਦਿ ਗੁਣਾਂ ਦੀ ਪ੍ਰਾਪਤ ਅਤੇ ਪਰਖ ਸੰਗਤ ਵਿਚ ਹੁੰਦੀ ਹੈ। ਸੰਗਤ ਵਿਚ ਆ ਕੇ ਝਾੜੂ ਦੇਣਾ, ਪਾਣੀ ਛਿੜਕਣਾ, ਪੱਖਾ ਝਲਣਾ ਆਦਿ ਜੋ ਚੂੜਿਆਂ ਮਾਸਕੀਆਂ ਅਤੇ ਦਾਸਾਂ ਦੇ ਕਰਮ ਸਮਝੇ ਜਾਂਦੇ ਹਨ, ਨੂੰ ਗੁਰੂ ਜੀ ਨੇ ਸਰਬ-ਉੱਤਮ ਮੰਨਿਆ ਹੈ। ਉਹ

---

1. ਕੋਹਲੀ ਸ.ਸ.(ਡਾ.) ਸਿੱਖ ਦਰਸ਼ਨ (ਹਿੰਦੀ )
. ਅਨੁ: ਸਿੰਗਲੇ ਧਰੇਮ ਪਾਲ (ਡਾ.) ਪੰਨਾ 98

ਫੁਰਮਾਉਂਦੇ ਹਨ:

ਪੱਖਾ ਫੇਰੀ ਪੈਰ ਮਲੋਵਾ ਜਪਤੁ ਰਹਾ ਤੇਰਾ ਨਾਉ ॥

( ਆਦਿ ਗ੍ਰੰਥ, ਪੰਨਾ 991)

ਸਾਧ - ਸੰਗਤ ਦੀ ਵਡਿਆਈ ਇਹ ਹੈ ਕਿ ਅਗਿਆਨੀ, ਮੂਰਖ ਵੀ ਗਿਆਨਵਾਨ ਹੋ ਜਾਂਦੇ ਹਨ। ਇਹ ਪਤਿੱਤਾਂ ਨੂੰ ਵੀ ਪਵਿੱਤਰ ਕਰ ਦਿੰਦੀ ਹੈ। ਸਾਧ -ਸੰਗਤ ਦੇ ਮੇਲ ਨਾਲ ਪ੍ਰਾਣੀ ਸੰਸਾਰ ਰੂਪੀ ਬਿਖਮ ਸਾਗਰ ਨੂੰ ਤਰ ਜਾਂਦਾ ਹੈ, ਭਾਵ ਦੁਖ ਸੁਖ ਤੋਂ ਦੂਰ ਹਉਮੈ ਤੋਂ ਮੁਕਤ ਅਤੇ ਮਾਇਆ ਦੇ ਜੰਜਾਲਾਂ ਤੋਂ ਉਰੇਰਾ ਹੋ ਕੇ ਉਹ ਪਰਮ - ਪਦ ਨੂੰ ਪ੍ਰਾਪਤ ਕਰ ਲੈਂਦਾ ਹੈ ਅਤੇ ਪਰਮ - ਮਨੁੱਖ ਬਣ ਜਾਂਦਾ ਹੈ। ਅਗਿਆਨ ਦਾ ਹਨੇਰਾ ਦੂਰ ਹੋ ਜਾਂਦਾ ਹੈ ਅਤੇ ਲੋਹ ਮਨ ਸਾਧ -ਸੰਗਤ ਦੀ ਪਾਰਸ ਛੂਹ ਨਾਲ ਕੰਚਨ ਹੋ ਜਾਂਦਾ ਹੈ:-

ਸਤਿ ਸੰਗਤ ਨਾਮ ਨਿਧਾਨ ਹੈ ਜਿਥਹੁ ਹਰਿ ਪਾਇਆ ॥
ਗੁਰ ਪ੍ਰਸਾਦਿ ਘਟਿ ਚਾਨਣਾ ਅਨੇਰ ਗਵਾਇਆ ॥
ਲੋਹਾ ਪਾਰਸਿ ਭੇਟੀਐ ਕੰਚਨ ਹੋਇ ਆਇਆ ॥

( ਆਦਿ ਗ੍ਰੰਥ, ਪੰਨਾ 155)

ਜਦ ਪਾਪੀ ਮਨੁੱਖ ਇਸ ਵਿਚ ਸ਼ਾਮਲ ਹੋ ਜਾਂਦਾ ਹੈ, ਉਸਨੂੰ ਠੁਕਰਾਉਣ ਦੀ ਥਾਂ ਸਤਿਕਾਰਿਆ ਜਾਂਦਾ ਹੈ। ਸੰਦਲ ਦੇ ਬਿਰਛ ਕੋਲ ਉਹ ਪੌਦੇ ਦੀ ਤਰ੍ਹਾਂ ਉਹ ਸਾਧ-ਸੰਗਤ ਵਾਲੇ ਚੰਗੇ ਗੁਣਾਂ ਨੂੰ ਧਾਰਨ ਕਰ ਲੈਂਦਾ ਹੈ। ਉਹ ਸਾਧ ਸੰਗਤ ਵਿਚ ਗੁਰੂ ਤੋਂ ਆਦੇਸ਼ ਪ੍ਰਾਪਤ ਕਰਕੇ ਉਸ ਸਮਾਨ ਹੀ ਹੋ ਜਾਂਦਾ ਹੈ ਹੈ, ਕਿਉਂਕਿ ਗੁਰੂ ਦੀ ਆਤਮਾ ਸੰਗਤ ਵਿਚ ਨਿਵਾਸ ਕਰਦੀ ਹੈ। ਇਸ ਲਈ ਸਾਧ -ਸੰਗਤ ਵਿਚ ਰਹਿਣ ਵਾਲਾ ਮਨੁੱਖ ਦਵੈਤ ਭਾਵ ਨੂੰ ਤਿਆਗ ਕੇ ਅਤੇ ਚੰਗੇ ਗੁਣਾਂ ਨੂੰ ਗ੍ਰਹਿਣ ਕਰਕੇ ਸੰਤ ਰੂਪੀ ਪਰਮ-ਮਨੁੱਖ ਬਣ ਜਾਂਦਾ ਹੈ।

****

ਅਧਿਆਇ ਪੰਜਵਾਂ

# ਗੁਰੂ ਨਾਨਕ ਬਾਣੀ ਵਿਚ ਪਰਮ-ਮਨੁੱਖ ਦਾ
# ਸਦਾਚਾਰਕ ਸੰਕਲਪ

(ੳ) ਸਦਾਚਾਰ ਅਤੇ ਇਸਦੀ ਲੋੜ

(ਅ) ਪਰਮੁਖ ਸਦਾਚਾਰਕ ਗੁਣ

(ੲ) ਪਰਮੁਖ ਸਦਾਚਾਰਕ ਅਵਗੁਣ

## ਗੁਰੂ ਨਾਨਕ ਬਾਣੀ ਵਿਚ ਪਰਮ-ਮਨੁੱਖ ਦਾ ਸਦਾਚਾਰਕ ਸੰਕਲਪ

(ੳ) ਜਾਣ ਪਛਾਣ: ਸਦਾਚਾਰ ਅਤੇ ਇਸਦੀ ਲੋੜ।

ਨੈਤਿਕਤਾ ਦਾ ਦਾਰਸ਼ਨਿਕ ਅਤੇ ਤਾਰਕਿਕ ਵਿਸ਼ਲੇਸ਼ਣ ਪੱਛਮੀ ਦਰਸ਼ਨ ਵਿਚ ਨੀਤੀ ਸ਼ਸਤਰ ( ethics ) ਵਿਚ ਹੋਇਆ ਹੈ। ਸਦਾਚਾਰ ਦਾ ਜਨਮ ਅਸਲ ਵਿਚ ਮਨੁੱਖ ਦੀ ਸੋਚ ਦੇ ਨਾਲ ਹੀ ਪੈਦਾ ਹੋਇਆ ਅਤੇ ਇਹ ਸੋਚ ਉਦੋਂ ਪੈਦਾ ਹੋਣੀ ਸ਼ੁਰੂ ਹੋਈ, ਜਦੋਂ ਮਨੁੱਖ ਨੇ ਦੋਹਾਂ ਪੈਰਾਂ ਉਤੇ ਖੜੋ ਕੇ ਤੁਰਨਾ ਸ਼ੁਰੂ ਕੀਤਾ ਅਤੇ ਦਿਮਾਗ ਦੀਆਂ ਬਿਰਤੀਆਂ ਅਤੇ ਸੁਰਤੀਆਂ ਆਪਣੇ ਵਿਕਾਸ ਕ੍ਰਮ ਵਲ ਵਧੀਆਂ। ਬੇਸ਼ਕ ਭਾਰਤ ਵਿਚ ਵੀ ਵੇਦ ਉਪਨਿਸ਼ਦ ਆਦਿਕ ਵੈਦਿਕ ਸਾਹਿਤ ਵਿਚ ਨੈਤਿਕਤਾ ਦੀਆਂ ਕਦਰਾਂ ਕੀਮਤਾਂ ਦੀ ਪ੍ਰਾਚੀਨ ਪਰੰਪਰਾ ਨੂੰ ਢੂੰਡਿਆਂ ਜਾ ਸਕਦਾ ਹੈ। ਪਰੰਤੂ ਇੱਥੇ ਸਦਾ ਹੀ ਨੈਤਿਕਤਾ ਨੂੰ ਧਰਮ ਨਾਲ ਜੋੜਿਆ ਗਿਆ ਹੈ। ਨੈਤਿਕਤਾ ਦੇ ਸੁਤੰਤਰ ਦਾਰਸ਼ਨਿਕ ਚਿੰਤਨ ਦਾ ਭਾਰਤੀ ਦਾਰਸ਼ਨਿਕ ਪਰੰਪਰਾ ਵਿਚ ਅਭਾਵ ਹੈ। ਇੱਥੇ ਨੀਤੀ ਸ਼ਾਸਤਰ ਦਾ ਅਧਿਐਨ ਧਰਮ ਸ਼ਾਸਤਰ ਦੇ ਅੰਤਰਗਤ ਕੀਤਾ ਗਿਆ ਹੈ। ਇਤਿਹਾਸਕ ਦ੍ਰਿਸ਼ਟੀ ਤੋਂ ਧਰਮ ਅਤੇ ਨੈਤਿਕਤਾ ਦਾ ਬੜਾ ਗੂੜ੍ਹਾ ਸੰਬੰਧ ਰਿਹਾ ਹੈ ਅਤੇ ਇਤਿਹਾਸਕ ਵਿਕਾਸ ਕ੍ਰਮ ਵਿਚ ਨੈਤਿਕਤਾ ਦਾ ਵਿਕਾਸ ਧਰਮ ਤੋਂ ਹੀ ਦਰਸਾਇਆ ਹੈ।[1]

ਭਾਰਤੀ ਧਰਮ ਦਰਸ਼ਨ ਦੀ ਇਹ ਵਿਲੱਖਣਤਾ ਹੈ ਕਿ ਇੱਥੇ ਵੈਦਿਕ ਯੁੱਗ ਤੋਂ ਲੈ ਕੇ ਆਧੁਨਿਕ ਯੁੱਗ ਤਕ ਜਿਤਨੇ ਵੀ ਧਰਮ ਦਰਸ਼ਨ ਵਿਕਸਤ ਹੋਏ ਇਨ੍ਹਾਂ ਸਾਰਿਆਂ ਵਿਚ ਧਰਮ ਅਤੇ ਨੈਤਿਕਤਾ ਦਾ ਅਨਿੱਖੜ ਰਿਸ਼ਤਾ ਸਥਾਪਤ ਹੋਇਆ ਹੈ। ਰਿਗ ਵੇਦ ਕਾਲ ਵਿਚ ਸੱਚ ਅਤੇ ਦਾਨ ਵਰਗੇ ਸਮਾਜਿਕ ਸਦਗੁਣਾਂ ਨੂੰ ਉੱਤਮ ਮੰਨਿਆ ਜਾਂਦਾ ਸੀ।[2] ਉਪਨਿਸ਼ਦਾਂ ਵਿਦ ਕਰਮ ਅਤੇ ਸੰਸਾਰ ਦੇ ਮਹੱਤਵਪੂਰਨ ਸਿੱਧਾਂਤਾਂ ਦਾ ਵਿਕਾਸ ਵੀ ਹੋਇਆ ਹੈ, ਜੋ ਨੈਤਿਕ ਦ੍ਰਿਸ਼ਟੀ ਤੋਂ ਅਤਿਅੰਤ ਸਾਰਥਕ ਹੈ। ਇਨ੍ਹਾਂ ਰਾਹੀਂ ਮਨੁੱਖ ਦੀ ਵਿਵਹਾਰਕ ਸ਼ਖਸੀਅਤ ਦੀ ਵਿਆਖਿਆ ਦਾ ਯਤਨ ਕੀਤਾ ਗਿਆ ਹੈ।

ਉਪਨਿਸ਼ਦਾਂ ਦੇ ਨਾਲ ਸਿੱਧਾਂਤਕ ਤੌਰ ਤੇ ਜੁੜੇ ਹੋਏ ਛੇ ਦਰਸ਼ਨ ਸੰਪਰਦਾਇ ਹਨ। ਸਾਂਖ, ਯੋਗ, ਨਿਆਇ, ਵੈਸ਼ੇਸ਼ਿਕ ਮੀਮਾਂਸਾ ਅਤੇ ਵੇਦਾਂਤ। ਇਨ੍ਹਾਂ ਵਿਚ ਵੀ ਸੋਧ

---

1. William Lillre(Dr.) An Introduction to Ethics, P.303
2. Dass Gupta S.N.(Dr.) Development of Moral Philosophy in India, P.8

ਸਾਧਨਾ ਦੇ ਰੂਪ ਵਿਚ ਨੈਤਿਕ ਕਾਰਜ ਜਾਰੀ ਰਿਹਾ। ਇਨ੍ਹਾਂ ਦਰਸ਼ਨਾਂ ਵਿਚ ਸਾਂਝੀ ਮੋਲ ਮੋਖ ( ਮੁਕਤੀ ) ਦਾ ਸੰਕਲਪ ਹੈ ਅਤੇ ਇਕ ਹੋਰ ਸਾਂਝੀ ਗਲ ਇਹ ਹੈ ਕਿ ਵਿਅਕਤੀ ਦੀ ਨੈਤਿਕਤ ਅਵਸਥਾ ਨੂੰ ਉਸਦੀ ਅਧਿਆਤਮਿਕ ਯੋਗਤਾ ਦੀ ਲਾਜ਼ਮੀ ਸ਼ਰਤ ਮੰਨਿਆ ਹੈ। ਮਿਸਾਲ ਵੱਜੋਂ ਯੋਗ ਸੂਤਰ ਇਹ ਯਮ, ਨਿਯਮ, ਦੇਖੇ ਜਾ ਸਕਦੇ ਹਨ, ਜੋ ਸਾਫ਼ ਤੌਰ ਤੇ ਨੈਤਿਕ ਆਦੇਸ਼ ਨਿਰਦੇਸ਼ ਹਨ।

ਚਾਰਵਾਕ ਦਰਸ਼ਨ ਵਿਚ ਨੈਤਿਕਤਾ ਦਾ ਆਧਾਰ ਵਿਅਕਤੀਗਤ ਸੁਖਵਾਦ (Egoistic hedonism ) ਮੰਨਿਆ ਹੈ। ਬੁੱਧ ਧਰਮ ਅਨੁਸਾਰ ਸਦਾਚਾਰ ਨੂੰ ਉੱਤਮ ਅਧਿਆਤਮਿਕ ਪ੍ਰਾਪਤੀ ਦਾ ਜ਼ਰੂਰੀ ਮਾਧਿਅਮ ਮੰਨਿਆ ਗਿਆ ਹੈ। ਬੁੱਧ ਦਾ ਅਸ਼ਟ - ਮਾਰਗ ਪ੍ਰਧਾਨ ਰੂਪ ਵਿਚ ਨੈਤਿਕ ਆਦੇਸ਼ਾਂ ਨਿਰਦੇਸ਼ਾਂ ਦਾ ਸੰਗ੍ਰਹਿ ਹੀ ਤਾਂ ਹੈ। ਬੁੱਧ ਦੇ ਵਿਚਾਰ ਅਨੁਸਾਰ ਤ੍ਰਿਸ਼ਨਾ ( desire ) ਜੀਵਨ ਦੀ ਅਸ਼ਾਂਤੀ ਅਤੇ ਦੁਖ ਦੀ ਅਵਸਥਾ ਦਾ ਮੂਲ ਕਾਰਣ ਹੈ, ਜੋ ਨਿਰਵਾਣ ਪ੍ਰਾਪਤੀ ਵਿਚ ਹੀ ਸ਼ਾਂਤ ਹੋ ਸਕਦੀ ਹੈ। ਅਹਿੰਸਾ ਦਇਆ, ਮੈਤਰੀ ਭਾਵ ( ਮਿਤਰਤਾ ) ਅਤੇ ਕਰੁਣਾ ਨੈਤਿਕ ਸਦਗੁਣ ਮੰਨੇ ਗਏ ਹਨ। ਜਿਨ੍ਹਾਂ ਨੂੰ ਧਾਰਨ ਕਰਨਾ ਬੋਧੀ ਅਸ਼ਟ ਮਾਰਗ ਦੇ ਅਨੁਯਾਈ ਲਈ ਜ਼ਰੂਰੀ ਹੈ। ਗੁਰੂ ਨਾਨਕ ਦੇ ਚਿੰਤਨ ਨੈਤਿਕ ਵਿਚ ਵੀ ਮਹਾਤਮਾ ਬੁੱਧ ਦੇ ਅਸ਼ਟ ਮਾਰਗ ਦੇ ਪ੍ਰਮੁੱਖ ਸੰਕਲਪ ਨੂੰ ਅਪਣਾਇਆ ਗਿਆ ਹੈ। ਜਿਸ ਦਾ ਵਰਣਨ ਅੱਗੇ ਕੀਤਾ ਜਾਵੇਗਾ।

ਗੀਤਾ ਨੂੰ ਨੈਤਿਕ ਪਰੰਪਰਾ ਦਾ ਪ੍ਰਮੁੱਖ ਗ੍ਰੰਥ ਮੰਨਿਆ ਜਾ ਸਕਦਾ ਹੈ। ਸ੍ਰੀ ਕ੍ਰਿਸ਼ਨ ਜੀ ਨੇ ਅਰਜਨ ਨੂੰ ' ਨਿਸ਼ਕਾਮ ਕਰਮ ' ਦਾ ਉਪਦੇਸ਼ ਦਿੱਤਾ, ਜਿਸ ਦਾ ਅਰਥ ਵੀ ਪਰਿਣਾਮ ਦੀ ਚਿੰਤਾ ਕੀਤੇ ਬਿਨਾਂ ਆਪਣੇ ਫਰਜ਼ ਨੂੰ ਨਿਭਾਉਣਾ ਹੈ। ਸ੍ਰੀ ਕ੍ਰਿਸ਼ਨ ਜੀ ਨੇ ਇਸ ਨੈਤਿਕ ਸਿੱਧਾਂਤ ਦੀ ਦਾਰਸ਼ਨਿਕ ਪਿੱਠਭੂਮੀ ਬੜੀ ਸੁੰਦਰਤਾ ਨਾਲ ਸਪਸ਼ਟ ਕੀਤੀ ਹੈ, ਜਿਸ ਕਰਕੇ ਗੀਤਾ ਦਾ ਭਾਰਤੀ ਜੀਵਨ ਉੱਪਰ ਵਿਆਪਕ ਪ੍ਰਭਾਵ ਮਿਲਦਾ ਹੈ।

ਪੱਛਮੀ ਕੋਸ਼ਕਾਰਾਂ ਅਤੇ ਨੀਤੀ ਸ਼ਾਸਤਰਕਾਰਾਂ ਨੇ ਨੈਤਿਕਤਾ ਨੂੰ ਪਰਿਭਾਸ਼ਤ ਕੀਤਾ ਹੈ ਅਤੇ ਇਸਨੂੰ ਮਾਨਵੀ ਵਿਗਿਆਨ ਦੇ ਅੰਤਰਗਤ ਰਖਿਆ ਹੈ। 'ਨੈਤਿਕਤਾ' ਮਾਨਵੀ ਆਚਾਰ-ਵਿਵਹਾਰ ਨਾਲ ਸੰਬੰਧਤ ਸਿੱਧਾਂਤਾਂ ਦਾ ਪ੍ਰਬੰਧ ਜਾਂ ਵਿਧਾਨ ਹੈ।[1] ਨੈਤਿਕਤਾ ਜਾਂ ਨੀਤੀ ਸ਼ਾਸਤਰ ਨੂੰ ਮਾਨਵੀ ਕਾਰਜਾਂ ਦੀ ਨੈਤਿਕ ਈਮਾਨਦਾਰੀ ਦਾ ਵਿਗਿਆਨ( Science of the Moral rectitude of human acts) ਅਤੇ ਨਿਰਪੇਖ ਆਨੰਦ ਦੀ ਪ੍ਰਾਪਤੀ ਦਾ ਮਾਧਿਅਮ ਆਖਿਆ ਹੈ।[2] ਮਨੁੱਖੀ ਆਚਾਰ ਅਤੇ ਵਿਵਹਾਰ ਅਤੇ ਚਰਿਤਰ ਤੋਂ ਇਲਾਵਾ ਨੀਤੀ - ਸ਼ਾਸਤਰ ਵਿ ਚ

---

1. webstern, Third New International Dictionary, P, 69
2. Murry and Michael, Problems in Ethics, P, 7

ਕੀਮਤਾਂ ਦਾ ਅਧਿਐਨ ਕੀਤਾ ਜਾਂਦਾ ਹੈ। ਇਸ ਪੱਖ ਤੋਂ ਨੀਤੀ ਸ਼ਾਸਤਰ ਦੀ ਕੀਮਤ ਵਿਗਿਆਨ ਨਾਲ ਡੂੰਘੀ ਸਾਂਝ ਹੈ। ਮਾਨਵੀ ਆਚਾਰ ਵਿਚ ਆਂਤ੍ਰਿਕ ਅਤੇ ਬਾਹਰੀ ਦੋਨੋਂ ਪ੍ਰਕਾਰ ਦੀਆਂ ਕ੍ਰਿਆਵਾਂ ਸ਼ਾਮਲ ਹਨ। ਆਂਤਰਿਕ ਕ੍ਰਿਆਵਾਂ ਵਿਚ ਸਾਡੀਆਂ ਮਾਨਸਿਕ ਇੱਛਾਵਾਂ, ਰੀਝਾਂ ਭਾਵਨਾਵਾਂ, ਮੰਤਵ, ਇਰਾਦੇ ਅਤੇ ਪ੍ਰਯੋਜਨ ਸ਼ਾਮਲ ਹਨ। ਬਾਹਰਮੁਖੀ ਕ੍ਰਿਆਵਾਂ ਵਿਚ ਸਾਡੀ ਵਾਰਤਾਲਾਪ ਸੰਕੇਤ ਤੇ ਸਰੀਰਕ ਹਰਕਤਾਂ ਆਉਂਦੀਆਂ ਹਨ। ਅਨੇਕ ਪ੍ਰਕਾਰ ਦੀਆਂ ਉਪਰੋਕਤ ਕਥਿਤ ਆਂਤਰਿਕ ਕ੍ਰਿਆਵਾਂ ਦੀ ਅਭਿਵਿਅਕਤੀ ਸਰੀਰਕ ਹਰਕਤਾਂ ਅਤੇ ਵਾਰਤਾਲਾਪ ਆਦਿਕ ਬਾਹਰਮੁਖੀ ਕ੍ਰਿਆਵਾਂ ਦੁਆਰਾ ਹੁੰਦੀ ਹੈ।[1]

ਮਾਨਵੀ ਆਚਾਰ ਦਾ ਮਿਆਰ ਕੁਝ ਗਿਣੀਆਂ, ਮਿੱਥੀਆਂ, ਪਰਖੀਆਂ, ਚੋਖੀਆਂ, ਸਮਾਜਿਕ ਕਦਰਾਂ ਕੀਮਤਾਂ ਹਨ। ਇਸ ਤਰ੍ਹਾਂ ਨੈਤਿਕਤਾ ਦਾ ਸਿੱਧਾ ਸੰਬੰਧ ਕੀਮਤ ਵਿਹਾਰ ਅਤੇ ਕੀਮਤ ਸਿੱਧਾਂਤ ਨਾਲ ਹੀ ਜਾ ਜੁੜਦਾ ਹੈ। ਨੈਤਿਕਤਾ ਦੇ ਵਿਉਤਪਤੀ ਮੂਲਕ ਅਰਥਾਂ ਤੋਂ ਹੀ ਤੱਥ ਦੀ ਪੁਸ਼ਟੀ ਹੁੰਦੀ ਹੈ।

ਡਾ. ਸ. ਸ. ਕੋਹਲੀ ਅਤੇ ਡਾ. ਵਜ਼ੀਰ ਸਿੰਘ ਨੇ ਪ੍ਰਾਚੀਨ ਭਾਰਤੀ ਨੀਤੀ ਸ਼ਾਸਤਰ ਅਤੇ ਆਧੁਨਿਕ ਪੱਛਮੀ ਆਚਾਰ ਨੀਤੀ ਵਿਚ ਬੁਨਿਆਦੀ ਭੇਦ ਮੰਨਿਆ ਹੈ। ਪੱਛਮੀ ਆਚਾਰ-ਨੀਤੀ ਦਾ ਆਦਰਸ਼ ਸੰਸਾਰਕ ਸੁਖ, ਸਹੂਲਤ ਅਤੇ ਸਮਾਜਿਕ ਕਲਿਆਣ ਹੈ, ਪਰੰਤੂ ਭਾਰਤੀ ਨੈਤਿਕਤਾ ਉੱਤੇ ਧਰਮ ਅਤੇ ਰਹੱਸ ਦਾ ਗੂੜਾ ਪ੍ਰਭਾਵ ਹੈ ਅਤੇ ਇਹ ਧਰਮ ਅਤੇ ਮੋਕਸ਼ ਦੇ ਆਦਰਸ਼ ਉੱਤੇ ਖੜੀ ਹੈ।

ਪੱਛਮੀ ਚਿੰਤਕ ਨੈਤਿਕ ਨੂੰ ਧਰਮ ਤੋਂ ਸੁਤੰਤਰ ਸਮਝਣ ਲਗ ਪਏ ਹਨ, ਸਗੋਂ ਧਰਮ ਨੂੰ ਇਸ ਵਿਚ ਸਾਧਕ ਮਹਿਸੂਸ ਕਰਦੇ ਹਨ ਅਤੇ ਨੈਤਿਕਤਾ ਨੂੰ ਵਿਗਿਆਨ ਦਾ ਨਾਂ ਦੇਣ ਲਗ ਪਏ ਹਨ। ਉਹ ਕਹਿੰਦੇ ਹਨ ਕਿ ਧਰਮ ਅਤੇ ਨੈਤਿਕਤਾ ਇਕੱਠੇ ਨਹੀਂ ਚਲ ਸਕਦੇ। ਉਹ ਦਲੀਲ ਪੇਸ਼ ਕਰਦੇ ਹਨ ਕਿ ਜੇ ਈਸ਼ਵਰ ਸਰਵ ਸ਼ਕਤੀਮਾਨ ਅਤੇ ਅਟੱਲ ਹੈ ਤਾਂ ਸਦਾਚਾਰਕ ਕਰਮ ਵਿਅਰਥ ਹਨ। ਇਹ ਦ੍ਰਿਸ਼ਟੀਕੋਣ ਸੰਕੁਚਿਤ ਹੈ ਅਤੇ ਹੁਕਮ ਸੰਕਲਪ ਦੇ ਸਹੀ ਮੁਲਾਂਕਣ ਉੱਤੇ ਆਧਾਰਿਤ ਨਹੀਂ।

ਭਾਰਤੀ ਨੈਤਿਕਤਾ ਧਾਰਮਿਕ ਅਤੇ ਪਰਲੋਕ ਮੁਖੀ ਹੋਣ ਦੇ ਬਾਵਜੂਦ ਕਰਮ ਅਤੇ ਫਲ ਦੇ ਸਿੱਧਾਂਤ ਨੂੰ ਬਹੁਤੀ ਮਹੱਤਤਾ ਦਿੰਦੀ ਹੈ। ਇਸ ਤੋਂ ਬਿਨਾਂ ਆਤਮਾ ਨੂੰ

---

1. William Lillie, An Introduction to Ethics, P, 460

## (ਅ) ਨੈਤਿਕਤਾ ਅਤੇ ਸਦਾਚਾਰ ਦੀ ਵਿਆਖਿਆ

ਨੈਤਿਕਤਾ ਸੰਸਕ੍ਰਿਤ ਭਾਸ਼ਾ ਦੇ ਸ਼ਬਦ ਨੀਤੀ ਦਾ ਰੂਪਾਂਤਰ ਹੈ, ਜੋ 'ਨੀ' ਧਾਤੂ ਤੋਂ ਬਣਿਆ ਹੈ। ( 'ਨੀ' ਦਾ ਅਰਥ ਹੈ ਅਗਵਾਈ ਕਰਨਾ, ਸੇਧ ਦੇਣੀ ਜਾਂ ਰਹਿਨੁਮਾਈ ਕਰਨਾ। ਅਰਥਾਤ ਨੈਤਿਕਤਾ ਕਦਰਾਂ ਕੀਮਤਾਂ ਦਾ ਉਹ ਵਿਧਾਨ ਹੈ, ਜੋ ਮਨੁੱਖ ਨੂੰ ਕਿਸੇ ਉਚੇਰੇ ਆਦਰਸ਼ ਦੀ ਪ੍ਰਾਪਤੀ ਵਲ ਲੈ ਜਾਂਦਾ ਹੈ। ਗੁਰਬਾਣੀ ਅਨੁਸਾਰ ਇਹ ਉਚੇਰਾ ਆਦਰਸ਼ ਪਰਮ-ਪਦ ਦੀ ਪ੍ਰਾਪਤੀ ਕਰਕੇ ਪਰਮ - ਮਨੁੱਖ ਬਣਨਾ ਹੈ।

ਨੈਤਿਕਤਾ ਅੰਗਰੇਜ਼ੀ ਦੇ ਸ਼ਬਦ ( Morality ) ਦਾ ਅਨੁਵਾਦ ਹੈ ਅਤੇ ਪਰਿਆਇਆਵਾਚੀ ਹੈ। ਪੰਜਾਬੀ ਵਿਚ ਨੈਤਿਕਤਾ ਦੀ ਰੂਪ ਬਣਤਰ ( Form of structure ) ਅਤੇ ਗੁਣ ਲੱਛਣ ਨੂੰ ਰੂਪਮਾਨ ਕਰਨ ਲਈ ਸਦਾਚਾਰ, ਆਚਾਰ ਵਿਵਹਾਰ, ਆਚਰਣ, ਇਖਲਾਕ ਵਰਤਾਉ ਆਦਿਕ ਸ਼ਬਦ ਪ੍ਰਚਲੱਤ ਹਨ। ਇਹ ਸਾਰੇ ਸ਼ਬਦ ਨੈਤਿਕਤਾ ਦੇ ਵਿਹਾਰ ਖੇਤਰ ਜਾਂ ਕਾਰਜ ਖੇਤਰ ਵੱਲ ਸੰਕੇਤ ਕਰਦੇ ਹਨ।

ਸਦਾਚਾਰ ਨੀਤੀ ਦਾ ਸੰਬੰਧ ਪ੍ਰਵਿਰਤੀ ਮਾਰਗ ਨਾਲ ਹੈ। ਇਸਦਾ ਸੰਬੰਧ ਉਨ੍ਹਾਂ ਲੋਕਾਂ ਨਾਲ ਹੈ, ਜੋ ਜਗਤ ਨੂੰ ਸਥਿਰ ਮੰਨ ਕੇ ਇਸ ਵਿਚ ਪ੍ਰਵੇਸ਼ ਕਰਦੇ ਹਨ।[1] ਇਸ ਮਾਰਗ ਰਾਹੀਂ ਅਧਿਆਤਮਿਕ ਨਿਸ਼ਾਨੇ ਦੀ ਪ੍ਰਾਪਤੀ ਸੌਖੀ ਵੀ ਹੈ ਅਤੇ ਔਖੀ ਵੀ।

ਸਦਾਚਾਰ ਲਈ ਅੰਗਰੇਜ਼ੀ ਵਿਚ ਵਰਤਿਆ ਸ਼ਬਦ ਐਥਿਕਸ ਯੂਨਾਨੀ ਮੂਲ ਈਥੋਜ ਤੋਂ ਦੱਸਿਆ ਗਿਆ ਹੈ, ਜਿਸ ਦਾ ਭਾਵ ਹੈ ਆਚਰਨ। ਇਸਨੂੰ ਸਦਾਚਾਰ ਦਰਸ਼ਨ ਵੀ ਕਿਹਾ ਹੈ।[2]

ਸਦਾਚਾਰ, ਚਜ ਆਚਾਰ ਜਾਂ ਨੈਤਿਕਤਾ ਦਾ ਭਾਵ ਮਨੁੱਖੀ ਚਲਣ, ਚੰਗੇ ਆਚਰਣ, ਜਾਂ ਨੇਕ ਆਦਤ ਵਿਚ ਲਿਆ ਜਾਂਦਾ ਹੈ। ਐਥਿਕਸ ( Ethics ) ਯੂਨਾਨੀ ( Ethikos, Ethos ) ਧਾਤੂ ਤੋਂ ਹੈ, ਜਿਸ ਦਾ ਅਰਥ ਰਿਵਾਜ ਤੇ ਚਲਣ ਦੇ ਹਨ। ਇਸ ਦੀ ਪ੍ਰੀਭਾਸ਼ਾ ਚਾਲ ਚਲਣ ਦੀ ਚੰਗਿਆਈ ਜਾਂ ਅਛਾਈ ਦਾ ਅਧਿਐਨ ਦਸਦੀ ਹੈ।

---

1. Kohli S.S, (Dr) A critical Study of Adi Granth P, 296

2. Enclylopaedia of Britain, Vol. III, P, 752

ਇਹ ਚਾਲ ਚਲਣ ਜਾਂ ਆਚਾਰ ਦਾ ਅਜਿਹਾ ਆਮ ਸਿੱਧਾਂਤ ਹੈ, ਜਿਹੜਾ ਮਨੁੱਖ ਦੇ ਕੰਮਾਂ ਕਾਜਾਂ ਨੂੰ ਸਹੀ ਜਾਂ ਗਲਤ ਅਥਵਾ ਚੰਗੇ ਜਾਂ ਮੰਦੇ ਹੋਣ ਦੇ ਪ੍ਰਸੰਗ ਵਿਚ ਵਿਚਾਰਦਾ ਹੈ। ਇਸ ਦਾ ਸੰਬੰਧ ਸਮਾਜ, ਰਿਵਾਜ ਅਤੇ ਸਮਾਜਕ ਰਹੁ ਰੀਤੀਆਂ ਨਾਲ ਹੈ।[1] ਇਸ ਨੂੰ ਸਦਾਚਾਰਕ ਦਰਸ਼ਨ (Moral Philosophy ) ਦੇ ਅਰਥਾਂ ਵਿਚ ਲਿਆ ਜਾਂਦਾ ਹੈ। ਮੋਰਲਜ਼ ( Morals ) ਲਾਤੀਨੀ ਭਾਸ਼ਾ ਦਾ ਅੰਗਰੇਜ਼ੀ ਰੂਪ ਹੀ ਹੈ। ਜਿਸਦੇ ਅਰਥ ਵੀ ਆਦਤ ਤੇ ਰਿਵਾਜ ਦੇ ਹਨ, ਭਾਵ ਜਿਸਦਾ ਸੰਬੰਧ ਸਹੀ ਤੇ ਚੰਗੇ ਨਾਲ ਹੋਵੇ। ਰਾਈਟ ਕੰਡਕਟਰ ਤੋਂ ਵੀ ਮੁਰਾਦ ਕਿਸੇ ਨੇਮ ਜਾਂ ਸਿੱਧਾਂਤ ਅਨੁਸਾਰ ਹੋਣ ਦੇ ਹਨ ਅਤੇ ਸਿੱਧਾਂਤਾਂ ਦਾ ਸੰਕੇਤ ਪ੍ਰਾਪਤ ਕੀਤੇ ਨਤੀਜਿਆਂ ਵਲ ਹੁੰਦਾ ਹੈ ਅਤੇ ਇਸ ਦੇ ਨੀਤੀਜੇ ਹਮੇਸ਼ਾਂ ਚੰਗੇ ਹੋਣੇ ਚਾਹੀਦੇ ਹਨ।

ਸਦਾਚਾਰ ਕਿਸੇ ਵਿਸ਼ੇਸ਼ ਪ੍ਰਕਾਰ ਦੇ ਚਲਣ ਨਾਲ ਉਨ੍ਹਾਂ ਸੰਬੰਧਤ ਨਹੀਂ, ਜਿੰਨਾਂ ਉਸ ਦੇ ਚੰਗੇ ਪ੍ਰਯੋਜਨ ਨਾਲ ਅਤੇ ਪ੍ਰਯੋਜਨ ਹਮੇਸ਼ਾਂ ਉੱਤਮ ਚੰਗਿਆਈ ਹੋਣਾ ਚਾਹੀਦਾ ਹੈ। ਐਥਿਕਸ ਸੋਚਣ ਤੇ ਨਿਸ਼ਚਾ ਕਰਨ ਨੂੰ ਅੱਖੋਂ ਓਹਲੇ ਨਹੀਂ ਰਖ ਸਕਦੀ। ਮਨੁੱਖੀ ਚਲਣ ਦਾ ਸੰਕੇਤ ਹਮੇਸ਼ਾਂ ਸਮਾਜਿਕ ਹੁੰਦਾ ਹੈ। ਸਾਡੇ ਬਹੁਤ ਸਾਰੇ ਅਮਲ ਆਪਣੀ ਸਦਾਚਾਰਕ ਮਹੱਤਤਾ ਸਾਡੇ ਪਰਸਪਰ ਮਨੁਖੀ ਸੰਬੰਧਾਂ ਤੋਂ ਹੀ ਪ੍ਰਾਪਤ ਕਰਦੇ ਹਨ। ਸਦਾਚਾਰਕ ਆਦਰਸ਼ ਕੋਈ ਕਲਪਤ ਜਾਂ ਸੁਪਨਮਈ ਵਸਤੂ ਨਹੀਂ, ਸਗੋਂ ਸਾਡੀ ਸੋਚ ਤੇ ਪ੍ਰਾਪਤੀ ਨਾਲ ਹਰ ਸਮੇਂ ਸੰਬੰਧਤ ਹੈ। ਆਚਰਣ ਲਈ ਦੋ ਗੱਲਾਂ ਜ਼ਰੂਰੀ ਹਨ। ਪਹਿਲੀ ਇਹ ਕਿ ਸਾਡਾ ਚਲਣ ਕਿਸੇ ਵਿਸ਼ੇਸ਼ ਉਦੇਸ਼ ਜਾਂ ਆਦਰਸ਼ ਵਲ ਚਲਦਾ ਹੈ ਅਤੇ ਦੂਜੀ ਇਹ ਕਿ ਸਾਡੀ ਦ੍ਰਿੜਤਾ ਮਰਜ਼ੀ ਅਤੇ ਵਿਸ਼ਵਾਸ ਵਾਲੀ ਹੋਵੇ । ਆਚਰਣ ਲਈ ਜੋ ਕੋਈ ਖਾਸ ਪਦ ਵਰਤਿਆ ਜਾਂਦਾ ਹੈ। ਉਹ ਸਦਾਚਾਰਕ ਆਚਰਣ ਜਾਂ ਸਦਾਚਾਰਕ ਜੀਵਨ ਹੈ। ਅੰਗਰੇਜ਼ੀ ਪਦ ਐਥਿਕਸ ( ਨੀਤੀ ਸ਼ਾਸਤਰ) ਅਤੇ ਐਥੀਕਲ ਸਦਾਚਾਰਕ ਇਕ ਯੂਨਾਨੀ ਸ਼ਬਦ ਇਥੋਜ ( Ethos ) ਵਿਚੋਂ ਲਏ ਗਏ ਹਨ, ਜਿਸ ਦਾ ਸ਼ੁਰੂ ਵਿਚ ਅਰਥ ਵਰਤਾਉ ( Behaviour ) ਹੈ, ਜਿਹੜਾ ਕਿਸੇ ਸਮੂਹ ਦਾ ਕਿਸੇ ਹੋਰ ਨਾਲੋਂ ਵਖੇਵਾਂ ਦਸਣ ਲਈ ਕੀਤਾ ਗਿਆ ।[2]

---

1. Mackarzie, Johns, <u>Mannual of Ethics</u>, P, 913

2. ਜਾਨ ਡਿਊਟੀ, <u>ਸਦਾਚਾਰਕ ਜੀਵਨ ਦਾ ਸਿਧਾਂਤ</u>, ਅਨੁ:ਵਤਨੀ ਹਰਬੰਸ ਲਾਲ(ਪ੍ਰੋ.) ਪੰਨਾ 5

ਮਗਰੋਂ ਇਸ ਦਾ ਅਰਥ ਸੁਭਾਉ ਅਤੇ ਆਚਰਨ ਕੀਤਾ ਜਾਣ ਲੱਗਾ। ਇਸ ਤਰ੍ਹਾਂ ਲਾਤੀਨੀ ਸ਼ਬਦ ਮੌਰਲ ( ਸਦਾਚਾਰ) ਜੋ ਮੋਰਸ ( ਜੋ ਜਰਮਨੀ ਭਾਸ਼ਾ ਦੇ ਸ਼ਬਦ ਸਿਟਿਨ ਵਿਚੋਂ ਨਿਕਲਿਆ ਹੈ, ਵਾਂਗ ਹੀ ਹੈ।

- - - -

(ੲ) ਲੋੜ

ਸਦਾਚਾਰ ਨੀਤੀ ਮਨੁੱਖ ਦੇ ਸੰਪੂਰਣ ਫਰਜ਼ ਦਸਦੀ ਹੈ। ਚੰਗੇ ਅਤੇ ਮੰਦੇ ਸਾਰੇ ਕਰਮ ਸਦਾਚਾਰ ਨੀਤੀ ਦੇ ਅਨੁਸਾਰ ਢਾਲੇ ਅਤੇ ਜਾਣੇ ਜਾਂਦੇ ਹਨ। ਸਦਾਚਾਰ ਨੀਤੀ ਚੰਗਿਆਈ ਅਤੇ ਆਦਰਸ਼ ਦਾ ਵਿਗਿਆਨ ਵੀ ਹੈ। ਸਦਾਚਾਰਕ ਵਿਗਿਆਨ ਦਾ ਸਵਾਲ ਇਹ ਨਹੀਂ ਕਿ ਕੀ ਹੈ, ਸਗੋਂ ਇਹ ਹੈ ਕਿ ਕੀ ਹੋਣਾ ਚਾਹੀਦਾ ਹੈ?

ਆਚਾਰ ਨੀਤੀ ਜਾਂ ਸਦਾਚਾਰ ਨੀਤੀ ਜਾਂ ਨੈਤਿਕਤਾ ਦਾ ਸੰਬੰਧ ਮਨੁੱਖੀ ਕਰਮ ਨਾਲ ਹੈ ਜਾਂ ਮਨੁੱਖੀ ਆਚਰਣ ਨਾਲ ਕਿਹਾ ਜਾ ਸਕਦਾ ਹੈ। ਇਹ ਕਰਮ ਨੂੰ ਬੁਰੇ ਭਲੇ ਭਲੇ ਦੀ ਕਸੌਟੀ ਉੱਤੇ ਪਰਖਦਾ ਹੈ। ਆਮ ਬੋਲ ਚਾਲ ਵਿਚ ਬੁਰੇ ਕੰਮ ਕਰਨ ਵਾਲੇ ਨੂੰ ਦੁਰਾਚਾਰੀ ਅਤੇ ਚੰਗੇ ਕੰਮ ਕਰਨ ਵਾਲੇ ਨੂੰ ਸਦਾਚਾਰੀ ਕਹਿੰਦੇ ਹਾਂ। ਨੀਤੀ ਸ਼ਾਸਤਰ ਵਿਚ ਅਸੀਂ ਸਭ ਪ੍ਰਕਾਰ ਦੇ ਕਰਮਾਂ ਦੀ ਵਿਚਾਰ ਕਰਦੇ ਹਾਂ, ਪਰੰਤੂ ਸਦਾਚਾਰ ਨੀਤੀ ਜਾਂ ਨੈਤਿਕਤਾ ਵਿਚ ਸ਼ੁਭ ਕਰਮ ਹੀ ਨਹੀਂ ਅਸ਼ੁਭ ਕਰਮ ਵੀ ਪਰਖਦੇ ਹਾਂ।

ਸਮਾਜ ਦੇ ਪਰਮ -ਸੱਚ ਭਲੇ ਬੁਰੇ ਨੂੰ ਪਛਾਣਨ ਦੂਜੇ ਦੇ ਅਸਤਿਤਵ ਨੂੰ ਸਹਾਰਨਾ, ਉਸਦੇ ਦੁਖ ਸੁਖ ਦੇ ਭਾਈਵਾਲ ਹੋਣਾ, ਆਰਥਿਕ ਨਿਆਂ ਨੂੰ ਸਮਝਣਾ, ਆਪਣੀ ਪ੍ਰਾਪਤੀ ਨੂੰ ਦੂਜਿਆਂ ਨਾਲ ਸਾਂਝਾਂ ਕਰਨਾ, ਹਰ ਪ੍ਰਕਾਰ ਦੀ ਅਜਾਰਦਾਰੀ ਤੋਂ ਮੁਕਤ ਹੋ ਸਕਣਾ, ਸਵੈ ਸ਼੍ਰੇਸਠ ਤੋਂ ਸਵੈਹੀਣ ਭਾਵਾਂ ਤੋਂ ਮੁਕਤੀ, ਨਿਰਭਉ ਅਤੇ ਨਿਰਵੈਰ ਹੋ ਕੇ ਵਿਚਰਨ, ਮਨੁੱਖ ਵਿਚ ਵਿਦਵਾਨ ਅੰਤਰੀਵ ਸਚਾਈ ਤੇ ਨੇਕੀ ਤੋਂ ਜਾਣੂ ਹੋਣਾ, ਅਰਥਾਤ ਸਵੈ-ਸਮਾਲੋਚਨਾ ਮਾਣ ਹੁੰਦੇ ਹੋਏ ਨਿਮਾਣਾ, ਤਾਣ ਹੁੰਦੇ ਹੋਏ ਨਿਤਾਣਾ, ਵਚਨ ਪਾਲਣਾ, ਦਇਆ ਅਤੇ ਦ੍ਰਿੜ ਸੰਕਲਪੀ ਹੋਣਾ, ਇਹ ਸਮਾਜਿਕ ਸਦਾਚਾਰਕ ਤੱਤ ਹਨ,ਜਿਨ੍ਹਾਂ ਉੱਤੇ ਸਦਾਚਾਰ ਦੀ ਲੋੜ ਆਧਾਰਿਤ ਹੈ।[1]

ਉਪਨਿਸ਼ਦਾਂ ਵੀ ਸਦਾਚਾਰ ਉੱਪਰ ਜ਼ੋਰ ਦਿੰਦੀਆਂ ਹਨ। ਉਹ ਅਹੀ ਦੀ ਅਤਿ ਪ੍ਰਸ਼ਾਪਤਾ ਦੇ ਸਿੱਧਾਂਤ ਦਾ ਖੰਡਨ ਕਰਦੀਆਂ ਹਨ ਅਤੇ ਨੈਤਿਕ ਗੁਣਾਂ ਉੱਪਰ ਜ਼ੋਰ ਦਿੰਦੀਆਂ ਹਨ। ਜਿਹੜਾ ਸਦਾਚਾਰ ਸਾਨੂੰ ਅਪਨਾਉਣਾ ਚਾਹੀਦਾ ਹੈ ,ਉਸ ਦਾ ਕਈ ਥਾਵਾਂ ਉੱਤੇ ਵਰਨਣ ਕੀਤਾ ਗਿਆ ਹੈ।[2] ਜੀਵਨ ਦੀ ਇਕ ਯੁੱਗ ਨਾਲ ਤੁਲਨਾ ਕੀਤੀ ਗਈ ਹੈ।

---

1. ਜਾਨ ਡਿਊਈ, ਸਦਾਚਾਰਕ ਜੀਵਨ ਦਾ ਸਿੱਧਾਂਤ, ਅਨੁ:ਵਤਨੀ ਹਰਬੰਸ ਲਾਲ (ਪ੍ਰੋ.) ਪੰਨਾ:25
2. ਰਾਧਾ ਕ੍ਰਿਸ਼ਨ (ਡਾ.) ਉਪਨਿਸ਼ਦੋਂ ਕੀ ਭੂਮਿਕਾ( ਹਿੰਦੀ) ਅਨੁ:ਰਾਮ ਨਾਥ (ਡਾ) ਪੰਨਾ 109

ਜਿਸ ਵਿਚ ਤਪ, ਦਾਨ ਸਾਧੂਤਾ, ਅਹਿੰਸਾ ਅਤੇ ਸਚਾਈ ਪੁਰ ਜ਼ੋਰ ਦਿੱਤਾ ਗਿਆ ਹੈ।[1]

ਨੈਤਿਕ ਮਿਆਰ ਤੋਂ ਬਿਨਾਂ ਜੀਵਨ ਦਾ ਧਰਮ ਸ਼ੁਭ ਸਥਾਪਿਤ ਕਰਨਾ ਵੀ ਨੈਤਿਕਤਾ ਦੀ ਇਕ ਵੱਡੀ ਸਮੱਸਿਆ ਹੈ। ਇੱਥੇ ਸਾਰਾ ਜ਼ੋਰ ਮਨੁੱਖੀ ਜੀਵਨ ਦੀ ਅਗਵਾਈ ਉੱਪਰ ਹੈ। ਇਸ ਦਾ ਆਦਰਸ਼ ਜੀਵਨ-ਜਾਚ ਦੀ ਭਾਲ ਹੈ। ਪਰੰਤੂ ਮਨੁੱਖ ਲਈ ਸਰਬ- ਉੱਚ ਮਾਰਗ ਦਾ ਨਿਰਣਾ ਉਸ ਦੀ ਸਰਵ -ਉੱਚ ਭਲਾਈ ਨੂੰ ਸਾਹਮਣੇ ਰੱਖਣ ਨਾਲ ਕੀਤਾ ਜਾ ਸਕਦਾ ਹੈ। ਅਸਲ ਵਿਚ ਸਦਾਚਾਰਕ ਜੀਵਨ ਦੀ ਸੂਝ ਮਨੁੱਖ ਨੂੰ ਜ਼ਿੰਦਗੀ ਵਿਚੋਂ ਹੀ ਪ੍ਰਾਪਤ ਹੁੰਦੀ ਹੈ। ਮਨੁੱਖ ਦੀ ਨਿੱਜੀ ਉੱਤਮਤਾ ਅਤੇ ਕਦਰਾਂ ਕੀਮਤਾਂ ਦਾ ਵਿਕਾਸ ਸਦਾਚਾਰਕ ਜੀਵਨ ਦਾ ਇਕ ਵਿਸ਼ੇਸ਼ ਪੱਖ ਹੈ, ਜੋ ਸਮੂਹਕ ਜੀਵਨ ਦੀ ਸਾਂਝ ਅਤੇ ਮਿਲਵਰਤਣ ਉੱਤੇ ਨਿਰਭਰ ਹੈ।

ਸਦਾਚਾਰ ਦਾ ਮਾਰਗ ਸੁਚੇਤ ਕਰਮ ਅਤੇ ਸਵੈ ਭਰੋਸੇ ਦਾ ਮਾਰਗ ਹੈ। ਇਹ ਵਿਅਕਤੀ ਨੂੰ ਮਨੁੱਖੀ ਜੀਵਨ ਦੀਆਂ ਕਦਰਾਂ ਕੀਮਤਾਂ ਦੀ ਸੋਧ ਦਿੰਦਾ ਹੈ। ਅਤੇ ਉਸਨੂੰ ਸੁਆਰਥੀ ਹਿੱਤਾਂ ਤੋਂ ਉੱਪਰ ਉਠਾ ਕੇ ਮਨੁੱਖ ਦੇ ਸਰਬ ਸਾਂਝੇ ਲਾਭ ਹਿਤ ਜਤਨਸ਼ੀਲ ਹੋਣ ਲਈ ਪ੍ਰੇਰਦਾ ਹੈ। ਧਰਮ ਉਪਦੇਸ਼ ਅਤੇ ਨੈਤਿਕ ਸਿੱਖਿਆ ਦੋਵੇਂ ਮਨੁੱਖ ਦੇ ਵਿਅਕਤੀਗਤ ਅਤੇ ਸਮੂਹਕ ਜੀਵਨ ਨੂੰ ਵਧੇਰੇ ਸੁਚੱਜਾ, ਵਧੇਰੇ ਉੱਤਮ ਅਤੇ ਵਧੇਰੇ ਸਾਰਥਕ ਬਣਾਉਣ ਦੇ ਵਸੀਲੇ ਹਨ। ਧਰਮ ਨੂੰ ਆਪਣੇ ਮਨੋਰਥਾਂ ਦੀ ਪੂਰਤੀ ਲਈ ਸਦਾਚਾਰਕ ਸਾਧਨ ਅਪਨਾਉਣੇ ਪੈਂਦੇ ਹਨ। ਸੰਸਾਰ ਦਾ ਕੋਈ ਧਰਮ ਅਜਿਹਾ ਨਹੀਂ ਹੋਣਾ, ਜਿਸ ਵਿਚ ਅਧਿਆਤਮਿਕ ਜੀਵਨ ਦੇ ਵਿਕਾਸ ਹਿੱਤ ਨੈਤਿਕ ਨਿਯਮ ਦੀ ਪਾਬੰਦੀ ਜ਼ਰੂਰੀ ਨਾ ਹੋਵੇ ਸਿੱਖ ਮੱਤ ਵਿਚ ਤਾਂ ਰੂਹਾਨੀ ਅਤੇ ਸਦਾਚਾਰਕ ਪੱਖਾਂ ਦਾ ਸੁਜੋੜ ਹੈ।[2]

---

1. ਛਾਂਦੋਗਯ ਉਪਨਿਸ਼ਦ 3. 10

2. ਵਜ਼ੀਰ ਸਿੰਘ (ਡਾ.) <u>ਗੁਰਬਾਣੀ ਵਿਚ ਸਦਾਚਾਰਕ ਤੱਤ</u>, ਨਾਨਕ ਪ੍ਰਕਾਸ਼ ਪਤ੍ਰਿਕਾ ਸਤੰਬਰ, 1976, ਪੰਨਾ 33

## ਗੁਰੂ ਨਾਨਕ ਬਾਣੀ ਦੇ ਪ੍ਰਕਰਣ ਵਿਚ ਸਦਾਚਾਰ ਅਤੇ ਇਸਦੀ ਲੋੜ

ਗੁਰੂ ਨਾਨਕ ਦੀ ਨੈਤਿਕਤਾ ਦਾ ਸੁਭਾਅ ਧਰਤੀ ਧਰਮ ਸਾਲ ਹੈ ਅਤੇ ਗੁਰਮੁਖ ਜਾਂ ਸਚਿਆਰ ( ਪਰਮ -ਮਨੁੱਖ) ਦਾ ਨਿਰਮਾਣ ਹੀ ਗੁਰੂ ਨਾਨਕ ਦਾ ਆਦਰਸ਼ ਹੈ। ਇਹਨਾਂ ਦੋਹਾਂ ਸੰਕਲਪਾਂ ਵਿਰਕਾਰ ਫੈਲੀ ਗੁਰੂ ਨਾਨਕ ਦੀ ਆਚਾਰ ਨੀਤੀ ਦਾ ਸੁਭਾਅ ਅਧਿਆਤਮਿਕ ਹੈ। ਸਮਾਜਿਕ ਪੱਖ ਇਕ ਤਰ੍ਹਾਂ ਨਾਲ ਅਪ੍ਰਧਾਨ ਰਚਨਾ ਹੈ। ਬ੍ਰਹਮ -ਗਿਆਨੀ ਵਿਚ ਪਰਉਪਕਾਰ ਅਤੇ ਨੈਤਿਕ ਜੀਵਨ ਦਾ ਸੰਕਲਪ ਪਰਮੇਸ਼ਰ ਨਾਲ ਮਿਲਾਪ ਦੇ ਵਿਸਮਾਦੀ ਅਨੁਭਵ ਨਾਲ ਜੁੜਿਆ ਹੋਇਆ ਹੈ।[1]

ਗੁਰੂ ਨਾਨਕ ਦਾ ਨੈਤਿਕ ਚਿੰਤਨ ਉਸ ਦੇ ਧਾਰਮਿਕ ਅਨੁਭਵ ਤੋਂ ਜਨਮਿਆ ਹੈ ਅਤੇ ਇਸ ਦਾ ਜੀਵਨ ਮੁਕਤੀ ਦਾ ਸਿੱਧਾਂਤ ਇਸ ਨੂੰ ਜਗਤ ਨਾਲ ਜੋੜਦਾ ਹੈ। ਇਹੋ ਭਾਰਤੀ ਨੈਤਿਕਤਾ ਵਿਚ ਧਰਮ ਦਾ ਅਸਲ ਸੁਭਾਅ ਹੈ ਅਤੇ ਆਧਾਰ ਹੈ। ਜਿੱਥੇ ਵੇਦਾਂ ਦੇ 'ਕਲਪ ਸੂਤਰ' ਵਿਸਤ੍ਰਿਤ ਕਰਮ ਕਾਂਡ ਦਾ ਵਰਣਨ ਕਰਦੇ ਹਨ। ਉੱਥੇ ਧਰਮ ਸੂਤਰ, ਸਮੁੱਚੇ ਜੀਵਨ ਲਈ ਮਰਿਯਾਦਾ ਨਿਸ਼ਚਿਤ ਕਰਦੇ ਹਨ ਅਤੇ ਸਦਾਚਾਰਕ ਅਪਵਿੱਤਰਤਾ ਦੀ ਛੋਟ ਨਹੀਂ ਦਿੰਦੇ। ਧਰਮ ਦੇ ਸ਼ਬਦਾਰਥ ਹੀ ਬੰਨ੍ਹ ਕੇ ਰੱਖਣ ਵਾਲਾ, ਜੋੜ ਕੇ ਰਖਣ ਵਾਲਾ ਹਨ। ਇਸੇ ਤਰ੍ਹਾਂ 'ਰਿੱਤ' ਦਾ ਸੰਕਲਪ ਸਦਾਚਾਰ ਦੀ ਪਾਲਣਾ ਉੱਤੇ ਬਲ ਦਿੰਦਾ ਹੈ। ਧਰਮ ਸ਼ਬਦ ਸਿਰਫ਼ ਆਚਰਣਕ, ਸਦਾਚਾਰਕ ਸ਼ੁੱਧਤਾ ਲਈ ਵੀ ਵਰਤਿਆ ਗਿਆ ਹੈ, ਪਰੰਤੂ ਇਸ ਦਾ ਵਿਆਪਕ ਅਰਥ ਉਸ ਅਧਿਆਤਮਕ ਗੁਣ ਤੋਂ ਹੈ, ਜੋ ਲੋਕ ਪਰਲੋਕ ਦੋਹਾਂ ਵਿਚ ਜੀਵ ਦੇ ਕਲਿਆਣ ਦਾ ਕਾਰਨ ਬਣ ਸਕੇ।

ਗੁਰੂ ਨਾਨਕ ਸਾਹਿਬ ਵਿਅਕਤੀਗਤ ਅਤੇ ਸਮੂਹਕ ਮਰਿਯਾਦਾ ਲਈ ਧਰਮ ਨੂੰ ਆਧਾਰ ਮੰਨਦੇ ਹਨ। ਕਿਸੇ ਵੀ ਸਮਾਜ ਦੀ ਮਾਨਸਿਕਤਾ ਅਰੋਗਤ ਲਈ ਧਰਮ ਅਤੇ ਰਾਜਨੀਤੀ ਤੋਂ ਪਿੱਛੇ ਜ਼ਿੰਦਗੀ ਦੇ ਸਦਾਚਾਰਕ ਅਸੂਲ ਹੁੰਦੇ ਹਨ। ਜਿਹੜੇ ਸਮਾਜ ਦੀ ਨਿਭਾਪ੍ਰਤੀ ਜ਼ਿੰਦਗੀ ਲਈ ਲੋੜੀਂਦੇ ਸਮਝੇ ਜਾਂਦੇ ਹਨ। ਅਸਲ ਵਿਚ ਨੈਤਿਕਤਾ ਦੇ ਗੁਣ ਸਦਾਚਾਰਕ ਅਸੂਲ ਆਦਿ ਵਿਸ਼ੇ ਹੀ ਹਨ, ਜੋ ਸਮਾਜਕ ਸੱਚ, ਝੂਠ, ਪੁੰਨ, ਪਾਪ, ਨੇਕੀ

---

1. ਵਜ਼ੀਰ ਸਿੰਘ (ਡਾ.) ਗੁਰਬਾਣੀ ਵਿਚ ਸਦਾਚਾਰਕ ਤੱਤ, ਨਾਨਕ ਪ੍ਰਕਾਸ਼, ਪਤ੍ਰਿਕਾ, ਸਤੰਬਰ, 1976

ਬਦੀ ਆਦਿ ਦੇ ਵਿਚਾਰ ਅਤੇ ਨਿਰਣੇ ਕੇਵਲ ਸਮਾਜਿਕ ਜ਼ਿੰਦਗੀ ਦੀ ਹੀ ਦੇਣ ਹਨ।[1]

ਗੁਰੂ ਨਾਨਕ ਨੇ ਆਪਣੇ ਸਮੇਂ ਦੇ ਸਮਾਜਿਕ ਵਹਿਮਾਂ, ਧਾਰਮਿਕ ਕਰਮ ਕਾਂਡਾਂ ਗ੍ਰਸੇ ਧਰਮ ਦੀ ਨਿਖੇਧੀ ਕੀਤੀ। ਨਕਲੀ ਲੋਕਾਂ ਦੀ ਵਿਦਵਤਾ ਨੂੰ ਝੂਠਾ ਦਰਸਾਇਆ ਅਤੇ ਫੁਰਮਾਇਆ ਕਿ ਮੁਕਤੀ ਪਛਤਾਵਾ ਕਰਨ ਵਿਚ ਅਤੇ ਸੱਚੇ ਅਤੇ ਸੁੱਚੇ ਆਚਰਣ ਤੇ ਸਦਾਚਾਰ ਵਿਚ ਹੀ ਪ੍ਰਾਪਤ ਹੋ ਸਕਦੀ ਹੈ।

ਉਨ੍ਹਾਂ ਨੇ ਉਪਦੇਸ਼ ਦਾ ਮੂਲ ਆਧਾਰ ਸਦਾਚਾਰ ਹੈ। ਉਹ ਸੰਸਾਰ ਦੇ ਸਾਰੇ ਧੰਦਿਆਂ ਨੂੰ ਸੱਚ ਤੋਂ ਉਰੇ ਹੀ ਮੰਨਦੇ ਹਨ, ਪਰੰਤੂ ਸੱਚ ਤੋਂ ਵੀ ਉੱਪਰ ਉਹ ਆਚਾਰ ਦਾ ਸਥਾਨ ਨਿਸ਼ਚਿਤ ਕਰਦੇ ਹਨ:-

ਸਚਹੁ ਉਰੈ ਸਭੁ ਕੋ ਉਪਰਿ ਸਚੁ ਆਚਾਰੁ ॥

( ਆਦਿ ਗ੍ਰੰਥ, ਪੰਨਾ 60)

ਖੇਤੀ ਦੇ ਰੂਪਕ ਦੁਆਰਾ ਉਹ ਸਾਧਕ ਨੂੰ ਸਤਿ ਆਚਰਣ ਲਈ ਉਪਦੇਸ਼ ਦਿੰਦੇ ਕਹਿੰਦੇ ਹਨ ਕਿ ਇਸ ਸਰੀਰ ਨੂੰ ਧਰਤੀ ਅਤੇ ਸ਼ੁਭ ਕਰਮਾਂ ਨੂੰ ਬੀਜ ਬਣਾਇਆ ਜਾਵੇ, ਪਰਮਾਤਮਾ ਨੂੰ ਸਿੰਜਣ ਦਾ ਜਲ ਸਮਝਿਆ ਜਾਵੇ। ਮਨ ਹੀ ਕਿਸਾਨ ਹੋਵੇ ਅਤੇ ਹਰਿ ਰੂਪੀ ਫਸਲ ਨੂੰ ਹਿਰਦੇ ਵਿਚ ਜਮਾ ਲਿਆ ਜਾਵੇ। ਅਜਿਹਾ ਕਰਨ ਨਾਲ ਨਿਰਵਾਣ ਪਦ ਦੀ ਪ੍ਰਾਪਤੀ ਹੋ ਸਕਦੀ ਹੈ: ਜਿਵੇਂ:-

ਇਹੁ ਮਨੁ ਧਰਤੀ ਬੀਜੁ ਕਰਮਾ ਕਰੋ ਸਲਿਲ ਆਪਾਉ ਸਾਰਿੰਗਪਾਣੀ ॥
ਮਨੁ ਕਿਰਸਾਣੁ ਹਰਿ ਰਿਦੈ ਜੰਮਾਇ ਲੈ ਇਉ ਪਾਵਸਿ ਪਦੁ ਨਿਰਬਾਣੀ ॥

( ਆਦਿ ਗ੍ਰੰਥ, ਪੰਨਾ 58)

ਉਨ੍ਹਾਂ ਦਾ ਜੀਵਨ ਸਿੱਧਾਂਤ ਸਦਾਚਾਰਕ ਨੀਂਹ ਉੱਤੇ ਉਸਰਿਆ ਹੋਇਆ ਸੀ। ਗੁਰੂ ਨਾਨਕ ਨੇ ਜਿਸ ਧਰਮ ਦੀ ਸਿੱਖਿਆ ਦਿੱਤੀ, ਉਸ ਵਿਚ ਉੱਚੇ ਅਤੇ ਆਦਰਸ਼ਕ ਤੱਤ ਸਨ ਅਤੇ ਅਮਲੀ ਸਦਾਚਾਰਕ ਜੀਵਨ ਦੇ ਅਰਥ ਵੇਖੇ ਜਾ ਸਕਦੇ ਹਨ। ਉਨ੍ਹਾਂ ਦਾ ਪਰਚਾਰਿਆ ਸਦਾਚਾਰ ਇਹਨਾਂ ਕੀਮਤਾਂ ਦਾ ਇਕ ਜ਼ਾਬਤਾ ਨਹੀਂ, ਜਿਤਨਾ ਕਿ ਇਹ ਜੀਵਨ -ਜਾਚ ਹੈ।

---

1. Raju, P.T. The Concept of Man, P, 181

2. ਜੱਗੀ ਰਤਨ ਸਿੰਘ (ਡਾ.) ਗੁਰੂ ਨਾਨਕ ਵਿਚਾਰਧਾਰਾ, ਪੰਨਾ 455

ਉਨ੍ਹਾਂ ਦੀ ਬਾਣੀ ਦਾ ਪ੍ਰਧਾਨ ਰੂਪ ਦੈਵੀ ਅਨੁਭਵ ਦੀ ਪ੍ਰਾਪਤੀ ਦਾ ਗਾਡੀ ਰਾਹ ਪ੍ਰਸਤੁਤ ਕਰਨਾ ਹੈ। ਪਰੰਤੂ ਇਸ ਸਾਧਨ ਨੂੰ ਜੋ ਸਾਧਕ ਅਪਣਾਉਂਦੇ ਹਨ, ਉਨ੍ਹਾਂ ਵਿਚ ਸਦਾਚਾਰਕ ਕਰਮ ਦਾ ਅਭਿਆਸ ਬੜਾ ਜ਼ਰੂਰੀ ਹੈ। ਵਿਅਕਤੀ ਦੇ ਇਹ ਸਦਗੁਣ ਹੀ ਹਨ, ਜੋ ਵਿਅਕਤੀ ਨੂੰ ਸਮਾਜਿਕ ਅਤੇ ਸਭਿਆਚਾਰਕ ਪੱਖਾਂ ਤੋਂ ਵੀ ਉੱਤਮ ਜੀਵ ਬਣਨ ਵਿਚ ਸਹਾਇਤਾ ਕਰਦੇ ਹਨ। ਜਿੱਥੋਂ ਤਕ ਸਦਾਚਾਰ ਜੀਵਨ ਦਾ ਸੰਬੰਧ ਹੈ, ਗੁਰੂ ਜੀ ਨਿਸ਼ਕਾਮ ਕਰਮ ਨੂੰ ਮਹਾਨਤਾ ਦਿੰਦੇ ਹਨ। ਹਰ ਪ੍ਰਾਣੀ ਆਪਣੇ ਫਰਜ਼ ਨੂੰ ਪਛਾਣ ਕੇ ਬਿਨਾਂ ਕਿਸੇ ਸੁਆਰਥ ਦੇ ਨੇਕੀ ਦੇ ਕਰਮ ਨੂੰ ਪਹਿਲ ਦੇਵੇ। ਅਸਲੀ ਗੱਲ ਇਹ ਹੈ ਕਿ ਇਨ੍ਹਾਂ ਨੂੰ ਗ੍ਰਹਿਣ ਕੀਤੇ ਵਗੈਰ ਭਗਤੀ ਵੀ ਸੰਭਵ ਨਹੀਂ।

ਸਦਾਚਾਰਕ ਗੁਣ ਆਤਮਿਕ ਭਵਨ ਦਾ ਆਧਾਰ ਹਨ। ਜਦ ਤਕ ਸਦਾਚਾਰਕ ਗੁਣ ਪੈਦਾ ਨਾ ਕੀਤੇ ਜਾਣ, ਜਗਿਆਸੂ ਆਤਮਿਕ ਸੱਤਾ ਦੀ ਉੱਚੀ ਪੱਧਰ ਉੱਤੇ ਪਹੁੰਚ ਹੀ ਨਹੀਂ ਸਕਦਾ। ਕਰਮ, ਗਿਆਨ ਅਤੇ ਸ਼ਰਧਾ ਦੇ ਸੰਤੁਲਿਤ ਮੇਲ ਦੀ ਜ਼ਰੂਰਤ ਹੈ।[1]

ਸਦਾਚਾਰ ਦੇ ਪੱਖ ਤੋਂ ਉਨ੍ਹਾਂ ਨੇ ਸਦਾਚਾਰ ਅਤੇ ਧਰਮ ਨੂੰ ਵੱਖ ਵੱਖ ਪੇਸ਼ ਨਹੀਂ ਕੀਤਾ, ਸਗੋਂ ਇਕ ਦੂਜੇ ਉੱਪਰ ਆਸ਼ਰਿਤ ਦਰਸਾਏ ਹਨ। ਧਰਮ ਨੂੰ ਨਿਰੋਲ ਅਧਿਆਤਮਿਕਤਾ ਨਾਲ ਨਹੀਂ ਜੋੜਨਾ ਚਾਹੀਦਾ। ਧਰਮ ਅਸਲ ਵਿਚ ਮਾਨਵੀ ਕਰਤੱਵਾਂ ਦੀ ਸੋਝੀ ਦਾ ਗਿਆਨ ਹੋਣਾ ਹੈ ਅਤੇ ਇਕ ਸੋਝੀ ਸਮਾਜਕ ਗਿਆਨ ਦੁਆਰਾ ਹੁੰਦੀ ਹੈ। ਗੁਰੂ ਨਾਨਕ ਨੇ ਪਹਿਲੀ ਵਾਰ ਧਰਮ ਅਤੇ ਸਦਾਚਾਰ ਨੂੰ ਇਕ ਲੜੀ ਵਿਚ ਪਰੋ ਦਿੱਤਾ। ਉਨ੍ਹਾਂ ਨੇ ਆਚਰਣ ਦੀ ਸ਼ੁੱਧਤਾ ਉੱਤੇ ਵਿਸ਼ੇਸ਼ ਜ਼ੋਰ ਦਿੱਤਾ। ਉਨ੍ਹਾਂ ਨੇ ਆਚਾਰ ਦੁਆਰਾ ਪਹਿਲਾ ਮਨ ਭਾਂਡੇ ਨੂੰ ਸਾਫ਼ ਕਰਨ ਦੀ ਅਵਸ਼ਕਤਾ ਦੱਸੀ ਹੈ। ਗੰਦੇ ਭਾਂਡੇ ਵਿਚ ਕੋਈ ਵੀ ਪਾਈ ਵਸਤੂ ਖਰਾਬ ਹੋ ਜਾਂਦੀ ਹੈ:-

ਭਾਡਾ ਧੋਇ ਬੈਸਿ ਧੂਪੁ ਦੇਵਹੁ ਤਉ ਦੂਧੈ ਕਉ ਜਾਵਹੁ ॥

(ਆਦਿ ਗ੍ਰੰਥ, ਪੰਨਾ 728)

ਅਗੇ ਫੇਰ ਫੁਰਮਾਉਂਦੇ ਹਨ:

ਸੂਚੇ ਭਾਂਡੇ ਸਚੁ ਸਮਾਵੈ ਵਿਰਲੇ ਸੂਚਾਚਾਰੀ ॥

(ਆਦਿ ਗ੍ਰੰਥ, ਪੰਨਾ 597)

---

1. ਕੋਹਲੀ ਸ.ਸ.(ਡਾ.) ਗੁਰੂ ਨਾਨਕ ਜੀਵਨ, ਦਰਸ਼ ਅਤੇ ਕਾਵਿ ਕਲਾ, ਪੰਨਾ 65

ਗੁਰੂ ਨਾਨਕ ਸਾਹਿਬ ਜ਼ਿੰਦਗੀ ਦੀ ਸੰਪੂਰਨਤਾ ਲਈ ਭਗਤੀ ਅਤੇ ਸਦਾਚਾਰ ਦੋਹਾਂ ਨੂੰ ਜ਼ਰੂਰੀ ਅੰਗ ਕਰਾਰ ਦਿੰਦੇ ਹਨ। ਉਹ ਤਾਂ ਇੱਥੋਂ ਤਕ ਕਹਿੰਦੇ ਹਨ ਕਿ ਭਗਤੀ ਜਾਂ ਬੰਦਗੀ ਪੂਰਨ ਹੋ ਹੀ ਨਹੀਂ ਸਕਦੀ, ਜੇ ਕਰ ਸ੍ਰੇਸ਼ਟ ਗੁਣਾਂ ਨਾਲ ਸ਼ਿੰਗਾਰੀ ਨਾ ਹੋਵੇ। ਗੁਰੂ ਜੀ ਫੁਰਮਾਉਂਦੇ ਹਨ:-

ਸਭਿ ਗੁਣ ਤੇਰੇ ਮੈ ਨਾਹੀ ਕੋਇ॥
ਵਿਣੁ ਗੁਣ ਕੀਤੇ ਭਗਤਿ ਨ ਹੋਇ ॥

( ਆਦਿ ਗ੍ਰੰਥ, ਪੰਨਾ 2)

ਭਗਤੀ ਸਦਾਚਾਰ ਨੂੰ ਸ਼ਕਤੀ ਦਿੰਦੀ ਹੈ ਅਤੇ ਸਦਾਚਾਰ ਭਗਤੀ ਦਾ ਪਸਾਰ ਕਰਦਾ ਹੈ:-

ਸਾਚੀ ਬਾਣੀ ਸੂਚਾ ਹੋਇ ॥
ਗੁਣ ਤੇ ਨਾਮ ਪਰਾਪਤ ਹੋਇ ॥

( ਆਦਿ ਗ੍ਰੰਥ, ਪੰਨਾ 422)

ਉਨ੍ਹਾਂ ਦਾ ਜੀਵਨ ਫਲਸਫ਼ਾ ਹੀ ਇਹ ਸੀ ਕਿ ਸਦਾਚਾਰਕ ਨਿਯਮ ਦਾ ਪਾਲਣਾ ਕਰਨਾ ਹੀ ਸੱਚਾ ਮਾਰਗ ਹੈ ਅਤੇ ਇਹੀ ਮੁਕਤੀ ਦਾ ਪੰਥ -ਪ੍ਰਦਰਸ਼ਕ ਹੈ। ਵਹਿਮਾਂ ਅਤੇ ਭਰਮਾਂ ਤੋਂ ਆਪਣੀ ਬੁੱਧੀ ਨੂੰ ਬਚਾਇਆ ਜਾਵੇ। ਸੇਵਾ, ਨਿਮਰਤਾ ਅਤੇ ਖਿਮਾ ਆਦਿ ਗੁਣਾਂ ਨੂੰ ਅਪਣਾਇਆ ਜਾਵੇ, ਜਿਹੜੇ ਸਦਾਚਾਰ ਨੂੰ ਨਿਯਮਬੱਧ ਕਰਦੇ ਹਨ। ਇਸੇ ਕਰਕੇ ਉਨ੍ਹਾਂ ਨੇ ਕਰਮ ਕਾਂਡੀਆਂ ਨੂੰ ਜੋ ਸਦਾਚਾਰਕ ਗੁਣਾਂ ਤੋਂ ਵਿਹੂਣੇ ਸਨ, ਇਸ ਤਰ੍ਹਾਂ ਸੰਬੋਧਨ ਕੀਤਾ ਹੈ:-

ਸੁਣਿ ਪੰਡਿਤ ਕਰਮਾਕਾਰੀ ॥
ਜਿਤੁ ਕਰਮਿ ਸੁਖੁ ਊਪਜੈ ਭਾਈ
ਸੁ ਆਤਮ ਤਤੁ ਬੀਚਾਰੀ ॥

( ਆਦਿ ਗ੍ਰੰਥ, ਪੰਨਾ 664)

ਤੀਰਥਾਂ ਦੇ ਇਸ਼ਨਾਨ ਦਾਨ, ਪੁੰਨ ਅਤੇ ਦਯਾ ਆਦਿ ਕਰਮ ਜਾਂ ਗੁਣ ਕ ਮੰਨੇ ਜਾਂਦੇ ਹਨ। ਗੁਰੂ ਜੀ ਲਈ ਇਹ ਸਭ ਵਿਖਾਵਾ ਸਨ। ਇਸ ਕਰਕੇ ਉਹ ਫੁਰਮਾਉਂਦੇ ਹਨ:-

ਜਪੁ ਤਪੁ ਸੰਜਮ ਸਾਧੀਆਂ ਤੀਰਥਿ ਕੀਚੈ ਵਾਸੁ ॥
ਪੁੰਨ ਦਾਨ ਚੰਗਿਆਈਆਂ ਬਿਨ ਸਾਚੇ ਕਿਆ ਤਾਸੁ ॥

( ਆਦਿ ਗ੍ਰੰਥ, ਪੰਨਾ 450

ਉਨ੍ਹਾਂ ਨੇ ਪਦਾਰਥਾਂ ਦਾ ਉੱਕਾ ਹੀ ਤਿਆਗ ਕਰਨ ਦੀ ਗੱਲ ਆਖੀ ਹੈ, ਕਿਉਂਕਿ ਇਹ ਪਦਾਰਥ ਅਤੇ ਸੁਖ ਆਪਣੇ ਆਪ ਵਿਚ ਛਿਣ ਭੰਗਰਹਨ ਅਤੇ ਇਨ੍ਹਾਂ ਦੇ ਚੱਕਰ ਵਿਚ ਪੈ ਕੇ ਮਨੁੱਖ ਰੱਬ ਨੂੰ ਭੁਲ ਜਾਂਦਾ ਹੈ। ਇਸੇ ਲਈ ਗੁਰੂ ਜੀ ਫੁਰਮਾਉਂਦੇ ਹਨ:-

ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨਾ ਆਵੈ ਨਾਉ ॥

( ਆਦਿ ਗ੍ਰੰਥ, ਪੰਨਾ 140)

ਕਰਮਕਾਂਡੀ ਪਾਖੰਡੀ ਲੋਕਾਂ ਦੀ ਵਡਿਆਈ ਦਾ ਪਾਤਰ ਬਣਨ ਨੂੰ ਵੀ ਵਿਅਰਥ ਆਖਿਆ ਹੈ:-

ਮੂਰਖਿ ਅੰਧੈ ਪਤਿ ਗਵਾਈ ॥<br>
ਵਿਣੁ ਨਾਵੈ ਕਿਛੁ ਥਾਇ ਨ ਪਾਈ ॥

( ਆਦਿ ਗ੍ਰੰਥ, ਪੰਨਾ 467)

ਅਗੇ ਜਾ ਕੇ ਪਖੰਡਾਂ ਨੂੰ ਤਿਆਗਣ ਦਾਉਪਦੇਸ਼ ਦਿੱਤਾ ਹੈ:-

ਛੋਡੀਲੇ ਪਾਖੰਡਾ ॥<br>
ਨਾਮਿ ਲਈਐ ਜਾਹਿ ਤਰੰਦਾ ॥

( ਆਦਿ ਗ੍ਰੰਥ, ਪੰਨਾ 474)

ਉਨ੍ਹਾਂ ਅਨੁਸਾਰ ਸਤਿ, ਸੰਤੋਖ ਗਿਆਨ, ਦਇਆ, ਧਰਮ, ਖਿਮਾ, ਨਿਮਰਤਾ, ਪ੍ਰੇਮ, ਸੇਵਾ ਆਦਿ ਸਦਾਚਾਰਕ ਗੁਣ ਹਨ, ਜਿਨ੍ਹਾਂ ਨੂੰ ਅਪਣਾਏ ਵਗੈਰ ਪਰਮ-ਪਦ ਦੀ ਪ੍ਰਾਪਤੀ ਕਰਨਾ ਅਤੇ ਪਰਮ -ਮਨੁੱਖ ਬਣਨਾ ਮੁਸ਼ਕਲ ਹੈ।

ਗੁਰੂ ਨਾਨਕ ਨੇ ਆਪਣੀ ਧਰਮ ਸਾਧਨਾ ਵਿਚ ਸਦ -ਆਚਰਣ ਨੂੰ ਵਿਸ਼ੇਸ਼ ਸਥਾਨ ਦਿੱਤਾ ਹੈ। ਗੱਲ ਕੀ ਸਦਾਚਾਰਕ ਸਿੱਧਾਂਤ ਗੁਰੂ ਨਾਨਕ ਬਾਣੀ ਦਾ ਮਹੱਤਤਾ ਵਾਲਾ ਅਤੇ ਅਨਿਖੇੜਵਾਂ ਅੰਗ ਹਨ। ਨਿਰੋਲ ਸਦਾਚਾਰਕ ਦ੍ਰਿਸ਼ਟੀ ਤੋਂ ਗੁਰਬਾਣੀ ਵਿਚਲੇ ਸਦਾਚਾਰਕ ਤੱਤ ਇਸ ਦੀ ਗਿਆਨ -ਪ੍ਰੀਤ, ਮਾਨਵ-ਵਾਦੀ ਰੁਚੀ ਅਤੇ ਸਦਗੁਣਾਂ ਦੀ ਪ੍ਰੇਰਨਾ ਮਨੁੱਖ ਦੇ ਵਿਅਕਤੀਗਤ ਅਤੇ ਭਾਈਚਾਰਕ ਜੀਵਨ ਦੀ ਉੱਤਮਤਾ ਦਾ ਨਿੱਗਰ ਆਧਾਰ ਹਨ। ਸਦਾਚਾਰ ਕੇਵਲ ਆਤਮਿਕ ਕਲਿਆਣ ਦੀ ਕੁੰਜੀ ਹੀ ਨਹੀਂ, ਸ਼ੁਭ ਕਰਮਾਂ ਦੀ ਮਰਿਯਾਦਾ ਅਤੇ ਸਰਬੱਤ ਦੇ ਭਲੇ ਦੀ ਦ੍ਰਿਸ਼ਟੀ ਨਾਲ ਓਤਪੋਤ ਉਚੇਰੀ ਜੀਵਨ-ਜਾਚ ਵੀ ਹੈ।[1]

---

1. ਵਜ਼ੀਰ ਸਿੰਘ (ਡਾ.) ਗੁਰਬਾਣੀ ਵਿਚ ਸਦਾਚਾਰ ਤੱਤ, ਸਤੰਬਰ 1982, ਪੰਨਾ45

ਗੁਰੂ ਨਾਨਕ ਦੇ ਅਨੁਸਾਰ ਔਗੁਣ ਮਨੁੱਖ ਦੇ ਪੈਰਾਂ ਵਿਚ ਜ਼ੰਜ਼ੀਰਾਂ ਹਨ, ਜੋ ਚੰਗੇ ਆਚਰਣ ਨਾਲ ਹੀ ਕੱਟੀਆਂ ਜਾ ਸਕਦੀਆਂ ਹਨ :–

ਨਾਨਕ ਅਉਗਣ ਜੇਤੜੇ ਤੇਤੇ ਗਲੀ ਜੰਜੀਰ ॥
ਜੇ ਗੁਣ ਹੋਨਿ ਤ ਕਟੀਅਨਿ ਸੇ ਭਾਈ ਸੇ ਵੀਰ ॥

( ਆਦਿ ਗ੍ਰੰਥ, ਪੰਨਾ 595)

ਅੰਤ ਵਿਚ ਕਿਹਾ ਜਾ ਸਕਦਾ ਹੈ ਕਿ ਗੁਰੂ ਨਾਨਕ ਸਾਹਿਬ ਦੀ ਰਚਨਾ ਵਿਚ ਦ੍ਰਿੜ੍ਹਾਇਆ ਗਿਆ ਸਦਾਚਾਰ ਉਹ ਯੁਗਾਂ ਯੁਗੰਤਰਾਂ ਤਕ ਅਮਰ ਰਹੇਗਾ ।

****

## (ਅ) ਪ੍ਰਮੁੱਖ ਸਦਾਚਾਰਕ ਗੁਣ

### (ੳ) ਸਮਾਜਕ ਗੁਣ

ਮਨ, ਬਚਨ ਅਤੇ ਕਰਮ ਤਿੰਨ ਵਿਸ਼ੇਸ਼ ਅੰਗ ਹਨ, ਜਿਹੜੇ ਵਿਅਕਤੀ ਦੇ ਸਦਾਚਾਰ ਦੀ ਪੱਧਰ ਨਿਰਧਾਰਤ ਕਰਦੇ ਹਨ। ਜੋ ਵਿਚਾਰ ਮਨ ਵਿਚ ਆਉਂਦੇ ਹਨ, ਉਹ ਆਪਣੇ ਆਪ ਨੂੰ ਬਾਣੀ ਜਾਂ ਸਰੀਰਕ ਕ੍ਰਿਆਵਾਂ ਰਾਹੀਂ ਅਭਿਵਿਅਕਤ ਕਰਦੇ ਹਨ। ਇਸੇ ਲਈ ਸਦਾਚਾਰਕ ਪੱਧਰ ਦੀ ਵਿਚਾਰ ਇਨਸਾਨ ਦੇ ਕਰਮ, ਬਾਣੀ ਅਤੇ ਮਨ ਰਾਹੀਂ ਪ੍ਰਗਟਾਏ ਗਏ ਵਿਵਹਾਰ ਤੋਂ ਹੀ ਹੋ ਸਕਦੀ ਹੈ। ਮਨ, ਬਾਣੀ ਅਤੇ ਕਰਮ ਰਾਹੀਂ ਕਿਸੇ ਦਾ ਦਿਲ ਦੁਖਾਉਣਾ ਜਾਂ ਹਾਨੀ ਕਰਨੀ ਸਦਾਚਾਰਕ ਗੁਣਾਂ ਦੀ ਉਲੰਘਣਾ ਕਰਨੀ ਮੰਨੀ ਗਈ ਹੈ। ਸਭ ਤੋਂ ਪਹਿਲਾਂ ਅਸੀਂ ਮਨ ਨੂੰ ਲੈਂਦੇ ਹਾਂ।

ਮਨ: ਇਹ ਮਨੋਵਿਗਿਆਨ ਦਾ ਅਤੇ ਅਧਿਆਤਮ ਵਿਦਿਆ ਦਾ ਬਹੁਤ ਮਹੱਤਵਪੂਰਨ ਵਿਸ਼ਾ ਹੈ। ਮਨੋਵਿਗਿਆਨੀਆਂ ਨੇ ਇਸਨੂੰ ਇਕ ਕੁਦਰਤੀ ਬਿਰਤੀ ਦਸ ਕੇ ਇਸਦੇ ਲੱਛਣਾ ਨੂੰ ਬਹੁਤ ਵਿਸਥਾਰਪੂਰਵਕ ਵਰਨਨ ਕੀਤਾ ਹੈ ਅਤੇ ਮਨੁੱਖੀ ਸਰੀਰ ਦੀਆਂ ਬੀਮਾਰੀਆਂ ਦਾ ਵੱਡਾ ਕਾਰਨ ਮਨ ਨੂੰ ਹੀ ਮੰਨਿਆ ਹੈ। ਸਰੀਰ ਦੇ ਇਲਾਜ ਲਈ ਮਨ ਦਾ ਇਲਾਜ ਪਹਿਲਾ ਕਰਨਾ ਚਾਹੀਦਾ ਹੈ। ਮਨ ਦੀ ਮਜ਼ਬੂਤੀ ਨਾਲ ਹੀ ਸਰੀਰ ਦੀ ਮਜ਼ਬੂਤੀ ਹੋ ਸਕਦੀ ਹੈ। ਧਰਤੀ ਉੱਤੇ ਸਭ ਤੋਂ ਮਹਾਨ ਮਨੁੱਖ ਹੈ ਅਤੇ ਮਨੁੱਖ ਵਿਚ ਸਭ ਤੋਂ ਮਹਾਨ ਮਨ ਹੈ। ਆਤਮਾ ਨੂੰ ਮਨ ਦੁਆਰਾ ਹੀ ਜਾਣਿਆਂ ਜਾ ਸਕਦਾ ਹੈ। ਇਸੇ ਕਰਕੇ ਆਤਮਵਾਦੀਆਂ ਅਨੁਸਾਰ ਇਹ ਆਤਮਾ ਨੂੰ ਆਵਾਗਵਨ ਦੇ ਚੱਕਰ ਵਿਚ ਪਾ ਰੱਖਦਾ ਹੈ। ਜੇ ਇਹ ਕਾਬੂ ਵਿਚ ਰਹੇ, ਤਾਂ ਕਾਮਯਾਬੀ ਜਲਦੀ ਮਿਲਦੀ ਹੈ। ਇਹ ਦੇਹ ਰੂਪੀ ਕਾਰਖਾਨੇ ਵਿਚ ਇਕ ਕਲਰਕ ਹੈ, ਜਿਸ ਕੋਲ ਬਾਹਰ ਦਾ ਸਾਰਾ ਮਾਲ ਇੰਦਰੀਆਂ ਦੁਆਰਾ ਭੇਜਿਆ ਜਾਂਦਾ ਹੈ। ਇਹੋ ਕਲਰਕ ਮਾਲ ਦੀ ਜਾਂਚ ਕਰਦਾ ਹੈ। ਮਨ ਸਾਰੀਆਂ ਇੰਦਰੀਆਂ ਦਾ ਆਗੂ ਹੈ। ਮਨ ਦਾ ਸਹਿਯੋਗ ਨਾ ਹੋਵੇ, ਤਾਂ ਨਾ ਕੰਨ ਸੁਣਦੇ ਹਨ ਨਾ ਅੱਖਾਂ ਵੇਖਦੀਆਂ ਹਨ। ਮਨੁੱਖ ਮਨ ਨਾਲ ਹੀ ਵੇਖਦਾ ਹੈ ਅਤੇ ਮਨ ਨਾਲ ਹੀ ਸੁਣਦਾ, ਮਨ ਨਾਲ ਹੀ ਸਪਰਸ਼ ਕਰਦਾ ਹੈ।[1] ਗੀਤਾ, ਦਰਸ਼ਨ ਸ਼ਾਸਤਰਾਂ ਵਿਚ ਵੀ ਇਸ ਦੀ ਮਹਾਨਤਾ

---

1. ਬ੍ਰਿਹ ਦਾਰਸ਼ਨਿਕ ਉਪਨਿਸ਼ਦ 1-5-3

ਨੂੰ ਸਵੀਕਾਰ ਕੀਤਾ ਗਿਆ ਹੈ।

ਮਨ ਪ੍ਰਾਣੀਆਂ ਦੀ ਉਹ ਸ਼ਕਤੀ ਹੈ, ਜਿਸ ਦੁਆਰਾ ਉਨ੍ਹਾਂ ਨੂੰ ਵੇਦਨਾ, ਸੰਕਲਪ ਇੱਛਾ, ਦਵੈਸ਼, ਪ੍ਰਯਤਨ, ਬੋਧ ਅਤੇ ਵਿਚਾਰ ਆਦਿ ਦਾ ਅਨੁਭਵ ਹੁੰਦਾ ਹੈ। ਇਹ ਸੰਸਕ੍ਰਿਤ ਦਾ ਸ਼ਬਦ ਹੈ। ਸ਼ਬਦ ਵਿਉਤਪੱਤੀ ਅਨੁਸਾਰ ਜਿਸ ਦੁਆਰਾ ਮਨਨ ਕਰਨ ਦਾ ਕਾਰਜ ਸੰਪਾਦਿਤ ਹੋਵੇ, ਉਹ ਮਨ ਹੈ। ਇਹ ਮਨੁੱਖ ਦੇ ਸਰੀਰ ਦਾ ਬਹੁਤ ਸੂਖਮ ਅੰਸ਼ ਹੈ।[1] ਗੁਰੂ ਨਾਨਕ ਦੇਵ ਨੇ ਇਸ ਦੀ ਉਤਪੱਤੀ ਪੰਜ ਤੱਤਾਂ ਤੋਂ ਮੰਨੀ ਹੈ।[2] ਆਕਾਸ਼, ਪਵਣ, ਅਗਨੀ, ਜਲ ਤੇ ਪ੍ਰਿਥਵੀ। ਇਸ ਕਰਕੇ ਉਹ ਫੁਰਮਾਉਂਦੇ ਹਨ:-

ਇਹ ਮਨੁ ਪੰਚ ਤਤੁ ਤੇ ਜਨਮਾ ॥

(ਆਦਿ ਗ੍ਰੰਥ, ਪੰਨਾ 415)

ਇਹ ਮਨ ਦੁਨਿਆਵੀ ਜ਼ਿੰਦਗੀ ਦਾ ਧੁਰਾ ਹੈ। ਇਸ ਦਾ ਸੰਬੰਧ ਬੁੱਧੀ ਨਾਲ ਹੈ। ਸਿੱਖ ਦੀ ਨਿੱਤ ਦੀ ਅਰਦਾਸ ਵਿਚ ਬੁੱਧੀ ਨੂੰ ਉੱਚਾ ਅਤੇ ਮਨ ਨੂੰ ਨੀਵਾਂ ਰੱਖਣ ਤੇ ਜ਼ੋਰ ਦਿੱਤਾ ਹੈ। ਕਿਉਂਕਿ ਮਨ ਆਮ ਤੌਰ ਤੇ ਪਾਪਾਂ ਵਲ ਖਿਚਿਆ ਜਾਂਦਾ ਹੈ ਅਤੇ ਬੁੱਧੀ ਦੀ ਉਹ -ਸ਼ਕਤੀ ਪਾਪਾਂ ਨੂੰ ਮਨ ਮੰਡਲ ਵਿਚ ਵੜਨ ਤੋਂ ਰੋਕਦੀ ਹੈ। ਮਨ ਨੂੰ ਜੇ ਖੁਲ੍ਹਾ ਛਡ ਦਈਏ, ਤਾਂ ਇਹ ਤਬਾਹੀ ਮਚਾ ਸਕਦਾ ਹੈ ਅਤੇ ਜੇ ਇਸ ਨੂੰ ਕਾਬੂ ਵਿਚ ਰਖਿਆ ਜਾਵੇ, ਤਾਂ ਸਾਨੂੰ ਆਤਮਿਕ ਤੌਰ ਤੇ ਉੱਚਾ ਉਠਾ ਸਕਦਾ ਹੈ।

ਗੁਰੂ ਨਾਨਕ ਦੇਵ ਅਨੁਸਾਰ ਮਨ ਜੋਤਿ ਸਰੂਪ ਪ੍ਰਭੂ ਦਾ ਅੰਸ਼ ਦਸਿਆ ਗਿਆ ਹੈ। ਇਹੋ ਇਸ ਮਨ ਦਾ ਮੂਲ ਮਸਲਾ ਹੈ। ਇਹ ਮਨ ਮਾਇਆ ਦੇ ਮੋਹ ਵਿਚ ਭਟਕਦਾ ਫਿਰਦਾ ਹੈ। " ਮਨ ਹਾਥੀ, ਸਾਕਤ ( ਸ਼ਕਤੀਆਂ ਨੂੰ ਪੂਜਣ ਵਾਲਾ) ਅਤੇ ਪਾਗਲ ਹੈ। ਮਾਇਆ ਦੇ ਮੋਹ ਜੰਗਲ ਵਿਚ ਫਸਿਆ ਇਹ ਭਟਕਦਾ ਫਿਰਦਾ ਹੈ:-

ਮਨ ਮੈਗਲੁ ਸਾਕਤੁ ਦੇਵਾਨਾ ॥
ਬਨ ਖੰਡਿ ਮਾਇਆ ਮੋਹਿ ਹੈਰਾਨਾ ॥

(ਆਦਿ ਗ੍ਰੰਥ, ਪੰਨਾ 415)

---

1. ਜੱਗੀ ਰਤਨ ਸਿੰਘ (ਡਾ.) ਗੁਰੂ ਨਾਨਕ ਦੀ ਵਿਚਾਰਧਾਰਾ, ਪੰਨਾ 226
2. ਮਿਸ਼ਰ ਜਯਰਾਮ (ਡਾ.) ਸ੍ਰੀ ਗੁਰੂ ਗ੍ਰੰਥ ਦਰਸ਼ਨ (ਹਿੰਦੀ) ਪੰਨਾ 188

ਜੁਪਜੀ ਵਿਚ ਮਨ ਦੀ ਸ਼ਕਤੀ ਨੂੰ ਸੰਸਾਰ ਦੀ ਸਭ ਤੋਂ ਵੱਡੀ ਸ਼ਕਤੀ ਦਸਿਆ ਗਿਆ ਹੈ। ਜੋ ਵਿਅਕਤੀ ਇਸ ਨੂੰ ਜਿੱਤ ਸਕਦਾ ਹੈ, ਉਹ ਸਾਰੇ ਸੰਸਾਰ ਨੂੰ ਜਿੱਤ ਸਕਦਾ ਹੈ:-

ਮਨ ਜੀਤੈ ਜਗੁ ਜੀਤ ॥

(ਆਦਿ ਗ੍ਰੰਥ, ਪੰਨਾ 2)

ਕਿਉਂਕਿ ਇਹ ਮਨ ਚੰਚਲ ਹੈ। ਗੁਰੂ ਜੀ ਨੇ ਮਨ ਨੂੰ ਸਪਸ਼ਟ ਸ਼ਬਦਾਂ ਵਿਚ ਚੰਚਲ ਕਿਹਾ ਹੈ:-

ਮਨ ਚੰਚਲ ਬਿਧਿ ਨਾਹੀਂ ਜਾਣੈ ॥

(ਆਦਿ ਗ੍ਰੰਥ, ਪੰਨਾ 415)

ਇਸ ਕਰਕੇ ਇਸ ਮਨ ਨੂੰ ਮਾਰਨ ਉੱਪਰ ਅਤੇ ਕਾਬੂ ਕਰਨ ਉੱਪਰ ਬੜਾ ਜ਼ੋਰ ਦਿੱਤਾ ਹੈ। ਮਨ ਨੂੰ ਖੋਟੀਆਂ ਬਿਰਤੀਆਂ ਅਤੇ ਚੰਚਲਤਾ ਆਦਿ ਤੋਂ ਰੋਕ ਕੇ ਸਥਿਰ ਕਰਨਾ ਦਸਿਆ ਹੈ। 'ਹਉਮੈ ਨੂੰ ਦੂਰ ਕਰਨ ਨੂੰ "ਮਨ ਮਾਰਨਾ" ਅਤੇ ਮਨ ਨੂੰ ਵਸ ਕਰਨਾ ਆਦਿ ਸ਼ਬਦਾਂ ਦੁਆਰਾ ਬਿਆਨ ਕੀਤਾ ਗਿਆ ਹੈ।[1]

ਮਨ ਨੂੰ ਜਿਤਣ ਦੀ ਅਵਸਥਾ ਬੜੀ ਉਚੇਰੀ ਅਵਸਥਾ ਹੈ, ਜਿਸ ਨੂੰ ਜਪੁਜੀ ਵਿਚ ਕਰਮ ਖੰਡ ਆਖਿਆ ਹੈ ਅਤੇ ਜਿਸ ਅਵਸਥਾ ਵਿਚ ਜੋਧੇ ਅਤੇ ਬਲੀ ਰਹਿੰਦੇ ਹਨ :-

ਜੋਧ ਮਹਾਬਲ ਸੂਰ ॥

(ਆਦਿ ਗ੍ਰੰਥ, ਪੰਨਾ 3)

ਇਸ ਸਰੀਰ ਰੂਪੀ ਜੰਗਲ ਵਿਚ ਫਿਰ ਰਹੇ ਹਾਥੀ ਲਈ ਗੁਰੂ ਦਾ ਅੰਕਸ ਟਿਕਾਣੇ ਰਖਦਾ ਹੈ:-

ਮਨ ਕੈਚੁਰ ਕਾਇਆ ਉਦਿਆਨੈ ॥
ਗੁਰੂ ਅੰਕਸ ਸਚੁ ਸਬਦਿ ਨੀਸਾਨੈ ॥

(ਆਦਿ ਗ੍ਰੰਥ, ਪੰਨਾ 403)

ਮਨ ਨੂੰ ਮਾਰਨ ਦਾ ਵਿਚਾਰ ਜੋ ਗੁਰਬਾਣੀ ਵਿਚ ਹੈ, ਉਸ ਤੋਂ ਭਾਵ ਅਸੀਂ ਮਨ ਦੀਆਂ ਵਾਸ਼ਨਾਵਾਂ ਨੂੰ ਮਾਰਨ ਤੋਂ ਜਾਂ ਉਨ੍ਹਾਂ ਉੱਤੇ ਕਾਬੂ ਪਾਉਣ ਤੋਂ ਲੈਂਦੇ ਹਾਂ ।

---

1. ਜੋਧ ਸਿੰਘ (ਭਾਈ) ਗੁਰਮਤਿ ਨਿਰਣਯ, ਪੰਨਾ 86

ਗੁਰੂ ਜੀ ਮਨ ਨੂੰ ਸਮਝਾਉਂਦੇ ਹੋਏ ਚੰਗੇ ਕਰਮ ਕਰਨ ਅਤੇ ਬੁਰੇ ਕਰਮ ਤਿਆਗਣ ਲਈ ਪ੍ਰਾਣੀ ਮਾਤਰ ਨੂੰ ਪ੍ਰੇਰਨਾ ਦਿੰਦੇ। ਮਾੜੇ ਕਰਮਾਂ ਦੇ ਭੈੜੇ ਨਤੀਜੇ ਦਸ ਕੇ ਮਨ ਨੂੰ ਸੁਚੇਤ ਹੋਣ ਲਈ ਸਮਝਾਉਂਦੇ ਹਨ।

****

## 2. ਬਚਨ (ਬੋਲ ਬਾਣੀ)

ਜਿਹੜਾ ਮਨੁੱਖ ਮਿੱਠੇ ਬਚਨ ਬੋਲਦਾ ਹੈ, ਉਸਨੂੰ ਸਭ ਚੰਗਾ ਸਮਝਦੇ ਹਨ। ਇਹ ਪੱਥਰ ਦਿਲ ਨੂੰ ਮੋਮ ਬਣਾ ਦਿੰਦੇ ਹਨ। ਦੁਸ਼ਮਣੀ ਨੂੰ ਮਿੱਤਰਤਾ ਵਿਚ ਬਦਲ ਦਿੰਦੇ ਹਨ। ਅਸਲ ਵਿਚ ਮਿੱਠੇ ਬਚਨ ਸਦਾਚਾਰਕ ਗੁਣਾਂ ਵਿਚ ਮਨੁੱਖ ਲਈ ਸਭ ਤੋਂ ਜ਼ਰੂਰੀ ਗੁਣ ਹੈ। ਨੇਕ ਪੁਰਸ਼ਾਂ ਦੀ ਸੰਗਤ ਵਿਚ ਹੀ ਇਨ੍ਹਾਂ ਦੀ ਪ੍ਰਾਪਤੀ ਹੁੰਦੀ ਹੈ। ਮਿੱਠੇ ਬਚਨਾਂ ਦੁਆਰਾ ਅਸੀਂ ਕਿਸੇ ਦਾ ਵੀ ਦਿਲ ਜਿੱਤ ਸਕਦੇ ਹਾਂ। ਹਰ ਵਸਤੂ ਦੀ ਪ੍ਰਾਪਤੀ ਸੌਖੀ ਅਤੇ ਸੰਭਵ ਹੈ। ਇਸੇ ਕਰਕੇ ਗੁਰੂ ਜੀ ਮਿੱਠੇ ਬਚਨਾਂ, ਗੁਣਾਂ ਅਤੇ ਚੰਗਿਆਈਆਂ ਦਾ ਨਿਚੋੜ ਦਸਦੇ ਹਨ:-

ਮਿਠਤ ਨੀਵੀ ਨਾਨਕਾ॥ ਗੁਣ ਚੰਗਿਆਈਆਂ ਤਤੁ ॥

(ਆਦਿ ਗ੍ਰੰਥ, ਪੰਨਾ 470)

ਅਗੇ ਜਾ ਕੇ ਫਿਰ ਸਿੱਖਿਆ ਦਿੰਦੇ ਹਨ ਕਿ ਸਦਗੁਣਾਂ ਦੇ ਧਾਰਨ ਵਾਲੇ ਸਦਾਚਾਰਕ ਵਿਅਕਤੀ ਨੂੰ ਜਿੱਥੇ ਵੀ ਬੈਠਣ ਦਾ ਮੌਕਾ ਮਿਲੇ, ਉੱਥੇ ਮਿੱਠੇ ਬੋਲ ਹੀ ਮੁਖ ਤੋਂ ਉਚਾਰੇ ਜਾਣ। ਕਿਸੇ ਨੂੰ ਵੀ ਬੁਰਾ ਭਲਾ ਨਾ ਕਿਹਾ ਜਾਵੇ, ਸਗੋਂ ਸਭ ਨੂੰ ਭਲਾ ਹੀ ਕਿਹਾ ਜਾਵੇ:-

ਜਿਥੈ ਜਾਇ ਬਹੀਐ ਭਲਾ ਕਹੀਐ ॥

(ਆਦਿ ਗ੍ਰੰਥ, ਪੰਨਾ 566)

ਬੋਲੀ ਅਜਿਹੀ ਹੋਣੀ ਚਾਹੀਦੀ ਹੈ, ਜਿਸ ਦੇ ਬੋਲਣ ਨਾਲ ਮਾਣ ਇੱਜ਼ਤ ਪ੍ਰਾਪਤ ਹੋਵੇ:-

ਜਿਤੁ ਬੋਲਿਐ ਪਤਿ ਪਾਈਐ
ਸੋ ਬੋਲਿਆ ਪਰਵਾਣੁ ॥

(ਆਦਿ ਗ੍ਰੰਥ, ਪੰਨਾ 15)

ਗੁਰੂ ਜੀ ਨੇ ਮੰਦਾ ਬੋਲਣ ਦੀ ਕਈ ਢੰਗਾਂ ਨਾਲ ਨਿਖੇਧੀ ਕੀਤੀ ਹੈ। ਕਿਤੇ ਇਸਨੂੰ ਝੂਠ ਕਿਹਾ ਹੈ ਅਤੇ ਕਿਤੇ ਬੁਰਾ ਭਲਾ ਕਹਿਣਾ ਕਿਹਾ ਹੈ। ਫਿੱਕਾ ਬੋਲਣਾ ਅਜਿਹਾ ਹੈ, ਜੋ ਮਿੱਤਰਾਂ ਅਤੇ ਸਾਕ ਸੰਬੰਧੀਆਂ ਵਿਚ ਵੀ ਦੁਫੇੜ ਪਾ ਦਿੰਦਾ ਹੈ। ਫਿੱਕਾ ਬੋਲਣ ਨਾਲ ਤਨ ਅਤੇ ਮਨ ਦੋਵੇਂ ਫਿੱਕੇ ਭਾਵ ਬੇ-ਸੁਆਦ ਹੋ ਜਾਂਦੇ ਹਨ।

ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ ॥

(ਆਦਿ ਗ੍ਰੰਥ, ਪੰਨਾ 473)

ਇਕ ਸੱਚਾ ਸਿੱਖ ਕਿਸੇ ਨੂੰ ਵੀ ਮੰਦਾ ਨਹੀਂ ਆਖਦਾ, ਕਿਉਂਕਿ ਮੰਦਾ ਬੋਲਣਾ ਉਸ ਦੇ ਸਦਾਚਾਰਕ ਅਸੂਲਾਂ ਤੋਂ ਉਲਟ ਹੈ। ਜਿਹੜਾ ਮਨੁੱਖ ਕਿਸੇ ਨੂੰ ਬੁਰਾ ਭਲਾ ਕਹਿੰਦਾ ਹੈ, ਉਹ ਦੂਸਰੇ ਦਾ ਮਨ ਤਾਂ ਦੁਖੀ ਕਰਦਾ ਹੀ ਹੈ, ਸਗੋਂ ਆਪਣਾ ਮਨ ਵੀ ਦੁਖੀ ਕਰਦਾ ਹੈ। ਇਸ ਕਰਕੇ ਕਦੀ ਵੀ ਕਿਸੇ ਨੂੰ ਭੈੜੇ ਸ਼ਬਦ ਕਹਿ ਕੇ ਝਗੜਾ ਮੁੱਲ ਨਹੀਂ ਲੈਣਾ ਚਾਹੀਦਾ। ਗੁਰੂ ਜੀ ਫ਼ੁਰਮਾਉਂਦੇ ਹਨ:-

ਮੰਦਾ ਕਿਸੇ ਨਾ ਆਖੀਐ ॥
ਪੜ੍ਹਿ ਅਖਰ ਏਹੋ ਬੁਝੀਐ ॥

(ਆਦਿ ਗ੍ਰੰਥ ਪੰਨਾ 473)

ਸਗੋਂ ਮਿੱਠੇ ਬੋਲ ਬੋਲਣ ਚਾਹੀਦੇ ਹਨ। ਕਿਉਂਕਿ ਮਿੱਠਾ ਬੋਲਣ ਨਾਲ ਦੋਸਤੀ ਪੱਕੀ ਹੁੰਦੀ ਹੈ। ਗੁਰੂ ਜੀ ਫ਼ੁਰਮਾਉਂਦੇ ਹਨ:-

ਗੰਢੁ ਪ੍ਰੀਤੀ ਮਿਠੇ ਬੋਲ ॥

(ਆਦਿ ਗ੍ਰੰਥ, ਪੰਨਾ 143)

****

## (3) ਕਰਮ

ਕਰਮ ਤੋਂ ਭਾਵ ਜੀਵਨ ਦੀ ਹਰਕਤ ਹੈ। ਕਰਮ ਸੰਸਕ੍ਰਿਤ ਦੇ 'ਕ੍ਰਿ' ਤੋਂ ਬਣਿਆ ਹੈ, ਜਿਸ ਦਾ ਭਾਵ ਹੈ,ਕਰਨਾ। ਅਸਲ ਵਿਚ ਕਰਮ ਦੇ ਅਰਥ ਕਰਨ, ਕ੍ਰਿਆ, ਧੰਧਾ, ਹਿਲਜੁਲ ਅਤੇ ਹਰਕਤ ਆਦਿ ਹੁੰਦੇ ਹਨ। ਇਸ ਸੰਸਾਰ ਵਿਚ ਹਰ ਛਿਣ ਕੋਈ ਨਾ ਕੋਈ ਹਿਲਜੁਲ ਹੁੰਦੀ ਹੈ। ਸਾਰੇ ਪ੍ਰਾਣੀ ਇਸ ਕਰਮ ਚੱਕਰ ਵਿਚ ਰੁੱਝੇ ਹੋਏ ਹਨ। ਇਸ ਲਈ ਸੰਸਾਰ ਅਤੇ ਜੀਵਨ ਵਿਚ ਕਰਮ ਦਾ ਸਥਾਨ ਕਰੱਤਵ ਹੈ। ਸਾਰੀ ਦੁਨੀਆਂ ਅਨਾਦੀ ਕਾਲ ਤੋਂ ਕਰਮ ਚੱਕਰ ਵਿਚ ਤੁਰੀ ਆ ਰਹੀ ਹੈ। ਜਿਸ ਦਿਨ ਇਹ ਚੱਕਰ ਖਤਮ ਹੋ ਜਾਵੇਗਾ। ਸੰਸਾਰ ਉੱਥੇ ਹੀ ਖੜ੍ਹਾ ਹੋ ਜਾਵੇਗਾ। ਅਸਲ ਵਿਚ ਸਾਡੇ ਕਰਮ ਸਾਡੇ ਜੀਵਨ ਅਤੇ ਦਰਸ਼ਨ ਦਾ ਇਕ ਮਹੱਤਵਪੂਰਨ ਅੰਗ ਹਨ। ਅਸੀਂ ਕਰਮ ਕਰੇ ਬਗੈਰ ਇਕ ਪਲ ਵੀ ਨਹੀਂ ਰਹਿ ਸਕਦੇ। ਕਰਮ ਕਰਨਾ ਸਾਡਾ ਕੁਦਰਤੀ ਸੁਭਾ ਹੈ। ਕਰਮ ਦਾ ਸੰਬੰਧ ਮਨੁੱਖ ਨਾਲ ਇਸ ਲੋਕ ਵਿਚ ਹੀ ਨਹੀਂ, ਸਗੋਂ ਮਰਨ ਪਿਛੋਂ ਮਨੁੱਖ ਨਾਲ ਉਸਦੇ ਕਰਮ ਵੀ ਜਾਂਦੇ ਹਨ।

ਕਰਮਵਾਦ ਜਾਂ ਕਰਮ ਸਿੱਧਾਂਤ ਇਕ ਹੀ ਗੱਲ ਹੈ। ਕਰਮ ਕਰਨਾ ਅਤੇ ਉਸ ਦੇ ਫਲ ਵਿਚ ਯਕੀਨ ਰਖਣਾ ਹੀ ਕਰਮਵਾਦ ਹੈ। ਚੰਗੇ ਕਰਮ ਕਰਨ ਨਾਲ ਪੁੰਨ ਹੁੰਦਾ ਹੈ ਅਤੇ ਉਸ ਤੋਂ ਸੁਖ ਸ਼ਾਂਤੀ ਪ੍ਰਾਪਤ ਹੁੰਦੀ ਹੈ। ਮੰਦੇ ਕਰਮ ਕਰਨ ਨਾਲ ਪਾਪ ਹੁੰਦਾ ਹੈ ਅਤੇਦੁਖ ਦੀ ਪ੍ਰਾਪਤੀ ਹੁੰਦੀ ਹੈ। ਇਸ ਜਨਮ ਤੋਂ ਪਿਛੋਂ ਅਤੇ ਪਹਿਲਾਂ ਵੀ ਜੀਵ ਦੀ ਹਸਤੀ ਨਸ਼ਟ ਨਹੀਂ ਹੁੰਦੀ ਅਤੇ ਇਹ ਕਾਇਮ ਰਹਿੰਦੀ ਹੈ। ਜੀਵ ਨੂੰ ਪਹਿਲਿਆਂ ਜਨਮਾਂ ਵਿਚ ਕੀਤੇ ਕਰਮਾਂ ਦਾ ਫਲ ਭੁਗਤਣ ਲਈ ਸੰਸਾਰ ਵਿਚ ਆਉਣਾ ਪੈਂਦਾ ਹੈ।[1] ਇਹ ਕਰਮ ਦੀ ਗਤੀ ਹੈ, ਜੋ ਜੀਵ ਨੂੰ ਜਨਮ ਮਰਨ ਦੇ ਚੱਕਰ ਵਿਚ ਪਾ ਰਖਦੀ ਹੈ। ਕਰਮਸ਼ੀਲਤਾ ਗੁਰੂ ਨਾਨਕ ਦੇ ਫਲਸਫੇ ਦੀ ਮੁਖ ਧੁਨੀ ਅਤੇ ਉਨ੍ਹਾਂ ਦੇ ਆਚਾਰ ਪੱਖੀ ਦੀ ਬੁਨਿਆਦ ਹੈ।

ਕਰਮ ਗੀਤਾ ਦਾ ਪ੍ਰਮੁੱਖ ਵਿਸ਼ਾ ਹੈ, ਜੋ ਪ੍ਰਾਪਤੀ ਦਾ ਸਾਧਨ ਹੈ। ਕ੍ਰਿਸ਼ਨ ਜੀ ਅਰਜਨ ਨੂੰ ਕਹਿੰਦੇ ਹਨ ਕਿ ਜੇ ਤੂੰ ਇਕਾਗਰਤਾ ( ਰਾਜ ਯੋਗ ਸਾਧਨ) ਨਹੀਂ ਕਰ ਸਕਦਾ, ਤਾਂ ਅਭਿਆਸ ਕਰ, ਪਰੰਤੂ ਜੇ ਤੂੰ ਅਭਿਆਸ ਦੁਆਰਾ ਵੀ ਪ੍ਰਾਪਤ ਨਹੀਂ ਕਰ

---

1. ਉਮੇਸ਼ ਮਿਸ਼ਰ, (ਡਾ.) ਭਾਰਤੀਯ ਦਰਸ਼ਨ,(ਹਿੰਦੀ), ਪੰਨਾ 39

ਨਹੀਂ ਕਰ ਸਕਦਾ, ਤਾਂ ਮੇਰੇ ਲਈ ਕਰਮ ਕਰਕੇ ਸਿੱਧੀ ਪ੍ਰਾਪਤ ਕਰ ਸਕਦਾ ਹੈ।[1] ਕਰਮ ਤਿੰਨ ਪ੍ਰਕਾਰ ਦੇ ਵੰਡੇ ਹਨ। ਗੀਤਾ ਵਿਚ ਸਾਤਵਿਕ, ਰਾਜਸਕ ਅਤੇ ਤਾਮਸਕ ਕਰਮਾਂ ਦਾ ਵਰਣਨ ਹੈ। ਕਰਮ ਤਿੰਨ ਪ੍ਰਕਾਰ ਦੇ ਹਨ ।[2] (ੳ) ਸੰਚਿਤ: ਉਹ ਕਰਮ ਜੋ ਜਨਮਾਂ ਤੋਂ ਬਾਕੀ ਚਲੇ ਕਰਮ ਆਉਂਦੇ ਹਨ, ਜਿਨ੍ਹਾਂ ਦਾ ਭੋਗ ਅਜੇ ਨਹੀਂ ਭੋਗਿਆ। (ਅ) ਬਾਕੀ ਪ੍ਰਾਰਬਧ ਕਰਮ: ਉਹ ਕਰਮ ਜਿਨ੍ਹਾਂ ਅਨੁਸਾਰ ਇਹ ਵਰਤਮਾਨ ਦੇਹ ਪ੍ਰਾਪਤ ਹੋਈ ਹੈ। (ੲ) ਕ੍ਰਿਆਮਾਣ: ਜੋ ਹੁਣ ਕੀਤੇ ਜਾ ਰਹੇ ਹਨ। ਪ੍ਰਾਰਬਧ ਕਰਮਾਂ ਅਨੁਸਾਰ ਸਾਨੂੰ ਅਵੱਸ਼ ਫਲ ਭੁਗਤਣਾ ਪੈਣਾ। ਗੁਰੂ ਜੀ ਵੀ ਲਿਖਦੇ ਹਨ:-

ਨਾਨਕ ਪਇਐ ਕਿਰਤ ਕਮਾਵਣਾ
ਕੋਇ ਨ ਮੇਟਣ ਹਾਰਾ ॥

(ਆਦਿ ਗ੍ਰੰਥ, ਪੰਨਾ 791)

ਗੀਤਾ ਇਸੇ ਸੰਸਾਰ ਨੂੰ ਕਰਮ ਖੇਤਰ ਦਸਦੀ ਹੈ ਜੈਸਾ ਕੋਈ ਕਰਮ ਕਰਦਾ ਹੈ, ਵੈਸਾ ਹੀ ਫਲ ਪ੍ਰਾਪਤ ਹੁੰਦਾ ਹੈ। ਇਹ ਸਦਾਚਾਰਕ ਸੰਸਾਰ ਵਿਚ ਬੜੀ ਮਹਾਨਤਾ ਰਖਦਾ ਹੈ। ਜਦੋਂ ਅਸੀਂ ਭੈੜੇ ਕਰਮ ਕਰਦੇ ਹਾਂ ਤਾਂ ਸਦਾਚਾਰਕ ਸੁਭਾਅ ਫਟੜ ਹੁੰਦਾ ਹੈ। ਜੇ ਅਸੀਂ ਸਿਹਤ ਦੇ ਨਿਯਮ ਦੀ ਪ੍ਰਵਾਹ ਨਹੀਂ ਕਰਦੇ ਤਾਂ ਸਾਡੀ ਸਿਹਤ ਖਰਾਬ ਹੋ ਜਾਂਦੀ ਹੈ, ਜੇ ਅਸੀਂ ਸਦਾਚਾਰਕ ਨਿਯਮਾਂ ਦੀ ਪ੍ਰਵਾਹ ਨਹੀਂ ਕਰਦੇ ਤਾਂ ਅਸੀਂ ਆਪਣਾ ਉਚੇਰਾ ਜੀਵਨ ਨਾਸ਼ ਕਰ ਲੈਂਦੇ ਹਾਂ। ਸਦਾਚਾਰਕ ਨੂੰ ਦਲਣ ਲਈ ਕਰਮ -ਸਿਧਾਂਤ ਦੀ ਅਵਸ਼ਕਤਾ ਹੈ।[3] ਮਨੁੱਖ ਨੂੰ ਕਰਮਾ ਦੁਆਰਾ ਹੀ ਇਹ ਸਰੀਰ ਪ੍ਰਾਪਤ ਹੁੰਦਾ ਹੈ। ਅਤੇ ਇਸੇ ਸਰੀਰ ਦੁਆਰਾ ਹੀ ਕਰਮ ਕਰਕੇ ਸਿੱਧੀ ਪ੍ਰਾਪਤ ਹੁੰਦੀ ਹੈ। ਚੰਗੇ ਕਰਮ ਕਰਕੇ ਮਨੁੱਖ ਜੂਨੀ ਮਿਲਦੀ ਹੈ ਅਤੇ ਭੈੜੇ ਕਰਮ ਕਰਨ ਨਾਲ ਭੂਤ, ਪ੍ਰੇਤ ਦੀ ਜੂਨੀ ਮਿਲਦੀ ਹੈ। " ਪ੍ਰਾਣੀ ਚੰਗੇ ਕਰਮਾਂ ਨਾਲ ਚੰਗਾ ਬਣ ਜਾਂਦਾ ਹੈ ਅਤੇ ਮੰਦੇ ਨਾਲ ਮੰਦਾ। ਕੁਝ ਕਹਿੰਦੇ ਹਨ ਕਿ ਜਿਵੇਂ ਮਨੁੱਖ ਦੀ ਇੱਛਾ ਹੁੰਦੀ ਹੈ, ਉਸੇ ਤਰ੍ਹਾਂ ਉਸ ਦਾ ਇਰਾਦਾ, ਜਿਵੇਂ ਉਸ ਦਾ ਇਰਾਦਾ

---

1. ਗੀਤਾ, 9- 10
2. ਕਾਨ੍ਹ ਸਿੰਘ ਨਾਭਾ (ਭਾਈ) ਮਹਾਨ ਕੋਸ਼ ਪੰਨਾ 285
3. Radha Krishanan, The Principle of Upnishadas , P; 114

ਹੁੰਦਾ ਹੈ। ਉਸੇ ਤਰ੍ਹਾਂ ਉਹ ਕੰਮ ਕਰਦਾ ਹੈ, ਅਤੇ ਉਹੋ ਜਿਹਾ ਫਲ ਮਿਲਦਾ ਹੈ।[1]

ਕਰਮ ਅਨੁਸਾਰ ਹੀ ਇਹ ਜਗਤ ਮਿਲਦਾ ਹੈ। ਉਪਨਿਸ਼ਦਾਂ ਨੇ ਦੋ ਮਾਰਗ ਦੱਸੇ ਹਨ, ਜਿਨ੍ਹਾਂ ਰਾਹੀਂ ਜਾ ਕੇ ਆਤਮਾ ਕਰਮ ਫਲ ਭੋਗਦੀ ਹੈ। ਇਕ ਹੈ ਦੇਵਯਾਨ ਜੋ ਚਾਨਣ ਦਾ ਮਾਰਗ ਹੈ ਅਤੇ ਦੂਜਾ ਪ੍ਰਿਤਯਾਨ ਜਿਸਨੂੰ ਧੂਮ -ਮਾਰਗ ਆਖਿਆ ਗਿਆ ਹੈ।[2] ਆਤਮਾ ਚੰਗੇਰੇ ਕਰਮਾਂ ਦਾ ਫਲ ਸਵਰਗ ਵਿਚ ਭੋਗਦੀ ਹੈ ਅਤੇ ਫੇਰ ਇਸ ਜਗਤ ਵਿਚ ਵਾਪਸਿ ਆਉਂਦੀ ਹੈ।[3] ਪਰੰਤੂ ਗੀਤਾ ਦਾ ਸਮੁੱਚਾ ਕਰਮ ਸਿੱਧਾਂਤ ਫਲ ਦੀ ਇੱਛਾ ਉੱਤੇ ਵਿਸ਼ਵਾਸ ਨਹੀਂ ਰਖਦੀ। ਗੁਰੂ ਨਾਨਕ ਨੇ ਕਰਮ ਕਾਂਡੀ ਕਰਮਾਂ ਨੂੰ ਸਵੀਕਾਰ ਨਹੀਂ ਕੀਤਾ। ਆਪ ਲਿਖਦੇ ਹਨ ਕਿ ਹੋਮ, ਯਗ, ਪੁੰਨ, ਤਪ, ਪੂਜਾ ਇਨ੍ਹਾਂ ਨਾਲ ਦੇਹ ਨੂੰ ਦੁਖੀ ਕੀਤਾ ਜਾਂਦਾ ਹੈ। ਪੁਸਤਕ, ਪਾਠਕ, ਵਿਆਕਰਣ ਦਾ ਵਿਧੀਚਾਰ, ਸੰਧਿਆ, ਕਰਮ ਵਿਚ ਪ੍ਰਾਣੀ ਉਲਝ ਜਾਂਦਾ ਹੈ, ਪਰੰਤੂ ਇਨ੍ਹਾਂ ਦੁਆਰਾ ਸ਼ਕਤੀ ਪ੍ਰਾਪਤ ਨਹੀਂ ਹੁੰਦੀ :-

ਜਗਨ ਹੋਮ ਪੁੰਨ ਤਪ ਪੂਜਾ ਦੇਹ ਦੁਖ ਨਿਤ ਦੁਖ ਸਹੈ ॥

( ਆਦਿ ਗ੍ਰੰਥ, ਪੰਨਾ 1127)

ਇਕ ਹੋਰ ਥਾਂ ਗੁਰੂ ਨਾਨਕ ਦਾ ਵਿਚਾਰ ਅੰਕਿਤ ਹੈ ਕਿ ਧੰਦਿਆਂ ਅਰਥਾਤ ਕਰਮ ਕਾਂਡਾ ਨੂੰ ਕਰਨ ਨਾਲ ਮਨ ਦਾ ਭਰਮ ਨਹੀਂ ਮਿਲਦਾ :-

ਧੰਧਾ ਕਰਮ ਸਗਲੀ ਪਤਿ ਖੋਵਸਿ
ਭਰਮੁ ਨ ਮਿਟਸਿ ॥

( ਆਦਿ ਗ੍ਰੰਥ, ਪੰਨਾ 1127)

ਇਸੇ ਵਿਚਾਰਧਾਰਾ ਦੇ ਅਧੀਨ ਆਪਨੇ ਜੋਗੀਆਂ ਦੇ ਖਿੰਥਾ, ਡੰਡਾ, ਭਸਮਾਂ, ਮੁੰਦਰਾਂ ਅਤੇ ਸਿੰਗੀ ਆਦਿ ਦਾ ਖੰਡਨ ਕੀਤਾ ਹੈ:-

ਜੋਗ ਨਾ ਖਿੰਥਾ ਜੋਗ ਨ ਡੰਡੈ
ਜੋਗ ਨਾ ਭਸਮ ਚੜਾਈ ॥

( ਆਦਿ ਗ੍ਰੰਥ, ਪੰਨਾ 730)

---

1. ਬ੍ਰਹਦ ਉਪਨਿਸ਼ਦ, 3, 2, 3, 4.5
2. Radha Krishnanan, Indian Philosophy, Page :257
3. ਗੀਤਾ, 9.2

ਉਨ੍ਹਾਂ ਦੀ ਰਚਨਾ ਵਿਚ ਕਰਮ-ਕਾਂਡੀ, ਕਰਮ ਅਤੇ ਅਹੰਕਾਰ ਭਰਪੂਰ ਕਰਮਾਂ ਦਾ ਸਖਤ ਖੰਡਨ ਕੀਤਾ ਗਿਆ ਹੈ ਅਤੇ ਸ਼ੁਰੂ ਤੋਂ ਅਖੀਰ ਤਕ ਇਹ ਧੁਨ ਗੂੰਜਦੀ ਸੁਣਾਈ ਦਿੰਦੀ ਹੈ। ਗੁਰੂ ਜੀ ਨੇ ਕਰਮ ਤਿਆਗਣ ਲਈ ਨਹੀਂ, ਸਗੋਂ ਕਰਮਾਂ ਨੂੰ ਵਿਧੀ ਪੂਰਵਕ ਕਰਨ ਉੱਤੇ ਜ਼ੋਰ ਦਿੱਤਾ ਹੈ।[1] ਗੁਰੂ ਨਾਨਕ ਦੇਵ ਜੀ ਨੇ ਅਧਿਆਤਮਿਕ ਕਰਮਾਂ ਨੂੰ ਸੱਚ ਮੰਨਿਆ। ਆਪ ਜੀ ਦੀ ਦ੍ਰਿਸ਼ਟੀ ਵਿਚ ਅਧਿਆਤਮਿਕ ਕਰਮ ਕਰਮ ਕਰਨ ਨਾਲ ਵਿਅਕਤੀ ਸੱਚਾ ਹੁੰਦਾ ਹੈ ਅਤੇ ਕੱਚਾ ਜੀਵ ਮੁਕਤੀ ਦੇ ਭੇਤ ਨੂੰ ਕੀ ਸਮਝ ਸਕਦਾ ਹੈ। ਇਸ ਕਰਕੇ ਗੁਰੂ ਜੀ ਫੁਰਮਾਉਂਦੇ ਹਨ:-

ਅਧਿਆਤਮ ਕਰਮ ਕਰੇ ਤਾਂ ਸਾਚਾ ॥
ਮੁਕਤਿ ਭੇਦ ਕਿਆ ਜਾਣੈ ਕਾਚਾ ॥

( ਆਦਿ ਗ੍ਰੰਥ, ਪੰਨਾ 223)

ਗੁਰੂ ਜੀ ਨੇ ਇਕ ਸੱਚੇ ਮੁਸਲਮਾਨ ਲਈ ( ਜਿਹੜਾ ਕਿ ਸੱਚੇ ਸਿੱਖ ਲਈ ਲਾਗੂ ਹੁੰਦਾ) ਪੰਜ ਨਮਾਜ਼ਾਂ ਅਤੇ ਪੰਜ ਵਕਤਾਂ ਦੇ ਅਧਿਆਤਮਿਕ ਅਰਥ ਉਜਾਗਰ ਕਰਦੇ ਸੱਚ ਨੂੰ ਪਹਿਲੀ ਨਮਾਜ ਕਿਹਾ ਹੈ। ਹਲਾਲ ਨੂੰ ਦੂਜੀ ਨਮਾਜ ਕਿਹਾ ਹੈ। ਖੈਰ ਖੁਦਾਇ ਨੂੰ ਤੀਜੀ ਨਮਾਜ ਕਿਹਾ ਹੈ। ਰਾਸ ਨੀਅਤ ਨੂੰ ਚੌਥੀ ਨਮਾਜ ਅਤੇ ਸਿਫਤ ਨੂੰ ਪੰਜਵੀ ਨਮਾਜ ਕਿਹਾ ਹੈ:-

ਪੰਜ ਨਿਵਾਜਾ ਵਖਤ ਪੰਜਿ ਪੰਜਾ ਪੰਜ ਨਾਉ ॥
ਪਹਿਲਾ ਸਚੁ ਹਲਾਲੁ ਦੁਇ ਤੀਜਾ ਖੈਰ ਖੁਦਾਇ ॥
ਚਉਥੀ ਨੀਅਤ ਰਾਸਿ ਕਰ ਪੰਜਵੀ ਸਿਫਤਿ ਸਨਾਇ ॥

( ਆਦਿ ਗ੍ਰੰਥ, ਪੰਨਾ 714)

ਇਹ ਬਾਹਰੀ ਵਿਆਖਿਆ ਸੰਬੰਧੀ ਤਿੱਖੀ ਆਲੋਚਨਾ ਕਰਦੇ ਗੁਰੂ ਜੀ ਮਨੁੱਖ ਨੂੰ ਸੰਜਮੀ ਜੀਵਨ ਜੀਉਣ ਲਈ ਪ੍ਰੇਰਨਾ ਦਿੰਦੇ ਹਨ, ਜਿਸ ਕਰਕੇ ਉਹ ਸਦਾਚਾਰਕ ਗੁਣਾਂ ਦਾ ਧਾਰਨੀ ਹੋ ਕੇ ਇਕ ਸੱਚਾ ਸਿੱਖ ਬਣ ਜਾਵੇ।

ਹਰ ਚੰਗੇ ਮੰਦੇ ਕਰਮ ਦਾ ਮਨੁੱਖੀ ਮਨ ਉੱਤੇ ਪ੍ਰਭਾਵ ਸੁਚੇਤ ਜਾਂ ਅਚੇਤ ਤੌਰ ਤੇ ਜ਼ਰੂਰ ਪੈਂਦਾ ਹੈ। ਸਰੀਰ ਦੇ ਜਿਤਨੇ ਕਮ ਹਨ, ਮਨ ਦੇ ਸੰਕਲਪਾਂ ਦਾ ਸਿੱਟਾ ਹਨ। ਸਿੱਟਾ ਇਹ ਹੈ ਕਿ ਉਸ ਕਰਮ ਦੀ ਸਾਡੇ ਵਿਚ ਆਦਤ ਹੋ ਗਈ ਹੈ। ਇਹ ਆਦਤਾਂ

---

1. ਮਿਸ਼ਰ ਜਸ਼ ਰਾਮ(ਡਾ.) ਸ੍ਰੀ ਗੁਰੂ ਗ੍ਰੰਥ ਦਰਸ਼ਨ (ਹਿੰਦੀ) ਪੰਨਾ 227

ਹੌਲੀ ਹੌਲੀ ਪੱਕੇ ਸੁਭਾਅ ਦਾ ਰੂਪ ਧਾਰਨ ਕਰਦੀਆਂ ਹਨ ਅਤੇ ਸਾਡਾ ਸੁਭਾਉ ਹੀ ਸਾਡੇ ਦੁਖ ਸੁਖ ਦਾ ਕਾਰਣ ਬਣਦਾ ਹੈ।[1] ਮਨੁੱਖ ਵਿਅਕਤੀਗਤ ਤੌਰ ਤੇ ਕਰਮ ਕਰਨ ਦਾ ਅਧਿਕਾਰੀ ਹੈ ਅਤੇ ਉਹ ਕਰਮ ਉਸਦੇ ਪੂਰਵ ਜਨਮ ਦੇ ਸੰਸਕਾਰਾਂ ਦੇ ਸਿੱਟੇ ਹਨ। ਉਹ ਕਰਮ ਕਰਨ ਵਿਚ ਸੁਤੰਤਰ ਹੈ, ਪਰੰਤੂ ਫਲ ਭੋਗਣ ਵਿਚ ਪਰਤੰਤਰ ਹੈ। ਜੇ ਕਰ ਮਨੁੱਖ ਕੀਤੇ ਸ਼ੁੱਭ ਕਰਮਾਂ ਦਾ ਫਲ ਭੋਗਦਾ ਹੈ ਜਾਂ ਅਸ਼ੁੱਭ ਦਾ ਦੁਖ ਭੋਗਦਾ ਹੈ। ਤਦ ਉਸਨੂੰ ਕਿਸੇ ਨੂੰ ਦੋਸ਼ ਨਹੀਂ ਦੇਣਾ ਚਾਹੀਦਾ, ਕਿਉਂਕਿ ਉਹ ਸਭ ਕੁਝ ਉਸ ਦੇ ਆਪਣੇ ਕੀਤੇ ਕਰਮਾਂ ਦਾ ਫਲ ਹੈ। ਉਸ ਨੂੰ ਕਿਸੇ ਨੂੰ ਦੋਸ਼ ਨਹੀਂ ਦੇਣਾ ਚਾਹੀਦਾ। ਭਾਵੇਂ ਕੋਈ ਕਿੰਨਾ ਹੀ ਲੋਚਾ ਕਰ ਲਵੇ, ਨਿਪਟਾਰਾ ਕਰਮਾਂ ਉੱਪਰ ਹੁੰਦਾ ਹੈ:-

ਕਰਮਾਂ ਉਪਰ ਨਿਬੜੈ ਜੇ ਲੋਚੈ ਸਭ ਕੋਇ ॥

( ਆਦਿ ਗ੍ਰੰਥ, ਪੰਨਾ 1013)

ਮਨੁੱਖ ਨੂੰ ਹੱਸਦਿਆਂ ਹੱਸਦਿਆਂ ਕੀਤੇ ਕਰਮਾਂ ਦਾ ਫਲ ਭੋਗਣਾ ਚਾਹੀਦਾ ਹੈ:-

ਦਦੈ ਦੋਸ ਨ ਦੇਊ ਕਿਸੈ ਦੋਸ ਕਰੰਮਾ ਆਪਣਿਆ ॥
ਜੋ ਮੈ ਕੀਆ ਸੋ ਮੈ ਪਾਇਆ ਦੋਸ ਨ ਦੀਜੈ ਅਵਰ ਜਨਾ ॥

( ਆਦਿ ਗ੍ਰੰਥ, ਪੰਨਾ 433)

ਅੱਗੇ ਚਲ ਕੇ ਫੇਰ ਫੁਰਮਾਉਂਦੇ ਹਨ:-

ਸੁਖ ਦੁਖ ਪੁਰਬ ਜਨਮ ਕੇ ਕੀਏ
ਸੋ ਜਾਣੈ ਜਿਨਿ ਦਾਤੈ ਦੀਏ ॥
ਕਿਸ ਕਉ ਦੋਸ ਦੇਹਿ ਤੂ ਪ੍ਰਾਣੀ
ਸਹੁ ਆਪਣਾ ਕੀਆ ਕਰਾਰਾ ਹੇ ॥

( ਆਦਿ ਗ੍ਰੰਥ, ਪੰਨਾ 570)

ਜਿਹੋ ਜਿਹਾ ਕੋਈ ਬੀਜਦਾ ਹੈ। ਉਹੋ ਜਿਹਾ ਫਲ ਕੱਟਦਾ ਹੈ। ਹਰ ਜੀਵ ਨੂੰ ਆਪਣੇ ਕੀਤੇ ਸ਼ੁਭ -ਅਸ਼ੁੱਭ ਕਰਮਾਂ ਦਾ ਫੱਲ ਅਵੱਸ਼ ਮਿਲਦਾ ਹੈ। ਇਸੇ ਕਰਕੇ ਗੁਰੂ ਜੀ ਨੇ ਸਾਰੀ ਬਾਣੀ ਵਿਚ ਕਰਮ ਸਿੱਧਾਂਤ ਦੀ ਪ੍ਰੋੜਤਾ ਕੀਤੀ ਹੈ ਅਤੇ ਫੁਰਮਾਉਂਦੇ ਹਨ:-

---

1. ਜੋਧ ਸਿੰਘ [illegible] ( ਭਾਈ) ਗੁਰਮਤ ਨਿਰਣਯ, ਪੰਨਾ 231

ਜੈਸਾ ਕਰੈ ਸੁ ਤੈਸਾ ਪਾਵੈ ॥
ਆਪਿ ਬੀਜਿ ਆਪੇ ਹੀ ਖਾਵੈ ॥

( ਆਦਿ ਗ੍ਰੰਥ, ਪੰਨਾ 662)

ਜਾਂ

ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ ॥

( ਆਦਿ ਗ੍ਰੰਥ, ਪੰਨਾ 270)

****

## (ਅ) ਪ੍ਰਮੁੱਖ ਸਦਾਚਾਰਕ ਗੁਣ

(1)ਸੱਚ

ਗੁਰੂ ਨਾਨਕ ਦੇਵ ਸੱਚ ਦੇ ਖੋਜੀ ਅਤੇ ਪਰਚਾਰਕ ਸਨ। ਉਨ੍ਹਾਂ ਨੇ ਆਪਣੀ ਬਾਣੀ ਵਿਚ ਸੱਚ ਦੀ ਪੂਰੀ ਪੂਰੀ ਪ੍ਰੋੜ੍ਹਤਾ ਕੀਤੀ ਹੈ ਅਤੇ ਸੱਚ ਨੂੰ ਮਨੁੱਖੀ ਜੀਵਨ ਲਈ ਸਦਾਚਾਰਕ ਤੌਰ ਤੇ ਉੱਚਾ ਉਠਣ ਲਈ ਜ਼ੋਰ ਦਿੱਤਾ। ਕਿਉਂਕਿ ਮਨੁੱਖ ਦੀ ਅਧਿਆਤਮਿਕ ਉਨੱਤੀ ਲਈ ਜੀਵਨ ਵਿਚ ਸੱਚ ਨੂੰ ਅਪਨਾਉਣਾ ਅਤੇ ਅਮਲੀ ਰੂਪ ਦੇਣਾ ਬੜਾ ਜ਼ਰੂਰੀ ਹੈ। ਇਹ ਸਦਾਚਾਰਕ ਜੀਵਨ ਦਾ ਇਕ ਜ਼ਰੂਰੀ ਪਹਿਲੂ ਹੈ। ਇਸੇ ਕਰਕੇ ਗੁਰੂ ਜੀ ਨੇ ਸੱਚ ਨੂੰ ਸਰਬ ਸ਼੍ਰਿਮੋਣੀ ਦੱਸ ਕੇ ਵਿਅਕਤੀ ਦੇ ਸੱਚੇ ਆਚਾਰ ਨੂੰ ਹੋਰ ਗੌਰਵ ਪ੍ਰਦਾਨ ਕੀਤਾ ਅਤੇ ਫੁਰਮਾਇਆ :-

ਸਚੁ ਉਰੈ ਸਭ ਕੋ ਉਪਰਿ ਸਚੁ ਆਚਾਰ ॥

(ਆਦਿ ਗ੍ਰੰਥ, ਪੰਨਾ 62)

ਰੱਬ ਵੀ ਸੱਚ ਹੈ ਅਤੇ ਮਨੁੱਖ ਨੂੰ ਸੱਚ ਨੂੰ ਵਧੇਰੇ ਮਹੱਤਤਾ ਦੇਣੀ ਚਾਹੀਦੀ ਹੈ। ਮਨੁੱਖ ਦੀ ਸਭ ਤੋਂ ਵੱਡੀ ਕਰਨੀ ਅਰਥਾਤ ਅਮਲਕੀ ਹੈ। ਉਸ ਦੇ ਵਿਚ ਸੱਚ ਜ਼ਰੂਰੀ ਹੈ ਅਤੇ ਬਾਕੀ ਸਭ ਪਾਖੰਡ ਹੈ:-

ਹਿਰਦੇ ਸਚੁਏਹ ਕਰਣੀ ਸਾਰ ॥
ਹੋਰ ਸੁਭ ਪਾਖੰਡ ਪੂਜ ਖੁਆਰ ॥

(ਆਦਿ ਗ੍ਰੰਥ, ਪੰਨਾ 22)

ਸੱਚ ਦੀ ਪ੍ਰਾਪਤੀ ਲਈ ਮਨੁੱਖ ਨੂੰ ਬੜੀ ਕੁਰਬਾਨੀ ਕਰਨੀ ਪੈਂਦੀ ਹੈ। ਸੱਚ ਨੂੰ ਅਪਣਾ ਕੇ ਮਨੁੱਖ ਦੀ ਬੁੱਧੀ ਵੀ ਪ੍ਰਬਲ ਹੋ ਜਾਂਦੀ ਹੈ। ਇਸ ਕਰਕੇ ਸੱਚ ਸਦਾਚਾਰਕ ਜੀਵਨ ਵਿਚ ਮਨੁੱਖ ਨੂੰ ਇਕ ਚੰਗਾ ਮਨੁੱਖ ਬਣਾਉਣ ਲਈ ਜ਼ਰੂਰੀ ਹੈ। ਸੱਚ ਦੀ ਸਮੱਸਿਆ ਅਸਲ ਵਿਚ ਮਨੁੱਖੀ ਸਮੱਸਿਆ ਹੈ। ਇਹ ਸੱਚ ਨੂੰ ਜਾਨਣ ਅਤੇ ਸਮਝਣ ਦੀ ਸਮੱਸਿਆ ਹੈ। ਸੱਚ ਦੀ ਖੋਜ ਵਿਚ ਜੁਟਿਆ ਵਿਅਕਤੀ ਜਿਉਂ ਜਿਉਂ ਹੁਕਮ ਦੀ ਪਛਾਣ ਕਰਦਾ ਚਲਾ ਜਾਂਦਾ ਹੈ, ਉਸ ਦੀ ਹਉਮੈ ਘਟਦੀ ਜਾਂਦੀ ਹੈ ਅਤੇ ਉਹ ਸਦਾਚਾਰਕ ਦ੍ਰਿਸ਼ਟੀ ਤੋਂ ਉੱਤਮ ਮਨੁੱਖ ਬਣ ਜਾਂਦਾ ਹੈ।

ਸੱਚ ਦੀ ਪ੍ਰਾਪਤੀ ਲਈ ਮਨ ਦਾ ਪਵਿੱਤਰ ਹੋਣਾ ਬੜਾ ਜ਼ਰੂਰੀ ਹੈ। ਜੋ

ਮਨਮੁਖ ਝੂਠ ਬੋਲਦਾ ਹੈ, ਉਹ ਕਦੇ ਵੀ ਪਵਿੱਤਰ ਨਹੀਂ ਹੋ ਸਕਦਾ। ਸਿਰਫ਼ ਸੱਚ ਹੀ ਅਜਿਹਾ ਹੈ, ਜਿਸਨੂੰ ਪ੍ਰਾਪਤ ਕਰਕੇ ਸੰਤੋਖ ਮਿਲਦਾ ਹੈ:-

ਸੱਚ ਮਿਲੈ ਸੰਤੋਖੀਆਂ ॥

(ਆਦਿ ਗ੍ਰੰਥ, ਪੰਨਾ 18)

ਸੱਚ ਨੂੰ ਸ਼ਰੋਮਣੀ ਦਰਜਾ ਦਿੱਤਾ ਗਿਆ ਹੈ। ਇਸ ਦਾ ਧਾਰਨੀ ਪਰਮ-ਪਦ ਦੀ ਪ੍ਰਾਪਤੀ ਕਰਕੇ ਪਰਮ-ਮਨੁੱਖ ਦਾ ਦਰਜਾ ਪ੍ਰਾਪਤ ਕਰ ਲੈਂਦਾ ਹੈ।

ਸੱਚ ਦੀ ਪ੍ਰਾਪਤੀ ਵੀ ਤਦ ਹੀ ਹੋ ਸਕਦੀ ਹੈ, ਜੇ ਕਰ ਉਸ ਪਰਮਾਤਮਾ ਦੀ ਨਦਰਿ ਹੋਵੇ:-

ਨਦਰਿ ਕਰੇ ਤਾਂ ਪਾਈਐ ਬਿਨੁ ਨਾਵੈ ਕਿਆ ਸਾਕ ॥

(ਆਦਿ ਗ੍ਰੰਥ, ਪੰਨਾ 55)

ਗੁਰੂ ਜੀ ਨੇ ਸੱਚ ਦੀ ਪ੍ਰਾਪਤੀ ਲਈ ਕਈ ਸਾਧਨ ਦਸੇ ਹਨ, ਜੇ ਹਿਰਦੇ ਵਿਚ ਸੱਚ ਲਈ ਪਿਆਰ ਹੈ ਅਤੇ ਸੱਚੀ ਸਿਖਿਆ ਗ੍ਰਹਿਣ ਕਰਨੀ ਹੈ, ਤਾਂ ਸੱਚ ਸਾਰਿਆਂ ਰੋਗਾਂ ਦਾ ਦਾਰੂ ਹੈ ਅਤੇ ਹਿਰਦੇ ਦੀ ਮੈਲ ਨੂੰ ਧੋ ਕੇ ਕਢ ਸੁਟਦਾ ਹੈ। ਜਿਨ੍ਹਾਂ ਦੇ ਪੱਲੇ ਸੱਚ ਹੈ, ਉਨ੍ਹਾਂ ਅਗੇ ਗੁਰੂ ਨਾਨਕ ਦੇਵ ਬੇਨਤੀ ਕਰਦੇ ਹਨ:-

ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ ॥
ਨਾਨਕ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ ॥

(ਆਦਿ ਗ੍ਰੰਥ, ਪੰਨਾ 468)

ਸੱਚ ਦੀ ਪ੍ਰਾਪਤੀ ਲਈ ਦਲੇਰੀ, ਦ੍ਰਿੜਤਾ ਅਤੇ ਪ੍ਰਤਿਭਾ ਦੀ ਲੋੜ ਹੈ, ਜੋ ਬੜੀ ਕਠਨ ਸਾਧਨਾ ਨਾਲ ਪ੍ਰਾਪਤ ਹੁੰਦੇ ਹਨ। ਆਮ ਜ਼ਿੰਦਗੀ ਵਿਚ ਸੱਚ ਬੋਲਣਾ ਇਕ ਬੜੀ ਛੋਟੀ ਜਿਹੀ ਗੱਲ ਲਗਦੀ ਹੈ ਅਤੇ ਸਦਾਚਾਰ ਦੀ ਥੋੜੀ ਜਿਹੀ ਸੂਝ ਰੱਖਣ ਵਾਲਾ ਵਿਅਕਤੀ ਇਹ ਸੋਚਦਾ ਹੈ ਕਿ ਸੱਚ ਬੋਲਣਾ ਕੋਈ ਔਖਾ ਨਹੀਂ, ਪਰੰਤੂ ਸੱਚ ਬੋਲਣ ਲਈ ਆਪ ਸੱਚੇ ਹੋਣ ਦੀ ਲੋੜ ਹੈ। ਪਰੰਤੂ ਸਚਾ ਕਿਵੇਂ ਬਣਿਆ ਜਾਵੇ। ਗੁਰੂ ਜੀ ਫ਼ੁਰਮਾਉਂਦੇ ਹਨ:-

ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ ॥
ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਧੋਇ ॥
ਸਚੁ ਤਾ ਪਰੁ ਜਾਣੀਐ ਜਾ ਸਚਿ ਧਰੇ ਪਿਆਰ ॥
ਨਾਉ ਸੁਣਿ ਮਨੁ ਰਹਸੀਐ ਤਾ ਪਾਏ ਮੋਖ ਦੁਆਰ ॥
ਸਚੁ ਤਾ ਪਰੁ ਜਾਣੀਐ ਜਾ ਜੁਗਤਿ ਜਾਣੈ ਜੀਉ ॥

ਧਰਤਿ ਕਾਇਆ ਸਾਧ ਕੈ ਵਿਚਿ ਦੇਇ ਕਰਤਾ ਬੀਉ ॥
ਸਚੁ ਤਾ ਪਰੁ ਜਾਣੀਐ ਜਾ ਸਿਖ ਸਚੀ ਲੇਇ ॥
ਦਇਆ ਜਾਣੈ ਜੀਅ ਕੀ ਕਿਛੁ ਪੁੰਨ ਦਾਨੁ ਕਰੇਇ ॥

( ਆਦਿ ਗ੍ਰੰਥ, ਪੰਨਾ 214)

ਸੋ ਸੱਚੇ ਬਣਨ ਲਈ ਹਿਰਦੇ ਦੀ ਸਫਾਈ, ਸੱਚ ਨਾਲ ਪਿਆਰ ਸੱਚੀ ਸਿੱਖਿਆ ਅਤੇ ਆਤਮਿਕ ਸ਼ੁੱਧੀ ਦੀ ਲੋੜ ਹੈ। ਜਦੋਂ ਮਨੁੱਖ ਇਹ ਗੁਣ ਗ੍ਰਹਿਣ ਕਰ ਲਵੇਗਾ, ਤਾਂ ਉਹ ਸਦਾਚਾਰਕ ਤੌਰ ਉੱਤੇ ਉੱਚਾ ਹੋ ਜਾਵੇਗਾ। ਪਦਾਰਥਵਾਦੀ ਦਲੀਲ ਦਿੰਦੇ ਹਨ ਕਿ ਝੂਠ ਦਾ ਪ੍ਰਤੱਖ ਤੌਰ ਤੇ ਬੋਲ ਬਾਲਾ ਹੈ, ਪਰੰਤੂ ਗੁਰੂ ਨਾਨਕ ਦਸਦੇ ਹਨ ਕਿ ਇਹ ਕੇਵਲ ਵਕਤੀ ਲਾਭ ਹੀ ਹਨ। ਅੰਤ ਨੂੰ ਜਿੱਤ ਸੱਚ ਦੀ ਹੁੰਦੀ ਹੈ:-

ਕੂੜ ਨਿਖੁਟੇ ਨਾਨਕ ਓੜਕਿ ਸਚਿ ਰਹੀ ॥

( ਆਦਿ ਗ੍ਰੰਥ, ਪੰਨਾ 953)

ਅਗੇ ਜਾ ਕੇ ਦਸਦੇ ਹਨ ਕਿ ਮਨੁੱਖ ਸੱਚ ਨਾਲ ਹੀ ਪਰਮਾਤਮਾ ਦੀ ਦਰਗਾਹ ਵਿਚ ਬਰੀ ਹੋ ਸਕਦਾ ਹੈ।

ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੈ ਜਜਮਾਲਿਆ ॥

( ਆਦਿ ਗ੍ਰੰਥ, ਪੰਨਾ 463)

ਗੁਰੂ ਨਾਨਕ ਨੇ ਸੱਚ ਦੇ ਵਿਚਾਰ ਨੂੰ ਨਿਰਾ ਸਿੱਧਾਂਤਕ ਹੀ ਨਹੀਂ ਰਹਿਣ ਦਿੱਤਾ, ਸਗੋਂ ਇਸ ਨੂੰ ਸਚਿਆਰ ਜੀਵਨ ਦਾ ਅਮਲੀ ਰੂਪ ਦਿੱਤਾ ਹੈ, ਜੋ ਕਿ ਪਰਮ -ਮਨੁੱਖ ਦਾ ਹੀ ਰੂਪ ਹੈ ।

****

## (2) ਨਿਰਭੈਤਾ

ਰੱਬ ਨਿਰਭਉ ਹੈ, ਸਿਵਾਇ ਉਸ ਪਰਮਾਤਮਾ ਦੇ ਮਨੁੱਖ ਨੂੰ ਕਿਸੇ ਤੋਂ ਨਹੀਂ ਡਰਨਾ ਚਾਹੀਦਾ। ਉਸਦੇ ਡਰ ਤੋਂ ਜਗਿਆਸੂ ਨੂੰ ਨਿਰਭਉ ਪਦਵੀ ਪ੍ਰਾਪਤ ਹੋ ਜਾਵੇਗੀ। ਦਖਣੀ ਓਅੰਕਾਰ ਬਾਣੀ ਵਿਚ ਨਿਰਭਉ ਪਰਮਾਤਮਾ ਦੀ ਪੂਜਾ ਉੱਪਰ ਇਸੇ ਕਰਕੇ ਜ਼ੋਰ ਦਿੱਤਾ ਗਿਆ ਹੈ ਕਿ ਇਸ ਨਾਲ ਮਨੁੱਖ ਨੂੰ ਨਿਰਭੈਤਾ ਦੀ ਪ੍ਰਾਪਤੀ ਹੁੰਦੀ ਹੈ।[1] ਓਅੰਕਾਰ ਦੇ ਹਿਤਕਾਰੀ ਨਿਰਭੈ ਹਨ ਅਤੇ ਓਅੰਕਾਰ ਦੀ ਸੁਹਾਗਣ ਇਸਤਰੀ ਵੀ ਨਿਰਭੈ ਪਰਮਾਤਮਾ ਦੀ ਪੁਜਾਰਨ ਹੈ। ਜਿਵੇਂ:-

ਡਰੁ ਰਾਖਿਆ ਗੁਰ ਆਪਣੇ ਨਿਰਭਉ ਨਾਮ ਵਖਾਣ ॥

( ਆਦਿ ਗ੍ਰੰਥ, ਪੰਨਾ 630)

ਗੁਰੂ ਜੀ ਫੁਰਮਾਉਂਦੇ ਹਨ ਕਿ ਸੱਚੇ ਪ੍ਰਭੂ ਦੇ ਮਿਲਣ ਨਾਲ ਭੈ ਦਾ ਨਾਸ਼ ਹੋ ਜਾਂਦਾ ਹੈ। ਅਤੇ ਪ੍ਰਾਣੀ ਨਿਰਭੈਤਾ ਦਾ ਆਸਰਾ ਧਾਰਨ ਕਰਦਾ ਹੈ। ਕੇਵਲ ਵਾਹਿਗੁਰੂ ਹੀ ਅਜਿਹਾ ਹੈ, ਜਿਸਨੂੰ ਕਿਸੇ ਪ੍ਰਕਾਰ ਦਾ ਡਰ ਨਹੀਂ। ਸਾਰੀ ਸ੍ਰਿਸ਼ਟੀ ਹੀ ਉਸ ਪ੍ਰਭੂ ਦੇ ਭੈਅ ਵਿਚ ਹੈ। ਗੁਰੂ ਜੀ ਲਿਖਦੇ ਹਨ:-

ਭੈ ਵਿਚਿ ਪਵਣੁ ਵਹੈ ਸਦ ਵਾਉ ॥<br>
ਭੈ ਵਿਚਿ ਚਲਹਿ ਲਖ ਦਰੀਆਉ ॥<br>
ਭੈ ਵਿਚ ਅਗਨਿ ਕਢੈ ਵੇਗਾਰਿ ॥<br>
ਭੈ ਵਿਚਿ ਧਰਤੀ ਦਬੀ ਭਾਰਿ ॥<br>
ਭੈ ਵਿਚਿ ਇੰਦੁ ਫਿਰੈ ਸਿਰ ਭਾਰਿ ॥<br>
ਭੈ ਵਿਚਿ ਰਾਜਾ ਧਰਮ ਦੁਆਰ ॥<br>
ਭੈ ਵਿਚਿ ਸੂਰਜੁ ਭੈ ਵਿਚਿ ਚੰਦੁ ॥<br>
ਕੋਹ ਕਰੋੜੀ ਚਲਤ ਨ ਅੰਤ ॥<br>
ਭੈ ਵਿਚਿ ਸਿਧ ਬੁਧ ਸੁਰਨਾਥ ॥<br>
ਭੈ ਵਿਚਿ ਆਡਾਣੇ ਆਕਾਸ ॥

---

1. ਕੋਹਲੀ ਸ.ਸ.( ਡਾ.) (ਸੰਪਾ) ਗੁਰੂ ਨਾਨਕ ਜੀਵਨ, ਦਰਸ਼ਨ ਅਤੇ ਕਾਵਿ ਕਲਾ ਪੰਨਾ 65

ਭੈ ਵਿਚਿ ਜੋਧ ਮਹਾਂ ਬਲ ਸੂਰ ॥
ਭੈ ਵਿਚਿ ਆਵਹਿ ਜਾਵਹਿ ਪੂਰ ॥
ਸਗਲਿਆ ਭਉ ਲਿਖਿਆ ਸਿਰਿ ਲੇਖ ॥
ਨਾਨਕ ਨਿਰਭਉ ਨਿਰੰਕਾਰ ਸੱਚੁ ਏਕ ॥

( ਆਦਿ ਗ੍ਰੰਥ ਪੰਨਾ 464)

ਕਿਉਂਕਿ ਇਕ ਵਾਹਿਗੁਰੂ ਹੀ ਨਿਰਭਉ ਹੈ ਅਤੇ ਪ੍ਰਾਣੀ ਉਸਦੇ ਵਿਚ ਸਮਾਉਣ ਕਰਕੇ ਅਤੇ ਉਸਦਾ ਅਸਾਰਾ ਲੈਣ ਕਰਕੇ ਹਰ ਪ੍ਰਕਾਰ ਦਾ ਭਉ ਦੂਰ ਹੋ ਜਾਂਦਾ ਹੈ। ਜਿਵੇਂ:-

ਮਨੇ ਰੇ ਸਾਚੁ ਮਿਲੈ ਭਉ ਜਾਇ ॥
ਭੈ ਬਿਨੁ ਨਿਰਭਉ ਕਿਉ ਥੀਐ
ਗੁਰਮੁਖਿ ਸਬਦਿ ਸਮਾਇ ॥

( ਆਦਿ ਗ੍ਰੰਥ, ਪੰਨਾ 2o6)

ਪ੍ਰਾਚੀਨ ਅਤੇ ਆਧੁਨਿਕ ਨੈਤਿਕ ਸਿੱਧਾਂਤਾਂ ਵਿਚ ਦਲੇਰੀ, ਸੂਰਬੀਰਤਾ ਜਾਂ ਨਿਰਭੈਤਾ ਨੂੰ ਪ੍ਰਮੁੱਖ ਸਦਗੁਣਾਂ ਦੀ ਸੂਚੀ ਵਿਚ ਰਖਿਆ ਗਿਆ ਹੈ। ਅਤੇ -ਵਿਅਕਤੀ ਅਤੇ ਨਿਡਰ ਸਮਾਜ ਦਾ ਨਿਰਮਾਣ ਗੰਭੀਰ ਚਿੰਤਕਾਂ ਦੀ ਚਿਤਵਨਾ ਹੈ। ਨਿਰਭੈਤਾ ਦੀ ਪ੍ਰਾਪਤੀ ਸੱਚ ਦੀ ਖੋਜ ਅਤੇ ਪ੍ਰਾਪਤੀ ਵਿਚ ਹੈ।

""""

## (3) ਨਿਰਵੈਰਤਾ

ਗੁਰੂ ਨਾਨਕ ਦੇਵ ਨੇ ਆਪਣੀ ਬਾਣੀ ਵਿਚ ਮਨੁੱਖ ਨੂੰ ਨਿਰਵੈਰਤਾ ਨੂੰ ਅਪਨਾਉਣ ਦਾ ਉਪਦੇਸ਼ ਦਿੱਤਾ ਹੈ। ਜਦ ਹਰ ਪ੍ਰਾਣੀ ਮਾਤਰ ਵਿਚ ਪਰਮਾਤਮਾ ਸਮਾਇਆ ਹੋਇਆ ਹੈ, ਤਾਂ ਵੈਰ ਕਿਸ ਨਾਲ ਕੀਤਾ ਜਾਵੇ। ਜਦੋਂ ਪਰਮਾਤਮਾ ਕਿਸੇ ਨਾਲ ਵੈਰ ਨਹੀਂ ਕਰਦਾ, ਤਾਂ ਮਨੁੱਖ ਨੂੰ ਵੀ ਕਿਸੇ ਨਾਲ ਵੈਰ ਨਹੀਂ ਰਖਣਾ ਚਾਹੀਦਾ। ਉਸਨੂੰ ਸਦਾਚਾਰਕ ਅਤੇ ਭਾਈਚਾਰਕ ਪੱਧਰ ਉੱਤੇ ਨਿਰਵੈਰ ਹੋਣ ਲਈ ਪ੍ਰੇਰਿਆ ਗਿਆ ਹੈ।[1] ਹਿੰ ਮਨੁੱਖੀ ਸੰਸਕ੍ਰਿਤੀ ਵਿਚ ਵੀ ਨਿਰਵੈਰਤਾ ਨੂੰ ਉਲੀਕਿਆ ਗਿਆ ਹੈ। ਨਿਰਵੈਰਤਾ ਦਾ ਪ੍ਰਤੀਬਿੰਬ ਗੁਰੂ ਨਾਨਕ ਦੇ ਆਚਾਰ ਖੇਤਰ ਵਿਚ ਮਿਲਦਾ ਹੈ। ਹਰ ਬੁਰਾ ਕਰਮ ਵੈਰ ਦਾ ਨੀਤੀਜਾ ਹੈ ਅਤੇ ਹਰ ਇਕ ਦੂਰਦਰਸ਼ੀ ਮਨੁੱਖ ਅਜਿਹੇ ਰਸਤੇ ਤੋਂ ਪ੍ਰਹੇਜ਼ ਕਰੇਗਾ।[2] ਕਿਸੇ ਨੂੰ ਵੀ ਮੰਦੇ ਬਚਨ ਨਹੀਂ ਆਖਣੇ ਚਾਹੀਦੇ। ਮੰਦੇ ਬਚਨ ਹੀ ਸਭ ਲੜਾਈਆਂ ਦਾ ਮੂਲ ਹੁੰਦੇ ਹਨ। ਗੁਰੂ ਜੀ ਫੁਰਮਾਉਂਦੇ ਹਨ:-

ਮੰਦਾ ਕਿਸੈ ਨਾ ਆਖ ਝਗੜਾ ਪਾਵਣਾ
ਪੜ੍ਹ ਅਖਰ ਇਹੋ ਬੂਝੀਐ ॥

(ਆਦਿ ਗ੍ਰੰਥ, ਪੰਨਾ 402)

---

1. ਜੋਧ ਸਿੰਘ (ਭਾਈ) ਜੁਪਜੀ ਸਟੀਕ, ਪੰਨਾ 23
2. ਕੋਹਲੀ ਸ.ਸ. (ਡਾ.) ਸੰਪਾ: ਗੁਰੂ ਨਾਨਕ ਜੀਵਨ, ਦਰਸ਼ਨ ਅਤੇ ਕਾਵਿ-ਕਲਾ ਪੰਨਾ 66

****

## (4) ਪ੍ਰੇਮ

ਗੁਰੂ ਨਾਨਕ ਬਾਣੀ ਵਿਚ ਇਕ ਵੱਡਾ ਨੈਤਿਕ ਗੁਣ ਪ੍ਰੇਮ ਹੈ। ਪ੍ਰੇਮ ਪਰਮਾਤਮਾ ਨਾਲ ਵੀ ਹੋ ਸਕਦਾ ਹੈ ਅਤੇ ਬੰਦਿਆਂ ਨਾਲ ਵੀ। ਮਨੁੱਖ ਨੂੰ ਹਮੇਸ਼ਾਂ ਉਸਦੇ ਬੰਦਿਆਂ ਨਾਲ ਪਿਆਰ ਕਰਨਾ ਚਾਹੀਦਾ ਹੈ। ਗੁਰੂ ਜੀ ਨੇ ਮਨੁੱਖੀ ਹਿਰਦੇ ਵਿਚ ਵਿਆਪਕ ਪ੍ਰੇਮ ਭਾਵਨਾ ਦੀ ਗੱਲ ਕੀਤੀ ਹੈ, ਜਿਸ ਬਿਨਾਂ ਜੀਵਨ ਅਰਥ ਹੀਣ ਹੋ ਜਾਂਦਾ ਹੈ। ਜਿਵੇਂ:-

ਚਿਤੇ ਦਿਸਹਿ ਧਉਲ ਹਰ ਬੰਗੇ ਬੰਕ ਦੁਆਰ ॥
ਕਰ ਮਨ ਖੁਸ਼ੀਓ ਸਾਰਿਆਂ ਦੂਜੇ ਹੇਤ ਪਿਆਰ ॥
ਅੰਦਰ ਖਾਲੀ ਪ੍ਰੇਮ ਬਿਨ ਢਹਿ ਢੇਰੀ ਤਨ ਛਾਰ ॥

(ਆਦਿ ਗ੍ਰੰਥ, ਪੰਨਾ 62)

ਜੋ ਮਨੁੱਖ ਦੂਜਿਆਂ ਨੂੰ ਆਪਣੇ ਵਰਗੇ ਸਮਝਦਾ ਹੈ, ਉਹ ਉਸ ਮਾਲਕ ਦੀ ਦਰਗਾਹ ਵਿਚ ਨਾਮ ਖਟਦਾ ਹੈ। ਗੁਰੂ ਜੀ ਤਾਂ ਪ੍ਰਾਣੀ ਨੂੰ ਸਪਸ਼ਟ ਸ਼ਬਦਾਂ ਵਿਚ ਸੰਬੋਧਨ ਕਰਦੇ ਹਨ, ਕਿ ਸੱਚੇ ਪ੍ਰੇਮ ਲਈ ਸਿਰਧੜ ਦੀ ਬਾਜ਼ੀ ਲਾਉਣੀ ਪੈਂਦੀ ਹੈ। ਜਿਵੇਂ:-

ਜਉ ਤਉ ਪ੍ਰੇਮ ਖੇਲਣ ਕਾ ਚਾਉ, [illegible] ॥
ਸਿਰ ਧਰਿ ਤਲੀ ਗਲੀ ਮੇਰੀ ਆਉ ॥
ਇਤ ਮਾਰਗ ਪੈਰ ਧਰੀਜੈ
ਸਿਰ ਦੀਜੈ ਕਾਣਿ ਨ ਕੀਜੈ ॥

(ਆਦਿ ਗ੍ਰੰਥ, ਪੰਨਾ 1412)

ਜਿਹੜੇ ਆਪਣੇ ਪ੍ਰਭੂ ਦੇ ਇਸ਼ਕ ਵਿਚ ਰੰਗੇ ਹੋਏ ਹਨ ਉਨ੍ਹਾਂ ਨੂੰ ਸਭ ਪ੍ਰਾਣੀ ਰੰਗੇ ਲਗਦੇ ਹਨ। ਜਿਵੇਂ:-

ਅਮਲੀ ਅਮਲੁ ਨ ਅੰਬੜੇ ਮਛੀ ਨੀਰੁ ਨ ਹੋਇ ॥
ਜੋ ਰਤੇ ਸਹਿ ਆਪਣੇ ਤਿਨ ਭਾਵੈ ਸਭ ਕੋਇ ॥

(ਆਦਿ ਗ੍ਰੰਥ, ਪੰਨਾ 557)

ਜਿਨ੍ਹਾਂ ਦਾ ਪ੍ਰੇਮ ਉਸ ਪ੍ਰਭੂ ਨਾਲ ਹੋ ਜਾਂਦਾ ਹੈ, ਉਨ੍ਹਾਂ ਨੂੰ ਸਾਰੀ ਦੁਨੀਆਂ ਹੀ ਆਪਣੀ ਦਿਖਾਈ ਦਿੰਦੀ ਹੈ। ਉਹ ਇਸ ਪ੍ਰੇਮ ਦੇ ਕੁੱਠੇ ਸਾਰੀ ਰਾਤ ਨੀਂਦ ਨਹੀਂ ਲੈਂਦੇ। ਈਸ਼ਵਰ ਦਾ ਪ੍ਰੇਮ

ਮਨੁੱਖਤਾ ਵਿਚ ਈਸ਼ਵਰ ਨੂੰ ਦੇਖਣ ਦਾ ਅਤੇ ਮਨੁੱਖ ਨੂੰ ਪਿਆਰਨ ਦਾ ਵਸੀਲਾ ਹੈ। ਮਨੁੱਖਤਾ ਦਾ ਪ੍ਰੇਮੀ ਮਨੁੱਖੀ ਹਿਰਦਿਆਂ ਵਿਚ ਵਿਆਪਕ ਪ੍ਰਭੂ ਦੇ ਪ੍ਰੇਮ ਦਾ ਸਾਧਨ ਹੈ। ਗੁਰੂ ਜੀ ਮਨੁੱਖ ਨੂੰ ਗੁਰਬਾਣੀ ਰਾਹੀਂ ਥਾਂ ਥਾਂ ਸੱਚੇ ਪ੍ਰੇਮ ਦੀ ਤਸਵੀਰ ਵਖਾਉਂਦੇ ਹੋਏ ਸਮਝਾਉਂਦੇ ਹਨ ਕਿ ਐ ਮਨੁੱਖ ਸਚਾ ਪ੍ਰੇਮ ਧਾਰਨ ਕਰ ਤਾਂ ਕਿ ਤੇਰਾ ਸਦਾਚਾਰਕ ਜੀਵਨ ਸੁਖੀ ਹੋਵੇ। ਇਸ ਲਈ ਗੁਰੂ ਜੀ ਨੇ ਪ੍ਰੇਮ ਬਾਰੇ ਸਪਸ਼ਟ ਸ਼ਬਦਾਂ ਵਿਚ ਲਿਖਿਆ ਹੈ:-

ਅਹਿਨਿਸ ਜਾਗੈ ਨੀਂਦ ਨ ਸੋਵੈ ॥
ਜੋ ਜਾਣੈ ਜਿਸ ਵੇਦਨ ਹੋਵੈ ॥
ਪ੍ਰੇਮ ਕੇ ਕਾਨ ਲਗੇ ਤਨ ਭੀਤਰਿ
ਵੇਦ ਕਿ ਜਾਣੈ ਕਾਰੀ ਜੀਉ ॥

(ਆਦਿ ਗ੍ਰੰਥ, ਪੰਨਾ ੯੩)

****

## (5) ਪਵਿੱਤਰਤਾ

ਰੱਬ ਨਿਰਮਲ ਹੈ, ਇਸ ਲਈ ਜਗਿਆਸੂ ਨੂੰ ਸਾਰੀਆਂ ਮੈਲਾਂ ਦੂਰ ਕਰਨੀਆਂ ਚਾਹੀਦੀਆਂ ਹਨ। ਰੱਬ ਅਤੇ ਉਸਦੇ ਭਗਤਾਂ ਤੋਂ ਬਿਨਾਂ ਸਭ ਕੁਝ ਅਪਵਿੱਤਰ ਹੈ। ਗੁਰੂ ( ਪਾਰਸ ਵਾਂਗ) ਹੀ ਸੰਗਤ ਨਾਲ ਹੀ ਪਵਿੱਤਰਤਾ ਹਾਸਲ ਕੀਤੀ ਜਾ ਸਕਦੀ ਹੈ। ਜਿਵੇਂ:-

ਮੈਲਾ ਉਜਲ ਤਾਂ ਥੀਆ ਪਾਰਸ ਸੰਗਿ ਭੀਜੈ ॥

( ਆਦਿ ਗ੍ਰੰਥ, ਪੰਨਾ 740)

ਜੇ ਕਰ ਪ੍ਰਾਣੀ ਦੀ ਕਾਇਆ, ਨਿਰਮਲ ਭਾਵ ਪਵਿੱਤਰ ਹੋਵੇ, ਤਾਂ ਉਸ ਵਿਚ ਪਰਮਾਤਮਾ ਦਾ ਵਾਸਾ ਹੁੰਦਾ ਹੈ। ਹਰ ਪ੍ਰਾਣੀ ਮਾਤਰ ਨੂੰ ਗੁਰੂ ਜੀ ਸਦਾਚਾਰਕ ਪੱਖੋਂ ਇਹੀ ਉਪਦੇਸ਼ ਇਸ ਪ੍ਰਕਾਰ ਦਿੰਦੇ ਹਨ।

ਨਿਰਮਲ ਕਾਇਆ ਊਜਲ ਹੰਸਾ ॥
ਤਿਸੁ ਵਿਚਿ ਨਾਮੁ ਨਿਰੰਜਨ ਅੰਸਾ ॥

( ਆਦਿ ਗ੍ਰੰਥ, ਪੰਨਾ 1034)

ਜਿਹੜੇ ਮਨੁੱਖ ਉਸ ਪਰਮਾਤਮਾ ਦੇ [redacted] ਨਾਮ ਨਾਲ ਰੱਤੇ ਹੋਏ ਹਨ, ਉਹੀ ਪੱਵਿਤਰ ਹਨ, ਉਨ੍ਹਾਂ ਦੀ ਆਤਮਾ ਪਵਿੱਤਰ ਹੈ ਅਤੇ ਬਾਕੀ ਸਭ ਮਨੁੱਖ ਹੰਕਾਰ ਦੀ ਮੈਲ ਨਾਲ ਭਰੇ ਪਏ ਹਨ:-

ਨਾਨਕ ਨਾਮ ਰੱਤੇ ਸੇ ਨਿਰਮਲ
ਹੋਰ ਹਉਮੈ ਮੈਲ ਭਰੀਜੈ ॥

( ਆਦਿ ਗ੍ਰੰਥ, ਪੰਨਾ 632)

ਪਵਿੱਤਰਤਾ ਕੇਵਲ ਗੁਰੂ ਜੀ ਦੀ ਕਿਰਪਾ ਨਾਲ ਪ੍ਰਾਪਤ ਹੁੰਦੀ ਹੈ ਅਤੇ ਸਰੀਰ ਦੀ ਪਵਿੱਤਰਤਾ ਵੀ ਇਸੇ ਗੁਰੂ ਜੀ ਦੀ ਸ਼ਰਨ ਆਇਆਂ ਮਿਲਦੀ ਹੈ। ਜਿਵੇਂ:-

ਗੁਰ ਤੇ ਨਿਰਮਲ ਜਾਣੀਐ ਨਿਰਮਲ ਦੇਹ ਸਰੀਰੁ ॥

( ਆਦਿ ਗ੍ਰੰਥ, ਪੰਨਾ 57)

****

(6) ਨਿਆਇ

ਪਰਮਾਤਮਾ ਵੀ ਨਿਆਇ ਪਸੰਦ ਹੈ। ਉਹ ਝੂਠੇ ਸੱਚੇ ਦਾ ਨਿਆਇ ਕਰਦਾ ਹੈ। ਨਿਆਇ ਦਾ ਵਰਣਨ ਗੁਰੂ ਨਾਨਕ ਬਾਣੀ ਵਿਚ ਥਾਂ ਥਾਂ ਕੀਤਾ ਗਿਆ ਹੈ। ਇਸ ਦਾ ਸ਼ਬਦੀ ਅਰਥ ਦੂਜਿਆਂ ਦੇ ਅਧਿਕਾਰ ਪ੍ਰਤੀ ਸਤਿਕਾਰ ਕਰਨਾ ਹੀ ਸਮਝਿਆ ਜਾਂਦਾ ਹੈ। ਰੱਬ ਅਦਲੀ ਹੈ। ਇਸ ਲਈ ਜਗਿਆਸੂ ਨੂੰ ਕੋਈ ਅਨਿਆਇ ਨਹੀਂ ਕਰਨਾ ਚਾਹੀਦਾ। ਰੱਬ ਦਾ ਨਿਆਇ ਸੱਚ ਉੱਤੇ ਨਿਰਧਾਰਿਤ ਹੈ। ਜਗਿਆਸੂ ਨੂੰ ਚਾਹੀਦਾ ਹੈ ਕਿ ਆਪਣੀ ਜ਼ਿੰਦਗੀ ਦਾ ਆਧਾਰ ਸੱਚ ਅਤੇ ਨਿਆਇ ਬਣਾਏ।[1] ਗੁਰੂ ਨਾਨਕ ਦੇਵ ਦੂਜਿਆਂ ਦੇ ਹੱਕ ਖੋਹੇ ਜਾਣ ਉੱਤੇ ਕੁਰਲਾ ਉਠਦੇ ਹਨ:-

ਹੱਕ ਪਰਾਇਆ ਨਾਨਕਾ ਉਸ ਸੂਅਰ ਉਸ ਗਾਇ ॥
ਗੁਰ ਪੀਰ ਹਾਮਾ ਤਾ ਭਰੈ, ਜਾ ਮੁਰਦਾਰ ਨਾ ਖਾਇ ॥

( ਆਦਿ ਗ੍ਰੰਥ, ਪੰਨਾ 141)

ਦੂਜੇ ਦਾ ਹੱਕ ਮਾਰਨਾ, ਇਨਸਾਫ਼ ਤੇ ਮਾਰਗ ਦਾ ਸਭ ਤੋਂ ਵੱਡਾ ਰੋੜਾ ਹੁੰਦਾ ਹੈ। ਗੁਰੂ ਨਾਨਕ ਨੇ ਇਸ ਅਵਗੁਣ ਦੀ ਕਰੜੇ ਤੋਂ ਕਰੜੇ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਉਹ ਤਾਂ ਅੱਗੇ ਜਾ ਕੇ ਕਿੰਨੀ ਸੁਹਣੀ ਸਦਾਚਾਰਕ ਸਿੱਖਿਆ ਦਾ ਰਾਗ ਅਲਾਪਦੇ ਹਨ। ਜਿਵੇਂ:-

ਗਲੀ ਭਿਸਤ ਨਾ ਜਾਈਐ
ਛੁੱਟੇ ਸੱਚ ਕਮਾਇ ॥

( ਆਦਿ ਗ੍ਰੰਥ, ਪੰਨਾ 141)

ਸੱਚ ਜਾਂ ਸਤਿ ਸਮਾਜਿਕ ਸੰਬੰਧਾਂ ਵਿਚ ਨਿਆਇ ਦੇ ਸੰਬੰਧ ਵਿਚ ਇਕ ਅਜਿਹੇ ਮਨੁੱਖ ਦੀ ਵਿਸ਼ੇਸ਼ਤਾ ਹੈ, ਜਿਹੜਾ ਕਿ ਦੂਜਿਆਂ ਦਾ ਹੱਕ ਨਹੀਂ ਮਾਰਦਾ, ਅਤੇ ਦੂਜਿਆਂ ਨੂੰ ਨਹੀਂ ਭੜਕਾਉਂਦਾ।[2] ਨਿਆਇ ਦੀ ਪਾਲਣਾ ਤੋਂਉੱਪਰ ਕੋਈ ਪੂਜਾ ਨਹੀਂ। ਇਕ ਨਿਆਇ ਪਸੰਦ ਪ੍ਰਾਣੀ ਦੂਜਿਆਂ ਨੂੰ ਤਦ ਵੀ ਨਹੀਂ ਭਟਕਾਏਗਾ ਇਥੋਂ ਤਕ ਕਿ ਉਸ ਕੋਲ ਅਜਿਹਾ ਕਰਨ

---

1. ਕੋਹਲੀ ਸ.ਸ. (ਡਾ.) ਸੰਪਾ: ਗੁਰੂ ਨਾਨਕ ਜੀਵਨ, ਦਰਸ਼ਨ ਅਤੇ ਕਾਵਿ-ਕਲਾ ਪੰਨਾ 214
2. Avtar Singh (Dr.) Ethics of Sikhs p.84

ਲਈ ਸਾਧਨ ਅਤੇ ਮੌਕੇ ਵੀ ਹੋਣ ।

ਕਿਸੇ ਪ੍ਰਾਣੀ ਨੂੰ ਨਜਾਇਜ਼ ਸਹਾਇਤਾ ਦੇਣੀ ਵੀ ਅਨਿਆਇ ਹੈ। ਜੇ ਕਰ ਕੋਈ ਤਕੜਾ ਪ੍ਰਾਣੀ ਕਿਸੇ ਕਮਜ਼ੋਰ ਪ੍ਰਾਣੀ ਨੂੰ ਕੋਈ ਨੁਕਸਾਨ ਪਹੁੰਚਾਉਂਦਾ ਹੈ, ਤਾਂ ਹੁਕਮਰਾਨ ਨੂੰ ਤਕੜੇ ਪ੍ਰਾਣੀ ਨੂੰ ਸਜਾ ਦੇਣੀ ਚਾਹੀਦੀ ਹੈ।

****

## (7) ਮਿਠੱਤ

ਮਨੁੱਖੀ ਸੁਭਾਅ ਲਈ ਮਿੱਠਾ ਬੋਲਣਾ ਬੜਾ ਜ਼ਰੂਰੀ ਹੈ। ਇਸ ਲਈ ਮਨੁੱਖ ਨੂੰ ਮਨ, ਬਚਨ ਅਤੇ ਕਰਮ ਕਰਕੇ ਮਿੱਠਾ ਹੋਣਾ ਚਾਹੀਦਾ ਹੈ। ਗੁਰੂ ਨਾਨਕ ਦੇਵ ਲਿਖਦੇ ਹਨ ਕਿ ਪ੍ਰੀਤ ਦੀ ਰੰਙ ਮਿੱਠੇ ਬੋਲਾਂ ਨਾਲ ਹੁੰਦੀ ਹੈ। ਜਿਵੇਂ:-

ਰੰਙ ਪ੍ਰੀਤੀ ਮਿਠੇ ਬੋਲ ॥

( ਆਦਿ ਗ੍ਰੰਥ, ਪੰਨਾ 143)

ਜੋ ਮਨੁੱਖ ਮਿੱਠੇ ਬਚਨ ਬੋਲਦਾ ਹੈ, ਉਸਨੂੰ ਅੰਮ੍ਰਿਤ ਫਲ ਲਗਦਾ ਹੈ। ਮਿੱਠੇ ਬਚਨ ਸਸਾਧੂਆਂ ਦੀ ਸੰਗਤ ਦੁਆਰਾ ਪ੍ਰਾਪਤ ਹੁੰਦੇ ਹਨ। ਪ੍ਰਾਣੀ ਨੂੰ ਚਾਹੀਦਾ ਹੈ ਕਿ ਜਿੱਥੇ ਜਾ ਕੇ ਬੈਠੇ ਉੱਥੇ ਭਲਾ ਹੀ ਬਚਨ ਕਹੇ। ਗੁਰੂ ਜੀ ਦਾ ਕਥਨ ਹੈ:-

ਜਿਥੈ ਬਾਹਿ ਬਹੀਐ ਭਲਾ ਕਹੀਐ ॥

( ਆਦਿ ਗ੍ਰੰਥ, ਪੰਨਾ 566)

ਜਿਸ ਬੋਲ ਨਾਲ ਮਾਣ ਇਜੱਤ ਪ੍ਰਾਪਤ ਹੋਏ। ਉਹੋ ਬੋਲ ਹੀ ਬੋਲਣਾ ਚਾਹੀਦਾ ਹੈ, ਕਿਉਂਕਿ ਫਿੱਕਾ ਬੋਲਣ ਨਾਲ ਮਨੁੱਖੀ ਮਨ ਅਤੇ ਤਨ ਅਰਥਾਤ ਅੰਦਰੋਂ ਬਾਹਰੋਂ ਫਿੱਕਾ ਹੋ ਜਾਂਦਾ ਹੈ। ਜਿਵੇਂ:-

ਨਾਨਕ ਫਿੱਕਾ ਬੋਲੀਐ ਤਨ ਮਨ ਫਿਕਾ ਹੋਇ ॥<br>ਫਿਕੋ ਫਿਕਾ ਸਦੀਐ ਇਕੋ ਫਿਕੀ ਸੋਇ ॥

( ਆਦਿ ਗ੍ਰੰਥ, ਪੰਨਾ 473)

ਜੋ ਮਨੁੱਖ ਕਿਸੇ ਨੂੰ ਫਿੱਕਾ ਬੋਲਦਾ ਹੈ, ਉਹ ਆਪ ਵੀ ਫਿਕਾ ਹੋ ਜਾਂਦਾ ਹੈ। ਪਰਮ - ਮਨੁੱਖ ਕਿਸੇ ਨੂੰ ਮੰਦਾ ਨਹੀਂ ਕਹਿੰਦਾ ਅਤੇ ਗੁਰੂ ਜੀ ਵੀ ਮਿੱਠਤ ਨੂੰ ਚੰਗਿਆਈਆਂ ਦਾ ਨਿਚੋੜ ਦਸਦੇ ਹਨ। ਜਿਵੇਂ:-

ਮਿਠਤ ਨੀਵੀਂ ਨਾਨਕਾ ਗੁਣ ਚੰਗਿਆਈਆਂ ਤੱਤੁ ॥

( ਆਦਿ ਗ੍ਰੰਥ, ਪੰਨਾ 525)

****

## (8) ਉਦਾਰਤਾ ਅਤੇ ਕਿਰਪਾਲਤਾ

ਕਿਰਪਾਲੂ ਜਾਂ ਦਿਆਲੂ ਹੋਣਾ ਰੱਬ ਦਾ ਵਿਸ਼ੇਸ਼ ਗੁਣ ਹੈ ਅਤੇ ਅਜਿਹੇ ਗੁਣਾਂ ਦੇ ਧਾਰਨ ਕਰਨ ਵਾਲੇ ਪ੍ਰਾਣੀਆਂ ਨੂੰ ਰੱਬੀ ਲੋਕ ਆਖਿਆ ਗਿਆ ਹੈ। ਰੱਬ ਉਦਾਰ ਹੁੰਦਿਆਂ ਹੋਇਆ ਵੀ ਕਿਰਪਾਲੂ ਹੈ। ਉਹ ਹਰ ਕਿਸੇ ਨੂੰ ਸਭ ਵਸਤੂਆਂ ਪ੍ਰਦਾਨ ਕਰਦਾ ਹੈ:-

ਦੇਦਾ ਦੇਹਿ ਲੈਦੇ ਥਕਿ ਪਾਹਿ ॥

( ਆਦਿ ਗ੍ਰੰਥ, ਪੰਨਾ 2)

ਜਿਸ ਤਰ੍ਹਾਂ ਰੱਬ ਦੀ ਤਰ੍ਹਾਂ ਪ੍ਰਾਣੀ ਵੀ ਆਪਣੀ ਉਦਾਰਤਾ ਅਤੇ ਕ੍ਰਿਪਾਲਤਾ ਦੋਸ਼ੀਆਂ ਅਤੇ ਭੁਲਣਹਾਰਾਂ ਨੂੰ ਮੁਆਫ਼ ਕਰਕੇ ਦਿਖਾ ਸਕਦਾ ਹੈ। ਸਾਰੀ ਸ੍ਰਿਸ਼ਟੀ ਉਸਦੇ ਨਿਯਮਾਂ ਵਿਚ ਬੱਝੀ ਹੋਈ ਹੈ। ਅਤੇ ਉਹ ਬਖਸ਼ਿੰਦ ਹੈ। ਉਹ ਖਿਮਾ ਕਰ ਦਿੰਦਾ ਹੈ ਅਤੇ ਕਿਸੇ ਨਾਲ ਅਨਿਆਂ ਨਹੀਂ ਹੋਣ ਦਿੰਦਾ। ਕਿਉਂਕਿ ਉਹ ਉਦਾਰ ਚਿੱਤ ਅਤੇ ਕਿਰਪਾਲੂ ਹੈ।[1]

---

1. ਦੀਪ ਦਲੀਪ ਸਿੰਘ (ਡਾ.) ਜੁਪਜੀ ਇਕ ਤੁਲਨਾਤਮਿਕ ਅਧਿਐਨ, ਪੰਨਾ 168

****

## ੲ ਪ੍ਰਮੁੱਖ ਸਦਾਚਾਰਕ ਅਵਗੁਣ

ਮਨੁੱਖ ਦੇ ਸਦਾਚਾਰਕ ਜੀਵਨ ਵਿਚ ਵਿਘਨ ਪਾਉਣ ਵਾਲੇ ਅਵਗੁਣ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਆਦਿ ਹਨ। ਮਨੁੱਖੀ ਚਰਿੱਤਰ ਵਿਚ ਇਨ੍ਹਾਂ ਦੀ ਹੋਂਦ ਸਦਾਚਾਰਕ ਗਿਰਾਵਟ ਦਾ ਕਾਰਨ ਬਣਦੀ ਹੈ। ਸਦਾਚਾਰਕ ਗੁਣਾਂ ਦੇ ਨਾਲ ਨਾਲ ਗੁਰੂ ਨਾਨਕ ਬਾਣੀ ਵਿਚ ਅਵਗੁਣਾਂ ਦਾ ਵਰਣਨ ਵੀ ਮਿਲਦਾ ਹੈ, ਜੋ ਨਿਖੇਧਾਤਮਿਕ ਢੰਗ ਨਾਲ ਸਮਾਜਿਕ ਪ੍ਰਬੰਧ ਦੀਆਂ ਬੁਨਿਆਦੀ ਕਦਰਾਂ ਦੀ ਰੱਖਿਆ ਕਰਦੇ ਹਨ। ਨਿਰੋਲ ਗੁਣਾਂ ਨੂੰ ਧਾਰਨ ਕਰ ਲੈਣਾ ਹੀ ਕਾਫ਼ੀ ਨਹੀਂ। ਮਨੁੱਖ ਦੀ ਸਦਾਚਾਰਕ ਉਚੱਤਾ ਲਈ ਅਵਗੁਣਾਂ ਨੂੰ ਤਿਆਗਣਾ ਵੀ ਜ਼ਰੂਰੀ ਹੈ। ਇਹ ਅਵਗੁਣ ਹੀ ਮਨੁੱਖ ਦੇ ਬੰਧਨ ਦਾ ਕਾਰਨ ਬਣਦੇ ਹਨ:-

ਨਾਨਕ ਅਉਗੁਣ ਜੇਤੜੇ ਤੇਤੇ ਗਲੀ ਜੰਜੀਰ ॥

(ਆਦਿ ਗ੍ਰੰਥ, ਪੰਨਾ 595)

ਜਿੱਥੇ ਇਨ੍ਹਾਂ ਅਵਗੁਣਾਂ ਨੂੰ ਦੂਰ ਕਰਨ ਲਈ ਗੁਰੂ ਨਾਨਕ ਨੇ ਅਨੇਕਾਂ ਸਥਾਨਾਂ ਉੱਤੇ ਪ੍ਰਤੱਖ ਸੰਕੇਤ ਕੀਤੇ ਹਨ, ਉੱਥੇ ਇਨ੍ਹਾਂ ਦਾ ਵਰਣਨ ਸੁਚੱਜੇ ਢੰਗ ਨਾਲ ਕੀਤਾ ਹੈ।

ਕਾਮ, ਕ੍ਰੋਧ, ਲੋਭ ਮੋਹ ਅਤੇ ਅਹੰਕਾਰ ਆਦਿ ਮਨੋਬਿਰਤੀਆਂ ਮਨੁੱਖ ਦੀ ਸ਼ਖਸ਼ੀਅਤ ਦੀਆਂ ਸੰਚਾਲਕ ਸ਼ਕਤੀਆਂ ਹਨ। ਪਰੰਤੂ ਮਨੁੱਖ ਲਈ ਆਪਣੇ ਉੱਚ-ਆਦਰਸ਼ ਪੁਰ ਪਹੁੰਚਣ ਲਈ ਇਨ੍ਹਾਂ ਬਿਰਤੀਆਂ ਉੱਤੇ ਕਾਬੂ ਪਾਉਣਾ ਬੜਾ ਜ਼ਰੂਰੀ ਹੈ। ਇਨ੍ਹਾਂ ਮਨੋਵਿਕਾਰਾਂ ਦੇ ਅਧੀਨ ਹੋਇਆ ਮਨੁੱਖ ਆਪਣੇ ਰਾਹ ਤੋਂ ਭਟਕ ਜਾਂਦਾ ਹੈ ਅਤੇ ਭਲੇ ਬੁਰੇ ਦੇ ਬਿਬੇਕ ਤੋਂ ਬੇ-ਖਬਰ ਹੋ ਜਾਂਦਾ ਹੈ। ਹਰ ਪ੍ਰਬਲ ਜਜ਼ਬਾਤੀ ਮਨੋਬਿਰਤੀ ਆਪਣੇ ਅਨਕੂਲ ਰਹਿਣ ਵਾਲੀ ਹਰ ਵਸਤੂ ਨੂੰ ਵਧਾ ਚੜ੍ਹਾ ਕੇ ਪੇਸ਼ ਕਰਦੀ ਹੈ ਅਤੇ ਹਰ ਪ੍ਰਤਿਕੂਲ ਵਸਤੂ ਨੂੰ ਦਬਾਉਣ ਦੀ ਚੇਸ਼ਟਾ ਕਰਦੀ ਹੈ।[1] ਇਸ ਲਈ ਲੋੜ ਇਸ ਗੱਲ ਦੀ ਹੈ ਕਿ ਮਨੁੱਖੀ ਕ੍ਰਿਆਵਾਂ ਨਾਲ ਸੰਬੰਧਿਤ ਮਨੋਬਿਰਤੀਆਂ ਨੂੰ ਅਖਲਾਕੀ ਤੌਰ ਤੇ ਉਨੱਤ ਕਰਨ ਦਾ ਜਤਨ ਕੀਤਾ ਜਾਵੇ। ਸਾਕਾਰ ਆਤਮਿਕ ਮਨੋਬਿਰਤੀਆਂ ਨੈਤਿਕ ਆਚਾਰ ਵਿਚ ਮਨੁੱਖੀ ਹਸਤੀ ਦੇ ਨੈਤਿਕ ਗੁਣ ਸ਼ਾਮਲ ਹਨ ਅਤੇ ਨਕਾਰਆਤਮਿਕ ਸ਼ਖਸੀ ਆਚਾਰ ਵਿਚ ਉਹ ਮਨੋਬਿਰਤੀਆਂ ਆਉਂਦੀਆਂ ਹਨ, ਜਿਨ੍ਹਾਂ ਦਾ ਗੁਰੂ ਜੀ ਨੇ ਨਿਸ਼ੇਧ ਸ਼ੈਲੀ ਰਾਹੀਂ ਵਰਨਣ ਕੀਤਾ ਹੈ। ਇਨ੍ਹਾਂ ਮਨੋਵਿਕਾਰਾਂ ਵਿਚ ਪਰੰਪਰਾਗਤ ਤੌਰ ਤੇ ਕਾਮ, ਕ੍ਰੋਧ, ਲੋਭ ਮੋਹ ਅਤੇ ਅਹੰਕਾਰ ਆਉਂਦੇ ਹਨ। ਇਨ੍ਹਾਂ ਮਨੋ-ਵਿਕਾਰਾਂ

---

1. John Dewey, Human Nature and Conduct, P, 195

ਨੂੰ ਗੁਰੂ ਜੀ ਨੇ ਤਿਆਗਣ ਲਈ ਜ਼ੋਰਦਾਰ ਸ਼ਬਦਾਂ ਵਿਚ ਉਪਦੇਸ਼ ਕੀਤਾ ਹੈ, ਕਿਉਂਕਿ ਇਨ੍ਹਾਂ ਅਵਗੁਣਾਂ ਦੀ ਹੋਂਦ ਮਨੁੱਖ ਦੇ ਪਛਤਾਵੇ ਦਾ ਮੂਲ ਕਾਰਨ ਬਣਦੀ ਹੈ। ਇਸ ਲਈ ਇਨ੍ਹਾਂ ਨੂੰ ਤਿਆਗਣਾ ਹੀ ਠੀਕ ਹੈ:-

ਅਉਗੁਣ ਛੋਡਹੁ ਗੁਣ ਕਰਹੁ
ਐਸੇ ਤਤੁ ਪਰਾਵਹੁ ॥

( ਆਦਿ ਗ੍ਰੰਥ, ਪੰਨਾ 418)

ਮਨੁੱਖੀ ਸਰੀਰ ਜਿੱਥੇ ਪੰਜਾਂ ਤੱਤਾਂ ਦਾ ਬਣਿਆ ਹੋਇਆ ਹੈ, ਉੱਥੇ ਇਸ ਵਿਚ ਪੰਜਾਂ ਵਿਸ਼ਿਆਂ ਦੀ ਪ੍ਰਧਾਨਤਾ ਹੈ। ਇਨ੍ਹ ਨੂੰ ਕਾਮ, ਕ੍ਰੋਧ ਲੋਭ, ਮੋਹ ਅਹੰਕਾਰ ਆਦਿ ਕਿਹਾ ਜਾਂਦਾ ਹੈ। ਇਹ ਪੰਜ ਜ਼ਜਬੇ ਹਨ। ਜੇ ਕਰ ਮਨੁੱਖ ਇਨ੍ਹਾਂ ਉੱਤੇ ਕਾਬੂ ਨਾ ਰਖ ਸਕੇ, ਤਾਂ ਇਕ ਵਿਕਾਰ ਬਣ ਜਾਂਦੇ ਹਨ ਅਤੇ ਮਨੁੱਖ ਦੀ ਕਮਜ਼ੋਰੀ ਦਾ ਕਾਰਨ ਬਣਦੇ ਹਨ। ਪਵਿੱਤਰ ਅਤੇ ਸਮਾਜਿਕ ਜੀਵਨ ਲਈ ਇਹਨਾਂ ਉੱਪਰ ਕਾਬੂ ਰੱਖਣਾ ਬੜਾ ਜ਼ਰੂਰੀ ਹੈ। ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ ਕਿ ਜੀਵ ਇਕੱਲਾ ਹੈ ਅਤੇ ਇਸ ਨੂੰ ਲੁਟਣ ਵਾਲੇ ਪੰਜ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਹਨ। ਇਹ ਜੀਵਨ ਦੀ ਰਾਸ ਪੂੰਜੀ ਨੂੰ ਹਰ ਰੋਜ ਲੁਟਦੇ ਹਨ। ਪਰੰਤੂ ਇਨ੍ਹਾਂ ਦੇ ਵਿਰੁਧ ਪੁਕਾਰ ਕਿਸ ਪਾਸ ਕੀਤੀ ਜਾਵੇ। ਗੁਰੂ ਜੀ ਫੁਰਮਾਉਂਦੇ ਹਨ:-

ਅਵਰਿ ਪੰਚ ਹਮ ਏਕ ਜਨਾ ॥
ਕਿਉ ਰਾਖਉ ਘਰ ਬਾਰੁ ਮਨਾ ॥
ਮਾਰਹਿ ਲੂਟਹਿ ਨੀਤ ਨੀਤ
ਕਿਸੁ ਆਗੈ ਕਰੀ ਪੁਕਾਰ ਜਨਾ ॥

( ਆਦਿ ਗ੍ਰੰਥ, ਪੰਨਾ 155)

ਇਨ੍ਹਾਂ ਸਦਾਚਾਰਕ ਵਿਧਾਨਾਂ ਵਿਚ ਗੀਤਾ ਦੀ ਪ੍ਰਤਿਧੁਨੀ ਗੂੰਜਦੀ ਹੈ, ਜਿਸ ਵਿਚ ਕਾਮ, ਕ੍ਰੋਧ, ਲੋਭ ਮੋਹ ਅਤੇ ਹੰਕਾਰ ਨੂੰ ਤ੍ਰਿਬਿਧ ਨਰਕਾਂ ਦੇ ਦਰ ਕਿਹਾ ਹੈ ਅਤੇ ਇਨ੍ਹਾਂ ਨੂੰ ਤਿਆਗਣ ਦੀ ਸਪਸ਼ਟ ਘੋਸ਼ਣਾ ਕੀਤੀ ਹੈ।[1] ਇਨ੍ਹਾਂ ਪੰਜ ਮਨੋਵਿਕਾਰਾਂ ਦੀ ਉਤਪਤੀ ਅਤੇ ਇਨ੍ਹਾਂ ਦੁਆਰਾ ਮਨੁੱਖੀ ਹਸਤੀ ਦੇ ਵਿਰੁਧ ਹੋਣ ਵਾਲੇ ਭਿਆਨਕ ਪ੍ਰਣਾਮਾ ਦਾ ਵਰਣਨ ਕੀਤਾ ਗਿਆ ਹੈ। ਇੰਦਰੀਆਂ ਦੇ ਵਿਸ਼ਿਆਂ ਨੂੰ ਚੇਤੇ ਰੱਖਣ ਵਾਲਾ ਉਨ੍ਹਾਂ ਨਾਲ ਅਨੁਰਾਗ ਪੈਦਾ ਕਰਲੈਂਦਾ ਹੈ। ਕਾਮ, ਤੋਂ ਕ੍ਰੋਧ, ਕ੍ਰੋਧ ਤੋਂ ਮੋਹ ਅਤੇ ਮੋਹ ਤੋਂ ਸਿਮ੍ਰਤੀ ਅਤੇ

---

1. ਗੀਤਾ, 16/ 21

ਅਤੇ ਉਸ ਤੋਂ ਬੁੱਧੀ ਦਾ ਨਾਸ਼ ਹੁੰਦਾ ਹੈ। ਜਦੋਂ ਬੁੱਧੀ ਦਾ ਨਾਸ਼ ਹੋ ਜਾਵੇ, ਤਾਂ ਵਿਅਕਤੀ ਤਬਾਹ ਹੋ ਜਾਂਦਾ ਹੈ।[1] ਪਰ ਜੇ ਮਨ ਵਿਚ ਵਿਕਾਰਾਂ ਦੀ ਮੈਲ ਹੋਵੇ, ਤਾਂ ਪਾਖੰਡ ਤੋਂ ਛੁਟਕਾਰਾ ਕਠਨ ਹੋ ਜਾਂਦਾ ਹੈ।

ਪਾਖੰਡਿ ਮੈਲ ਨ ਚੂਕਈ ਭਾਈ
ਅੰਤਰਿ ਮੈਲ ਵਿਕਾਰੀ ॥

( ਆਦਿ ਗ੍ਰੰਥ, ਪੰਨਾ 406)

ਇਹ ਪੰਜ ਬਦੀਆਂ - ਕਾਮ ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਆਦਿ ਜੀਵਨ ਦਾ ਬੁਰੀ ਤਰ੍ਹਾਂ ਨਾਸ਼ ਕਰਦੀਆਂ ਹਨ ਅਤੇ ਇਨ੍ਹਾਂ ਦਾ ਇਲਾਜ ਮਨ ਦੀ ਮਤ ਤਿਆਗਣ ਅਤੇ ਗੁਰੂ ਦੇ ਉਪਦੇਸ਼ ਵਿਚ ਚਿੱਤ ਲਗਾਉਣਾ ਦਸਿਆ ਗਿਆ ਹੈ।

ਗੁਰੂ ਨਾਨਕ ਬਾਣੀ ਵਿਚ ਇਨ੍ਹਾਂ ਮਨੋਵਿਕਾਰਾਂ ਤੋਂ ਸੁਚੇਤ ਕੀਤਾ ਗਿਆ ਹੈ। ਅਤੇ ਇਉਂ ਸ਼ਖਸੀ ਆਚਾਰ ਦਾ ਵਿਧਾਨ ਉਪਲਬਧ ਹੈ। ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਆਪਣੇ ਆਪ ਵਿਚ ਬੁਰੇ ਹਨ, ਪਰੰਤੂ ਉਨ੍ਹਾਂ ਦਾ ਯੋਗ ਵਰਤਾਉਣ ਰੂਹਾਨੀ ਤਰੱਕੀ ਵਿਚ ਸਹਾਈ ਹੁੰਦਾ ਹੈ।[2]

ਅੰਤ ਵਿਚ ਅਸੀਂ ਇਸ ਨਤੀਜੇ ਉੱਤੇ ਪੁੱਜਦੇ ਹਾਂ ਕਿ ਪੰਜ ਚੋਰਾਂ ਨੂੰ ਸਾਧ ਸੰਗਤ ਕਰਨ ਨਾਲ ਭਾਜੜ ਪੈਂਦੀ ਹੈ। ਇਹ ਮਨੁੱਖ ਨੂੰ ਅਸ਼ਾਂਤੀ ਪ੍ਰਦਾਨ ਕਰਦੇ ਹਨ। ਇਨ੍ਹਾਂ ਨੂੰ ਮਾਰ ਕੇ ਹੀ ਸੁਖ ਦੀ ਪ੍ਰਾਪਤੀ ਹੋ ਸਕਦੀ ਹੈ। ਗੁਰੂ ਜੀ ਫੁਰਮਾਉਂਦੇ ਹਨ:-

ਪੰਚ ਮਾਰਿ ਸੁਖ ਪਾਇਆ ॥

( ਆਦਿ ਗ੍ਰੰਥ, ਪੰਨਾ 320)

---

1. ਗੀਤਾ, 2/62 -63
2. ਕੋਹਲੀ ਸ.ਸ.(ਡਾ.) ਸੰਪਾ: ਗੁਰੂ ਨਾਨਕ ਜੀਵਨ, ਦਰਸ਼ਨ ਅਤੇ ਕਾਵਿ-ਕਲਾ ਪੰਨਾ 67

(ੳ) ਕਾਮ

ਭਾਰਤੀ ਫਿਲਾਸਫ਼ੀ ਵਿਚ ਵੀ ਕਾਮ ਨੂੰ ਵਿਸ਼ੇਸ਼ ਮਹਾਨਤਾ ਪ੍ਰਾਪਤ ਹੈ। ਵੈਸਾਖ ਸ਼ਾਸਤਰ ਅਨੁਸਾਰ ਇਹ ਕਾਮ ਵਾਸ਼ਨਾ ਉੱਤੇ ਜਿੱਤ ਕ੍ਰਿਆ ਹੈ। ਨਿਆਇ ਅਨੁਸਾਰ ਇਹ ਸੰਵੇਗ ਅਤੇ ਪੈਸ਼ਨਜ਼ ਦੀ ਜੜ੍ਹ ਹੈ। ਬੁੱਧ ਧਰਮ ਵਿਚ ਜਿੱਥੇ ਕਾਮ ਵਾਸ਼ਨਾ ਨੂੰ ਅਗਨੀ ਸਮਾਨ ਕਿਹਾ ਹੈ, ਉੱਥੇ ਇਸਨੂੰ ਜੈਨ ਧਰਮ ਅਨੁਸਾਰ 18 ਔਗੁਣਾਂ ਵਿਚ ਇਕ ਗਿਣਿਆ ਹੈ। ਕਾਮ, ਪ੍ਰਿਵਰਤੀ ਦੇ ਸੰਬੰਧ ਵਿਚ ਕਿਹਾ ਗਿਆ ਹੈ ਕਿ ਸੰਵੇਗ ਭਾਵਨਾਵਾਂ ਅਤੇ ਵਾਤਾਵਰਣ ਦੇ ਪ੍ਰਭਾਵ ਸਦਕੇ ਪ੍ਰਾਣੀ ਦਾ ਸਰੀਰਕ ਅਨੁਭਵ ਕਾਮ ਉਕਸਾਊ ਬਣ ਜਾਂਦਾ ਹੈ। ਸਿੱਖ ਧਰਮ ਵਿਚ ਕਾਮ ਰੂਪੀ ਪ੍ਰਵਿਰਤੀ ਦੀ ਪੂਰੀ ਤਰ੍ਹਾਂ ਨਿਖੇਧੀ ਕੀਤੀ ਗਈ ਹੈ ਅਤੇ ਪ੍ਰਾਣੀ ਮਾਤਰ ਨੂੰ ਇਸ ਤੋਂ ਬਚ ਕੇ ਰਹਿਣ ਲਈ ਪ੍ਰੇਰਿਆ ਹੈ।

ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਕਾਮ, ਸ਼ਕਤੀ , ਕਾਮ ਚੇਸ਼ਟਾ ਅਤੇ ਕਾਮ -ਇੱਛਾ ਆਦਿ ਨਾਵਾਂ ਨਾਲ ਪੁਕਾਰਿਆ ਜਾਂਦਾ ਰਿਹਾ ਹੈ। ਅਸਲ ਵਿਚ ਕਾਮ ਇਕ ਅਜਿਹੀ ਪ੍ਰਬਲ ਸ਼ਕਤੀ ਹੈ, ਜਿਸ ਤੋਂ ਪ੍ਰਭਾਵਿਤ ਹੋਏ ਬਿਨਾਂ ਕੋਈ ਵੀ ਨਹੀਂ ਰਹਿ ਸਕਦਾ। ਕਾਮ ਇਕ ਅਰੁੱਕ ਇੱਛਾ ਹੈ, ਇਥੋਂ ਤਕ ਕਿ ਸੰਤ ਮਹਾਤਮਾ ਵੀ ਇਸਦੀ ਸ਼ਕਤੀ ਤੋਂ ਪ੍ਰਭਾਵਿਤ ਹੋਏ ਬਿਨਾਂ ਨਹੀਂ ਰਹੇ ਅਤੇ ਕਾਮ ਸ਼ਕਤੀ ਦੇ ਵਸ ਵਿਚ ਅੰਨ੍ਹੇ ਹੋ ਕੇ ਪਾਪ ਕਮਾਂਦੇ ਹਨ।[1] ਕਿਸ਼ੋਰ ਅਵਸਥਾ ( Adolescen Age ) ਵਿਚ ਕਾਮ ਪ੍ਰਵਿਰਤੀ ਬੜੀ ਪ੍ਰਬਲ ਹੁੰਦੀ ਹੈ ਅਤੇ ਕਾਮ ਵਾਸ਼ਨਾ ਨੂੰ ਭੜਕਾਉਣ ਲਈ ਵਧੇਰੇ ਹਾਵੀ ਹੁੰਦੀ ਹੈ।

ਅਸਲ ਵਿਚ ਕਾਮ, ਸਭ ਤੋਂ ਪ੍ਰਬਲ ਅਤੇ ਰਸਦਾਇਕ ਜਜ਼ਬਾ ਹੈ, ਜੋ ਮਨੁੱਖਾਂ ਪਸ਼ੂਆਂ ਅਤੇ ਪੰਛੀਆਂ ਆਦਿ ਸਭ ਉੱਪਰ ਅਸਰ ਕਰਦਾ ਹੈ, ਸਭ ਮਨੋਵਿਕਾਰਾਂ ਵਿਚੋਂ ਇਹ ਪ੍ਰਮੁੱਖ ਜਜ਼ਬਾ ਹੈ। ਗੁਰੂ ਨਾਨਕ ' ਕਾਮ ' ਨੂੰ ਮਨੁੱਖੀ ਸੁਖਸ਼ੀਅਤ ਦੀ ਇਕ ਅਜਿਹੀ ਮਨੋ -ਰੁਚੀ ਕਲਪਦੇ ਹਨ, ਜੋ ਸਦਾਚਾਰਕ ਸੰਤੁਲਨ ਕਾਇਮ

---

1. ਬ੍ਰਹਦਾਰਣਾਇਕ ਉਪਨਿਸ਼ਦ, 2.3.6

2. Harry S. Broudy, Engel L. Fred, Psychology for general Education, P, 169

ਨਹੀਂ ਰਹਿਣ ਦਿੰਦੀ। ਕਾਮ ਮਾਰੂ ਬ੍ਰਿਤੀਆਂ ਵਿਚੋਂ ਇਕ ਪ੍ਰਮੁੱਖ ਬਿਰਤੀ ਹੈ। ਇਹ ਨਾ ਕੇਵਲ ਸਮਾਜ ਦੀ ਪਵਿੱਤਰਤਾ ਭੰਗ ਕਰਦੀ ਹੈ, ਸਗੋਂ ਮਨੁੱਖ ਆਪ ਵੀ ਕਾਮ ਦੀ ਭੱਠੀ ਵਿਚ ਝੁਲਸ ਜਾਂਦਾ ਹੈ। ਗੁਰੂ ਨਾਨਕ ਨੇ ਇਸ ਕਰਕੇ ਲਿਖਿਆ ਹੈ ਕਿ ਇਹ ਸਰੀਰ ਨੂੰ ਇਸ ਤਰ੍ਹਾਂ ਗਾਲ ਦਿੰਦਾ ਹੈ, ਜਿਸ ਤਰ੍ਹਾਂ ਸੁਹਾਗਾ ਸੋਨੇ ਨੂੰ ਢਾਲ ਦਿੰਦਾ ਹੈ:-

ਕਾਮ ਕ੍ਰੋਧ ਕਾਇਆ ਕਉ ਗਾਲੈ ॥
ਜਿਉ ਕੰਚਨ ਸੁਹਾਗਾ ਢਾਲੈ ॥

( ਆਦਿ ਗ੍ਰੰਥ, 932 )

ਬ੍ਰਹਮਚਰਯ ਤੋਂ ਭਾਵ ਕਾਮ ਵਿਨਾਸ਼ ਨਹੀਂ, ਸਗੋਂ ਕਾਮ ਉੱਤੇ ਕਾਬੂ ਪਾਉਣਾ ਹੈ। ਬ੍ਰਹਮਚਰਯ ਹਰ ਇਕ ਉਸਾਰੂ ਕੰਮ ਲਈ ਸਹਾਈ ਹੁੰਦਾ ਹੈ।[1] ਸਰੀਰ ਜਵਾਨ ਅਤੇ ਸੁੰਦਰ ਰਹਿੰਦਾ ਹੈ। ਪ੍ਰਭੂ ਨੇ ਸ੍ਰਿਸ਼ਟੀ ਸਾਜਣ ਦਾ ਇਹ ਮੂਲ ਬਣਾਇਆ, ਪਰੰਤੂ ਮਨੁੱਖ ਕਾਮੀ ਬਣ ਕੇ ਵਿਭਚਾਰ ਉਪਜਾਉਂਦਾ ਹੈ। ਕਾਮੀ ਨੂੰ ਰੋਗੀ ਵੀ ਕਿਹਾ ਹੈ। ਜੋਗ ਦੀ ਅਸਲ ਜੁਗਤੀ ਵੀ ਗੁਰੂ ਨਾਨਕ ਅਨੁਸਾਰ ਸ਼ਰੀਰ ਨੂੰ ਪਵਿੱਤਰ ਰਖਣਾ ਨਹੀਂ, ਸਗੋਂ ਕਾਮੀ ਬਣਨ ਤੋਂ ਬਚਾਈ ਰੱਖਣਾ ਹੈ।

ਗੁਰੂ ਜੀ ਅਨੁਸਾਰ ਮਨੁੱਖ ਦੇ ਸਦਾਚਾਰਕ ਜੀਵਨ ਦੀ ਉਸਾਰੀ ਜਤੀ ਹੋਣ ਨਾਲ ਆਰੰਭ ਹੁੰਦੀ ਹੈ। ਉਨ੍ਹਾਂ ਅਨੁਸਾਰ ਸਾਰਾ ਜੀਵਨ ਹੀ ਬ੍ਰਹਮਚਰਯ ਦਾ ਜੀਵਨ ਹੈ।

---

1. Radha Krishanan (Dr.) The Principal Upnishadas, P, 110

ਜੋ ਜਤ ਸਤ ਸੰਜਮ ਹੋਵੇ। ਜੀਵਨ ਆਦਰਸ਼ ਦੀ ਘਾੜਤ ਦਾ ਮੂਲ ਕਾਮ ਹੈ।

ਜਤ ਪਹਾਰਾ ਧੀਰਜ ਸੁਨਿਆਰ ॥।

( ਆਦਿ ਗ੍ਰੰਥ, ਪੰਨਾ 2)

ਕਾਮ ਦੀ ਪ੍ਰਬਲ ਬਿਰਤੀ ਉੱਪਰ ਗ੍ਰਿਹਸਥ ਦੇ ਦੁਆਰਾ ਹੀ ਕਾਬੂ ਪਾਇਆ ਜਾ ਸਕਦਾ ਹੈ। ਇਸੇ ਕਰਕੇ ਸਿੱਖ ਧਰਮ ਵਿਚ ਗ੍ਰਿਹਸਥ ਨੂੰ ਬੜਾ ਉੱਚਾ ਦਰਜਾ ਪ੍ਰਾਪਤ ਹੈ। ਅਸਲ ਵਿਚ ਗੁਰੂ ਨਾਨਕ ਦਾ ਚਿਤਵਿਆ ਧਰਮ ਗ੍ਰਿਹਸਥੀਆਂ ਦਾ ਧਰਮ ਹੈ।[1] ਗੁਰੂ ਜੀ ਨੇ ਕਾਮ ਦਾ ਮਨੋਭਾਵ ਦੇ ਤੌਰ ਤੇ ਖੰਡਨ ਕੀਤਾ ਹੈ। ਉਸਦੀ ਪ੍ਰਾਣੀ ਮਾਤਰ ਦ੍ਰਿਸ਼ਟੀ ਤੋਂ ਆਲੋਚਨਾ ਨਹੀਂ ਹੈ।[2] ਉੱਥੋਂ ਤਕ ਕਾਮ ਬਿਰਤੀ ਨਿੰਦਣ ਯੋਗ ਹੈ, ਜਿੱਥੋਂ ਤਕ ਉਹ ਅਧਿਆਤਮਿਕ ਤੌਰ ਤੇ ਹਾਨੀਕਾਰਕ ਹੈ। ਕਿਉਂਕਿ ਗੁਰੂ ਸਾਹਿਬ ਪ੍ਰਵਿਰਤੀ ਮਾਰਗ ਤੋਂ ਗ੍ਰਿਹਸਥ ਧਰਮ ਦੇ ਪੱਖੀ ਸਨ ਅਤੇ ਮਰਯਾਦਿਤ ਵਿਵਹਤ ਜੀਵਨ ਨੂੰ ਗੈਰ ਇਖਲਾਕੀ ਨਹੀਂ ਮੰਨਦੇ ਹਨ। ਉਨ੍ਹਾਂ ਦੀ ਦ੍ਰਿਸ਼ਟੀ ਵਿਚ ਪਰ-ਇਸਤਰੀ ਗਮਨ ਹੀ ਅਨੈਤਿਕ ਹੈ:-

ਅਖੀ ਸੂਤਕ ਵੇਖਣਾ ਪਰ ਤ੍ਰਿਆ ਪਰ ਧਨ ਰੂਪੁ ॥

( ਆਦਿ ਗ੍ਰੰਥ, ਪੰਨਾ 472)

---

1. Kohli S.S.(Dr.) Philosophy of Guru Nanak, P. 39

2. Avtar Singh (Dr.) Ethics of the Sikhs, P. 59

(ਅ) ਕ੍ਰੋਧ

ਭਾਰਤੀ ਦਰਸ਼ਨ ਸਾਹਿਤ ਵਿਚ ਕ੍ਰੋਧ ਦੇ ਸਰੂਪ ਸੰਬੰਧੀ ਕਾਫ਼ੀ ਵਿਚਾਰ ਮਿਲਦੇ ਹਨ। ਕ੍ਰਿਸ਼ਨ ਜੀ ਅਨੁਸਾਰ ਕਾਮ ਅਤੇ ਕ੍ਰੋਧ ਰਜੋਗੁਣ ਤੋਂ ਪੈਦਾ ਹੁੰਦੇ ਹਨ। ਇਹ ਭੋਗਾਂ ਨਾਲ ਸ਼ਾਂਤ ਹੋਣ ਵਾਲਾ ਨਹੀਂ, ਇਹ ਮਹਾਂ ਪਾਪੀ ਹੈ ਅਤੇ ਇਸਨੂੰ ਵੈਰੀ ਕਰਕੇ ਜਾਣੋ।[1] ਪ੍ਰਾਚੀਨ ਭਾਰਤੀ ਸਾਹਿਤ ਵਿਚ ਕ੍ਰੋਧ ਨੂੰ ਲੋਭ ਦਾ ਜਾਂ ਮੋਹ ਜਾਂ ਭ੍ਰਮ ਦਾ ਬੱਚਾ ਕਿਹਾ ਗਿਆ ਹੈ। ਹਿੰਦੂ ਦਰਸ਼ਨ ਦੇ ਸਭ ਸਕੂਲਾਂ ਵਿਚ ਇਸ ਦਾ ਵਰਣਨ ਮਿਲਦਾ ਹੈ। ਪਾਤੰਜਲੀ ਨੇ ਯੋਗਾਂ ਸੂਤਰਾਂ ਦੇ ਸੂਤਰ 34 ਵਿਚ ਇਸ ਦਾ ਵਰਣਨ ਕੀਤਾ ਹੈ। ਸਿੱਖ ਦਰਸ਼ਨ ਵਿਚ ਕ੍ਰੋਧ ਦੀ ਵਰਤੋਂ ਸਮਾਜਿਕ ਪਹਿਲੂਆਂ ਨੂੰ ਵਧੇਰੇ ਪ੍ਰਭਾਵਿਤ ਕਰਦੀ ਹੈ। ਸਵੈ -ਕੰਟਰੋਲ ਹੀ ਕ੍ਰੋਧ ਦੇ ਸਮੇਂ ਇਕ ਨੇਕ ਕੰਮ ਹੈ ਅਤੇ ਇਸ ਬ੍ਰਿਤੀ ਨੂੰ ਕਾਬੂ ਕਰਨ ਲਈ ਜ਼ਰੂਰੀ ਹੈ। ਜਿਹੜੇ ਮੂਡ ਵਿਅਕਤੀ ਨੂੰ ਮੁਖ ਤੌਰ ਉੱਤੇ ਪ੍ਰਭਾਵਿਤ ਕਰਦੇ ਹਨ, ਉਹ ਗੁੱਸਾ ਅਤੇ ਡਰ ਦੇ ਮੂਡ ਹੀ ਹਨ। ਮਨੁੱਖਤਾ ਦੇ ਔਖੇ ਦੁਖ ਟਾਲੇ ਜਾ ਸਕਦੇ ਹਨ, ਜੇਕਰ ਮਨੁੱਖ ਕ੍ਰੋਧ ਨੂੰ ਆਪਣੇ ਆਪ ਤੋਂ ਦੂਰ ਰਖਣਾ ਸਿੱਖ ਲਵੇ। ਇਹ ਬ੍ਰਿਤੀ ਪਰਿਸਥਿਤੀਆਂ ਦੀ ਪੈਦਾਵਾਰ ਨਹੀਂ, ਸਗੋਂ ਵਿਅਕਤੀ ਦੇ ਆਪੇ ਤੋਂ ਪੈਦਾ ਹੁੰਦੀ ਹੈ। ਇਹ ਅਨੇਕ ਔਗੁਣਾਂ ਦੀ ਜੜ੍ਹ ਹੈ।

ਇਹ ਇਕ ਪ੍ਰਭਾਵਸ਼ਾਲੀ ਅਤੇ ਸ਼ਕਤੀਸ਼ਾਲੀ ਮਨੋਵਿਕਾਰ ਹੈ। ਜਿਸਨੂੰ ਗੁਰੂ ਨਾਨਕ ਬਾਣੀ ਵਿਚ ਬਿਆਨਿਆ ਗਿਆ ਹੈ। ਇਹ ਉਚ ਜਜ਼ਬਾ ਹੈ, ਜਿਸ ਤੋਂ ਸੂਝ ਬੂਝ ਨਾਲ ਕੰਮ ਲੈ ਕੇ ਮਨੁਖ ਆਪਣੇ ਖਤਰਨਾਕ ਦੁਸ਼ਮਣਾਂ ਨਾਲ ਟਾਕਰਾ ਕਰ ਸਕਦਾ ਹੈ। ਵਿਰੋਧੀਆਂ ਤੋਂ ਆਪਣੇ ਆਪ ਨੂੰ ਬਚਾ ਸਕਦਾ ਹੈ ਅਤੇ ਉਨ੍ਹਾਂ ਉੱਤੇ ਰੋਹਬ ਪਾ ਸਕਦਾ ਹੈ। ਇਹ ਅੱਗ ਵਾਂਗ ਤੇਜ਼ ਅਤੇ ਕੌੜਾ ਜਜ਼ਬਾ ਹੈ, ਜਿਹੜਾ ਆਦਮੀ ਦੀ ਸੁਧ ਬੁਧ ਨੂੰ ਕਾਇਮ ਨਹੀਂ ਰਹਿਣ ਦਿੰਦਾ। ਇਹ ਦਵੈਸ਼ ਭਾਵ ਤੋਂ ਪੈਦਾ ਹੁੰਦਾ ਹੈ। ਕ੍ਰੋਧ ਵਿਚ ਬੁੱਧੀ ਸਾਥ ਨਹੀਂ ਦਿੰਦੀ ਅਤੇ ਕ੍ਰੋਧੀ ਆਪਣੇ ਕੰਮ ਦਾ ਨਤੀਜਾ ਨਹੀਂ ਜਾਣ ਸਕਦਾ। ਕ੍ਰੋਧ ਅਸਲ ਵਿਚ ਕਮਜ਼ੋਰੀ ਦੀ ਨਿਸ਼ਾਨੀ ਹੈ। ਪਸ਼ੂ ਬ੍ਰਿਤੀ ਕਰਕੇ, ਬਦਲੇ ਦੀ ਭਾਵਨਾ ਕਰਕੇ ਅਤੇ ਧੰਨ ਆਦਿ ਕਰਕੇ ਈਰਖਾ ਕਰਨੀ ਹੀ ਕ੍ਰੋਧ ਦਾ ਫਲ ਹੈ। ਗੁੱਸੇ ਤੋਂ ਪ੍ਰਭਾਵਿਤ ਵਿਅਕਤੀ ਆਪਣੇ ਆਪੇ ਤੋਂ ਬਾਹਰ ਹੁੰਦਾ ਹੈ ਅਤੇ ਬਾਂਦਰ ਦੀ ਤਰ੍ਹਾਂ ਨੱਚਦਾ ਹੈ।[2] ਜਿਹੜੇ ਲੋਕ ਆਪਣੇ

---

1. ਗੀਤਾ, 3/37

2. ਭਾਈ ਕਾਨ੍ਹ ਸਿੰਘ ਨਭਾ, ਗੁਰਮਤਿ ~~ਨਿਰਨ~~ ਸੁਧਾਕਰ, ਪੰਨਾ 774

ਨੂੰ ਦੂਜਿਆਂ ਤੋਂ ਵੱਖ ਸਮਝ ਕੇ ਬੁੱਧੀਮਾਨ ਸਮਝਦੇ ਹਨ ਅਤੇ ਦੂਜਿਆਂ ਦਾ ਨਿਰਾਦਰ ਕਰਦੇ ਹਨ, ਉਹ ਵੀ ਕ੍ਰੋਧ ਦੇ ਮਾਰੇ ਹੋਇਆਂ ਦੀ ਇਕ ਉਦਾਹਰਣ ਹੈ। ਅਸਲ ਵਿਚ ਕ੍ਰੋਧ ਹੰਕਾਰ ਦਾ ਨਤੀਜਾ ਹੈ।

ਗੁਰਬਾਣੀ ਵਿਚ ਇਸ ਨੂੰ ਅਗਨੀ ਕ੍ਰੋਧ ਚੰਡਾਲ ਕਿਹਾ ਗਿਆ ਹੈ। ਜਿਸ ਤਰ੍ਹਾਂ ਅਗਨੀ ਸਭ ਚੀਜ਼ਾਂ ਨੂੰ ਭਸਮ ਕਰ ਦਿੰਦੀ ਹੈ। ਇਸੇ ਤਰ੍ਹਾਂ ਕ੍ਰੋਧ ਸਭ ਗੁਣਾਂ ਨੂੰ ਨਸ਼ਟ ਕਰ ਦਿੰਦਾ ਹੈ। ਇਸ ਨੂੰ ਚੰਡਾਲ ਇਸ ਲਈ ਕਿਹਾ ਗਿਆ ਹੈ ਕਿ ਇਹ ਨਿਰਦਈ ਹੁੰਦਾ ਹੈ। ਇਸ ਕਰਕੇ ਗੁਰੂ ਨਾਨਕ ਨੇ ਆਪਣੀ ਬਾਣੀ ਵਿਚ ਕ੍ਰੋਧ ਦੇ ਵਿਕਰਾਲ ਕਰਮ ਦਾ ਅਨੁਭਵ ਕਰਦੇ ਹੋਏ ਫੁਰਮਾਇਆ ਹੈ:-

ਕਾਮ ਕ੍ਰੋਧ ਕਾਇਆ ਕਉ ਗਾਲੈ
ਜਿਉਂ ਕੰਚਨ ਸੋਹਾਗਾ ਢਾਲੈ ॥

( ਆਦਿ ਗ੍ਰੰਥ, ਪੰਨਾ 1358)

ਕਾਮ ਅਤੇ ਕ੍ਰੋਧ ਕਾਇਆ ਨੂੰ ਇਸ ਤਰ੍ਹਾਂ ਸਤਿਆਨਾਸ ਕਰ ਦਿੰਦੇ ਹਨ, ਜਿਸ ਤਰ੍ਹਾਂ ਸੁਹਾਗਾ ਸੋਨੇ ਨੂੰ ਢਾਲ ਦਿੰਦਾ ਹੈ। ਉਨ੍ਹਾਂ ਅਨੁਸਾਰ ਇਹ ਅੰਤਰਧਨ ਚੁਰਾਂਦਾ ਹੈ:-

ਕਾਮ ਕ੍ਰੋਧ ਅੰਤਰਿ ਧਨ ਹਿਰੈ ॥

( ਆਦਿ ਗ੍ਰੰਥ, ਪੰਨਾ 352)

ਗੁਰੂ ਨਾਨਕ ਦੇਵ ਜਦੋਂ 'ਕਲਹਿਰ ਬੂਰੀ ਸੰਸਾਰ ਵਾਦੇ ਖਪੀਐ' ਉਚਾਰਦੇ ਹਨ, ਤਾਂ ਉਨ੍ਹਾਂ ਦਾ ਮਨੋਰਥ ਇਹ ਦਸਣਾ ਹੈ ਕਿ ਕ੍ਰੋਧ ਮਨੋਬ੍ਰਿਤੀ ਤੋਂ ਕਲਹ ਲੜਾਈ ਝਗੜਾ ਹੈ ਤੇ ਵਾਦ ਵਿਵਾਦ ਪੈਦਾ ਹੁੰਦੇ ਹਨ। ਇਸ ਆਪਣੇ ਰਹੱਸ ਅਨੁਭਵ ਦੁਆਰਾ ਗੁਰੂ ਜੀ ਸੁਖਸੀ ਨੈਤਿਕ ਦ੍ਰਿਸ਼ਟੀ ਤੋਂ ਕ੍ਰੋਧ ਨਾਲ ਸੜ ਰਹੀ ਲੋਕਾਈ ਨੂੰ ਕ੍ਰੋਧ ਤੋਂ ਬਚਣ ਲਈ ਪ੍ਰੇਰਨਾ ਦਿੰਦੇ ਹਨ। ਜਦੋਂ ਉਹ ' ਕਾਮ, ਕ੍ਰੋਧ, ਜਲੈ ਸਭ ਕੋਈ' ਫੁਰਮਾਉਂਦੇ ਹਨ, ਤਾਂ ਉਹ ਨੈਤਿਕ ਆਚਾਰ ਵਿਧਾਨ ਰਾਹੀਂ ਸਾਧਕ ਨੂੰ ਤਾੜਨਾ ਦਿੰਦੇ ਹਨ।

ਅੰਤ ਵਿਚ ਅਸੀਂ ਕਹਿ ਸਕਦੇ ਹਾਂ ਕਿ ਕ੍ਰੋਧ ਵੀ ਮਾਨਸਿਕ ਦੁਰਬਲਤਾ ਦਾ ਚਿੰਨ੍ਹ ਹੈ। ਮਾਸਿਕ ਦੁਰਬਲਤਾ ਵਾਲਾ ਮਨੁੱਖ ਪ੍ਰਭੂ ਭਗਤੀ ਵਿਚ ਧਿਆਨ ਨਹੀਂ ਲਗਾ ਸਕਦਾ। ਉਸ ਪਾਸੋਂ ਭਗਤੀ ਨਹੀਂ ਹੋ ਸਕਦੀ। ਸੰਸਾਰ ਵਿਚ ਕਿਹੜਾ ਅਜਿਹਾ ਦੁਸ਼ਟ ਹੈ, ਜਿਸਨੂੰ ਕ੍ਰੋਧ ਵਿਚ ਅੰਨ੍ਹਾ ਹੋਇਆ ਮਨੁੱਖ ਨਹੀਂ ਕਰ ਸਕਦਾ। ਉਹ ਤਾਂ ਚੰਗੇ ਭਲੇ ਮਨੁੱਖ ਦੀ ਵੀ ਨਿਰਾਦਰੀ ਕਰਨੋਂ ਸੰਕੋਚ ਨਹੀਂ ਕਰਦਾ ।

****

## (ੲ) ਲੋਭ

ਭਾਰਤੀ ਦਰਸ਼ਨ ਵਿਚ ਲੋਭ ਬਾਰੇ ਵਰਣਨ ਮਿਲਦਾ ਹੈ। ਨਿਆਇ ਸ਼ਾਸਤਰ ਵਿਚ ਇਸ ਨੂੰ ਉਸ ਤਰ੍ਹਾਂ ਹੀ ਬੁਰਾਈ ਦੀ ਜੜ੍ਹ ਕਿਹਾ ਹੈ, ਜਿਵੇਂ ਕਾਮ ਨੂੰ। ਤਿਆਗ ਵਿਚ ਖੁਸ਼ੀ ਹਾਸਲ ਕਰੋ ਅਤੇ ਉਸ ਦਾ ਲਾਲਚ ਨਾ ਕਰੋ, ਜੋ ਦੂਜਿਆਂ ਦਾ ਹੱਕ ਹੈ।[1] ਨਰਕ ਦੇ ਤਿੰਨ ਬੂਹਿਆਂ ਵਿਚੋਂ ਇਕ ਬੂਹਾ ਲੋਭ ਦਾ ਹੈ।[2] ਪਾਤੰਜਲੀ ਇਸ ਨੂੰ ਯੋਗ ਸੂਤਰਾਂ ਵਿਚ ਦੂਜਿਆਂ ਬਿਰਤੀਆਂ ਦਾ ਸਹਿਯੋਗੀ ਕਹਿੰਦਾ ਹੈ। ਦੂਜਿਆਂ ਦੀਆਂ ਵਸਤੂਆਂ ਪ੍ਰਤੀ ਇੱਛਾ ਰਖਣਾ ਹੀ ਲੋਭ ਹੈ।[3] ਇੱਥੋਂ ਤਕ ਕਿ ਜਿਹੜੇ ਮਨੁੱਖ ਪੂਰਣਤਾ ਨੂੰ ਪੁੱਜ ਚੁੱਕੇ ਹੁੰਦੇ ਹਨ, ਇਹ ਜਜ਼ਬਾ ਉਨ੍ਹਾਂ ਨੂੰ ਵੀ ਪ੍ਰਭਾਵਿਤ ਕਰਨੋਂ ਨਹੀਂ ਰਹਿੰਦਾ। ਉਨ੍ਹਾਂ ਨੂੰ ਵੀ ਇਸ ਤੋਂ ਸੰਕੋਚ ਕਰਨਾ ਚਾਹੀਦਾ ਹੈ। ਗੁਰੂ ਨਾਨਕ ਸਾਹਿਬ ਵੀ ਫੁਰਮਾਉਂਦੇ ਹਨ ਕਿ ਲਾਲਚੀ ਮਨ ਨੂੰ ਕਦੀ ਵੀ ਸ਼ਾਂਤੀ ਨਹੀਂ ਮਿਲਦੀ ਅਤੇ ਲਾਲਚ ਵਸ ਸਭ ਦਿਸ਼ਾਵਾਂ ਵਿਚ ਭਟਕਦਾ ਫਿਰਦਾ ਹੈ। ਉਹ ਕਿਸੇ ਨੂੰ ਵਫਾਦਾਰ ਨਹੀਂ, ਸਿਵਾਇ ਉਸ ਦੇ ਧਨ ਦੌਲਤ ਦੇ, ਜਿਸ ਲਈ ਉਹ ਅੰਤ ਵਿਚ ਸਭ ਨੂੰ ਧੋਖਾ ਦਿੰਦਾ ਹੈ। ਗੁਰੂ ਜੀ ਤਦ ਹੀ ਫੁਰਮਾਉਂਦੇ ਹਨ:-

ਲੋਭੀ ਕਪਟੀ, ਪਾਪੀ ॥

( ਆਦਿ ਗ੍ਰੰਥ, ਪੰਨਾ 9 59)

ਗੁਰੂ ਜੀ ਕਾਇਆ ਨੂੰ ਸੰਬੋਧਨ ਕਰਦੇ ਕਹਿੰਦੇ ਹਨ ਕਿ ਹੇ ਕਾਇਆ ਤੂੰ ਲੋਭ ਲਾਲਚ, ਕੂੜ ਦੇ ਭਾਰ ਨੂੰ ਤੂੰ ਉਠਾਉਂਦੀ ਹੈ, ਪਰ ਤੈਨੂੰ ਮੈਂ ਮਿੱਟੀ ਵਾਂਗੂੰ ਰੁਲਦੇ ਵੇਖਿਆ ਹੈ:-

ਤੂੰ ਕਾਇਆ ਮੈਂ ਰੁਲਦੀ ਦੇਖੀ
ਜਿਉ ਧਰ ਉਪਰ ਛਾਰੋ ॥

( ਆਦਿ ਗ੍ਰੰਥ, ਪੰਨਾ 145)

ਜਿਨ੍ਹਾਂ ਦੇ ਮਨ ਅੰਦਰ ਲੋਭ ਸਮਾ ਜਾਂਦਾ ਹੈ, ਉਹ ਪਰਮਾਤਮਾ ਨੂੰ ਭੁਲ ਜਾਂਦੇ ਹਨ ਅਤੇ ਲੋਭ ਵਸ ਕੁਰਾਹੇ ਪੈ ਕੇ ਸੰਸਾਰ ਵਿਚ ਗਲਤ ਕੰਮਾਂ ਵਿਚ ਮਗਨ ਹੋ ਕੇ ਆਪਣਾ ਜੀਵਨ ਨਸ਼ਟ ਕਰ ਲੈਂਦੇ ਹਨ।

---

1. ਈਸ਼ ਉਪਨਿਸ਼ਦ, 1
2. ਗੀਤਾ , 16/21
3. ਕਾਨ੍ਹ ਸਿੰਘ ਨਾਭਾ, ਗੁਰਮਤਿ ਸੁਧਾਕਰ, ਪੰਨਾ 322

ਜੀਵਨ ਵਿਅਰਥ ਗੁਆ ਦਿੰਦੇ ਹਨ। ਲੋਭੀ ਨੂੰ ਇਕ ਹਲਕੇ ਕੁੱਤੇ ਨਾਲ ਤੁਲਨਾ ਦਿੱਤੀ ਹੈ, ਜੋ ਲਾਲਚ ਵਸ ਸਭ ਪਾਸੇ ਦੌੜਦਾ ਹੈ ਅਤੇ ਸਭ ਕੁਝ ਖਾ ਖਾਂਦਾ ਹੈ।

ਲਬੁ ਕੁਤਾ ਕੂੜੁ ਚੂਹੜਾ
ਠਗਿ ਖਾਧਾ ਮੁਰਦਾਰ ॥

( ਆਦਿ ਗ੍ਰੰਥ, ਪੰਨਾ 225)

ਉਹ ਦੂਜਿਆਂ ਦਾ ਹੱਕ ਖਾ ਜਾਂਦੇ ਹਨ, ਜਿਸਨੂੰ ਗੁਰੂ ਜੀ ਹਿੰਦੂ ਅਤੇ ਮੁਸਲਮਾਨ ਦੋਹਾਂ ਲਈ ਬਹੁਤ ਬੁਰਾ ਮੰਨਦੇ ਹਨ:—

ਹਕੁ ਪਰਾਇਆ ਨਾਨਕਾ
ਉਸ ਸੂਅਰ ਉਸ ਗਾਇ ॥

( ਆਦਿ ਗ੍ਰੰਥ, ਪੰਨਾ 422)

ਜਪੁਜੀ ਵਿਚ ਦੂਜਿਆਂ ਦਾ ਹੱਕ ਖੋਹ ਕੇ ਖਾਣ ਵਾਲਿਆਂ ਲੋਭੀ ਮਨੁੱਖਾਂ ਨੂੰ ਗੁਰੂ ਜੀ ਨੇ ਹਰਾਮ ਖੋਰ ਕਿਹਾ ਹੈ:-

ਅਸੰਖ ਚੋਰ ਹਰਾਮ ਖੋਰ ॥

( ਆਦਿ ਗ੍ਰੰਥ, ਪੰਨਾ 2)

ਲੋਭੀ ਮਨੁੱਖ ਸੰਸਾਰ ਦੇ ਸਾਰੇ ਪਦਾਰਥ ਪਰਾਪਤ ਕਰਕੇ ਵੀ ਭੁੱਖਾ ਹੀ ਰਹਿੰਦਾ ਹੈ। ਉਹ ਕਦੇ ਵੀ ਨਹੀਂ ਰੱਜਦਾ :-

ਭੁਖਿਆਂ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ ॥

( ਆਦਿ ਗ੍ਰੰਥ, ਪੰਨਾ 2)

ਉਹ ਲੋਕ ਇਹ ਨਹੀਂ ਸੋਚਦੇ ਕਿ ਲੋਭ ਜਾਂ ਲਾਲਚ ਦੇ ਵਸ ਜੇ ਕਰ ਸੰਸਾਰ ਦੀ ਦੌਲਤ ਇਕੱਠੀ ਕਰ ਵੀ ਲੈਣਗੇ, ਤਾਂ ਵੀ ਉਹ ਸਾਥ ਨਹੀਂ ਜਾਣੀ। ਇਹ ਦੌਲਤ ਪਾਪ ਕਮਾਉਣ ਨਾਲ ਲੋਭ ਦੇ ਵਸ ਹੀ ਇਕੱਠੀ ਕੀਤੀ ਜਾਂਦੀ ਹੈ ਅਤੇ ਹੱਕ ਹਲਾਲ ਨਾਲ ਕਮਾਈ ਕਰਨੀ ਬੜੀ ਔਖੀ ਹੈ:—

ਪਾਪਾ ਬਾਝਹੁ ਹੋਵੈ ਨਾਹੀ
ਮੋਇਆ ਸਾਥ ਨ ਜਾਈ ॥

( ਆਦਿ ਗ੍ਰੰਥ, ਪੰਨਾ 211)

ਅੰਤ ਵਿਚ ਅਸੀਂ ਕਹਿ ਸਕਦੇ ਹਾਂ ਕਿ ਲੋਭ ਮਨੁੱਖ ਲਈ ਭਗਤੀ-ਮਾਰਗ ਉੱਤੇ ਚਲਣ ਲਈ ਵੀ ਰੁਕਾਵਟ ਹੈ। ਭਗਤੀ ਦਾ ਆਦਰਸ਼ ਪ੍ਰਭੂ ਨਾਲ ਇਕਮਿਕਤਾ ਪ੍ਰਾਪਤ ਕਰਨਾ ਹੈ, ਪਰੰਤੂ ਦੁਨਿਆਵੀ ਪਦਾਰਥਾਂ ਦਾ ਲੋਭ ਲਾਲਚ ਇਸ ਆਦਰਸ਼ ਦੀ ਪ੍ਰਾਪਤੀ ਵਿਚ ਸਾਧਕ ਲਈ ਬਾਧਕ ਸਿੱਧ ਹੁੰਦਾ ਹੈ। ਅਸਲ ਵਿਚ ਲੋਭ ਇਕ ਮਾਨਸਿਕ ਰੋਗ ਹੈ, ਜਿਹੜਾ ਮਨੁੱਖ ਨੂੰ ਘੁਣ ਦੀ ਤਰ੍ਹਾਂ ਖਾਂਦਾ ਹੈ।

****

(ਸ਼) ਮੋਹ

ਬੁੱਧ ਧਰਮ ਵਿਚ ਮੋਹ ਨੂੰ ਅਗਿਆਨ ਕਿਹਾ ਹੈ ਜਿਹੜਾ ਕਿ ਬੁਰਾਈ ਦੀਆਂ ਤਿੰਨ ਜੜ੍ਹਾਂ ਵਿਚੋਂ ਇਕ ਹੈ। ਇਸ ਨੂੰ ਆਮ ਕਰਕੇ ਮੋਹ ਜਾਲ ਆਖਿਆ ਜਾਂਦਾ ਹੈ। ਸਿਵਾਏ ਚਾਰਵਾਕ ਦੇ ਭਾਰਤੀ ਦਰਸ਼ਨ ਦੇ ਸਭ ਸਕੂਲਾਂ ਅਨੁਸਾਰ ਕਿਸੇ ਵਸਤੂ ਨਾਲ ਮੋਹ ਪਾਉਣਾ ਅਸਲੀਅਤ ਤੋਂ ਬਹੁਤ ਦੂਰ ਜਾਣਾ ਹੈ। ਮੋਹ ਹੀ ਪਰਿਵਾਰ ਦਾ ਜਨਮ ਦਾਤਾ ਹੈ। ਮੋਹ ਵਿਚ ਬੱਝੇ ਹੀ ਅਸੀਂ ਕੰਮ ਕਾਰ ਕਰਦੇ ਹਾਂ। ਇਹ ਪ੍ਰਾਣੀ ਦੀ ਵਿਚਾਰਧਾਰਾ ਨੂੰ ਤੰਗਦਿਲੀ ਦੀਆਂ ਵਲਗਣਾਂ ਵਿਚ ਜਕੜ ਦਿੰਦਾ ਹੈ ਅਤੇ ਇਹ ਸਾਡੀ ਅਗਿਆਨਤਾ ਦਾ ਪਰਿਣਾਮ ਹੈ। ਮੋਹ ਤੋਂ ਛੁਟਕਾਰਾ ਪਾਉਣ ਵਾਲੇ ਵਿਅਕਤੀ ਨੂੰ ਗੁਰੂ ਜੀ ਨੇ ਬਹਾਦਰ ਸੂਰਮਾ ਕਿਹਾ ਹੈ। ਇਹੀ ਵਿਚਾਰ ਭਗਵਤ ਗੀਤਾ ਵਿਚ ਮਿਲਦਾ ਹੈ। ਮੋਹ ਦਾ ਤਿਆਗ ਕਰਕੇ ਹੀ ਪ੍ਰਾਣੀ ਸੰਸਾਰ ਵਿਚ ਖੁਸ਼ ਰਹਿ ਸਕਦਾ ਹੈ। ਇਸ ਕਰਕੇ ਗੁਰੂ ਜੀ ਫੁਰਮਾਉਂਦੇ ਹਨ ਕਿ ਸੰਸਾਰਕ ਵਸਤੂ ਨਾਲ ਲਿਪਟਣਾ ਨਹੀਂ ਚਾਹੀਦਾ, ਸਗੋਂ ਇਹ ਸੰਸਾਰ ਵਿਚ ਕੇਵਲ ਫੁੱਲਾਂ ਦੀ ਤਰ੍ਹਾਂ ( ਜਿਵੇਂ ਉਹ ਪਾਣੀ ਵਿਚ ਰਹਿੰਦਾ ਵੀ ਪਾਣੀ ਤੋਂ ਨਿਰਲੇਪ ਰਹਿੰਦਾ ਹੈ) ਰਹਿਣਾ ਚਾਹੀਦਾ ਹੈ:-

ਜੈਸੇ ਜਲ ਮਹਿ ਕਮਲੁ ਨਿਰਾਲਮੁ
ਮੁਰਗਾਈ ਨੈਸਾਣੇ ॥
ਸੁਰਤਿ ਸਬਦਿ ਭਵ ਸਾਗਰੁ ਤਰੀਐ
ਨਾਨਕ ਨਾਮੁ ਵਖਾਣੇ ॥

( ਆਦਿ ਗ੍ਰੰਥ, ਪੰਨਾ 570)

ਸੰਸਾਰ ਵਿਚ ਇਸ ਤੋਂ ਮੁਕਤ ਹੋਣਾ ਹੀ ਵਿਅਕਤੀ ਦੇ ਭਲੇ ਵਿਚ ਹੈ। ਦੁਨਿਆਵੀ ਵਸਤਾਂ ਦਾ ਮੋਹ ਛੱਡ ਕੇ ਹੀ ਪਰਮ-ਪਦ ਦੀ ਪ੍ਰਾਪਤੀ ਹੁੰਦੀ ਹੈ, ਪਰੰਤੂ ਇਸ ਮੋਹ ਦਾ ਉਸ ਸੱਚੇ ਵਾਹਿਗੁਰੂ ਦੀ ਨਦਰਿ ਨਾਲ ਨਾਸ਼ ਹੁੰਦਾ ਹੈ। ਜਿਵੇਂ:-

ਨਦਰਿ ਕਰੇ ਤਾਂ ਏਹ ਮੁਹੁ ਜਾਇ ॥
ਨਾਨਕ ਹਰਿ ਸਿਉ ਰਹੈ ਸਮਾਇ ॥

( ਆਦਿ ਗ੍ਰੰਥ, ਪੰਨਾ 356)

ਮਨੁੱਖ ਦਾ ਜਿਸ ਨਾਲ ਵੀ ਮੋਹ ਹੁੰਦਾ ਹੈ, ਉਸਦੇ ਦੁਖੀ ਹੋਣ ਨਾਲ ਕੁਦਰਤੀ ਤੌਰ ਤੇ ਮਨੁੱਖ ਨੂੰ ਦੁਖ ਹੁੰਦਾ ਹੈ। ਇਸ ਕਰਕੇ ਗੁਰੂ ਨਾਨਕ ਬਾਣੀ ਵਿਚ ਥਾਂ ਥਾਂ ਇਸ ਮੋਹ ਦਾ ਖੰਡਨ ਕੀਤਾ ਗਿਆ ਹੈ। ਇਸ ਨੂੰ ਝੂਠ ਦਸਿਆ ਹੈ ਅਤੇ ਇਹ ਪਿਆਰ , ਇਹ

ਇਹ ਸੁਆਦ ਸਭ ਕਾਲਖ ਦਾ ਟਿੱਕਾ ਹਨ ਅਤੇ ਮਨੁੱਖ ਦੇ ਇਖਲਾਕੀ ਜੀਵਨ ਉੱਪਰ ਧੱਬੇ ਹਨ:-

ਜੇਤਾ ਮੋਹ ਪਰੀਤਿ ਸੁਆਦ॥
ਸਭ ਕਾਲਖ ਦਾਗਾ ਦਾਗ ॥

( ਆਦਿ ਗ੍ਰੰਥ, ਪੰਨਾ 662)

ਭਾਵੇਂ ਇਸ ਮੋਹ ਵਿਚ ਕੀ ਜਾਨਵਰ, ਕੀ ਪੰਛੀ, ਕੀ ਮਨੁੱਖ ਸਭ ਬੱਧੇ ਹੋਏ ਹਨ, ਪਰੰਤੂ ਗੁਰੂ ਜੀ ਨੇ ਦਸਿਆ ਹੈ ਕਿ ਇਸ ਮੋਹ ਕਰਕੇ ਹੀ ਪ੍ਰਾਣੀ ਮੁੜ ਮੁੜ ਜੋਨੀ ਵਿਚ ਪੈਂਦਾ ਹੈ ਅਤੇ ਨਰਕ ਨੂੰ ਜਾਂਦਾ ਹੈ। ਇਹ ਮੋਹ ਸਭ ਝੂਠਾ ਅਤੇ ਭਰਮ ਹੈ:-

ਮੋਹ ਕੁਟੰਬ ਮੋਹ ਸਭ ਕਾਰ ॥
ਮੋਹੁ ਤੁਮ ਤਜਹੁ ਸਗਲ ਵੇਕਾਰ ॥

( ਆਦਿ ਗ੍ਰੰਥ, ਪੰਨਾ 356)

ਮੋਹ ਦੇ ਪ੍ਰਭਾਵ ਥੱਲੇ ਹੀ ਮਨੁੱਖ ਸੰਸਾਰਕ ਵਸਤੂਆਂ ਲਈ ਅੰਨ੍ਹਾ ਹੋਇਆ ਫਿਰਦਾ ਹੈ, ਪਾਪ ਕਮਾਉਂਦਾ ਹੈ ਅਤੇ ਨਰਕਾਂ ਦਾ ਭਾਗੀ ਬਣਦਾ ਹੈ। ਜਿਨ੍ਹਾਂ ਪਦਾਰਥਾਂ ਦਾ ਪਲ ਦਾ ਭਰੋਸਾ ਨਹੀਂ, ਉਨ੍ਹਾਂ ਦੇ ਚੱਕਰ ਵਿਚ ਹੀ ਪਿਆ ਰਹਿੰਦਾ ਹੈ। ਸੰਸਾਰ ਵਿਚ ਸਭ ਮੋਹ ਦੇ ਬੱਧੇ ਹੋਏ ਹਨ। ਨਾ ਕੋਈ ਕਿਸੇ ਦਾ ਪੁੱਤਰ ਅਤੇ ਨਾ ਕੋਈ ਕਿਸੇ ਦੀ ਮਾਂ ਹੈ। ਐਵੇਂ ਲੋਕ ਝੂਠੇ ਭਰਮਾਂ ਵਿਚ ਭੁੱਲੇ ਫਿਰਦੇ ਹਨ। ਗੁਰੂ ਜੀ ਫੁਰਮਾਉਂਦੇ ਹਨ:

ਨ ਕਿਸ ਕਾ ਪੂਤ ਨਾ ਕਿਸਕੀ ਮਾਈ
ਝੂਠੈ ਮਹਿ ਭਰਮਿ ਭੁਲਾਈ ॥

( ਆਦਿ ਗ੍ਰੰਥ, ਪੰਨਾ 357)

****

## (ਹ) ਹਉਮੈ ਜਾਂ ਅਹੰਕਾਰ

ਭਾਰਤੀ ਦਰਸ਼ਨ ਵਿਚ ਅਹੰਕਾਰ ਦਾ ਦਾਰਸ਼ਨਿਕ ਚਿੰਤਨ ਹੋਇਆ ਹੈ। ਮਨ, ਬੁੱਧੀ, ਚਿੱਤ ਅਤੇ ਅਹੰਕਾਰ ਨੂੰ ਸੂਖਮ ਸਰੀਰ ਕਿਹਾ ਗਿਆ ਹੈ। ਇਹ ਸਥੂਲ ਸਰੀਰ ਦੇ ਵਿਨਾਸ਼ ਉਪਰੰਤ ਆਤਮਾ ਨਾਲ ਤੁਰ ਜਾਂਦਾ ਹੈ।[1] ਮਨ, ਬੁੱਧੀ, ਚਿੱਤ ਅਤੇ ਅਹੰਕਾਰ - ਇਨ੍ਹਾਂ ਚਾਰਾਂ ਦਾ ਮੇਲ ਹੀ ਜੀਵ ਹੈ।[2] ਹਉਮੈ ਦਾ ਅਰਥ ਅਹੰਕਾਰ ਕੀਤਾ ਜਾਂਦਾ ਹੈ।[3] ਹਉਮੈ ਦਾ ਇਕ ਹੋਰ ਅਰਥ ਵੀ ਕੱਢਿਆ ਹੈ, ਉਹ ਹੈ ਪਾਪ ( sin )[4] ਵੇਦਾਂਤ ਵਿਚ ਅਹੰਕਾਰ ਅਗਿਆਨਤਾ ਦੇ ਪ੍ਰਗਟਾਵੇ ਵੱਜੋਂ ਵਰਤਿਆ ਜਾਂਦਾ ਹੈ। ਅਗਿਆਨਤਾ ਵੇਦਾਂਤ ਅਨੁਸਾਰ ਮਨ ਅੰਦਰ ਸੱਚ ਤੇ ਝੂਠ, ਠੀਕ ਅਤੇ ਗਲਤ ਦੀ ਮਿਲਾਵਟ ਤੋ ਪਿਆ ਇਕ ਭਰਮ ਹੈ।[5] ਈਸਾਈ ਮੱਤ ਵਿਚ ਇਹ ਸ਼ਬਦ ਹਉਮੈ ਵਰਗੇ ਅਰਥਾਂ ਨੂੰ ਸਮਝਾਉਂਦਾ ਹੈ। ਅਸਲ ਵਿਚ ਇਸਾਈ ਮੱਤ ਵਿਚ ਹਉਮੈ ਵਿਚ ਫਸ ਕੇ ਰੱਬ ਨੂੰ ਭੁਲ ਜਾਣ ਨੂੰ ਹੀ ਪਾਪ ( sin ) ਕਹਿੰਦੇ ਹਨ। ਗੀਤਾ ਵਿਚ ਵੀ ( 13.8) ਦਸਿਆ ਹੈ ਕਿ ਗਿਆਨ ਪ੍ਰਾਪਤੀ ਲਈ ਅਹੰਕਾਰ ਨਹੀਂ ਹੋਣਾ ਚਾਹੀਦਾ।[6]

ਗੁਰਬਾਣੀ ਵਿਚ ਵੀ ਹਉਮੈ ਵਿਚ ਫਸ ਕੇ ਬੰਦੇ ਦੇ ਕੀਤੇ ਕੁਕਰਮਾਂ ਨੂੰ ਪਾਪ ਗੁਨਾਹ ਜਾਂ ਅਪਰਾਧ ਕਿਹਾ ਜਾਂਦਾ ਹੈ। ਪਰ ਇਹ ਹਉਮੈ ਨਹੀਂ, ਹਉਮੈ ਦਾ ਪ੍ਰਤੀਕਰਮ ਹੈ। ਅੱਗੇ ਚਲ ਕੇ ਮੈਕਲੋਡ ਨੇ ਇਨ੍ਹਾਂ ਅਰਥਾਂ ਨੂੰ ਰੱਦ ਕਰ ਦਿੱਤਾ ਹੈ। ਕਿਉਂਕਿ ਈਸਾਈ ਮੱਤ ਵਿਚ ਪਾਪ ਸ਼ਬਦ ਆਪਣੇ ਅਰਥਾਂ ਤੋਂ ਬਹੁਤ ਅੱਗੇ ਲੰਘ ਜਾਂਦਾ ਹੈ ਅਤੇ ਇਸ ਦਾ ਪ੍ਰਯੋਗ ਵਿਅਕਤੀ ਦੀਆਂ ਸੀਮਾਵਾਂ ਤੋਂ ਬਾਹਰ ਵੀ ਬ੍ਰਹਿਮੰਡ ਦੀਆਂ ਪ੍ਰਕ੍ਰਿਆਵਾਂ ਦੇ ਸੰਬੰਧ ਵਿਚ ਹੋਣ ਲਗਦਾ ਹੈ। ਜਦਕਿ ਹਉਮੈ ਕੇਵਲ ਵਿਅਕਤੀਗਤ ਪ੍ਰਸੰਗ ਵਿਚ ਹੀ ਸਮਝੀ ਜਾ ਸਕਦੀ ਹੈ।[7]

---

1. Radha Krishanan (Dr.) and P.T.Raju The Concept of man, , P.232
2. ਮਿਸ਼ਰ ਜਯ ਰਾਮ(ਡਾ.) ਸ੍ਰੀ ਗੁਰੂ ਦਰਸ਼ਨ ( ਹਿੰਦੀ) ਪੰਨਾ 186
3. Mecaullif . The Sikh Religion, Vol.I, page 227
4. W.H. Mcclod , Guru Nanak for Sikh Religion, P, 183
5. Das Gupta S.N. (Dr.) A History of Indian Philosophy Vol.I, page 458-59
6. ਗੀਤਾ, 13.8
7. W.H.Meclod, Guru Nanak & Sikh Religion, p, 183

ਹਉਮੈ ਦੀਰਘ ਰੋਗ ਹੈ
ਦਾਰੂ ਭੀ ਇਸ ਮਾਹਿ ॥

( ਆਦਿ ਗ੍ਰੰਥ, ਪੰਨਾ 230)

ਹਉਮੈ ਦਾ ਇਕ ਸੰਕਲਪ ਝੇੜਾ ਹੈ, ਜਿਹੜਾ ਮਨੁੱਖ ਨੂੰ ਅਭਿਮਾਨ ਵਿਚ ਫਸਾ ਕੇ ਰੱਖ ਦਿੰਦਾ ਹੈ। ਅਤੇ ਮਨੁੱਖ ਹਉਮੈ ਦਾ ਅਸਾਧ ਰੋਗ ਦੀ ਦਵਾਈ ਵੀ ਹਉਮੈ ਹੀ ਹੈ। ਇਕ ਆਤਮ -ਵਿਸ਼ਵਾਸ ਵਾਲਾ ਪੱਖ ਜੋ ਡੋਲਣ ਤੋਂ ਬਚਾਉਂਦਾ ਹੈ। ਦੂਜੇ ਸਵੈ-ਚੇਤਨਾ ਦਾ ਕੰਮ ਕਰਦਾ ਹੈ। ਆਪਣੇ ਆਪੇ ਤੋਂ ਚੇਤੰਨ ਹੋਇਆ ਮਨੁੱਖ ਆਪਣੇ ਕਰਮ - ਕੁਕਰਮ ਆਪਣਾ ਭਲਾ ਬੁਰਾਜਾਣਦਾ ਹੁੰਦਾ ਹੈ। ਇਸ ਲਈ ਇਹ ਦਾਰੂ ਹੈ।

ਅਹੰਕਾਰ, ਇਕ ਭਿਅੰਕਰ ਮਨੋਵਿਕਾ ਰ ਹੈ। ਗੁਰਬਾਣੀ ਵਿਚ ਇਸ ਲਈ ਹਉਮੈ, ਹਉ , ਗਰਭ, ਅਭਿਮਾਨ, ਹੰਕਾਰ ਅਤੇ ਅਹੰਕਾਰ ਆਦਿਕ ਸ਼ਬਦਾਂ ਦੀ ਵਰਤੋਂ ਕੀਤੀ ਹੈ। ਅਹੰਕਾਰ ਦੇ ਦੋ ਸਰੂਪਾਂ ਤਾਤਵਿਕ ਅਤੇ ਮਨੋਵਿਕਾਰਕ ਦਾ ਵਰਣਨ ਹੋਇਆ ਹੈ। ਤਾਤਵਿਕ ਪੱਖੋਂ ਹਉਮੈ ਜਗਤ ਦੀ ਉਤਪੱਤੀ ਦਾ ਕਾਰਨ ਹੈ। ਜਿਵੇਂ:-

ਹਉਮੈ ਵਿਚ ਜਗੁ ਉਪਜੈ ਪੁਰਖਾ॥

( ਆਦਿ ਗ੍ਰੰਥ, ਪੰਨਾ 946)

ਮਨੋ ਵਿਗਿਆਨ ਅਨੁਸਾਰ ਅਹੰ ( ego ) ਮਨੁੱਖ ਦਾ ਨਿਜੀ ਗੁਣ ਹੈ, ਇਹ ਸਭ ਮਨੋਵਿਕਾਰਾਂ ਤੋਂ ਮਹਾਨ ਬੁਰਾਈ ਹੈ। ਇਹ ਸੁੰਦਰਤਾ ਜਾਂ ਸ਼ਕਤੀ ਦੇ ਨਾਲ ਪੈਦਾ ਹੁੰਦਾ ਹੈ ਅਤੇ ਆਦਰਸ਼ਵਾਦੀ ਪਰੰਪਰਾ ਅਨੁਸਾਰ ਇਹ ਹਉਮੈ ਹੈ। ਹਉਮੈ ਆਪਣੀ ਵਖਰੀ ਅਤੇ ਵਿਲੱਖਣ ਹੋਂਦ ਵਿਧੀ ਦਾ ਅਹਿਸਾਸ ਹੈ।

ਇਹ ਇਕ ਅਜਿਹਾ ਸ਼ਖਸੀ ਅਵਗੁਣ ਹੈ, ਜਿਹੜਾ ਮਨੁੱਖ ਦੀ ਸ਼ਖਸੀਅਤ ਨੂੰ ਮੁਕੰਮਲ ਨਹੀਂ ਹੋਣ ਦਿੰਦਾ ਅਤੇ ਅੰਦਰੂਨੀ ਤੌਰ ਤੇ ਨਿਰਬਲ ਕਰਦਾ ਹੈ।[1] ਮਨੁੱਖ ਨੂੰ ਆਪਣੇ ਆਦਰਸ਼ ਤੋਂ ਦੂਰ ਰਖਦਾ ਹੈ। ਅਹੰਕਾਰੀ ਮਨੁੱਖ ਨੂੰ ਅੰਧਾ ਕਿਹਾ ਜਾਂਦਾ ਹੈ। " ਅਹੰਕਾਰ ਦਾ ਮਾਰਗ ਨਾਸ਼ ਦਾ ਮਾਰਗ ਹੈ। ਗਰੂਰ ਦਾ ਸਿਰ ਨੀਵਾਂ ਹੁੰਦਾ ਹੈ। ਜਿਹੜਾ ਵੀ ਆਪਣੇ ਆਪ ਨੂੰ ਉੱਚਾ ਸਮਝਦਾ ਹੈ, ਪਲ ਭਰ ਵਿਚ ਨਾਸ਼ ਹੋ ਜਾਂਦਾ ਹੈ।

---

1. Avtar Singh (Dr.) Ethics of the Sikhs, P, 13

ਇਹ ਮਨੁੱਖ ਨੂੰ ਟੀਸੀ ਉੱਪਰ ਚੜ੍ਹਾ ਕੇ ਪਟਕਾ ਮਾਰਦਾ ਹੈ। ਅਤੇ ਮਿੱਟੀ ਵਿਚ ਰੋਲ ਦਿੰਦਾ ਹੈ।[1] ਇਸੇ ਕਰਕੇ ਗੁਰੂ ਜੀ ਫੁਰਮਾਉਂਦੇ ਹਨ:-

ਗਰਬ ਨਾ ਕੀਜੈ ਨਾਨਕਾ
ਮਤੁ ਸਿਰਿ ਆਵੈ ਭਾਰਿ ॥

( ਆਦਿ ਗ੍ਰੰਥ, ਪੰਨਾ 956)

ਹੰਕਾਰ ਮਨੁੱਖ ਨੂੰ ਮਨੁੱਖ ਨਹੀਂ ਰਹਿਣ ਦਿੰਦਾ। ਹੰਕਾਰੀ ਮਨੁੱਖ ਪਾਰੇ ਵਾਂਗ ਡੋਲਦਾ ਹੈ ਅਤੇ ਉਸ ਦਾ ਮਨ ਅਸ਼ਾਂਤ ਰਹਿੰਦਾ ਹੈ। ਪ੍ਰਭੂ ਪ੍ਰਾਪਤੀ ਵਿਚ ਇਹ ਵੱਡੀ ਰੁਕਾਵਟ ਹੈ। ਇਸੇ ਕਰਕੇ ਸੁਖਸੀ ਆਚਰਣ ਦੀ ਵਡਿਆਈ ਨੂੰ ਮੁਖ ਰਖ ਕੇ ਗੁਰੂ ਜੀ ਫੁਰਮਾਂਦੇ ਹਨ:-

ਭਾਂਡਾ ਧੋਇ ਬੈਸਿ ਧੂਪੁ ਦੇਵਹੁ ਤਉ ਦੂਧੈ ਕਉ ਜਾਵਹੁ ॥

( ਆਦਿ ਗ੍ਰੰਥ, ਪੰਨਾ 662)

ਇਥੇ ਮਨ ਰੂਪੀ ਭਾਂਡੇ ਨੂੰ ਸਾਫ਼ ਤੇ ਪਵਿੱਤਰ ਕਰਨ ਦੀ ਲੋੜ ਦੱਸੀ ਹੈ। ਜਾਪੁਜੀ ਵਿਚ ਲਿਖਿਆ ਹੈ ਕਿ ਜਿਹੜਾ ਇਹ ਸਮਝਦਾ ਹੈ ਕਿ ਸਭ ਕੁਝ ਪ੍ਰਭੂ ਦੇ ਹੁਕਮ ਵਿਚ ਹੁੰਦਾ ਹੈ, ਉਹ ਹੰਕਾਰ ਵਾਲੀਆਂ ਗੱਲਾਂ ਨਹੀਂ ਕਰਦਾ:-

ਨਾਨਕ ਹੁਕਮੈ ਜੇ ਬੁਝੈ ਤਾਂ ਹਉਮੈ ਕਹੈ ਨਾ ਕੋਇ ॥

( ਆਦਿ ਗ੍ਰੰਥ, ਪੰਨ; 1)

ਵਿਕਾਰਾਂ ਦੇ ਇਸ ਮੁਖੀ ਨੂੰ ਮਾਰਨ ਨਾਲ ਬਾਕੀ ਦੇ ਵਿਕਾਰ ਨੌਕਰ ਬਣ ਜਾਂਦੇ ਹਨ:-

ਜਲੀ ਸਰੀ ਜਿਉਬਰੀ ਹਉਮੈ ਮੁਈ ਘਗਾਹੁ ॥
ਦੂਤ ਲਗੈ ਫਿਰਿ ਚਾਕਰੀ ਸਤਿਗੁਰ ਦਾ ਵੇਸਾਹ ॥

( ਆਦਿ ਗ੍ਰੰਥ, ਪੰਨਾ 18)

ਹੰਕਾਰੀ ਮਨੁੱਖ ਦੇ ਮਨ ਵਿਚ ਵਾਹਿਗੁਰੂ ਦਾ ਨਿਵਾਸ ਨਹੀਂ ਹੋ ਸਕਦਾ। ਉਸ ਦਾ ਨਿਵਾਸ ਤਾਂ ਉੱਥੇ ਹੁੰਦਾ ਹੈ, ਜਿੱਥੇ ਹਉਮੈ ਮਰ ਚੁਕਿਆ ਹੋਵੇ:-

ਹਉਮੈ ਤ੍ਰਿਸ਼ਨਾ ਮਾਰਿ ਕੈ ਸਚੁ ਰਖਿਆ ਉਰਧਾਰ ॥

( ਆਦਿ ਗ੍ਰੰਥ, ਪੰਨਾ 20)

---

1. ਕੋਹਲੀ ਸ.ਸ.(ਡਾ.) ਸਿੱਖ ਦਰਸ਼ਨ ਸੰਪਾ: ਸਿੰਗਲ ਧਰਮ ਪਾਲ,(ਡਾ.) ਪੰਨਾ 58 ( ਹਿੰਦੀ)

ਅਤੇ ਅਜਿਹੇ ਸਾਧਕ ਨੂੰ ਗੁਰੂ ਜੀ **ਸੂਚਾਚਾਰੀ** ਆਖਦੇ ਹਨ:-

ਸੂਚੈ ਭਾਂਡੈ ਸਾਚ ਸਮਾਵੈ
ਵਿਰਲੇ ਸੂਚਾਚਾਰੀ ॥

(ਆਦਿ ਗ੍ਰੰਥ, ਪੰਨਾ 597)

ਅਜਿਹੇ ਸਦਾਚਾਰ ਵਾਲੇ ਵਿਰਲੇ ਹੀ ਮਿਲਦੇ ਹਨ।

****
***
**
*

ਅਧਿਆਇ ਛੇਵਾਂ

# ਗੁਰੂ ਨਾਨਕ ਬਾਣੀ ਵਿਚ ਪਰਮ-ਮਨੁੱਖ ਦੇ ਹੋਰ ਰੂਪ

(ੳ) ਸਾਧ ਜਾਂ ਸੰਤ ਦੇ ਰੂਪ ਵਿਚ

(ਅ) ਗੁਰਮੁਖ ਦੇ ਰੂਪ ਵਿਚ

(ੲ) ਬ੍ਰਹਮ-ਗਿਆਨੀ ਦੇ ਰੂਪ ਵਿਚ

(ਸ) ਜੀਵਨ-ਮੁਕਤ ਦੇ ਰੂਪ ਵਿਚ

(ਹ) ਗੁਰੂ ਦੇ ਰੂਪ ਵਿਚ

## ਗੁਰੂ ਨਾਨਕ ਬਾਣੀ ਵਿਚ ਪਰਮ-ਮਨੁੱਖ ਦੇ ਹੋਰ ਰੂਪ

ਅਸਲ ਵਿਚ ਜੀਵਨ ਦੀ ਸਾਰੀ ਦੌੜ ਹੀ ਸੱਚ ਨੂੰ ਪਛਾਨਣ ਅਤੇ ਮਨੁੱਖੀ ਆਚਰਣ ਦੀਆਂ ਸਾਰੀਆਂ ਸੁਰਤੀਆਂ ਅਤੇ ਸ਼ਕਤੀਆਂ ਨੂੰ ਮਾਨਵੀ ਅਤੇ ਸਦਾਚਾਰਕ ਬਣਾਉਣ ਵਿਚ ਹੈ। ਮਨੁੱਖੀ ਜੀਵਨ ਦੇ ਅਜਿਹੇ ਬੁਨਿਆਦੀ ਵਿਕਾਸ ਲਈ ਆਤਮਿਕ ਚੇਤਨਤਾ ਦੀ ਹੋਂਦ ਅਤੇ ਸਿਰਜਣਾ ਬੜੀ ਜ਼ਰੂਰੀ ਹੈ ਅਤੇ ਇਸ ਸਿਰਜਣਾ ਨੂੰ ਜੋਤ ਵਿਚ ਜਗਾਉਣ ਸਮਾਨ ਅਤੇ ਇਸਨੂੰ ਨਿਰੰਤਰ ਜਗਦੀ ਰਖਣ ਲਈ ਇਸ ਦੇ ਮੂਲ ਸੋਮੇ ਨਾਲ ਜੋੜਨ ਦੀ ਲੋੜ ਹੈ। ਇਹ ਸੋਮਾ ਜਿਸ ਮਨੁੱਖ ਦੇ ਵਿਅਕਤੀਤਵ ਵਿਚ ਸਮਾਇਆ ਹੋਇਆ ਹੈ, ਉਸਨੂੰ ਹੀ ਪਰਮ -ਮਨੁੱਖ ( ਸਾਧ ਜਾਂ ਸੰਤ) ਗੁਰਮੁਖ, ਬ੍ਰਹਮ-ਗਿਆਨੀ, ਜੀਵਨ-ਮੁਕਤ ਅਤੇ ਗੁਰੂ ਆਦਿ ਦਾ ਦਰਜਾ ਦੇ ਸਕਦੇ ਹਾਂ। ਇਹ ਪਰਮ-ਮਨੁੱਖ ਉਹੀ ਵਿਅਕਤੀ ਹੈ, ਜਿਸਨੇ ਸੱਚ ਨੂੰ ਅਨੁਭਵ ਕਰ ਲਿਆ ਹੋਵੇ ਅਤੇ ਲੋਕ ਕਲਿਆਣ ਦੀ ਭਾਵਨਾ ਤੋਂ ਪ੍ਰੇਰਿਤ ਹੋਵੇ ਅਤੇ ਉਹ ਜਨ ਸਮਾਜ ਦਾ ਪ੍ਰਥ ਪਰਦਰਸ਼ਨ ਕਰਦਾ ਹੋਵੇ।

ਸੰਸਾਰ ਦੇ ਮਹਾਨ ਵਿਚਾਰਵਾਨਾਂ ਨੇ ਜਿਸ ਵਿਅਕਤੀ ਵਿਚ ਆਪਣੇ ਦੁਆਰਾ ਨਿਰਧਾਰਤ ਆਦਰਸ਼ਾਂ ਦਾ ਅਰੋਪਣ ਕੀਤਾ ਹੈ, ਉਸਨੂੰ ਕੋਈ ਨਾ ਕੋਈ ਵਿਸ਼ੇਸ਼ ਨਾਂ ਅਵੱਸ਼ ਪ੍ਰਦਾਨ ਕੀਤਾ ਹੈ। ਕੋਈ ਉਸਨੂੰ ਸੁਪੀਰੀਅਰ ਮੈਨ (Superior man) ਕਹਿੰਦਾ ਹੈ ਕੋਈ ਵਾਈਜ ਮੈਨ ( Wise-man ) ਕਹਿੰਦਾ ਹੈ। ਕੋਈ ਹਾਈਸੋਲਡ ਮੈਨ( Highsouled man ) ਅਤੇ ਕੋਈ ਸੁਪਰ ਮੈਨ ਅਤੇ ਕੋਈ ਉੱਤਮ-ਪੁਰਖ ।

ਜਿਸ ਪਰਮ - ਮਨੁੱਖ ਦਾ ਗੁਰੂ ਨਾਨਕ ਬਾਣੀ ਵਿਚ ਸੰਕਲਪ ਉਸਾਰਿਆ ਗਿਆ ਉਸਨੂੰ ਗੁਰੂ ਨਾਨਕ ਸਾਹਿਬ ਨੇ ਕਈ ਨਾਂ ਦਿੱਤੇ ਹਨ। ਜਿਵੇਂ ਗੁਰਮੁਖ, ਬ੍ਰਹਮ-ਗਿਆਨੀ ਗੁਰੂ, ਸਾਧ, (ਸੰਤ) ਅਤੇ ਜੀਵਨ-ਮੁਕਤ ਆਦਿ। ਅਸਲ ਵਿਚ ਇਹ ਸਾਰੇ ਸ਼ਬਦ ਇਕੋ ਅਧਿਆਤਮਿਕ ਪਦਵੀ ਦੇ ਸੂਚਕ ਹਨ, ਜਿਹੜੇ ਇਕ ਉੱਤਮ ਪਦਵੀ ਦੇ ਧਾਰਣੀ ਮਨੁੱਖ ਪਰਮ -ਮਨੁੱਖ ਵਲ ਸੰਕੇਤ ਕਰਦੇ ਹਨ। ਗੁਰੂ ਨਾਨਕ ਬਾਣੀ ਵਿਚ ਵਰਤੇ ਗਏ ਇਹ ਸ਼ਬਦ ਇਕ ਪੂਰਣ ਸਿੱਖ ( ਪਰਮ-ਮਨੁੱਖ) ਦੀ ਰਹਿਣੀ ਬਹਿਣੀ ਅਤੇ ਉਸਦੀਆਂ ਆਤਮਿਕ ਪ੍ਰਾਪਤੀਆਂ ਦੇ ਹੀ ਲਖਾਇਕ ਹਨ। ਪਹਿਲਾਂ ਅਸੀਂ ਪਰਮ -ਮਨੁੱਖ ਦਾ ਅਧਿਆਤਮਿਕ ਸਦਾਚਾਰਕ ਅਤੇ ਭੌਤਿਕ ਰੂਪ ਵਿਚ ਅਧਿਐਨ ਕੀਤਾ ਹੈ। ਹੁਣ ਅਸੀਂ ਇੱਥੇ ਪਰਮ -ਮਨੁੱਖ ਦੇ ਵੱਖ ਵੱਖ ਰੂਪਾਂ ਦੇ ਤੌਰ ਤੇ ਅਧਿਐਨ ਕਰਾਂਗੇ। ਇਨ੍ਹਾਂ ਨੂੰ ਪੂਰਣ ਮਨੁੱਖ ਜਾਂ ਪਰਮ

ਮਨੁੱਖ ਦਾ ਹੀ ਦੂਜਾ ਰੂਪ ਕਹਿ ਸਕਦੇ ਹਾਂ। ਸੱਚਾ ਸਿੱਖ(ਜਿਸ ਤੋਂ ਸਾਡਾ ਭਾਵ ਪਰਮ--ਮਨੁੱਖ ਹੈ) ਗੁਰਮੁਖ ਸੰਤ, ਸਾਧ ਜੀਵਨ-ਮੁਕਤ ਜਾਂ ਬ੍ਰਹਮ ਗਿਆਨੀ ਕਿਹਾ ਜਾ ਸਕਦਾ ਹੈ।[1]

---

1. ਜੱਗੀ ਰਤਨ ਸਿੰਘ (ਡਾ.) ਗੁਰੂ ਨਾਨਕ ਦੀ ਵਿਚਾਰਧਾਰਾ, ਪੰਨਾ 210
2. ਕੋਹਲੀ ਸ.ਸ. (ਡਾ.) ਸਿੱਖ ਦਰਸ਼ਨ ( ਹਿੰਦੀ) ਅਨੁ: ਸਿੰਗਲ ਧਰਮ ਪਾਲ(ਡਾ.) ਪੰਨਾ 103

****

## (ੳ) ਸਾਧ ਜਾਂ ਸੰਤ ਦੇ ਰੂਪ ਵਿਚ

ਅਸਲ ਵਿਚ ਜੀਵਨ ਦੀ ਸਾਰੀ ਦੌੜ ਹੀ ਸੱਚ ਨੂੰ ਪਛਾਣਨ ਅਤੇ ਮਨੁੱਖੀ ਆਚਰਣ ਦੀਆਂ ਸਾਰੀਆਂ ਸੁਰਤੀਆਂ ਸ਼ਕਤੀਆਂ ਨੂੰ ਮਾਨਵੀ ਅਤੇ ਸਦਾਚਾਰਕ ਬਣਾਉਣ ਵਿਚ ਹੈ। ਮਨੁੱਖੀ ਜੀਵਨ ਦੇ ਅਜਿਹੇ ਬੁਨਿਆਦੀ ਵਿਕਾਸ ਲਈ ਆਤਮਿਕ ਚੇਤਨਤਾ ਦੀ ਹੋਂਦ ਅਤੇ ਸਿਰਜਣਾ ਬੜੀ ਜ਼ਰੂਰੀ ਹੈ ਅਤੇ ਇਸ ਸਿਰਜਣਾ ਨੂੰ ਜੋਤ ਵਿਚੋਂ ਜਗਾਉਣ ਸਮਾਨ ਅਤੇ ਇਸਨੂੰ ਨਿਰੰਤਰ ਜਗਦੀ ਰਖਣ ਲਈ ਇਸ ਦੇ ਮੂਲ ਸੋਮੇ ਨਾਲ ਜੋੜਨ ਦੀ ਲੋੜ ਹੈ। ਇਹ ਸੋਮਾ ਗੁਰੂ ਦੇ ਮਹਾਨ ਵਿਅਕਤੀਤਵ ਵਿਚ ਸਮਾਇਆ ਹੋਇਆ ਹੈ ਅਤੇ ਉਸ ਦੀ ਨਦਰ ਕਰਮ ਰਾਹੀਂ ਪ੍ਰਾਪਤ ਹੁੰਦਾ ਹੈ। ਇਸ ਨੂੰ ਸੰਤ ਜਨ ਸਦਾ ਜੀਵਤ ਰਖਦੇ ਹਨ। ਜਿਵੇਂ ਸਤਿਗੁਰੂ ਵਿਚ ਅਕਾਲ ਪੁਰਖ ਦੀ ਸੱਤਾ ਸ਼ਕਤੀ ਹੈ, ਤਿਵੇਂ ਹੀ ਸੰਤ ਜਨਾਂ ਵਿਚ ਇਹ ਸ਼ਕਤੀ ਹੈ ਅਤੇ ਸੰਤ ਜਨ ਗੁਰੂ ਦੀ ਮਿਸਾਲ ਚੁੱਕ ਕੇ ਚਾਨਣ ਕਰੀ ਜਾਂਦੇ ਹਨ। ਇਸ ਲਈ ਉਨ੍ਹਾਂ ਵਿਚ ਗੁਰੂ ਦੀ ਜੋਤ ਨਿਰੰਤਰ ਜਗਦੀ ਰਹਿੰਦੀ ਹੈ, ਜਿਸ ਰਾਹੀਂ ਉਨ੍ਹਾਂ ਦੇ ਸੰਪਰਕ ਵਿਚ ਆਉਣ ਵਾਲੇ ਮਨੁੱਖ ਸਦਾ ਹਰੇ ਅਤੇ ਪ੍ਰਕਾਸ਼ਮਾਨ ਰਹਿੰਦੇ ਹਨ।

ਭਾਰਤੀ ਇਤਿਹਾਸ ਦੇ ਮੱਧ ਕਾਲ ਵਿਚ ਸੰਤ ਅਥਵਾ ਭਗਤੀ ਧਾਰਾ ਇਕ ਦੇਸ਼ ਵਿਆਪੀ ਅੰਦੋਲਨ ਦਾ ਰੂਪ ਧਾਰ ਗਈ ਸੀ। ਲੋਕਾਂ ਦੇ ਤਪਦੇ ਹਿਰਦਿਆਂ ਨੂੰ ਸ਼ਾਂਤੀ ਦੀ ਠੰਡ ਪਹੁੰਚਾਉਣ ਲਈ ਇਸ ਧਾਰਾ ਦਾ ਤਕੜਾ ਯੋਗਦਾਨ ਰਿਹਾ ਹੈ। ਇਸ ਧਾਰਾ ਦੀਆਂ ਜੜ੍ਹਾਂ ਵੈਦਿਕ ਕਾਲ ਵਿਚ ਗੱਡੀਆਂ ਹੋਈਆਂ ਲਭਦੀਆਂ ਹਨ। ਇਕ ਈਸ਼ਵਰਵਾਦ, ਪ੍ਰਭੂ ਦੀ ਅਨੰਤਤਾ, ਪ੍ਰਭੂ ਦਾ ਪ੍ਰਸਾਦਿ ਅਤੇ ਪ੍ਰੇਮ ਆਦਿ ਸੰਤ ਕਾਵਿ ਦੇ ਅਜਿਹੇ ਤੱਤ ਹਨ, ਜਿਨ੍ਹਾਂ ਦੀ ਰੂਪ ਰੇਖਾ ਵੇਦਾਂ, ਉਪਨਿਸ਼ਦਾਂ, ਸੂਤਰਾਂ ਅਤੇ ਸ਼ਾਸਤਰਾਂ ਆਦਿ ਨਾਲ ਮਿਲਦੀ ਜੁਲਦੀ ਹੈ। ਸੱਚਾ ਸਾਧੂ ਉਹ ਨਹੀਂ, ਜੋ ਘਰ ਅਤੇ ਸਮਾਜ ਤਿਆਗ ਕੇ ਭੱਜ ਨਿਕਲੇ ਸਨਿਆਸੀ ਬਣ ਜਾਵੇ ਅਤੇ ਜ਼ਿੰਦਗੀ ਦੀਆਂ ਮੁਸ਼ਕਲਾਂ ਤੋਂ ਬਚਣ ਦੀ ਕੋਸ਼ਿਸ਼ ਕਰੇ।[1] ਸਾਧ ਉਸ ਨੂੰ ਆਖਦੇ ਹਨ, ਜੋ ਪਰਾਏ ਕਾਰਜ ਨੂੰ ਸਿੱਧ ਕਰੇ।[2] ਸਾਧ ਦੀ ਹਸਤੀ ਵੀ ਉਤਨੀ ਹੀ ਉੱਤਮ ਪਹੁੰਚ ਅਤੇ ਰਮਜ਼ ਭਰੀ ਹੈ, ਜਿੰਨੀ ਪਰਮਾਤਮਾ ਦੀ ਆਪਣੀ।

---

1. S.Radha Krishanan (Dr.) Indian Philosophy, Vol.II, P, 221

2. ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼ ਪੰਨਾ 137

ਸਾਧ ਦੀ ਸ਼ੋਭਾ ਅਤੇ ਵਡਿਆਈ ਸਾਧ ਆਪ ਹੀ ਜਾਣਦਾ ਹੈ, ਅਰਥਾਤ ਉਸ ਵਰਗਾ ਕੇਵਲ ਉਹੀ ਹੁੰਦਾ ਹੈ। ਜਿਨ੍ਹਾਂ ਲੋਕਾਂ ਨੇ ਸਤਿ ਦਾ ਨਿਰੰਤਰ ਚਿੰਤਨ ਕੀਤਾ ਹੈ, ਸਤਿ ਨੂੰ ਬਾਣੀ ਵਿਚ ਉਚਾਰਿਆ ਹੈ, ਮਨ, ਬਚਨ ਅਤੇ ਕਰਮ ਨਾਲ ਉਸ ਦਾ ਆਚਰਣ ਕੀਤਾ ਹੈ ਅਤੇ ਆਚਰਣ ਤੋਂ ਬਾਅਦ ਹੋਏ ਰਸ ਸੁਆਦ ਨੂੰ ਸਾਰੇ ਵਿਸ਼ਵ ਵਿਚ ਵੰਡਣ ਲਈ ਜਿਨ੍ਹਾਂ ਦੇ ਦਿਲਾਂ ਵਿਚ ਵਿਆਕੁਲਤਾ ਪੈਦਾ ਹੋ ਗਈ ਹੈ, ਵਾਸਤਵ ਵਿਚ ਉਹੀ ਸੰਤ ਹਨ।[1]

ਜੇ ਕਿਸੇ ਨੇ ਸਾਕਾਰ ਰੱਬ ਨੂੰ ਵੇਖਣਾ ਹੋਵੇ, ਤਾਂ ਸਾਧ ਦੇ ਦਰਸ਼ਨ ਇਹ ਇੱਛਾ ਪੂਰੀ ਕਰਦੇ ਹਨ। ਜੇ ਕਰ ਕਿਸੇ ਸਾਕਾਰ ਰੂਪ ਵਿਚ ਪੂਜਾ ਕਰਨੀ ਹੋਵੇ, ਤਾਂ ਸਾਧ ਦੀ ਪੂਜਾ ਹੀ ਯੋਗ ਹੈ। ਸਾਧ ਦੀ ਸ਼ਖਸੀਅਤ ਹੀ ਪੂਜਣ ਯੋਗ ਹੁੰਦੀ ਹੈ। ਪ੍ਰਭੂ ਦਾ ਨਾਮ ਸਿਮਰਨ, ਕੀਰਤਨ ਕਰਨਾ ਅਤੇ ਸੁਣਨਾ ਉਸਦੇ ਆਚਰਨਕ ਗੁਣ ਹਨ। ਸੰਖੇਪ ਤੌਰ ਤੇ ਸੰਤ ਉਹ ਹੈ, ਜਿਸ ਨੇ ਇਕ ਮਾਤਰ ਸੱਚ ਦਾ ਅਨੁਭਵ ਕਰ ਲਿਆ ਹੈ। ਸਾਧ ਸਰਲ ਸੁਭਾਅ ਦਾ ਉਹ ਜੀਵ ਹੈ, ਜੋ ਸੁਭਾਵਿਕ ਹੀ ਅਧਿਆਤਮਿਕਤਾ ਦਾ ਰਾਹੀ ਹੁੰਦੇ ਹੋਏ, ਲੋਕ ਕਲਿਆਣ ਦੀ ਭਾਵਨਾ ਰਖਦਾ ਅਤੇ ਪਾਰਬ੍ਰਹਮ ਨੂੰ ਪਾ ਲੈਂਦਾ ਹੈ। ਸੰਤ ਸ਼ਬਦ ਨੂੰ ਅਸੀਂ ਉਸ ਵਿਅਕਤੀ ਵਿਸ਼ੇਸ਼ ਦਾ ਬੋਧਿਕ ਕਹਾਂਗੇ, ਜਿਸ ਨੇ ਸਤਿ ਰੂਪੀ ਪਰਮ -ਤੱਤ ਦਾ ਅਨੁਭਵ ਕਰ ਲਿਆ ਹੈ ਅਤੇ ਜੋ ਆਪਣੇ ਸਾਧਾਰਣ ਵਿਅਕਤੀਤਵ ਤੋਂ ਉਠ ਕੇ ਉਸ ਨਾਲ ਤਦਰੂਪ ਹੋ ਗਿਆ ਹੈ, ਅਥਵਾ ਉਸ ਦੀ ਉਪਲਬਧੀ ਦੇ ਫਲਸਰੂਪ ਅਖੰਡ ਸਤਿ ਵਿਚ ਪੂਰਨ ਰੂਪ ਨਾਲ ਪ੍ਰਤਿਸ਼ਠਿਤ ਹੋ ਗਿਆ ਹੈ।[2] ਸੰਤ ਸ਼ਬਦ ਮੂਲ ਰੂਪ ਵਿਚ ਸੰਸਕ੍ਰਿਤ ਸ਼ਬਦ ਸਨ ਦਾ ਬਹੁ ਵਚਨ ਹੈ। 'ਸਨ' ਸ਼ਬਦ ਵੀ 'ਅਸ( ਹੋਣਾ) ਧਾਤੂ ਤੋਂ ਬਣੇ ਹੋਏ 'ਸਤ' ਦਾ ਪੁਲਿੰਗ ਰੂਪ ਹੈ, ਜਿਸ ਦਾ ਅਰਥ ਕੇਵਲ ਹੋਣ ਵਾਲਾ ਜਾਂ ਰਹਿਣ ਵਾਲਾ ਹੋ ਸਕਦਾ ਹੈ।

ਇਸ ਤਰ੍ਹਾਂ 'ਸੰਤ' ਸ਼ਬਦ ਦਾ ਮੌਲਿਕ ਅਰਥ ਸ਼ੁਧ ਹੋਂਦ ਦਾ ਹੀ ਬੋਧਿਕ ਹੈ ਅਤੇ ਇਸੇ ਲਈ ਇਸ ਦਾ ਪ੍ਰਯੋਗ ਵੀ ਉਸ ਨਿੱਤ ਵਸਤੂ ਜਾਂ ਪਰਮ ਤੱਤ ਲਈ ਹੀ ਹੁੰਦਾ ਹੈ, ਜਿਸ ਦਾ ਨਾਸ਼ ਕਦੇ ਨਾਹੀਂ ਹੋ ਸਕਦਾ, ਇਕ ਰਸ ਅਤੇ ਅਵਿਕ੍ਰਿਤ ਰੂਪ ਵਿਚ ਵਿਦਮਾਨ ਰਿਹਾ ਕਰਦਾ ਹੈ। ਗੀਤਾ ਵਿਚ ਵੀ 'ਸੰਤ' ਸ਼ਬਦ ਉਪਰੋਕਤ ਅਰਥ ਵਿਚ

---

1. ਵਿਯੋਗੀ ਹਰੀ ਦਾ ਲੇਖ ਸੰਤ ਕੀ ਪਰੰਪਰਾ , ਹਿੰਦੀ ਭੂਮੀ ਕ੍ਰਾਂਤੀ (ਸਪਤਾਹਿਕ, 25 ਦਸੰਬਰ 1961) ਪੰਨਾ 1
2. ਚਤੁਰਵੇਦੀ ਪਰਸਰਾਮ ( ਆਚਾਰਯ) ਉੱਤਰੀ ਭਾਰਤ ਕੀ ਸੰਤ ਪਰੰਪਰਾ (ਹਿੰਦੀ), ਪੰਨਾ 4

ਹੀ ਪ੍ਰਯੁਕਤ ਮਿਲਦਾ ਹੈ।[1] ਆਤਮਾ ਅਤੇ ਤੀਰਥਾਂ ਨੂੰ ਵੀ ਪਵਿੱਤਰ ਕਰ ਦੇਣ ਵਾਲੀ ਪਵਿੱਤਰ ਆਤਮਾ ਸੰਤ ਹੁੰਦੀ ਹੈ।[2] ਅਧਿਆਤਮਿਕ ਦ੍ਰਿਸ਼ਟੀ ਤੋਂ ਸੰਤ ਇਕ ਪੂਰਨ ਅਤੇ ਆਦਰਸ਼ਕ ਵਿਅਕਤੀ ਹੁੰਦਾ ਹੈ, ਜਿਸ ਦਾ ਪੰਜਾ ਹੀ ਇੰਦਰੀਆਂ ਉੱਤੇ ਅਧਿਕਾਰ ਪ੍ਰਾਪਤ ਹੋ ਚੁਕਿਆ ਹੁੰਦਾ ਹੈ।[3] ਵਿਪਤਾ ਦੇ ਸਮੇਂ ਵੀ ਸੰਤ ਜਨ ਧੀਰਜ ਨਹੀਂ ਤਿਆਗਦੇ। ਉਨ੍ਹਾਂ ਦਾ ਸੁਭਾਅ ਖਿਮਾ ਕਰ ਦੇਣ ਵਾਲਾ ਹੁੰਦਾ ਹੈ। ਮਹਾਨ ਸੰਤ ਉਹੀ ਹੈ, ਜਿਸ ਨੇ ਸੱਚ ਨੂੰ ਅਨੁਭਵ ਕਰ ਲਿਆ ਹੋਵੇ, ਲੋਕ ਕਲਿਆਣ ਦੀ ਭਾਵਨਾ ਤੋਂ ਪ੍ਰੇਰਤ ਅਤੇ ਉਹ ਜਨ ਸਮਾਜ ਦਾ ਵੀ ਪੱਥ -ਪ੍ਰਦਰਸ਼ਨ ਕਰਦਾ ਹੈ।

ਹਰ ਜੁਗ ਵਿਚ ਉਤਮ ਸੰਤ ਉਹ ਪ੍ਰਾਣੀ ਹੁੰਦੇ ਹਨ, ਜੋ ਪ੍ਰਭੂ ਦਾ ਗੁਣ-ਗਾਨ ਕਰਦੇ ਹਨ। ਉਹ ਦੁਖ ਦਲਿੱਦਰ ਅਤੇ ਡਰ ਤੋਂ ਰਹਿਤ ਅਤੇ ਸਦਾ ਗਿਆਨ ਵਿਚ ਜਾਗਤ ਰਹਿ ਕੇ ਨਾਮ ਦੀ ਦਾਤ ਵੰਡਦੇ ਹਨ। ਉਹਨਾਂ ਦੀ ਸੰਗਤ ਕੁਲਾਂ ਨੂੰ ਤਾਰ ਦਿੰਦੀ ਹੈ। ਕਿਉਂਕਿ ਉਹ ਨਿਰਮਲ ਹਿਰਦੇ ਵਾਲੇ ਹੁੰਦੇ ਹਨ ਅਤੇ ਪਰਮਾਤਮਾ ਦੀ ਭਗਤੀ ਵਿਚ ਮਗਨ ਰਹਿੰਦੇ ਹਨ। ਉਹ ਆਪਣੇ ਗੁਰੂ ਦੇ ਪਿਆਰੇ ਹੁੰਦੇ ਹਨ। ਗੁਰੂ ਜੀ ਅਨੁਸਾਰ ਉਹੀ ਸੰਤ ਪ੍ਰਭੂ ਨੂੰ ਪਿਆਰਾ ਹੈ, ਜੋ ਦਿਨ ਰਾਤ ਉਸ ਦੀ ਭਗਤੀ ਵਿਚ ਮਸਤ ਹੈ:-

ਸੋ ਹਰਿਜਨ ਹਰਿ ਪ੍ਰਭ ਭਾਵੈ ।।
ਅਹਿਨਿਸਿ ਭਗਤਿ ਕਰੇ ਦਿਨੁ ਰਾਤੀ
ਲਾਜ ਛੋਡਿ ਹਰਿ ਕੇ ਗੁਣ ਗਾਵੈ ॥

( ਆਦਿ ਗ੍ਰੰਥ, ਪੰਨਾ

ਉਹਨਾਂ ਨੂੰ ਪ੍ਰਭੂ ਦਾ ਨਾਮ ਪਿਆਰਾ ਹੁੰਦਾ ਹੈ। ਉਹ ਖ਼ੁਸ਼ੀ ਗਮੀ ਤੋਂ ਦੂਰ ਰਹਿੰਦੇ ਹਨ ਅਤੇ ਜਾਤ ਪਾਤ ਦੇ ਬੰਧਨ ਤੋਂ ਮੁਕਤ ਹੁੰਦੇ ਹਨ। ਉਹ ਚੰਦਨ ਵਾਂਗ ਆਪਣੀ ਮਹਿਕ ਨਾਲ ਸਾਰੇ ਪ੍ਰਾਣੀ ਜਗਤ ਨੂੰ ਸੁਗੰਧਿਤ ਕਰਦੇ ਹਨ। ਮਾਇਆ ਉਨ੍ਹਾਂ ਦੀ ਦਾਸੀ ਹੁੰਦੀ ਹੈ। ਇਕ ਥਾਂ ਉੱਤੇ ਉਹ ਸੰਤਾਂ ਨੂੰ ਰਾਮ ਨਾਲ ਸਮਾਨਤਾ ਵੀ ਪ੍ਰਦਾਨ ਕਰਦੇ ਹਨ। ਉਹ ਵਿਕਾਰਾਂ ਤੋਂ ਮੁਕਤ ਵਿਅਕਤੀ ਹੁੰਦਾ ਹੈ ਅਤੇ ਉਸ ਵਿਚ ਤੇ ਪ੍ਰਭੂ ਵਿਚ ਕੋਈ ਅੰਤਰ ਨਹੀਂ। ਪੂਰਣ ਸੰਤ ਦੇ ਲੱਛਣ ਦਸਦੇ ਹੋਏ ਸ੍ਰੀ ਗੁਰੂ ਅਰਜਨ ਦੇਵ ਜੀ ਲਿਖਦੇ ਹਨ:-

---

ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾ ਮਨਿ ਮੰਤ ॥
ਧੰਨੁ ਸਿ ਸੇਈ ਨਾਨਕਾ ਪੂਰਨ ਸੋਈ ਸੰਤ ।

( ਆਦਿ ਗ੍ਰੰਥ, ਪੰਨਾ 319)

ਸੋ ਸੰਤ ਸ਼ਬਦ ਅਜਿਹੇ ਵਿਅਕਤੀ ਲਈ ਹੀ ਪ੍ਰਯੁਕਤ ਹੁੰਦਾ ਰਿਹਾ ਹੈ, ਜੋ ਚਿਰੰਤਨ ਸਤ ਦੀ ਅਨੁਭੂਤੀ ਕਰ ਚੁਕਿਆ ਹੈ ਅਥਵਾ ਜਿਸ ਨੂੰ ਦਿਬ ਜੋਤੀ ਦੇ ਦਰਸ਼ਨ ਉਪਲਬਧ ਹੋ ਗਏ ਹਨ।[1]

ਸਾਧ -ਜਨ ਪ੍ਰਭੂ ਦੀ ਸਿਫਤ ਸਲਾਹ ਦੇ ਭੁੱਖੇ ਹੁੰਦੇ ਹਨ। ਸੱਚਾ ਨਾਮ ਹੀ ਉਨ੍ਹਾਂ ਦੇ ਜੀਵਨ ਦਾ ਆਧਾਰ ਹੁੰਦਾ ਹੈ। ਉਹ ਗੁਣਵਾਨਾਂ ਦੇ ਚਰਨਾਂ ਦੀ ਧੂੜ ਬਣ ਕੇ ਸਦਾ ਅਨੰਦ ਵਿਚ ਮਗਨ ਰਹਿੰਦੇ ਹਨ। ਇਹ ਪੂਰਣ-ਮਨੁੱਖ (ਪਰਮ-ਮਨੁੱਖ) ਪ੍ਰਭੂ ਦੀ ਭਗਤੀ ਵਿਚ ਲੱਗੇ ਰਹਿੰਦੇ ਹਨ। ਇਹ ਭਲੇ ਸੱਚੇ, ਵਿਚਾਰਵਾਨ ਅਤੇ ਉੱਤਮ ਸੰਤ ਪੁਰਖ ਨਾਮ ਰਸ ਵਿਚ ਮਗਨ ਹੋਣ ਕਾਰਨ ਪ੍ਰਭੂ ਕਿਰਪਾ ਦੁਆਰਾ ਸੰਸਾਰ ਸਾਗਰ ਤੋਂ ਪਾਰ ਲੰਘ ਜਾਂਦੇ ਹਨ। ਇਨ੍ਹਾਂ ਦੀ ਸੰਗਤ ਗ੍ਰਹਿਣ ਕਰਨ ਯੋਗ ਹੁੰਦੀ ਹੈ:-

ਉਤਮ ਜਨ ਸੰਤ ਭਲੇ ਹਰਿ ਪਿਆਰੇ ॥
ਹਰਿ ਰਸ ਮਾਤੇ ਪਾਰਿ ਉਤਾਰੇ॥
ਨਾਨਕ ਰੇਣ ਸੰਤ ਜਨ
ਸੰਗਤਿ ਹਰ ਗੁਰਪ੍ਰਸਾਦ ਪਾਇਆ ॥

( ਆਦਿ ਗ੍ਰੰਥ, ਪੰਨਾ 403)

ਗੁਰੂ ਨਾਨਕ ਬਾਣੀ ਵਿਚ ਸੰਤ ਦੀ ਮਹਿਮਾ ਬੜੀ ਥਾਂ ਆਉਂਦੀ ਹੈ। ਇਸ ਪਹੁੰਚੇ ਹੋਏ ਪੁਰਸ਼ ਦੀ ਸਿਫਤ ਹਰ ਥਾਂ ਕੀਤੀ ਹੈ। ਗੁਰੂ ਜੀ ਤਾਂ ਆਪਣੇ ਆਪ ਨੂੰ ਸਤਾਂ ਦੀ ਚਰਨ ਧੂੜ ਦਸਦੇ ਹਨ, ਕਿਉਂਕਿ ਸੰਤਾਂ ਦੀ ਸੰਗਤ ਵਿਚੋਂ ਮੁਕਤੀ ਦਾ ਪੱਕਾ ਗੁਰੂ (ਪਰਮਾਤਮਾ) ਮਿਲ ਜਾਂਦਾ ਹੈ:-

ਭਾਈ ਰੇ, ਸੰਤ ਜਨਾਂ ਕੀ ਰੇਣੁ ॥
ਸੰਤ ਸਭਾ ਗੁਰੂ ਪਾਈਐ ਮੁਕਤਿ ਪਦਾਰਥ ਧੇਣ ।।

( ਆਦਿ ਗ੍ਰੰਥ, ਪੰਨਾ 18)

---

1. ਜੋਸ਼ੀ ਬਾਬੂ ਰਾਵ (ਡਾ.) ਸੰਤ ਕਾਵਯ ਮੇਂ ਪਰੋਕਸ਼ ਸੱਤਾ ਕਾ ਸਵਰੂਪ, (ਹਿੰਦੀ), ਪੰ:2

ਸਿੱਖ ਮੱਤ ਅਨੁਸਾਰ 'ਸੰਤ' ਤੋਂ ਮੁਰਾਦ ਕੋਈ ਖਾਸ ਪੰਥ, ਫਿਰਕਾ ਜਾਂ ਜਮਾਤ ਨਹੀਂ ਤੇ ਨਾ ਸੰਤ ਦਾ ਕੋਈ ਨਿਸ਼ਚਿਤ ਪਹਿਰਾਵਾ ਜਾਂ ਭੇਖ ਹੈ। ਬ੍ਰਾਹਮਣ, ਖੱਤਰੀ, ਵੈਸ਼ ਸ਼ੂਦਰ, ਹਿੰਦੂ, ਮੁਸਲਮਾਨ, ਸਿੱਖ, ਈਸਾਈ ਪੜ੍ਹਿਆ ਅਤੇ ਅਨਪੜ੍ਹ ਕੋਈ ਵੀ ਸੰਤ ਪਦ ਨੂੰ ਪ੍ਰਾਪਤ ਹੋ ਸਕਦਾ ਹੈ। ਹਲ ਵਾਹੁਣ ਵਾਲਾ ਕਿਰਸਾਣ ਤੇ ਰਣ-ਭੂਮੀ ਵਿਚ ਲੜ ਰਿਹਾ ਯੋਧਾ, ਹੱਟੀ ਉੱਤੇ ਬੈਠਾ ਹਟਵਾਣੀਆਂ ਅਤੇ ਵਾਣ ਵਟਣ ਵਾਲਾਂ ਇਕ ਅਤਿ ਸਾਧਾਰਣ ਮਜ਼ਦੂਰ ਵੀ ਸੰਤ ਹੋ ਸਕਦਾ ਹੈ। ਗੁਰੂ ਨਾਨਕ ਲਈ ਉਹ ਸਭ ਲੋਕ ਸੰਤ ਹਨ, ਜੋ ਨਿਰਮਲ ਅਤੇ ਪਵਿੱਤਰ ਹਿਰਦੇ ਦੇ ਮਾਲਕ ਹਨ। ਜਿਨ੍ਹਾਂ ਨੇ ਕਾਮ, ਕ੍ਰੋਧ ਲੋਭ, ਮੋਹ ਅਤੇ ਅਹੰਕਾਰ ਆਦਿ ਪੰਜ ਵਿਕਾਰਾਂ ਨੂੰ ਆਪਣੇ ਕਾਬੂ ਵਿਚ ਕਰ ਲਿਆ ਹੈ।

ਸੰਤ ਦਾ ਜੀਵਨ ਅਨੁਭਵ ਦਾ ਜੀਵਨ ਹੁੰਦਾ ਹੈ ਅਤੇ ਉਹ ਜੋ ਕੁਝ ਆਖਦਾ ਹੈ ਸੱਚਾ ਅਤੇ ਨਿੱਜੀ ਅਨੁਭਵ ਉੱਤੇ ਆਧਾਰਿਤ ਹੁੰਦਾ ਹੈ। ਸੰਤ ਦੀ ਪਦਵੀ ਪਾ ਕੇ ਮੇਰਾ ਤੇਰਾ, ਦਾ ਭੇਦ ਭਾਵ ਮਿਟ ਜਾਂਦਾ ਹੈ। ਸੰਸਾਰ ਦੇ ਸਾਰੇ ਜੀਵ ਇਕ ਸਮਾਨ ਜਾਪਦੇ ਹਨ। ਇਹ ਮੇਰਾ ਤੇਰਾ ਹੀ ਜ਼ਿਆਦਾ ਬੁਰਾਈਆਂ ਪੈਦਾ ਕਰਦਾ ਹੈ। ਅਤੇ ਜਿਸ ਦੇ ਅੰਦਰੋਂ ਇਹ ਨਿਕਲ ਗਿਆ, ਉਸ ਦੇ ਲਈ ਤਾਂ ਸਾਰਾ ਰਸਤਾ ਸਾਫ਼ ਹੋ ਜਾਂਦਾ ਹੈ। ਉਹ ਸੰਸਾਰ ਵਿਚ ਰਹਿੰਦਾ ਹੋਇਆ ਵੀ ਤਿਆਗੀ ਬਣ ਜਾਂਦਾ ਹੈ। ਪਰੰਤੂ ਅਜਿਹੇ ਲੋਕ ਸੰਸਾਰ ਵਿਚ ਘਟ ਹੀ ਹਨ, ਜੋ ਆਪ ਤਰਦੇ ਹਨ ਅਤੇ ਦੂਜਿਆਂ ਨੂੰ ਤਾਰਦੇ ਹਨ:-

> ਐਸੇ ਜਨ ਵਿਰਲੇ ਸੰਸਾਰੇ ॥
> ਗੁਰ ਸਬਦੁ ਵਿਚਾਰਹਿ ਰਹਿ ਨਿਰਾਰੇ
> ਆਪ ਤਰਹਿ ਸੰਗਤਿ ਕੁਲ ਤਾਰਹਿ ॥
> ਤਿਨ ਸਫਲ ਜਨਮ ਜਗ ਆਇਆ ॥

(ਆਦਿ ਗ੍ਰੰਥ, ਪੰਨਾ 415)

ਸੰਤ ਵੀ ਸੰਸਾਰ ਤੋਂ ਅਲਿਪਤ ਰਹਿੰਦੇ ਹਨ। ਸੰਤਾਂ ਦੇ ਗੁਣ ਨੂੰ ਤਿੰਨ ਭਾਗਾਂ ਵਿਚ ਵੰਡਿਆ ਹੈ। ਵਿਅਕਤੀਗਤ, ਸਮਾਜਿਕ ਅਤੇ ਅਧਿਆਤਮਿਕ।[1] ਗੁਰੂ ਨਾਨਕ ਨੇ ਸਦਾਚਾਰੀ ਮਨੁੱਖ ਨੂੰ ਹੀ 'ਸੰਤ' ਆਖਿਆ ਹੈ। ਸੰਤ ਬਣਨ ਲਈ ਕਿਸੇ ਕਰਮ ਕਾਂਡੀ ਸਾਧਨ ਦੀ ਲੋੜ ਨਹੀਂ। ਇਹਦੇ ਲਈ ਪ੍ਰਾਥਮਿਕ ਲੋੜ ਹੈ ਕਿ ਅਜਿਹੇ ਪੂਰਨ ਲੋਕਾਂ ਦੀ ਸੰਗਤ ਪ੍ਰਾਪਤ ਕਰਨੇ, ਨਿਮਰਤਾ ਪੂਰਵਕ ਉਨ੍ਹਾਂ ਦੀ ਸੇਵਾ ਕਰਕੇ ਚੰਗੇ ਗੁਣਾਂ ਨੂੰ ਗ੍ਰਹਿਣ

---

1. ਪਾਂਡੇ ਰਾਮ ਨਾਰਾਇਣ (ਡਾ.) ਭਗਤੀ ਕਾਵਯ ਮੇਂ ਰਹੱਸਵਾਦ (ਹਿੰਦੀ), ਪੰਨਾ 142

ਕੀਤਾ ਜਾਵੇ ਅਤੇ ਸ਼ਾਂਤੀ ਦੇ ਸਦਗੁਣ ਨੂੰ ਜੀਵਨ ਵਿਚ ਅਮਲੀ ਰੂਪ ਦਿੱਤਾ ਜਾਵੇ। ਅਸਲ ਵਿਚ ਸੰਤ ਮਾਰਗ ਇਹ ਤਰ੍ਹਾਂ ਦਾ ਲੋਕ ਕਲਿਆਣ ਦਾ ਮਾਰਗ ਹੈ, ਜਿਹੜਾ ਕਿ ਗੁਰੂ ਨਾਨਕ ਬਾਣੀ ਦਾ ਸਮੁੱਚਾ ਨਿਚੋੜ ਹੈ। ਦੇਵਤਿਆਂ ਸਾਧਾਂ ਅਤੇ ਨੇਕ ਮਨੁੱਖ ਵਾਲੇ ਸਾਰੇ ਗੁਣ ਅਪਣਾ ਕੇ ਚੰਗੇ ਕਰਮਾਂ ਦਾ ਧਾਰਨੀ ਹੀ ਸੰਤ ਅਖਵਾ ਸਕਦਾ ਹੈ, ਜਿਸ ਦੀ ਪਾਰਸ ਛੂਹ ਨਾਲ ਮਨੁੱਖੀ ਚਰਿਤਰ ਦੀ ਨਵੀਂ ਘਾੜਤ ਸ਼ੁਰੂ ਹੋ ਜਾਂਦੀ ਹੈ। ਉਜੱਲਤਾ, ਨਿਰਮਲਤਾ ਗਿਆਨ, ਪ੍ਰਭੂ ਦੀ ਨੇੜਤਾ ਦਾ ਅਨੁਭਵ, ਨਾਮ ਦੀ ਉਪਲਬਧੀ, ਪਰਮਾਤਮਾ ਦਾ ਮਿਲਾਪ, ਸਦੀਵੀ ਖੇੜਾ, ਵਿਕਾਰਾਂ ਉੱਤੇ ਜ਼ਬਤ, ਆਤਮ-ਰਸ ਦੀ ਪ੍ਰਾਪਤੀ, ਮਿਠਾਸ, ਮਾਇਆ ਤੋਂ ਨਿਰਲੇਪਤਾ ਪਰਮਾਤਮਾ ਦੀ ਪ੍ਰਸੰਨਤਾ, ਨਿਰਵੈਰਤਾ , ਹਉਮੈ ਅਤੇ ਤ੍ਰਿਸ਼ਨਾ ਰੂਪੀ ਨਰਕ ਤੋਂ ਛੁਟਕਾਰਾ ਸਹਿਨ ਦੀ ਸ਼ਕਤੀ ਆਦਿ ਵਾਲੇ ਪੁਰਸ਼ ਨੂੰ ਅਸਲੀ ਸਾਧ ਕਿਹਾ ਹੈ।[2] ਸੰਤ ਉਚ ਕੋਟੀ ਦਾ ਜੀਵ ਹੈ, ਜਿਸਨੂੰ ਲੋਕ-ਲਾਜ ਨਹੀਂ, ਮਾਨ, ਅਪਮਾਨ ਨਹੀਂ, ਸੁਖ-ਦੁਖ ਨਹੀਂ, ਮੋਹ-ਮਮਤਾ ਨਹੀਂ, ਵੈਰ ਅਤੇ ਦਵੈਸ਼ ਨਹੀਂ ਭੂਤ ਭਵਿੱਖ ਦੀ ਪ੍ਰਵਾਹ ਨਹੀਂ, ਜਿਸ ਦਾ ਆਪਣਾ- ਪਰਾਇਆ ਨਹੀਂ, ਸੰਬੰਧੀ, ਸੰਪਤੀ, ਲੈਣ ਦੇਣ ਕੁੱਝ ਵੀ ਨਹੀਂ। ਉਹ ਸੰਪੂਰਣ ਗੁਣਾਂ ਤੋਂ ਸੰਪਨ ਵਿਅਕਤੀ ਹੈ।[3]

ਜੋ ਗੁਰੂ ਪ੍ਰਤੀ ਆਤਮ ਨਿਵੇਂ ਹੋ ਕੇ ਪ੍ਰਭੂ ਦਾ ਦਾਸ ਹੋ ਗਿਆ ਹੈ, ਜਿਸ ਦਾ ਪ੍ਰਭੂ ਅਤੇ ਉਸ ਦੀ ਸ੍ਰਿਸ਼ਟੀ ਸਿਰਜਨ -ਸ਼ਕਤੀ ਅਤੇ ਵਿਨਾਸ਼ ਸ਼ਕਤੀ ਉੱਪਰ ਪੂਰਣ ਵਿਸ਼ਵਾਸ ਬੱਝ ਗਿਆ ਹੈ, ਜੋ ਪ੍ਰਭੂ ਪ੍ਰਤੀ ਏਕਾਂਤਿਕ ਭਾਵਨਾ ਰਖਦਾ ਹੈ, ਉਹ ਸਾਧ ਹੈ। ਜਿਸ ਨੇ ਸੱਚ ਵਿਚ ਆਪਣਾ ਚਿੱਤ ਲਗਾ ਲਿਆ ਹੈ, ਜੋ ਪ੍ਰਭੂ ਦਾ ਪ੍ਰੇਮ ਅਤੇ ਭਗਤੀ ਗੁਰੂ ਦੀ ਮੱਤ ਦੁਆਰਾ ਪ੍ਰਾਪਤ ਕਰਦਾ ਹੈ, ਜੋ ਸ਼ਬਦ ਦੁਆਰਾ ਆਪਣੇ ਅੰਦਰੋਂ ਹਉਮੈਂ ਨੂੰ ਸਾੜ ਦਿੰਦਾ ਹੈ, ਜੋ ਮਨ ਦੀ ਭਟਕਣਾ ਉੱਤੇ ਕਾਬੂ ਪਾ ਲੈਂਦਾ ਹੈ, ਸੱਚੇ ਨਾਮ ਨੂੰ ਹਿਰਦੇ ਵਿਚ ਵਸਾ ਲੈਂਦਾ ਹੈ, ਜੋ ਸਤਿਗੁਰੂ ਨੂੰ ਸੇਵਦਾ ਹੋਇਆ ਆਪਣੇ ਭਰਮਾਂ ਦਾ ਨਾਸ਼ ਕਰਦਾ ਹੈ, ਨਿੱਤ ਜਾਗ੍ਰਿਤ ਰਹਿ ਕੇ ਸੱਚ ਵਿਚ ਆਪਣੀ ਸੁਰਤ ਨੂੰ ਜੋੜਦਾ ਹੈ, ਏਕਾਂਤਕ ਭਾਵ ਨਾਲ ਪ੍ਰਭੂ ਦੀ ਭਗਤੀ ਕਰਦਾ ਹੈ ਅਤੇ ਪ੍ਰਭੂ ਦੇ ਸਿਮਰਨ ਦੁਆਰਾ ਮਨ ਨੂੰ ਨਿਰਮਲ ਕਰਦਾ ਹੈ, ਜੋ ਸੱਚੀ ਅਤੇ ਸੁੱਚੀ ਰਹਿਣੀ ਬਹਿਣੀ ਨੂੰ ਧਾਰਣ ਕਰਕੇ ਸੱਚੇ ਸੁਖ ਦੀ ਪ੍ਰਾਪਤੀ ਕਰਦਾ ਹੈ। ਅਤੇ ਸਿਮਰਨ ਵਿਚ ਮਨ ਲਗਦਾ ਹੈ ਅਤੇ ਤਨ, ਮਨ ਧਨ ਪ੍ਰਭੂ ਨੂੰ ਭੇਟ ਕਰ ਦਿੰਦਾ ਹੈ, ਉਹ ਸੱਚਾ ਸੰਤ ਹੈ। ਅਜਿਹੇ ਸੰਤ ਤੋਂ ਗੁਰੂ ਜੀ ਬਲਿਹਾਰ ਜਾਂਦੇ ਹਨ:-

---

1. ਪਾਂਡੇ ਰਾਮ ਨਾਰਾਇਣ(ਡਾ.) ਭਗਤੀ ਕਾਵਯ ਮੇਂ ਰਹੱਸਵਾਦ( ਹਿੰਦੀ) ਪੰਨਾ 142
2. ਦਰਸ਼ਨ ਸਿੰਘ (ਡਾ.) ਗੁਰੂ ਗ੍ਰੰਥ ਬਾਣੀ ਵਿਚ ਗੁਰੂ ਦਾ ਸੰਕਲਪ, ਪੰਨਾ 152
3. ਸੈਣੀ ਧਰਮ ਪਾਲ(ਡਾ.) ਸੰਤੋਂ ਕੇ ਧਾਰਮਿਕ ਵਿਸ਼ਵਾਸ(ਹਿੰਦੀ) ਪੰਨਾ 115

ਜਾਇ ਕਹਉ ਅਰਦਾਸਿ ਹਮਾਰੀ
ਹਉ ਸੰਤ ਜਨਾ ਬਲਿ ਜਾਉ ।

( ਆਦਿ ਗ੍ਰੰਥ, ਪੰਨਾ

ਅਤੇ ਅੰਤ ਵਿਚ ਸੱਚੇ ਸਾਧੂ ਜਾਂ ਸੰਤ ਦੀ ਪਰਿਭਾਸ਼ਾ ਇਸ ਪ੍ਰਕਾਰ ਕਰਦੇ ਹਨ:–

ਜਿਨ ਕੈ ਪਲੈ ਧਨ ਵਸੈ ਤਿਨਕਾ ਨਾਉ ਫਕੀਰ ।।
ਜਿਨ ਕੇ ਹਿਰਦੈ ਤੂ ਵਸਹਿ ਤੇ ਨਰ ਗੁਣੀ ਗਹੀਰ ।।

( ਆਦਿ ਗ੍ਰੰਥ, ਪੰਨਾ

****

(ਅ) ਗੁਰਮੁਖ ਦੇ ਰੂਪ ਵਿਚ

ਸਿੱਖ ਧਰਮ ਦੇ ਸੰਚਾਲਕ ਗੁਰੂ ਨਾਨਕ ਕਿਸੇ ਵਿਸ਼ੇਸ਼ ਮਨੁੱਖੀ ਆਦਰਸ਼ ਦੀ ਸਥਾਪਨਾ ਕਰਨ ਆਏ ਸਨ। ਉਨ੍ਹਾਂ ਦੀ ਸਭ ਤੋਂ ਵੱਡੀ ਸਮੱਸਿਆ ਕੂੜ ਦੀ ਪਾਲ ਨੂੰ ਤੋੜ ਕੇ ਮਨੁੱਖ ਨੂੰ ਸਦਾਚਾਰੀ ਬਣਾਉਣਾ ਸੀ। ਇਹ ਸਦਾਚਾਰ ਹੀ ਦੈਵੀ ਗੁਣ ਹੈ ਅਤੇ ਸਦਾਚਾਰੀ ਵਿਅਕਤੀ ਹੀ ਗੁਰਮੁਖ ਕਿਹਾ ਜਾਂਦਾ ਹੈ।

ਗੁਰਮੁਖ ਉਹ ਵਿਅਕਤੀ ਹੈ, ਜਿਸ ਦੀ ਬੁੱਧੀ ਆਤਮਾ ਅਧੀਨ ਹੋ ਜਾਂਦੀ ਹੈ ਅਤੇ ਉਹ ਇਸ ਮਨੁੱਖਾ ਜਨਮ ਨੂੰ ਕੇਵਲ ਖਾਣ ਪੀਣ ਜਾਂ ਐਸ਼ ਕਰਨ ਦਾ ਸਾਧਨ ਨਹੀਂ ਮੰਨਦਾ। ਉਹ ਸੰਸਾਰ ਨੂੰ ਸੱਤਚੀਂ ਖੇਡ ਸਮਝ ਕੇ ਗੁਰੂ ਸ਼ਰਨ ਵਿਚ ਜਾਂਦਾ ਹੈ ਅਤੇ ਗੁਰੂ ਸਿੱਖਿਆ ਉੱਪਰ ਪੂਰੀ ਤਰ੍ਹਾਂ ਅਮਲ ਕਰਦਾ ਹੋਇਆ, ਹਸਦਿਆਂ, ਖੇਡਦਿਆਂ, ਉਠਦਿਆਂ, ਬੈਠਦਿਆਂ ਅਤੇ ਨਾਮ ਜਪਦਿਆਂ ਇਸ ਸੰਸਾਰ ਰੂਪੀ ਭਵ ਸਾਗਰ ਨੂੰ ਪਾਰ ਕਰਕੇ ਆਪਣੇ ਸੋਮੇ ਵਿਚ ਲੀਨ ਹੋ ਜਾਂਦਾ ਹੈ। ਗੁਰਮੁਖ ਦੇ ਸੰਕਲਪ ਨਾਲ ਨੈਤਿਕ, ਦਾਰਸ਼ਨਿਕ ਅਤੇ ਅਧਿਆਤਮਿਕ ਅਰਥ ਜੁੜੇ ਹੋਏ ਹਨ। ਗੁਰੂ ਨਾਨਕ ਬਾਣੀ ਵਿਚ ਅਨੇਕ ਪੰਕਤੀਆਂ ਇਸ ਸੰਕਲਪ ਦੀਆਂ ਭਿੰਨ ਭਿੰਨ ਦਿਸ਼ਾਵਾਂ ਨੂੰ ਉਜਾਗਰ ਕਰਦੀਆਂ ਹਨ। ਗੁਰੂ ਨਾਨਕ ਬਾਣੀ ਵਿਚ ਗੁਰਮੁਖ ਸੰਬੰਧੀ ਹਵਾਲੇ ਜੁਪਜੀ ਦੀ ਪੰਕਤੀ 'ਗੁਰਮੁਖ ਨਾਦੰ, ਗੁਰਮੁਖਿ ਵੇਦੰ, ਗੁਰਮੁਖਿ ਰਹਿਆ ਸਮਾਈ' ਨਾਲ ਸ਼ੁਰੂ ਹੋ ਜਾਂਦੇ ਹਨ।[1]

ਗੁਰੂ ਨਾਨਕ ਸਾਹਿਬ ਨੇ ਆਪਣੀ ਬਾਣੀ ਵਿਚ ਇਕ ਵਿਸ਼ੇਸ਼ ਵਿਅਕਤੀ ਦੀ ਅਵਸਥਾ ਬਾਰੇ ਵਿਚਾਰ ਉਨ੍ਹਾਂ ਦੀ ਕਲਪਨਾ ਅਨੁਸਾਰ ਕੀਤੀ ਸੀ। ਗੁਰੂ ਜੀ ਅਨੁਸਾਰ ਇਹ ਆਦਰਸ਼ਕ ਵਿਅਕਤੀ ਦੇ ਆਤਮਿਕ ਪੱਧਰ ਵਲ ਵਿਚਾਰ ਕਰਨਾ ਹੈ। ਉਨ੍ਹਾਂ ਦੀ ਧਾਰਣਾ ਅਨੁਸਾਰ ਆਮ ਵਿਅਕਤੀ ਜਿਹੜਾ ਹਰ ਧਰਮ ਵਿਚ ਆਤਮਿਕ ਪੱਧਰ ਦੇ ਖਿਆਲ ਨਾਲ ਸਮਾਜ ਵਿਚ ਉੱਚੀ ਉਡਾਰੀ ਮਾਰਦਾ ਹੈ, ਉਹ ਗੁਰਮੁਖ ਹੈ।

ਗੁਰਮੁਖ ਨੂੰ ਸ਼ਬਦ ਅਰਥਾਤ ਨਾਮ ਦੀ ਸੋਝੀ ਹੁੰਦੀ ਹੈ ਅਤੇ ਉਹ ਆਪਣੀ ਸੁਰਤ ਨੂੰ ਨਾਮ ਵਿਚ ਲੀਨ ਰਖਦਾ ਹੈ। ਉਸਨੂੰ ਸਾਰੇ ਨਾਦਾਂ ਅਤੇ ਵੇਦਾਂ ਸ਼ਾਸਤਰਾਂ ਅਤੇ ਸਿਮਰਤੀ ਦੀ ਜਾਣਕਾਰੀ ਹੁੰਦੀ ਹੈ। ਉਹ 'ਘਟ ਹੀ ਭੀਤਰ' ਭੇਦ ਪਛਾਣਦਾ ਹੈ ਅਤੇ ਵੈਰ ਵਿਰੋਧ ਅਤੇ ਚਿੰਤਾਵਾਂ ਨੂੰ ਖਤਮ ਕਰਕੇ, ਪ੍ਰਭੂ ਦੇ ਨਾਮ ਵਿਚ ਰੰਗ ਕੇ, ਉਸ ਪ੍ਰਭੂ

---

1. ਵਜ਼ੀਰ ਸਿੰਘ (ਡਾ.) ਗੁਰਮੁਖ ਦੀ ਪਰਿਭਾਸ਼ਾ, ਨਾਨਕ ਪ੍ਰਕਾਸ਼ ਪਤ੍ਰਿਕਾ ਪਤ੍ਰਿਕਾ, ਸਤੰਬਰ, ਅੰਕ, ਪੰਨਾ 276

ਰੂਪੀ ਸੁਆਮੀ ਨੂੰ ਪਛਾਣਦਾ ਹੈ। ਉਹ ਹਰ ਵੇਲੇ ਬ੍ਰਹਿਮੰਡ ਤਕ ਗਿਆਨ ਲਈ ਵਿਚਾਰ ਕਰਦਾ ਰਹਿੰਦਾ ਹੈ। ਉਹ ਚੇਤੰਨ ਪ੍ਰਾਣੀ ਹੁੰਦਾ ਹੈ ਅਤੇ ਉਸ ਦੁਨਿਆਵੀ ਪਦਾਰਥਾਂ ਨਾਲ ਮੋਹ ਖਤਮ ਹੋ ਚੁਕਿਆ ਹੁੰਦਾ ਹੈ। ਉਹ ਕੇਵਲ ਆਤਮਿਕ ਗਿਆਨ ਦੀ ਪਰਾਪਤੀ ਲਈ ਤਾਂਘਦਾ ਹੈ ਅਤੇ ਮੋਹ ਮਾਇਆ ਦੇ ਜਾਲ ਵਿਚ ਨਹੀਂ ਫਸਦਾ। ਉਸਨੂੰ ਸੰਸਾਰਕ ਅਤੇ ਸਰੀਰਕ ਸੁਖ ਨਹੀਂ ਪੋਹੰਦੇ, ਕਿਉਂਕਿ ਉਹ ਤਾਂ ਨਾਮੀ ਖੁਸ਼ੀ ਦੀਆਂ ਭਾਵਨਾਵਾਂ ਤੋਂ ਬਹੁਤ ਉੱਚੀ ਉਡਾਰੀ ਮਾਰਦਾ ਹੈ। ਉਹ ਸਹਿਜ ਅਵਸਥਾ ਦੀ ਪ੍ਰਾਪਤੀ ਕਰਕੇ ਜੀਵਨ-ਮੁਕਤ ਦੀ ਪਦਵੀ ਪਾ ਲੈਂਦਾ ਹੈ। ਉਸ ਉੱਤੇ ਰੱਬ ਦੀ ਮੇਹਰ ਹੋਣ ਕਰਕੇ ਉਹ ਆਪ ਤਾਂ ਤਰਦਾ ਹੀ ਹੈ, ਆਪਣੇ ਪਰਿਵਾਰ ਅਤੇ ਸਮਾਜ ਨੂੰ ਵੀ ਤਾਰਦਾ ਹੈ। ਜਿਵੇਂ:—

ਗੁਰਮੁਖਿ ਅਕਥੁ ਕਥੈ ਬੀਚਾਰਿ ।।
ਗੁਰਮੁਖਿ ਨਿਬਹੈ ਸੈ ਪਰਵਾਰਿ ।।

( ਆਦਿ ਗ੍ਰੰਥ, ਪੰਨਾ 215)

ਉਸ ਲਈ ਧਨ ਅਤੇ ਸੰਪਤੀ ਆਦਿ ਦੀ ਵਰਤੋਂ ਪਵਿੱਤਰ ਹੁੰਦੀ ਹੈ, ਕਿਉਂਕਿ ਉਹ ਇਨ੍ਹਾਂ ਨੂੰ ਪ੍ਰਭੂ ਦੇ ਨਮਿਤ ਖਰਚਕੇ ਅਤੇ ਦਾਨ ਕਰਕੇ ਖੁਸ਼ੀ ਪ੍ਰਾਪਤ ਕਰਦੇ ਹਨ। ਉਨ੍ਹਾਂ ਦੇ ਮਨ ਵਿਚ ਪ੍ਰਭੂ ਦੇ ਵਸਣ ਕਰਕੇ ਮਾਇਆ ਦਾ ਪਿਆਰ ਖਤਮ ਹੋ ਜਾਂਦਾ ਹੈ।

ਗੁਰਮੁਖ ਲਈ ਸਭ ਪਵਿਰ ਹੈ ਧਨ, ਸੰਪਤੀ, ਮਾਇਆ ।।
ਹਰ ਅਰਥ ਜੋ ਪਰਚਦੇ ਦੇਦੇ ਸੁਖ ਖਾਇਆ ।।
ਜੋ ਹਰਿ ਨਾਮ ਧਿਆਇਦੇ ਤਿਨ ਤੋਟ ਨਾ ਆਵਿਆ ।।
ਗੁਰਮੁਖਾ ਨਦਰੀ ਆਵਦਾ ਮਾਇਆ ਸੁਟ ਪਾਇਆ ।।
ਨਾਨਕ ਭਗਤਾ ਹੋਰ ਚਿਤ ਨ ਆਵਈ ਹਰਿ ਨਾਮ ਸਮਾਇਆ ।।

( ਆਦਿ ਗ੍ਰੰਥ, ਪੰਨਾ 405)

ਜੋ ਜੀਵ ਸਤਿਗੁਰੂ ਦੀ ਸਤਿਅਤਾ ਪਛਾਣ ਕੇ ਆਪਣਾ ਸਰਵਸਵ ਉਸਨੂੰ ਅਰਪਿਤ ਕਰ ਦਿੰਦਾ ਹੈ, ਉਸ ਨੇ ਸ਼ਬਦਾਂ ਵਿਚ ਵਿਸ਼ਵਾਸ ਰੱਖ ਕੇ ਜੋ ਸੱਚ ਖੰਡ ਦੇ ਮਾਰਗ ਉੱਤੇ ਸਦਾ ਅੱਗੇ ਵਧਦਾ ਹੈ, ਜੋ ਗੁਰੂ ਵਿਚ ਹੀ ਪ੍ਰਤੱਖ ਬ੍ਰਹਮ ਦੇ ਦਰਸ਼ਨ ਕਰਨ ਦਾ ਅਭਿਲਾਸ਼ੀ ਹੈ, ਜੋ ਰਾਤ ਦਿਨ ਰਾਮ ਨਾਮ ਵਿਚ ਲੀਨ ਰਹਿੰਦਾ ਹੈ ਅਤੇ ਜੋ ਕੇਵਲ ਆਪਣੇ ਆਪ ਨੂੰ ਨਹੀਂ, ਆਪਣੇ ਸਮੁੱਚੇ ਪਰਿਵਾਰ ਸਾਥੀਆਂ ਅਤੇ ਹੋਰ ਸਾਰੇ ਵਿਨੀਤਾਂ ਨੂੰ ਭਵਸਾਗਰ ਤੋਂ ਪਾਰ ਪਹੁੰਚਾਣ ਵਿਚ ਸਮਰੱਥ ਹੁੰਦਾ ਹੈ, ਉਹ ਗੁਰਮੁੱਖ ਹੈ।[1]

---

1. ਸਹਿਗਲ ਮਨਮੋਹਨ(ਡਾ.) ਸੰਤ ਕਾਵਿਕਾ ਦਾਰਸ਼ਨਿਕ ਵਿਸ਼ਲੇਸ਼ਣ(ਹਿੰਦੀ) ਪੰਨਾ 78-79

ਗੁਰੂ ਦਾ ਸਿੱਖ ਜਦੋਂ ਆਪਣੀ ਘਾਲ ਕਮਾਈ ਅਤੇ ਬਹੁ ਪੱਖੀ ਸੇਵਾ ਸਦਕਾ ਗੁਰੂ ਦੀ ਪ੍ਰਸੰਨਤਾ ਦਾ ਪਾਤਰ ਬਣ ਜਾਂਦਾ ਹੈ, ਤਾਂ ਉਸ ਨੂੰ ਗੁਰਮੁਖ ਕਿਹਾ ਜਾਂਦਾ ਹੈ। ਗੁਰਮੁਖ ਸਦਾ ਹੀ ਪਾਰਖੂ ਦ੍ਰਿਸ਼ਟੀ ਦਾ ਸੁਆਮੀ ਹੁੰਦਾ ਹੈ ਅਤੇ ਇਸੇ ਬਿਬੇਕ ਸਦਕਾ ਉਹ ਪ੍ਰਭੂ ਵਿਚ ਲਿਵ ਦੀ ਪ੍ਰਾਪਤੀ ਕਰਦਾ ਹੋਇਆ ਉਸ ਦੀ ਪਹਿਚਾਣ ਕਰ ਲੈਂਦਾ ਹੈ।[1] ਅਜਿਹੇ ਮਨੁੱਖ ਵੈਰ ਵਿਰੋਧ ਤੋਂ ਉੱਪਰ ਉਠ ਕੇ ਕੇਵਲ ਰਾਮ ਦੇ ਨਾਮ ਵਿਚ ਮਸਤ ਰਹਿੰਦੇ ਹੋਏ ਪ੍ਰਭੂ ਦੀ ਪ੍ਰਾਪਤੀ ਕਰ ਲੈਂਦੇ ਹਨ:-

ਗੁਰਮੁਖ ਵੈਰ ਵਿਰੋਧ ਗਵਾਵੈ ॥
ਗੁਰਮੁਖਿ ਖਸਮ ਪਛਾਤਾ ।।

( ਆਦਿ ਗ੍ਰੰਥ, ਪਨਾ 942)

ਗੁਰਮੁਖਿ ਜੋਗੀ ਦਾ ਰੂਪ ਜਪੁਜੀ ਵਿਚ ਦਸਿਆ ਹੈ। ਗੁਰਮੁਖਿ ਜੋਗੀ ਉਹ ਹੈ, ਜਿਸ ਪਾਸ ਸੰਤੋਖ, ਧਰਮ, ਧਿਆਨ, ਕੁਆਰੀ ਕਾਇਆ, ਪਰਤੀਤਿ ਹੈ, ਜੋ ਆਈ ਪੰਥੀ ਸਗਲ ਜਮਾਤੀ, ਭਾਵ ਸਮਾਜਿਕ ਲਕਸ਼ ਦਾ ਵਿਸ਼ਵਾਸੀ ਹੈ, ਜਿਸ ਨੇ ਆਪਣਾ ਆਪ ਜਿੱਤ ਲਿਆ ਹੈ। ਗੁਰਮੁਖ ਜੋਗੀ ਉਹ ਹੈ, ਜਿਸ ਦਾ ਭੋਗ ਗਿਆਨ ਹੈ ਅਤੇ ਜਿਸ ਵਿਚ ਸਭ ਕੁਝ ਵੰਡਣ ਦੀ ਸ਼ਕਤੀ ਹੈ। ਦਇਆ ਭੰਡਾਰਣਿ) ਜੋ ਪਰਮਾਤਮਾ ਨੂੰ ਪ੍ਰਤਿਪਾਲਕ ਮੰਨਦਾ ਹੈ ਅਤੇ ਦਾਨ ਕਰਦਾ ਹੈ, ਜੋ ਹੁਕਮ ਰਜਾ ਵਿਚ ਜੀਉਂਦਾ ਹੈ:-

ਜਿਵ ਤਿਸ ਭਾਵੈ ਤਿਵੈ ਚਲਾਵੈ
ਜਿਵ ਹੋਵੈ ਫੁਰਮਾਣ ।।

( ਆਦਿ ਗ੍ਰੰਥ, ਪੰਨਾ 2)

ਜੋ ਵਿਸ਼ਵਾਸ ਰਖਦਾ ਹੈ ਕਿ ਪਰਮਾਤਮਾ ਦਾ ਆਸਣ ਸਭ ਥਾਂ ਹੈ ਅਤੇ ਉਸ ਦਾ ਭੰਡਾਰ ਅਖੁੱਟ ਹੈ। ਇਹ ਸਾਰੀ ਮਨੁੱਖਤਾ ਦੀ ਸਾਂਝ ਦਾ ਵਿਸ਼ਵਾਸ ਰਖਦਾ ਹੈ। 'ਜਤ' ਧੀਰਜ ਆਦਿ ਇਸ ਦੇ ਗਹਿਣੇ ਹਨ।[3] 'ਸਿਧ ਗੋਸਟਿ' ਵਿਚ ਜੋਗੀਆਂ ਦੇ

---

1. ਦਰਸ਼ਨ ਸਿੰਘ (ਡਾ.) ਗੁਰੂ ਗ੍ਰੰਥ ਬਾਣੀ ਵਿਚ ਗੁਰੂ [redacted] ਦਾ ਸੰਕਲਪ ਪੰਨਾ 153

2. ਸਹਿਗਲ ਮਨਮੋਹਨ (ਡਾ.) ਸੰਤ ਕਾਵਿ ਕਾ ਦਾਰਸ਼ਨਿਕ ਵਿਸ਼ਲੇਸ਼ਣ ( ਹਿੰਦੀ) ਪੰਨਾ 78-79

ਦੇ ਸਵਾਲਾਂ ਦੇ ਉੱਤਰ ਦਿੰਦਿਆਂ ਗੁਰੂ ਜੀ ਨੇ ਜੋਗੀ ਦੇ ਮੁਕਾਬਲੇ ਵਿਚ ਗੁਰਮੁਖਿ ਦੀ ਪ੍ਰਭਾਵਸ਼ਾਲੀ ਪਰਿਭਾਸ਼ਾ ਦਿੱਤੀ ਹੈ। ਪਉੜੀ ਨੰ: 27 ਤੋਂ ਲੈ ਕੇ ਪਉੜੀ ਨੰ:42 ਤਕ ਇਹ ਵਿਚਾਰ ਚਲਦਾ ਹੈ ਅਤੇ ਗੁਰਮੁਖਿ ਦੀ ਸਵਿਸਥਾਰਕ ਪਰਿਭਾਸ਼ਾ ਮਿਲਦੀ ਹੈ। ਇਸ ਵਿਚ ਗੁਰਮੁਖ ਦੇ ਆਚਰਣਵਾਨ ਹੋਣ, ਪ੍ਰਭੂ ਭਗਤੀ ਵਿਚ ਲੀਨ ਹੋਣ, ਬ੍ਰਹਮੰਡ ਦਾ ਗਿਆਨ ਹੋਣ, ਚੇਤੰਨਤਾ ਦਾ ਸਵਾਮੀ ਹੋਣ ਅਤੇ ਸਮਾਜ ਨੂੰ ਪਾਰ ਉਤਾਰਨ ਵਿਚ ਸਹਾਈ ਹੋਣ ਵਰਗੇ ਗੁਣਾਂ ਉੱਤੇ ਚਾਨਣਾ ਪਾਇਆ ਗਿਆ ਹੈ। ਗੁਰਮੁਖਿ ਦੇ ਇਨ੍ਹਾਂ ਗੁਣਾਂ ਨੂੰ ਹੀ ਸਾਰੀ ਨਾਨਕ ਬਾਣੀ ਵਿਚ ਉਲੀਕਿਆ ਗਿਆ ਹੈ। ਗੁਰੂ ਨਾਨਕ ਸਾਹਿਬ ਅਨੁਸਾਰ ਇਨ੍ਹਾਂ ਗੁਣਾਂ ਦਾ ਧਾਰਨੀ ਹੀ ਇਕ ਆਦਰਸ਼ਕ ਸਮਾਜਿਕ ਵਿਅਕਤੀ ਹੈ, ਜਿਸਨੂੰ ਅਸੀਂ ਪਰਮ-ਮਨੁੱਖ ਕਹਿ ਸਕਦੇ ਹਾਂ।

ਸਿੱਧ ਗੋਸ਼ਟਿ ਵਿਚ ਕੁਝ ਹੋਰ ਨੁਕਤੇ ਜੋ ਗੁਰਮਖ ਸੰਬੰਧੀ ਸਪਸ਼ਟ ਹੁੰਦੇ ਹਨ, ਉਨ੍ਹਾਂ ਦਾ ਸੰਖੇਪ ਸਾਰ ਇੰਝ ਹੈ।

(1) ਗੁਰਮੁਖ ਨੂੰ ਪਰਮ ਸੱਚ ਦੀ ਪ੍ਰਾਪਤੀ ਹੁੰਦੀ ਹੈ ਅਤੇ ਉਹ ਸੱਚ ਵਿਚ ਹੀ ਅਭੇਦ ਹੋ ਜਾਂਦਾ ਹੈ।

(2) ਗੁਰਮੁਖ ਲਈ ਬ੍ਰਹਮ ਅਤੇ ਬ੍ਰਹਮ ਮੰਡ ਦੇ ਕੁਲ ਰਹੱਸ ਖੁਲ ਜਾਂਦੇ ਹਨ। ਉਸਨੂੰ ਸਗਲ ਭਵਨ ਦੀ ਸੋਝੀ ਹੋ ਜਾਂਦੀ ਹੈ। ਉਹ ਕਥਨ ਤੋਂ ਬਾਹਰੀ ਰਮਜ਼ਾਂ ਨੂੰ ਪਛਾਣ ਕੇ ਉਨ੍ਹਾਂ ਸੰਬੰਧੀ ਵਿਚਾਰ ਅਕੱਥ ਕਥਾ ਕਰਨ ਦੇ ਸਮਰਥ ਹੈ।

(3) ਗੁਰਮੁਖ ਦੀ ਜੀਵਨ ਜਾਚ ਵਿਚ ਆਦਰਸ਼ਕਤਾ ਦੀ ਝਲਕ ਹੈ। ਉਸਨੇ ਆਪਣੇ ਅੰਦਰੋਂ ਹਉਮੈ ਨੂੰ ਮਾਰ ਮੁਕਾਇਆ ਹੈ। ਉਹ ਸਦਾਚਾਰਕ ਗੁਣਾਂ ਦਾ ਗੁਥਲਾ ਹੈ।

(4) ਗੁਰਮੁਖ ਆਪਣਾ ਸਮਾਂ ਉੱਤਮ ਕਾਰਜਾਂ ਵਿਚ ਬਿਤਾਉਂਦਾ ਹੈ :-

> ਗੁਰਮੁਖਿ ਪਰਚੈ ਬੇਦ ਬੀਚਾਰੀ, ਗੁਰਮੁਖ ਪਰਚੈ ਤਰੀਐ ਤਾਰੀ।
> ਗੁਰਮੁਖਿ ਪਰਚੈ ਸੁਬਦ ਗਿਆਨੀ, ਗੁਰਮੁਖਿ ਪਰਚੈ ਅੰਤਰ ਬਿਧਿ ਜਾਨੀ।।
> (ਆਦਿ ਗ੍ਰੰਥ, ਪੰਨਾ 941)

---

1. ਦਰਸ਼ਨ ਸਿੰਘ (ਡਾ.) ਗੁਰੂ ਗ੍ਰੰਥ ਬਾਣੀ ਵਿਚ ਗੁਰੂ ਦਾ ਸੰਕਲਪ, ਪੰਨਾ 153
2. ਕੋਹਲੀ ਸ.ਸ.(ਡਾ.) ਗੁਰੂ ਨਾਨਕ ਜੀਵਨ ਦਰਸ਼ਨ ਅਤੇ ਕਾਵਿ ਕਲਾ, ਪੰਨਾ 90
3. ਵਜ਼ੀਰ ਸਿੰਘ (ਡਾ.) ਨਾਨਕ ਪ੍ਰਕਾਸ਼ ਪਤ੍ਰਿਕਾ ਸਤੰਬਰ, 1975, (ਸਪਲੀਮੈਂਟ) ਪੰਨਾ 127

(5) ਗੁਰਮੁਖ ਦੇ ਲੱਛਣਾਂ ਵਿਚ ਇਹ ਗੱਲ ਸ਼ਾਮਲ ਹੈ ਕਿ ਉਹ ਉਚੱਤਮ ਗਿਆਨ ਦੀ ਪ੍ਰਾਪਤੀ ਉਪਰੰਤ ਇਸ ਗਿਆਨ ਨੂੰ ਹੋਰਨਾਂ ਨਾਲ ਸਾਂਝਾ ਕਰਨ ਲਈ ਤਤਪਰ ਰਹਿੰਦਾ ਹੈ। ਉਸਨੂੰ ਪ੍ਰਵਿਰਤੀ ਅਤੇ ਨਵਿਰਤੀ ਦੋਹਾਂ ਮਾਰਗਾਂ ਦੀ ਪਛਾਣ ਹੈ ਅਤੇ ਉਹ ਆਪਣੇ ਸੰਗੀ ਸਾਥੀ ਨੂੰ ਗਾੜੀ ਰਾਹ ਉੱਤੇ ਤੋਰਨ ਦੇ ਸਮਰੱਥ ਹੈ।[1] 'ਸਿਧਿ ਗੋਸ਼ਟਿ' ਦੀ ਅੰਤਲੀ ਪੰਕਤੀ ਕਾਦਰ ਦੀ ਕੁਦਰਤ ਵੱਲ, ਸੰਕੇਤ ਕਰਦੀ ਹੈ, ਜਿਸ ਦਾ ਰਹੱਸ ਕੇਵਲ ਗੁਰਮੁਖਿ ਪਾਸ ਹੈ:-

ਅਬਿਨਾਸ਼ੀ ਪ੍ਰਭ ਖੇਚ ਰਚਾਇਆ
ਗੁਰਮੁਖਿ ਸੋਝੀ ਹੋਈ ।।
ਨਾਨਕ ਸਭ ਜਗ ਆਪੇ ਵਰਤੇ
ਦੂਜਾ ਅਵਰ ਨ ਕੋਈ ।।

(ਆਦਿ ਗ੍ਰੰਥ, ਪੰਨਾ 946)

ਗੁਰੂ ਨਾਨਕ ਨੇ ਖੇਤੀ ਦੇ ਰੂਪਕ ਦੁਆਰਾ ਵੀ ਗੁਰਮੁਖ ਦੀ ਮਹਾਨਤਾ ਉੱਤੇ ਪ੍ਰਕਾਸ਼ ਪਾਇਆ ਹੈ। ਗੁਰਮੁਖ ਦੀ ਖੇਤੀ ਵਿਚ ਪਰਮਾਤਮਾ ਦਾ ਭੈ ਪ੍ਰਿਥਵੀ ਹੈ। ਪਵਿੱਤਰਤਾ ਉਸ ਦੇ ਸਿੰਜਣ ਲਈ ਜਲ ਹੈ, ਸਤਿ ਅਤੇ ਸੰਤੋਖ ਵਾਹੀ ਕਰਨ ਲਈ ਬੈਲ ਹੈ, ਚਿੱਤ ਹਲ ਹੈ, ਪਰਮਾਤਮਾ ਦਾ ਧਿਆਨ ਅਥਵਾ ਚੇਤਾ ਵਤਰ ਹੈ।ਪਰਮਾਤਮਾ ਦੇ ਮਿਲਣ ਦੀ ਭਾਵਨਾ ਬੀਜਣ ਦੀ ਰੁੱਤ ਹੈ, ਹਰਿ ਦਾ ਨਾਮ ਬੀਜ ਹੈ, ਪਰਮਾਤਮਾ ਦੀ ਕਿਰਪਾ ਬੋਹਲ ਹੈ। ਅਜਿਹੀ ਖੇਤੀ ਤੋਂ ਛੁਟ ਹੋਰ ਸਾਰੀ ਦੁਨੀਆਂ ਝੂਠੀ ਹੈ:।

ਗੁਰੂ ਦਾ ਸ਼ਬਦ ਉਸ ਦੀ ਸੂਰਤ ਦਾ ਪਰਿਚਯ ਹੁੰਦਾ ਹੈ। ਸ਼ਬਦ ਵਿਚ ਸਮਾਉਣ ਦੀ ਜੁਗਤੀ ਨੂੰ ਉਹ ਚੰਗੀ ਤਰ੍ਹਾਂ ਜਾਣਦਾ ਹੈ। ਇਸ ਤਰ੍ਹਾਂ ਉਹ ਗੁਰੂ ਦੇ ਨਾਮ ਨੂੰ ਜੀਵਨ ਆਧਾਰ ਬਣਾ ਕੇ ਸੰਸਾਰ ਤੋਂ ਸਦਾ ਹੀ ਨਿਰਲੇਪ ਰਹਿੰਦਾ ਹੈ। ਉਸ ਦੀ ਸੁਰਤ ਸਦਾ ਹੀ ਸਹਿਜ ਅਵਸਥਾ ਵਿਚ ਅਡੋਲ ਰਹਿੰਦੀ ਹੈ। ਇਸੇ ਲਈ ਉਹ ਇਕ ਸੱਚਾ ਯੋਗੀ ਵੀ ਹੁੰਦਾ ਹੈ। ਉਹ ਚੱਜ ਆਚਾਰ ਦਾ ਧਨੀ ਤੇ ਨਿਰਮਲਤਾ ਦਾ ਪੁੰਜ ਹੁੰਦਾ ਹੈ। ਉਹ ਮੋਹ ਮਾਇਆ ਤੋਂ ਉੱਚਾ ਮਿਠ -ਬੋਲੜਾ ਹੈ ਵੱਡੀ ਤੋਂ ਵੱਡੀ ਮੁਸੀਬਤ ਵਿਚ ਅਡੋਲ ਰਹਿਣ ਵਾਲਾ ਵਿਅਕਤੀ ਹੁੰਦਾ ਹੈ।[1] ਗੁਰਮੁਖ ਦੀ ਪਦਵੀ ਨੂੰ ਪਹੁੰਚੇ ਵਿਅਕਤੀ ਉੱਤੇ ਆਵਾਗਵਨ ਦਾ ਕੋਈ ਪ੍ਰਭਾਵ ਜਾਂ ਕੋਈ ਬੋਝ ਨਹੀਂ ਰਹਿੰਦਾ। ਉਹ ਤਾਂ ਉਸ ਦੇ ਹੁਕਮ ਵਿਚ ਹੀ ਰਹਿੰਦੇ ਹਨ:-

---

1. ਦਰਸ਼ਨ ਸਿੰਘ (ਡਾ.) <u>ਗੁਰੂ ਗ੍ਰੰਥ ਬਾਣੀ ਵਿਚ ਗੁਰੂ ਦਾ ਸੰਕਲਪ</u> , ਪੰਨਾ 153

ਗੁਰਮੁਖ ਹੋਇ ਸੁ ਹੁਕਮ ਪਛਾਣੈ ॥
ਮਾਨੈ ਹੁਕਮ ਸਮਾਇਦਾ ।।

( ਆਦਿ ਗ੍ਰੰਥ, ਪੰਨਾ 1036)

ਗੁਰਮੁਖ ਬਣਨ ਲਈ ਹੁਕਮ ਅਨੁਸਾਰ ਜੀਵਨ ਵਿਚ ਵਿਚਰਨਾ ਜ਼ਰੂਰੀ ਦਸਿਆ ਹੈ।

ਹੁਕਮ ਮੰਨਣ ਵਾਲਾ ਪਰਮਾਤਮਾ ਨੂੰ ਪਰਵਾਨ ਹੈ ਅਤੇ ਉਸ ਨੂੰ ਪਰਮਾਤਮਾ ਦੇ ਉੱਚ ਮਹਲ ਵਿਚ ਸਥਾਨ ਮਿਲਦਾ ਹੈ।

ਗੁਰਮੁਖ ਉਹ ਆਦਰਸ਼-ਮਨੁੱਖ ਹੈ, ਜਿਹੜਾ ਗੁਰੂ ਪਰਾਇਣ ਹੁੰਦਾ ਹੈ। ਗੁਰੂ ਪਰਮਾਤਮਾ ਦਾ ਪੂਰਣ ਅਨੁਸਾਰੀ ਹੁੰਦਾ ਹੈ। ਗੁਰੂ ਨਾਨਕ ਦਾ ਆਦਰਸ਼ਕ ਮਹਾਂਪੁਰਖ ਗੁਰਮੁਖ ਹੈ। ਉਸ ਦਾ ਯਥਾਰਥ ਚਿਤਰ ਉਨ੍ਹਾਂ ਨੇ ਆਪਣੀ ਗੁਰਮਤਿ ਯੋਗ ਦੀ ਪਰਮਾਣੀਕ ਰਚਨਾ ਸਿੱਧ ਗੋਸ਼ਟੀ ਵਿਚ ਪੇਸ਼ ਕੀਤਾ ਹੈ ਅਤੇ ਜਪੁ ਜੀ ਵਿਚ ਉਸ ਦੀ ਕਮਾਲ ਦੀ ਤਾਰੀਫ਼ ਕੀਤੀ ਹੈ। ਪਰੰਤੂ ਦੁੱਖਣੀ ਓਅੰਕਾਰ ਵਿਚ ਵੀ ਉਨ੍ਹਾਂ ਦਾ ਗੁਰਮੁਖ ਦਾ ਦਿੱਤਾ ਹੋਇਆ ਚਿਤਰ ਬੜਾ ਵਚਿੱਤਰ ਹੈ। ਪਉੜੀ 2 ਅਤੇ ਪਉੜੀ 22 ਵਿਚ ਬੜਾ ਸੁੰਦਰ ਚਿਤਰਿਆ ਹੈ। ਗੁਰੂ ਜੀ ਫੁਰਮਾਉਂਦੇ ਹਨ:-

ਸੋ ਸਾਹ ਸਾਚਾ ਜਿਸ ਹਰਿ ਧਨ ਰਾਸਿ ॥
ਗੁਰਮੁਖ ਪੂਰਾ ਤਿਸ ਸਾਬਾਸਿ ॥

( ਆਦਿ ਗ੍ਰੰਥ, ਪੰਨਾ 245)

ਉਹ ਪੂਰਾ ਧਨਵਾਨ ਹੈ, ਜਿਸ ਕੋਲ ਹਰੀ ਧਨ ਦੀ ਪੂੰਜੀ ਹੈ। ਅਤੇ ਜਿਸ ਨੂੰ ਜੀਵਨ ਦੀ ਪ੍ਰਸੰਸਾ ਪ੍ਰਾਪਤ ਹੁੰਦੀ ਹੈ। ਉਹੀ ਪੂਰਾ ਗੁਰਮੁਖ ਹੈ।

****

(ੲ) ਬ੍ਰਹਮ-ਗਿਆਨੀ ਦੇ ਰੂਪ ਵਿਚ

ਗੁਰੂ ਨਾਨਕ ਬਾਣੀ ਵਿਚ ਇਕ ਅਜਿਹੇ ਸੱਚੇ ਸੁਚੇ ਮਨੁੱਖ ਦੀ ਜੋ ਅਧਿਆਤਮਿਕ ਅਤੇ ਸਦਾਚਾਰਕ ਪੱਖ ਤੋਂ ਉੱਚਾ ਉਠ ਚੁੱਕਾ ਹੈ, ਦੀ ਸਿਰਜਨਾ ਦੀ ਅੰਤਰ ਧੁਨੀ ਗੂੰਜ ਰਹੀ ਹੈ। ਇਹ ਸੱਚ ਸੁੱਚਾ ਮਨੁੱਖ ਬ੍ਰਹਮ-ਗਿਆਨੀ ਹੈ। ਬ੍ਰਹਮ-ਗਿਆਨੀ ਗੁਰਮੁਖ ਜਾਂ ਸਾਧ ਵਾਂਗ ਇਕ ਆਦਰਸ਼ਕ ਵਿਅਕਤੀ ਹੈ। ਬ੍ਰਹਮ-ਗਿਆਨੀ ਦੇ ਸ਼ਬਦੀ ਅਰਥ ਹਨ - ਉਹ ਮਹਾਨ ਮਨੁੱਖ ਜਿਸ ਨੇ ਬ੍ਰਹਮ ( ਪਰਮਾਤਮਾ) ਦਾ ਗਿਆਨ ਹਾਸਲ ਕਰ ਲਿਆ ਹੋਵੇ। ਸੁਖਮਨੀ ਸਾਹਿਬ ਵਿਚ ਗੁਰੂ ਅਰਜਨ ਦੇਵ ਜੀ ਨੇ ਬ੍ਰਹਮ ਗਿਆਨੀ ਦੀ ਪਰਿਭਾਸ਼ਾ ਵਿਚ ਕਿਹਾ ਹੈ ਕਿ ਜੋ ਮਨ ਤੋਂ ਸੱਚਾ, ਮੁਖੋਂ ਸਚ ਬੋਲਦਾ ਹੈ, ਕੇਵਲ ਪਰਮਾਤਮਾ ਨੂੰ ਹਰ ਜਗ੍ਹਾ ਵੇਖਦਾ ਹੈ, ਅਜਿਹੀਆਂ ਨਿਸ਼ਾਨੀਆਂ ਵਾਲਾ ਜੀਵ ਬ੍ਰਹਮ ਗਿਆਨੀ ਹੈ:-

ਮਨ ਸਾਚਾ ਮੁਖਿ ਸਾਚਾ ਹੋਇ ॥
ਅਵਰ ਨ ਪੇਖੈ ਏਕਸ ਬਿਨੁ ਕੋਇ ॥
ਨਾਨਕ ਇਹ ਲੱਛਣ ਬ੍ਰਹਮ ਗਿਆਨੀ ਹੋਇ ॥

( ਆਦਿ ਗ੍ਰੰਥ, ਪੰਨਾ 272)

ਗੁਰੂ ਨਾਨਕ ਬਾਣੀ ਵਿਚ ਗਿਆਨੀ ਸ਼ਬਦ ਉਸ ਵਿਅਕਤੀ ਲਈ ਪ੍ਰਯੋਗ ਵਿਚ ਲਿਆਂਦਾ ਗਿਆ ਹੈ, ਜਿਸ ਨੇ ਆਪਣੇ ਆਪ ਨੂੰ ਪਹਿਚਾਣ ਲਿਆ ਹੋਵੇ:-

ਜਿਨੀ ਆਤਮ ਚੀਨਿਆ ਪਰਮਾਤਮੁ ਸੋਈ ॥

( ਆਦਿ ਗ੍ਰੰਥ, ਪੰਨਾ 48)

ਉਹ ਆਪਣੇ ਵਾਸਤਵਿਕ ਰੂਪ ਨੂੰ ਪਛਾਣਦਾ ਅਤੇ ਗੁਰੂ ਦੀ ਕਿਰਪਾ ਦੁਆਰਾ ਬ੍ਰਹਮ ਵਿਚ ਪ੍ਰਵਿਰਤਦਾ ਹੈ। ਜੋ ਸ਼ਬਦ ਵਿਚ ਲਿਵਲੀਨ ਹਉਮੈ ਦਾ ਤਿਆਗ, ਸੱਚਾ ਕਰਨੀ ਅਤੇ ਗੁਣ ਦਾ ਧਾਰਨੀ ਹੈ, ਉਹ ਗਿਆਨੀ ਹੈ ਅਤੇ ਅਜਿਹਾ ਗਿਆਨੀ ਪਰਮਾਤਮਾ ਦੀ ਦਰਗਾਹ ਵਿਚ ਪ੍ਰਵਾਨ ਹੁੰਦਾ ਹੈ:-

ਪ੍ਰਣਵਤਿ ਨਾਨਕ ਗਿਆਨੀ ਕੈਸਾ ਹੋਇ
ਆਪੁ ਪਛਾਣੈ ਬੂਝੈ ਸੋਇ ॥
ਗੁਰ ਪ੍ਰਸਾਦਿ ਕਰੇ ਬੀਚਾਰਿ
ਸੋ ਗਿਆਨੀ ਦਰਗਹ ਪਰਵਾਣੁ ॥

( ਆਦਿ ਗ੍ਰੰਥ, ਪੰਨਾ 125)

ਇਸ ਲਈ ਗਿਆਨੀ ਗੁਰਮੁਖ ਅਥਵਾ ਬ੍ਰਹਮ -ਗਿਆਨੀ ਦੇ ਲੱਛਣ ਗੁਰੂ ਨਾਨਕ ਦੇ ਆਦਰਸ਼-ਪੁਰਸ਼ ( ਪਰਮ-ਮਨੁੱਖ) ਨਾਲ ਮੇਲ ਖਾਂਦੇ ਹਨ।

ਬ੍ਰਹਮ ਦੇ ਜਾਨਣ ਵਾਲੇ ਨੂੰ ਬ੍ਰਹਮ-ਗਿਆਨੀ ਆਖਦੇ ਹਨ।[1]

ਬ੍ਰਹਮ ਗਿਆਨੀ ਸੰਕੇਤ 'ਬ੍ਰਹਮ' ਅਤੇ ਗਿਆਨ ਦੋ ਸ਼ਬਦਾਂ ਤੋਂ ਮਿਲਕੇ ਬਣਿਆ ਹੈ। ਜੇਕਰ ਬ੍ਰਹਮ ਨੂੰ ਕਿਸੇ ਸਰਬ ਸੰਪੂਰਨ, ਪਰੰਤੂ ਅਦਿੱਖ ਹਸਤੀ ਦੇ ਅਰਥਾਂ ਵਿਚ ਲਿਆ ਜਾਵੇ, ਤਾਂ ਉਸਦਾ ਗਿਆਨ, ਰਹੱਸਮਈ ਸੋਝੀ ਅਤੇ ਆਤਮਿਕ ਅਭੇਦਤਾ ਨਾਲ ਸੰਕੇਤ ਕਰਦਾ ਹੈ। ਇਸ ਦ੍ਰਿਸ਼ਟੀ ਤੋਂ ਬ੍ਰਹਮ -ਗਿਆਨੀ ਸਾਧਾਰਨ ਮਨੁੱਖੀ ਪੱਧਰ ਤੋਂ ਉਚੇਰਾ ਜੀਵ ਹੈ, ਜੋ ਅਧਿਆਤਮਿਕ ਵਿਕਾਸ ਦੇ ਸਿਖਰਲੇ ਪੜਾਅ ਉੱਤੇ ਪੁਜ ਚੁੱਕਾ ਹੈ। ਦੂਜੇ ਪਾਸੇ ਜੇਕਰ ਬ੍ਰਹਮ ਤੋਂ ਬ੍ਰਹਿਮੰਡ ਦਾ ਅਰਥ ਲਈਏ ਤਾਂ ਬ੍ਰਹਮ -ਗਿਆਨੀ ਵਿਸ਼ਵ ਚੇਤਨਾ ਵਾਲਾ ਜੀਵ ਹੈ। ਜਿਸ ਨੇ ਅਸਾਧਾਰਨ ਬੌਧਿਕ ਪ੍ਰਾਪਤੀਆਂ ਕਰ ਲਈਆਂ ਹਨ ਅਤੇ ਜਿਸ ਉੱਤੇ ਬ੍ਰਹਿਮੰਡ ਦੇ ਰਹੱਸ ਖੁਲ੍ਹ ਗਏ ਹਨ। ਉਸ ਦੀ ਦ੍ਰਿਸ਼ਟੀ ਅਤੇ ਵਿਵੇਕ ਬੁੱਧੀ ਦੀ ਵਿਸ਼ਾਲਤਾ ਅਤੇ ਤੀਖਣਤਾ ਵਿਅਕਤੀ ਦੀਆਂ ਸੌੜੀਆਂ ਤੇ ਵਲਗਣਾਂ ਸੀਮਾਵਾਂ ਨੂੰ ਪਾਰ ਕਰਕੇ ਕਿਸੇ ਦੈਵੀ ਦ੍ਰਿਸ਼ਟੀ ਦੀ ਪੱਧਰ ਨੂੰ ਪਹੁੰਚ ਗਈਆਂ ਹਨ।[2] ਬ੍ਰਹਮ ਗਿਆਨੀ ਨੂੰ ਇਨਸਾਫ ਕਰਨ ਵਾਲਾ ਆਖਿਆ ਗਿਆ ਹੈ। ਉਹ ਆਪਣੀ ਸਾਰੀ ਜਾਇਦਾਦ ਵੰਡ ਦਿੰਦਾ ਹੈ। ਜਦੋਂ ਵੀ ਉਸ ਪਾਸ ਕੋਈ ਵਸਤੂ ਆਉਂਦੀ ਹੈ, ਉਦੋਂ ਹੀ ਲੋੜਵੰਦਾਂ ਨੂੰ ਇਹ ਸੋਚੇ ਬਿਨਾਂ ਕਿ ਉਹ ਉੱਚੇ ਹਨ ਜਾਂ ਨੀਵੇਂ ਉਨ੍ਹਾਂ ਨੂੰ ਦੇਣੀ ਵਾਜਬ ਹੈ ਜਾਂ ਨਹੀਂ, ਵੰਡ ਦਿੰਦਾ ਹੈ। ਇਹ ਬ੍ਰਹਮ-ਗਿਆਨੀ ਪਰਮਾਤਮਾ ਦੇ ਨਜ਼ਦੀਕ ਰਹਿੰਦਾ ਹੈ। ਅਜਿਹਾ ਵਿਅਕਤੀ ਦੁਖ ਸੁਖ ਦੇ ਬੰਧਨਾਂ ਤੋਂ ਮੁਕਤ ਹੁੰਦਾ ਹੈ। ਉਹ ਮਨੁੱਖ ਬੜਾ ਭਜਨੀਕ ਆਚਾਰਵੰਤ, ਸੱਚ ਦੀ ਸੋਝੀ ਰੱਖਣ ਵਾਲਾ, ਚੇਤੰਨ ਅਤੇ ਗੁਰੂ ਦੇ ਸ਼ਬਦ ਵਿਚ ਅੱਠੇ ਪਹਿਰ ਲਿਵਲੀਨ ਹਉਮੈਂ ਤੋਂ ਮੁਕਤ ਅਤੇ ਪਰਮ ਸੰਤੋਖੀ ਹੁੰਦਾ ਹੈ। ਉਹ ਨਾਂ ਤਾਂ ਕਿਸੇ ਦਾ ਭੈ ਮੰਨਦਾ ਹੈ ਅਤੇ ਨਾ ਹੀ ਭੈ ਦਿੰਦਾ ਹੈ। ਸਗੋਂ ਉਹ ਸਾਰਿਆਂ ਵਿਚ ਆਪਣੇ ਆਪ ਨੂੰ ਵਿਦਮਾਨ ਦੇਖਦਾ ਹੈ। ਅਜਿਹੇ ਵਿਅਕਤੀ ਨੂੰ ਬ੍ਰਹਮ-ਗਿਆਨੀ ਕਿਹਾ ਗਿਆ ਹੈ।

---

1. ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰਨਾ 671

2. ਵਜ਼ੀਰ ਸਿੰਘ (ਡਾ.) 'ਗੁਰਮੁਖ ਕਿ ਬ੍ਰਹਮ ਗਿਆਨੀ,' ਨਾਨਕ ਪ੍ਰਕਾਸ਼ ਪਤ੍ਰਿਕਾ ਸਤੰਬਰ, 1975( ਸਪਲੀਮੈਂਟ) ਪੰਨਾ 131

ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਵਿਚ ਬ੍ਰਹਮ-ਗਿਆਨੀ ਦੇ ਲੱਛਣਾਂ ਦਾ ਵਿਸਥਾਰ ਪੂਰਵਕ ਵਰਣਨ ਕੀਤਾ ਹੈ। ਉਨ੍ਹਾਂ ਅਨੁਸਾਰ ਉਹ ਇਕ ਨਿਰਲੇਪ , ਨਿਰਦੋਖ ਧੀਰਜਵਾਨ, ਸਮਦ੍ਰਿਸ਼ਟ, ਨਿਰਮੂਲ, ਪਰਉਪਕਾਰੀ ਨਿਰੰਕਾਰੀ ਆਤਮ ਵੇਤਾ, ਸਨਿਮਰ ਆਤਮਰਸ ਦਾ ਰਸੀਆ, ਦਿਆਲੂ, ਬੁਰਿਆਈਆਂ ਅਤੇ ਔਗੁਣਾਂ ਤੋਂ ਮੁਕਤ ਗਿਆਨੀ ਅਬਿਨਾਸ਼ੀ ਇਕ ਨਿਰਾਕਾਰ ਉੱਤੇ ਟੇਕ ਰੱਖਣ ਵਾਲਾ ਮਾਇਆ ਤੋਂ ਦੂਰ, ਪਰਮ ਅਨੰਦ ਵਿਚ ਸਥਿਰ ਰਹਿਣ ਵਾਲਾ, ਬ੍ਰਹਮ- ਵੇਤਾ, ਜੀਵਨ-ਮੁਕਤ ਵਿਅਕਤੀ ਹੁੰਦਾ ਹੈ। ਗੁਰੂ ਅਰਜਨ ਦੇਵ ਜੀ ਨੇ ਨਿਰੰਕਾਰ ਨਾਲ ਤਦਰੂਪ ਮੰਨਿਆ ਹੈ। ਉਹ ਫੁਰਮਾਉਂਦੇ ਹਨ:-

ਬ੍ਰਹਮ ਗਿਆਨੀ ਮੁਕਤਿ ਜੁਗਤਿ ਜੀ ਦਾ ਦਾਤਾ ।।
ਬ੍ਰਹਮ ਗਿਆਨੀ ਪੂਰਨ ਪੁਰਖ ਬਿਧਾਤਾ ॥
ਬ੍ਰਹਮ ਗਿਆਨੀ ਅਨਾਥ ਕਾ ਨਾਥ ॥
ਬ੍ਰਹਮ ਗਿਆਨੀ ਕਾ ਸਗਲ ਆਕਾਰੁ ॥
ਬ੍ਰਹਮ ਗਿਆਨੀ ਆਪ ਨਿਰੰਕਾਰ ॥

( ਆਦਿ ਗ੍ਰੰਥ, ਪੰਨਾ 273-74)

ਬ੍ਰਹਮ-ਗਿਆਨੀ ਦੀ ਤਾਂ ਗੱਲ ਹੀ ਕੀ, ਉਹ ਤਾਂ ਬੰਧਨ ਤੋਂ ਮੁਕਤ ਹੋ ਕੇ ਬਸੇ ਪ੍ਰਭੁ ਸੰਗ, ਧੀਰੇ ਧੀਰੇ ਆਦਿ ਪ੍ਰਮੇਸ਼ੁਰ ਨਾ ਕੇਵਲ ਸਗੁਣ ਬ੍ਰਹਮ ਦੀ ਸਥਿਤੀ ਤਕ ਪਹੁੰਚਦਾ ਹੈ, ਬਲਕਿ ਉਸੇ ਵਿਕਾਸ ਕ੍ਰਮ ਵਿਚ ਸ੍ਰਿਸ਼ਟੀ ਕਰਤਾ ' ਤਥਾ ' ਮੁਕਤੀ ਦਾਤਾ ਬਣਦਾ ਹੋਇਆ ਪੂਰਣ ਪੁਰਖ ਵਿਧਾਤਾ ਬਣ ਜਾਂਦਾ ਹੈ ਅਤੇ ਕਿਸੇ ਨੂੰ ਉਸ ਦੀ ਮਹਾਨਤਾ ਵਿਚ ਸੰਦੇਹ ਨਹੀਂ ਰਹਿ ਜਾਂਦਾ। ਆਪ ਹੀ ਨਿਰੰਕਾਰ ਮਾਨਵ ਮਾਤਰ ਨੂੰ ਇਹ ਸੰਦੇਸ਼ ਦਿੰਦਾ ਹੈ ਕਿ ਹਰ ਇਕ ਮਨੁੱਖ ਦੇ ਜਾਣਨ ਦਾ ਸਾਧਨ ਅਤੇ ਮਾਧਿਅਮ ਬ੍ਰਹਮ-ਗਿਆਨੀ ਦੀ ਇਸ ਸਿਥਿਤੀ ਵਿਚ ਪ੍ਰਗਟ ਹੈ।[1] ਉਸ ਦੀ ਪਹਿਚਾਣ ਹੋਣ ਤੇ ਇਹ ਗੱਲ ਇਨ੍ਹਾਂ ਸ਼ਬਦਾਂ ਵਿਚ ਹੋਰ ਵੀ ਵਧੇਰੇ ਸਪਸ਼ਟ ਕੀਤੀ ਗਈ ਹੈ। ਗੁਰੂ ਜੀ ਫੁਰਮਾਉਂਦੇ ਹਨ:-

ਬ੍ਰਹਮ ਮਹਿ ਜਨੁ ਜਨੁ ਮਹਿ ਪਾਰਬ੍ਰਹਮ ॥

( ਆਦਿ ਗ੍ਰੰਥ, ਪੰਨਾ 232)

ਜਿਸ ਦੇ ਅੰਦਰ ਪਰਮਾਤਮਾ ਵਸਦਾ ਹੈ ਅਤੇ ਉਹ ਸਾਰੀ ਸ੍ਰਿਸ਼ਟੀ ਵਿਚ ਇਕ ਜੋਤਿ ਦੇ ਦੀਦਾਰ ਕਰਦਾ ਹੈ, ਉਹ ਬ੍ਰਹਮ-ਗਿਆਨੀ ਹੈ। ਬ੍ਰਹਮ-ਗਿਆਨੀ ਦਾ ਅੰਤ ਨਹੀਂ

---

1. ਮੈਨੀ ਧਰਮਪਾਲ(ਡਾ.) ਸੰਤੋਂ ਕੇ ਧਾਰਮਿਕ ਵਿਸ਼ਵਾਸ(ਹਿੰਦੀ) ਪੰਨਾ 95

ਨਹੀਂ ਪਾਇਆ ਜਾ ਸਕਦਾ ਕਿਉਂਕਿ ਬ੍ਰਹਮ ਗਿਆਨੀ ਅਤੇ ਪ੍ਰਭੂ ਵਿਚ ਕੋਈ ਅੰਤਰ ਨਹੀਂ ਰਹਿ ਜਾਂਦਾ। ਉਸਨੂੰ ਤਾਂ ਦੇਵਤੇ ਖੋਜਦੇ ਫਿਰਦੇ ਹਨ:-

ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ ॥
ਬ੍ਰਹਮ ਗਿਆਨੀ ਆਪ ॥

( ਆਦਿ ਗ੍ਰੰਥ, ਪੰਨਾ 215)

ਬ੍ਰਹਮ ਗਿਆਨੀ ਦੀ ਸਾਰ ਬ੍ਰਹਮ ਗਿਆਨੀ ਹੀ ਜਾਣਾ ਹੈ। ਉਹ ਹਮੇਸ਼ਾਂ ਵਾਹਿਗੁਰੂ ਦਾ ਜਾਪ ਕਰਦਾ ਹੈ ਅਤੇ ਉਸ ਦੇ ਮਨ ਵਿਚ ਪਰਮਾਤਮਾ ਦਾ ਵਾਸਾ ਹੈ। ਸੁਆਰਥੀ ਭਾਵਨਾ ਉੱਪਰ ਵਸੀਕਾਰ ਅਤੇ ਲੋਕ ਹਿਤੈਸ਼ੀ ਪ੍ਰਾਰਥਕ ਰੁਚੀਆਂ ਨੂੰ ਹੋਰਨਾ ਦੀ ਨਿਸ਼ਕਾਮ ਸੇਵਾ ਰਾਹੀਂ ਪ੍ਰਫੁੱਲਤ ਕਰਦੇ ਰਹਿਣ ਦੇ ਯਤਨ ਦੁਆਰਾ ਵਿਅਕਤੀ ਆਪਣੇ ਆਪ ਨੂੰ ਪੂਰਨ ਤੌਰ ਤੇ ਨਵੇਂ ਰੂਪ ਵਿਚ ਢਾਲ ਲੈਂਦਾ ਹੈ। ਇਸ ਪ੍ਰਾਪਤੀ ਅਤੇ ਤ੍ਰਿਪਤੀ ਦੀ ਅਵਸਥਾ ਹੈ, ਜਿਸ ਨੂੰ ਰਹੱਸਵਾਦੀਆਂ ਨੇ ਆਦਰਸ਼ ਪੁਰਸ਼ ਦੀ ਅਵਸਥਾ ਕਿਹਾ ਹੈ ਅਤੇ ਜਿਸਨੂੰ ਗੁਰੂ ਨਾਨਕ ਸਾਹਿਬ ਨੇ ਬ੍ਰਹਮ-ਗਿਆਨੀ ਦਾ ਨਾਮ ਦਿੱਤਾ ਹੈ ਅਤੇ ਇਹ ਬ੍ਰਹਮ ਦੀ ਚੇਤਨਾ, ਸਹਿਜ ਅਤੇ ਆਪਣੇ ਹਿਤਾਂ ਦੀ ਸਰਬ ਸਾਂਝੇ ਹਿਤਾਂ ਨਾਲ ਇਕਰੂਪਤਾ ਵਿਗਸੀ ਹੋਈ ਆਤਮਾ ਦੇ ਲੱਛਣ ਹਨ।[1] ਬ੍ਰਹਮ-ਗਿਆਨੀ ਜਗਤ ਵਿਚ ਸਦਾ ਨਿਰਲੇਪ ਰਹਿੰਦਾ ਹੈ। ਜਿਵੇਂ ਕੰਵਲ ਫੁੱਲ ਜਲ ਵਿਚ ਨਿਰਲੇਪ ਰਹਿੰਦਾ ਹੈ ਅਤੇ ਮੁਰਗਾਬੀ ਪਾਣੀ ਵਿਚ ਤੈਰਦੀ ਹੋਈ ਪਾਣੀ ਤੋਂ ਨਿਰਲੇਪ ਰਹਿੰਦੀ ਹੈ:-

ਜੈਸੇ ਜਲ ਮਹਿ ਕਮਲ ਨਿਰਾਲਮ
ਮੁਰਗਾਈ ਨੈਸਾਣੈ ।।
ਸੁਰਤਿ ਸਬਦ ਭਵਸਾਗਰ ਤਰੀਐ
ਨਾਨਕ ਨਾਮ ਵਖਾਣੈ ।।

( ਆਦਿ ਗ੍ਰੰਥ, ਪੰਨਾ 942)

***

## (ਸ) ਜੀਵਨ - ਮੁਕਤ ਦੇ ਰੂਪ ਵਿਚ

ਜੀਵਨ-ਮੁਕਤ ਦਾ ਭਾਵ ਜੀਉਂਦੇ ਜੀ ਪਰਮਾਤਮਾ ਨਾਲ ਅਭੇਦਤਾ, ਪ੍ਰਾਪਤ ਕਰਨਾ ਹੈ। ਦੁਖ ਸੁਖ ਦਾ ਫਰਕ, ਜਨਮ ਮਰਨ ਦਾ ਭੈਅ, ਚੁਰਾਸੀ ਲੱਖ ਜੂਨ, ਨਰਕ, ਮਾਇਆ-ਜਾਲ, ਭਰਮ, ਹਉਮੈ ਦੀ ਕੰਧ, ਮਮਤਾ, ਦਵੈਤ ਭਾਵ, ਜਮ ਦੀ ਫਾਹੀ ਅਗਿਆਨਤਾ ਅਤੇ ਭਉ ਵਿਕਾਰ ਆਦਿ ਤੋਂ ਜਿਹੜਾ ਜੀਵ ਛੁਟਕਾਰਾ ਪਾ ਜਾਂਦਾ ਹੈ, ਉਹ ਜੀਵਨ-ਮੁਕਤ ਹੈ।

ਜੋਗੀ ਜਦੋਂ ਨਾਥ ਰੂਪ ਵਿਚ ਸਥਿਰ ਹੋ ਜਾਂਦਾ ਹੈ, ਉਦੋਂ ਉਸਨੂੰ ਜੀਵਨ-ਮੁਕਤ ਕਹਿੰਦੇ ਹਨ। ਇਸ ਅਵਸਥਾ ਤਕ ਅਪੜਨ ਲਈ ਜੋਗੀ ਨੂੰ ਦੇਹ ਤਿਆਗਣ ਦੀ ਲੋੜ ਨਹੀਂ ਹੁੰਦੀ, ਚਿੱਤ ਦੀ ਸਮ ਅਵਸਥਾ ਨਾਲ ਹੀ ਉਹ ਜੀਵਨ-ਮੁਕਤ ਹੋ ਜਾਂਦਾ ਹੈ।

ਜੀਵਨ-ਮੁਕਤ ਤ੍ਰਿਸ਼ਨਾਵਾਂ ਦੀ ਮੌਤ ਉਪਰੰਤ ਪ੍ਰਾਪਤ ਹੋਈ ਆਨੰਦ ਦੀ ਅਵਸਥਾ ਹੈ।[1] ਜੀਵਨ-ਮੁਕਤ ਉਨ੍ਹਾਂ ਨੂੰ ਆਖਿਆ ਹੈ, ਜੋ ਮਾਇਆ ਵਲੋਂ ਮਰ ਕੇ ਉਸ ਮੌਤ ਤੋਂ ਜੀਉ ਪਏ ਅਤੇ ਵਾਹਿਗੁਰੂ ਦੇ ਪ੍ਰੇਮ ਵਿਚ ਡੁਬ ਕੇ ਮਾਇਆ ਵਿਚ ਡੁਬਿਆਂ ਨਾਲੋਂ ਤਰ ਪਏ।[2]

ਜੀਵਨ-ਮੁਕਤ ਦੀ ਪਦਵੀ ਪਾ ਕੇ ਕਿਸੇ ਕੰਮ ਦੀ ਲੋੜ ਨਹੀਂ ਰਹਿੰਦੀ। ਇਸ ਤੋਂ ਅਗੇ ਗਿਆਨ ਹਾਸਲ ਕਰਨ ਲਈ ਕਰਮ ਦੀ ਲੋੜ ਹੈ। ਕਰਮ ਨੂੰ ਸਨਿਆਸ ਕਿਹਾ ਜਾਂਦਾ ਹੈ, ਪਰੰਤੂ ਸਨਿਆਸ ਦੀ ਗੁਰੂ ਜੀ ਦੀ ਰਚਨਾ ਵਿਚ ਕੋਈ ਥਾਂ ਨਹੀਂ।[3] ਅਸਲ ਵਿਚ ਜੋ ਜੀਵ ਪਰਮਾਤਮਾ ਦੀ ਆਗਿਆ ਵਿਚ ਰਹਿੰਦਾ ਹੈ ਅਤੇ ਹਉਮੈ ਨੂੰ ਤਿਆਗ ਚੁੱਕਾ ਹੈ, ਉਹ ਜੀਵਨ-ਮੁਕਤ ਹੈ।

ਗੁਰੂ ਨਾਨਕ ਬਾਣੀ ਵਿਚ ਜੀਵਨ-ਮੁਕਤ ਉਸ ਪੁਰਸ਼ ਨੂੰ ਕਿਹਾ ਗਿਆ ਹੈ, ਜੋ ਸਰੀਰ ਧਾਰਦਾ ਹੋਇਆ ਪਰਮਾਤਮਾ ਦੀ ਭਗਤੀ ਜਾਂ ਆਤਮ ਗਿਆਨ ਦੁਆਰਾ ਬੰਧਨਾਂ ਤੋਂ ਮੁਕਤ ਹੁੰਦਾ ਹੈ। ਉਹ ਸੰਸਾਰ ਵਿਚ ਰਹਿੰਦਾ ਹੋਇਆ ਲੋਕ ਕਲਿਆਣ ਵਿਚ ਰੁਝਿਆ ਰਹਿੰਦਾ ਹੈ। ਉਹ ਪੰਜ ਭੌਤਿਕ ਸਰੀਰ ਧਾਰਦਾ ਹੋਇਆ ਵੀ ਆਪਣੇ ਆਪ ਨੂੰ ਦੇਹ ਜਾਂ ਹਡ ਮਾਸ ਅਤੇ ਇੰਦਰੀਆਂ ਦਾ ਢਾਂਚਾ ਵੀ ਨਹੀਂ ਸਮਝਦਾ। ਉਸ ਨੂੰ ਜੀਵਤ ਅਵਸਥਾ ਵਿਚ ਹੀ ਮੁਕਤੀ ਪ੍ਰਾਪਤ ਹੋ ਚੁਕੀ ਹੁੰਦੀ ਹੈ। ਅਜਿਹੇ ਵਿਅਕਤੀ ਨੂੰ ਗੁਰੂ ਜੀ ਨੇ ਜੀਵਨ-ਮੁਕਤ ਕਿਹਾ ਹੈ। ਜੀਵਨ ਮੁਕਤ ਸਾਧਾਰਣ ਤੌਰ ਤੇ ਤਿੰਨ ਪ੍ਰਕਾਰ ਦੇ ਹੁੰਦੇ ਹਨ -- ਜੀਵਨ-ਮੁਕਤ, ਵਿਦੇਹ-ਮੁਕਤ ਅਤੇ ਨਿਤ-ਮੁਕਤ। ਜੋ ਸਰੀਰ ਨੂੰ ਧਾਰਦੇ ਹੋਏ ਹਰਿ ਭਗਤੀ ਜਾਂ ਆਤਮ ਗਿਆਨ ਦੇ ਦੁਆਰਾ

---

1. E.R. & E Vol. IX, Page 378
2. ਵਾਰਾਂ ਭਾਈ ਗੁਰਦਾਸ ਵਾਰ 18 ਪਉੜੀ 16
3. Kohli S.S. (Dr.) A Critical Study of Adi Granth, P, 262

ਬੰਧਨਾਂ ਤੋਂ ਮੁਕਤ ਹੋ ਜਾਂਦੇ ਹਨ, ਉਹ ਜੀਵਨ-ਮੁਕਤ ਅਖਵਾਂਦੇ ਹਨ। ਜੋ ਜੀਵ ਦੇਹ ਨਸ਼ਟ ਹੋਣ ਉੱਤੇ ਮੁਕਤੀ ਪ੍ਰਾਪਤ ਕਰਦੇ ਹਨ, ਵਿਦੇਹ-ਮੁਕਤ ਹੁੰਦੇ ਹਨ। ਜੋ ਜੀਵ ਕਰਮਾਂ ਦੇ ਵਸ ਹੋ ਕੇ ਜਨਮ ਮਰਨ ਨੂੰ ਪ੍ਰਾਪਤ ਨਹੀਂ ਹੁੰਦੇ ਅਤੇ ਅਵਤਾਰਾਂ ਵਾਂਗ ਆਪਣੀ ਜਾਂ ਪਰਮਾਤਮਾ ਦੀ ਇੱਛਾ ਅਨੁਸਾਰ ਵੱਖ ਵੱਖ ਲੋਕਾਂ ਵਿਚ ਵਿਚਰਦੇ ਹਨ, ਉਹ ਨਿੱਤ-ਮੁਕਤ ਹਨ। ਵਾਹਿਗੁਰੂ ਦੇ ਚਰਨ ਕਮਲਾਂ ਵਿਚ ਨਿਵਾਸ ਅਤੇ ਅਟੁਟ ਲਿਵ ਅਤੇ ਪਿਆਰ ਦੀ ਅਵਸਥਾ ਵਾਲੇ ਪ੍ਰਾਣੀ ਨੂੰ ਜੀਵਨ-ਮੁਕਤ ਕਹਿ ਸਕਦੇ ਹਾਂ। ਗੁਰਬਾਣੀ ਵਿਚ ਵਿਦੇਹ ਮੁਕਤੀ ਦਾ ਨਹੀਂ, ਸਗੋਂ ਜੀਵਨ-ਮੁਕਤ ਦਾ ਸੰਕਲਪ ਹੈ। ਜੀਵਨ-ਮੁਕਤ ਇਕੋ ਸਮੇਂ ਜਿੱਥੇ ਸੇਵਾ ਪਰਉਪਕਾਰ ਆਦਿਕ ਸਮਾਜਕ ਕਾਰਾਂ ਵਿਚ ਪ੍ਰਯਤਨਸ਼ੀਲ ਹੁੰਦਾ ਹੈ, ਉੱਥੇ ਉਸ ਦੀ ਸੁਰਤਿ ਸਦਾ ਪ੍ਰਭੂ ਦੇ ਚਰਚਨਾ ਵਿਚ ਲਗੀ ਹੁੰਦੀ ਹੈ:-

ਜੀਵਨ ਮੁਕਤਿ ਗੁਰ ਸਬਦ ਕਮਾਏ ॥
ਹਰਿ ਸਿਉ ਸਦ ਹੀ ਰਹੈ ਸਮਾਏ ॥

(ਆਦਿ ਗ੍ਰੰਥ, ਪੰਨਾ 1058)

ਹਉਮੈ ਮਾਇਆ ਹੈ ਅਤੇ 'ਕੂੜਿ ਦੀ ਪਾਲਿ' ਹੈ, ਜੋ ਮਨੁੱਖ ਨੂੰ ਪਰਮਾਤਮਾ ਤੋਂ ਨਿਖੜਦੀ ਹੈ। ਇਸ ਲਈ ਜੀਵਨ-ਮੁਕਤ ਉਸ ਨੂੰ ਸਮਝਣਾ ਚਾਹੀਦਾ ਹੈ, ਜਿਸ ਵਿਚੋਂ ਹਉਮੈਂ ਦਾ ਅਵਗੁਣ ਖਤਮ ਹੋ ਜਾਵੇ:-

ਜੀਵਨ ਮੁਕਤ ਸੋ ਆਖੀਐ ਜਿਸ ਵਿਚਹੁ ਹਉਮੈ ਜਾਇ ॥

(ਆਦਿ ਗ੍ਰੰਥ, ਪੰਨਾ 1010)

ਉਹ ਪਰਮਾਤਮਾ ਦੇ ਹੁਕਮ ਅਨੁਸਾਰ ਜੀਵਨ ਬਤੀਤ ਕਰਦਾ ਹੈ। ਉਹ ਉਸ ਪ੍ਰਭੂ ਅਤੇ ਭਾਵ ਅੰਦਰ ਜ਼ਿੰਦਗੀ ਬਤੀਤ ਕਰਦਾ ਹੈ:-

ਹੁਕਮ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥

(ਆਦਿ ਗ੍ਰੰਥ, ਪੰਨਾ 2)

ਉਸਦੀ ਅਵਸਥਾ ਉਸ ਵਿਅਕਤੀ ਵਾਲੀ ਹੁੰਦੀ ਹੈ, ਜਿਹੜਾ [illegible] ਹਰਖ-ਸੋਗ, ਦੁਖ-ਸੁਖ, ਮਾਨ-ਅਪਮਾਨ, ਆਪਣਾ-ਬਿਗਾਨਾ, ਆਸਾ-ਨਿਰਾਸਾ ਆਦਿ ਸਾਰੇ ਦੋਖਾਂ ਤੋਂ ਦੂਰ ਹੁੰਦਾ ਹੈ। ਉਸ ਉੱਪਰ ਪਰਮਾਤਮਾ ਦੀ ਮੇਹਰ ਹੁੰਦੀ ਹੈ। ਇਸੇ ਕਰਕੇ ਉਹ ਸਦਾਚਾਰਕ ਪੂਰਨਤਾ ਅਤੇ ਨੇਕੀ ਦਾ ਪੁੰਜ ਹੁੰਦਾ ਹੈ। ਉਹ ਕਿਸੇ ਤੋਂ ਬਦਲੇ ਦੀ ਭਾਵਨਾ ਨਹੀਂ ਰਖਦਾ।

ਉਹ ਗੁਰੂ ਦੇ ਸ਼ਬਦ ਦਾ ਅਭਿਆਸ ਕਰਦਾ ਹੈ। ਉਹ ਮਨ ਨੂੰ ਕਾਬੂ ਵਿਚ ਰਖਦਾ ਅਤੇ ਸਭ ਕਰਮਾਂ ਦੁਆਰਾ ਸੱਚੇ ਪਰਮਾਤਮਾ ਨੂੰ ਪਾਉਂਦਾ ਹੈ। ਉਹ ਆਪਾ ਤਿਆਗਦਾ ਹੈ ਅਤੇ ਗੁਰੂ ਦੀ ਮਿਹਰ ਦਾ ਦਾਨ ਮੰਗਦਾ ਹੈ। ਇਹੀ ਜੀਵਤ ਮਰਨਾ ਹੈ। ਮੁਕਤੀ ਤਦ ਹੀ

ਪ੍ਰਾਪਤ ਹੋ ਸਕਦੀ ਹੈ, ਜੇ ਕਰ ਜੀਵ ਦੀ ਜੋਤ ਪ੍ਰਭੂ ਦੇ ਚਰਨਾਂ ਵਿਚ ਟਿਕ ਜਾਵੇ। ਉਹ ਪਰਮਾਤਮਾ ਦੇ ਦਰਸ਼ਨ ਸਾਖਿਆਤ ਹੋ ਜਾਂਦੇ ਹਨ ਅਤੇ ਜਨਮ ਮਰਨ ਦਾ ਭੈਅ ਨਹੀਂ ਰਹਿੰਦਾ। ਇਹ ਜੀਵਨ ਮਰਨ ਦੀ ਪਦਵੀ ਦਰਗਾਹ ਵਿਚ ਕਬੂਲ ਹੋ ਜਾਂਦੀ ਹੈ। ਇਹੀ ਜੀਵਨ-ਮੁਕਤ ਦੀ ਪਦਵੀ ਹੈ। ਮਾਨਸਿਕ, ਸਦਾਚਾਰਕ ਅਤੇ ਆਤਮਿਕ ਕਮਜ਼ੋਰੀਆਂ ਤੋਂ ਮੁਕਤ ਹੋਣਾ ਹੀ ਜੀਵਨ-ਮੁਕਤ ਦਾ ਨੇਮ ਹੈ।"[1] ਮੁਕਤੀ ਪੂਰਨਤਾ ਦੀ ਪਰਾਪਤੀ ਹੈ ਅਤੇ ਮਨੁੱਖ ਪੂਰਨਤਾ ਤਕ ਉਦੋਂ ਹੀ ਪੁੱਜਦਾ ਹੈ, ਜਦੋਂ ਉਹ ਮੁਕਤ ਹੋ ਜਾਂਦਾ ਹੈ ਅਤੇ ਪਰਮਾਤਮਾ ਨੂੰ ਪਾ ਲੈਂਦਾ ਹੈ, ਗੁਰੂ ਜੀ ਫੁਰਮਾਉਂਦੇ ਹਨ:-

ਜਿਨੀ ਨਾਮ ਧਿਆਇਆ ਗਏ ਮਸਕਤਿ ਘਾਲਿ ॥
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥

(ਆਦਿ ਗ੍ਰੰਥ, ਪੰਨਾ 2)

ਅਸਲ ਵਿਚ ਜੀਵਨ-ਮੁਕਤ ਦੀ ਪਦਵੀ ਉਸ ਪਰਮਾਤਮਾ ਨਾਲ ਮੇਲ ਹੈ। ਆਮ ਮੁਕਤੀ ਨਾਲੋਂ ਇਸ ਦੀ ਭਿੰਨਤਾ ਇਹ ਹੈ ਕਿ ਜੀਵ ਸੰਸਾਰ ਵਿਚ ਰਹਿੰਦਾ ਹੋਇਆ ਵੀ ਨਿਰਲੇਪ ਰਹਿੰਦਾ ਹੈ। ਜਿਸ ਤਰ੍ਹਾਂ ਜਲ ਵਿਚ ਰਹਿੰਦਾ ਹੋਇਆ ਕਮਲ ਨਿਰਲਿਪਤ ਰਹਿੰਦਾ ਹੈ ਅਤੇ ਜਿਸ ਪ੍ਰਕਾਰ ਮੁਰਗਾਬੀ ਨਦੀ ਦੇ ਜਲ ਵਿਚ ਤਰਦਿਆਂ ਵੀ ਅਣਭਿਜੇ ਰਹਿੰਦੀ ਹੈ, ਉਸੇ ਤ੍ਰਾਂ ਮਨੁੱਖ ਸੰਸਾਰ ਤੋਂ ਨਿਰਲੇਪ ਰਹਿ ਕੇ ਸ਼ਬਦ ਵਿਚ ਸੁਰਤ ਲਗਾਣ ਨਾਲ ਭਵ ਸਾਗਰ ਨੂੰ ਤਰ ਸਕਦਾ ਹੈ:-

ਜੈਸੇ ਜਲ ਮਹਿ ਕਮਲ ਨਿਰਾਲਮ ਮੁਰਗਾਈ ਨੈਸਾਣੈ ॥
ਸੁਰਤਿ ਸਬਦਿ ਭਵ ਸਾਗਰ ਤਰੀਐ ਨਾਨਕ ਨਾਮ ਵਖਾਣੇ ॥

(ਆਦਿ ਗ੍ਰੰਥ, ਪੰਨਾ 942)

ਭਾਵ ਕਮਲ ਫੁਲ ਦੀ ਤਰ੍ਹਾਂ ਜੀਵਨ-ਮੁਕਤ ਨੂੰ ਜੀਵਨ ਬਿਤਾਉਣਾ ਚਾਹੀਦਾ ਹੈ। ਮਨੁੱਖੀ ਜੀਵਨ ਦਾ ਪ੍ਰਯੋਜਨ ਵੀ ਗੁਰੂ ਜੀ ਇਹ ਦਸਦੇ ਹਨ ਕਿ ਜੋ ਦੈਵੀ ਚਿਣਗ ਸਾਡੇ ਅੰਦਰ ਰੱਖੀ ਹੋਈ ਹੈ। ਉਸ ਨੂੰ ਪ੍ਰਜਵੱਲਤ ਕਰੀਏ ਤੇ ਜਿਸ ਨਿਰੰਕਾਰ ਤੋਂ ਉਪਜੇ ਹਾਂ ਅਤੇ ਜੋ ਹਰ ਦਮ ਸਾਡੇ ਅੰਦਰ ਵਸਦਾ ਹੈ, ਉਸਦੇ ਨਾਲ ਮਿਲ ਜਾਈਏ ਜਿਉਂ ਸੂਰਜ ਦੀ ਕਿਰਨ

---

1. ਤਾਰਨ ਸਿੰਘ (ਡਾ.) *ਗੁਰੂ ਨਾਨਕ ਚਿੰਤਨ ਤੇ ਕਲਾ*, ਪੰਨਾ 190

ਨਾਲ ਮਿਲ ਕੇ ਸੂਰਜ ਹੋ ਜਾਂਦੀ ਹੈ, ਇਸੇ ਤਰ੍ਹਾਂ ਜੀਵ ਦੀ ਆਤਮਾ ਵੀ ਪਰਮਾਤਮਾ ਨਾਲ ਮਿਲ ਕੇ ਪਰਮ ਰੂਪ ਹੋ ਜਾਂਦੀ ਹੈ।[1]

ਉਹ ਸਦਾਚਾਰਕ ਤੌਰ ਤੇ ਪਵਿੱਤਰ ਜੀਵਨ ਜੀਉਂਦਾ ਹੈ। ਉਹ ਸਦਾਚਾਰਕ ਜੀਵਨ ਜੀਣ ਲਈ ਨੇਕ ਕਰਮ ਕਰਦਾ ਹੈ ਅਤੇ ਬੁਰੇ ਕਰਮਾਂ ਨੂੰ ਤਿਆਗਦਾ ਹੈ। ਉਸ ਦਾ ਜੀਵਨ ਸੱਚਾ ਅਤੇ ਸੁੱਚਾ ਹੁੰਦਾ ਹੈ। ਇਸੇ ਕਰਕੇ ਜੀਵਨ-ਮੁਕਤ ਨੂੰ ਪਰਮ-ਮਨੁੱਖ ਦਾ ਦਰਜਾ ਦੇ ਸਕਦੇ ਹਾਂ। ਗੁਰੂ ਜੀ ਵੀ ਉਸਦੇ ਸਦਾਚਾਰ ਦੀ ਪ੍ਰੋੜਤਾ ਇੰਜ ਕਰਦੇ ਹਨ:-

ਜੀਵਨ ਮੁਕਤ ਜਾਂ ਸ਼ਬਦਿ ਸੁਣਿਆ
ਸੁੱਚੀ ਰਹਿਤ ਸਾਚਾ ਸਚੁ ਪਾਇਆ ॥

(ਆਦਿ ਗ੍ਰੰਥ, ਪੰਨਾ 134)

ਉਹ ਬੁੱਧੀਮਾਨ ਵਿਅਕਤੀ ਹੁੰਦਾ ਹੈ। ਕਿਉਂਕਿ ਆਤਮਾ ਦੀ ਪਹਿਚਾਣ ਬੁੱਧੀਮਾਨ ਵਿਅਕਤੀ ਹੀ ਕਰ ਸਕਦਾ ਹੈ:

ਆਪ ਪਛਾਣਹਿ ਬੂਝਹਿ ਸੋਈ
ਸੋ ਗਿਆਨੀ ਦਰਗਾ ਪ੍ਰਵਾਨ ॥

(ਆਦਿ ਗ੍ਰੰਥ, ਪੰਨਾ 21)

ਇਸੇ ਕਰਕੇ ਜੀਵਨ-ਮੁਕਤ ਉਸ ਮਨੁੱਖ ਨੂੰ ਕਿਹਾ ਜਾਂਦਾ ਹੈ, ਜਿਸ ਦੀ ਬੁੱਧੀ ਆਤਮਿਕ ਮੰਡਲਾਂ ਵਿਚ ਉਡਾਰੀਆਂ ਲਾਉਂਦੀ ਹੈ, ਅਤੇ ਇਹ ਸਭ ਗੁਰੂ ਦੀ ਕਿਰਪਾ ਦੁਆਰ ਹੀ ਉਸ ਦੀ ਬੁੱਧੀ ਉਪਰ ਨਾਮ ਦੀ ਮੋਹਰ ਲਗ ਜਾਂਦੀ ਹੈ। ਮਨ ਦੀ ਸਫਾਈ ਅਤੇ ਆਤਮਾ ਦੇ ਆਦਰਸ਼ ਦੀ ਪ੍ਰਾਪਤੀ ਇਸੇ ਕਰਕੇ ਹੁੰਦੀ ਹੈ।

ਅੰਦਰੋਂ ਬੁੱਧੀਮਾਨ ਪਰੰਤੂ ਮਾਸੂਮ ਦੀ ਦਸ਼ਾ ਉਦੋਂ ਹੁੰਦੀ ਹੈ, ਜਦੋਂ ਆਤਮਾ ਦੀ ਆਦਰਸ਼ ਅਵਸਥਾ ਵਿਚ ਵਿਅਕਤੀ ਪੁਜਦਾ ਹੈ।[2] ਇਸ ਤਰ੍ਹਾਂ ਜੀਵਨ-ਮੁਕਤ ਨਾਮ ਦੇ ਮੰਨਣ ਨਾਲ ਸੱਚ ਦਾ ਪਾਰਖੀ ਹੋ ਕੇ ਵੱਡੀ ਤੋਂ ਵੱਡੀ ਅਧਿਆਤਮਿਕ ਪੱਧਰ ਉਤੇ ਪੁਜ ਜਾਂਦਾ ਹੈ। ਜਿਸਨੂੰ ਗੁਰੂ ਜੀ ਨੇ ਮੋਖ ਦੁਆਰਾ ਕਿਹਾ ਹੈ। ਮੰਨੇ ਪਾਵਹਿ ਮੋਖ ਦੁਆਰ (ਜਪੁ) ਇਸ ਮੋਖ ਦਾ ਮਨੋਰਥ ਨਹੀਂ ਕਿ ਇਸ ਦੇ ਬੈਕੁੰਠ ਪ੍ਰਾਪਤ ਕਰਨ ਤੇ ਸੰਸਾਰ ਦੇ ਸਭ

---

1. ਜੋਧ ਸਿੰਘ ਭਾਈ, ਗੁਰਮਤ ਨਿਰਣਯ, ਪੰਨਾ 60
2. ਭਾਈ ਗੁਰਦਾਸ, ਵਾਰਾਂ ਵਾਰ 4 ਪੈਰ੍ਹਾ 7
3. ਭਾਈ ਗੁਰਦਾਸ, ਵਾਰਾਂ ਵਾਰ 4, ਪੈਰਾ 7

ਸੁਖਾਂ ਦੀ ਪ੍ਰਾਪਤੀ ਹੋ ਜਾਂਦੀ ਹੈ, ਸਗੋਂ ਮੋਖ ਦਾ ਅਰਥ ਹੈ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਆਦਿ ਤੋਂ ਆਜ਼ਾਦੀ। ਜਦੋਂ ਮਨੁੱਖ ਆਪਣੇ ਮਨ ਦੀ ਗੁਲਾਮੀ ਤੋਂ ਉਠ ਕੇ ਸਰੀਰਕ, ਮਾਨਸਿਕ ਅਤੇ ਅਧਿਆਤਮਿਕ ਰੋਗ ਕੱਟ ਕੇ ਸੁਖੀ ਹੋ ਗਿਆ, ਤਾਂ ਸਮਝੋ ਉਹ ਜੀਵਨ-ਮੁਕਤ ਹੋ ਗਿਆ। ਇਹ ਆਜ਼ਾਦੀ ਮਨੁੱਖ ਨੇ ਅੰਦਰੋਂ ਪੈਦਾ ਕਰਨੀ ਹੈ। ਭਾਵ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਆਦਿ ਵਿਸ਼ੇ ਵਿਕਾਰਾਂ ਤੋਂ ਛੁਟਕਾਰਾ ਪਾ ਕੇ ਤੇ ਆਪੇ ਨੂੰ ਗੁਆ ਕੇ ਨਿੱਜ ਸਰੂਪ ਦੇ ਦਰਸ਼ਨ ਕਰਨੇ ਹਨ। ਜੋ ਰੱਬ ਦਾ ਹੁਕਮ ਵਿਚ ਆ ਜਾਂਦਾ ਹੈ, ਉਹ ਰੱਬ ਦਾ ਹੀ ਰੂਪ ਹੋ ਜਾਂਦਾ ਹੈ।

ਸੋ ਗੁਰੂ ਜੀ ਅਜਿਹੇ ਵਿਅਕਤੀ ਨੂੰ ਜੀਵਨ-ਮੁਕਤ ਕਹਿੰਦੇ ਹਨ, ਜੋ ਮੁਕਤ ਸਰੂਪ ਹਰੀ ਵਿਚ ਅਭੇਦ ਹੋ ਜਾਂਦਾ ~~ਅਤੇ~~ ਸਚਿਆਰ ਹੋ ਕੇ ਸੱਚ ਜੋਤ ਪੁੱਜ ਕੇ ਸੱਚ ਸਰੂਪ ਹੋ ਜਾਂਦਾ ਹੈ।

ਜੀਵਨ-ਮੁਕਤ ਵਿਅਕਤੀ ਮਨੁੱਖਤਾ ਦੇ ਭਲੇ ਲਈ ਬਹੁਤ ਉਪਯੋਗ ਹੈ ਅਤੇ ਦੁਖੀ ਮਾਨਵਤਾ ਨੂੰ ਸੁਖੀ ਕਰਨ ਵਿਚ ਉਸ ਦੀ ਮਹੱਤਵਪੂਰਣ ਦੇਣ ਹੋ ਸਕਦੀ ਹੈ। ਅਸੀਂ ਕਹਿ ਸਕਦੇ ਹਾਂ ਕਿ ਗੁਰੂ ਨਾਨਕ ਦਾ ਪਰਮ-ਮਨੁੱਖ ਜੀਵਨ-ਮੁਕਤ ਵਿਅਕਤੀ ਦਾ ਉਜਲਾ ਉਦਾਹਰਣ ਹੈ।

****

## (ਹ) ਗੁਰੂ ਦੇ ਰੂਪ ਵਿਚ

ਗੁਰੂ ਵੀ ਪਰਮ-ਮਨੁੱਖ ਦਾ ਇਕ ਰੂਪ ਹੈ। ਮਨੁੱਖ ਜਿਸ ਵੇਲੇ ਸਦਾਚਾਰਕ ਅਤੇ ਅਧਿਆਤਮਿਕ ਮੰਜ਼ਲਾਂ ਪਾਰ ਕਰਕੇ ਗੁਰੂ ਦੀ ਪਦਵੀ ਉੱਤੇ ਪਹੁੰਚ ਜਾਂਦਾ ਹੈ। ਉਹ ਪਰਮ-ਮਨੁੱਖ ਬਣ ਜਾਂਦਾ ਹੈ। ਹੁਣ ਉਹ ਭੁਲੇ ਭਟਕੇ ਮਨੁੱਖ ਨੂੰ ਵਿਵੇਕ ਨੇਤ੍ਰ ਪ੍ਰਦਾਨ ਕਰਦਾ ਹੈ ਅਤੇ ਬਾਹਰ ਮੁਖੀ ਜਗਤ ਤੋਂ ਉਸਦੀ ਚੇਤਨਾ ਦਾ ਪ੍ਰਵਾਹ ਉਲਟ ਕੇ ਉਸਨੂੰ ਅੰਤਰਮੁਖੀ ਬਣਾ ਦਿੰਦਾ ਹੈ। ਮਨੁੱਖ ਨੂੰ ਪਰਮ-ਪਦ ਦੀ ਪ੍ਰਾਪਤੀ ਲਈ ਗੁਰੂ ਦੀ ਲੋੜ ਪੈਂਦੀ ਹੈ। ਉਹ ਉਸਨੂੰ ਇਸ ਮਾਰਗ ਦੀ ਜਾਣਕਾਰੀ ਕਰਾਉਂਦਾ ਹੈ, ਸ਼ੰਕਿਆਂ ਨੂੰ ਦੂਰ ਕਰਦਾ ਹੈ। ਉਸਨੂੰ ਪ੍ਰੇਰਨਾ ਦਿੰਦਾ ਅਤੇ ਉਸ ਦੇ ਜੀਵਨ ਨੂੰ ਉਚੱਤਾ ਅਤੇ ਸੁਚੱਤਾ ਦਾ ਨਮੂਨਾ ਬਣਾਉਣ ਲਈ ਪੂਰਣ ਅਗਵਾਈ ਦਿੰਦਾ ਹੈ। ਅਸਲ ਵਿਚ ਗੁਰੂ ਉਹ ਹੈ, ਜੋ ਸਿੱਖ ਦੇ ਅਗਿਆਨ ਅੰਧਕਾਰ ਨੂੰ ਦੂਰ ਕਰੇ। ਇਹ ਸ਼ਬਦ ਗ੍ਰੀ (ਗ) ਤੋਂ ਬਣਿਆ ਹੈ।

ਇਸਦੇ ਅਰਥ ਹਨ - ਨਿਗਲਣਾ ਅਤੇ ਸਮਝਾਉਣਾ, ਜੋ ਅਗਿਆਨ ਨੂੰ ਖਾ ਜਾਂਦਾ ਹੈ ਅਤੇ ਸਿੱਖ ਨੂੰ ਤੱਤਵ ਗਿਆਨ ਰਾਹੀਂ ਸਮਝਾਉਂਦਾ ਹੈ, ਉਹ ਗੁਰੂ ਹੈ।[1]

ਭਾਰਤੀ ਚਿੰਤਨ ਅਤੇ ਸਾਧਨਾ ਦੇ ਖੇਤਰ ਵਿਚ ਗੁਰੂ ਦਾ ਸਥਾਨ ਨਿਰਵਿਵਾਦ ਅਤੇ ਸਰਬ ਪ੍ਰਵਾਣਿਤ ਰਿਹਾ ਹੈ। ਪੁਰਾਣਾਂ ਉਪਨਿਸ਼ਦਾਂ, ਬੋਧ ਤੰਤ੍ਰ ਗ੍ਰੰਥਾਂ ਆਦਿ ਵਿਚ ਗੁਰੂ ਦਾ ਸਥਾਨ ਬੜਾ ਉੱਚਾ ਹੈ। ਪ੍ਰਾਪਤੀ ਦੇ ਕਿਸੇ ਵੀ ਮਾਰਗ ਤੋਂ ਚਲ ਕੇ ਲਕਸ਼ ਵਿਚ ਸਫਲ ਹੋਣਾ ਸਾਧਕ ਲਈ ਵਿਅਕਤੀਗਤ ਤੌਰ ਤੇ ਗੁਰੂ ਉਸ ਅੰਦਰ ਪ੍ਰੇਰਨਾ ਅਤੇ ਉਤਸ਼ਾਹ ਭਰਦਾ ਹੈ ਅਤੇ ਰਾਹ ਦੀਆਂ ਭੁੱਲਾਂ ਨੂੰ ਠੀਕ ਠਾਕ ਕਰਦਾ ਹੈ। ਪਰਮ-ਪਦ ਦੀ ਪ੍ਰਾਪਤੀ ਉਹੀ ਕਰਾ ਸਕਦਾ ਹੈ, ਜੋ ਆਪ ਸਦਾਚਾਰਕ ਅਤੇ ਅਧਿਆਤਮਿਕ ਤੌਰ ਤੇ ਸੰਪੰਨ ਹੋਵੇ ਅਤੇ ਜਿਸ ਨੇ ਖੁਦ ਇਸ ਰਾਹ ਉੱਤੇ ਚਲ ਕੇ ਪਰਮ-ਪਦ ਦੀ ਪ੍ਰਾਪਤੀ ਕੀਤੀ ਹੋਵੇ।" ਗੁਰੂ ਇਕ ਸੰਪੂਰਨ ਮਨੁੱਖ ਹੈ[2] ਜੋ ਬ੍ਰਹਮ ਨੂੰ ਅਨੁਭਵ ਕਰ ਲੈਂਦਾ ਹੈ, ਉਹ ਗੁਰੂ ਕਹਾਉਣ ਦਾ ਹੱਕਦਾਰ ਹੋ ਜਾਂਦਾ ਹੈ, ਉਹ ਆਪਣੇ ਸੇਵਕ ਉੱਪਰ ਕਿਰਪਾ ਕਰਦਾ ਹੈ, ਤਾਂ ਉਸਨੂੰ ਬ੍ਰਹਮ ਦੀ ਪਰਾਪਤੀ ਹੋ ਜਾਂਦੀ ਹੈ। ਉਹ ਆਪਣੇ ਸੇਵਕਾਂ ਨੂੰ ਅੰਮ੍ਰਿਤ ਰੂਪੀ ਨਾਮ ਦਾ ਦਾਨ ਦੇਂਦਾ ਹੈ। ਉਸ ਨੂੰ ਮਿਲ ਕੇ ਮਨ ਨੂੰ ਸ਼ਾਂਤੀ ਮਿਲਦੀ ਹੈ ਅਤੇ ਇੱਛਾਵਾਂ ਸ਼ਾਂਤ ਹੋ ਜਾਂਦੀਆਂ ਹਨ। ਉਸ ਦੀ ਕਿਰਪਾ ਦੁਆਰਾ ਮਨੁੱਖ ਨੂੰ ਤ੍ਰਿਲੋਕੀ ਦੀ ਸੋਝੀ ਹੋ

---

1. ਵਜ਼ੀਰ ਸਿੰਘ (ਡਾ.) ਨਾਨਕ ਬਾਣੀ ਚਿੰਤਨ, ਪੰਨਾ 101
2. ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼ ਪੰਨਾ 311

ਹੋ ਜਾਂਦੀ ਹੈ। ਜਿਵੇਂ:-

ਗੁਰ ਦਾਤਾ ਗੁਰ ਹਿਵੈ ਘਰੁ ਗੁਰ ਦੀਪਕ ਤਿਹ ਲੋਇ ॥
ਅਮਰ ਪਦਾਰਥ ਨਾਨਕਾ ਮਨ ਮਾਨਿਐ ਸੁਖ ਹੋਇ ॥

( ਆਦਿ ਗ੍ਰੰਥ, ਪੰਨਾ 137)

ਗੁਰੂ ਇਕ ਅਜਿਹੀ ਪਉੜੀ ਹੈ, ਅਜੇਹੀ ਬੇੜੀ ਹੈ ਅਤੇ ਅਜੇਹੇ ਤੁਲ੍ਹੇ ਦੀ ਤੁਲਨਾ ਦਿੱਤੀ ਹੈ ਕਿ ਜਿਸ ਦੀ ਕਿਰਪਾ ਦੁਆਰਾ ਮਨੁੱਖ ਮਾਇਆ ਦੇ ਭਵ ਸਾਗਰ ਨੂੰ ਪਾਰ ਕਰਕੇ ਅਸਲੀਅਤ ਤਕ ਪਹੁੰਚ ਜਾਂਦਾ ਹੈ।

ਗੁਰੂ ਪਉੜੀ ਬੇੜੀ ਗੁਰੂ ਗੁਰੂ ਤੁਲਹਾ ਹਰਿ ਨਾਉ ॥
ਗੁਰ ਸਰੁ ਸਾਗਰ ਬੋਹਿਥੋ ਗੁਰ ਤੀਰਥ ਦਰੀਆਉ ॥

( ਆਦਿ ਗ੍ਰੰਥ ਪੰਨਾ 1170)

ਗੁਰੂ ਇਕ ਤਰ੍ਹਾਂ ਗਿਆਨ ਦੀ ਨਿਰੰਤਰਤਾ ਅਤੇ ਆਵਸ਼ਕਤਾ ਦਾ ਚਿੰਨ੍ਹ ਹੈ। ਉਹ ਗਿਆਨ ਪ੍ਰਾਪਤੀ ਦਾ ਸਾਧਨ ਅਤੇ ਗਿਆਨ ਦਾ ਪ੍ਰਤੱਖ ਰੂਪ ਹੁੰਦਾ ਹੈ। ਗੁਰੂ ਸ਼ਬਦ ਦੇ ਅਰਥ ਹੀ ਧਰਮ ਉਪਦੇਸ਼ ਕਰਨ ਵਾਲਾ, ਅਗਿਆਨਤਾ ਦੇ ਅੰਧੇਰੇ ਨੂੰ ਦੂਰ ਕਰਨ ਵਾਲਾ ਅਤੇ ਦੇਵਤਿਆਂ ਤੋਂ ਸਨਮਾਨ ਪ੍ਰਾਪਤ ਕਰਨ ਵਾਲਾ ਹੈ। ਇਸ ਵਿਚਾਰ ਤੋਂ ਬਿਨਾਂ ਸਿੱਖ ਮੱਤ ਦੀ ਕਲਪਨਾ ਵੀ ਹੋਣੀ ਮੁਸ਼ਕਲ ਹੈ। ਗੁਰੂ ਜੀ ਨੇ ਜਪੁ ਦੇ ਮੂਲ ਮੰਤਰ ਵਿਚ ਹੀ 'ਗੁਰ ਪ੍ਰਸਾਦਿ ਅਰਥਾਤ ਗੁਰੂ ਦੀ ਕਿਰਪਾ ਦੁਆਰਾ ਪ੍ਰਾਪਤ ਹੁੰਦੀ ਹੈ।[1] ਪਰਮ-ਪਦ ਦੀ ਪ੍ਰਾਪਤੀ ਦਾ ਰਸਤਾ ਹਉਮੈਂ ਦਾ ਨਾਸ਼ ਕਰਨਾ ਅਤੇ ਨਾਮ ਵਿਚ ਲਿਵ ਲਾਉਣਾ ਹੈ। ਹਉਮੈਂ ਦੇ ਨਾਸ਼ ਲਈ ਗੁਰੂ ਦੇ ਹੁਕਮ ਵਿਚ ਤੁਰਨਾ ਜ਼ਰੂਰੀ ਹੈ। ਗੁਰਮੁਖ ਗੁਰੂ ਦੇ ਸ਼ਬਦ ਉੱਤੇ ਤੁਰ ਕੇ ਮਨ ਨੂੰ ਮਾਰਦਾ ਹੈ।[2]

ਗੁਰੂ ਜਗਤ ਵਿਚ ਬ੍ਰਹਮ ਦਾ ਪ੍ਰਤੀਨਿਧ ਹੈ ਅਤੇ ਬ੍ਰਹਮ ਦੀਆਂ ਸਭ ਸ਼ਕਤੀਆਂ ਨਾਲ ਅਲੰਕ੍ਰਿਤ ਹੁੰਦਾ ਹੈ।[3] ਗੁਰੂ ਨਾਨਕ ਦੇ ਰਹੱਸਵਾਦ ਵਿਚ ਗੁਰੂ ਨੂੰ ਕੇਂਦਰੀ ਸਥਾਨ ਪ੍ਰਾਪਤ ਹੈ। ਇਹ ਨਿਰਾ ਸੰਕਲਪ ਮਾਤਰ ਨਹੀਂ, ਇਕ ਐਸਾ ਗਤੀਸ਼ੀਲ ਰਚਨਾਤਮਕ ਨਿਯਮ ਹੈ, ਜਿਸ ਨੇ ਪੰਜ ਸੌ ਸਾਲ ਤਕ ਸਿੱਖ ਰਹੱਸਵਾਦ ਦੇ ਵਿਕਾਸ ਵਿਚ ਪ੍ਰਭਾਵਸ਼ਾਲੀ ਹਿੱਸਾ ਪਾਇਆ ਹੈ।[4]

---

1. ਜੋਧ ਸਿੰਘ (ਭਾਈ) ਗੁਰਮਤਿ ਨਿਰਣਯ, ਪੰਨਾ 101
2. ਉਹੀ, ਪੰਨਾ 89
3. ਸਹਿਗਲ ਮਨਮੋਹਨ (ਡਾ.) ਸੰਤ ਕਾਵਯ ਕਾ ਦਾਰਸ਼ਨਿਕ ਵਿਸ਼ਲੇਸ਼ਣ, (ਹਿੰਦੀ) ਪੰਨਾ 118-119
4. Dewan Singh (Dr.) Mysticism of Guru Nanak (Thesis) P.U., Library, Chandigarh, P, 243

ਸਤਿਗੁਰੂ ਨਿਰੰਕਾਰ ਦੇ ਜ਼ਾਹਰ ਹੋਣ ਦੀ ਥਾਂ ਹੈ, ਜਿਸ ਰਾਹੀਂ ਸਾਰੇ ਸੰਸਾਰ ਨੂੰ ਰੋਸ਼ਨੀ ਮਿਲਦੀ ਹੈ। ਪਰਮਾਤਮਾ ਸ਼ਬਦ ਰੂਪ ਹੈ। ਗੁਰੂ ਵਿਚ ਆਪ ਭਰਪੂਰ ਹੋ ਕੇ ਸ਼ਬਦ ਦੀ ਦਾਤ ਸੰਸਾਰ ਨੂੰ ਵੰਡਦਾ ਹੈ। ਅਸਲ ਗੁਰੂ ਉਹ ਹੈ, ਜੋ ਹਉਮੈ ਦਾ ਤਿਆਗ ਕਰਕੇ ਪਰਮਾਤਮਾ ਨਾਲ ਅਭੇਦਤਾ ਦੀ ਅਵਸਥਾ ਪ੍ਰਾਪਤ ਕਰ ਚੁੱਕਾ ਹੈ। ਗੁਰੂ ਦੀ ਹਸਤੀ ਪਰਮਾਤਮਾ ਵਿਚ ਲੀਨ ਹੋਵੇ ਅਤੇ ਇੰਜ ਸਤਿਗੁਰੂ ਮਾਲਕ ਨਾਲ ਇਕ ਰੂਪ ਹੋਵੇ।[1]

ਗੁਰੂ ਦੀ ਲੋੜ ਮਨੁੱਖ ਲਈ ਬਹੁਤ ਪੁਰਾਣੀ ਲੋੜ ਹੈ। ਭਾਰਤ ਵਿਚ ਇਹ ਨਿਯਮ ਬੜਾ ਪੁਰਾਣਾ ਹੈ ਕਿ ਅਧਿਆਤਮਿਕ ਆਗੂ ਜਾਂ ਗੁਰੂ ਦਾ ਸਨਮਾਨ ਕੀਤਾ ਜਾਵੇ। ਪੁਰਾਣੇ ਸਮੇਂ ਵਿਚ ਸ਼ਿਸ਼ ਆਪਣੇ ਗੁਰੂ ਦੀ ਆਗਿਆ ਦਾ ਪੂਰਣ ਤੌਰ ਤੇ ਪਾਲਣ ਕਰਦੇ ਸਨ, ਸਗੋਂ ਗੁਰੂ ਦਾ ਸਨਮਾਨ ਤਾਂ ਸਕੇ ਬਾਪ ਤੋਂ ਵੱਧ ਕੀਤਾ ਜਾਂਦਾ ਸੀ ਤੇ ਉਸਨੂੰ ਦੂਜਾ ਪਿਤਾ ਮੰਨਿਆ ਜਾਂਦਾ ਸੀ। ਕਈ ਅਜਿਹੇ ਸੰਪ੍ਰਦਾਇ ਹਨ, ਜਿਵੇਂ ਕਬੀਰ ਪੰਥੀ, ਜਿਹੜੇ ਗੁਰੂ ਦੀ ਚੋਣ ਵਿਚ ਵਧ ਤੋਂ ਵਧ ਸਾਵਧਾਨੀ ਵਰਤਣ ਉੱਤੇ ਜ਼ੋਰ ਦਿੰਦੇ ਹਨ। ਇਕ ਵਾਰੀ ਜਦੋਂ ਗੁਰੂ ਧਾਰਣ ਕਰ ਲਿਆ ਜਾਂਦਾ ਹੈ, ਤਾਂ ਫਿਰ ਸਾਰੀ ਉਮਰ ਉਸ ਦੀ ਆਗਿਆ ਦਾ ਪਾਲਨ ਕਰਨਾ ਜ਼ਰੂਰੀ ਮੰਨਿਆ ਜਾਂਦਾ ਹੈ।[2] ਉਪਨਿਸ਼ਦ ਸਾਹਿਤ ਵਿਚ ਗਿਆਨ ਦੀ ਪ੍ਰਾਪਤੀ ਗੁਰੂ ਦੁਆਰਾ ਮੰਨੀ ਹੈ। ਉਸ ਨਿਤ ਵਸਤੂ ਦਾ ਸਾਖਿਆਤ ਗਿਆਨ ਪ੍ਰਾਪਤ ਕਰਨ ਲਈ ਹੱਥ ਵਿਚ ਸਮਿਧਾ ਲੈ ਕੇ ਸ੍ਰੋਤਿਯ ਅਤੇ ਬ੍ਰਹਮਨਿਸ਼ਟ ਗੁਰੂ ਪਾਸ ਜਾਣਾ ਚਾਹੀਦਾ ਹੈ।[3]

ਗੁਰੂ ਨਾਨਕ ਬਾਣੀ ਵਿਚ ਵੀ ਗੁਰੂ ਦਾ ਮਹੱਤਵ ਹਰ ਸਫੇ ਤੇ ਹਰ ਪ੍ਰਸੰਗ ਵਿਚ ਅੰਕਿਤ ਹੈ। ਜਿਥੇ ਹੋਰਨਾਂ ਦੇ ਗੁਰੂ ਸੰਸਥਾਗਤ ਹਨ, ਉੱਥੇ ਗੁਰੂ ਨਾਨਕ ਦਾ ਗੁਰੂ ਸਿੱਧਾਂਤਗਤ ਹੈ।[4] ਗੁਰੂ ਨਾਨਕ ਬਾਣੀ ਵਿਚ ਗੁਰੂ ਦੀ ਅਤਿਅੰਤ ਲੋੜ ਦੱਸੀ ਹੈ। ਇਸ ਤੋਂ ਬਿਨਾਂ ਮਨੁੱਖ ਸਭ ਕੁਝ ਹੁੰਦਿਆਂ ਵੀ ਕੁਝ ਨਹੀਂ। ਗੁਰੂ ਦੀ ਮਹਾਨਤਾ ਇਸ ਤਰ੍ਹਾਂ ਦਸੀ ਹੈ ਕਿ ਜੇ ਕਰ ਗੁਰੂ ਦੀ ਇਕ ਸਿੱਖਿਆ ਹੀ ਸੁਣ ਲਈ ਜਾਵੇ, ਤਾਂ ਬੁੱਧੀ ਵਿਚ ਸ਼ੁਭ ਗੁਣਾਂ ਰੂਪੀ ਰਤਨ ਜਵਾਹਰ ਮਾਣਕ ਪ੍ਰਗਟ ਹੋ ਜਾਂਦੇ ਹਨ।

ਮਤਿ ਵਿਚ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ ।।

( ਆਦਿ ਗ੍ਰੰਥ, ਪੰਨਾ 2)

---

1. ਬੇਦੀ ਕਾਲਾ ਸਿੰਘ (ਡਾ.) <u>ਗੁਰੂ ਨਾਨਕ ਸ਼ਬਦ ਰਚਨਾਕਰ ਪੰਨਾ</u> 155
2. ਈ ਆਰ ਈ, ਜਿਲਦ, -3, ਪੰਨਾ 545
3. ਮੁੰਡਕ ਉਪਨਿਸ਼ਦ 4/34
4. ਜੱਗੀ ਰਤਨ ਸਿੰਘ (ਡਾ.) <u>ਗੁਰੂ ਨਾਨਕ ਦੀ ਵਿਚਾਰਧਾਰਾ</u>, ਪੰਨਾ 151,52

ਸੱਚੇ ਗੁਰੂ ਦੀ ਨਿਸ਼ਾਨੀ ਹੀ ਇਹ ਹੈ ਕਿ ਉਹ ਸਭ ਨੂੰ ਮਾਲਾ ਦੇ ਮਣਕਿਆਂ ਵਾਂਗ ਪਰੋ ਦਿੰਦਾ ਹੈ:-

ਨਾਨਕ ਸਤਿਗੁਰ ਐਸਾ ਜਾਣੀਐ
ਸੋ ਸਭ ਸੈ ਲਏ ਮਿਲਾਇ ਜੀਉ ॥

( ਆਦਿ ਗ੍ਰੰਥ, ਪੰਨਾ 72 )

ਗੁਰੂ ਨਾਨਕ ਸਾਹਿਬ ਨੇ ਕਰਮ-ਮਾਰਗ, ਗਿਆਨ-ਮਾਰਗ, ਯੋਗ-ਮਾਰਗ ਅਤੇ ਭਗਤੀ-ਮਾਰਗ ਸਾਰਿਆਂ ਵਿਚ ਗੁਰੂ ਦਾ ਮਹੱਤਵ ਉੱਤਮ ਮੰਨਿਆ ਹੈ। ਗੁਰੂ ਦੀ ਸ਼ਰਣ ਵਿਚ ਜਾਣਾ ਬੜਾ ਜ਼ਰੂਰੀ ਹੈ, ਕਿਉਂਕਿ ਗੁਰੂ ਦੇ ਉਪਦੇਸ਼ ਵਗੈਰ ਬੁੱਧੀ ਦਾ ਵਿਕਾਸ ਨਹੀਂ ਹੁੰਦਾ ਅਤੇ ਨਿਗੁਰੇ ਮਨੁੱਖ ਦੀ ਹਾਲਤ ਉਸ ਬੂਆੜ ਵਰਗੀ ਹੁੰਦੀ ਹੈ, ਜਿਹੜਾ ਪੌਦੇ ਨਾਲੋਂ ਛੁੰਜੇੜ ਕੇ ਸੁਵੇ ਖੇਤ ਵਿਚ ਪਿਆ ਹੈ। ਗੁਰੂ ਹੀ ਇਕ ਆਪਣੀ ਸਿੱਖਿਆ ਰਾਹੀਂ ਮਾਮੂਲੀ ਮਨੁੱਖ ਦੀ ਪੱਧਰ ਤੋਂ ਚੁਕ ਕੇ ਦੇਵਤਿਆਂ ਦੀ ਪਦਵੀ ਤਕ ਪਹੁੰਚਾ ਦਿੰਦਾ ਹੈ। ਇਸੇ ਕਰਕੇ ਗੁਰੂ ਜੀ ਆਸਾ ਦੀ ਵਾਰ ਵਿਚ ਫੁਰਮਾਉਂਦੇ ਹਨ:-

ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦਵਾਰ ।।
ਜਿਨ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ ॥

( ਆਦਿ ਗ੍ਰੰਥ, ਪੰਨਾ 60)

ਗੁਰੂ ਦਾ ਸ਼ਬਦ ਅਥਵਾ ਗੁਰਬਾਣੀ ਹੀ ਗੁਰੂ ਹੈ। ਸ਼ਬਦ ਗੁਰਬਾਣੀ ਅਤੇ ਗੁਰੂ ਵਿਚਕਾਰ ਕੋਈ ਭੇਦ ਨਹੀਂ।

ਇਕਾ ਬਾਣੀ ਇਕੁ ਗੁਰੁ ਇਕੋ ਸ਼ਬਦ ਵੀਚਾਰਿ ।।

( ਆਦਿ ਗ੍ਰੰਥ, ਪੰਨਾ 646)

ਸ਼ਬਦ ਦਾ ਉਤਨਾ ਹੀ ਮਹੱਤਵ ਹੈ, ਜਿਤਨਾ ਕਿ ਪਰਮਾਤਮਾ ਦਾ, ਕਿਉਂਕਿ ਪਰਮਾਤਮਾ ਰੂਪੀ ਗੁਰੂ ਦਾ ਰੂਪ ਸ਼ਬਦ ਵਿਚ ਰਮਿਆ ਹੋਇਆ ਹੈ :-

ਸਬਦੇ ਰਵਿ ਰਹਿਆ ਗੁਰ ਰੂਪਿ ਮੁਰਾਰੇ ॥

( ਆਦਿ ਗ੍ਰੰਥ, ਪੰਨਾ 112)

ਗੁਰੂ ਅਤੇ ਪਰਮਾਤਮਾ ਵਿਚ ਕੋਈ ਤਾਤਵਿਕ ਭੇਦ ਨਹੀਂ ਅਤੇ ਗੁਰੂ ਪਰਮਾਤਮਾ ਦਾ ਹੀ ਰੂਪ ਹੈ:-

ਆਪੇ ਸਤਿਗੁਰੁ ਆਪੇ ਸੇਵਕ ਆਪੇ ਸ੍ਰਿਸ੍ਟਿ ਉਪਾਈ ਹੇ॥

(ਆਦਿ ਗ੍ਰੰਥ, ਪੰਨਾ 1025)

ਗੁਰੂ ਅਤੇ ਪਰਮਾਤਮਾ ਕਿਉਂਕਿ ਇਕ ਰੂਪ ਹਨ, ਜੋ ਗੁਰੂ ਦਾ ਸ਼ਬਦ ਪਰਮਾਤਮਾ ਦਾ ਵਾਚਕ ਹੈ। ਗੁਰੂ ਦਾ ਸ਼ਬਦ ਹੀ ਖਸਮ ਦੀ ਬਾਣੀ ਹੈ:-

ਜੈਸੀ ਮੈਂ ਆਵੈ ਖਸਮ ਕੀ ਬਾਣੀ
ਤੈਸੜਾ ਕਰੀ ਗਿਆਨ ਵੇ ਲਾਲੋ ॥

(ਆਦਿ ਗ੍ਰੰਥ, ਪੰਨਾ 722)

ਮਨੁੱਖ ਨੂੰ ਚਿੰਤਾਵਾਂ ਅਤੇ ਕਸ਼ਟਾਂ ਨੂੰ ਦੂਰ ਕਰਨ ਲਈ ਗੁਰੂ ਦੀ ਸ਼ਰਨ ਲੈਣੀ ਪੈਂਦੀ ਹੈ। ਸੱਚੇ ਗੁਰੂ ਦੇ ਉਪਦੇਸ਼ ਵਿਚ ਸੜਦੇ ਹੋਏ ਮਨੁੱਖ ਵੀ, ਸ਼ਾਂਤ ਕਰਨ ਦੀ ਸ਼ਕਤੀ ਹੈ। ਜੀਵ ਨੂੰ ਜੇ ਸੱਚੇ ਗੁਰੂ ਦੀ ਪ੍ਰਾਪਤੀ ਹੋ ਜਾਵੇ ਅਤੇ ਉਹ ਉਸ ਦੇ ਦੱਸੇ ਮਾਰਗ ਉੱਤੇ ਤੁਰਨਾ ਸ਼ੁਰੂ ਕਰ ਦੇਵੇ, ਤਾਂ ਸੰਸਾਰ ਦੀ ਕੋਈ ਸ਼ਕਤੀ ਉਸਨੂੰ ਬ੍ਰਹਮ ਵਿਚ ਲੀਨ ਹੋਣ [illegible] ਅਤੇ ਮੁਕਤੀ ਪਾਉਣ ਤੋਂ ਨਹੀਂ ਰੋਕ ਸਕਦੀ। ਸੱਚੇ ਗੁਰੂ ਦੀ ਇਕ ਦ੍ਰਿਸ਼ਟੀ ਹੀ ਮਨੁੱਖ ਦਾ ਪੂਰਾ ਉਧਾਰ ਕਰ ਸਕਦੀ ਹੈ ਅਤੇ ਉਸ ਦੇ ਜੀਵਨ ਨੂੰ ਪਲਟ ਕੇ ਰਖ ਦਿੰਦੀ ਹੈ, ਪਰੰਤੂ ਸੱਚੇ ਗੁਰੂ ਦੀ ਪ੍ਰਾਪਤੀ ਵੱਡੇ ਭਾਗਾਂ ਨਾਲ ਹੀ ਹੁੰਦੀ ਹੈ:-

ਏਕ ਦ੍ਰਿਸ਼ਟਿ ਤਾਰੇ ਗੁਰ ਪੂਰਾ ॥

(ਆਦਿ ਗ੍ਰੰਥ, ਪੰਨਾ 413)

# ਸਾਰੰਸ਼

## ਸਾਰੰਸ਼

ਪ੍ਰਾਣੀ ਵਿਗਿਆਨ ਦੇ ਅਨੁਸਾਰ ਮਨੁੱਖ ਸੂਰਜ ਤੋਂ ਜੀਵਨ ਸ਼ਕਤੀ ਪ੍ਰਾਪਤ ਕਰਦਾ ਹੈ। ਉਹ ਕਾਰਬਨ, ਹਾਈਡਰੋਜਨ, ਆਕਸੀਜਨ, ਨਾਈਟਰੋਜਨ, ਗੰਧਕ, ਫਾਸਫੋਰਸ, ਕਲੋਰੀਨ, ਸੋਡੀਅਮ, ਪੋਟਾਸ਼ੀਅਮ, ਕੈਲਸ਼ੀਅਮ, ਮੈਗਨੀਸ਼ੀਅਮ ਅਤੇ ਲੋਹੇ ਆਦਿ ਤੋਂ ਬਣਿਆ ਹੈ। ਉਸਦਾ ਬੌਧਿਕ ਗਿਆਨ ਇਤਨਾ ਅਧਿੱਕ ਹੈ ਕਿ ਉਹ ਆਪਣੀ ਸ਼ਕਤੀ ਦੁਆਰਾ ਸਾਰੇ ਪ੍ਰਾਣੀ ਜਗਤ ਵਿਚ ਉੱਤਮ ਗਿਣਿਆ ਜਾਂਦਾ ਹੈ।

ਬਨਸਪਤੀ ਵਿਗਿਆਨ ਅਨੁਸਾਰ ਮਨੁੱਖ ਚੇਤਨਸ਼ੀਲ ਪ੍ਰਾਣੀ ਹੈ। ਉਹ ਆਕਸੀਜਨ ਗ੍ਰਹਿਣ ਕਰਦਾ ਹੈ ਅਤੇ ਕਾਰਬਨ ਡਾਈਔਕਸਾਈਡ ਸਾਹ ਦੁਆਰਾ ਖਾਰਜ ਕਰਦਾ ਹੈ। ਮਾਨਵ ਵਿਗਿਆਨ ਅਨੁਸਾਰ ਮਨੁੱਖ ਪ੍ਰਕ੍ਰਿਤੀ ਦਾ ਇਕ ਉਹ ਅੰਗ ਹੈ, ਜਿਹੜਾ ਆਕਾਰ, ਪ੍ਰਕਾਰ, ਤੋਲ, ਪ੍ਰਰਿਣਾਮ, ਅਤੇ ਰੂਪ ਰੰਗ ਆਦਿ ਸਭ ਕੁਝ ਧਾਰਨ ਕਰਦਾ ਹੈ। ਸਰੀਰਕ ਰਚਨਾ ਦੀ ਦ੍ਰਿਸ਼ਟੀ ਤੋਂ ਮਨੁੱਖ ਅਰਥਾਤ ਬੰਦਰ ਗੋਰੀਲਾ ਅਤੇ ਸ਼ਿੰਪਜੀ ਆਦਿ ਪ੍ਰਕ੍ਰਿਤੀ ਆਦਿ ਦੇ ਪ੍ਰਾਣੀਆਂ ਵਿਚ ਬਹੁਤ ਕੁਝ ਸਮਾਨ ਹੈ। ਦੋਹਾਂ ਦੀ ਖੋਪੜੀ ਦੀ ਰਚਨਾ ਇਕੋ ਜਿਹੀ ਹੁੰਦੀ ਹੈ। ਕੁਝ ਮਾਨਵ ਵਿਗਿਆਨੀਆਂ ਦੇ ਵਿਚਾਰ ਅਨੁਸਾਰ ਮਨੁੱਖ ਪਿੱਠ ਦੀ ਹੱਡੀ ਵਾਲੇ ਪਸ਼ੂਆਂ ਦੇ ਸਮਾਨ ਹੈ। ਪਸ਼ੂ ਜਗਤ ਦੀ ਇਕ ਹੋਰ ਅਵਸਥਾ ਹੈ , ਜੋ ਮਨੁੱਖ ਜਗਤ ਦੇ ਬਹੁਤ ਨੇੜੇ ਹੈ, ਉਹ ਪ੍ਰਾਣੀ ਵੀ ਸਤਨਧਾਰੀ ( Mammels ) ਕਹਿਲਾਉਂਦੇ ਹਨ। ਭੌਤਿਕ ਦ੍ਰਿਸ਼ਟੀ ਕੋਣ ਤੋਂ ਸਮਾਨਤਾ ਦੀ ਇਕ ਹੋਰ ਅਵਸਥਾ ਬਾਨਰ ਸਮੁਦਾਏ ਵਿਚ ਪਾਈ ਜਾਂਦੀ ਹੈ। ਮਨੁੱਖ ਸਮਾਨ ਹੀ ਉਨ੍ਹਾਂ ਵਿਚ ਦੋ ਪੈਰ ਅਤੇ ਦੋ ਹੱਥ ਹੁੰਦੇ ਹਨ। ਹਾਵ ਭਾਵ ਪ੍ਰਗਟ ਕਰਨੇ ਚੇਸ਼ਟਤਾਵਾਂ ਨੂੰ ਪ੍ਰਦਰਸ਼ਿਤ ਕਰਨਾ ਅਰਥਾਤ ਹੱਥ ਅਤੇ ਪੈਰ ਰਚਨਾ ਵਿਚ ਬਹੁਤ ਕੁਝ ਮਨੁੱਖ ਦੇ ਸਮਾਨ ਹੀ ਹੈ। ਗਿਬਨ, ਗੋਰੀਲਾ ਅਰਥਾਤ ਸ਼ਿੰਪਾਂਜੀ ਤਾ ਬਿਲਕੁਲ ਹੀ ਮਾਨਵ ਜਾਤੀ ਦੇ ਪੂਰਵਜ ਹਨ। ਗਿਬਨ, ਗੋਰਹਲਾ ਅਰਥਾਤ ਸ਼ੰਪਾਜੀ ਆਦਿ ਪ੍ਰਾਣੀ ਵਿਕਾਸ ਦੇ ਖੇਤਰ ਵਿਚ ਆਪਣੀ ਆਪਣੀ ਵਿਸ਼ੇਸ਼ਤਾ ਰਖਦੇ ਹਨ। ਮਨੁੱਖ ਵਿਚ ਕੁਝ ਅਜਿਹੀਆਂ ਵਿਸ਼ੇਸ਼ਤਾਵਾਂ ਹਨ, ਜਿਸ ਕਾਰਨ ਉਹ ਪਸ਼ੂ ਜਗਤ ਤੋਂ ਵੱਖ ਹੋ ਜਾਂਦਾ ਹੈ। ਉਹ ਆਪਣੇ ਦੀਰਘ ਮਸਤਿਕ, ਹੱਥ, ਪੈਰ ਅਰਥਾਤ ਹੱਡੀ ਰਚਨਾ, ਭੇਦ, ਭਾਸ਼ਣ ਯੋਗਤਾ, ਬੁੱਧੀ ਅਰਥਾਤ ਗਿਆਨ ਦੀ ਵਿਸ਼ੇਸ਼ਤਾ, ਸਮਾਜਿਕ ਮਹੱਤਵ ਅਰਥਾਤ ਪ੍ਰਾਪਕ੍ਰਤਕ ਵਿਕਾਸ ਆਦਿ ਦੇ ਕਾਰਣ ਪਸ਼ੂ ਜਗਤ ਤੋਂ ਬਹੁਤ ਭਿੰਨ ਹੈ।

ਵਿਕਾਸਵਾਦੀ ਵਿਦਵਾਨਾਂ ਦੇ ਅਨੁਸਾਰ ਮਾਨਵ ਵਿਕਾਸ ਦਾ ਆਰੰਭ ਪਸ਼ੂ ਜੱਗ ਤੋਂ ਹੋਇਆ। ਉਹ ਆਪਣੀ ਆਰੰਭਕ ਅਵਸਥਾ ਵਿਚ ਲੰਗੂਰ ਸੀ ਅਤੇ ਅਨੇਕ ਪਰਿਵਰਤਨ ਕਰਕੇ ਵਰਤਮਾਨ ਰੂਪ ਨੂੰ ਪ੍ਰਾਪਤ ਹੋਇਆ। ਚਾਰਲਿਸ ਡਾਰਵਿਨ ਅਨੁਸਾਰ ਮਨੁੱਖ ਦੀ ਉਤਪਤੀ ਪ੍ਰਾਚੀਨ ਵਿਸ਼ਵ ਬਾਨਰ ਸ਼ਾਖ ਤੋਂ ਹੋਈ ਹੈ। ਪਰੰਤੂ ਪ੍ਰਾਣੀ ਵਿਗਿਆਨੀ ਹੁਣ ਤਕ ਇਹ ਗੱਲ ਮੰਨਣ ਲਈ ਤਿਆਰ ਨਹੀਂ ਕਿ ਵਰਤਮਾਨ ਮਨੁੱਖ ਲੰਗੂਰ ਪ੍ਰਾਚੀਨ ਗੋਰੀਲਾ ਅਰਥਾਤ ਗਿਬਨ ਤੋਂ ਵਿਕਸਿਤ ਹੋਇਆ ਹੈ। ਇਕ ਕਰੋੜ ਸਾਲ ਪਹਿਲਾਂ ਜਿਹੜੇ ਮਨੁੱਖ ਲੰਗੂਰ ( Man-Apes ) ਹੋਂਦ ਵਿਚ ਆਏ, ਇਨ੍ਹਾਂ ਦੇ ਨਿਸ਼ਾਨ ਦੱਖਣੀ ਅਫਰੀਕਾ ਵਿਚ ਮਿਲਦੇ ਹਨ। ਇਨ੍ਹਾਂ ਨੇ ਦੋ ਪੈਰਾਂ ਤੇ ਅਤੇ ਦੋ ਹੱਥਾਂ ਤੋਂ ਕੰਮ ਲੈਣਾ ਸ਼ੁਰੂ ਕੀਤਾ। ਉਨ੍ਹਾਂ ਵਿਚ ਸੋਚਣ ਅਤੇ ਪਰਖਣ ਦੀ ਸ਼ਕਤੀ ਆ ਗਈ ਅਤੇ ਦਿਮਾਗ ਦੀ ਵਾਧੇ ਨੇ ਉਨ੍ਹਾਂ ਨੂੰ ਜੰਗਲੀ ਤੋਂ ਸਭਿਅਕ ਬਣਾ ਦਿਤਾ। ਪੂਰਬ ਪੱਥਰ-ਜੁਗ, ਪੱਥਰ-ਜੁਗ ਅਤੇ ਧਾਤੂ-ਜੁਗ ਆਦਿ ਸਾਰੇ ਪੜਾ ਮਨੁੱਖ ਦੇ ਦਿਮਾਗੀ ਵਿਕਾਸ ਨੂੰ ਪ੍ਰਗਟਾਉਂਦੇ ਹਨ। ਵਿਕਾਸਮਾਵੀ ਸਿੱਧਾਂਤ ਅਨੁਸਾਰ ਅਸੀਂ ਇਹ ਨਹੀਂ ਕਹਿ ਸਕਦੇ ਕਿ ਮਨੁੱਖ ਲੰਗੂਰ ਅਤੇ ਚਿੰਪੈਂਜੀ ਨਾਲੋਂ ਕੋਈ ਵਖਰਾ ਜਾਨਵਰ ਹੈ। ਭਾਵੇਂ ਸਾਨੂੰ ਪਤਾ ਹੈ ਕਿ ਉਹ ਬਿਲਕੁਲ ਹੀ ਹੋਰ ਤਰ੍ਹਾਂ ਦੇ ਜਾਨਵਰ ਹਨ ਅਤੇ ਸਾਡੇ ਅਤੇ ਉਨ੍ਹਾਂ ਵਿਚ ਬੋਲਣ ਦਾ, ਖੋਜ ਕਰਨ ਦਾ ਅਤੇ ਯਾਦ ਕਰਨ ਦਾ ਅਤੇ ਸਿੱਖਣ ਸਿਖਾਉਣ ਵਿਚ ਢੇਰ ਅੰਤਰ ਹੈ, ਪਰੰਤੂ ਮਾਨਵੀ ਮੂਲ ਨੂੰ ਲਭਣ ਦਾ ਕੇਵਲ ਇਹੀ ਢੰਗਾ ਢੰਗ ਹੈ।

ਮਨੋਵਿਗਿਆਨਕ ਦ੍ਰਿਸ਼ਟੀ ਤੋਂ ਮਨੁੱਖ ਦਾ ਵਿਅਕਤੀਤਵ ਤੋਂ ਭਾਵ ਹੈ, ਕਿਸੇ ਵੀ ਮਨੁੱਖ ਦਾ ਉਹ ਪ੍ਰਭਾਵ ਜਿਹੜਾ ਉਸਦੀ ਪੋਸ਼ਾਕ ਉਸਦੇ ਬੋਲ ਚਾਲ ਦੇ ਢੰਗ ਉਠਣ ਬੈਠਣ ਦੇ ਸਲੀਕੇ ਅਤੇ ਰਹਿਣ ਬਹਿਣੀ ਤੋਂ ਪੈਂਦਾ ਹੈ। ਨਵੀਨ ਵਰਗੀਕਰਣ ਅਨੁਸਾਰ ਮਨੁੱਖ ਦੇ ਸੁਭਾ ਦਾ ( ਕਰਮ ਅਨੁਸਾਰ ਕ੍ਰਿਸ਼ਕਾਯ ਪ੍ਰਕਾਰ ਦੇ ਵਿਅਕਤੀ) ਇਸ ਪ੍ਰਕਾਰ ਕੀਤਾ ਜਾਂਦਾ ਹੈ। ਇਸ ਦਾ ਸਰੀਰ ਕਮਜ਼ੋਰ, ਪਤਲਾ ਤੇ ਲੰਬਾ ਹੁੰਦਾ ਹੈ। ਉਹ ਨਾਜ਼ੁਕ ਸੁਭਾ ਦੇ ਅਤੇ ਮਾਨਸਿਕ ਰੋਗੀ ਹੁੰਦੇ ਹਨ। ਪੁਸ਼ਟਕਾਯ ਪ੍ਰਕਾਰ ਦਾ ਵਿਅਕਤੀ ਹੌਸਲੇ ਵਾਲਾ, ਨਿੱਡਰ ਅਤੇ ਸਫਲਤਾ ਦੀ ਵਧੇਰੇ ਇੱਛੁਕ ਹੁੰਦਾ ਹੈ। ਤੰਗਦਿਲ ਪ੍ਰਕਾਰ ਦੇ ਮਨੁੱਖ ਮਿਲਣਸਾਰ ਅਤੇ ਆਰਾਮ ਪਸੰਦ ਹੁੰਦੇ ਹਨ।

ਮਿਸ਼ਰਕਾਯ ਪ੍ਰਕਾਰ ਦੇ ਵਿਅਕਤੀ ਦੂਜੇ ਲੋਕਾਂ ਵਿਚ ਰੁਚੀ ਰਖਦੇ ਅਤੇ ਆਪਣਾ

ਯੋਜਨਾ ਨੂੰ ਅਮਲੀ ਰੂਪ ਦਿੰਦੇ ਹਨ। ਪ੍ਰਸਿੱਧ ਮਨੋਵਿਗਿਆਨੀ ਜੁੰਗ ਦੇ ਵਰਗੀਕਰਣ ਅਨੁਸਾਰ ਜਿਹੜੇ ਵਿਅਕਤੀ ਦੂਜਿਆਂ ਦੀ ਨਿਸਬਤ ਆਪਣੇ ਆਪ ਨਾਲ ਸੰਬੰਧਿਤ ਗੱਲਾਂ ਵਿਚ ਵਧੇਰੇ ਰੁਚੀ ਰਖਦੇ ਹਨ, ਉਹ ਅੰਤਰਮੁਖੀ ਅਤੇ ਜੋ ਦੂਜਿਆਂ ਵਿਚ ਅਧਿੱਕ ਰੁਚੀ ਰਖਦੇ ਹਨ, ਉਹ ਬਾਹਰਮੁਖੀ ਹੁੰਦੇ ਹਨ।

ਮਨੁੱਖ ਦਾ ਵਿਅਕਤੀਤਵ ਇਕ ਦਿਨ ਵਿਚ ਨਹੀਂ ਬਣ ਸਕਦਾ। ਇਹ ਤਾਂ ਦਿਨ ਪ੍ਰਤੀਦਿਨ ਵਿਕਾਸ ਹੁੰਦੀ ਹੋਈ ਗਤੀਸ਼ੀਲਤਾ ਹੈ। ਵਿਅਕਤੀਤਵ ਦ ਨਿਰਮਾਣ ਵਿਅਕਤੀ ਦੇ ਮਾਨਸਿਕ, ਸਰੀਰਕ, ਸਮਾਜਿਕ ਤੱਥਾਂ ਨੈਤਿਕ ਵਿਕਾਸ ਦੇ ਫਲਸਰੂਪ ਹੁੰਦਾ ਹੈ। ਪ੍ਰਸਿੱਧ ਮਨੋਵਿਗਿਆਨੀ ਫਰਾਇਡ ਅਨੁਸਾਰ ਮਨੁੱਖ ਦੇ ਵਿਕਾਸ ਦੀਆਂ ਤਿੰਨ ਅਵਸਥਾਵਾਂ ਹਨ।

1. ਸ਼ੈਸ਼ਵ ਕਾਮ ਵਾਸ਼ਨਾ ( Infantile sexuality ) ਇਸ ਬੱਚ ਦੀ ਕਾਮ ਸ਼ਕਤੀ ਉਸਦੇ ਸਰੀਰ ਤਕ ਹੀ ਕੇਵਲ ਕੇਂਦ੍ਰਿਤ ਰਹਿੰਦੀ ਹੈ। ਅਤੇ ਉਸਦੀ ਵਾਸ਼ਨਾ ਮੂੰਹ ਦੀਆਂ ਕ੍ਰਿਆਵਾਂ ਦੁਆਰਾ ਤ੍ਰਿਪਤ ਹੁੰਦੀ ਹੈ।

ਮਾਧਿਮਿਕ ਅਵਸਥਾ ( Latent stage ) ਵਿਚ ਇਸ ਦਸ਼ਾ ਵਿਚ ਵਾਸ਼ਨਾ ਦਾ ਤਿਆਗ ਕਰਦਾ ਹੈ ਉਸਨੂੰ ਬੌਧਿਕ ਨੈਤਿਕ ਅਰਥਾਤ ਵਿਕਾਸ ਦਾ ਸਨੇਹ ਹੁੰਦਾ ਹੈ। ਜਨਨ ਇੰਦ੍ਰੀਆਂ ਅਵਸਥਾ ( Gentile stage ) ਇਸ ਅਵਸਥਾ ਵਿਚ ਵਿਰੋਧੀ ਵਰਗ ਦੇ ਪ੍ਰਤੀ ਰੁਚੀ ਪੈਦਾ ਹੁੰਦੀ ਹੈ ਅਤੇ ਪਿਆਰ ਦਾ ਆਰੰਭ ਹੋ ਜਾਂਦਾ ਹੈ।

ਮਨੁੱਖ ਦੇ ਜੀਵਨ ਵਿਚ ਸੰਵੇਗ ਬੜੀ ਮਹਾਨਤਾ ਰਖਦੇ ਹਨ। ਇਕ ਇਕ ਅਜਿਹੀ ਕ੍ਰਿਆ ਹੈ, ਜਿਸਦੇ ਦੁਆਰਾ ਪ੍ਰਾਣੀਆਂ ਵਿਚ ਹਲਚਲ ਮਚ ਜਾਂਦੀ ਹੈ। ਸੰਵੇਗ ਸਦਕਾ ਮਨੁੱਖ ਕਠਨ ਕੰਮ ਨੂੰ ਆਸਾਨੀ ਨਾਲ ਕਰ ਦਿੰਦਾ ਹੈ। ਸੰਵੇਗ ਦੇ ਪ੍ਰਭਾਵ ਨਾਲ ਮਨੁੱਖ ਕੰਬਣ ਲਗ ਜਾਂਦਾ ਹੈ ਅਤੇ ਘਬਰਾਹਟ ਵਿਚ ਪਸੀਨਾ ਛੁਟ ਜਾਂਦਾ ਹੈ। ਸੰਵੇਗ ਸਮਾਪਤ ਹੋਣ ਪਿੱਛੋਂ ਵੀ ਮਾਨਸਿਕ ਅਤੇ ਸਰੀਰਕ ਉਤੇਜਨਾਵਾਂ ਕੁਝ ਦੇਰ ਬਣੀਆਂ ਰਹਿੰਦੀਆਂ ਹਨ। ਡਰ ਅਤੇ ਅਫ਼ਸੋਸ ਦੀ ਦਸ਼ਾ ਵਿਚ ਹਾਜ਼ਮਾ ਵਿਗੜ ਜਾਂਦਾ ਹੈ। ਅਤੇ ਕਈ ਮਾਨਸਿਕ ਰੋਗ ਆ ਘੇਰਦੇ ਹਨ। ਇਕ ਮਨੁੱਖ ਦੇ ਦੂਜੇ ਮਨੁੱਖ ਤੋਂ ਭਿੰਨਤਾ ਦੇ ਕਾਰਣ ਵੰਸ਼ ਪਰੰਪਰਾ ਹੁੰਦੇ ਹਨ। ਵੰਸ਼ ਪਰੰਪਰਾ ਉਸਨੂੰ ਕਹਿੰਦੇ ਹਨ, ਜਿਸਨੂੰ ਮਨੁੱਖ ਆਪਣੇ ਮਾਂ ਬਾਪ ਦੁਆਰਾ ਪੂਰਵਜਾਂ ਦੇ ਖਾਨਦਾਨ ਵਿਚੋਂ ਪ੍ਰਾਪਤ ਕਰਦਾ ਹੈ। ਵਾਤਾਵਰਣ ਦਾ ਅਸਰ ਵੀ ਪ੍ਰਾਣੀ ਪੂਰੀ ਕਬੂਲਦਾ ਹੈ। ਵਾਤਾਵਰਣ ਅਤੇ ਵੰਸ਼ ਪਰੰਪਰਾ ਦੋਨੋਂ ਹੀ ਮਨੁੱਖ ਦੇ ਵਿਕਾਸ ਲਈ ਜ਼ਰੂਰੀ ਹਨ। ਮਨੁੱਖ ਇਕ ਸਮਾਜਿਕ ਪ੍ਰਾਣੀ ਹੈ। ਉਹ ਜਨਮ ਤੋਂ ਮਰਨ ਤਕ ਸਮਾਜ ਵਿਚ ਰਹਿੰਦਾ ਹੈ, ਉਸਨੂੰ ਪ੍ਰਭਾਵਿਤ ਕਰਦਾ ਅਤੇ ਉਸ ਤੋਂ ਪ੍ਰਭਾਵਿਤ ਹੁੰਦਾ ਹੈ। ਮਨੁੱਖ ਦੀ ਸ਼ਖਸੀਅਤ

ਉੱਪਰ ਸਮਾਜ ਦਾ ਡੂੰਘਾ ਪ੍ਰਭਾਵ ਪੈਂਦਾ ਹੈ। ਅਸਲ ਵਿਚ ਸਮਾਜ ਇਕ ਅਜਿਹਾ ਭਵਨ ਹੈ, ਜਿਸਦੇ ਬਣਾਉਣ ਲਈ ਮਨੁੱਖ ਰੂਪੀ ਪੱਥਰ ਜ਼ਰੂਰੀ ਹੈ। ਮਨੁੱਖ ਦੀਆਂ ਲੋੜਾਂ ਪੂਰੀਆਂ ਕਰਨ ਲਈ ਸਮਾਜ ਵੀ ਵਚਨਬੱਧ ਹੈ। ਗੁਰੂ ਨਾਨਕ ਵੀ ਹਰ ਮਨੁੱਖ ਨੂੰ ਸਮਾਜ ਦੇ ਪਦਾਰਥਕ, ਮਾਨਸਿਕ ਅਤੇ ਆਤਮਿਕ ਪੱਖ ਤੋਂ ਉੱਚਾ ਉੱਠਣ ਲਈ ਇਨ੍ਹਾਂ ਤਿੰਨਾਂ ਪੱਖਾਂ ਤੋਂ ਪ੍ਰੇਰਨਾ ਦਿੰਦੇ ਹਨ। ਉਨ੍ਹਾਂ ਦੇ ਵਿਚਾਰ ਵਿਚ ਆਦਰਸ਼ਕ ਸਮਾਜ ਉਹੀ ਹੋਵੇਗਾ, ਜਿਸ ਵਿਚ ਭੌਤਿਕ ਮਾਨਸਿਕ ਅਤੇ ਆਤਮਿਕ ਪੱਖ ਤੋਂ ਮਨੁੱਖ ਉੱਨਤ ਹੋਵੇਗਾ। ਉਨ੍ਹਾਂ ਅਨੁਸਾਰ ਜਿਹੜਾ ਮਨੁੱਖ ਸਮਾਜ ਦੀ ਭਲਾਈ ਅਤੇ ਪੱਥ-ਪਰਦਰਸ਼ਨ ਠੀਕ ਢੰਗ ਨਾਲ ਕਰਦਾ ਹੈ। ਉਸਨੂੰ ਗੁਰਮੁਖ (ਪਰਮ-ਮਨੁੱਖ) ਕਿਹਾ ਹੈ। ਉਹ ਹੰਕਾਰ ਛਡ ਕੇ ਗਿਆਨ ਦੁਆਰਾ ਸਮਾਜ ਦੀ ਉਸਾਰੀ ਅਤੇ ਵਿਕਾਸ ਵਿਚ ਹਿੱਸਾ ਪਾਉਂਦਾ ਹੈ।

ਅੱਜ [redacted] ਸਾਰਾ ਸੰਸਾਰ ਹੀ ਈਰਖਾ ਅਤੇ ਵੈਰ ਭਾਵਨਾ ਦੀ ਅੱਗ ਵਿਚ ਸੜ ਰਿਹਾ ਹੈ, ਤਾਂ ਮਨੁੱਖਤਾ ਦਾ ਨਅਰਾ ਹੀ ਇਸਨੂੰ ਸ਼ਾਂਤ ਕਰ ਸਕਦਾ ਹੈ। ਮਨੁੱਖ ਦੀਆਂ ਕਦਰਾਂ ਕੀਮਤਾਂ ਦੀ ਉੱਨਤੀ ਅਤੇ ਮਨੁੱਖ ਦੀ ਭਲਾਈ ਦਾ ਆਦਰਸ਼ ਹੀ ਇਸ ਸਮੇਂ ਮਨੁੱਖ ਦਾ ਉਦੇਸ਼ ਹੋਣਾ ਚਾਹੀਦਾ ਹੈ। ਮਨੁਖਤਾ ਦੀ ਭਾਵਨਾ ਜਿਸ ਮਨੁੱਖ ਵਿਚ ਜਾਗ ਪੈਂਦੀ ਹੈ, ਉਹ ਬੁੱਧੀ ਦਾ ਸਾਥ ਦੇ ਕੇ ਅਤੇ ਸੰਵੇਗ ਤੇ ਕਾਬੂ ਪਾ ਕੇ ਮਨੁੱਖ ਦੀ ਹਮਦਰਦੀ ਅਤੇ ਭਲਾਈ ਲਈ ਹਮੇਸ਼ਾਂ ਪ੍ਰਯਤਨਸ਼ੀਲ ਹੋਵੇਗਾ। ਸਮਾਜ ਵਿਚ ਖੇਰੂੰ ਖੇਰੂੰ ਹੋਈ ਮਨੁਖਤਾ ਮੁੜ ਆਪਣੇ ਪੈਰਾਂ ਉੱਤੇ ਖੜਾ ਕਰਨ ਲਈ ਮਨੁੱਖ ਦਾ ਮਨੁੱਖੀਕਰਣ ਬੜਾ ਜ਼ਰੂਰੀ ਹੈ। ਜਿਸਦੀ ਹੋਂਦ ਵਗੈਰ ਉਸਦਾ ਵਿਕਾਸ ਰੁਕ ਜਾਵੇਗਾ। ਮਨੁੱਖ ਨੂੰ ਨੀਵੇਂ ਪੱਧਰ ਤੋਂ ਉੱਪਰ ਚੁੱਕ ਕੇ ਉੱਚੇ ਪੱਧਰ ਉੱਪਰ ਲਿਆ ਕੇ ਅਸਲੀ ਮਨੁੱਖ ਬਣਾਇਆ ਜਾ ਸਕਦਾ ਹੈ, ਜਿਸਨੂੰ ਆਦਰਸ਼ -ਮਨੁੱਖ ਜਾਂ ਪਰਮ - ਮਨੁੱਖ ਕਹਿ ਸਕਦੇ ਹਾਂ। ਮਨੁੱਖਤਾ ਦੇ ਨਾਇਕ ਜਿਵੇਂ ਗੁਰੂ ਨਾਨਕ, ਬੁੱਧ ਅਤੇ ਕ੍ਰਿਸ਼ਨ ਆਦਿ ਮਨੁੱਖਤਾ ਦੇ ਹੀ ਪ੍ਰਤੀਬਿੰਬ ਹਨ। ਉਹ ਮਨੁੱਖਤਾ ਦਾ ਪਰਚਾਰ ਕਰਨ ਲਈ ਜੀਵਨ ਭਰ ਪ੍ਰਯਤਨਸ਼ੀਲ ਰਹੇ। ਇਸ ਮਨੁੱਖਤਾ ਦਾ ਸ਼ਿਲਾ ਆਧਾਰ ਸਦਾਚਾਰਕ ਜੀਵਨ ਹੈ, ਜਿਹੜਾ ਗੁਰੂ ਨਾਨਕ ਬਾਣੀ ਦਾ ਇਕ ਅਤਿ ਜ਼ਰੂਰੀ ਪੱਖ ਹੈ। ਉਹ ਮਨੁੱਖ ਦੇ ਦੁਖ ਦਰਦ ਨੂੰ ਪਛਾਣਦੇ ਹੀ ਨਹੀਂ, ਸਗੋਂ ਮਨੁੱਖਤਾ ਤੋਂ ਗਿਰੇ ਹੋਏ ਮਨੁੱਖ ਨੂੰ ਵੇਖ ਕੇ ਕੁਰਲਾ ਉਠਦੇ ਹਨ। ਇਸ ਕਰਕੇ ਉਹ ਇਕ ਸੱਚੇ ਸਿੱਖ(ਪਰਮ-ਮਨੁੱਖ)ਨੂੰ ਕੂੜ, ਕੁਸੱਤ, ਠੱਗੀ, ਅਨਿਆਂ, ਜ਼ੁਲਮ ਅਤੇ ਉਚ ਨੀਚ ਤੇ ਪਾਖੰਡ ਤੋਂ ਉੱਪਰ ਉਠ ਕੇ ਸਮਾਜ ਵਿਚ ਦਲਿਤ ਅਤੇ ਦੁਖੀ ਮਨੁੱਖ ਦੀ ਡੰਗੋਰੀ ਬਣਨ ਲਈ ਪ੍ਰੇਰਨਾ ਦਿੰਦੇ ਹਨ। ਗੁਰੂ ਨਾਨਕ ਮਨੁੱਖਤਾ ਨੂੰ ਅਪਨਾਉਣ ਵਾਲੇ ਪਰਮ-ਮਨੁੱਖ ਦਾ ਆਦਰਸ਼ ਹੀ ਆਪਣੀ ਬਾਣੀ ਵਿਚ ਪੇਸ਼ ਕਰਦੇ ਹਨ। ਅਸਲ ਵਿਚ ਉਹ

ਮਨੁੱਖ ਤੋਂ ਮਨੁੱਖਤਾ ਦਾ ਪੁਜਾਰੀ ਬਣਾ ਕੇ ਅਸਲੀ ਰੂਪ ਵਿਚ ਪਰਮ-ਮਨੁੱਖ ਬਣਾਉਣ ਦਾ ਉਦੇਸ਼ ਲੈ ਕੇ ਆਏ ਸਨ ।

ਹਰ ਇਕ ਧਰਮ ਦਾ ਮੁਖ ਪ੍ਰਯੋਜਨ ਮਨੁੱਖ ਨੂੰ ਉੱਚਾ ਸੁੱਚਾ ਅਧਿਆਤਮਿਕ ਅਤੇ ਸਦਾਚਾਰਕ ਜੀਵਨ ਸਿਖਾ ਕੇ ਅਸਲ ਵਿਚ ਪਰਮ-ਮਨੁੱਖ ਬਣਾਉਣਾ ਹੈ। ਉਸਦੀ ਜਿੱਥੇ ਅਧਿਆਤਮਿਕ ਉਸਾਰੀ ਕਰਨੀ ਹੈ, ਉੱਥੇ ਸਦਾਚਾਰਕ ਤੌਰ ਤੇ ਵੀ ਉਸਨੂੰ ਮਨੁੱਖ ਦੇ ਆਮ ਪੱਧਰ ਤੋਂ ਉੱਚਾ ਉਠਾਉਣਾ ਪੈਂਦਾ ਹੈ। ਇਸ ਪਰਮ-ਮਨੁੱਖ ਦੇ ਨਿਰਮਾਣ ਲਈ ਆਚਰਣਕ ਪਵਿੱਤਰਤਾ ਆਤਮਿਕ ਪਵਿੱਤਰਤਾ ਅਤੇ ਮਾਨਸਿਕ ਸੰਤੁਲਨ ਉੱਤੇ ਜ਼ੋਰ ਦਿੱਤਾ ਗਿਆ ਹੈ। ਹਰ ਧਾਰਮਿਕ ਲਹਿਰ ਦਾ ਆਗੂ ਇਸ ਲਕਸ਼ ਦੀ ਪ੍ਰਾਪਤੀ ਲਈ ਯਤਨ ਕਰਦਾ ਰਿਹਾ। ਬੁੱਧ ਧਰਮ ਨੇ ਅਜਿਹੇ ਪੂਰਨ-ਮਨੁੱਖ (ਪਰਮ-ਮਨੁੱਖ) ਲਈ ਅਸ਼ਟਾਂਗ ਮਾਰਗ ਨੂੰ ਅਪਣਾਉਣ ਵਾਲੇ ਭਿਕਸ਼ੂ ਨੂੰ ਕਿਹਾ। ਜੈਨ ਧਰਮ ਵਿਚ ਮੁਨੀ ਅਤੇ ਯੋਗ ਮੱਤ ਵਿਚ ਯੋਗੀ, ਗੀਤਾ ਵਿਚ ਸੰਨਿਆਸੀ ਅਤੇ ਸੂਫ਼ੀ ਮਤ ਵਿਚ ਇਨਸਾਨਲ ਕਾਮਿਲ ਕਿਹਾ ਗਿਆ ਹੈ। ਆਧੁਨਿਕ ਚਿੰਤਕ ਸ੍ਰੀ ਅਰਬਿੰਦ ਨੇ ਪੂਰਨ-ਮਨੁੱਖ(ਪਰਮ-ਮਨੁੱਖ) ਲਈ ਸੁਪਰਮੈਨ ਸ਼ਬਦ ਵਰਤਿਆ ਹੈ। ਗੁਰੂ ਨਾਨਕ ਨੇ ਵੀ ਆਪਣੀ ਰਚਨਾ ਵਿਚ ਇਕ ਅਜਿਹੇ ਪਰਮ-ਮਨੁੱਖ ਦੀ ਰੂਪ ਰੇਖਾ ਉਲੀਕੀ ਹੈ, ਜਿਸ ਤੋਂ ਪ੍ਰੇਰਨਾ ਲੈ ਕੇ ਹਰ ਮਨੁੱਖ ਆਪਣਾ ਜੀਵਨ ਸੁਚੱਜਾ ਅਤੇ ਉੱਤਮ ਬਣਾ ਸਕੇ। ਜੋਗੀਆਂ ਦਾ ਆਦਰਸ਼-ਮਨੁੱਖ ਜੋ ਘਰ ਬਾਰ ਅਤੇ ਸੰਸਾਰਕ ਜੀਵਨ ਤਿਆਗਣ ਵਾਲਾ ਅਤੇ ਤਪਸਿਆਵਾਂ ਸਾਧਣ ਵਾਲਾ ਸੰਨਿਆਸੀ ਸੀ, ਉਸਦੇ ਟਾਕਰੇ ਤੇ ਗੁਰੂ ਨਾਨਕ ਦਾ ਆਦਰਸ਼-ਮਨੁੱਖ (ਪਰਮ-ਮਨੁੱਖ) ਇਕ ਸਦਾਚਾਰੀ ਜੀਵਨ ਵਾਲਾ, ਨਿਮਰਤਾ, ਦਯਾ ਅਤੇ ਸਦਾਚਾਰਕ ਗੁਣਾਂ ਨੂੰ ਅਪਨਾਉਣ ਵਾਲਾ, ਨਾਮ ਜਪਣ ਵਾਲਾ, ਕਿਰਤ ਕਰਨ, ਵਾਲਾ ਅਤੇ ਵੰਡ ਛਕਣ ਵਾਲਾ ਅਧਿਆਤਮਿਕ ਪੱਖੋਂ ਉੱਨਤ ਪੂਰਨ ਵਿਅਕਤੀ ਸੀ। ਉਹ ਨਿਰਲੇਪਤਾ ਦਾ ਜੀਵਨ ਅਪਣਾਉਣ ਵਾਲਾ, ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਉੱਤੇ ਕਾਬੂ ਪਾਉਣ ਵਾਲਾ ਹੈ। ਉਹ ਵਿਚਾਰ, ਭਾਵ ਕਰਮ ਅਤੇ ਇੱਛਾ ਆਦਿ ਖੇਤਰਾਂ ਵਿਚ ਪੂਰਨ-ਮਨੁੱਖ ਹੁੰਦਾ ਹੈ, ਜਿਸਦੀ ਸੋਚ ਉਚੀ ਭਾਵ ਮਿੱਠੇ ਅਤੇ ਕਰਮ ਸੁਖਾਵੇਂ ਹੋਣ। ਇਹ ਪਰਮ-ਮਨੁੱਖ ਹੀ ਇਕ ਆਦਰਸ਼ਕ ਸਿੱਖ ਹੈ, ਜਿਸਦੇ ਘੇਰੇ ਵਿਚ ਗੁਰਮੁਖ, ਸਾਧ, ਜੀਵਨ-ਮੁਕਤ, ਬ੍ਰਹਮ-ਗਿਆਨੀ ਅਤੇ ਗੁਰੂ ਆਉਂਦੇ ਹਨ। ਉਹ ਨਾਮ ਮਾਰਗ ਦਾ ਧਾਰਨੀ ਹੁੰਦਾ ਹੈ, ਜਿਹੜਾ ਕਿ ਗੁਰੂ ਨਾਨਕ ਬਾਣੀ ਦੀ ਆਧਾਰ ਸ਼ਿਲਾ ਹੈ। ਉਹ ਬਾਹਰਮੁਖੀ ਰਸਮਾਂ, ਕਰਮ ਕਾਂਡਾਂ, ਭੇਖਾਂ ਤੀਰਥ-ਇਸ਼ਨਾਨ ਆਦਿ ਦਾ ਖੰਡਨ ਕਰਦਾ ਹੈ। ਉਹ ਸੰਤੋਖ ਨੂੰ ਤੀਰਥ ਮੰਨਦਾ ਗਿਆਨ ਦਾ ਇਸ਼ਨਾਨ ਕਰਦਾ ਹੈ, ਦਯਾ ਨੂੰ ਦੇਵਤਾ ਮੰਨਦਾ ਹੈ ਖਿਮਾਂ ਦੀ ਮਾਲਾ ਫੇਰਦਾ ਹੈ।

ਜਿਵੇਂ:-

ਬਹੁ ਵਰਤ ਸੰਤੋਖ ਤੀਰਥ

( ਆਦਿ ਗ੍ਰੰਥ, ਪੰਨਾ 1242)

ਉਹ ਰੱਬੀਂ ਘਾਲ ਘਾਲਦਾ ਅਤੇ ਆਪਣੀ ਕ੍ਰਿਤ ਦੂਜਿਆਂ ਨਾਲ ਸਾਂਝੀ ਕਰਦਾ ਹੈ। ਜਿਵੇਂ:-

ਘਾਲਿ ਖਾਇ ਕਿਛੁ ਹਥਹੁ ਦੇਹਿ ॥
ਨਾਨਕ ਰਹੁ ਪਛਾਣਹਿ ਸੇਇ ॥

( ਆਦਿ ਗ੍ਰੰਥ, ਪੰਨਾ 145)

ਮਨੁੱਖਤਾ ਦੀ ਸੇਵਾ ਉਹ ਆਪਣਾ ਕਰਤਵ ਸਮਝਦਾ ਹੈ।

ਵਿਚ ਦੁਨੀਆਂ ਸੇਵ ਕਮਾਈਐ ॥
ਤਾਂ ਦਰਗਹੁ ਬੈਸਣ ਪਾਇਐ ॥

( ਆਦਿ ਗ੍ਰੰਥ, ਪੰਨਾ 1261)

ਉਹ ਸ਼ਬਦ ਦੀ ਵਿਚਾਰ ਕਰਦਾ ਹੋਇਆ ਮੁਕਤ ਹੋ ਜਾਂਦਾ ਹੈ। ਗੁਰੂ ਨਾਨਕ ਦਾ ਉਦੇਸ਼ ਪਸ਼ੂ ਤੋਂ ਮਨੁੱਖ ਅਤੇ ਮਨੁੱਖ ਤੋਂ ਪਰਮ-ਮਨੁੱਖ ਬਣਾਉਣਾ ਸੀ। ਕਿਉਂਕਿ ਗੁਰੂ ਦਾ ਕਰਤਵ ਹੀ ਮਨੁੱਖ ਤੋਂ ਦੇਵਤੇ( ਪਰਮ-ਮਨੁੱਖ) ਬਣਾਉਣਾ ਹੈ। ਜਿਵੇਂ:-

ਜਿਨ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ ॥

( ਆਦਿ ਗ੍ਰੰਥ, ਪੰਨਾ 125)

ਅਮਲ ਵਿਚ ਅਗਲੇ ਪੰਨਿਆਂ ਵਿਚ ਅਸੀਂ ਗੁਰੂ ਨਾਨਕ ਬਾਣੀ ਅਨੁਸਾਰ ਅਸੀਂ ਪਰਮ-ਮਨੁੱਖ ਦੀ ਰੂਪ ਰੇਖਾ ਭੌਤਿਕ, ਅਧਿਆਤਮਿਕ ਉਲੀਕਣ ਅਤੇ ਸਦਾਚਾਰਕ ਪੱਖ ਦਾ ਤੁੱਛ ਜਿਹਾ ਯਤਨ ਕਰਾਂਗੇ।

ਭਾਰਤੀ ਦਰਸ਼ਨ ਅਨੁਸਾਰ ਪਰਮ-ਮਨੁੱਖ ਦੀ ਰੂਪ ਰੇਖਾ ਉਲੀਕਣ ਲੱਗਿਆਂ ਇਹ ਵੀ ਪਤਾ ਲਗਦਾ ਹੈ ਕਿ ਵੈਦਿਕ ਸਮੇਂ ਵਿਚ ਜੀਵਨ ਨੂੰ ਧਰਮ ਅਨੁਸਾਰ ਢਾਲ ਕੇ ਬਾਕੀ ਸਾਰਿਆਂ ਦੇ ਆਨੰਦ ਵਿਚ ਵਾਧਾ ਕਰਨ ਵਾਲਾ ਅਤੇ ਪਰਮਾਤਮਾ ਦੀ ਖੋਜ ਵਿਚ ਰੁਝਿਆ ਮਨੁੱਖ ਹੀ ਪਰਮ-ਮਨੁੱਖ ਸੀ। ਉਪਨਿਸ਼ਦ ਸਮੇਂ ਦਾ ਪਰਮ-ਮਨੁੱਖ ਪਰਮਾਤਮਾ ਦਾ ਸਰੂਪ ਸਮਝਦਾ ਹੋਇਆ ਆਤਮਿਕ ਅਤੇ ਸਦਾਚਾਰਕ ਗੁਣਾਂ ਦਾ ਧਾਰਨੀ ਹੁੰਦਾ ਸੀ। ਗੀਤਾ ਦਾ ਪਰਮ-ਮਨੁੱਖ ਭਗਤੀ, ਗਿਆਨ, ਕਰਮ ਅਤੇ ਖੁਸ਼ਹਾਲੀ ਅਤੇ ਵਿਸ਼ਵਾਸ ਉੱਤੇ ਆਧਾਰਿਤ ਹੋਣ ਵਾਲਾ ਵਿਅਕਤੀ ਸੀ। ਜਿਹੜਾ ਭਗਤੀ ਨਾਲੋਂ ਕਰਮ ਨੂੰ ਵਧੇਰੇ ਮਹਾਨਤਾ ਦਿੰਦਾ ਸੀ।

ਅਤੇ ਕਰਮ ਕਰਕੇ ਕਿਸੇ ਫਲ ਦੀ ਇੱਛਾ ਨਹੀਂ ਰਖਦਾ ਸੀ। ਵਸ੍ਹਨ ਸ਼ਾਸਤਰਾਂ ਅਨੁਸਾਰ ਰ ਪਰਮ-ਮਨੁੱਖ ਵੀ ਜੀਵਨ-ਮੁਕਤ ਜਾਂ ਬ੍ਰਹਮ-ਗਿਆਨੀ ਦਾ ਹੀ ਰੂਪ ਸੀ, ਜਿਹੜਾ ਨਿਰਮਲਤਾ ਦੀ ਮੂਰਤੀ ਸੀ ਅਤੇ ਹਰ ਪ੍ਰਕਾਰ ਦੇ ਬੰਧਨ ਤੋਂ ਮੁਕਤੀ, ਲੋਭ, ਮੋਹ ਅਤੇ ਪਾਪਾਂ ਦਾ ਤਿਆਗ ਕਰਨ ਵਾਲਾ, ਦੀਨ-ਦੁਖੀਆਂ ਪੁਰ ਰਹਿਮ ਕਰਨ ਵਾਲਾ, ਸਦਾਚਾਰਕ ਅਤੇ ਅਧਿਆਤਮਿਕ ਵਿਅਕਤੀ ਸੀ।

ਸਿੱਖ ਧਰਮ ਜੀਵਨ ਦਾ ਇਕ ਅਮਲੀ ਢੰਗ ਹੈ, ਜਿਹੜਾ ਮਨੁੱਖ ਨੂੰ ਸਿੱਧਾ ਉਦੇਸ਼ ਪ੍ਰਾਪਤੀ ਵਲ ਨੂੰ ਲੈ ਜਾਂਦਾ ਹੈ।

ਇਹ ਸ਼ਾਬਦਿਕ ਸਿੱਧਾਂਤਾਂ ਵਿਚ ਨਹੀਂ ਉਲਝਦਾ। ਇਹ ਧਰਮ ਆਪਣੇ ਸਿੱਧਾਂਤ ਦੀ ਪ੍ਰਮਾਣਿਕਤਾ ਵਜੋਂ ਪ੍ਰਮੁੱਖ ਧਰਮਾਂ ਨਾਲੋਂ ਭਿੰਨ ਹੈ। ਇਸ ਭਿੰਨਤਾ ਵਿਚੋਂ ਹੀ ਗੁਰੂ ਸਾਹਿਬ ਦੇ ਸ਼ਖਸੀਅਤ ਦੀ ਵਿਲੱਖਣਤਾ ਰੂਪਮਾਨ ਹੁੰਦੀ ਹੈ। ਗੁਰੂ ਨਾਨਕ ਸਾਹਿਬ ਨੇ ਆਪਣੇ ਸਮੇਂ ਦੀ ਲੋਭੂ ਪੁਜਾਰੀ ਸ਼੍ਰੇਣੀ ਵਿਰੁੱਧ ਜਹਾਦ ਖੜਾ ਕਰਕੇ ਸਮੁੱਚੀ ਮਾਨਵਤਾ ਨੂੰ ਆਤਮਿਕ ਸਦਾਚਾਰਕ ਅਤੇ ਦਾਨਵੀ ਗਿਰਾਵਟਾਂ ਤੋਂ ਬਚਾ ਕੇ ਪੂਰਣਤਾ ਦੀਆਂ ਸਿੱਖਰਾਂ ਉੱਤੇ ਪਹੁੰਚਾ ਦਿੱਤਾ। ਗੁਰੂ ਨਾਨਕ ਦੇਵ ਸਮਾਜ ਸੁਧਾਰਕ ਅਤੇ ਅਧਿਆਤਮਿਕ ਵਿਅਕਤੀ ਸਨ। ਭਾਈ ਗੁਰਦਾਸ ਦੇ ਸ਼ਬਦਾਂ ਵਿਚ 'ਕਲਿ ਤਾਰਣਿ ਗੁਰੂ ਨਾਨਕ ਆਇਆ' ਅਨੁਸਾਰ ਉਨ੍ਹਾਂ ਅਵਤਾਰ ਧਾਰਿਆ ਹੀ ਸਮਾਜਕ ਕਲਿਆਣ ਲਈ ਸੀ। ਮਨੁੱਖ ਨੂੰ ਨਿਘਾਰਦੀ ਦਸ਼ਾ ਵਿਚੋਂ ਕਢ ਕੇ ਉੱਚਾ ਉਠਾਉਣਾ ਉਨ੍ਹਾਂ ਦਾ ਅਸਲੀ ਮਨੋਰਥ ਸੀ। ਉਹ ਇਕ ਅਜਿਹਾ ਸਮਾਜ ਚਾਹੁੰਦੇ ਸਨ, ਜਿਸ ਵਿਚ ਸਦਾਚਾਰਕ ਅਤੇ ਅਧਿਆਤਮਿਕ ਪੱਖੋਂ ਉੱਚ ਦਰਜੇ ਦੇ ਲੋਕ ਹੋਣ। ਇਸ ਲਈ ਉਨ੍ਹਾਂ ਨੇ ਪਰਮ-ਮਨੁੱਖ ਦਾ ਸੰਕਲਪ ਪੇਸ਼ ਕੀਤਾ। ਇਹ ਪਰਮ-ਮਨੁੱਖ ਦੀ ਤਸਵੀਰ ਉਨ੍ਹਾਂ ਦੀ ਸਮੁੱਚੀ ਗੁਰਬਾਣੀ ਦਾ ਅਧਿਐਨ ਤੋਂ ਉਘਾੜ ਕੇ ਮਨੁੱਖ ਦੇ, ਸਾਹਮਣੇ ਆਉਂਦੀ ਹੈ।

ਗੁਰੂ ਨਾਨਕ ਬਾਣੀ ਵਿਚ ਮਨ ਅਤੇ ਆਤਮਾ ਤੋਂ ਵੱਖਰਾ ਇਹ ਭੌਤਿਕ ਜੀਵਨ ਗੁਰੂ ਜੀ ਲਈ ਕੋਈ ਮਹੱਤਵ ਨਹੀਂ ਰਖਦਾ, ਕਿਉਂਕਿ ਉਸ ਪਰਮ-ਮਨੁੱਖ ਸੱਤ ਦੀ ਪ੍ਰਾਪਤੀ ਲਈ ਇਹ ਇਕ ਸਾਧਨ ਹੈ। ਉਸ ਪਰਮਾਤਮਾ ਦੀ ਪ੍ਰਾਪਤੀ ਆਤਮਿਕ ਸ਼ੁਧੀ ਦੁਆਰਾ ਹੋ ਸਕਦੀ ਹੈ। ਮਾਨਸਿਕ ਸ਼ੁਧੀ ਮਾਨਸਿਕ ਮੁਕਤੀ ਲਈ ਜ਼ਰੂਰੀ ਹੈ। ਮਾਨਸਿਕ ਸ਼ੁਧੀ ਭੌਤਿਕ ਜੀਵਨ ਵਿਚ ਚੰਗੇ ਅਮਲਾਂ ਤੋਂ ਪੈਦਾ ਹੁੰਦੀ ਹੈ। ਕਿਉਂਕਿ ਮਨੁੱਖ ਦਾ ਭੌਤਿਕ ਸਰੀਰ ਅਮਲ ਜਾਂ ਕਰਮ ਦਾ ਕਾਰਨ ਬਣਦਾ ਹੈ। ਇਸ ਲਈ ਸਰੀਰ ਨੂੰ ਧਰਤੀ ਅਰਥਾਤ ਅਧਿਆਤਮਕ ਜੀਵਨ ਦੀ ਨੀਂਹ ਮੰਨਿਆ ਹੈ, ਜਿਹੜਾ ਪਰਮ-ਮਨੁੱਖ ਬਣਨ ਲਈ ਅਤਿ ਜ਼ਰੂਰੀ ਹੈ। ਇਸੇ ਕਰਕੇ ਇਸ ਗੱਲ ਉੱਪਰ ਜ਼ੋਰ ਦਿੱਤਾ ਗਿਆ ਹੈ ਕਿ ਸਰੀਰ ਨੂੰ ਸਾਧ ਕੇ ਚੰਗੇ ਕੰਮਾਂ ਵਿਚ ਲਾਉਣਾ ਚਾਹੀਦਾ ਹੈ।

ਗੁਰੂ ਨਾਨਕ ਬਾਣੀ ਵਿਚ ਸੂਖਮ ਸਰੀਰ ਦੇ ਪ੍ਰਤੀਕ ਹਉਮੈ ( ਹੰਕਾਰ) ਮਨ

ਬੁੱਧੀ ਸੁਰਤਿ ਆਦਿ ਦਾ ਵਰਣਨ ਕੀਤਾ ਹੈ। ਹਉਮੈ ਹੀ ਹੈ, ਜਿਸਦਾ ਤਿਆਗ ਅਤਿ ਜ਼ਰੂਰੀ ਹੈ। ਗੁਰੂ ਜੀ ਨੇ ਮਨ ਨੂੰ ਮਾਰਨ ਉੱਪਰ ਜ਼ੋਰ ਦਿੱਤਾ ਹੈ। ਖੋਟੀਆਂ ਅਤੇ ਚੰਚਲ ਬਿਰਤੀਆਂ ਤੋਂ ਰੋਕਣ ਲਈ ਕਿਹਾ ਹੈ। ਹੰਕਾਰ ਨੂੰ ਤਿਆਗਣਾ ਵੀ ਮਨ ਮਾਰਨਾ ਕਿਹਾ ਹੈ। ਅੱਗੇ ਚਲ ਕੇ ਦਸਿਆ ਹੈ ਕਿ ਬੁੱਧੀ ਹੀ ਮਨੁੱਖ ਨੂੰ ਪਸ਼ੂ ਤੋਂ ਵਖਿਰਆਉਂਦੀ ਹੈ। ਇਹ ਸੱਚ ਝੂਠ ਅਤੇ ਚੰਗੇ ਮੰਦੇ ਦਾ ਨਿਸਤਾਰਾ ਹੈ। ਇਸ ਦੁਆਰਾ ਹੀ ਉਸਦੀ ਸੂਝ ਪ੍ਰਾਪਤ ਕਰਦੇ ਹਾਂ। ਜਦੋਂ ਤਕ ਬੁੱਧੀ ਮਨ ਦੇ ਅਧੀਨ ਹੁੰਦੀ ਹੈ, ਮਨੁੱਖ ਆਤਮਿਕ ਵਿਕਾਸ ਨਹੀਂ ਕਰ ਸਕਦਾ ਭਾਵ ਪਰਮ ਮਨੁੱਖ ਦੀ ਪਦਵੀ ਪ੍ਰਾਪਤ ਨਹੀਂ ਕਰ ਸਕਦਾ। ਜਿਨ੍ਹਾਂ ਦਾ ਮਨ ਹਿੰਸਕ ਰੁਚੀਆਂ ਦੇ ਕਾਰਨ ਮਲੀਨ ਹੋ ਜਾਂਦਾ ਹੈ ਉਨ੍ਹਾਂ ਦਾ ਚਿੱਤ ਵੀ ਮਲੀਨ ਹੋ ਜਾਂਦਾ ਹੈ। ਜਿਵੇਂ:-

ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ ॥
ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ ॥

(ਆਦਿ ਗ੍ਰੰਥ, ਪੰਨਾ 140)

ਸਥੂਲ ਸਰੀਰ ਦੀ ਉਤਪਤੀ ਆਕਾਸ਼, ਵਾਯੂ ਮਿੱਟੀ, ਪਾਣੀ ਅਤੇ ਅਗਨੀ ਤੋਂ ਮੰਨੀ ਹੈ। ਇਹ ਸਰੀਰ ਨਾਸ਼ਵਾਨ ਹੈ। ਇਹ ਪੁੰਨਰ ਜਨਮ ਦੇ ਸੰਸਕਾਰਾਂ ਦਾ ਤਿਆਗ ਨਹੀਂ ਕਰ ਸਕਦਾ। ਆਧਿਆਤਮਿਕ ਜੀਵਨ ਵਿਚ ਇਸਦੀ ਬੜੀ ਮਹਾਨਤਾ ਹੈ। ਮਨੁੱਖ ਦੀ ਭੌਤਿਕ ਬਣਤਰ ਵਿਚ ਨੌ ਦਰਵਾਜ਼ੇ ਪ੍ਰਗਟ ਕੀਤੇ ਅਤੇ ਦਸਵਾਂ ਦੁਆਰ ਗੁਪਤ ਰਖਿਆ ਹੈ:-

ਨਉ ਦਰਵਾਜੇ ਦਸਵਾਂ ਦੁਆਰਾ ॥
ਬੁਝੁ ਰੇ ਗਿਆਨੀ ਇਹੁ ਬੀਚਾਰੁ ॥

(ਆਦਿ ਗ੍ਰੰਥ, ਪੰਨਾ 325)

ਇਹ ਸਰੀਰ ਉਸ ਪਰਮਾਤਮਾ ਦਾ ਮਹਿਲ ਹੈ, ਜਿਸ ਵਿਚ ਵਾਹਿਗੁਰੂ ਦੀ ਜੋਤ ਬਿਰਾਜਮਾਨ ਹੈ। ਉਸ ਵਾਹਿਗੁਰੂ ਦੇ ਸ਼ਬਦ ਦੁਆਰਾ ਹੀ ਦਸਵਾਂ ਦੁਆਰ(ਦਿਮਾਗ) ਦੇ ਦੁਆਰਾ ਖੁਲ੍ਹਦੇ ਹਨ। ਜਿੱਥੇ ਵਾਹਿਗੁਰੂ ਦਾ ਵਾਸਾ ਹੈ ਅਤੇ ਪਰਮ-ਪਦ ਦੀ ਪ੍ਰਾਪਤੀ ਹੋ ਜਾਂਦੀ ਹੈ, ਜਿਹੜੀ ਕਿ ਪਰਮ-ਮਨੁੱਖ ਬਣਨ ਲਈ ਇਕ ਆਧਾਰ ਸ਼ਿਲਾ ਦਾ ਕੰਮ ਦਿੰਦੀ ਹੈ। ਗੁਰਬਾਣੀ ਅਨੁਸਾਰ ਜੀਵਾਂ ਦੀ ਕੁਲ ਗਿਣਤੀ ਚੌਰਾਸੀ ਲੱਖ ਹੈ। ਜਿਵੇਂ:-

ਲਖ ਚਉਰਾਸੀਹ ਜੀਅ ਉਪਾਏ ਭਾਣੈ ਸਾਹ ਲਵਾਇਦਾ ॥

(ਆਦਿ ਗ੍ਰੰਥ, ਪੰਨਾ 1034)

ਸਥੂਲ ਸਰੀਰ ਦੇ ਖਤਮ ਹੋਣ ਨਾਲ ਹੀ ਇਹ ਖਤਮ ਨਹੀਂ ਹੁੰਦਾ, ਸਗੋਂ ਆਪਣੇ ਕਰਮਾਂ ਅਨੁਸਾਰ ਨਵਾਂ ਸਥੂਲ ਸਰੀਰ ਧਾਰਨ ਕਰ ਲੈਂਦਾ ਹੈ। ਜਦੋਂ ਉਸ ਦਾ ਸੱਦਾ ਆਉਂਦਾ

ਹੈ, ਤਾਂ ਆਤਮਾ ਸਰੀਰ ਨੂੰ ਛਡ ਕੇ ਚਲੀ ਜਾਂਦੀ ਹੈ। ਜੇਕਰ ਜੀਵ ਸਦਾਚਾਰਕ ਅਤੇ ਅਧਿਆਤਮਿਕ ਗੁਣਾਂ ਦਾ ਧਾਰਨੀ ਹੋ ਕੇ ਪਰਮ-ਪਦ ਦੀ ਪ੍ਰਾਪਤੀ ਕਰ ਲੈਂਦਾ ਹੈ, ਤਾਂ ਉਹ ਇਸ ਚੱਕਰ ਵਿਚੋਂ ਨਿਕਲ ਜਾਂਦਾ ਹੈ ਅਤੇ ਪਰਮ-ਮਨੁੱਖ ਬਣ ਜਾਂਦਾ ਹੈ। ਮਨੁੱਖੀ ਜੀਵਨ ਦਾ ਮਨੋਰਥ ਗੁਰੂ ਨਾਨਕ ਬਾਣੀ ਅਨੁਸਾਰ ਕਿਰਤ ਕਰਨਾ, ਨਾਮ ਜਪਣਾ ਅਤੇ ਵੰਡ ਛਕਣਾ ਹੈ। ਉਨ੍ਹਾਂ ਨੇ ਪਦਾਰਥਾਂ ਦੇ ਬਿਲਕੁਲ ਤਿਆਗ ਦੀ ਗਲ ਨਹੀਂ ਕੀਤੀ। ਉਨ੍ਹਾਂ ਦਾ ਪਰਵਿਰਤੀ ਮਾਰਗ ਇਸ ਗੱਲ ਦਾ ਪ੍ਰਤੱਖ ਪ੍ਰਮਾਣ ਹੈ ਕਿ ਉਨ੍ਹਾਂ ਨੇ ਕੇਵਲ ਮਾਨਸਿਕ ਪੱਧਰ ਉੱਪਰ ਧਾਰਣ ਕਰਨ ਦੀ ਪ੍ਰੇਰਨਾ ਦਿੱਤੀ ਹੈ ਅਤੇ ਵਿਵਹਾਰਕ ਪੱਧਰ ਉੱਪਰ ਨਹੀਂ। ਜੀਵਨ ਦਾ ਮੁਖ ਮਨੋਰਥ ਸੰਸਾਰ ਦਾ ਤਿਆਗ ਵੀ ਨਹੀਂ ਸੀ ਅਤੇ ਨਾ ਹੀ ਭੇਖ ਪਾਖੰਡਾਂ ਰਾਹੀਂ ਦੁਨੀਆਂ ਨੂੰ ਗੁਮਰਾਹ ਕਰਨਾ, ਸਗੋਂ ਇਕ ਸੱਚੇ ਸੁੱਚੇ ਪੱਥ ਪਰਦਰਸ਼ਨ ਦੀ ਤੀਬਰ ਇੱਛਾ ਸੀ। ਜਿਹੜੀ ਪਰਮ-ਮਨੁੱਖ ਲਈ ਗਾਡੀ ਰਾਹ ਸੀ।

ਮਨੁੱਖੀ ਜੀਵਨ ਮਨੋਰਥ ਦੀ ਪ੍ਰਾਪਤੀ ਲਈ ਮਨੁੱਖ ਨੂੰ ਪੰਜ ਪੜਾਵਾਂ ਵਿਚੋਂ ਲੰਘਣਾ ਪੈਂਦਾ ਹੈ ਅਤੇ ਤਦ ਹੀ ਪਰਮ-ਪਦ ਦੀ ਪ੍ਰਾਪਤੀ ਕਰਕੇ ਮਨੁੱਖ ਪਰਮ-ਮਨੁੱਖ ਦੀ ਮੰਜ਼ਿਲ ਉੱਤੇ ਪੁੱਜ ਜਾਂਦਾ ਹੈ। ਗੁਰੂ ਨਾਨਕ ਸਾਹਿਬ ਨੇ ਖੰਡ ਤੋਂ ਭਾਵ ਮੰਜ਼ਿਲ ਲਿਆ ਹੈ, ਅਰਥਾਤ ਆਤਮਿਕ ਪ੍ਰਗਤੀ ਦੇ ਰਸਤੇ ਵਿਚ ਇਹ ਪੰਜ ਖੰਡ ਪੰਜ ਮੰਜ਼ਲਾਂ ਹਨ, ਜਿਨ੍ਹਾਂ ਨੂੰ ਪਾਰ ਕਰਦੀ ਹੋਈ ਆਤਮਾ ਆਪਣੇ ਅਸਲ ਘਰ ਵਿਚ ਪੁੱਜ ਜਾਂਦੀ ਹੈ। ਜਿੱਥੇ ਪੁੱਜਣ ਲਈ ਪ੍ਰਯਤਨਸ਼ੀਲ ਹੋਣਾ ਪਰਮ-ਮਨੁੱਖ ਦਾ ਜੀਵਨ ਮਨੋਰਥ ਹੈ।

ਧਰਮ ਖੰਡ ਅਸਲ ਵਿਚ ਕਰਮ ਖੇਤਰ ਦਾ ਖੰਡ ਹੈ। ਸੰਤ ਜਨ ( ਪਰਮ-ਮਨੁੱਖ) ਇਸ ਕਰਮ ਮਾਰਗ ਉੱਤੇ ਤੁਰੇ ਰਹਿੰਦੇ ਹਨ। ਇਹ ਖੰਡ ਮਨੁੱਖ ਲਈ ਆਤਮਿਕ ਰਸਤੇ ਦੀ ਪਹਿਲੀ ਅਵਸਥਾ ਹੈ ਅਤੇ ਜਿਨ੍ਹਾਂ ਨੂੰ ਪਰਮਾਤਮਾ ਦੀ ਬਖਸ਼ਿਸ਼ ਹੁੰਦੀ ਹੈ, ਉਹੀ ਇਸ ਪਰਮ-ਪਦ ਦੀ ਪ੍ਰਾਪਤੀ ਦੇ ਹੱਕਦਾਰ ਹਨ। ਗਿਆਨ ਖੰਡ ਵਿਚ ਪੁੱਜ ਕੇ ਕੁਦਰਤ ਦੇ ਵਿਸ਼ਾਲ ਘੇਰੇ ਦਾ ਗਿਆਨ ਪ੍ਰਾਪਤ ਹੁੰਦਾ ਹੈ। ਮਨੁੱਖ ਦੀ ਬੁੱਧੀ ਉੱਜਲ ਹੋ ਜਾਂਦੀ ਹੈ ਅਤੇ ਉੱਚ ਮੰਡਲਾਂ ਵਿਚ ਉਡਾਰੀ ਲਾਉਣ ਦੇ ਯੋਗ ਹੋ ਜਾਂਦਾ ਹੈ। ਧਰਮ ਖੰਡ ਵਿਚ ਮਨੁੱਖ ਪੂਰਣ ਰੂਪ ਵਿਚ ਆਤਮਿਕ ਤੌਰ ਤੇ ਜਾਗਦਾ ਹੈ। ਅਤੇ ਆਪਣਾ ਆਤਮਿਕ ਅਭਿਆਸ ਬਲਵਾਨ ਕਰਦਾ ਕਰਮ ਖੰਡ ਵਿਚ ਪ੍ਰਵੇਸ਼ ਕਰਦਾ ਹੈ। ਹੁਣ ਉਸ ਸਦਾਚਾਰਕ ਗੁਣਾਂ ਦਾ ਪੁੰਜ ਬਣ ਜਾਂਦਾ ਹੈ। ਜਿਨ੍ਹਾਂ ਦਾ ਧਾਰਨ ਕਰਨਾ ਪਰਮ-ਮਨੁੱਖ ਲਈ ਅਤਿ ਜ਼ਰੂਰੀ ਹੈ। ਇਸ ਅਵਸਥਾ ਵਿਚ ਪੁਜ ਕੇ ਮਤ, ਮਨ ਅਤੇ ਬੁੱਧੀ ਦੀ ਸੁਧ ਅਤੇ ਉਚੇਰੀ ਘਾੜਤ ਹੁੰਦੀ ਹੈ। ਅਸਲ ਵਿਚ ਇਹ ਪੂਰਣਤਾ ਪਰਮ-ਮਨੁੱਖ ਦੀ ਅਵਸਥਾ ਹੈ। ਕਰਮ ਖੰਡ ਦੀ ਅਵਸਥਾ ਵਿਚ ਜਦੋਂ

ਮਨੁੱਖ ਪਹੁੰਚਦਾ ਹੈ, ਤਾਂ ਪ੍ਰਭੂ ਬਖਸ਼ਿਸ਼ ਜਾਂ ਨਦਰਿ ਹੈ ਉਸਦੇ ਅੰਗ ਸੰਗ ਹੁੰਦੀ ਹੈ। ਉਹ ਆਪਾ ਤਿਆਗ ਚੁਕਾ ਹੁੰਦਾ ਹੈ ਅਤੇ ਆਤਮਿਕ ਤੌਰ ਤੇ ਬਲਵਾਨ ਹੁੰਦਾ ਹੈ, ਭਾਵ ਪਰਮ-ਮਨੁੱਖ ਦੀ ਪਦਵੀ ਗ੍ਰਹਿਣ ਕਰਨ ਯੋਗ ਹੁੰਦੀ ਹੈ। ਇਸ ਪੜਾ ਉੱਤੇ ਸੱਚ ਦਾ ਮੁਤਲਾਸ਼ੀ ਪਿਛਲੇ ਖੰਡਾਂ ਦੀਆਂ ਚਿੰਤਨ ਅਤੇ ਆਤਮਿਕ ਅਨੁਭਵ ਰਾਹੀਂ ਗ੍ਰਹਿਣ ਕੀਤੀਆਂ ਸ਼ਕਤੀਆਂ ਦਾ ਧਾਰਨੀ ਹੋ ਕੇ ਸਦਾਚਾਰਕ ਬਲ ਅਤੇ ਹਕੀਕੀ ਬੂਝ ਨੂੰ ਪ੍ਰਾਪਤ ਕਰਦਾ ਹੈ, ਜੋ ਉਸਨੂੰ ਪਰਮ-ਮਨੁੱਖ ਬਣਾ ਦਿੰਦੀਆਂ ਹਨ। ਸੱਚ ਖੰਡ ਵਿਚ ਪੁੱਜ ਕੇ ਮਨੁੱਖ ਪਰਮਾਤਮਾ ਇਕ ਰੂਪ ਹੋ ਜਾਂਦਾ ਹੈ ਅਤੇ ਉਸਦੇ ਸਾਖਿਆਤ ਦਰਸ਼ਨ ਹੁੰਦੇ ਹਨ। ਇੱਥੇ ਪੁੱਜ ਕੇ ਮਨੁੱਖ ਉਸਦੀ ਰਜ਼ਾ ਉਸ ਵਾਹਿਗੁਰੂ ਦੀ ਰਜ਼ਾ ਦੇ ਅਨੁਰੂਪ ਹੋ ਜਾਂਦੀ ਹੈ ਅਤੇ ਸਖਿ ਪੂਰਣ ਜਿਉਤੀ ਨਾਲ ਮਿਲਕੇ ਪਰਮ-ਮਨੁੱਖ ਬਣ ਜਾਂਦਾ ਹੈ। ਲਕਸ਼ ਪ੍ਰਾਪਤੀ ਲਈ ਮਨੁੱਖ ਦੀ ਯੋਗਤਾ, ਸਮਰੱਥਾ, ਮਾਨਸਿਕ ਅਵਸਥਾ ਅਤੇ ਪਰੰਪਰਾਗਤ ਸੰਸਕਾਰਾਂ ਨੂੰ ਧਿਆਨ ਵਿਚ ਰਖਦੇ ਹੋਇਆਂ ਭਿੰਨ ਭਿੰਨ ਮਾਰਗਾਂ ਦੀ ਕਲਪਨਾ ਕੀਤੀ ਗਈ। ਇਹ ਮਾਰਗ ਹਨ ਗਿਆਨ-ਮਾਰਗ, ਕਰਮ-ਮਾਰਗ, ਭਗਤੀ-ਮਾਰਗ ਅਤੇ ਯੋਗ-ਮਾਰਗ। ਗੁਰੂ ਨਾਨਕ ਦੇਵ ਆਪਣੀ ਬਾਣੀ ਵਿਚ ਗਿਆਨ-ਮਾਰਗ, ਕਰਮ-ਮਾਰਗ ਅਤੇਭਗਤੀ-ਮਾਰਗ ਨੂੰ ਸਾਂਝੇ ਤੌਰ ਤੇ ਅਪਣਾਇਆ ਹੈ। ਪਰੰਤੂ ਯੋਗ-ਮਾਰਗ ਦੀ ਵਿਧੀ ਨੂੰ ਸਵੀਕਾਰ ਨਾ ਕਰਦੇ ਹੋਏ ਵੀ ਗੁਰੂ ਨਾਨਕ ਦੇਵ ਨੇ ਉਸਦੇ ਲਕਸ਼ ਅਰਥਾਤ ਨਿੱਜ ਸਵਰੂਪ ਦੇ ਦਰਸ਼ਨ ਕਰਨ ਦੀ ਸਾਰਥਕਤਾ ਤੋਂ ਇਨਕਾਰ ਨਹੀਂ ਕੀਤਾ। ਆਪਣੇ ਹੀ ਢੰਗ ਨਾਲ ਉਨ੍ਹਾਂ ਨੇ ਯੋਗ-ਮਾਰਗ ਦੀ ਵੀ ਨਵੀਂ ਹੀ ਵਿਆਖਿਆ ਕਰਨ ਦਾ ਉਪਰਾਲਾ ਕੀਤਾ ਹੈ। ਜਿਵੇਂ :-

ਸੋ ਜੋਗੀ ਜੋ ਜੁਗਤਿ ਪਛਾਣੈ ॥
ਗੁਰ ਪ੍ਰਸਾਦਿ ਏਕੋ ਜਾਣੈ ॥

(ਆਦਿ ਗ੍ਰੰਥ, ਪੰਨਾ 225)

ਗੁਰੂ ਨਾਨਕ ਨੇਭਗਤੀ ਪਰੰਪਰਾ ਦੇ ਪ੍ਰਸਿੱਧ ਪ੍ਰਾਪਤੀ ਮਾਰਗਾਂ (ਗਿਆਨ, ਕਰਮ, ਭਗਤੀ, ਅਤੇ ਯੋਗ) ਦਾ ਸਮਨਵਯ (Synthesis) ਕਰਕੇ ਅਥਵਾ ਅਰਥ ਵਿਸਥਾਰ ਕਰਕੇ ਆਪਣੀ ਧਿਆਨਾਤਮਕ ਵਿਧੀ ਦਾ ਅੰਗ ਬਣਾਇਆ ਹੈ। ਗੁਰੂ ਨਾਨਕ ਦੇ ਪ੍ਰਾਪਤੀ ਮਾਰਗ ਨੂੰ ਨਾਮ-ਮਾਰਗ ਦਾ ਨਾਮ ਦਿੱਤਾ ਜਾਂਦਾ ਹੈ। ਜੋ ਕਿਸੇ ਹੱਦ ਤਕ ਉਚਿੱਤ ਵੀ ਹੈ। ਅਸਲ ਵਿਚ ਨਾਮ ਗੁਰੂ ਨਾਨਕ ਬਾਣੀ ਦਾ ਕੇਂਦਰੀ ਸੰਕਲਪ ਹੈ। ਇਸਨੂੰ ਅਸੀਂ ਪਰਮ ਤੱਤਵ ਦੀ ਪ੍ਰਾਪਤੀ ਦੀ ਧਿਆਨਾਤਮਕ ਵਿਧੀ ਵੀ ਕਹਿ ਸਕਦੇ ਹਾਂ, ਕਿਉਂਕਿ ਨਾਮ ਦੇ ਨਾਲ ਸਿਮਰਨ ਦਾਭਾਵ ਵੀ ਜੁੜਿਆ ਹੋਇਆ ਹੈ, ਜੋ ਸਪਸ਼ਟ ਰੂਪ ਵਿਚ ਇਕਾਗਰਤਾ ਦੀ ਵਿਧੀ ਹੈ।

ਨਿਰੋਲ ਬੌਧਿਕ ਗਿਆਨ ਨੂੰ ਗੁਰੂ ਨਾਨਕ ਨੇ ਪਰਮ ਪਦਾਰਥ ਦੀ ਪ੍ਰਾਪਤੀ ਦਾ ਮਾਰਗ ਸਵੀਕਾਰ ਨਹੀਂ ਕੀਤਾ। ਵਿਸ਼ੇਸ਼ ਕਰਕੇ ਉਨ੍ਹਾਂ ਨੇ ਬ੍ਰਾਹਮਣ ਵਰਗ ਦੇ ਗਿਆਨ ਦੀ ਅਸਮਰਥਾ ਵਿਚ ਵੀ ਸੰਕੇਤ ਕੀਤਾ ਹੈ। ਜਿਵੇਂ:-

ਪੰਡਿਤ ਵਾਚਹਿ ਪੋਥੀਆਂ ਨ ਬੂਝਹਿ ਵੀਚਾਰੁ ।।
ਮਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ ।।

( ਆਦਿ ਗ੍ਰੰਥ, ਪੰਨਾ 561)

ਕਈ ਵਾਰ ਤਾਂ ਨਿਰੋਲ ਬੌਧਿਕ ਪ੍ਰਾਪਤੀ ਗਿਆਨ ਅਹੰਕਾਰ ਨੂੰ ਵੀ ਜਨਮ ਦਿੰਦੀ ਹੈ, ਜੋ ਪਰਮ ਉੱਚ ਪ੍ਰਾਪਤੀ ਦੇ ਮਾਰਗ ਦੀ ਸਭ ਤੋਂ ਵੱਡੀ ਰੁਕਾਵਟ ਮੰਨੀ ਗਈ ਹੈ। ਪਰੰਤੂ ਇਸ ਦਾ ਭਾਵ ਇਹ ਨਹੀਂ ਕਿ ਗੁਰੂ ਨਾਨਕ ਨੇ ਗਿਆਨ ਦੇ ਉਚਿੱਤ ਮਹੱਤਵ ਨੂੰ ਵੀ ਕੋਈ ਸਥਾਨ ਨਹੀਂ ਦਿੱਤਾ। ਉਨ੍ਹਾਂ ਨੇ ਇਸ ਤਰ੍ਹਾਂ ਦੀ ਯੋਗ ਸਾਰਥਕਤਾ ਨੂੰ ਵੀ ਪੂਰੀ ਤਰ੍ਹਾਂ ਸਵੀਕਾਰ ਕੀਤਾ ਹੈ। ਜਿਵੇਂ:-

ਅਕਲੀ ਸਾਹਿਬੁ ਸੇਵੀਐ ।।
ਅਕਲੀ ਪੜਿ ਕੈ ਬੁਝੀਐ ।।
ਅਕਲੀ ਕੀਜੈ ਦਾਨੁ ।।

( ਆਦਿ ਗ੍ਰੰਥ, ਪੰਨਾ 1245)

ਅਕਲ ( ਬੌਧਿਕ ਗਿਆਨ) ਤੋਂ ਵਗੈਰ ਪਰਮਾਤਮਾ ਦੀ ਭਗਤੀ ਵੀ ਸੰਭਵ ਨਹੀਂ। ਇਸ ਤੋਂ ਵਗੈਰ ਮਨੁੱਖ ਨੂੰ ਪ੍ਰਭੂ ਦੀ ਨਜ਼ਰ ਵਿਚ ਸਮਾਨ ਵੀ ਪ੍ਰਾਪਤ ਨਹੀਂ ਹੋ ਸਕਦਾ। ਜੋ ਸਾਧਕ ਗਿਆਨ ਦੀ ਤਲਵਾਰ ਲੈ ਕੇ ਆਪਣੇ ਮਨ ਨਾਲ ਜੂਝਦਾ ਹੈ, ਉਹ ਆਪਣੀ ਵਾਸ਼ਨਾਵਾਂ ਉੱਪਰ ਕਾਬੂ ਪਾ ਕੇ ਪਰਮ-ਪਦ ਦੀ ਪ੍ਰਾਪਤੀ ਦੇ ਯੋਗ ਹੋ ਜਾਂਦਾ ਹੈ, ਜਿਹੜੀ ਕਿ ਪਰਮ-ਮਨੁੱਖ ਦੀ ਅਵਸਥਾ ਹੈ। ਗੁਰੂ ਨਾਨਕ ਪਰਮ-ਪਦ ਦੀ ਪ੍ਰਾਪਤੀ ਲਈ ਗਿਆਨ-ਮਾਰਗ ਵਿਚ ਵਿਸ਼ਵਾਸ ਰਖਦੇ ਸਨ, ਪਰੰਤੂ ਉਨ੍ਹਾਂ ਦਾ ਗਿਆਨ ਨਾ ਵਾਚਿਕ ਹੈ ਅਤੇ ਨਾ ਹੀ ਸ਼ਾਸਤਰੀ ਢੰਗ ਦਾ। ਇਹ ਤਾਂ ਮਨ ਅਤੇ ਬੁੱਧੀ ਦੀਆਂ ਆਸ਼ਕਤੀਆਂ ਤੋਂ ਪੈਦਾ ਹੋਈ ਸੰਸਕਾਰਕ ਸੰਸਾਰ ਦੀ ਮੈਲ ਦੇ ਪਰਦੇ ਨੂੰ ਤੋੜਦਾ ਹੈ ਅਤੇ ਵਾਸਤਵਕਤਾ ਦਾ ਗਿਆਨ ਕਰਾਉਂਦਾ ਹੈ। ਉਨ੍ਹਾਂ ਦਾ ਗਿਆਨ-ਮਾਰਗ ਨਵਿਰਤੀ ਮਾਰਗ ਨਹੀਂ, ਸਗੋਂ ਪ੍ਰਵਿਰਤੀ ਮਾਰਗ ਹੈ।

ਗੁਰੂ ਨਾਨਕ ਦੇਵ ਕਰਮਾਂ ਦੇ ਸਿੱਧਾਂਤ ਵਿਚ ਪੂਰੀ ਤਰ੍ਹਾਂ ਵਿਸ਼ਵਾਸ ਰਖਦੇ ਸਨ। ਉਨ੍ਹਾਂ ਦੇ ਕਰਮ ਸਿੱਧਾਂਤ ਦੀ ਇਕ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਉਨ੍ਹਾਂ ਨੇ ਬੋਧੀਆਂ ਵਾਂਗ ਕਰਮਾਂ ਨੂੰ ਅਨਾਦੀ, ਸਵੈਚਲਿਤ ਅਤੇ ਆਪਣੀ ਸ਼ਕਤੀ ਨਾਲ ਫਲੀਭੂਤ ਹੋਣ ਵਾਲਾ ਨਹੀਂ

ਨਹੀਂ ਮੰਨਿਆ। ਮਨੁੱਖ ਆਪਣਾ ਕੀਤਾ ਹੀ ਭੋਗਦਾ ਹੈ। ਕੋਈ ਦੂਸਰਾ ਕਿਸੇ ਦੀ ਥਾਂ ਨਹੀਂ ਪਕੜਿਆ ਜਾਂਦਾ ਅਤੇ ਕਿਸੇ ਦੂਸਰੇ ਨੂੰ ਆਪਣੇ ਭਾਗਾਂ ਲਈ ਦੋਸ਼ ਦੇਣਾ ਵਿਅਰਥ ਹੈ। ਜਿਵੇਂ:-

ਦਦੈ ਦੋਸ ਨ ਦੇਊ ਕਿਸੈ ਦੋਸ ਕਰੰਮਾ ਆਪਣਿਆ ।।
ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ ।।

( ਆਦਿ ਗ੍ਰੰਥ, ਪੰਨਾ 433)

ਜਾਂ

ਜੈਸਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ।।

( ਆਦਿ ਗ੍ਰੰਥ, ਪੰਨਾ 730)

ਕਰਮ - ਮਾਰਗ ਨੂੰ ਉਦਮੀ ਨੈਤਿਕ ਜੀਵਨ ਜਿਊਣਾ ਸਿਖਾਂਦਾ ਹੈ ਅਤੇ ਨਾਲ ਹੀ ਕਰਮ ਬੰਧਨ ਤੋਂ ਬਚਣ ਲਈ ਰਾਹ ਦਸਦਾ ਹੈ। ਗੁਰੂ ਨਾਨਕ ਨੇ ਕਰਮ ਕਾਂਡੀ ਕਰਮਾਂ ਨੂੰ ਸਵੀਕਾਰ ਨਹੀਂ ਕੀਤਾ, ਕਿਉਂਕਿ ਇਨ੍ਹਾਂ ਦੁਆਰਾ ਮੁਕਤੀ ਦੀ ਪ੍ਰਾਪਤੀ ਸੰਭਵ ਨਹੀਂ। ਉਹ ਤਾਂ ਆਪਣੇ ਕਰਮ-ਮਾਰਗ ਸੰਬੰਧੀ ਆਸ਼ੇ ਨੂੰ ਅਧਿਆਤਮਕ ਕਰਮ, ਕਹਿੰਦੇ ਹਨ ਅਤੇ ਉਨ੍ਹਾਂ ਅਨੁਸਾਰ ਜਿਹੜਾ ਅਧਿਆਤਮਿਕ ਕਰਮ ਕਰਦਾ ਹੈ ਉਹੀ ਪਰਮ-ਮਨੁੱਖ ਬਣ ਜਾਂਦਾ ਹੈ।

ਅਧਿਆਤਮਿ ਕਰਮ ਕਰੇ ਤਾ ਸਾਚਾ ।।

( ਆਦਿ ਗ੍ਰੰਥ, ਪੰਨਾ 223)

ਗੁਰੂ ਨਾਨਕ ਬਣੀ ਵਿਚ ਭਗਤੀ ਦਾ ਉਹ ਰੂਪ ਮਿਲਦਾ ਹੈ, ਜਿਸ ਵਿਚ ਦੀਨਤਾ ਅਤੇ ਨਿਮਰਤਾ ਹੀ ਪ੍ਰਧਾਨ ਹੈ। ਗੁਰੂ ਜੀ ਦਾ ਪੱਕਾ ਵਿਸ਼ਵਾਸ ਹੈ ਕਿ ਭਗਤੀ ਤੋਂ ਬਿਨਾਂ ਮਨ ਦੀ ਮੈਲ ਨਹੀਂ ਉਤਰਦੀ। ਜਿਵੇਂ:-

ਭਰੀਐ ਮਤਿ ਪਾਪਾ ਕੈ ਸੰਗਿ ।।
ਉਹ ਧੋਪੈ ਨਾਵੈ ਕੈ ਰੰਗਿ ।।

( ਆਦਿ ਗ੍ਰੰਥ, ਪੰਨਾ 5 )

ਗੁਰੂ ਜੀ ਦਾ ਕਥਨ ਹੈ ਕਿ ਸਾਧਕ ਨੂੰ ਤੀਰਥ, ਤਪ, ਦਾਨ ਆਦਿ ਦੇ ਝਗੜੇ ਵਿਚ ਨਹੀਂ ਪੈਣਾ ਚਾਹੀਦਾ। ਜਿਹੜਾ ਪ੍ਰਭੂ ਦਾ ਨਾਮ ਸੁਣਦਾ ਹੈ, ਮਨ ਨੂੰ ਕਾਬੂ ਵਿਚ ਰਖਦਾ ਹੈ ਅਤੇ ਮਨ ਵਿਚ ਭਾਉ ਅਰਥਾਤ ਭਗਤੀ ਕਰਦਾ ਹੈ, ਉਸਨੇ ਸਾਰਿਆਂ ਤੀਰਥਾਂ ਦਾ ਇਸ਼ਨਾਨ

ਕਰ ਲਿਆ ਹੈ ਅਤੇ ਆਪਣੇ ਸਾਰੇ ਪਾਪਾਂ ਨੂੰ ਧੋ ਦਿੱਤਾ ਹੈ। ਇਸ ਲਈ ਗੁਰੂ ਜੀ ਨੇ ਨਾਮ ਸਿਮਰਣ ਨੂੰ ਅਤੇ ਭਗਤੀ ਨੂੰ ਬੜੀ ਮਹਾਨਤਾ ਦਿੱਤੀ ਹੈ। ਨਾਮ ਹੀ ਜੀਵਨ ਅਤੇ ਅਤੇ ਨਾਮ ਦਾ ਵਿਸਰਨਾ ਮੌਤ ਹੈ। ਜਿਵੇਂ:-

ਆਖਾ ਜੀਵਾ ਵਿਸਰੈ ਮਰਿ ਜਾਉ ॥

( ਆਦਿ ਗ੍ਰੰਥ, ਪੰਨਾ 348)

ਇਹੀ ਕਾਰਣ ਹੈ ਕਿ ਉਹ ਬਾਹਰੀ ਚਿੰਨ੍ਹਾਂ ਵਾਲੀ ਵੈਧੀ ਭਗਤੀ ਦੀ ਹਮਾਇਤ ਨਹੀਂ ਕਰਦੇ। ਇਸ ਕਰਕੇ ਉਨ੍ਹਾਂ ਨੇ ਤਾਂ ਭਗਤੀ-ਮਾਰਗ ਅਤੇ ਸਾਰੇ ਵਿਧੀ -ਵਿਧਾਨ, ਤਿਲਕ, ਮਾਲਾ, ਆਸਣ, ਮੂਰਤੀ ਪੂਜਾ, ਸਮੱਗਰੀ ਅਤੇ ਧੂਪ ਦੀ—ਪੂਆਦਿ ਪੂਜਾ ਦਾ ਖੰਡਨ ਕੀਤਾ ਹੈ। ਜਿਵੇਂ:-

ਪੜਿ ਪੁਸਤਕ ਸੰਧਿਆ ਬਾਦੰ ॥
ਸਿਲ ਪੂਜਸਿ ਬਗੁਲ ਸਮਾਧੰ ॥
ਮੁਖਿ ਝੂਠ ਬਿਭੂਖਣ ਸਾਰੰ ॥
ਤ੍ਰੈਪਾਲ ਤਿਹਾਲ ਬਿਚਾਰੰ ॥
ਗਲਿ ਮਾਲਾ ਤਿਲਕ ਲਿਲਾਟੰ ॥
ਦੁਇ ਧੋਤੀ ਬਸਤ੍ਰ ਕਪਾਟੰ ॥
ਜੇ ਜਾਣਸਿ ਬ੍ਰਹਮੰ ਕਰਮੰ ॥
ਸਭ ਫੋਕਟ ਨਿਸਚਉ ਕਰਮੰ ॥

( ਆਦਿ ਗ੍ਰੰਥ, ਪੰਨਾ 470)

ਗੁਰੂ ਨਾਨਕ ਨੇ ਆਪਣੀ ਬਾਣੀ ਵਿਚ ਯੋਗ-ਮਾਰਗ ਅਤੇ ਉਸਦੇ ਅੰਗਾਂ ਦੀ ਬੜੀ ਕਰੜੀ ਆਲੋਚਨਾ ਕੀਤੀ ਹੈ, ਉਨ੍ਹਾਂ ਨੇ ਜਦੋਂ ਭਾਰਤੀ ਸਮਾਜਿਕ ਅਤੇ ਅਧਿਆਤਮਿਕ ਮੰਡਲਾਂ ਵਿਚ ਪ੍ਰਵੇਸ਼ ਕੀਤਾ, ਤਾਂ ਸਭ ਤੋਂ ਵਧ ਉਨ੍ਹਾਂ ਨੂੰ ਤੰਤ੍ਰ ਮੱਤਾਂ, ਸਵੈ-ਮੱਤ, ਸਿੱਧ ਸੰਪਰਦਾਇ ਅਤੇ ਨਾਥ ਸੰਪ੍ਰਦਾਇ ਦੇ ਯੋਗ ਸਿੱਧਾਂਤਾਂ ਦਾ ਟਾਕਰਾ ਕਰਨਾ ਪਿਆ। ਉਨ੍ਹਾਂ ਦੇ ਸਮਕਾਲੀ ਸਮਾਜ ਵਿਚ ਨਾਥ ਜੋਗੀਆਂ ਦਾ ਬੜਾ ਪ੍ਰਭਾਵ ਪਿਆ ਸੀ ਅਤੇ ਉਨ੍ਹਾਂ ਦੇ ਸਿੱਧਾਂਤ ਆਮ ਜਨਤਾ ਵਿਚ ਜੋਰਾਂ ਨਾਲ ਪ੍ਰਚੱਲਤ ਸਨ। ਗੁਰੂ ਜੀ ਦੇ ਸਨਮੁਖ ਇਹ ਇਕ ਵੰਗਾਰ ਸੀ। ਇਸ ਲਈ ਯੋਗ ਨੂੰ ਸਮਝਣਾ ਅਤੇ ਅਧਿਐਨ ਕਰਨੇ ਆਪਣੇ ਵਿਚਾਰ ਲੋਕਾਂ ਸਾਹਮਣੇ ਰਖਣੇ ਜ਼ਰੂਰੀ ਸਨ। ਉਨ੍ਹਾਂ ਨੇ ਆਪਣੇ ਤਜ਼ਰਬੇ ਦੀ ਭੱਠੀ ਵਿਚ ਪਰਖੇ ਹੋਏ ਵਿਚਾਰਾਂ ਦੁਆਰਾ ਯੋਗ-ਮਤ ਦੀ ਪ੍ਰੀਖਿਆ

ਨੂੰ ਲੋਕਾਂ ਸਾਹਮਣੇ ਰਖਿਆ। ਯੋਗ ਦੀ ਵਿਧੀ ਨੂੰ ਸਵੀਕਾਰ ਨਾ ਕਰਦੇ ਹੋਏ ਵੀ ਗੁਰੂ ਨਾਨਕ ਉਸਦੇ ਨਿਜ ਸਵਰੂਪ ਦੇ ਦਰਸ਼ਨ ਦੀ ਸਾਰਥਕਤਾ ਤੋਂ ਇਨਕਾਰ ਨਹੀਂ ਕੀਤਾ ਅਤੇ ਆਪਣੇ ਢੰਗ ਨਾਲ ਹੀ ਉਨ੍ਹਾਂ ਨੇ ਯੋਗ ਦੀ ਨਵੀਂ ਵਿਆਖਿਆ ਕਰਨ ਦਾ ਉਪਰਾਲਾ ਵੀ ਕੀਤਾ:-

ਸੋ ਜੋਗੀ ਜੋ ਜੁਗਤਿ ਪਛਾਣੈ ॥
ਗੁਰ ਪ੍ਰਸਾਦਿ ਏਕੋ ਜਾਣੈ ॥

( ਆਦਿ ਗ੍ਰੰਥ, ਪੰਨਾ 662)

ਯੋਗ-ਮਾਰਗ ਨੂੰ ਗੁਰੂ ਨਾਨਕ ਨੇ ਸਿੱਧਾਂਤਕ ਰੂਪ ਵਿਚ ਸਵੀਕਾਰ ਨਹੀਂ ਕੀਤਾ। ਉਹ ਪ੍ਰਾਣਾਯਾਮ ਅਤੇ ਆਸਨ ਆਦਿ ਦੀ ਸਾਧਨਾ ਦੀ ਨਿਖੇਧੀ ਕਰਦੇ ਹਨ। ਧਿਆਨ ਧਰਨਾ ਅਤੇ ਸਮਾਧੀ ਨੂੰ ਗੁਰੂ ਜੀ ਨੇ ਆਪਣੇ ਵਿਚਾਰਾਂ ਅਨੁਸਾਰ ਢਾਲ ਕੇ ਅਸਲੀ ਯੋਗ ਦਾ ਰਾਹ ਦਸਿਆ ਹੈ। ਜਿਸਨੂੰ ਨਾਮ ਯੋਗ ਆਖਿਆ ਹੈ ਅਤੇ ਜੋ ਸੁਰਤਿ ਸ਼ਬਦ ਯੋਗ ਕਰਕੇ ਪ੍ਰਸਿੱਧ ਹੈ। ਇਸਨੂੰ ਸਹਿਜ ਯੋਗ ਵੀ ਕਿਹਾ ਹੈ। ਸਿੱਖ ਧਰਮ ਉੱਤੇ ਜਿੰਨਾ ਅਸਰ ਯੋਗ-ਮਤ ਦਾ ਹੈ, ਕਿਸੇ ਹੋਰ ਦਾ ਨਹੀਂ। ਅਸਲ ਵਿਚ ਗੁਰੂ ਜੀ ਦਾ ਰਾਹ ਇਨ੍ਹਾਂ ਦੋਹਾਂ ਨਾਲੋਂ ਵਖਰਾ ਹੈ, ਜਿਸ ਵਿਚ ਯੋਗ-ਮਤ ਵਰਗੀ ਕੋਈ ਊਣਤਾਈ ਨਜ਼ਰ ਨਹੀਂ ਆਉਂਦੀ। ਗੁਰੂ ਜੀ ਦਾ ਯੋਗੀ ਪ੍ਰਭੂ ਦੀ ਰਜ਼ਾ ਵਿਚ ਰਹਿਣ ਵਾਲਾ ਅਤੇ ਅਭਿਆਸ ਕਰਨ ਵਾਲਾ ਹੈ। ਨਾਮ ਸਿਮਰਨ, ਸੇਵਾ ਸੰਗਤ ਅਤੇ ਕੀਰਤਨ ਦੁਆਰਾ ਸਹਿਜੇ ਹੀ ਲਿਵ ਵਾਹਿਗੁਰੂ ਨਾਲ ਜੋੜਨਾ ਹੀ ਅਸਲੀ ਯੋਗ-ਮਾਰਗ ਹੈ। ਉਨ੍ਹਾਂ ਦਾ ਮੱਤ ਹੈ ਕਿ ਹੱਠ ਯੋਗ ਦੁਆਰਾ ਚਿੱਤ ਬ੍ਰਿਤੀਆਂ ਦੇ ਨਿਰੋਧ ਕਰਨ ਨਾਲ ਕਾਇਆ ਕਮਜ਼ੋਰ ਹੁੰਦੀ ਹੈ। ਵਰਤਾਂ ਅਤੇ ਤਪ ਕਰਨ ਨਾਲ ਮਨ ਪ੍ਰਭੂ ਵਿਚ ਨਹੀਂ ਲਗਦਾ। ਜਿਵੇਂ:-

ਹਠੁ ਨਿਗ੍ਰਹੁ ਕਰ ਕਾਇਆ ਛੀਜੈ ॥
ਵਰਤੁ ਤਪਨ ਕਰ ਮਨੁ ਨਹੀਂ ਭੀਜੈ ॥

( ਆਦਿ ਗ੍ਰੰਥ, ਪੰਨਾ 412)

ਯੋਗੀ ਦਾ ਅਸਲੀ ਰੂਪ ਤਾਂ ਇਹ ਹੈ ਕਿ ਹੰਕਾਰ ਦੀ ਭਾਵਨਾ ਨਸ਼ਟ ਹੋ ਜਾਵੇ ਅਤੇ ਗੁਰੂ ਦੇ ਸ਼ਬਦਾਂ ਦਾ ਵਿਚਾਰ ਕਰੇ ਅਤੇ ਸਭ ਨੂੰ ਇਕ ਦ੍ਰਿਸ਼ਟੀ ਦੁਆਰਾ ਸਮਾਨ ਭਾਵ ਨਾਲ ਵੇਖੇ। ਜਿਵੇਂ:-

ਏਕ ਦ੍ਰਿਸ਼ਟਿ ਸਮਕਰਿ ਜਾਣੈ ਜੋਗੀ ਕਹੀਐ ਸੋਈ ॥

( ਆਦਿ ਗ੍ਰੰਥ, ਪੰਨਾ 650)

ਉਹ ਪੰਜ ਵਾਸ਼ਨਾਵਾਂ ( ਕਾਮ ਕ੍ਰੋਧ, ਲੋਭ, ਮੋਹ ਅਹੰਕਾਰ) ਨੂੰ ਮਾਰਦਾ, ਪਰਮਾਤਮਾ ਵਿਚ ਸਭ ਨੂੰ ਵੇਖਦਾ, ਸੁਖ-ਦੁਖ, ਜੋਗ-ਵਿਯੋਗ ਨੂੰ ਬਰਾਬਰ ਸਮਝਦਾ ਅਤੇ ਪਰਾਈ ਇਸਤਰੀ ਜਾਂ ਦੌਲਤ ਤੋਂ ਸੰਕੋਚ ਕਰਦਾ ਹੋਇਆ ਅਸਲੀ ਯੋਗੀ ਭਾਵ ਪਰਮ-ਮਨੁੱਖ ਦੀ ਪਦਵੀ ਪ੍ਰਾਪਤ ਕਰ ਲੈਂਦਾ ਹੈ। ਗੁਰੂ ਜੀ ਨੇ ਸਾਧ ਸੰਗਤ ਨੂੰ ਅਧਿਆਤਮਿਕ ਉੱਨਤੀ ਦਾ ਆਦਮੂਲ ਅੰਗ ਮੰਨਿਆ ਹੈ। ਮਨ ਨੂੰ ਵਸ ਕਰਨ ਦੇ ਲਈ ਹੋਰ ਜਿਤਨੇ ਵੀ ਉਪਾਉ ਹਨ, ਉਨ੍ਹਾਂ ਵਿਚ ਸਭ ਤੋਂ ਉੱਤਮ ਸਾਧ ਸੰਗਤ ਹੈ। ਸਾਧ ਸੰਗਤ ਤੋਂ ਮੁਰਾਦ ਮਨੁੱਖ ਦੀ ਇਕ ਅਜਿਹੀ ਬਰਾਦਰੀ ਹੈ, ਜੋ ਮਨੁੱਖ ਨੂੰ ਅਕੰਠ ਉੱਨਤੀ ਦੇ ਰਾਹ ਉੱਤੇ ਤੋਰਨ ਲਈ ਪ੍ਰੇਰਦੀ ਹੈ, ਭਾਵੇਂ ਕਰਮ-ਮਾਰਗ ਹੋਵੇ, ਭਾਵੇਂ ਯੋਗ-ਮਾਰਗ ਹੋਵੇ ਅਤੇ ਭਾਵੇਂ ਭਗਤੀ--ਮਾਰਗ ਇਨ੍ਹਾਂ ਸਭ ਮਾਰਗਾਂ ਵਿਚ ਸਾਧ ਸੰਗਤ ਦਾ ਬੜਾ ਮਹੱਤਵ ਹੈ। ਇਹ ਅਧਿਆਤਮਿਕ ਉਨੱਤੀ ਦਾ ਬੜਾ ਜ਼ਰੂਰੀ ਅੰਗ ਹੈ। ਉੱਤਮ ਗੁਣਾਂ ਨੂੰ ਮਨੁੱਖ ਇਥੋਂ ਹੀ ਅਪਣਾਉਂਦਾ ਹੈ। ਜਿਵੇਂ:-

ਉਤਮ ਸੰਗਤਿ ਉਤਮ ਹੋਵੈ ।।
ਗੁਣ ਕਉ ਧਾਵੈ ਅਵਗੁਣ ਧੋਵੈ ।।

( ਆਦਿ ਗ੍ਰੰਥ, ਪੰਨਾ 125)

ਸਾਧ ਸੰਗਤ ਵਿਚ ਅਧਿਆਤਮਕ ਉਨੱਤੀ ਲਈ ਠੀਕ ਮਾਹੌਲ ਮਿਲਦਾ ਹੈ। ਸੰਗਤ ਵਿਚ ਨਾ ਕੇਵਲ ਗੁਣ ਦੀ ਪਰਖ ਹੁੰਦੀ ਹੈ। ਹੁਕਮ ਮੰਨਣਾ, ਭਾਣੇ ਵਿਚ ਰਹਿਣਾ, ਸਬਰ, ਸ਼ੁਕਰ, ਸੰਤੋਖ, ਸੇਵਾ, ਖਿਮਾ, ਨਿਮਰਤਾ ਆਦਿ ਗੁਣਾਂ ਦੀ ਪ੍ਰਾਪਤੀ ਅਤੇ ਪਰਖ ਸੰਗਤ ਵਿਚ ਹੁੰਦੀ ਹੈ। ਝਾੜੂ ਦੇਣਾ, ਪਾਣੀ ਛਿੜਕਣਾ ਅਤੇ ਪੱਖਾ ਝੱਲਣਾ, ਜੋ ਨੀਚਾ ਕੰਮ ਸਮਝੇ ਜਾਂਦੇ ਹਨ, ਗੁਰੂ ਜੀ ਨੇ ਉਨ੍ਹਾਂ ਨੂੰ ਸਰਬ ਉੱਤਮ ਮੰਨਿਆ ਹੈ। ਉਹ ਫੁਰਮਾਉਂਦੇ ਹਨ ਕਿ ਜਿਵੇ:-

ਪੱਖਾ ਫੇਰੀ ਪੈਰ ਮਲੋਵਾ ਜਪਤ ਰਹਾ ਤੇਰਾ ਨਾਉ।।

( ਆਦਿ ਗ੍ਰੰਥ, ਪੰਨਾ 991)

ਸਾਧ ਸੰਗਤ ਦੀ ਵਡਿਆਈ ਇਹ ਹੈ ਕਿ ਅਗਿਆਣੀ ਅਤੇ ਮੂਰਖ ਵੀ ਗਿਆਨਵਾਨ ਹੋ ਜਾਂਦੇ ਹਨ। ਪਤਿੱਤ ਪਵਿੱਤਰ ਹੋ ਜਾਂਦੇ ਹਨ। ਪ੍ਰਾਣੀ ਸੰਸਾਰ ਰੂਪ ਬਿਖਮ ਸਾਗਰ ਨੂੰ ਤਰ ਜਾਂਦਾ ਹੈ। ਦੁਖ ਸੁਖ ਤੋਂ ਦੂਰ ਅਤੇ ਹਉਮੈ ਤੋਂ ਮੁਕਤ ਹੋ ਕੇ ਅਤੇ ਮਾਇਆ ਦੇ ਜੰਜਾਲ ਤੋਂ ਉਚੇਰਾ ਹੋ ਕੇ ਉਹ ਪਰਮ-ਪਦ ਨੂੰ ਪ੍ਰਾਪਤ ਕਰਦਾ ਹੈ ਅਤੇ ਪਰਮ-ਮਨੁੱਖ ਬਣ ਜਾਂਦਾ ਹੈ। ਸਦਾਚਾਰ ਦਾ ਮਾਰਗ ਸੁਚੇਤ ਕਰਮ ਅਤੇ ਸਵੈ ਭਰੋਸੇ ਦਾ ਮਾਰਗ। ਇਹ ਵਿਅਕਤੀ ਨੂੰ ਮਨੁੱਖੀ ਜੀਵਨ ਦੀਆਂ ਕਦਰਾਂ ਕੀਮਤਾਂ ਦੀ ਸੋਧ ਦਿੰਦਾ ਹੈ ਅਤੇ ਉਸਨੂੰ ਸੁਆਰਥੀ ਹਿੱਤਾਂ ਤੋਂ ਉੱਪਰ ਉਠਾ ਕੇ ਮਨੁੱਖ ਦੇ ਸਰਬ ਸਾਂਝੇ ਲਾਭ ਹਿਤ ਜਤਨਸ਼ੀਲ ਹੋਣ ਲਈ ਪ੍ਰੇਰਦਾ ਹੈ। ਧਰਮ ਉਪਦੇਸ਼ ਅਤੇ ਨੈਤਿਕ ਸਿੱਖਿਆ ਦੋਵੇਂ ਮਨੁੱਖ ਦੇ ਵਿਅਕਤੀਗਤ ਅਤੇ ਸਮੂਹਿਕ ਜੀਵਨ ਨੂੰ ਵਧੇਰੇ ਸੁਚੱਜਾ ਵਧੇਰੇ ਉੱਤਮ ਅਤੇ ਵਧੇਰੇ ਸਾਰਥਕ ਬਣਾਉਣ ਦੇ ਵਸੀਲੇ ਹਨ। ਧਰਮ ਨੂੰ ਆਪਣੇ ਮਨੋਰਥਾਂ ਦੀ ਪੂਰਤੀ ਲਈ ਸਦਾਚਾਰਕ ਸਾਧਨ ਅਪਣਾਉਣੇ ਪੈਂਦੇ ਹਨ। ਸੰਸਾਰ ਦਾ ਕੋਈ ਵੀ ਧਰਮ ਅਜਿਹਾ ਨਹੀਂ ਹੋਣਾ, ਜਿਸ ਵਿਚ ਅਧਿਆਤਮਿਕ ਜੀਵਨ ਦੇ ਵਿਕਾਸ ਹਿਤ ਨੈਤਿਕ ਨਿਯਮ ਦੀ ਪਾਬੰਦੀ ਜ਼ਰੂਰੀ ਨਾ ਹੋਵੇ। ਸਿੱਖ ਧਰਮ ਵਿਚ ਤਾਂ ਅਧਿਆਤਮਿਕ ਅਤੇ ਸਦਾਚਾਰਕ ਅਸੂਲ ਹੀ ਹਨ, ਜਿਹੜੇ ਸਮਾਜ ਦੀ ਨਿਤਾਪ੍ਰਤੀ ਜ਼ਿੰਦਗੀ ਲਈ ਲੋੜੀਂਦੇ ਸਮਝੇ ਜਾਂਦੇ ਹਨ।

ਗੁਰੂ ਨਾਨਕ ਦੇਵ ਦੇ ਉਪਦੇਸ਼ ਦਾ ਮੂਲ ਆਧਾਰ ਵੀ ਸਦਾਚਾਰ ਹੈ ਅਤੇ ਇਸ ਸਦਾਚਾਰੀ ਜੀਵਨ ਦੀ ਪ੍ਰਾਪਤੀ ਸੱਚੇ ਅਤੇ ਸੁੱਚੇ ਆਚਰਣ ਉੱਪਰ ਹੀ ਨਿਰਭਰ ਹੈ। ਉਹ ਸੱਚ ਤੋਂ ਉਰੇ ਮੰਨਦੇ ਹਨ। ਪਰੰਤੂ ਸੱਚ ਤੋਂ ਵੀ ਉੱਪਰ ਉਹ ਆਚਾਰ ਦਾ ਸਥਾਨ ਨਿਸ਼ਚਿਤ ਕਰਦੇ ਹਨ। ਜਿਵੇਂ:-

ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ।।

( ਆਦਿ ਗ੍ਰੰਥ, ਪੰਨਾ 62)

ਖੇਤੀ ਦੇ ਰੂਪਕ ਦੁਆਰਾ ਉਹ ਸਾਧਕ ਨੂੰ ਸਤਿ ਆਚਾਰਣ ਲਈ ਉਦੇਸ਼ ਦਿੰਦੇ ਫੁਰਮਾਉਂਦੇ ਹਨ ਕਿ ਇਸ ਸਰੀਰ ਨੂੰ ਧਰਤੀ ਅਤੇ ਸੁਭ ਕਰਮਾਂ ਨੂੰ ਬੀਜ ਬਣਾਇਆ ਜਾਵੇ ਅਤੇ ਪਰਮਾਤਮਾ ਨੂੰ ਸਿੰਜਣ ਦਾ ਜਲ ਸਮਝਿਆ ਜਾਵੇ। ਮਨ ਹੀ ਕਿਸਾਨ ਹੋਵੇ ਅਤੇ ਹਰਿਰੂਪੀ ਫ਼ਸਲ ਹੋਵੇ ਨੂੰ ਹਿਰਦੇ ਵਿਚ ਸਮਾਇਆ ਜਾਵੇ। ਅਜਿਹਾ ਕਰਨ ਨਾਲ ਪਰਮ-ਪਦ(ਪਰਮ-ਮਨੁੱਖ ਬਣਨ) ਦੀ ਪ੍ਰਾਪਤੀ ਹੋ ਸਕਦੀ ਹੈ। ਜਿਵੇਂ:-

ਇਹੁ ਤਨੁ ਧਰਤੀ ਬੀਜੁ ਕਰਮਾ ਕਰੋ ਸਲਿਲ ਆਪਾਉ ਸਾਰਿੰਗ ਪਾਣੀ ।।<br>
ਮਨੁ ਕਿਰਸਾਣੁ ਹਰਿ ਰਿਦੈ ਜੰਮਾਇ ਲੈ ਇਉ ਪਾਵਸਿ ਪਦੁ ਨਿਰਬਾਣੀ ।।

( ਆਦਿ ਗ੍ਰੰਥ, ਪੰਨਾ 58)

ਉਨ੍ਹਾਂ ਦਾ ਜੀਵਨ ਸਿੱਧਾਂਤ ਸਦਾਚਾਰਕ ਨੀਂਹ ਉੱਤੇ ਉਸਰਿਆ ਹੋਇਆ ਹੈ। ਉਨ੍ਹਾਂ ਨੂੰ ਜਿਸ ਧਰਮ ਦੀ ਸਿੱਖਿਆ ਦਿੱਤੀ, ਉਸ ਵਿਚ ਉੱਚੇ ਅਤੇ ਸਦਾਚਾਰਕ ਜੀਵਨ ਦੇ ਅਰਥ ਵੇਖੇ ਜਾ ਸਕਦੇ ਹਨ। ਉਨ੍ਹਾਂ ਦਾ ਇਹ ਜਾਬਤਾ ਨਹੀਂ, ਜਿਤਨਾ ਕਿ ਇਹ ਜੀਵਨ ਜਾਂਚ ਹੈ। ਅਸਲ ਵਿਚ ਸਦਾਚਾਰ ਦਾ ਗੁਣ ਆਤਮਿਕ ਭਵਨ ਦਾ ਆਧਾਰ ਹਨ। ਜਦ ਤਕ ਇਹ ਸਦਾਚਾਰਕ ਗੁਣ ਪੈਦਾ ਨਾ ਕੀਤੇ ਜਾਣ ਜਗਿਆਸੂ ਆਤਮਿਕ ਸਤਾ ਦੀ ਉੱਚੀ ਪੱਧਰ ਉੱਤੇ ਹੀ ਨਹੀਂ ਪਹੁੰਚ ਸਕਦਾ। ਗੁਰੂ ਨਾਨਕ ਨੇ ਆਚਰਣ ਦੀ ਸੁਧਤਾ ਉੱਤੇ ਜ਼ੋਰ ਦਿੱਤਾ।ਉਨ੍ਹਾਂ ਨੇ ਆਚਾਰ ਦੁਆਰਾ ਪਹਿਲਾਂ ਮਨ ਭਾਂਡੇ ਨੂੰ ਸਾਫ਼ ਕਰਨ ਦੀ ਅਵਾਸ਼ਕਤਾ ਦਸੀ ਹੈ। ਗੰਦੇ ਭਾਂਡੇ ਵਿਚ ਪੈਈ ਵੀ ਪਾਈ ਵਸਤੂ ਖਰਾਬ ਹੋ ਜਾਂਦੀ ਹੈ। ਜਿਵੇਂ:-

ਭਾਂਡਾ ਧੋਇ ਬੈਸਿ ਧੂਪੁ ਦੇਵਹੁ ਤਉ ਦੂਧੈ ਕਉ ਜਾਵਹੁ ।।

( ਆਦਿ ਗ੍ਰੰਥ, ਪੰਨਾ 728)

ਉਨ੍ਹਾਂ ਦਾ ਜੀਵਨ ਫਲਸਫ਼ਾ ਹੀ ਸਦਾਚਾਰਕ ਨਿਯਮਾਂ ਦੀ ਪਾਲਣਾ ਕਰਨਾ ਹੀ ਸੱਚਾ ਮਾਰਗ ਹੈ ਅਤੇ ਇਹੀ ਮੁਕਤੀ ਦਾ ਪੰਥ -ਪ੍ਰਦਰਸ਼ਕ ਅਰਥਾਤ ਪਰਮ ਮਨੁੱਖ ਦਾ ਆਧਾਰ ਹੈ। ਗੱਲ ਕੀ ਸਦਾਚਾਰਕ ਸਿੱਧਾਂਤ ਉਨ੍ਹਾਂ ਦੀ ਬਾਣੀ ਦਾ ਮਹੱਤਵ ਵਾਲੇ ਅਤੇ ਅਨਿਖੜਵਾਂ ਅੰਗ ਹੈ। ਮਨ, ਬਚਨ ਅਤੇ ਕਰਮ ਤਿੰਨ ਵਿਸ਼ੇਸ਼ ਅੰਗ ਹਨ, ਜਿਹੜੇ ਵਿਅਕਤੀ ਦੀ ਸਦਾਚਾਰਕ ਪੱਧਰ ਨਿਰਧਾਰਤ ਕਰਦੇ ਹਨ। ਮਨ ਦੀਉਤਪੱਤੀ ਗੁਰੂ ਨਾਨਕ ਦੇਵ ਨੇ ਪੰਜ ਤਤਾਂ ਤੋਂ ਮੰਨੀ ਹੈ। ਇਹ ਕਰਕੇ ਉਹ ਫੁਰਮਾਉਂਦੇ ਹਨ:-

ਇਹ ਮਨੁ ਪੰਚ ਤਤੁ ਤੇ ਜਨਮਾ ॥

( ਆਦਿ ਗ੍ਰੰਥ, ਪੰਨਾ 415)

ਜੇ ਕਰ ਇਸਨੂੰ ਖੁਲ੍ਹਾ ਛਡ ਦੇਈਏ, ਤਾਂ ਇਹ ਤਬਾਹੀ ਹੀ ਮਚਾ ਸਕਦੀ ਹੈ। ਇਸ ਕਰਕੇ ਸਿੱਖ ਦੀ ਨਿੱਤ ਦੀ ਅਰਦਾਸ ਵਿਚ ਮਨ ਨੂੰ ਨੀਵਾਂ ਅਤੇ ਬੁੱਧੀ ਨੂੰ ਉੱਚਾ ਰਖਣ ਤੇ ਜ਼ੋਰ ਦਿੱਤਾ ਜਾਂਦਾ ਹੈ ਇਸਨੂੰ ਕਾਬੂ ਵਿਚ ਰੱਖੋ, ਤਾਂ ਸਾਨੂੰ ਆਤਮਿਕ ਤੌਰ ਤੇ ਉੱਚਾ ਉਠਾ ਦੇਣਗੇ। ਇਸੇ ਲਈ ਪਰਮ-ਮਨੁੱਖ ਲਈ ਮਨ ਦੀਆਂ ਵਾਸ਼ਨਾਵਾਂ ਨੂੰ ਮਾਰਗ ਅਤੇ ਉਨ੍ਹਾਂ ਉੱਪਰ ਕਾਬੂ ਲਈ ਜ਼ੋਰ ਦਿੱਤਾ ਹੈ।

ਮਿੱਠੇ ਬੋਲ (ਬਚਨ) ਸਦਾਚਾਰਕ ਗੁਣਾਂ ਵਿਚ ਮਨੁੱਖ ਲਈ ਸਭ ਤੋਂ ਜ਼ਰੂਰੀ ਹਨ। ਗੁਰੂ ਜੀ ਨੇ ਮਿੱਠੇ ਬਚਨਾਂ ਨੂੰ ਗੁਣਾਂ ਅਤੇ ਚੰਗਿਆਈਆਂ ਦਾ ਨਿਚੋੜ ਦਸਿਆ ਹੈ। ਜਿਵੇਂ:-

ਮਿਠਤ ਨੀਵੀਂ ਨਾਨਕਾ ਗੁਣ ਚੰਗਿਆਈਆਂ ਤਤੁ ॥

(ਆਦਿ ਗ੍ਰੰਥ, ਪੰਨਾ 470)

ਇਕ ਸੱਚਾ ਸਿੱਖ (ਪਰਮ-ਮਨੁੱਖ) ਕਿਸੇ ਨੂੰ ਵੀ ਮੰਦਾ ਨਹੀਂ ਆਖਦਾ, ਕਿਉਂਕਿ ਮੰਦਾ ਬੋਲਣਾ ਉਸਦੇ ਸਦਾਚਾਰਕ ਗੁਣ ਤੋਂ ਉਲਟ ਹੈ। ਗੁਰੂ ਨਾਨਕ ਦੇਵ ਨੇ ਕਰਮ ਤਿਆਗਣ ਲਈ ਨਹੀਂ, ਸਗੋਂ ਕਰਮਾਂ ਨੂੰ ਵਿਧੀ ਪੂਰਵਕ ਕਰਨ ਉੱਪਰ ਜ਼ੋਰ ਦਿੱਤਾ ਹੈ। ਉਨ੍ਹਾਂ ਅਨੁਸਾਰ ਅਧਿਆਤਮਿਕ ਕਰਮ ਕਰਨ ਨਾਲ ਮਨੁੱਖ ਸੱਚਾ ਹੁੰਦਾ ਹੈ:-

ਅਧਿਆਤਮ ਕਰਮ ਕਰੇ ਤੂੰ ਸਚਾ ॥

(ਆਦਿ ਗ੍ਰੰਥ, ਪੰਨਾ 223)

ਮਨੁੱਖ ਆਪਣੇ ਕਰਮਾਂ ਦਾ ਫਲ ਭੋਗਦਾ ਹੈ। ਉਸਨੂੰ ਕਿਸੇ ਨੂੰ ਦੋਸ਼ ਨਹੀਂ ਦੇਣਾ ਚਾਹੀਦਾ। ਮਨੁੱਖ ਕਿੰਨੀਆਂ ਸੋਚਾਂ ਕਰਾ ਲਵੇ, ਪਰੰਤੂ ਨਿਪਟਾਰਾ ਕਰਮਾਂ ਉੱਪਰ ਹੀ ਹੁੰਦਾ ਹੈ। ਜਿਵੇਂ:-

ਕਰਮਾ ਉਪਰ ਨਿਬੜੈ ਜੇ ਲੋਚੈ ਸਭ ਕੋਇ ॥

(ਆਦਿ ਗ੍ਰੰਥ, ਪੰਨਾ 1 013)

ਗੁਰੂ ਨਾਨਕ ਨੇ ਆਪਣੀ ਬਾਣੀ ਵਿਚ ਸੱਚ ਦੀ ਪੂਰੀ ਪੂਰੀ ਪ੍ਰੋੜਤਾ ਕੀਤੀ ਅਤੇ ਮਨੁੱਖੀ ਜੀਵਨ ਲਈ ਸਦਾਚਾਰਕ ਤੌਰ ਤੇ ਉੱਚਾ ਉਠਣ ਲਈ ਜ਼ੋਰ ਦਿੱਤਾ। ਮਨੁੱਖ ਦੀ ਅਧਿਆਤਮਿਕ ਉੱਨਤੀ ਲਈ ਜੀਵਨ ਵਿਚ ਸੱਚ ਨੂੰ ਅਪਨਾਉਣਾ ਅਤੇ ਅਮਲੀ ਰੂਪ ਦੇਣਾ ਬੜਾ ਜ਼ਰੂਰੀ ਪਹਿਲੂ ਹੈ। ਇਸ ਕਰਕੇ ਇਹ ਸਦਾਚਾਰਕ ਜੀਵਨ ਦਾ ਇਕ ਜ਼ਰੂਰੀ ਪਹਿਲੂ ਹੈ। ਇਸੇ ਕਰਕੇ ਗੁਰੂ ਜੀ ਨੇ ਸੱਚ ਨੂੰ ਸਰਬ ਸ਼੍ਰੋਮਣੀ ਦਸ ਕੇ ਵਿਅਕਤੀ ਦੇ ਸੱਚ ਆਚਾਰ ਨੂੰ ਹੋਰ ਗੌਰਵ ਪ੍ਰਦਾਨ ਕੀਤਾ ਅਤੇ ਫੁਰਮਾਇਆ। ਜਿਵੇਂ:-

ਸਚੁ ਉਰੈ ਸਭ ਕੋ ਊਪਰਿ ਸਚੁ ਆਚਾਰ ॥

(ਆਦਿ ਗ੍ਰੰਥ, ਪੰਨਾ 62)

ਸੱਚ ਦੀ ਪ੍ਰਾਪਤੀ ਲਈ ਮਨ ਦਾ ਪਵਿੱਤਰ ਹੋਣਾ ਬੜਾ ਜ਼ਰੂਰੀ ਹੈ। ਨਿਰਭੈਤਾ ਮਨੁੱਖ ਲਈ ਬੜੀ ਜ਼ਰੂਰੀ ਹੈ। ਸਿਵਾਇ ਵਾਹਿਗੁਰੂ ਦੇ ਮਨੁੱਖ ਨੂੰ ਕਿਸੇ ਤੋਂ ਡਰਨਾ ਨਹੀਂ ਚਾਹੀਦਾ। ਗੁਰੂ ਜੀ ਨੇ ਮਨੁੱਖ ਨੂੰ ਨਿਰਵੈਰਤਾ ਨੂੰ ਵੀ ਅਪਨਾਉਣਾ ਦਾ ਉਦੇਸ਼ ਦਿੱਤਾ ਹੈ। ਜਦੋਂ ਪਰਮਾਤਮਾ ਕਿਸੇ ਨਾਲ ਵੈਰ ਨਹੀਂ ਕਰਦਾ, ਤਾਂ ਮਨੁੱਖ ਨੂੰ ਵੀ ਕਿਸੇ ਨਾਲ ਵੈਰ ਨਹੀਂ ਕਰਨਾ ਚਾਹੀਦਾ। ਪ੍ਰੇਮ ਵੀ ਇਕ ਵੱਡਾ ਨੈਤਿਕ ਗੁਣ ਹੈ। ਇਸ ਬਿਨਾਂ ਜੀਵਨ ਅਰਥਹੀਣ ਹੋ ਜਾਂਦਾ ਹੈ। ਜਿਨ੍ਹਾਂ ਦਾ ਪ੍ਰੇਮ ਉਸ ਪ੍ਰਭੂ ਨਾਲ ਹੋ ਜਾਂਦਾ ਹੈ, ਉਨ੍ਹਾਂ ਨੂੰ ਸਾਰੀ ਦੁਨੀਆਂ ਆਪਣੀ ਹੀ ਦਿਖਾਈ

ਦਿੰਦੀ ਹੈ। ਹਰ ਪ੍ਰਾਣੀ ਨੂੰ ਗੁਰੂ ਜੀ ਪਵਿੱਤਰ ਤਾ ਦਾ ਉਪਦੇਸ਼ ਦਿੰਦੇ ਹਨ, ਕਿਉਂਕਿ ਜਿਹੜੇ ਮਨੁੱਖ ਉਸ ਪਰਮਾਤਮਾ ਦੇ ਨਾਮ ਨਾਲ ਰੱਤੇ ਹੋਏ ਹਨ, ਉਹੀ ਪਵਿੱਤਰ ਹਨ ਅਤੇ ਉਨ੍ਹਾਂ ਦੀ ਆਤਮਾ ਪਵਿੱਤਰ ਹੈ। ਬਾਕੀ ਸਭ ਮਨੁੱਖ ਹੰਕਾਰ ਦੀ ਮੈਲ ਨਾਲ ਭਰੇ ਹੋਏ ਹਨ। ਗੁਰੂ ਜੀ ਫੁਰਮਾਉਂਦੇ ਹਨ:-

ਨਾਨਕ ਨਾਮ ਰਤੇ ਸੇ ਨਿਰਮਲ ਹੋਰ ਹਉਮੈ ਮੈਲ ਭਰੀਜੈ ॥

( ਆਦਿ ਗ੍ਰੰਥ, ਪੰਨਾ 632)

ਗੁਰੂ ਜੀ ਮਨੁੱਖ ਨੂੰ ਉਪਦੇਸ਼ ਦਿੰਦੇ ਹਨ ਕਿ ਨਿਆਂਇ ਪਸੰਦ ਹੋਣਾ ਪਰਮ-ਮਨੁੱਖ ਲਈ ਜ਼ਰੂਰੀ ਹੈ। ਇਕ ਨਿਆਂਇ ਪਸੰਦ ਪ੍ਰਾਣੀ ਦੂਜਿਆਂ ਨੂੰ ਤਦ ਵੀ ਨਹੀਂ ਡਰਾਏਗਾ, ਇੱਥੋਂ ਤਕ ਕਿ ਉਸ ਕੋਲ ਅਜਿਹਾ ਕਰਨ ਲਈ ਸਾਧਨ ਅਤੇ ਮੌਕੇ ਵੀ ਹੋਣ। ਮਨੁੱਖੀ ਸੁਭਾਅ ਲਈ ਮਿੱਠਾ ਬੋਲਣਾ ਬੜਾ ਜ਼ਰੂਰੀ ਹੈ। ਗੁਰੂ ਨਾਨਕ ਦੇਵ ਲਿਖਦੇ ਹਨ ਕਿ ਪ੍ਰੀਤ ਦੀ ਰੀਝ ਮਿੱਠੇ ਬੋਲਾਂ ਨਾਲ ਹੁੰਦੀ ਹੈ। ਗੁਰੂ ਨਾਨਕ ਦੇਵ ਲਿਖਦੇ ਹਨ:-

ਰੀਝ ਪ੍ਰੀਤੀ ਮਿਠੇ ਬੋਲ।।

( ਆਦਿ ਗ੍ਰੰਥ, ਪੰਨਾ 143 )

ਕ੍ਰਿਪਾਲੂ ਜਾਂ ਦਿਆਲੂ ਹੋਣਾ ਰੱਬ ਦਾ ਵਿਸ਼ੇਸ਼ ਗੁਣ ਹੈ ਅਤੇ ਅਜਿਹੇ ਗੁਣਾਂ ਦੇ ਧਾਰਨ ਕਰਨ ਵਾਲੇ ਪ੍ਰਾਣੀਆਂ ਨੂੰ ਰੱਬੀ ਲੋਕ ਆਖਿਆ ਗਿਆ ਹੈ।

ਮਨੁੱਖ ਦੇ ਸਦਾਚਾਰਕ ਜੀਵਨ ਵਿਚ ਵਿਘਨ ਪਾਉਣ ਵਾਲੇ ਅਵਗੁਣ ਕਾਮ, ਕ੍ਰੋਧ ਲੋਭ ਮੋਹ ਅਹੰਕਾਰ ਹਨ। ਸਦਾਚਾਰਕ ਗੁਣਾਂ ਦੇ ਨਾਲ ਨਾਲ ਗੁਰੂ ਨਾਨਕ ਬਾਣੀ ਵਿਚ ਅਵਗੁਣਾਂ ਦਾ ਵਰਣਨ ਵੀ ਮਿਲਦਾ ਹੈ। ਪਰਮ-ਮਨੁੱਖ ਬਣਨ ਲਈ ਨਿਰੋਲ ਸਦਾਚਾਰਕ ਗੁਣਾਂ ਦਾ ਧਾਰਨ ਕਰ ਲੈਣਾ ਹੀ ਕਾਫ਼ੀ ਨਹੀਂ, ਸਗੋਂ ਮਨੁੱਖ ਦੀ ਸਦਾਚਾਰਕ ਉੱਨਤੀ ਲਈ ਅਵਗੁਣਾਂ ਨੂੰ ਤਿਆਗਣ ਅਰਥਾਤ ਕਾਬੂ ਪਾਉਣਾ ਵੀ ਜ਼ਰੂਰੀ ਹੈ। ਮਨੁੱਖੀ ਸਰੀਰ ਜਿੱਥੇ ਪੰਜ ਤੱਤਾਂ ਦਾ ਬਣਿਆ ਹੋਇਆ ਹੈ, ਉੱਥੇ ਇਸ ਵਿਚ ਪੰਜ ਵਿਸ਼ਿਆਂ ਦੀ ਪ੍ਰਧਾਨਤਾ ਹੈ। ਇਨ੍ਹਾਂ ਨੂੰ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਆਦਿ ਕਿਹਾ ਗਿਆ ਹੈ, ਇਹ ਪੰਜ ਜਜ਼ਬੇ ਹਨ। ਜੇਕਰ ਮਨੁੱਖ ਇਨ੍ਹਾਂ ਉੱਤੇ ਕਾਬੂ ਨਾ ਰਖ ਸਕੇ, ਤਾਂ ਇਹ ਵਿਕਾਰ ਬਣ ਜਾਂਦੇ ਹਨ ਅਤੇ ਮਨੁੱਖੀ ਕਮਜ਼ੋਰੀ ਦਾ ਕਾਰਨ ਬਣਦੇ ਹਨ। ਪਵਿੱਤਰ ਸਮਾਜਕ ਜੀਵਨ ਲਈ ਇਨ੍ਹਾਂ ਉੱਪਰ ਕਾਬੂ ਰਖਣਾ ਬੜਾ ਜ਼ਰੂਰੀ ਹੈ। ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ ਕਿ ਜੀਵ ਇਕੇਲਾ ਹੈ ਅਤੇ ਇਸਨੂੰ ਲੁੱਟਣ ਵਾਲੇ ਪੰਜ(ਕਾਮ ਕ੍ਰੋਧ ਲੋਭ ਮੋਹ ਅਤੇ ਹੰਕਾਰ) ਵਿਕਾਰ ਹਨ। ਇਹ ਜੀਵ ਦੀ ਰਾਸ ਪੂੰਜੀ ਨੂੰ ਰੋਜ਼ ਲੁਟਦੇ ਹਨ। ਸਾਧ ਸੰਗਤ ਦੁਆਰਾ ਇਨ੍ਹਾਂ ਨੂੰ

ਮਾਰ ਕੇ ਸੁਖ ਦੀ ਪ੍ਰਾਪਤੀ ਹੁੰਦੀ ਹੈ। ਗੁਰੂ ਜੀ ਫੁਰਮਾਉਂਦੇ ਹਨ:

ਪੰਚ ਮਾਰਿ ਸੁਖ ਪਾਇਆ ।।

( ਆਦਿ ਗ੍ਰੰਥ, ਪੰਨਾ 330)

ਕਾਮ ਮਾਰੂ ਬਿਰਤੀਆਂ ਵਿਚ ਇਕ ਪ੍ਰਮੁੱਖ ਬਿਰਤੀ ਹੈ। ਇਹ ਨਾ ਕੇਵਲ ਸਮਾਜ ਦੀ ਪਵਿੱਤਰਤਾ ਭੰਗ ਕਰਦਾ ਹੈ, ਸਗੋਂ ਮਨੁੱਖ ਆਪ ਵੀ ਕਾਮ ਦੀ ਭੱਠੀ ਵਿਚ ਝੁਲਸ ਜਾਂਦਾ ਹੈ। ਇਸੇ ਕਰਕੇ ਗੁਰੂ ਨਾਨਕ ਨੇ ਲਿਖਿਆ ਹੈ ਕਿ ਇਹ ਸਰੀਰ ਨੂੰ ਇਸ ਤਰ੍ਹਾਂ ਗਾਲ ਦਿੰਦਾ ਹੈ, ਜਿਸ ਤਰ੍ਹਾਂ ਕਿ ਸੋਹਾਗਾ ਸੋਨੇ ਨੂੰ ਢਾਲ ਦਿੰਦਾ ਹੈ:-

ਕਾਮ ਕ੍ਰੋਧ ਕਾਇਆ ਕਉ ਗਾਲੈ ।।
ਜਿਉ ਕੰਚਨ ਸੁਹਾਗਾ ਢਾਲੈ ।।

( ਆਦਿ ਗ੍ਰੰਥ, ਪੰਨਾ 932)

ਗੁਰੂ ਜੀ ਅਨੁਸਾਰ ਮਨੁੱਖ ਦੇ ਸਦਾਚਾਰਕ ਜੀਵਨ ਦੀ ਉਸਾਰੀ ਜਤੀ ਹੋਣ ਨਾਲ ਆਰੰਭ ਹੁੰਦੀ ਹੈ। ਉਨ੍ਹਾਂ ਅਨੁਸਾਰ ਸਾਰਾ ਜੀਵਨ ਹੀ ਬ੍ਰਹਮਚਰਜ ਦਾ ਜੀਵਨ ਹੈ, ਜੇ ਜਤ ਸਤ ਅਤੇ ਸੰਜਮ ਹੋਵੇ। ਜੀਵਨ ਆਦਰਸ਼ ਦੀ ਘਾੜਤ ਦਾ ਮੂਲ ਕਾਮ ਹੈ। ਕਾਮ ਦੀ ਪ੍ਰਬਲ ਬ੍ਰਿਤੀ ਉੱਪਰ ਗ੍ਰਹਸਥ ਦੁਆਰਾ ਹੀ ਕਾਬੂ ਪਾਇਆ ਜਾ ਸਕਦਾ ਹੈ। ਇਸੇ ਕਰਕੇ ਸਿੱਖ ਧਰਮ ਵਿਚ ਗ੍ਰਹਸਥ ਨੂੰ ਉੱਚਾ ਦਰਜਾ ਪ੍ਰਾਪਤ ਹੈ। ਗੁਰੂ ਨਾਨਕ ਦਾ ਚਿਤਵਿਆ ਧਰਮ ਗ੍ਰਹਸਥੀਆਂ ਦਾ ਧਰਮ ਹੈ।

ਕ੍ਰੋਧ ਵਿਚ ਪ੍ਰਬਲ ਜਜ਼ਬਾ ਹੈ, ਜਿਹੜਾ ਆਦਮੀ ਦੀ ਸੁਧ ਬੁਧ ਕਾਇਮ ਨਹੀਂ ਰਹਿਣ ਦਿੰਦਾ। ਗੁਰਬਾਣੀ ਵਿਚ ਇਸਨੂੰ ਕ੍ਰੋਧ ਚੰਡਾਲ ਕਿਹਾ ਗਿਆ ਹੈ। ਇਹ ਬੜਾ ਨਿਰਦਈ ਹੁੰਦਾ ਹੈ। ਇਸ ਤੋਂ ਹੀ ਲੜਾਈ ਝਗੜਾ ਕਲੇਸ਼ ਅਤੇ ਵਾਦ ਵਿਵਾਦ ਪੈਦਾ ਹੁੰਦੇ ਹਨ। ਸੰਸਾਰ ਵਿਚ ਕੋਈ ਅਜਿਹਾ ਦੁਸ਼ਟ ਕਰਮ ਨਹੀਂ, ਜਿਸਨੂੰ ਕ੍ਰੋਧ ਵਿਚ ਅੰਨ੍ਹਾ ਹੋਇਆ ਮਨੁੱਖ ਨਹੀਂ ਕਰ ਸਕਦਾ।

ਜਿਨ੍ਹਾਂ ਦੇ ਮਨ ਅੰਦਰ ਲੋਭ ਸਮਾ ਜਾਂਦਾ ਹੈ। ਉਹ ਪਰਮਾਤਮਾ ਨੂੰ ਭੁਲ ਜਾਂਦੇ ਹਨ ਅਤੇ ਲੋਭ ਵਸ ਕੁਰਾਹੇ ਪੈ ਕੇ ਸੰਸਾਰ ਵਿਚ ਗਲਤ ਕੰਮਾਂ ਵਿਚ ਮਗਨ ਹੋ ਕੇ ਆਪਣਾ ਜੀਵਨ ਵਿਅਰਥ ਗੁਆ ਦਿੰਦੇ ਹਨ। ਲੋਭੀ ਨੂੰ ਹਲਕੇ ਕੁੱਤੇ ਨਾਲ ਤੁਲਨਾ ਦਿੱਤੀ ਹੈ, ਜੋ ਲਾਲਚ ਵਸ ਸਭ ਪਾਸੇ ਦੌੜਦਾ ਹੈ ਅਤੇ ਸਭ ਕੁਝ ਖਾ ਖਾਂਦਾ ਹੈ:-

ਲਬੁ ਕੁਤਾ ਕੂੜੁ ਚੂਹੜਾ
ਠਗਿ ਖਾਧਾ ਮੁਰਦਾਰ ॥

( ਆਦਿ ਗ੍ਰੰਥ, ਪੰਨਾ 415)

ਲੋਭੀ ਮਨੁੱਖ ਸੰਸਾਰ ਦੇ ਸਾਰੇ ਪਦਾਰਥ ਪ੍ਰਾਪਤ ਕਰਕੇ ਵੀ ਭੁੱਖਾ ਰਹਿੰਦਾ ਹੈ। ਉਹ ਕਦੇ ਵੀ ਨਹੀਂ ਰੱਜਦਾ:-

ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ ॥

( ਆਦਿ ਗ੍ਰੰਥ, ਪੰਨਾ 4)

ਮਨੁੱਖ ਦਾ ਜਿਸ ਨਾਲ ਵੀ ਮੋਹ ਹੁੰਦਾ ਹੈ, ਉਸਦੇ ਦੁਖੀ ਹੋਣ ਨਾਲ ਕੁਦਰਤੀ ਤੌਰ ਤੇ ਮਨੁੱਖ ਨੂੰ ਦੁਖ ਹੁੰਦਾ ਹੈ। ਇਸੇ ਕਰਕੇ ਗੁਰੂ ਨਾਨਕ ਬਾਣੀ ਵਿਚ ਥਾਂ ਥਾਂ ਇਸ ਮੋਹ ਦਾ ਖੰਡਨ ਕੀਤਾ ਗਿਆ ਹੈ। ਇਸਨੂੰ ਕੂੜਾ ਦਸਿਆ ਗਿਆ ਹੈ ਅਤੇ ਇਹ ਪਿਆਰ ਇਹ ਸੁਆਦ ਸਭ ਕਾਲਖ ਦਾ ਟਿੱਕਾ ਹਨ ਅਤੇ ਮਨੁੱਖ ਦੇ ਇਖਲਾਕੀ ਜੀਵਨ ਉੱਪਰ ਧੱਬੇ ਹਨ। ਜਿਵੇਂ:-

ਜੇਤਾ ਮੋਹ ਪਰੀਤਿ ਸੁਆਦ ॥
ਸਭ ਕਾਲਖ ਦਾਗਾ ਦਾਗ ॥

( ਆਦਿ ਗ੍ਰੰਥ, ਪੰਨਾ 662)

ਇਸ ਮੋਹ ਦੇ ਪ੍ਰਭਾਵ ਥੱਲੇ ਹੀ ਮਨੁੱਖ ਸੰਸਾਰਕ ਵਸਤੂਆਂ ਲਈ ਅੰਨ੍ਹਾ ਹੋਇਆ ਫਿਰਦਾ ਹੈ, ਪਾਪ ਕਮਾਉਂਦਾ ਹੈ ਅਤੇ ਨਰਕਾਂ ਦਾ ਭਾਗੀ ਬਣਦਾ ਹੈ।

ਹਉਮੈ ਦਾ ਸੰਕਲਪ ਬੜਾ ਭੈੜਾ ਹੈ, ਜਿਹੜਾ ਮਨੁੱਖ ਨੂੰ ਅਭਿਮਾਨ ਵਿਚ ਫਸਾ ਦਿੰਦਾ ਹੈ ਅਤੇ ਮਨੁੱਖ ਹਉਮੈ ਦਾ ਅਸਾਧ ਰੋਗ ਲਾ ਬੈਠਦਾ ਹੈ। ਇਹ ਮਨੁੱਖ ਦੀ ਸ਼ਖਸੀਅਤ ਨੂੰ ਮੁਕੰਮਲ ਨਹੀਂ ਹੋਣ ਦਿੰਦਾ ਅਤੇ ਅੰਦਰੂਨੀ ਤੌਰ ਤੇ ਨਿਰਬਲ ਕਰਦਾ, ਉਸਨੂੰ ਆਪਣੇ ਆਦਰਸ਼ ਤੋਂ ਦੂਰ ਰਖਦਾ ਹੈ। ਅਹੰਕਾਰ ਪ੍ਰਭੂ ਦੀ ਪ੍ਰਾਪਤੀ ਵਿਚ ਵੱਡੀ ਰੁਕਾਵਟ ਹੈ। ਅਹੰਕਾਰੀ ਮਨੁੱਖ ਦੇ ਮਨ ਵਿਚ ਵਾਹਿਗੁਰੂ ਦਾ ਨਿਵਾਸ ਨਹੀਂ ਹੋ ਸਕਦਾ। ਉਸਦਾ ਨਿਵਾਸ ਤਾਂ ਉੱਥੇ ਹੁੰਦਾ ਹੈ, ਜਿੱਥੇ ਹਉਮੈ ਮਰ ਚੁਕਿਆ ਹੋਵੇ। ਜਿਵੇਂ:-

ਹਉਮੈ ਤ੍ਰਿਸਨਾ ਮਾਰਿ ਕੈ ਸਚੁ ਰਖਿਆ ਉਰਧਾਰ ॥

( ਆਦਿ ਗ੍ਰੰਥ, ਪੰਨਾ 2 0)

ਅਸਲ ਵਿਚ ਜੀਵਨ ਦੀ ਸਾਰੀ ਦੌੜ ਹੀ ਸੱਚ ਨੂੰ ਪਛਾਣਨ ਅਤੇ ਮਨੁੱਖੀ ਆਚਰਣ ਦੀਆਂ ਸਾਰੀਆਂ ਸੁਰਤੀਆਂ ਅਤੇ ਸ਼ਕਤੀਆਂ ਨੂੰ ਮਾਨਵੀ ਅਤੇ ਸਦਾਚਾਰਕ ਬਣਾਉਣ ਵਿਚ ਹੈ।

ਇਸੇ ਹੀ ਆਧਾਰ ਤੇ ਪਰਮ-ਮਨੁੱਖ ਦੀ ਘਾੜਤ ਗੁਰੂ ਨਾਨਕ ਬਾਣੀ ਵਿਚ ਕੀਤੀ ਗਈ। ਹੈ। ਅਸਲ ਵਿਚ ਸਾਧ ਜਾਂ ਸੰਤ, ਗੁਰਮੁਖ, ਬ੍ਰਹਮ-ਗਿਆਨੀ ਗੁਰੂ ਅਤੇ ਜੀਵਨ-ਮੁਕਤ ਗੁਰੂ ਨਾਨਕ ਬਾਣੀ ਅਨੁਸਾਰ ਪਰਮ-ਮਨੁੱਖ ਦਾ ਹੀ ਰੂਪ ਹੈ ਅਤੇ ਇਨ੍ਹਾਂ ਸਭ ਵਿਚ ਪਰਮ--ਮਨੁੱਖ ਵਾਲੇ ਗੁਣ ਅਤੇ ਵਿਸ਼ੇਸ਼ਤਾਈਆਂ ਮਿਲਦੀਆਂ ਹਨ। ਜਿਵੇਂ:-

ਗੁਰੂ ਨਾਨਕ ਬਾਣੀ ਵਿਚ ਸੰਤ ਦੀ ਮਹਿਮਾ ਦਾ ਬੜਾ ਵਰਨਣ ਕੀਤਾ ਗਿਆ ਹੈ। ਇਸ ਪਹੁੰਚੇ ਹੋਏ ਪੁਰਸ਼ ਦੀ ਹਰ ਥਾਂ ਪਰੰਸਸਾ ਕੀਤੀ ਗਈ ਹੈ। ਉਸਦੀ ਮਹਨਤਾ ਦਾ ਵਰਣਨ ਕਰਦੇ ਹੋਏ ਗੁਰੂ ਜੀ ਆਪਣੇ ਆਪ ਨੂੰ ਸੰਤਾਂ ਦੇ ਚਰਨਾਂ ਦੀ ਧੂੜ ਦਸਦੇ ਹਨ। ਕਿਉਂਕਿ ਸੰਤਾਂ ਦੀ ਸੰਗਤ ਦੁਆਰਾ ਹੀ ਪਰਮ-ਪਦ ਦੀ ਪ੍ਰਾਪਤੀ ਹੁੰਦੀ ਹੈ। ਜਿਹੜਾ ਕਿ ਪਰਮ -ਮਨੁੱਖ ਆਧਾਰ ਹੈ। ਗੁਰੂ ਨਾਨਕ ਬਾਣੀ ਲਈ ਉਹ ਸਭ ਲੋਕ ਸੰਤ ( ਪਰਮ-ਮਨੁੱਖ) ਹਨ, ਜੋ ਨਿਰਮਲ ਅਤੇ ਪਵਿੱਤਰ ਹਿਰਦੇ ਦੇ ਮਾਲਕ ਹਨ। ਜਿਨ੍ਹਾਂ ਨੇ ਕਾਮ ਕ੍ਰੋਧ ਲੋਭ ਮੋਹ ਅਤੇ ਅਹੰਕਾਰ ਆਦਿ ਪੰਜ ਵਿਕਾਰਾਂ ਨੂੰ ਆਪਣੇ ਕਾਬੂ ਵਿਚ ਕਰ ਲਿਆ ਹੈ। ਸੰਤ ਦਾ ਜੀਵਨ ਅਨੁਭਵ ਉੱਤੇ ਆਧਾਰਿਤ ਹੁੰਦਾ ਹੈ। ਉਹ ਸੰਸਾਰ ਵਿਚ ਰਹਿੰਦਾ ਵੀ ਤਿਆਗੀ ਹੁੰਦਾ ਹੈ, ਪਰੰਤੂ ਅਜਿਹੇ ਲੋਕ ਸੰਸਾਰ ਵਿਚ ਘਟ ਹੀ ਹਨ ਜੋ ਆਪ ਤੁਰਦੇ ਅਤੇ ਦੂਜੇ ਨੂੰ ਤਾਰਦੇ ਹਨ। ਜਿਵੇਂ :-

ਐਸੇ ਜਨ ਵਿਰਲੇ ਸੰਸਾਰੇ ।।
ਗੁਰ ਸ਼ਬਦ ਵਿਚਾਰਹਿ ਰਹਿ ਨਿਰਾਰੇ ॥
ਆਪ ਤਰਹਿ ਸੰਗਤਿ ਕੁਲ ਤਾਰਹਿ ॥
ਤਿਨ ਸਫਲ ਜਨਮ ਜਗ ਆਇਆ ॥

( ਆਦਿ ਗ੍ਰੰਥ, ਪੰਨਾ 702)

ਜੋ ਮਨ ਦੀ ਭਟਕਣਾ ਉੱਤੇ ਕਾਬੂ ਪਾ ਲੈਂਦਾ ਹੈ, ਸ਼ਬਦ ਦੁਆਰਾ ਆਪਣੇ ਅੰਦਰੋਂ ਹਉਮੈ ਨੂੰ ਸਾੜ ਦਿੰਦਾ ਹੈ, ਸੱਚੇ ਨਾਮ ਨੂੰ ਹਿਰਦੇ ਵਿਚ ਵਸਾ ਲੈਂਦਾ ਹੈ, ਭਰਮਾਂ ਦਾ ਨਾਸ਼ ਕਰ ਦਿੰਦਾ ਹੈ, ਪ੍ਰਭੂ ਦੇ ਸਿਮਰਨ ਦੁਆਰਾ ਮਨ ਨੂੰ ਨਿਰਮਲ ਕਰਦਾ ਹੈ ਅਤੇ ਸੱਚੀ ਅਤੇ ਸੁੱਚੀ ਰਹਿਣੀ ਬਹਿਣੀ ਧਾਰਨ ਕਰਕੇ ਆਪਣਾ ਤਨ, ਮਨ ਅਤੇ ਧਨ ਪ੍ਰਭੂ ਨੂੰ ਭੇਟ ਕਰਨੇ ਦਿੰਦਾ ਹੈ। ਉਹ ਸੱਚਾ ਸੰਤ ਵਿਚੋਂ ਹੈ।

ਗੁਰੂ ਨਾਨਕ ਦੀ ਧਾਰਣਾ ਅਨੁਸਾਰ ਉਹ ਵਿਅਕਤੀ ਜਿਹੜਾ ਹਰ ਧਰਮ ਵਿਚ ਆਤਮਿਕ ਪੱਧਰ ਅਤੇ ਸਮਾਜਕ ਪੱਧਰ ਤੇ ਖਿਆਲ ਉਚੀ ਉਡਾਰੀ ਮਾਰਦਾ ਹੈ, ਉਹ ਗੁਰਮੁਖ ਹੈ। ਉਹ ਸਹਿਜ ਅਵਸਥਾ ਦੀ ਪ੍ਰਾਪਤੀ ਕਰਕੇ ਜੀਵਨ-ਮੁਕਤ ਦੀ ਪਦਵੀ ਪ੍ਰਾਪਤ ਕਰ

ਕਰ ਲੈਂਦਾ ਹੈ। ਉਸ ਉਪਰ ਵਾਹਿਗੁਰੂ ਦੀ ਮਿਹਰ ਹੋਣ ਕਰਕੇ ਉਹ ਆਪ ਤਾਂ ਤਰਦਾ ਹੀ ਹੈ, ਆਪਣੇ ਪਰਿਵਾਰ ਅਤੇ ਸਮਾਜ ਨੂੰ ਵੀ ਤਾਰਦਾ ਹੈ। ਜਿਵੇਂ:-

ਗੁਰਮੁਖਿ ਅਕਥ ਕਥੈ ਬੀਚਾਰੁ ॥
ਗੁਰਮੁਖਿ ਨਿਬਹੈ ਸ ਪ ਰਵਾਰਿ ॥

( ਆਦਿ ਗ੍ਰੰਥ, ਪੰਨਾ 75 )

ਉਹ ਆਦਰਣ ਵਾਲਾ, ਪ੍ਰਭੂ ਭਗਤੀ ਵਿਚ ਲੀਨ ਬ੍ਰਹਮੰਡ ਦਾ ਗਿਆਨ ਰੱਖਣ ਵਾਲਾ ਅਤੇ ਸਮਾਜ ਨੂੰ ਪਾਰ ਉਤਾਰਨ ਵਾਲਾ ਹੁੰਦਾ ਹੈ। ਗੁਰਮੁਖ ਪਰਮਾਤਮਾ ਦਾ ਪੂਰਣ ਅਨੁਰਾਗੀ ਹੁੰਦਾ ਹੈ ਅਤੇ ਗੁਰੂ ਨਾਨਕ ਦਾ ਪਰਮ-ਮਨੁੱਖ ਗੁਰਮੁਖ ਹੀ ਹੈ।

ਬ੍ਰਹਮ-ਗਿਆਨੀ ਦੇ ਰੂਪ ਵਿਚ ਗੁਰੂ ਨਾਨਕ ਬਾਣੀ ਵਿਚ ਇਕ ਅਜਿਹੀ ਸੱਚੇ ਸੁੱਚੇ ਮਨੁੱਖ ਦੀ ਸਿਰਜਨਾ ਦੀ ਧੁਨੀ ਗੂੰਜ ਰਹੀ ਹੈ, ਜੋ ਅਧਿਆਤਮਕ ਅਤੇ ਸਦਾਚਾਰਕ ਪੱਧਰ ਤੋਂ ਆਮ ਅਵਸਥਾ ਤੋਂ ਉੱਚਾ ਉਠ ਚੁਕਿਆ ਹੈ। ਇਹ ਪਰਮ-ਮਨੁੱਖ ਜਾਂ ਆਦਰਸ਼ ਵਿਅਕਤੀ ਹੈ। ਉਹ ਸੁੱਚੀ ਕਰਨੀ ਅਤੇ ਉੱਚੇ ਗੁਣਾਂ ਦਾ ਧਾਰਨੀ ਹੁੰਦਾ ਹੈ। ਉਹ ਬੰਧਨ ਮੁਕਤ ਹੋ ਕੇ ਬ੍ਰਹਮ ਦੀ ਸਥਿਤੀ ਤਕ ਪਹੁੰਚ ਜਾਂਦਾ ਹੈ ਅਤੇ ਵਿਕਾਸ ਕਰਮ ਵਿਚ ਪੂਰਣ ਪੁਰਖ ਵਿਧਾਤਾ ਬਣ ਜਾਂਦਾ ਹੈ। ਉਸ ਵਿਚ ਅਤੇ ਪ੍ਰਭੂ ਵਿਚ ਕੋਈ ਅੰਤਰ ਨਹੀਂ ਰਹਿ ਜਾਂਦਾ। ਉਸਨੂੰ ਤਾਂ ਦੇਵਤੇ ਖੋਜਦੇ ਫਿਰਦੇ ਹਨ।

ਉਹ ਸੁਆਰਥੀ ਭਾਵਨਾਵਾਂ ਤੋਂ ਉੱਪਰ ਉਠ ਕੇ ਨਿਸ਼ਕਾਮ ਸੇਵਾ ਦੁਆਰਾ ਆਪਣੇ ਆਪ ਨੂੰ ਉੱਚ ਪਦ ਦੇ ਯੋਗ ਬਣਾ ਲੈਂਦਾ ਹੈ। ਜਿਸਨੂੰ ਰਹੱਸਵਾਦੀਆਂ ਨੇ ਆਦਰਸ਼ ਪੁਰਸ਼( ਪਰਮ-ਮਨੁੱਖ) ਦੀ ਅਵਸਥਾ ਕਿਹਾ ਹੈ। ਉਹ ਤਾਂ ਕੰਵਲ ਫੁਲ ਦੀ ਤਰ੍ਹਾਂ ਹੈ। ਇਸ ਸੰਸਾਰ ਤੋਂ ਨਿਰਲੇਪ ਰਹਿੰਦਾ ਹੈ। ਜਿਵੇਂ:-

ਜੈਸੇ ਜਲ ਮਹਿ ਕਮਲ ਨਿਰਾਲਮ ਮੁਰਗਾਈ ਨੈਸਾਣੇ ॥
ਸੁਰਤਿ ਸਬਦੁ ਭਵਸਾ ਗੁਰ ਤਰੀਐ, ਨਾਨਕ ਨਾਮ ਵਖਾਣੇ ॥

( ਆਦਿ ਗ੍ਰੰਥ, ਪੰਨਾ 942)

ਮਨੁੱਖ ਜਿਸ ਵੇਲੇ ਸਦਾਚਾਰਕ ਅਤੇ ਅਧਿਆਤਮਿਕ ਮੰਜ਼ਲਾਂ ਪਾਰ ਕਰਕੇ ਗੁਰੂ ਦੀ ਪਦਵੀ ਉੱਤੇ ਪਹੁੰਚ ਜਾਂਦਾ ਹੈ, ਉਹ ਪਰਮ-ਮਨੁੱਖ ਬਣ ਜਾਂਦਾ ਹੈ। ਹੁਣ ਉਹ ਭੁਲੇ ਭਟਕੇ ਮਨੁੱਖ ਨੂੰ ਵਿਵੇਕ ਨੇਤ੍ਰ ਪ੍ਰਦਾਨ ਕਰਦਾ ਹੈ ਅਤੇ ਬਾਹਰ ਮੁਖੀ ਜਗਤ ਤੋਂ ਉਸਦੀ ਚੇਤਨਾ ਦਾ ਪ੍ਰਵਾਹ ਉਲਟ ਕੇ ਉਸਨੂੰ ਅੰਤਰਮੁਖੀ ਬਣਾ ਦਿੰਦਾ ਹੈ। ਉਹ ਮਨੁੱਖੀ ਜੀਵਨ ਨੂੰ ਉੱਚਾ ਅਤੇ ਸੁੱਚਾ ਬਣਾਉਣ ਲਈ ਪ੍ਰੇਰਨਾ ਦਿੰਦਾ ਹੈ। ਗੁਰੂ ਨਾਨਕ ਸਾਹਿਬ ਨੇ ਕਰਮ-ਮਾਰਗ,ਗਿਆਨ-ਮਾਰਗ

ਯੋਗ-ਮਾਰਗ ਅਤੇ ਭਗਤੀ-ਮਾਰਗ ਸਾਰਿਆਂ ਵਿਚ ਗੁਰੂ ਦਾ ਮਹੱਤਵ ਉੱਤਮ ਮੰਨਿਆ ਹੈ। ਗੁਰੂ ਦੀ ਕਿਰਪਾ ਵਗੈਰ ਬੁੱਧੀ ਦਾ ਵਿਕਾਸ ਨਹੀਂ ਹੁੰਦਾ। ਇਹ ਗੁਰੂ ਹੀ ਹੈ, ਜਿਹੜਾ ਆਪਣੀ ਸਿੱਖਿਆ ਰਾਹੀਂ ਮਾਮੂਲੀ ਪੱਧਰ ਤੋਂ ਚੁਕ ਕੇ ਮਨੁੱਖ ਨੂੰ ਦੇਵਤਿਆਂ ਦੀ ਪਦਵੀ ਤਕ ਪਹੁੰਚਾ ਜਾਂਦਾ ਹੈ। ਗੁਰੂ ਜੀ ਫੁਰਮਾਉਂਦੇ ਹਨ:-

ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦਵਾਰ ।।
ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ ।।

( ਆਦਿ ਗ੍ਰੰਥ, ਪੰਨਾ 601)

ਜੇ ਮਨੁੱਖ ਨੂੰ ਸੁੱਚੇ ਗੁਰੂ ਦੀ ਪ੍ਰਾਪਤੀ ਹੋ ਜਾਵੇ ਅਤੇ ਉਹ ਉਸਤੇ ਦੱਸੇ ਮਾਰਗ ਉੱਤੇ ਚਲਣਾ ਸ਼ੁਰੂ ਕਰ ਦੇਵੇ, ਤਾਂ ਸੰਸਾਰ ਦੀ ਕੋਈ ਸ਼ਕਤੀ ਉਸਨੂੰ ਪਰਮ-ਪਦ ਦੀ ਪ੍ਰਾਪਤੀ ਤੋਂ ਨਹੀਂ ਰੋਕ ਸਕਦੀ। ਇਸੇ ਕਰਕੇ ਗੁਰੂ ਜੀ ਫੁਰਮਾਉਂਦੇ ਹਨ:-

ਏਕ ਦ੍ਰਿਸ਼ਟੀ ਤਾਰੇ ਗੁਰੁ ਪੂਰਾ ।।

( ਆਦਿ ਗ੍ਰੰਥ, ਪੰਨਾ 413)

ਗੁਰੂ ਨਾਨਕ ਬਾਣੀ ਵਿਚ ਜੀਵਨ-ਮੁਕਤ ਉਸ ਮਨੁੱਖ ਨੂੰ ਕਿਹਾ ਗਿਆ ਹੈ, ਜੋ ਸਰੀਰ ਧਾਰਦਾ ਹੋਇਆ ਪਰਮਾਤਮਾ ਦੀ ਭਗਤੀ ਜਾਂ ਆਤਮ ਗਿਆਨ ਦੁਆਰਾ ਮੁਕਤ ਹੁੰਦਾ ਹੈ। ਜਿਸਨੂੰ ਜਿਉਂਦੇ ਹੀ ਮੁਕਤੀ ਦੀ ਪ੍ਰਾਪਤੀ ਹੁੰਦੀ ਹੈ। ਉਹ ਹਰਖ ਸੋਗ, ਸੁਖ ਦੁਖ ਮਾਨ ਅਪਮਾਨ, ਆਪਣਾ ਬਿਗਾਨਾ ਅਤੇ ਆਸਾ ਨਿਰਾਸ਼ਾ ਤੋਂ ਦੂਰ ਰਹਿੰਦਾ ਹੋਇਆ ਗੁਰੂ ਸ਼ਬਦਾਂ ਦਾ ਅਭਿਆਸ ਕਰਕੇ ਮਨ ਨੂੰ ਕਾਬੂ ਕਰਦਾ ਹੈ। ਉਹ ਸਦਾਚਾਰਕ ਤੌਰ ਤੇ ਪਵਿੱਤਰ ਜੀਵਨ ਜੀਉਂਦਾ ਹੈ। ਉਸਦਾ ਜੀਵਨ ਸੱਚਾ ਅਤੇ ਸੁੱਚਾ ਹੁੰਦਾ ਹੈ। ਉਹ ਨੇਕ ਕੰਮ ਕਰਦਾ ਹੈ। ਜਦੋਂ ਮਨੁੱਖ ਆਪਣੇ ਮਨ ਦੀ ਗੁਲਾਮੀ ਤੋਂ ਉਠ ਕੇ ਸਰੀਰਕ ਮਾਨਸਿਕ ਅਤੇ ਅਧਿਆਤਮਿਕ ਰੋਗ ਕੱਟ ਕੇ ਸੁਖੀ ਹੋ ਗਿਆ ਤਾਂ ਕਾਮ, ਕ੍ਰੋਧ, ਲੋਭ ਮੋਹ ਹੰਕਾਰ ਤੋਂ ਛੁਟਕਾਰਾ ਪਾ ਕੇ ਉਸ ਪਰਮਾਤਮਾ ਨਾਲ ਅਭੇਦ ਹੋ ਗਿਆ ਤਾਂ ਸਮਝੋ ਉਹ ਜੀਵਨ-ਮੁਕਤ ਹੋ ਗਿਆ ਅਤੇ ਪਰਮ-ਮਨੁੱਖ ਦੀ ਪਦਵੀ ਪ੍ਰਾਪਤ ਕਰ ਲਈ।

****

## ਪੰਜਾਬੀ ਪੁਸਤਕਾਂ


1. ਆਦਿ ਗ੍ਰੰਥ, — ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ
2. ਸ਼ੇਰ ਸਿੰਘ (ਡਾ.) — ਜਪੁਜੀ ਦਰਸ਼ਨ, ਲੁਧਿਆਣਾ, ਲਾਹੌਰ ਬੁੱਕ ਸ਼ਾਪ 1951, ਪਹਿਲੀ ਐਡੀਸ਼ਨ
3. ਸ਼ੇਰ ਸਿੰਘ (ਡਾ.) — ਗੁਰਮਤ ਦਰਸ਼ਨ, ਲੁਧਿਆਣਾ, ਲਾਹੌਰ ਬੁੱਕ ਸ਼ਾਪ 1970, ਪਹਿਲੀ ਐਡੀਸ਼ਨ
4. ਕੋਹਲੀ ਸ.ਸ. (ਡਾ.) — ਗੁਰੂ ਨਾਨਕ ਜੀਵਨ, ਦਰਸ਼ਨ ਅਤੇ ਕਾਵਿ ਕਲਾ ਚੰਡੀਗੜ੍ਹ, ਪੰਜਾਬ ਯੂਨੀਵਰਸਿਟੀ, 1969, ਪਹਿਲੀ ਐਡੀਸ਼ਨ
5. ਕਾਨ੍ਹ ਸਿੰਘ ਨਾਭਾ — ਗੁਰੂ ਸ਼ਬਦ ਰਤਨਾਕਰ ਮਹਾਨ ਕੋਸ਼, ਪਟਿਆਲਾ ਭਾਸ਼ਾ ਵਿਭਾਗ, ਪੰਜਾਬ, 1960, ਪਹਿਲੀ ਐਡੀਸ਼ਨ
6. ਜਾਨ ਡਿਊਈ — ਸਦਾਚਾਰਕ ਜੀਵਨ ਦਾ ਸਿੱਧਾਂਤ, ਅੰਮ੍ਰਿਤਸਰ
   ਅਨੁ: ਵਤਨੀ ਹਰਬੰਸ ਸਿੰਘ (ਪ੍ਰੋ.) ਲੋਕ ਸਾਹਿਤ ਪ੍ਰਕਾਸ਼ਨ, ਪਹਿਲੀ ਐਡੀਸ਼ਨ
7. ਜੱਗੀ ਰਤਨ ਸਿੰਘ (ਡਾ.) — ਗੁਰੂ ਨਾਨਕ ਦੀ ਵਿਚਾਰਧਾਰਾ, ਦਿੱਲੀ ਨਵਯੁਗ ਪਬਲਿਸ਼ਰਜ਼, 1969, ਪਹਿਲੀ ਐਡੀਸ਼ਨ
8. ਜੋਧ ਸਿੰਘ (ਭਾਈ) — ਗੁਰਮਤਿ ਨਿਰਣਯ, ਲੁਧਿਆਣਾ, ਲਾਹੌਰ ਬੁੱਕ ਸ਼ਾਪ 1932, ਸਤਵਾਂ ਐਡੀਸ਼ਨ
9. ਜੋਧ ਸਿੰਘ (ਭਾਈ) — ਜਪੁਜੀ ਸਟੀਕ, ਅੰਮ੍ਰਿਤਸਰ, ਸਿੱਖ ਪਬਲਿਸ਼ਿੰਗ ਹਾਊਸ, ਲਿਮਿਟਿਡ 1926 ਪਹਿਲੀ ਐਡੀਸ਼ਨ
10. ਜੱਗੀ ਰਤਨ ਸਿੰਘ — ਗੁਰੂ ਨਾਨਕ ਦੀ ਵਿਚਾਰਧਾਰਾ, ਅੰਮ੍ਰਿਤਸਰ, ਕਚਹਿਰੀ ਰੋਡ, 1950, ਦੂਜੀ ਐਡੀਸ਼ਨ
11. ਤਾਰਨ ਸਿੰਘ (ਡਾ.) — ਗੁਰੂ ਨਾਨਕ ਚਿੰਤਨ ਅਤੇ ਕਲਾ, ਅੰਮ੍ਰਿਤਸਰ ਕਸਤੂਰੀ ਲਾਲ ਐਂਡ ਸੰਨਜ਼, ਬਾਜ਼ਾਰ ਮਾਈ ਸੇਵਾ, 1963, ਪਹਿਲੀ ਐਡੀਸ਼ਨ
12. ਤ੍ਰਿਲੋਚਨ ਸਿੰਘ (ਡਾ.) — ਗੁਰੂ ਨਾਨਕ ਦਾ ਸਿੱਖ ਧਰਮ, ਦਿੱਲੀ, ਨਵਯੁਗ ਪਬਲਿਸ਼ਰਜ਼, 1969, ਪਹਿਲੀ ਐਡੀਸ਼ਨ
13. ਤੇਜਾ ਸਿੰਘ (ਪ੍ਰਿੰ.) — ਜਪੁਜੀ ਸਟੀਕ, ਅੰਮ੍ਰਿਤਸਰ, ਪ੍ਰਕਾਸ਼ ਪੁਸਤਕਮਾਲਾ 1960, ਪਹਿਲੀ ਐਡੀਸ਼ਨ

14. ਦਰਸ਼ਨ ਸਿੰਘ (ਡਾ.) ਗੁਰੂ ਗ੍ਰੰਥ ਬਾਣੀ ਵਿਚ ਗੁਰੂ ਦਾ ਸੰਕਲਪ ਪਟਿਆਲਾ, ਪੰਜਾਬੀ ਯੂਨੀਵਰਸਿਟੀ,

15. ਦੀਪ ਦਲੀਪ ਸਿੰਘ (ਡਾ.) ਜਪੁਜੀ ਇਕ ਤੁਲਨਾਤਮਿਕ ਅਧਿਐਨ, ਗੁਰਮਤਿ ਪ੍ਰਿੰਟਿੰਗ ਪ੍ਰੈਸ, ਪਹਾੜ ਗੰਜ 1969, ਪਹਿਲੀ ਐਡੀਸ਼ਨ

16. ਵਜ਼ੀਰ ਸਿੰਘ (ਡਾ.) ਨਾਨਕ ਬਾਣੀ ਚਿੰਤਨ, ਲੁਧਿਆਣਾ, ਲੁਧਿਆਣਾ, ਲਾਹੌਰ ਬੁਕ ਸ਼ਾਪ, 1969

17. ਵਜ਼ੀਰ ਸਿੰਘ (ਡਾ.) ਨੈਤਿਕ ਨਿਯਮ, ਪਟਿਆਲਾ, ਪੰਜਾਬੀ ਯੂਨੀਵਰਸਿਟੀ, 1970, ਪਹਿਲੀ ਐਡੀਸ਼ਨ


*****

## ਪਤ੍ਰਿਕਾਵਾਂ


1. ਪੰਜਾਬੀ ਦੁਨੀਆਂ, ਗੁਰੂ ਨਾਨਕ ਅੰਕ, ਭਾਸ਼ਾ ਵਿਭਾਗ, ਪੰਜਾਬ ਪਟਿਆਲਾ, 1969
2. ਖੋਜ ਪਤ੍ਰਿਕਾ ਗੁਰੂ ਨਾਨਕ ਅੰਕ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1969
3. ਪਰਖ ਗੁਰੂ ਨਾਨਕ ਸਿਮ੍ਰਿਤੀ ਅੰਕ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ 1969
4. ਖੋਜ ਦਰਪਣ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1974,75
5. ਨਾਨਕ ਪ੍ਰਕਾਸ਼ ਪਤ੍ਰਿਕਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1972,74,76
6. ਪੰਜਾਬੀ ਦੁਨੀਆਂ, ਭਾਈ ਗੁਰਦਾਸ ਅੰਕ, ਭਾਸ਼ਾ ਵਿਭਾਗ, ਪੰਜਾਬ ਪਟਿਆਲਾ, 1968

## ਹਿੰਦੀ ਪੁਸਤਕਾਂ


1. ਉਦਯ ਭਾਨ ਸਿੰਹ(ਡਾ.) — ਤੁਲਸੀ ਦਰਸ਼ਨ ਮੀਮਾਂਸਾ, ਦਿੱਲੀ, ਭਾਰਤੀਯ ਸਾਹਿਤਯ 1956, ਪਹਿਲੀ ਐਡੀਸ਼ਨ,

2. ਉਮੇਸ਼ ਮਿਸ਼ਰ (ਡਾ.) — ਭਾਰਤੀਯ ਦਰਸ਼ਨ, ਲਖਨਊ, ਹਿੰਦੀ ਸਮਿਤਿ ਸੂਚਨਾ ਵਿਭਾਗ, 1964, ਦੂਜਾ ਐਡੀਸ਼ਨ

3. ਉਪਾਧਿਆਇ ਬਲਦੇਵ (ਡਾ.) — ਭਾਰਤੀਯ ਦਰਸ਼ਨਸ਼ਾਸਤ੍ਰੀ, ਸ਼ਾਰਦਾ ਮੰਦਿਰ, 1980 ਪਹਿਲੀ ਐਡੀਸ਼ਨ

4. [illegible] ਡੀ. ਦ੍ਵਿਵੇਦੀ (ਡਾ.) — [illegible], ਪੂਰਬੀ ਸ਼ਾਸਤਰ, ਦਿੱਲੀ, ਆਤਮਾ ਰਾਮ ਐਂਡ ਸੰਨਜ਼, 1963 ਪਹਿਲੀ ਐਡੀਸ਼ਨ

5. ਈਸ਼ ਉਪਨਿਸ਼ਦ — ਅਨੁ: ਸ਼ੰਕਰ ਭਾਸ਼ਯ, ਗੋਰਖਪੁਰ, ਗੀਤਾ ਪ੍ਰੈਸ ਸੰਮਤ 20014 ਬਿਕਰਮੀ, ਪਹਿਲੀ ਐਡੀਸ਼ਨ

6. ਸ਼ਰਮਾ ਮਿਸ਼ਰ ਉਮੇਸ਼(ਡਾ.) — ਭਾਰਤੀਯ ਦਰਸ਼ਨ, ਦਿੱਲੀ, ਨੈਸ਼ਨਲ ਪਬਲਿਸ਼ਿੰਗ ਹਾਊਸ, ਦਰਿਆ ਗੰਜ, 1979, ਪਹਿਲੀ ਐਡੀਸ਼ਨ

7. ਸ਼ਰਮਾ, ਰਾਮ ਮੂਰਤੀ(ਡਾ.) — ਵੇਦਾਂਤ ਸਾਰ, ਦਿੱਲੀ, ਨੈਸ਼ਨਲ ਪਬਲਿਸ਼ਿੰਗ ਹਾਊਸ, ਦਰਿਆ ਗੰਜ, 1979, ਪਹਿਲੀ ਐਡੀਸ਼ਨ

8. ਸਹਿਗਲ ਮਨਮੋਹਨ(ਡਾ.) — ਸੰਤ ਕਾਵਯ ਕਾ ਦਾਰਸ਼ਨਿਕ ਵਿਸ਼ਲੇਸ਼ਣ, ਚੰਡੀਗੜ੍ਹ ਭਾਰਤੇਂਦੂ ਭਵਨ, 1965, ਪਹਿਲੀ ਐਡੀਸ਼ਨ

9. ਕਠਉਪਨਿਸ਼, ਕੇਨਉਪਨਿਸ਼ਦ, ਅਨੁ: ਸ਼ੰਕਰ ਭਾਸ਼ਯ, ਸਾਹਿਤ — ਗੋਰਖਪੁਰ, ਗੀਤਾ ਪ੍ਰੈਸ, ਸੰਮਤ 2013 ਬਿਕਰਮੀ, ਪਹਿਲੀ ਐਡੀਸ਼ਨ

10. ਕ੍ਰਿਸ਼ਨ ਕੁਮਾਰ (ਡਾ.) — ਮਨੋਵਿਗਿਆਨ ਕੀ ਰੂਪ ਰੇਖਾ, ਪਟਨਾ, ਹਿੰਦੀ ਗ੍ਰੰਥ, ਅਕਾਦਮੀ, 1973 ਪਹਿਲੀ ਐਡੀਸ਼ਨ

11. ਛਾਂਦੋਗਯਉਪਨਿਸ਼ਦ ਅਨੁ: ਸ਼ੰਕਰ ਭਾਸ਼ਯ ਸਾਹਿਤ — ਪ੍ਰਯਾਗ ਭਾਰਤੀ ਭੰਡਾਰ, ਸੰਮਤ 2008, ਬਿਕਰਮੀ ਪਹਿਲੀ ਐਡੀਸ਼ਨ

12. ਟੰਡਨ ਆਰ ਕੇ(ਡਾ.) — ਮਨੋਵਿਗਿਆਨ ਕੇ ਮੂਲ ਆਧਾਰ, ਮੁਰਾਦਾਬਾਦ ਨੈਸ਼ਨਲ ਬੁਕ ਡੀਪੋ, 1953, ਪਹਿਲੀ ਐਡੀਸ਼ਨ

13. ਤੈਤਿਰੀਯ ਉਪਨਿਸ਼ਦ ਅਨੁ: ਸ਼ੰਕਰ ਭਾਸ਼ਯ ਸਾਹਿਤ — ਗੋਰਖਪੁਰ, ਗੀਤਾ ਪ੍ਰੈਸ, ਸੰਮਤ 2014, ਪਹਿਲੀ ਐਡੀਸ਼ਨ

14. ਤਿਵਾੜੀ ਲਖਧਰ(ਡਾ.) — ਆਧੁਨਿਕ ਸਾਹਿਤ ਕੀ ਵਿਅਕਤੀਵਾਦੀ ਭੂਮਿਕਾ ਕਾਨਪੁਰ, ਅਨੁਸੰਧਾਨ ਪ੍ਰਕਾਸ਼ਨ, 1965, ਪਹਿਲੀ ਐਡੀ:

15. ਤਿਲਕ ਬਾਲ ਗੰਗਾਧਰ, — ਗੀਤਾ ਰਹੱਸਯ, ਗੋਰਖਪੁਰ, ਗੀਤਾ ਪ੍ਰੈਸ, ਸੰਮਤ 2012, ਬਿਕਰਮੀ, ਪਹਿਲੀ ਐਡੀਸ਼ਨ

16. ਦਾਸ ਗੁਪਤਾ, ਐਸ.ਐਨ.(ਡਾ.) — ਭਾਰਤੀਯ ਦਰਸ਼ਨ ਕਾ ਇਤਿਹਾਸ, ਜੈਪੁਰ ਰਾਜਸਥਾਨ, ਹਿੰਦੀ ਗ੍ਰੰਥ, ਅਕਾਦਮੀ, 1973 ਪਹਿਲੀ ਐਡੀਸ਼ਨ

17. ਬ੍ਰਿਹਦਾਰਣਯਕ ਉਪਨਿਸ਼ਦ, ਅਨੁ: ਸ਼ੰਕਰ ਭਾਸ਼ਯ ਸਾਹਿਤ — ਗੋਰਖਪੁਰ, ਗੀਤਾ ਪ੍ਰੈਸ, ਸੰਮਤ 2014, ਪਹਿਲੀ ਐਡੀਸ਼ਨ

18. ਬਾਚਸਪਤੀ ਗੈਰੋਲਾ(ਡਾ.) — ਭਾਰਤੀਯ ਦਰਸ਼ਨ, ਵਿਗਿਆਨ, ਲਖਨਊ ਹਿੰਦੀ ਸਾਹਿਤ ਸੰਮੇਲਨ, ਸੰਮਤ 206, ਪਹਿਲੀ ਐਡੀਸ਼ਨ,

19. ਭਗਵਤ ਗੀਤਾ, ਅਨੁ: ਸ਼ੰਕਰ ਭਾਸ਼ਯ, ਸਤਵਾਂ ਐਡੀਸ਼ਨ, ਸੰਮੇਲਨ, 1966

20. ਮਿਸ਼ਰ ਜਯ ਰਾਮ(ਡਾ.) — ਸ੍ਰੀ ਗੁਰੂ ਗ੍ਰੰਥ ਦਰਸ਼ਨ, ਇਲਾਹਾਬਾਦ, ਸਾਹਿਤਯ ਭਵਨ ਪ੍ਰਾ. ਲਿਮਟਿਡ, 1960, ਪਹਿਲੀ ਐਡੀਸ਼ਨ

21. ਮੂੰਡਕ ਉਪਨਿਸ਼ਦ
ਅਨੁ: ਸ਼ੰਕਰ ਭਾਸ਼ਯ ਸਾਹਿਤ, ਗੋਰਖਪੁਰ ਗੀਤਾ ਪ੍ਰੈਸ, ਸੰਮਤ 206, ਪਹਿਲੀ ਐਡੀਸ਼ਨ

22. ਮਾਧਵ ਆਚਾਰਯ, ਅਨੁ: ਵਾਸਦੇਵ ਸ਼ਾਸਤਰੀ — ਸਰਵ ਦਰਸ਼ਨ, ਲਖਨਊ, ਅਵਧ ਪਬਲਿਸ਼ਿੰਗ ਹਾਊਸ ਸੰਮਤ, 2007, ਬਿਕਰਮੀ ਪਹਿਲੀ ਐਡੀਸ਼ਨ

22. ਮੁੰਡਕ ਉਪਨਿਸ਼ਦ ਅਨੁ: ਸ਼ੰਕਰ ਭਾਸ਼ਯ — ਗੋਰਖਪੁਰ ਗੀਤਾ ਪ੍ਰੈਸ, ਸੰਮਤ 2013, ਬਿਕ੍ਰਮੀ ਪਹਿਲੀ ਐਡੀਸ਼ਨ

23. ਮਧੁਕਰ ਡੀ ਸ਼ੀ(ਡਾ.) — ਮਨੋਵਿਗਿਆਨ ਪ੍ਰਕ੍ਰਿਤ ਅਤੇ ਅਪਕ੍ਰਿਤ, ਇਲਾਹਾਬਾਦ ਸੈਂਟਰਲ ਬੁੱਕ ਡੀਪੋ, 1965 ਪਹਿਲੀ ਐਡੀਸ਼ਨ

24. ਮਸੀ ਧਰਮਪਾਲ (ਡਾ.) — ਸੰਤੋ ਕੇ ਧਾਰਮਿਕ ਵਿਸ਼ਵਾਸ, ਮਲੇਰਕੋਟਲਾ, ਨਵਜੋਤ ਪਬਲੀਕੇਸ਼ਨ, 1966, ਪਹਿਲੀ ਐਡੀਸ਼ਨ

25. ~~ਐਸ~~ ਰਾਨਾਡੇ ਰਾਮ ਚੰਦ੍ਰ(ਡਾ.) — ਉਪਨਿਸ਼ਦੋਂ ਕੀ ਰਚਨਾਤਮਕ ਸਰਵੇਖਣ, ਜੈਪੁਰ ਹਿੰਦੀ ਗ੍ਰੰਥ ਅਕਾਦਮੀ, 1971, ਪਹਿਲੀ ਐਡੀਸ਼ਨ

26. ਰਾਧਾ ਕ੍ਰਿਸ਼ਨ(ਡਾ.) — ਭਗਵਤ ਗੀਤਾ, ਦਿੱਲੀ, ਰਾਜਪਾਲ ਐਂਡ ਸੰਨਜ਼, 1962 ਪਹਿਲੀ ਐਡੀਸ਼ਨ, 1

ਵਿਦਿਆਲੰਕਾਰ ਵਿਸ਼ਨੂ ਦੇਵ(ਡਾ.) — ਮਾਨਵ ਵਿਗਿਆਨ, ਲਖਨਊ, ਮਾਨਵ ਵਿਗਿਆਨ ਪ੍ਰੀਸ਼ਦ, ਗਰੇਵਰ ਕੈਨ ਕਾਲੋਨੀ, 1954, ਪਹਿਲੀ ਐਡੀਸ਼ਨ

## ENGLISH BOOKS


1. Arvind, The Superma, Pondychery, Aurobindo Ashram, 1973, Ist Edition.

2. Avtar Singh (Dr.) Ethics of the Sikhs, Patiala, University 1970, Ist Edition.

3. By Khov B The Individual and Society, New Delhi, S.Chand &Co., 1966, Ist Edition.

4. Barves Harry Elmen Social Institution in the Era of World upheaval, New York, Printing Hall, Inco, 1942, Ist Edition.

5. B.Russel Human Society, Ethics and Politics, London, Blackie &Sons Publishers, 1942.

6. Banerjee A.C. (Dr.) Guru Nanak & His times, Calcutta, -12, A Mukherjee & Co, Ltd, 1963, First Edition.

7. Charles Darwin Decent of Man, London, The Ronold Mess Company, 1953, First Edition.

8. Chesnokov D. I. Historical Materialism, New York Oxford University Press, 1952, Ist Ed.,

9. Das Gupta S.N. (Dr.) Development of Moral Philosophy in India, Bombay, Jaico Publishing House, 1961, First Edition.

10. Dewan Singh (Dr.) Mysticism of Guru Nanak, Thesis, P.U., Library, Chandigarh.

11. Duncan Greenless The Gospel of Guru Granth Sahib, Madras, The Theosophical Publishing House, 1952, First Edition.

12. Enclopaedia of Britanica, Vol. VIII

13. Encylopaedia of Religion and Ethics, Vol. I

14. G.Manorma (Dr.) The Society, Bombay, Popular Parkashak, 1965, First Edition.

15. Henry B. Introduction of Marxist Theory, New York, Oxford University Press 1960, First Edition.

16. Inder Sain, Integral Man, Mysore, Mysore University, 1970, First Edition

17. Jung C.G. — Contribution to Analytical Psychology and Psychological Type, Bombay, Bhartya Vidya Bhawan, 1960 First Edition

18. Jodh Singh (Bhai) — Some Studies in Sikhism, Ludhiana, Lahore Book Shop, 1953, First Edition.

19. James Seth — Study of Ethical Principles, ... , Edin Burgh, William Black wood and Sons, 1956, Ist Edition.

20. Johu Dewey — Human Nature and Conduct, London Macmillian Press, Ltd, 1954, First Edit.

21. Kohli S.S. (Dr.) — Outlines of Sikh Thought, New Delhi, Panjabi Parkashan, Karol Bagh, 1966, First Edition, 1966.

22. Kohli S.S. (Dr.) — Philosophy of Guru Nanak, Chandigarh Panjab University, 1969, First Edition.

23. Kohli S.S. (Dr.) — A Critical Study of Adi Granth, New Delhi, The Panjabi Writers Co-Operative Society, 1961, Ist Edition.

24. Murrlay and Michael — Problems in Ethics, New York, Henry Holt& Co, 1960, First Edition

25. M.A. Maculiffe — The Sikh Religion, New Delhi, S.Chand & Co. 1963, First Edition.

26. M.Hiryanana — Outlines of Philosophy, London, Geogrge Allen and Unwin, 1957, 4th Edition.

27. Paul Deussen (Dr.) — The Philosophy of Upanishades, Edin Burgh, Tand T Clark 38, George Street, 1960, First Edition.

28. Pitri Mitra (Dr.) — Life and Society in the Vedic Age Calcutta, Sanskrit Pustak Bhandar, 1966 First Edi.

29. Ross W.D. — The Works of Aristotle, Oxford Calender Press Vol. X 1952, First Edition.

30. Raju P.T. (Dr.) — The Concept of Man, London, George Allen and Unwin, 1960, First Edition.

31. Radha Krishnan (Dr.) — The Religion and Society, London Geogre Allen and Unwin, 1959, Ist Edition.

32. Radha Krishan (Dr.) — Indian Philosophy, London George Allenand Unwin Vol.1, 7th Edition, 1962

| | | |
|---|---|---|
| 33. | Radha Krishnan (Dr.) | History of Philosophy, Eastern & Westren, Delhi, Govt of India, Publication Division, 1952, First Edi |
| 34. | Radha Krishan (Dr.) | The Principales of Upanishadas, London, George Allen and unwin, 1951 First Edition. |
| 35. | Radha Krishnan (Dr.) | An Idealist View of Life, London, Allen and unwin, 1957, First Edition. |
| 36. | Theos Bernard | Hindi Philosophy, Bombay Jaico, Publishing House, 1957, First Edition, Vo. I |
| 37. | W.H.Meclod, | Guru Nanak and the Sikh Religion, London, Oxford University Press, 1968, First Edition. |
| 38. | William Lillie, A | An Introduction to Ethics, New Delhi Allied Publishers, 1st Edition 1967. |


-.-.-.

# MYSTICISM OF GURU NANAK

(SUMMARY)

**THESIS**
FOR THE DEGREE OF DOCTOR OF PHILOSOPHY
IN THE FACULTY OF LANGUAGES
SUBMITTED TO
PANJAB UNIVERSITY, CHANDIGARH
**1973**

*Supervisor*
DR. S. S. KOHLI
*Prof. & Head, Deptt. of Panjabi*
*P U. Chandigarh*

*By*
DEWAN SINGH
*Head, Panjabi Deptt.*
*G.N.U. Amritsar*

# SUMMARY

## CHAPTER 1

The first concern in the thesis under study is to ascertain and define mysticism as a higher branch of human knowledge and experience and in doing so, to verify and establish its nature and characteristics.

Having recourse to the process of elimination, the foremost point of discussion is to recognize *two types of mysticism, the higher and the lower* and to state at once that our concern in this thesis is with the former.

Though it is easy to distinguish the higher mysticism from the lower, the latter being the corrupt or aberrant form and thus not mysticism *proper*, yet it is not enough to envisage and emphasize this distinction between the religious and the psychical mysticism.

The real question involved is to distinguish mysticism from its kindred and allied fields. Our next point of study relates to this matter. Mysticism is a subject of study in its own right. It is a *suigeneris*. It may have some common and corresponding points of similarity with psychology, spiritualism, metaphysics, philosophy and Religio but it is not difficult to find out points of variance and divergence between mysticism on the one hand and these allied fields on the other.

The nearest approach to mysticism, however, is th hightened or interiorized aspect of religion, which may be called inner religion or mystical religion.

Then the problem of the indefinability of mysticism has to be tackled. There have been advanced numberless definitions and countless notions and view-points in connection with this recondite subject. Some authorities have emphasized the intellectual or cognitive aspect while other have highlighted the emotional or esoteric aspect. These are, however, the two main areas of approach. But within this wide range, there are myriads of ramifications relevant to the subject. From the plethora of these paradoxical and divergent view-points, it has been possible to devise and distinguish the various types of mysticism.

The quintessence of the research pursued in this study of the theory of mysticism can be briefly stated to comprise in the intuitional faculty inherent in more or less degree in all human beings (it is highest, of course, in some extraordinary persons called 'mystics' and in their original, incisive 'mystical experience'), which may also be described as a higher insight or a higher feeling — a sort of divine contemplation or an ecstatic condition of the 'psyche' o the soul.

As to the types of mysticism, the main types are two, the Extrovertive and the Introvertive which may also be named as Emotional and Intellectual. There are, however, other distinguishable types, the chief among them being Love mysticism, Nature mysticism, God mysticism, Soul mysticism, Esoteric mysticism and if we include the Indian types, Bhakti mysticism and Yoga mysticism.

CHAPTER II

The inevitability of mystical experience as a paramount source of mystical thought or realization, in fa of all mysticism as such, is a foregone conclusion. A my must have empirical mystic experience to his credit if h is to be mystic proper. The varieties of mystical experience have been ascertained by great authorities l William James. The spiritual state (called samadhi, r or ecstasy) in which mystical experience takes place, all-important. It is absolutely ineffable and transce though efforts have been made to describe it in human and on intellectual level — of course, very tentativ

CHAPTER III.

Every mystic has to accept a mystical heritage or background, though as a mystic he transcends the bounds of Time, Space and causation. Guru Nanak's mysticism accordingly has to be correlated with and studied in t context of the rich Indian mystic tradition. Guru Nanak may have intuitively inherited or assimilated some of the fundamental principles of Indian mysticism (a postulate which cannot be intellectually perceived or ascertained), yet it can be positively suggested and affirmed that Guru Nanak was not an eclectic or syncretic mystic, but a mysti in his own right.

The Indian mystic tradition beginning with the Upanishadic and Vedanta mysticism (which may be called the

fundamental matrix of all Indian mysticism, ancient and modern) gradually passed through an historical evolutionary pageant comprising (Bhagavadgita) mysticism, Yoga mysticism Bhakti mysticism and Sufi mysticism. Guru Nanak's mysticism as suggested by Dr. Mcleod, can be properly placed in the historical and spiritual context of the Nirgun-Sant tradition which evinced a close affinity with the Nath-Yoga mysticism and the Bhakti mysticism on the one hand and with Sufi mysticism on the other.

C

Guru Nanak, ~~however~~, steered his mystical path clear of all these earlier and contemporary cults and in many respects, evolved and constructed an original mystical system of his own to match his own peculiar conditions within his soul as well as outside, in his particular mili

Guru Nanak's mysticism may be regarded as predominantly a Devotional (Bhakti) or Love mysticism, tho it has also many other manifestations such as God mysticis Nature mysticism, Soul mysticism, and Esoteric mysticism.

CHAPTER IV.

The real problem, however, starts with the study of Guru Nanak as a mystic. It basically involves consideration of the person or personality of Guru Nanak as a Fakir or Wali, Sant or Bhagat, Guru or Gurmukh, Hero or Teacher, God-man or Perfect-man and above all, as a mystic. The Historical Nanak has to be distinguished from the Nanak of Legend and Faith. Guru Nanak's person posited a great

historical fact and a potent religious challenge. Four aspects of his unique mystical personality are recognizable viz. 1. As a God-man, 2. As a miracle-working saint, 3. As a social and ethical thinker and 4. As a poet. Many great religious and literary authorities in the times immediately following his own and also in later and recent times, clearly recognized Guru Nanak's mystical genius and paid reverent homage to his exalted self.

CHAPTER V.

Coming to the main argument in the thesis viz. the treatment and exposition of the mystical concepts of Guru Nanak, it may be said that the relevant concepts can be arranged into two parts or groups i.e., those falling under the heading God mysticism or Mystic Ground and those coming under the title Soul mysticism or Mystic Path. The one set comprises 'the goal', the other 'the way'.

The Transcendent Godhead (Nirgun Brahm) being t source and origin of all mysticism, East and West, is the crucial mystical concept of Guru Nanak. He calls this Nirgun Brahm by various names such as Nirankar, Niranjan, Nirbhau, Nirvair, Akal Murat, Ajuni and so on (these are negational or nakaratamak names) and also by positive or savikaratamak names such as Wahiguru, Ek-oankar, Sat-nam, Saibhang, and so on. But the Nirgun (Attributeless) Brahm not merely Nirgun. He is also Sargun (with-attributes) Br and according to Dr. Jairam Mishr, He is also Nirgun-Sarg Complex.

The transition from Nirgun to Sargun Brahm (i.e. the Creator-God) is through the 'involutionary' or 'emanato process ( a theory propounded by Plotinus) which may be cal the creational transformation or transfiguration within Divinity itself. According to Guru Nanak, this mystical change is called the three-pronged magic (tribidh maya). The universe is created through the agency of maya which i the principle of individual assertion or Ego (haumai). Unless one transcends the effect of maya by uniting with th saving Divinity, he is eternally lost and discarded.

The principle of creation through maya is all Divine Order (Hukam) which is almost identifiable with the absolute power of God Himself. It is also designated as Divine Name (Nam). Nam and Hukam are often interchangeabl terms (as Dr. J.S.Grewal says) with the conceptual distin of Hukam being primarily the creational and determinative (involutionary) aspect of God's absolute power, and Nam being the saving, redeeming, evolutionary aspect of Godh which is basically operative and relevant on the human plane of existence.

The apex of divine creation, as depicted by Guru Nanak, lies in the Five Mystical Regions which cor to the mystical states within the experient mystic. Nanak's Nature mysticism deals with divine Infinitude well as divine Beatitude.

CHAPTER VI.

Then the Mystic Path. It is the Yoga discipline of Guru Nanak's mysticism. The Path consists mainly of Devotional Love (Bhakti) or Love mysticism. But the Path also connotes other relevant aspects such as Guru and Saba Grace (nadar) and Free-will, Ego (Haumai) and Duality (dubidha) and so on.

The Guru is the pivotal figure or the cornerstoı of Guru Nanak's mysticism. The Guru is not merely a human preceptor or guide, but is actually the divine principle operant on human level. Guru Nanak as Guru is thus a divinely-incarnated or a divinely-appointed person. He perpetuated himself by a process of mystical "transfusion' into nine successor-Gurus and then in the form of Sabad i Guru Granth or the Revealed Word. The Guru saves man eternally with the saving agency of the Sabad or Bani. T redemption, however, is not on individual basis but in form of congregation (called Sadh sangat). Guru Nanak's mysticism is basically ethical, the truest expression of which lies in his well-known concepts of Nam, Dan and Ishnan.

The innermost aspect of Guru Nanak's mysticis called Esoteric mysticism is the culminating point. The divine ecstatic bliss (anand) is called Sahaj and is the highest mystical state achievable. It has many divine

expressions or concomitants to match it, the chief among them being *Anhad* (or divine music) which is mystically conjoined with *Sahaj*. The mystery of *Anhad* (and also of *Sahaj*) is known only to the divinely-favoured mystic experient. Others can never know it. Guru Nanak himself epitomized in his exalted person all the mystical aspects revealed by him as Mystic Ground or as Mystic Path.

***